ਸਿੱਖ ਇਤਿਹਾਸ ਦੇ ਵਿਸ਼ੇਸ਼ ਪੱਖ

ਕਿਰਪਾਲ ਸਿੰਘ

ਸਿੱਖ ਇਤਿਹਾਸ ਦੇ ਵਿਸ਼ੇਸ਼ ਪੱਖ

gyani Baljeet Singh
Principal
HAVELI KALAN ROPAR

ਕਿਰਪਾਲ ਸਿੰਘ
ਐਮ.ਏ. ਪੀ.ਐਚ.ਡੀ.
ਸਾਬਕ ਪ੍ਰੋਫੈਸਰ ਤੇ ਮੁਖੀ ਪੰਜਾਬ ਅਧਿਐਨ ਖੋਜ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ ।

1995

ਤਤਕਰਾ ਪੰਨਾ ਨੰ. 11 ਤੇ ਹੈ

ਪ੍ਰਕਾਸ਼ਕ :
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਮੁੱਖ ਬੰਧ

ਇਤਿਹਾਸ ਕੌਮਾਂ ਦੀਆਂ ਕ੍ਰਿਤੀਆਂ ਦਾ ਰਿਕਾਕਡ ਵੀ ਹੈ, ਪ੍ਰਤੀਬਿੰਬ ਵੀ ਤੇ ਭਵਿੱਖ ਦਾ ਸੂਚਿਕ ਵੀ । ਇਸ ਕਰਕੇ ਇਸਦਾ ਕੌਮਾਂ ਅਤੇ ਸੱਭਿਆਤਾਵਾਂ ਦੀ ਵਿਕਾਸ ਗਤੀ ਨਿਰਧਾਰਿਤ ਕਰਨ ਵਿਚ ਆਪਣਾ ਹੀ ਨਿਵੇਕਲਾ ਰੋਲ ਹੈ ।ਇਸ ਪ੍ਰਸੰਗ ਵਿਚ ਇਤਿਹਾਸਕਾਰਾਂ ਦੀ ਖਾਸ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਇਸ ਦੀ ਠੀਕ ਢੰਗ ਨਾਲ ਯੋਜਨਾ ਬੰਦੀ ਕਰਨ। ਮੈਨੂੰ ਖੁਸ਼ੀ ਪ੍ਰਤੀਤ ਹੁੰਦੀ ਹੈ ਕਿ ਹੱਥਲੀ ਪੁਸਤਕ ਦੇ ਵਿਦਵਾਨ ਲੇਖਕ ਨੇ ਆਪਣੀ ਜ਼ਿੰਮੇਵਾਰੀ ਬਖ਼ੂਬੀ ਨਿਭਾਈ ਹੈ ।ਘਟਨਾਵਾਂ, ਪ੍ਰੰਪਰਾਵਾਂ ਅਤੇ ਵੱਖ-2 ਸਮੇਂ ਵਿੱਚ ਉਤਪੱਤ ਹੋਏ ਸੰਕਲਪਾਂ ਨੂੰ ਸਮਝ ਕੇ ਸਿੱਖ ਇਤਿਹਾਸ ਦੀ ਚਾਲ ਤੇ ਸੁਭਾਅ ਨੂੰ ਪਾਠਕਾਂ ਦੇ ਸਾਹਮਣੇ ਪ੍ਰਸਤੁਤ ਕੀਤਾ ਹੈ ।

ਵਿਚਾਰ-ਅਧੀਨ ਪੁਸਤਕ ਵਿਚ ਵੱਖ ਵੱਖ ਵਿਸ਼ਿਆਂ ਤੇ ਰੋਸ਼ਨੀ ਪਾਈ ਗਈ ਹੈ।ਇਹ ਵਿਸ਼ੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਭਾਰਤ ਦੇ ਵਿਭਾਜਨ ਤੱਕ ਦੇ ਸਮੇਂ ਨਾਲ ਸੰਬੰਧਿਤ ਹਨ ।ਵਿਸਰੀਆਂ ਅਤੇ ਅਣਗੋਲੀਆਂ ਘਟਨਾਵਾਂ ਉਜਾਗਰ ਕੀਤੀਆਂ ਗਈਆਂ ਹਨ । ਕਈ ਅਜਿਹੇ ਵਿਸ਼ਿਆਂ ਤੇ ਚਰਚਾ ਵੀ ਕੀਤੀ ਗਈ ਹੈ ਜਿਨ੍ਹਾਂ ਦੇ ਸੰਬੰਧੀ ਅਜੇ ਤੱਕ ਬਹੁਤੀ ਵਿਚਾਰ ਨਹੀਂ ਕੀਤੀ ਗਈ ਸੀ । ਗੁਰੂ ਨਾਨਕ ਸਾਹਿਬ ਜੀ ਦੀ ਲੰਕਾ ਫੇਰੀ ਸੰਬੰਧੀ ਸ਼ੰਕੇ ਕੀਤੇ ਜਾਂਦੇ ਹਨ ਪਰ ਵਿਦਵਾਨ ਲੇਖਕ ਨੇ ਠਿੱਗਰ ਗਵਾਹੀਆਂ ਇਕੱਠੀਆਂ ਕੀਤੀਆਂ ਜਿਨ੍ਹਾਂ ਦੇ ਆਧਾਰ ਤੇ ਉਸਨੇ ਸਿੱਧ ਕਰ ਦਿੱਤਾ ਕਿ ਗੁਰੂ ਨਾਨਕ ਸਾਹਿਬ ਨੇ ਲੰਕਾ ਵਿੱਚ ਜਾ ਕੇ ਜਨ ਜੀਵਨ ਨੂੰ ਨਵੇਕਲੀ ਨੁਹਾਰ ਬਖਸ਼ੀ ।ਬਾਬਾ ਬੀਰ ਸਿੰਘ ਜੀ ਨੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਹਿੱਤ ਅਨੇਕਾਂ ਘਲਨਾਵਾਂ ਘਾਲੀਆ, ਉਨਾਂ ਦਾ ਆਪਣਾ ਜੀਵਨ ਵੀ ਸਿੱਖੀ ਸਾਂਚੇ ਵਿੱਚ ਢਲਿਆ ਹੋਇਆ ਸੀ ਤੇ ਨਿਘਾਰ ਵਿੱਚ ਫਸੇ ਅਨੇਕਾਂ ਲੋਕਾਂ ਲਈ ਪਰੇਰਣਾ ਸ੍ਰੋਤ ਸੀ, ਪਰੰਤੂ ਇਸ ਪਰਥਾਇ ਆਮ ਜਨਤਾ ਨੂੰ ਤਾਂ ਕੀ ਇਤਿਹਾਸ ਦੇ ਵਿਦਿਆਰਥੀਆਂ ਨੂੰ ਵੀ ਬਹੁਤੀ ਜਾਣਕਾਰੀ ਨਹੀਂ ਸੀ ।ਲੇਖਕ ਨੇ ਬਾਬਾ ਜੀ ਦੇ ਕਾਰਨਾਮਿਆਂ ਨੂੰ ਨਿਖੇੜ ਕੇ ਪਾਠਕਾਂ ਦੇ ਸਾਹਮਣੇ ਪੇਸ਼ ਕਰਕੇ ਇਕ ਅਜਿਹੇ ਇਤਿਹਾਸ ਦੇ ਕਾਂਡ ਨੂੰ ਅਲੋਪ ਹੋਣ ਤੋਂ ਬਚਾ ਲਿਆ ਜੋ ਹਰ ਸਿੱਖ ਲਈ ਕੇਵਲ ਗੌਰਵਮਈ ਹੀ ਨਹੀਂ ਹੈ; ਸਗੋਂ ਸੁਚੇਰੀ ਜੀਵਨ ਜਾਚ ਸਿਖਾਉਣ ਦਾ ਵੀ ਇੱਕ ਮਹੱਤਵਪੂਰਣ ਸਾਧਨ ਹੈ । ''ਪੰਜਾਬ ਦਾ ਬਟਵਾਰਾ'' ਦੇ ਸਿਰਲੇਖ ਹੇਠ ਲੇਖਕ ਨੇ ਠਿੱਗਰ ਇਤਿਹਾਸਕ ਅਧਾਰਾਂ ਦੇ ਸਨਮੁਖ ਸਾਬਤ ਕਰਨ ਦਾ ਯਤਨ ਕੀਤਾ ਹੈ ਕਿ ਸਿੱਖ ਨੇਤਾ ਸਮਕਾਲੀ ਰਾਜਨੀਤੀ ਦੇ ਦਾਉ-ਪੇਚਾ ਪ੍ਰਤੀ ਪੂਰਨ ਤੌਰ ਤੇ ਸੁਚੇਤ ਸਨ ਤੇ ਉਹਨਾਂ ਇਹਨਾਂ ਪਾਸੋਂ ਜੋ ਕੁਝ ਸਰਿਆਂ ਬਣਿਆਂ ਵਿੱਚ ਉਹ ਕੀਤਾ ।ਉਹਨਾਂ ਨੇ ਸਿੱਖ ਹਿੱਤਾਂ ਦੀ ਸੁਰੱਖਿਆ ਲਈ ਕਦੀ ਸਿੱਖ ਸਟੇਟ,

ਕਦੀ ਅਜ਼ਾਦ ਪੰਜਾਬ ਸਕੀਮ, ਕਦੇ ਹਿੰਦੂ ਸਿੱਖ ਸੂਬਾ ਆਦਿ ਕਈ ਯੋਜਨਾਵਾਂ ਪ੍ਰਸਤੁਤ ਕੀਤੀਆਂ । ਪਰੰਤੂ ਕਾਂਗਰਸ ਦੇ ਸਿੱਖਾਂ ਪ੍ਰਤੀ ਅਣਗਹਿਲੀ ਅਤੇ ਅੰਗਰੇਜ਼ਾਂ ਦਾ ਮੁਸਲਿਮ ਲੀਗ ਪ੍ਰਤੀ ਵਧੇਰੇ ਝੁਕਾ ਨੇ ਉਹਨਾਂ ਨੂੰ ਸਫਲ ਨਾ ਹੋਣ ਦਿੱਤਾ ।18ਵੀਂ 'ਸਦੀ ਦਾ ਸਿੱਖ ਆਚਰਨ' ਵਾਲੇ ਸੰਬੰਧ ਵਿੱਚ ਲੇਖਕ ਨੇ ਕਾਜ਼ੀ ਨੂਰ ਮੁਹੰਮਦ ਦੀ ਪੁਸਤਕ 'ਜੰਗਨਾਮਾ' ਤੇ ਫਾਰਸਟਰ ਦੇ 'ਸਫਰਨਾਮੇ' ਵਿਚੋਂ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਸਿੱਖਾਂ ਦਾ ਵਿਅਕਤੀਗਤ ਤੇ ਸਮੂਹਿਕ ਆਚਰਨ ਅਦੁੱਤੀ ਸੀ-ਏਥੋਂ ਤੀਕ ਕਿ ਉਹ ਖ਼ਤਰਨਾਕ ਅਤੇ ਜਾਨ ਲੇਵਾ ਹਾਲਤਾਂ ਵਿੱਚ ਵੀ ਆਪਣੇ ਗੁਰੂ ਦੇ ਉਪਦੇਸ਼ਾਂ ਤੇ ਪਹਿਰਾ ਦਿੰਦੇ ਤੇ ਆਚਰਣਹੀਣ ਕੋਈ ਵੀ ਗੱਲ ਜਾ ਕਾਰਜ ਨਾ ਕਰਦੇ । ਉਹਨਾਂ ਦਾ ਵਿਸ਼ਵਾਸ਼ ਗੁਰੂ ਤੇ ਗੁਰਮਤਿ ਤੇ ਅਟੱਲ ਸੀ ਤੇ ਉਹ ਸਿੱਖ ਵਿਚਾਰਧਾਰਾ ਤੇ ਆਧਾਰਿਤ ਸਮੁੱਚੀ ਮਾਨਵਤਾ ਨੂੰ ਨਵੀਨ ਵਿਵਸਥਾ ਦੇਣ ਦੇ ਚਾਹਵਾਨ ਸਨ । ਲੇਖਕ ਗੁਰਮਤੇ ਦੇ ਅਰਥ ਸੰਸਥਾ ਤੇ ਰੋਲ ਤੇ ਵੀ ਵਿਦਵਤਾ ਭਰਪੂਰ ਚਾਨਣਾ ਪਾਇਆ ਹੈ ।

ਪੁਸਤਕ ਦੇ ਸਮੁੱਚੇ ਸਰਵੇਖਣ ਤੋਂ ਸਪੱਸ਼ਟ ਹੁੰਦਾ ਹੈ ਕਿ ਲੇਖਕ ਨੂੰ ਸਿੱਖ ਵਿਸ਼ਵ ਦ੍ਰਿਸ਼ਟੀ ਵਿੱਚ ਅਟੁੱਟ ਵਿਸ਼ਵਾਸ਼ ਹੈ ਅਤੇ ਉਹ ਇਸ ਨੂੰ ਵਿਸ਼ਵ ਕਲਿਆਣਕਾਰੀ ਮੰਨਦਾ ਹੋਇਆ ਸਿੱਖ ਇਤਿਹਾਸ ਨੂੰ ਜਾਂਚਣ ਦਾ ਯਤਨ ਕਰਦਾ ਹੈ ।ਮੇਰੇ ਅਨੁਭਵ ਅਨੁਸਾਰ ਲੇਖਕ ਇਸ ਮਨੋਰਥ ਵਿੱਚ ਕਾਫੀ ਕਾਮਯਾਬ ਰਿਹਾ ਹੈ ।

ਮੈਨੂੰ ਇਹ ਦੱਸਦਿਆਂ ਬੜੀ ਤਸਕੀਨ ਮਿਲਦੀ ਹੈ ਕਿ ਇਸ ਪੁਸਤਕ ਦੀ ਤਿਆਰੀ ਵਿੱਚ ਸਵਰਗਵਾਸੀ ਸਿਰਮੌਰ ਵਿਦਵਾਨ ਪ੍ਰਿੰਸੀਪਲ ਸਤਿਬੀਰ ਸਿੰਘ ਦੀ ਪ੍ਰੇਰਨਾ ਨੇ ਮਹੱਤਵਪੂਰਣ ਭੂਮਿਕਾ ਨਿਭਾਈ ਹੈ ।ਉਹਨਾਂ ਨੇ ਹੀ ਲੇਖਕ ਨੂੰ ਉਤਸ਼ਾਹ ਦਿੱਤਾ ਤੇ ਫਿਰ ਉਹਨਾਂ ਨੇ ਇਸ ਪੁਸਤਕ ਨੂੰ ਪ੍ਰਕਾਸ਼ਿਤ ਕਰਨ ਲਈ ਧਰਮ ਪ੍ਰਚਾਰ ਕਮੇਟੀ ਨੂੰ ਪ੍ਰੇਰਨਾ ਦਿੱਤੀ ।

ਮੈਨੂੰ ਪੂਰਨ ਆਸ ਹੈ ਕਿ ਇਹ ਪੁਸਤਕ ਆਮ ਪਾਠਕਾਂ ਤੇ ਸਿੱਖ ਇਤਿਹਾਸ ਦੇ ਵਿੱਦਿਆਰਥੀਆਂ ਲਈ ਲਾਭਦਾਇਕ ਸਿੱਧ ਹੋਵੇਗੀ ।

ਗੁਰਚਰਨ ਸਿੰਘ ਟੌਹੜਾ

ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ ।

ਇਸੇ ਕਲਮ ਤੋਂ

ਅੰਗਰੇਜ਼ੀ

1. Select Documents on Partition of Punjab-1947.
2. Partition of Punjab-1947.
3. Maharaja Ala Singh of Patiala and His Times.
4. Punjab's Pioneer Freedom Fighters (with collaboration of Prof. M.L. Ahluwalia).
5. A Catalogue of Persian and Sanskrit Manuscripts.
6. A Catalogue of Punjabi and Urdu Manscripts.
7. Bhai Vasti Ram and Bhai Ram Singh.
8. Atlas of the Travels of Guru Nanak.
9. History and Culture of Punjab (Edited).
10. Historical Study of Maharaja Ranjit Singh's Times.

ਪੰਜਾਬੀ

11. ਸਿੱਖਾਂ ਦੀ ਸੇਵਾ (1946 ਦੇ ਕਲਕੱਤੇ ਦੇ ਫਸਾਦਾਂ ਵਿੱਚ)
12. ਸ਼ਹੀਦੀਆਂ (1947 ਵਿੱਚ ਸ਼ਹੀਦ ਹੋਇਆਂ ਦੇ ਹਾਲ)
13. ਪੰਜਾਬ ਦਾ ਬਟਵਾਰਾ 1947.
14. ਅਕਾਲੀ ਚਕ੍ਰ ਕੌਰ ਸਿੰਘ ਦੇ ਪਾਕਿਸਤਾਨ ਦੇ ਸਫ਼ਰ (ਸੰਪਾਦਿਤ) (ਅਗਵਾ ਕੀਤੀਆਂ ਔਰਤਾਂ ਬਾਰੇ)
15. ਪੰਜਾਬ ਦੇ ਮੁੱਢਲੇ ਸਵਤੰਤਰਤਾ ਸੰਗਰਾਮੀਏ
16. ਸਰਦਾਰ ਸ਼ਾਮ ਸਿੰਘ ਅਟਾਰੀਵਾਲਾ
17. ਜਨਮ ਸਾਖੀ ਪਰੰਪਰਾ
18. ਜਨਮ ਸਾਖੀ ਗੁਰੂ ਨਾਨਕ, ਮਿਹਰਬਾਨ (ਸੰਪਾਦਿਤ)
19. ਦਸ ਗੁਰ ਕਥਾ ਕਵੀ ਕੰਕਣ (ਸੰਪਾਦਿਤ)
20. ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ
21. ਜ਼ਫਰਨਾਮਾ ਰਣਜੀਤ ਸਿੰਘ, (ਪੰਜਾਬੀ ਉਲਥਾ, ਸੰਪਾਦਿਤ)
22. ਗੋਲਡਨ ਜੁਬਲੀ ਬੁਕ, ਸਿੱਖ ਐਜੂਕੇਸ਼ਨ ਕਾਨਫਰੰਸ, ਅੰਮ੍ਰਿਤਸਰ
23. ਮਨੋਹਰਦਾਸ ਮਿਹਰਬਾਨ ਜੀਵਨ ਤੇ ਰਚਨਾਵਾਂ
24. ਬਾਬਾ ਬੀਰ ਸਿੰਘ ਨੌਰੰਗਾਬਾਦੀ ।

ਫਾਰਸੀ

25. ਚਾਰ ਬਾਗ-ਇ-ਪੰਜਾਬ, ਗਣੇਸ਼ਦਾਸ ਵਡੇਹਰਾ (ਸੰਪਾਦਿਤ)

ਭੂਮਿਕਾ

"ਜਿਸਨੋ ਤੂ ਜਾਣਾਇਹਿ ਸੋਈ ਜਨ ਜਾਣੈ"

ਸਿੱਖਾਂ ਦਾ ਇਤਿਹਾਸ ਬਹੁਤ ਵਚਿਤ੍ਰ ਹੈ । ਖਾਲਸੇ ਨੇ ਦੇਸ਼ ਅਤੇ ਕੌਮ ਲਈ ਬੜੀਆਂ ਘਾਲਾਂ ਘਾਲੀਆਂ ਹਨ । ਲਗਾਤਾਰ ਮੁਸੀਬਤਾਂ ਅਤੇ ਬੇਮਿਸਾਲ ਕੁਰਬਾਨੀਆਂ ਕੀਤੀਆਂ ਹਨ ਪਰ ਖਾਲਸੇ ਦਾ ਇਤਿਹਾਸ ਠੀਕ ਤਰ੍ਹਾਂ ਲਿਖਿਆ ਨਹੀਂ ਗਿਆ । ਇਸ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਸਾਡੀ ਅਣਗਹਿਲੀ ਹੈ । ਖਾਲਸੇ ਦੀ ਪ੍ਰਸਿਥਤੀ ਸਦਾ ਜੂਝਣ ਵਾਲੀ ਰਹੀ ਹੈ ਜਿਸ ਕਰਕੇ ਸਾਡਾ ਇਤਿਹਾਸ ਵਿਰੋਧੀਆਂ ਜਾਂ ਅਣਮਤੀਆਂ ਨੇ ਲਿਖਿਆ ਹੈ । ਇਤਿਹਾਸ ਨਿਰਭਰ ਕਰਦਾ ਹੈ ਲਿਖਣ ਵਾਲੇ ਦੀ ਪ੍ਰਸਿਥਤੀ ਤੇ ਕਿਉਂਕਿ ਇਹ ਇਕ ਵਾਰਤਾਲਾਪ ਹੈ ਭੂਤਕਾਲ ਨਾਲ । ਵਿਸ਼ੇਸ਼ ਗੱਲ ਇਹ ਹੈ ਕਿ ਜਾਣਨਾ ਚਾਹੀਦਾ ਹੈ ਕਿ ਇਤਿਹਾਸ ਲਿਖਣਵਾਲਾ ਕੌਣ ਹੈ ਉਹਨੂੰ ਕਿਵੇਂ ਪੇਸ਼ ਕਰਦਾ ਹੈ । ਕਾਜ਼ੀ ਨੂਰ ਮੁਹੰਮਦ ਸਿੱਖਾਂ ਨਾਲ ਦੁਸ਼ਮਣੀ ਵਜੋਂ ਹੀ ਉਨ੍ਹਾਂ ਨੂੰ ਕੁਤੇ (ਸੱਗ) ਲਿਖਦਾ ਹੈ । ਪਰ ਉਸਦੀ ਉਕਸਾਉ ਬੋਲੀ ਵਿਚੋਂ ਵੀ ਖਾਲਸੇ ਦਾ ਆਚਰਨ ਚਮਕਦਾ ਹੈ ਜਦੋਂ ਉਹ ਲਿਖਦਾ ਹੈ "ਸਗਾਂ ਰਾ ਮਗੋ ਸਗ ਕਿ ਹਸਤੰਦ ਸ਼ੇਰ" ਇਨ੍ਹਾਂ ਕੁਤਿਆਂ ਨੂੰ ਕੁਤੇ ਨ ਕਹੋ ਇਹ ਤਾਂ ਸ਼ੇਰ ਹਨ । ਅੱਗੇ ਲਿਖਦਾ ਹੈ ਇਨ੍ਹਾਂ ਵਿੱਚ ਚੋਰੀ ਨਹੀਂ, ਜ਼ਨਾਕਾਰੀ ਨਹੀਂ, ਔਰਤ ਤੇ ਵਾਰ ਨਹੀਂ ਕਰਦੇ ਆਦਿਕ । ਇਸ ਤਰ੍ਹਾਂ ਔਰੰਗਜ਼ੇਬ ਦੇ ਸਮੇਂ ਖਾਫੀ ਖਾਨ ਹੋਇਆ ਹੈ ਜਿਸ ਨੇ ਮੁੰਤਖਿਬ-ਉਲ-ਲੁਬਾਬ ਲਿਖਿਆ ਹੈ । ਉਹ ਸਿੱਖ ਗੁਰੂਆਂ ਨੂੰ "ਦੋਜ਼ਖੀ" ਅਤੇ ਸਿੱਖਾਂ ਨੂੰ "ਜਹੱਨਮੀ" ਲਿਖਦਾ ਹੈ । ਬੰਦਾ ਬਹਾਦਰ ਦੀ ਸ਼ਹੀਦੀ ਦਾ ਹਾਲ ਦੱਸਦਾ ਹੋਇਆ ਉਹ ਇਕ ਵਾਕਿਆ ਦੱਸਦਾ ਹੈ ਜਿਸ ਬਾਰੇ ਉਹ ਲਿਖਦਾ ਹੈ ਕਿ "ਜੋ ਕੁਝ ਮੈਂ ਅਖੀਂ ਵੇਖਿਆ ਲਿਖਦਾ ਹਾਂ" । ਜਦੋਂ ਬੰਦਾ ਸਿੰਘ ਦੇ ਸਾਥੀਆਂ ਨੂੰ ਕਤਲ ਕੀਤਾ ਜਾ ਰਿਹਾ ਸੀ ਤਾਂ ਇਕ ਮਾਈ ਸਯਦ ਅਬਦੁਲਾ ਦੀ ਸਫਾਰਸ਼ ਨਾਲ ਫਰਖਸ਼ੀਅਰ ਦੇ ਦਰਬਾਰ ਪੁੱਜੀ ਤੇ ਫਰਿਯਾਦ ਕੀਤੀ ਕਿ ਉਸਦਾ ਨੌਜੁਆਨ ਪੁੱਤਰ ਬੇਕਸੂਰ ਹੈ ਤੇ ਸਿੱਖਾਂ ਨਾਲ ਪਕੜਿਆ ਗਿਆ ਹੈ । ਉਹ ਸਿੱਖ ਨਹੀਂ ਤੇ ਉਸਨੂੰ ਮਾਰਿਆ ਜਾ ਰਿਹਾ ਹੈ । ਫਰਖਸ਼ੀਅਰ ਬਾਦਸ਼ਾਹ ਉਸ ਦੀ ਗੱਲ ਤੋਂ ਬਹੁਤ ਪ੍ਰਭਾਵਤ ਹੋਇਆ ਤੇ ਉਸ ਨੇ ਉਸ ਨੌਜੁਆਨ ਦੀ ਰਿਹਾਈ ਦਾ ਹੁਕਮ ਕ੍ਰ ਦਿੱਤਾ । ਖਾਫੀ ਖਾਂ ਲਿਖਦਾ ਹੈ ਕਿ ਮਾਈ ਉਸ ਵੇਲੇ ਰਿਹਾਈ ਦਾ ਹੁਕਮ ਲੈ ਕੇ ਪੁੱਜੀ, ਜਦੋਂ ਉਸਦੇ ਪੁੱਤਰ ਨੂੰ ਕਤਲ ਕਰਨ ਵਾਲੇ ਸਨ । ਮਾਈ ਦੇ ਕਹਿਣ ਤੇ ਉਸ ਨੌਜੁਆਨ ਨੂੰ ਬਚਾਉਣ ਦੇ ਸਾਧਨ ਕਰ ਦਿੱਤੇ ਗਏ । ਪਰ ਨੌਜੁਆਨ ਨੇ ਕਿਹਾ, "ਮਾਦਰਮ ਦਰੋਗ਼ ਮੇ ਗੋਇਦ, ਮਨ ਬਦਿਲੋ ਜਾਨ ਅਜ਼ ਮੁਹਤਕਿਦਾਂ ਫਿਦਾਇਆਂ ਜਾਨ ਨਿਸਾਰ ਮੁਰਸ਼ਦ । ਖੁਦਮ ਮਰਾ ਜ਼ੂਦ ਬ ਰਫ਼ੀਕਾਨੇ ਮਨ ਰਸਾਨੇਦ" । "ਮੇਰੀ ਮਾਂ ਝੂਠ ਬੋਲਦੀ ਹੈ । ਮੈਂ ਦਿਲ ਤੇ ਜਾਨ ਨਾਲ ਗੁਰੂ ਤੇ ਭਰੋਸਾ ਰੱਖਣ ਵਾਲਿਆਂ ਤੇ ਗੁਰੂ ਤੋਂ ਜਾਨ ਵਾਰਨ ਵਾਲਿਆਂ ਵਿਚੋਂ ਹਾਂ । ਮੈਨੂੰ

ਮੇਰੇ ਸਾਥੀਆਂ ਕੋਲ ਛੇਤੀ ਪਹੁੰਚਾਵੋਂ'' (ਪੰਨਾ ੭੬੬ ਮੁਨਤਖਿਬ ਉਲ ਲੁਬਾਬ ਜਿਲਦ ਦੂਜੀ, ਏਸ਼ੀਆਟਿਕ ਸੋਸਾਇਟੀ ਬੰਗਾਲ, ੧੮੭੪) ਇਸ ਤਰ੍ਹਾਂ ਉਹ ਨੌਜੁਆਨ ਸ਼ਹੀਦੀ ਪ੍ਰਾਪਤ ਕਰ ਗਿਆ । ਅਣਮਤੀਆਂ ਦੀਆਂ ਲਿਖੀਆ ਸ਼ਹੀਦਾਂ ਦੀਆਂ ਵਾਰਤਾਵਾਂ ਵੀ ਬਹੁਤ ਉਤਸ਼ਾਹ ਜਨਕ ਹਨ ! ਉਹ ਸੂਰਮੇ ਜਿਹੜੇ ਸ਼ਹੀਦ ਹੋ ਗਏ ਕਿੰਨੀ ਚੜ੍ਹਦੀ ਕਲਾ ਵਿੱਚ ਹੋਣਗੇ ਤੇ ਉਨ੍ਹਾਂ ਦੀ ਸੁਰਤ ਕਿੰਨੀ ਗੁਰ ਚਰਨਾਂ ਵਿੱਚ ਜੁੜੀ ਹੋਵੇਗੀ ਇਸਦਾ ਅੰਦਾਜ਼ਾ ਲਾਉਣਾ ਕਠਨ ਹੈ ।

ਸਿੱਖ ਇਤਿਹਾਸ ਦਾ ਇਕ ਵਚਿਤ੍ਰਮਈ ਤੇ ਗੌਰਵਤਾ ਭਰਪੂਰ ਕਾਂਡ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੈ । ਜੇਕਰ ਸਿੱਖ ਰਾਜ ਅਸਥਾਪਤ ਨਾ ਹੁੰਦਾ ਸਾਰਾ ਪੰਜਾਬ (ਪੂਰਬੀ ਤੇ ਪੱਛਮੀ ਪੰਜਾਬ) ਅਫ਼ਗਾਨਿਸਤਾਨ ਦਾ ਹਿੱਸਾ ਹੋਣਾ ਸੀ । ਕਸ਼ਮੀਰ ਅਫਗਾਨ ਅਧੀਨ, ਨੇਪਾਲ ਦਾ ਰਾਜ ਕਾਂਗੜੇ ਤੱਕ ਅਤੇ ਮੌਜੂਦਾ ਉੱਤਰ ਪੱਛਮੀ ਸਰਹੱਦੀ ਸੂਬਾ ਜੋ ਅੱਜ ਕੱਲ ਪਾਕਿਸਤਾਨ ਵਿੱਚ ਹੈ ਅਫਗਾਨਿਸਤਾਨ ਵਿੱਚ ਹੁੰਦਾ । ਪੂਰਬ ਵਾਲੇ ਪਾਸੇ ਲੇਹ ਅਤੇ ਲਦਾਖ ਦੇ ਇਲਾਕੇ ਤਿੱਬਤ ਵਿੱਚ ਹੁੰਦੇ । ਮਹਾਰਾਜਾ ਰਣਜੀਤ ਸਿੰਘ ਨੇ ਨਾ ਕੇਵਲ ਜਰਮਨੀ ਦੇ ਬਿਸਮਾਰਕ ਨਾਗੂੰ ਖੇਰੂ-ਖੇਰੂ ਪੰਜਾਬ ਨੂੰ ਇਕੱਠਾ ਕੀਤਾ ਸਗੋਂ ਇਸ ਦੀਆਂ ਸਰਹੱਦਾਂ ਨੂੰ ਸੰਗਠਤ ਤੇ ਪਰਪਕ ਕੀਤਾ । ਇਸ ਸੰਬੰਧ ਵਿੱਚ ਭਾਰਤ ਅਤੇ ਪਾਕਿਸਤਾਨ ਦੇ ਇਤਿਹਾਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਦੇਣ ਸਦਾ ਹੀ ਮਹਾਨਤਾ ਵਾਲੀ ਮੰਨੀ ਜਾਵੇਗੀ ।

ਇਤਿਹਾਸ ਸਾਖੀ ਹੈ ਕਿ ਅਫਗਾਨਿਸਤਾਨ ਅਤੇ ਈਰਾਨ ਦੇ ਲੜਾਕੂ ਲੋਕ ਇਕ ਹਜ਼ਾਰ ਸਾਲ ਤੋਂ ਵੱਧ ਸਮੇਂ ਤੋਂ ਪੰਜਾਬ ਤੇ ਹਮਲਾ ਕਰ ਰਹੇ ਸਨ । ਉਹ ਭਾਰਤੀਆਂ ਨੂੰ ਬਹੁਤ ਹੀ ਹੀਨਾ ਸਮਝਦੇ ਤੇ ਹਰ ਵਾਰੀ ਲੱਖਾਂ ਰੁਪਿਆਂ ਦਾ ਮਾਲ ਤੇ ਬੇਸ਼ੁਮਾਰ ਔਰਤ ਤੇ ਮਰਦ ਕੈਦੀ ਬਣਾ ਕੇ ਲੈ ਜਾਂਦੇ । ਬਾਬਰ ਨੇ ਅਪਣੀ ''ਤੋਜ਼ੁਕ-ਇ-ਬਾਬਰੀ'' ਵਿੱਚ ਲਿਖਿਆ ਹੈ ਕਿ ਕਾਬਲ ਦਾ ਸ਼ਹਿਰ ਭਾਰਤੀ ਗੁਲਾਮਾਂ ਦੀ ਇਕ ਤਗੜੀ ਮੰਡੀ ਸੀ ਜਿਥੇ ਭਾਰਤੀ ਔਰਤਾਂ ਤੇ ਆਦਮੀ ਮੁਲ ਵਿਕਦੇ ਸਨ । ਅਫਗਾਨ ਆਮ ਤੌਰ ਤੇ ਸਾਰੇ ਭਾਰਤੀਆਂ ਨੂੰ ਨਫ਼ਰਤ ਨਾਲ ਵੇਖਦੇ ਅਤੇ ਭਾਰਤੀ ਅਤੇ ਪੰਜਾਬੀ ਮੁਸਲਮਾਨਾਂ ਨੂੰ ਵੀ ਨਫ਼ਰਤ ਨਾਲ ''ਹਿੰਦਕੋ'' ਕਹਿੰਦੇ । ਮਹਾਰਾਜਾ ਰਣਜੀਤ ਸਿੰਘ ਨੇ ਹਜ਼ਾਰ ਸਾਲ ਤੋਂ ਵੱਧ ਇਸ ਪ੍ਰਭਾਵਸ਼ਾਲੀ ਹਮਲਾਵਰਾਂ ਦੇ ਵਗਦੇ ਵਹਿਣ ਦਾ ਪਾਸਾ ਮੋੜ ਦਿੱਤਾ । ਇਹ ਜਰਵਾਨੇ ਜਿੰਨੀ ਵਾਰੀ ਦੀ ਜਹਾਦ ਦਾ ਨਾਹਰਾ ਲਾ ਕੇ ਉਠੇ ਰਣਜੀਤ ਸਿੰਘ ਦੀਆਂ ਫੌਜਾਂ ਅੱਗੇ ਟਿਕ ਨ ਸਕੇ । ਨੌਸ਼ਹਿਰੇ ਦੀ ਲੜਾਈ (੧੮੨੩ ਈਸਵੀ) ਵਿੱਚ ਕਈ ਹਜ਼ਾਰ ਗਾਜ਼ੀ ''ਲੋਹਾ ਗਾਜ਼ਾ'' ਦੇ ਨਾਹਰੇ ਲਾਉਂਦੇ ਲਾਹੌਰ ਦਰਬਾਰ ਦੀਆਂ ਫੌਜਾਂ ਸਾਹਮਣੇ ਆਏ । ਮਹਾਰਾਜਾ ਰਣਜੀਤ ਸਿੰਘ ਆਪ ਇਸ ਲੜਾਈ ਵਿੱਚ ਸ਼ਾਮਲ ਸੀ । ਗਾਜ਼ੀਆਂ ਨੂੰ ਭਾਂਜ ਦਿਤੀ । ਉਨਾਂ ਦੇ ਲੀਡਰ ਅਤੇ ਕਾਬਲ ਦਾ ਅਮੀਰ ਆਜ਼ਿਮ ਖਾਂ ਦਾ ਇਸ ਭਾਂਜ ਕਰਕੇ ਦਿਲ ਦਾ ਦੌਰਾ ਬੰਧ ਹੋ ਗਿਆ ਤੇ ਮਰਨ ਤੋਂ ਪਹਿਲਾਂ ਪੁੱਤਰਾਂ ਨੂੰ ਸਦ ਕੇ ਕਹਿ ਗਿਆ ਕਿ ''ਸਿੱਖਾਂ ਕੋਲੋਂ ਇਸ ਹਾਰ ਦਾ ਬਦਲਾ ਲੈਣਾ ।''

ਮਹਾਰਾਜਾ ਰਣਜੀਤ ਸਿੰਘ ਨੇ ਸਈਯਦ ਅਹਿਮਦ ਖਲੀਫਾ ਨੂੰ ਜੋ ਭਾਰਤ ਤੋਂ ਜਾ ਕੇ ਅਫਗਾਨਿਸਤਾਨ ਵਿੱਚ ਜਹਾਦ ਕਰ ਰਿਹਾ ਸੀ ਦੋ ਫੈਸਲਾ ਕੁਲ ਲੜਾਈਆਂ ਸੈਦੋ ਦੀ ਲੜਾਈ ੧੮੨੭ ਈਸਵੀ ਅਤੇ ਬਾਲਾਕੋਟ ਦੀ ਲੜਾਈ ੧੮੩੧ ਈਸਵੀ ਵਿੱਚ ਹਾਰ ਦਿੱਤੀ ਤੇ ਖਲੀਫਾ ਮਾਰਿਆ ਗਿਆ। ਅਫਗਾਨ ਸਿੱਖਾਂ ਨੂੰ ਕਾਫਰ ਸਮਝਦੇ ਸਨ ਅਫਗਾਨਾਂ ਦੇ ਲੰਮੇ ਇਤਿਹਾਸ ਵਿੱਚ ਇਹ ਇਕ ਨਵਾਂ ਮੋੜ ਸੀ। ਕਿਉਂਕਿ ਹੁਣ ਤੱਕ ਉਨ੍ਹਾਂ ਕਦੀ ਹਾਰ ਦਾ ਮੂੰਹ ਨਹੀਂ ਸੀ ਵੇਖਿਆ। ਇਸ ਲਈ ਉਹ ਬੁਖਲਾ ਗਏ ਤੇ ਕਹਿਣ ਲਗ ਪਏ "ਖਾਲਸਾ ਹਮ ਖੁਦਾ ਸ਼ੁਦਾ" ਖਾਲਸਾ ਜੀ ਰੱਬ ਵਰਗਾ ਹੋ ਗਿਆ ਹੈ।" ਮਹਾਰਾਜਾ ਰਣਜੀਤ ਸਿੰਘ ਦੀ ਇਕ ਵਿਸ਼ੇਸ਼ ਪ੍ਰਾਪਤੀ ਇਹ ਸੀ ਕਿ ਉਸਨੇ ਦੋ ਮਹਾਨ ਤਾਕਤਾਂ ਅੰਗਰੇਜ਼ ਅਤੇ ਅਫਗਾਨਾਂ ਵਿਚਕਾਰ ਇਕ ਬਹੁਤ ਵੱਡਾ ਰਾਜ ਅਸਥਾਪਤ ਕੀਤਾ।

ਭਾਰਤ ਦੇ ਮੁਸਲਮਾਨ ਸਮਰਾਟਾਂ ਵਿੱਚ ਇਹ ਪਰੰਪਰਾ ਚਲਦੀ ਆਈ ਸੀ ਕਿ ਉਹ ਲੱਖਾਂ ਹੀ ਰੁਪਏ ਆਪਣੇ ਮਹੱਲਾਂ ਜਾਂ ਆਪਣੇ ਪਰਵਾਰ ਦੇ ਸਦਸਾਂ ਦੇ ਮਕਬਰਿਆਂ ਤੇ ਹੀ ਖਰਚ ਕਰ ਦੇਂਦੇ ਸਨ। ਕਈ ਮਿਸਾਲਾਂ ਹਨ ਆਗਰੇ ਦਾ ਤਾਜ ਮਹੱਲ, ਸਸਰਾਮ (ਬਿਹਾਰ) ਵਿੱਚ ਸ਼ੇਰ ਸ਼ਾਹ ਸੂਰੀ ਦਾ ਮਕਬਰਾ, ਲਾਹੌਰ ਵਿੱਚ ਜਹਾਂਗੀਰ ਦਾ ਮਕਬਰਾ, ਸ਼ਾਹਜਹਾਨ ਦਾ ਬਣਾਇਆ ਲਾਲ ਕਿਲ੍ਹਾ ਤੇ ਉਸ ਵਿੱਚ ਉਸਦਾ ਨਿਵਾਸ ਅਸਥਾਨ ਆਦਿਕ। ਪਰ ਮਹਾਰਾਜਾ ਰਣਜੀਤ ਸਿੰਘ ਨੇ ਕੋਈ ਐਸਾ ਕੰਮ ਨਹੀਂ ਕੀਤਾ। ਉਸ ਦੇ ਦਾਦਾ ਚੜ੍ਹਤ ਸਿੰਘ ਦੀ ਸਮਾਧ ਜੋ ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਅੱਖੀਂ ਵੇਖੀ ਹੈ ਬਿਲਕੁਲ ਹੀ ਮਾਮੂਲੀ ਜਿਹੀ ਇਮਾਰਤ ਸੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਲਈ ਵੀ ਕੋਈ ਮਹੱਲ ਨਹੀਂ ਬਣਾਇਆ। ਮੁਗ਼ਲ ਸਮਰਾਟ ਅਕਬਰ ਦੇ ਬਣਾਏ ਲਾਹੌਰ ਦੇ ਕਿਲੇ ਦੀ ਇਕ ਨੁੱਕਰ ਜਿਸ ਨੂੰ ਸਮਨ ਬੁਰਜ ਕਿਹਾ ਜਾਂਦਾ ਸੀ ਵਿੱਚ ਰਹਿੰਦਾ ਰਿਹਾ। ਉਸ ਦੀ ਇਕੋ ਰੀਝ ਸੀ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਸੁੰਦਰ ਤੋਂ ਸੁੰਦਰ ਬਣਾਏ। ਉਸ ਨੇ ਦਰਬਾਰ ਸਾਹਿਬ ਨੂੰ ਆਪਣੇ ਰਾਜ ਦਾ ਸਭ ਤੋਂ ਵੱਡਾ ਕਲਾ ਕੇਂਦਰ ਬਣਾ ਦਿੱਤਾ। ਸੋਨੇ ਅਤੇ ਸੰਗਮਰਮਰ ਦੀ ਸੇਵਾ ਤੋਂ ਇਲਾਵਾ ਦਰਬਾਰ ਸਾਹਿਬ ਅੰਦਰ ਮੀਨਾਕਾਰੀ, ਗੱਚਕਾਰੀ, ਮੋਹਰਾ ਕਸ਼ੀ ਅਤੇ ਚਿੱਤਰਕਾਰੀ ਲਈ ਵੱਖ-ਵੱਖ ਕਲਾਕਾਰ ਲਾਏ। ਅੰਦਰ ਤਿੰਨ ਸੌ ਪੇਨਲਾਂ ਵਿੱਚ ਕਲਾ ਦੇ ਅਦੁਤੀ ਨਮੂਨੇ ਮਿਲਦੇ ਹਨ। ਕਈ ਥਾਵਾਂ ਤੇ ਭਾਰਤੀ ਅਤੇ ਈਰਾਨੀ ਹੁਨਰਾਂ ਦਾ ਸੁਮੇਲ ਦਿਸਦਾ ਹੈ। ਕਲਾਂ ਦੇ ਇਤਿਹਾਸ ਦੇ ਵਿਦਿਆਰਥੀ ਲਈ ਇਹ ਇਕ ਭਰਪੂਰ ਅਤੇ ਰੋਚਕ ਵਿਸ਼ਾ ਹੈ। ਏਨੀ ਸੇਵਾ ਦੇ ਹੁੰਦਿਆ ਵੀ ਮਹਾਰਾਜਾ ਰਣਜੀਤ ਸਿੰਘ ਨੇ ਨਿਮਰਤਾ ਨਾਲ ਦਰਸ਼ਨੀ ਦਰਵਾਜੇ ਤੇ ਇਹ ਅੱਖਰ ਲਿਖਵਾਏ:-

"੧ਓ ਸਤਿਨਾਮ ਕਰਤਾ ਪੁਰਖ ਨਿਰਭਓ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰਗ ਗੁਰ ਪ੍ਰਸਾਦਿ। ਜਪੁ ਆਦਿ ਸੱਚ ਜੁਗਾਦਿ ਸਚ ਹੈ ਭੀ ਸਚ ਨਾਨਕ ਹੋ ਸੀ ਭੀ ਸਚ। ਸ੍ਰੀ ਮਹਾਰਾਜ ਗੁਰੂ ਸਾਹਿਬ ਨੇ ਆਪਣੇ ਪਰਮ ਸੇਵਕ ਸਿੱਖ ਜਾਣ ਕਰ ਸ੍ਰੀ ਦਰਬਾਰ ਸਾਹਿਬ ਜੀ ਕੀ ਸੇਵਾ ਸ੍ਰੀ ਮਹਾਰਾਜ ਸਿੰਘ ਸਾਹਿਬ ਰਣਜੀਤ ਸਿੰਘ ਪਰ ਦਯਾ ਕਰਕੇ ਕਰਵਾਈ ੧੮੮੭"

ਸਿੱਖਾਂ ਦਾ ਸਵੰਤਤਰਤਾ ਸੰਗਰਾਮ ਵਿਚ ਯੋਗਦਾਨ ਬਹੁਤ ਮਹੱਤਤਾ ਵਾਲਾ ਹੈ। ਸਵਤੰਤਰਤਾ ਸੰਗਰਾਮ ਦਾ ਆਰੰਭ ਸ਼ਾਮ ਸਿੰਘ ਅਟਾਰੀ ਵਾਲੇ ਦੀ ਸ਼ਹੀਦੀ ਤੋਂ ਹੋਇਆ ਜੋ ੧੦ ਫਰਵਰੀ ੧੮੪੬ ਦੀ ਸਵੇਰ ਨੂੰ ਚਿੱਟੀ ਘੋੜੀ ਤੇ ਚਿੱਟੇ ਬਾਨੇ ਵਿੱਚ ਗਦਾਰ ਤੇ ਨਮਕ ਹਰਾਮ ਲੀਡਰ ਤੇਜ ਸਿੰਘ ਤੇ ਲਾਲ ਸਿੰਘ ਦੀਆਂ ਗਲਾਂ ਨੂੰ ਠੁਕਰਾਉਂਦਾ ਹੋਇਆ ਪੰਜਾਬ ਦੀ ਸਵਤੰਤਰਤਾ ਤੋਂ ਕੁਰਬਾਨ ਹੋ ਗਿਆ। ਅੰਗਰੇਜ਼ ਉਸ ਦੀ ਦੇਸ਼ ਭਗਤੀ, ਕੁਰਬਾਨੀ ਅਤੇ ਦਲੇਰੀ ਤੇ ਦੰਗ ਰਹਿ ਗਏ। ਅੰਗਰੇਜ਼ਾਂ ਅਤੇ ਸਿੱਖਾਂ ਦੀ ਦੂਜੀ ਲੜਾਈ ਅਸਲ ਵਿੱਚ ਸਿੱਖਾਂ ਦੀ ਸਵਤੰਤਰਤਾ ਦੀ ਪਹਿਲੀ ਜੰਗ ਹੈ। ਇਸ ਨੂੰ ਅੰਗਰੇਜ਼ਾਂ ਸਿੱਖਾਂ ਦੀ ਦੂਜੀ ਲੜਾਈ ਕਹਿਣਾ ਠੀਕ ਨਹੀਂ ਜਾਪਦਾ। ਚੇਲੀਆਂ ਵਾਲੇ ਦੀ ਲੜਾਈ ਵਿੱਚ ਸਿੰਘਾਂ ਨੇ ਅੰਗਰੇਜ਼ਾਂ ਦੇ ਏਨੇ ਦੰਦ ਖੱਟੇ ਕੀਤੇ ਕਿ ਬ੍ਰਿਟਿਸ਼ ਪਾਰਲੀਮੈਂਟ ਵਿੱਚ ਰੌਲਾ ਪੈ ਗਿਆ। ਸਿੱਖਾਂ ਦੀ ਅੰਗਰੇਜ਼ਾਂ ਵਿਰੁੱਧ ਬਹਾਦਰੀ ਤੋਂ ਭਾਰਤੀ ਸਿਪਾਹੀ ਜੋ ਅੰਗਰੇਜ਼ਾਂ ਵਲੋਂ ਲੜ ਰਹੇ ਸਨ ਬਹੁਤ ਪ੍ਰਭਾਵਤ ਹੋਏ। ਸਿੱਖਾਂ ਅੰਗਰੇਜ਼ਾਂ ਦੇ ਅਜਿਤ ਹੋਣ ਦਾ ਭਰਮ ਤੋੜ ਦਿੱਤਾ। ਇਹ ਹੀ ਵੱਡਾ ਕਾਰਨ ਸੀ ਕਿ ਕੁਝ ਸਾਲਾਂ ਪਿਛੋਂ ਭਾਰਤੀ ਸਿਪਾਹੀਆਂ ਨੇ ਅੰਗਰੇਜ਼ਾਂ ਵਿਰੁੱਧ ਉਠਣ ਦਾ ਹੀਆਂ ਕੀਤਾ ਅਤੇ ੧੮੫੭ ਦਾ ਗੱਦਰ ਹੋਂਦ ਵਿੱਚ ਆਇਆ। ਅੰਗਰੇਜ਼ਾਂ ਦਾ ਕਮਾਂਡਰ ਇਨ ਚੀਫ ਜਨਰਲ ਗਫ਼ ਜੋ ਸਹਿਜੇ ਹੀ ਚੀਨ ਵਿਰੁੱਧ ਲੜਾਈਆਂ ਜਿੱਤ ਆਇਆ ਸੀ ਸਿੰਘਾਂ ਦੀ ਬਹਾਦਰੀ ਅਤੇ ਕੁਰਬਾਨੀ ਤੇ ਦੰਗ ਰਹਿ ਗਿਆ।[੧] ਸਿੰਘ ਸੂਰਮਿਆਂ ਨੇ ਗੁਜਰਾਤ ਦੀ ਲੜਾਈ ਪਿਛੋਂ ਅੰਗਰੇਜ਼ਾਂ ਵਿਰੁੱਧ ਲੜਾਈ ਜਾਰੀ ਰੱਖਣ ਦਾ ਪ੍ਰਣ ਕਰ ਲਿਆ। ਇਨਾਂ ਵਿੱਚ ਭਾਈ ਮਹਾਰਾਜ ਸਿੰਘ ਇਨ੍ਹਾਂ ਨੇ ਤਨ-ਮਨ-ਧਨ ਸਵਤੰਤਰਤਾ ਲਈ ਕੁਰਬਾਨ ਕਰ ਦਿੱਤਾ ਅਤੇ ਅਖੀਰ ੧੮੫੬ ਵਿੱਚ ਸਿੰਘਾਪੁਰ ਅੰਗਰੇਜ਼ਾਂ ਦੀ ਜੇਲ ਵਿੱਚ ਚੜ੍ਹਾਈ ਕਰ ਗਏ। ਕਈਆਂ ਨੇ ਬਾਬਾ ਬਿਕਰਮ ਸਿੰਘ ਬੇਦੀ ਊਨੇ ਵਾਲਿਆਂ ਵਾਂਗੂੰ ਜਾਗੀਰਾਂ ਲੈਣ ਤੋਂ ਇਨਕਾਰ ਕੀਤਾ ਅਤੇ ਅੰਗਰੇਜ਼ਾਂ ਦੀ ਨਜ਼ਰ ਬੰਦੀ ਵਿੱਚ ਹੀ ਜੀਵਨ ਬਤਾਇਆ ਤੇ ਸਵਰਗਵਾਸ ਹੋਏ।

"ਸਿੱਖ ਇਤਿਹਾਸ ਦੇ ਵਿਸ਼ੇਸ਼ ਲੇਖਾਂ" ਦਾ ਇਹ ਸੰਗ੍ਰਹਿ ਬਹੁਤ ਸਾਰੇ ਖੋਜ ਲੇਖਾਂ ਦਾ ਸਮੂਹ ਹੈ ਜੋ ਵੱਖ-ਵੱਖ ਸਮਿਆਂ ਤੇ ਲਿਖੇ ਗਏ। ਸਭ ਤੋਂ ਪਹਿਲਾ ਲਿਖਿਆ ਲੇਖ ਗੁਰੂ ਗੋਬਿੰਦ ਸਿੰਘ ਜੀ ਤੇ ਹੈ। ਇਹ ਲੇਖ ਉਸ ਸਮੇਂ ਲਿਖਿਆ ਗਿਆ ਜਦੋਂ ਮੈਂ ੧੯੪੭ ਵਿੱਚ ਗੁਜ਼ਰਾਂਵਾਲੇਂ ਤੋਂ ਰੀਫਿਊਜੀ ਬਣ ਕੇ ਆਇਆ ਤੇ ਦਿੱਲੀ ਰਹਿ ਰਿਹਾ ਸਾਂ। ਦਿੱਲੀ ਦੀ ਖਾਲਸਾ ਯੰਗਮੈਨ ਐਸੋਸੀਏਸ਼ਨ ਨੇ ਜਨਵਰੀ ੧੯੪੯ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਤੇ ਇਸਨੂੰ ਪੰਮਫਲੇਟ ਦੇ ਰੂਪ ਵਿੱਚ ਛਪਵਾ ਕੇ ਵੰਡਿਆ। ਜੂਨ ੧੯੫੦ ਤੋਂ ਸਤੰਬਰ ੧੯੬੫ ਤਕ ਸਿਖ ਇਤਿਹਾਸ ਖੋਜ ਵਿਭਾਗ ਖਾਲਸਾ ਕਾਲਜ, ਅੰਮ੍ਰਿਤਸਰ ਵਿੱਚ ਰਿਹਾ ਤੇ ਵੱਖ-ਵੱਖ ਰਸਾਲਿਆਂ, ਅਖ਼ਬਾਰਾਂ ਵਿੱਚ ਮੇਰੇ ਲੇਖ ਛਪਦੇ ਰਹੇ ਜਿਨਾਂ ਵਿਚੋਂ ਪ੍ਰਮੁੱਖ ਇਹ ਹਨ—ਗੁਰਮਤ ਪ੍ਰਕਾਸ਼, ਪੰਜਾਬੀ ਦੁਨੀਆਂ,

---

੧. ਜਨਰਲ ਗਫ ਨੇ ਕਈ ਥਾਵਾਂ ਤੇ ਸਿੱਖ ਸਿਪਾਹੀਆਂ ਦੀ ਸ਼ਲਾਘਾ ਕੀਤੀ ਹੈ ਵਿਸਥਾਰ ਲਈ ਵੇਖੋ "ਪੰਜਾਬ ਦੇ ਮੁੱਢਲੇ ਸਵਤੰਤਰਤਾ ਸੰਗਰਾਮੀਏ"।

ਸੰਤ ਸਿਪਾਹੀ, ਰੋਜ਼ਾਨਾ ਅਜੀਤ, ਆਦਿਕ । ਪੰਜਾਬੀ ਯੂਨੀਵਰਸਿਟੀ ਸਮੇਂ ਯੂਨੀਵਰਸਿਟੀ ਦੇ ਸਮਾਜਿਕ ਵਿਗਿਆਨ ਪਤ੍ਰ ਆਦਿਕ ਵਿੱਚ ਮੇਰੇ ਨਿਬੰਧ ਛਪਦੇ ਰਹੇ ਹਨ ।ਖਾਲਸਾ ਐਡਵੋਕੇਟ, ਅੰਮ੍ਰਿਤਸਰ ਨੇ ਗੁਰਦਵਾਰਾ ਲਖਨੌਰ ਸਾਹਿਬ ਦਾ ਇਤਿਹਾਸ ਲੜੀ ਵਾਰ ਛਾਪਿਆ । ਗੁਰੂ ਨਾਨਕ ਸਾਹਿਬ ਦੇ ਲੰਕਾਂ ਜਾਣ ਬਾਰੇ ਲੰਕਾ ਜਾ ਕੇ ਖੋਜ ਕੀਤੀ ਤਾਂ ਜੋ ਮੈਕਲੋਡ ਵਰਗੇ ਅਣਮਤੀਆਂ ਦਾ ਅਕਾਦਮਿਕ ਤੌਰ ਤੇ ਉੱਤਰ ਦਿੱਤਾ ਜਾ ਸਕੇ ।੧੯੬੩ ਵਿੱਚ ਕਸ਼ਮੀਰ ਤੋਂ ਆ ਕੇ ''ਸ੍ਰੀ ਨਗਰ ਕਸ਼ਮੀਰ ਵਿੱਚ ਸਿੱਖ ਯਾਦਗਾਰਾਂ ਲੇਖ ਲਿਖਿਆ । ਬ੍ਰਿਟਿਸ਼ ਮਿਊਜ਼ੀਅਮ ਲੰਡਨ ਤੋਂ ਗੁਰਦਵਾਰਿਆਂ ਦੇ ਪ੍ਰਬੰਧ ਸੰਬੰਧੀ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਰਾਬਰਟ ਈਜਰਟਨ (੧੮੭੭-੧੮੮੨) ਈਸਵੀ ਦੀ ਚਿੱਠੀ ਲਾਰਡ ਰਿਪਨ ਵਾਇਸਰਾਏ ਦੇ ਨਾ ਲਿਖੀ ਮਿਲੀ ਜਿਸ ਵਿੱਚ ਲਿਖਿਆ ਸੀ ਕਿ ਗੁਰਦਵਾਰਿਆਂ ਦਾ ਪ੍ਰਬੰਧ ਸਿੱਖਾਂ ਹੱਥ ਨਹੀਂ ਹੋਣਾ ਚਾਹੀਦਾ। ਇਹ ਚਿੱਠੀ ਅਸਲ ਰੂਪ ਵਿੱਚ ਇਸ ਸੰਚੇ ਵਿੱਚ ਸ਼ਾਮਲ ਹੈ । ਇਸ ਤਰ੍ਹਾਂ ਹਰ ਲੇਖ ਦਾ ਵੱਖ-ਵੱਖ ਪਿਛੋਕੜ ਹੈ ਪਰ ਸਾਰੇ ਦੇ ਸਾਰੇ ਲੇਖ ਸਿੱਖ ਇਤਿਹਾਸ ਦੇ ਕਿਸੇ ਨ ਕਿਸੇ ਪੜਾ ਨਾਲ ਜੁੜੇ ਹਨ ਇਸ ਲਈ ਉਨ੍ਹਾਂ ਦਾ ਇਕ ਲੜੀ ਵਿੱਚ ਪਰੁਚਲਾ ਅਵਸ਼ਕ ਸੀ । ਸਾਰੇ ਲੇਖਾਂ ਦੀ ਸੋਧ ਸਧਾਈ ਕੀਤੀ ਗਈ ਹੈ ।

ਇਹ ਸਾਰੇ ਖੋਜਪਤ੍ਰ ਇਕਠੇ ਕਰਨ ਵਿੱਚ ਮੇਰੇ ਮਿੱਤਰ ਪ੍ਰਿੰਸੀਪਲ ਸਤਿਬੀਰ ਸਿੰਘ ਦਾ ਉਤਸ਼ਾਹ ਕੰਮ ਕਰਦਾ ਰਿਹਾ ਹੈ । ਇਹ ਪੁਸਤਕ ਤਿਆਰ ਕਰਨ ਵਿੱਚ ਉਨ੍ਹਾਂ ਦਾ ਵਿਸ਼ੇਸ਼ ਉਤਸ਼ਾਹ ਹੈ ਮੈਂ ਉਨ੍ਹਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ । ਅਪਣੇ ਬਹੁ ਪੱਖੀ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ ਨੇ ਮੁੱਖ ਬੰਧ ਲਿਖਿਆ ਹੈ । ਉਨ੍ਹਾਂ ਦਾ ਅਭਾਰੀ ਹਾਂ । ਪ੍ਰੋਫੈਸਰ ਪ੍ਰਿਥੀਪਾਲ ਸਿੰਘ ਕਪੂਰ ਨੇ ਇਸ ਪੁਸਤਕ ਦੀ ਤਿਆਰੀ ਵਿੱਚ ਕਈ ਸੁਝਾ ਦਿੱਤੇ ਹਨ ਉਨ੍ਹਾਂ ਦਾ ਧੰਨਵਾਦ । ਮੈਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਟਾਫ ਦਾ ਰਿਨੀ ਹਾਂ ਜਿਨ੍ਹਾਂ ਇਹ ਕਿਤਾਬ ਛਾਪ ਕੇ ਸੰਗਤਾਂ ਸਾਹਮਣੇ ਲਿਆਦੀ । ਮੇਰੇ ਅਜੀਜ ਭੂਪਿੰਦਰ ਸਿੰਘ ਸੇਠੀ ਦਾ ਜਿਸਨੇ ਖੜਗਪੁਰ ਤੋਂ ਛੁਟੀਆਂ ਕੱਟਣ ਆਏ ਨੇ ਮੈਨੂੰ ਪੁਰਾਨੇ ਰਸਾਲੇ ਲੱਭਣ ਵਿੱਚ ਸਹਾਇਤਾ ਕੀਤੀ ਅਤੇ ਸ੍ਰੀ ਮਤੀ ਜੋਗਿੰਦਰ ਕੌਰ ਜੋ ਮੇਰੇ ਕੰਮ ਵਿੱਚ ਸਦਾ ਸਹਿਯੋਗ ਦੇਂਦੇ ਹਨ ਦਾ ਧੰਨਵਾਦੀ ਹਾਂ ।

17-11-1994

ਕਿਰਪਾਲ ਸਿੰਘ,
1288/ ਸੈਕਟਰ 15 ਬੀ,
ਚੰਡੀਗੜ੍ਹ ।

ਵਿਸ਼ੇ ਸੂਚੀ

1. ਮੁੱਖ ਬੰਧ
2. ਭੂਮਿਕਾ
3. ਪ੍ਰਵੇਸ਼ਕਾ
   (ੳ) ਗੁਰਮਤਿ ਤੇ ਸਿੱਖ ਇਤਿਹਾਸ
   (ਅ) ਸਿੱਖ ਇਤਿਹਾਸ ਦੀਆਂ ਖੋਜ ਸਮੱਸਿਆਵਾਂ 12
4. ਜੀਵਨ ਬਿਰਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਮਹਿਮਾ ਪ੍ਰਕਾਸ਼ ਵਾਰਤਕ ਵਿਚੋਂ 35
5. ਗੁਰੂ ਨਾਨਕ ਸਾਹਿਬ ਦਾ ਲੰਕਾ ਜਾਣਾ 58
6. ਗੁਰੂ ਨਾਨਕ ਸਾਹਿਬ ਦੀ ਮੁਲਤਾਨ ਫੇਰੀ 69
7. ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ 72
8. ਗੁਰੂ ਤੇਗ ਬਹਾਦਰ ਜੀ ਦੀ ਸਖ਼ਸ਼ੀਅਤ 75
9. ਦਸ ਗੁਰ ਕਥਾ-ਕਵੀ ਕੰਕਨ 80
10. ਆਧੁਨਿਕਤਾ ਦੇ ਪ੍ਰਤੀਕ ਗੁਰੂ ਗੋਬਿੰਦ ਸਿੰਘ 91
11. ਰਹਿਤ ਮਰਯਾਦਾ ਦੀ ਮਹਾਨਤਾ 99
12. ਵੱਡਾ ਘਲੂਘਾਰਾ 1762 ਈਸਵੀ 103
13. ਅਠਾਰਵੀਂ ਸਦੀ ਦਾ ਸਿੱਖ ਆਚਰਨ 112
14. ਗੁਰਮਤੇ ਦਾ ਇਤਿਹਾਸਕ ਸਰਵੇਖਣ 120
15. ਮਹਾਰਾਜ ਰਣਜੀਤ ਸਿੰਘ-ਇਕ ਅਧਿਐਨ 129
16. ਬਾਬਾ ਬੀਰ ਸਿੰਘ ਜੀ 136
17. ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਸ਼ਹਿਰੀ ਵਿਕਾਸ 149
18. ਇਤਿਹਾਸਕ ਸ਼ਹਿਰ ਅੰਮ੍ਰਿਤਸਰ ਵਿੱਚ ਸਿੱਖ ਰਾਜ ਦੇ ਯਾਦ ਚਿੰਨ 157
19. ਸੁਭਰਾਉ ਦੀ ਲੜਾਈ-ਫਰਵਰੀ 10, 1846 164
20. ਸਿੱਖ ਸੁਧਾਰਕ ਲਹਿਰਾਂ 167
21. ਗੁਰਦੁਆਰਾ ਸੁਧਾਰ ਲਹਿਰ-ਇਕ ਦਸਤਾਵੇਜ 179
22. ਸਿੱਖ ਨੇਤਾ ਤੇ ਪੰਜਾਬ ਦਾ ਬਟਵਾਰਾ 181
23. ਸ੍ਰੀ ਨਗਰ ਕਸ਼ਮੀਰ ਵਿੱਚ ਸਿੱਖ ਯਾਦਗਾਰਾਂ 185
24. ਇਤਿਹਾਸ ਗੁਰਦੁਆਰਾ ਲਖਨੌਰ ਸਾਹਿਬ 191
25. ਸਿੱਖ ਇਤਿਹਾਸਕਾਰੀ ਤੇ ਗਿਆਨੀ ਗਿਆਨ ਸਿੰਘ ਜੀ 207

ਅੰਤਕਾ
   (ੳ) ਹਜ਼ਰਤ ਮੀਆਂ ਮੀਰ 218
   (ਅ) ਮੁਹੰਮਦ ਸਈਦ "ਸਰਮਦ" 220

ਪ੍ਰਵੇਸ਼ਕਾ

(ੳ) ਗੁਰਮਤਿ ਤੇ ਸਿਖ ਇਤਿਹਾਸ

ਇਸਲਾਮ ਦੇ ਵਿਦਿਆਰਥੀ ਲਈ ਮੁਸਲਮਾਨਾਂ ਦਾ ਇਤਿਹਾਸ ਪੜ੍ਹਨਾ ਇਤਨਾ ਜ਼ਰੂਰੀ ਨਹੀਂ ਹੈ ਤੇ ਨਾ ਹੀ ਈਸਾਈ ਮਤ ਦੇ ਗ੍ਰਹਿਣ ਕਰਨ ਵਾਲਿਆਂ ਨੂੰ ਈਸਾਈਆਂ ਦਾ ਇਤਿਹਾਸ ਤੇ ਸਲੀਬ ਦੀਆਂ ਲੜਾਈਆਂ ਬਾਰੇ ਜਾਣਨਾ ਇਤਨਾ ਲੋੜੀਂਦਾ ਹੈ ਜਿਤਨਾ ਕਿ ਸਿੱਖ ਮਤ ਦੇ ਅਧਿਐਨ ਕਰਨ ਵਾਲੇ ਨੂੰ ਸਿੱਖ ਇਤਿਹਾਸ ਦੀ ਜਾਣਕਾਰੀ ਜ਼ਰੂਰੀ ਹੈ। ਅਸਲ ਵਿੱਚ ਗੁਰਮਤਿ ਤੇ ਸਿੱਖ ਇਤਿਹਾਸ ਦਾ ਸੰਬੰਧ ਇਤਨਾ ਅਟੁਟਵਾਂ ਹੈ ਕਿ ਇਕ ਨੂੰ ਦੂਸਰੇ ਤੋਂ ਨਖੇੜਿਆਂ ਨਹੀਂ ਜਾ ਸਕਦਾ। ਸਿੱਖਾਂ ਦੇ ਮਹਾਨ ਗੁਰਦੁਆਰਿਆਂ ਵਿੱਚ ਗੁਰਮਤਿ ਦੀ ਵਿਆਖਿਆ ਦੇ ਨਾਲ-ਨਾਲ ਹਰ ਰੋਜ਼ ਗੁਰ-ਇਤਿਹਾਸ ਦੀ ਕਥਾ ਹੁੰਦੀ ਹੈ। ਗੁਰੂ ਸਾਹਿਬਾਨ ਦੇ ਜੀਵਨ ਤੇ ਉਨ੍ਹਾਂ ਦੇ ਕਰਤੱਵ ਦਸੇ ਜਾਂਦੇ ਹਨ ਤਾਂ ਜੋ ਸੰਗਤਾਂ ਨੂੰ ਗੁਰੂ ਸਾਹਿਬਾਨ ਦਾ ਜੀਵਨ ਤੇ ਉਨ੍ਹਾਂ ਦੇ ਪੂਰਨਿਆਂ ਤੇ ਚਲਣ ਵਾਲਿਆਂ ਸ਼ਹੀਦਾਂ ਦੇ ਜੀਵਨ-ਆਦਰਸ਼ ਸਪਸ਼ਟ ਹੋ ਸਕਣ। ਹਰ ਸਿੱਖ ਹਰ ਰੋਜ਼ ਗੁਰ ਇਤਿਹਾਸ ਤੇ ਸਿੱਖ ਇਤਿਹਾਸ ਨੂੰ ਦੋਹਰਾਂਦਾ ਹੈ। ਦੂਰ ਦੁਰਾਡੇ ਦੇਸਾਂ ਵਿੱਚ ਭਾਵੇਂ ਥੋੜੇ ਸਿੱਖ ਹੋਣ ਭਾਵੇਂ ਬਹੁਤੇ—ਹਰ ਸਿੱਖ ਘਰ ਵਿੱਚ ਅਰਦਾਸ ਹੁੰਦੀ ਹੈ :-

''ਜਿਨ੍ਹਾਂ ਤੇਰਾ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ਼ਵਾਹੀ, ਦੇਖ ਕੇ ਅਣਡਿਠ ਕੀਤਾ—ਭਾਣਾ ਮਿਠਾ ਕਰਕੇ ਮੰਨਿਆ-ਧਰਮ ਲਈ ਜਾਨਾਂ ਕੁਰਬਾਨ ਕੀਤੀਆਂ, ਜਿਨ੍ਹਾਂ ਬੀਬੀਆਂ ਧਰਮ ਲਈ ਬੱਚਿਆਂ ਨੂੰ ਟੋਟੇ-ਟੋਟੇ ਕਰਵਾਇਆ—ਸਵਾ ਮਣ ਪੀਸਣਾ ਪੀਸਿਆ, ਜਿਨ੍ਹਾਂ ਮੌਜੂਦਾ ਸਮੇਂ ਵਿੱਚ ਗੁਰਦੁਆਰਾ ਸੁਧਾਰ ਖਾਤਰ ਕੁਰਬਾਨੀਆਂ ਕੀਤੀਆਂ, ਗੱਡੀਆਂ ਥਲੇ ਆਏ, ਭਠੀਆਂ ਵਿੱਚ ਸਾੜੇ ਗਏ, ਪਾਕਿਸਤਾਨੀ ਘਲੂਘਾਰੇ ਵਿੱਚ ਜਿਨ੍ਹਾਂ ਬੀਬੀਆਂ ਨੇ ਖੂਹਾਂ ਤੇ ਨਹਿਰਾਂ ਵਿੱਚ ਛਾਲਾਂ ਮਾਰੀਆਂ, ਤਿੰਨਾਂ ਸਿੰਘਾਂ ਤੇ ਸਿੰਘਣੀਆਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।''

ਅਰਦਾਸ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਤੇ ਅਠਾਰਵੀਂ ਸਦੀ ਦੇ ਸਿੱਖਾਂ ਦੇ ਸਾਰੇ ਇਤਿਹਾਸ ਦਾ ਚਿੱਤਰ ਖਿਚਦੀ ਹੈ ਤੇ ਇਕ ਇਤਿਹਾਸਕ ਫਿਲਮ ਸਾਹਮਣੇ ਆ ਜਾਂਦੀ ਹੈ ਜਿਸ ਵਿੱਚ ਭਾਈ ਮਨੀ ਸਿੰਘ ਬੰਦ-ਬੰਦ ਕਟਵਾਉਂਦੇ, ਕਈ ਸਿੱਖ ਚਰਖੜੀਆਂ ਤੇ ਚੜ੍ਹਦੇ, ਮੀਰ ਮੰਨੂ (ਪੰਜਾਬ ਦਾ ਗਵਰਨਰ ੧੭੪੮-੧੭੫੩ ਈ.) ਦੀ ਕੈਦ ਵਿੱਚ ਸਿੱਖ ਇਸਤਰੀਆਂ ਤੇ ਬੱਚੇ ਬੱਚੀਆਂ ਕਸ਼ਟ ਝਲਦੀਆਂ, ਦੁਖੜੇ ਸਹਿੰਦੀਆਂ, ਸਿੰਘ ਸੂਰਮੇ ਅਬਦਾਲੀ ਨਾਲ ਜੂਝਦੇ ਤੇ ਜਹਾਦੀਆਂ ਦਾ ਟਾਕਰਾ ਕਰਕੇ ਸ਼ਹੀਦੀਆਂ ਪ੍ਰਾਪਤ ਕਰਦੇ ਨਜ਼ਰੀ ਪੈਂਦੇ ਹਨ। ਗੁਰਦੁਆਰਾ ਸੁਧਾਰ ਲਹਿਰ ਵਿੱਚ ਭਾਈ ਪਰਤਾਪ ਸਿੰਘ ਤੇ ਕਰਮ ਸਿੰਘ ਵੱਲੋਂ, ਚਲਦੇ ਇੰਜਨ ਨੂੰ ਰੋਕਣਾ, ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚਿਆਂ ਵਿੱਚ ਅਨੇਕਾਂ ਸਿੱਖ

ਕੁਰਬਾਨੀਆਂ ਕਰਦੇ, ੧੯੪੭ ਦੇ ਪਾਕਿਸਤਾਨੀ ਘਲੂਘਾਰੇ ਵਿੱਚ ਮੁਸਲਮਾਨਾਂ ਹੱਥ ਆਈਆਂ ਇਸਤਰੀਆਂ ਖੂਹਾਂ ਤੇ ਨਹਿਰਾਂ ਵਿੱਚ ਛਾਲਾਂ ਮਾਰਦੀਆਂ ਦਿਸਦੀਆਂ ਹਨ । ਗੱਲ ਕੀ ਸਾਰਾ ਸਿੱਖ ਇਤਿਹਾਸ ਹਰ ਰੋਜ਼ ਹਰ ਸਿੱਖ ਘਰ ਵਿਚ, ਹਰ ਗੁਰਦੁਆਰੇ ਵਿੱਚ, ਹਰ ਸਵੇਰ ਤੇ ਹਰ ਸ਼ਾਮ ਨੂੰ ਦੁਹਰਾਇਆ ਜਾਂਦਾ ਹੈ ।ਸੰਸਾਰ ਦੇ ਹੋਰ ਕਿਸੇ ਮਤ ਨੇ ਆਪਣੇ ਇਤਿਹਾਸ ਨੂੰ ਏਨੀ ਮਹਾਨਤਾ ਨਹੀਂ ਦਿੱਤੀ ।

ਅਰਦਾਸ ਸਿਖੁ ਰਹੁ-ਰੀਤੀ ਦੇ ਸਿੱਖ-ਮਰਯਾਦਾ ਦਾ ਇਕ ਵਡਮੁੱਲਾ ਅੰਗ ਹੈ ।ਅਰਦਾਸ ਦੀ ਗੁਰਮਤਿ ਵਿੱਚ ਇਕ ਵਿਸ਼ੇਸ਼ ਥਾਂ ਹੈ ।ਸਿੱਖ ਜੰਮਣ ਤੋਂ ਲੈ ਕੇ ਅੰਤਮ ਸੰਸਕਾਰ ਤਕ ਅਰਦਾਸ ਦੀ ਓਟ ਲੈਂਦਾ ਹੈ, ਤੇ ਇਸ ਅਰਦਾਸ ਦਾ ਵਿਸ਼ੇਸ਼ ਭਾਗ ਸਿੱਖ ਇਤਿਹਾਸ ਹੈ । ਇਸ ਲਈ ਸਿੱਖ ਮਤ ਦੀ ਜਾਣਕਾਰੀ ਲਈ ਸਿੱਖ ਇਤਿਹਾਸ ਨੂੰ ਸਮਝਣਾ ਅਤਿਅੰਤ ਜ਼ਰੂਰੀ ਹੈ ।

ਜੇਕਰ ਸਿੱਖ ਇਤਿਹਾਸ ਦੀ ਵਿਸ਼ੇਸ਼ਤਾ ਦੇ ਕਾਰਨਾਂ ਨੂੰ ਵਾਚੀਏ ਤਾਂ ਸਾਨੂੰ ਪਤਾ ਲਗੇਗਾ ਕਿ ਗੁਰੂ ਸਾਹਿਬਾਨ ਨੇ ਆਪ ਪਹਿਲੇ ਗੁਰੂਆਂ ਦੇ ਹਾਲਾਤ ਲਿਖਵਾਏ ਤੇ ਫੇਰ ਸਿੱਖਾਂ ਗੁਰੂਆਂ ਦੇ ਜੀਵਨ ਕਰਤੱਵ ਅੰਕਤ ਕੀਤੇ ਤਾਂ ਜੋ ਸਿੱਖ ਗੁਰੂਆਂ ਦੇ ਪੂਰਨਿਆਂ 'ਤੇ ਚਲ ਸਕਣ । ਇਸ ਤਰ੍ਹਾਂ ''ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ'' ਵਾਲਾ ਸਿਲਸਿਲਾ ਚਲਦਾ ਰਿਹਾ । ਗੁਰੂ ਅੰਗਦ ਸਾਹਿਬ ਜੀ ਦੇ ਗੁਰੂ ਨਾਨਕ ਸਾਹਿਬ ਦੇ ਜੀਵਨ ਬਿਰਤਾਂਤ ਲਿਖਵਾਣ ਦੀ ਪਰੰਪਰਾ ਸਿੱਖਾਂ ਵਿੱਚ ਹੁਣ ਤੱਕ ਮੌਜੂਦ ਹੈ (ਵਿਸਥਾਰ ਲਈ ਵੇਖੋ ਪਹਿਲੀ ਸਾਖੀ ਜਨਮਸਾਖੀ ਭਾਈ ਬਾਲਾ)। ਗੁਰੂ ਅਮਰਦਾਸ ਜੀ ਦੀ ਤੀਰਥ ਯਾਤਰਾ ਦਾ ਹਾਲ, ਗੁਰੂ ਰਾਮਦਾਸ ਜੀ ਨੇ ਰਾਗ ਤੁਖਾਰੀ ਵਿੱਚ ਅੰਕਤ ਕੀਤਾ ਹੈ:-

ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ।।
ਮਾਰਗਿ ਪੰਥ ਚਲੇ ਗੁਰ ਸਤਿਗੁਰ ਸੰਗਿ ਸਿਖਾ ।।੨ ।।
ਪ੍ਰਿਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ।।
....
ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ।।
ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ ।।
ਤ੍ਰਿਤੀਆ ਆਏ ਸੁਰਸਰੀ ਤਹ ਕਉਤਕ ਚਲਤੁ ਭਇਆ ।।
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ ।। (ਪੰਨਾ ੧੧੧੬)

ਗੁਰੂ ਗੋਬਿੰਦ ਸਿੰਘ ਜੀ ਨੇ ਨਾ-ਕੇਵਲ ਆਪਣਾ ਜੀਵਨ ਬਿਰਤਾਂਤ ਬਚਿਤ੍ਰ ਨਾਟਕ ਵਿੱਚ ਅੰਕਤ ਕੀਤਾ ਹੈ ਸਗੋਂ ਉਨ੍ਹਾਂ ਨੇ ਆਪਣੇ ਪਿਤਾ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਵਰਣਨ ਵੀ ਕੀਤਾ ਹੈ :-

ਤਿਲਕ ਜੰਞੂ ਰਾਖਾ ਪ੍ਰਭ ਤਾਕਾ ।। ਕੀਨੋ ਬਡੋ ਕਲੂ ਮੈ ਸਾਕਾ ।।

ਧਰਮ ਹੇਤ ਸਾਕਾ ਜਿਨ ਕੀਆ ।। ਸੀਸ ਦੀਆ ਪਰ ਸਿਰਰ ਨ ਦੀਆ ।।

ਇਸੇ ਤਰ੍ਹਾਂ ਗੁਰੂ ਸਾਹਿਬਾਂ ਨੇ ਪਹਿਲੇ ਗੁਰੂਆਂ ਦੀਆਂ ਜੀਵਨ ਘਟਨਾਵਾਂ ਲਿਖ ਕੇ ਸਿੱਖਾਂ ਲਈ ਪੂਰਨੇ ਪਾਏ ਹਨ ।

ਭਾਈ ਗੁਰਦਾਸ ਜੀ ਜਿਹੜੇ ਕਿ ਗੁਰੂ ਅਮਰਦਾਸ ਜੀ ਦੇ ਭਤੀਜੇ ਸਨ, ਨੇ ਗੁਰੂ ਨਾਨਕ ਸਾਹਿਬ ਜੀ ਦਾ ਜੀਵਨ ਬਿਰਤਾਂਤ ਅੰਕਤ ਕੀਤਾ ਤੇ ਉਨ੍ਹਾਂ ਦੀਆਂ ਲੀਹਾਂ ਤੇ ਚਲਕੇ ਭਾਈ ਮਨੀ ਸਿੰਘ ਜੀ ਨੇ ਵੀ ਗੁਰੂ ਨਾਨਕ ਸਾਹਿਬ ਦਾ ਜੀਵਨ ਲਿਖਿਆ । ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਦਾ ਬਗ਼ਦਾਦ ਜਾਣ ਦਾ ਕਥਨ ਤੇ ਬੈਠਣ ਦੀ ਥਾਂ ਲਿਖੀ ਹੈ । ਅੱਜ ਕੱਲ ਬਗ਼ਦਾਦ ਵਿੱਚ ਗੁਰੂ ਸਾਹਿਬ ਸੰਬੰਧੀ ਇਕ ਸਿਲਾ ਲੇਖ ਲਭੀ ਹੈ ਜਿਸ ਤੇ ਲਿਖਿਆ ਹੈ ਕਿ ਗੁਰੂ ਸਾਹਿਬ ਇਥੇ ਬੈਠੇ । ਇਹ ਸਿਲਾਲੇਖ ਬਗਦਾਦ ਸ਼ਹਿਰ ਤੋਂ ਬਾਹਰ ਰੇਲਵੇ ਸਟੇਸ਼ਨ ਦੇ ਕੋਲ ਹੈ । ਭਾਈ ਗੁਰਦਾਸ ਜੀ ਵੀ ਲਿਖਦੇ ਹਨ ਕਿ ਗੁਰੂ ਨਾਨਕ ਸਾਹਿਬ ਬਗਦਾਦ ਤੋਂ ਬਾਹਰ ਹੀ ਬੈਠੇ:-

ਫਿਰਿ ਬਾਬਾ ਗਇਆ ਬਗ਼ਦਾਦ ਨੂੰ ਬਾਹਰਿ ਜਾਇ ਕੀਆ ਅਸਥਾਨਾ ।

ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ।

ਗੁਰੂ ਰਾਮਦਾਸ ਜੀ ਦੇ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਦਾ ਵਰਣਨ ਭਾਈ ਗੁਰਦਾਸ ਜੀ ਕਰਦੇ ਹਨ:-

ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ ।।

ਭਾਈ ਗੁਰਦਾਸ ਜੀ ਨੇ ਯਾਰਵੀਂ ਵਾਰ ਵਿੱਚ ਪਹਿਲੇ ਛੇ ਗੁਰੂ ਸਾਹਿਬਾਨ ਦੇ ਸਮੇ ਦੇ ਹੋਏ ਸਿੱਖਾਂ ਦੇ ਨਾਂ ਲਿਖ ਕੇ ਉਨ੍ਹਾਂ ਨੂੰ ਅਮਰ ਕਰ ਦਿੱਤਾ ਹੈ ।

ਗੁਰੂ ਸਾਹਿਬਾਂ ਤੋਂ ਪਿਛੋਂ ਸਿੱਖਾਂ ਦੀਆਂ ਕੁਰਬਾਨੀਆਂ, ਸ਼ਹੀਦੀਆਂ ਘਲੂਘਾਰੇ ਅਸਿਹ ਤੇ ਅਕਹਿ ਕਸ਼ਟ ਅਰਦਾਸ ਵਿਚ ਸ਼ਾਮਲ ਹੋ ਕੇ ਸਾਡੇ ਧਰਮ ਦਾ ਹਿਸਾ ਬਣ ਗਏ ਹਨ । ਸਿੱਖ ਇਤਿਹਾਸ ਅਰਦਾਸ ਦੀ ਵਿਆਖਿਆ ਬਣ ਜਾਂਦਾ ਹੈ, ਜਿਹੜੀ ਅਰਦਾਸ ਸਿੱਖ ਦੇ ਜੀਵਨ ਦਾ ਧੁਰਾ ਤੇ ਧਰਮ ਦਾ ਅੰਗ ਹੈ । ਇਹੀ ਹੀ ਕਾਰਨ ਹੈ ਕਿ ਸਿੱਖ ਸਦਾਚਾਰ ਵਿੱਚ ਤੇ ਸਿੱਖ ਰਹੁਰੀਤੀ ਵਿੱਚ ਸਿੱਖ ਇਤਿਹਾਸ ਨੂੰ ਵਿਸ਼ੇਸ਼ ਥਾਂ ਹਾਸਲ ਹੈ ।

(ਅ) ਸਿੱਖ ਇਤਿਹਾਸ ਦੀਆਂ ਖੋਜ ਸਮਸਿਆਵਾਂ

ਇਤਿਹਾਸ ਭੂਤ-ਕਾਲ ਦੇ ਹਾਲਾਤ ਨੂੰ ਨਿਰੂਪਣ ਕਰਦਾ ਹੈ ਤੇ ਇਸ ਦਾ ਸੰਬੰਧ ਭੂਤ-ਕਾਲ ਨਾਲ ਹੀ ਹੈ। ਪਰ ਕਿਸੇ ਇਤਿਹਾਸਕ ਲਿਖਤ ਵਿਚ ਲਿਖੇ ਜਾਣ ਦੀਆਂ ਪ੍ਰਸਥਿਤੀਆਂ ਮੌਜੂਦ ਹੁੰਦੀਆ ਹਨ। ਜੋ ਇਤਿਹਾਸ ਵਰਤਮਾਨ ਸਮੇਂ ਵਿਚ ਲਿਖਿਆ ਗਿਆ ਹੈ, ਉਸ ਲਿਖਤ

ਵਿਚ ਵਰਤਮਾਨ ਤਕਨੀਕ, ਲਿਖਣ-ਢੰਗ ਤੇ ਲਿਖਣ ਵਾਲੇ ਦਾ ਪਰਭਾਵ ਕੁਦਰਤੀ ਹੈ। ਸੋ, ਇਸ ਤਰ੍ਹਾਂ ਇਤਿਹਾਸ ਕੇਵਲ ਭੂਤ-ਕਾਲ ਦੀ ਗੱਲ ਨਹੀਂ ਕਰਦਾ, ਸਗੋਂ ਇਹ ਵਰਤਮਾਨ ਤੇ ਭੂਤ ਵਿਚ ਇਕ ਸੰਬੰਧ ਪੈਦਾ ਕਰਦਾ ਹੈ, ਇਹ ਵਾਰਤਾਲਾਪ ਹਰ ਸਦੀ ਤੇ ਹਰ ਨਵੀਂ ਪੀੜ੍ਹੀ ਦੇ ਸਮੇਂ ਨਿਰੰਤਰ ਚਲਦਾ ਰਹਿੰਦਾ ਹੈ।

ਇਹ ਸੰਬੰਧ ਹੀ ਕਿਸੇ ਕੋਮ ਜਾਂ ਜਥੇਬੰਦੀ ਦੇ ਆਦਰਸ਼ਾਂ ਨੂੰ ਉਲੀਕਣ ਵਿਚ ਸਹਾਈ ਹੁੰਦਾ ਹੈ। ਇਸ ਤਰ੍ਹਾਂ ਇਤਿਹਾਸ ਕੇਵਲ ਭੂਤ-ਕਾਲ ਅਤੇ ਵਰਤਮਾਨ ਸਮੇਂ ਸਗੋਂ ਭਵਿੱਖ ਦੇ ਸਮੇਂ ਲਈ ਵੀ ਪ੍ਰਭਾਵਸ਼ਾਲੀ ਹੈ। ਇਤਿਹਾਸ ਕੌਮਾਂ ਦੀ ਅਗਵਾਈ ਕਰਦਾ ਹੈ। ਇਸ ਤਰ੍ਹਾਂ ਉਹ ਕੌਮਾਂ ਦਾ ਭਵਿੱਖ ਘੜਨ ਵਿਚ ਸਹਾਈ ਹੁੰਦਾ ਹੈ। ਮਿਸਾਲ ਦੇ ਤੋਰ 'ਤੇ ਜਦੋਂ ਅਸੀਂ ਸਿੱਖ ਗੁਰੂਆਂ ਦੇ ਆਦਰਸ਼ਾਂ, ਬੀਤੇ ਸਮੇਂ ਵਿਚ ਰਾਜਸੀ ਨੇਤਾਵਾਂ ਦੇ ਆਦਰਸ਼ਾਂ ਦੇ ਅਧਿਐਨ ਕਰਦੇ ਹਾਂ ਤਾਂ ਅਸੀਂ ਸੁਤੇ-ਸਿੱਧ ਹੀ ਉਹ ਆਪਣਾ ਆਦਰਸ਼ ਅਪਣਾਅ ਲੈਂਦੇ ਹਾਂ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਰਾਜਸੀ ਆਦਰਸ਼, ਨਵਾਬ ਕਪੂਰ ਸਿੰਘ ਦੇ ਸਿੱਖ ਚਿੰਤਨ, ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੇ ਪਸਾਰੇ ਦੇ ਮਨੋਰਥ ਅਸਿੱਧੇ ਤੋਰ 'ਤੇ ਸਾਡੇ ਧਾਰਮਿਕ ਚਿੰਤਨ ਤੇ ਰਾਜਸੀ ਵਿਚਾਰਧਾਰਾ ' ਤੇ ਪਰਭਾਵ ਪਾਉਂਦੇ ਹਨ।

ਵਿਗਿਆਨਕ ਇਤਿਹਾਸ ਵਿਚ ਤਿੰਨ ਗੱਲਾਂ ਦਾ ਹੋਣਾ ਅਵੱਸ਼ਕ ਹੈ.-

੧. ਸਮਿੱਗਰੀ ਦੀ ਭਾਲ- ਜਿਸ ਸਮੇਂ 'ਤੇ ਜਾਂ ਵਿਅਕਤੀ ' ਤੇ ਖੋਜ ਕਰਨਾ ਹੋਵੇ ਉਸ ਸੰਬੰਧੀ ਸਭ ਪਰਕਾਰ ਦੀਆਂ ਲਿਖਤਾਂ ਦੀ ਭਾਲ ਕਰਕੇ ਉਹਨਾਂ ਨੂੰ ਇਕੱਠਾ ਕਰਨਾ ਚਾਹੀਦਾ ਹੈ। ਮਿਸਾਲ ਦੇ ਤੋਰ 'ਤੇ ਜੇਕਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ'ਤੇ ਲਿਖਣਾ ਹੋਵੇ ਤਾਂ ਉਸ ਸਮੇਂ ਦੇ ਗੁਰਮੁਖੀ, ਅੰਗਰੇਜ਼ੀ, ਫ਼ਾਰਸੀ, ਮਰਾਠੀ, ਪੁਰਾਤਨ ਰਾਜਸਥਾਨੀ (ਡਿੰਗਲ) ਵਿਚ ਰਾਜਪੂਤਾਂ ਦੀਆਂ ਰਿਆਸਤਾਂ ਦੇ ਪੁਰਾਣੇ ਰੀਕਾਰਡ ਤੇ ਕਈ ਥਾਵਾਂ ਤੇ ਫਰਾਂਸੀਸੀ ਜਰਨੈਲਾਂ ਦੇ ਸਿੱਖਾਂ ਬਾਰੇ ਹਾਲਾਤ ਆਦਿਕ ਵਾਚਣ ਦੀ ਲੋੜ ਹੈ। ਬਾਬਾ ਆਲਾ ਸਿੰਘ ਤੇ ਕੰਮ ਕਰਦਿਆਂ ਮੈਨੂੰ ਭਾਰਤ ਇਤਿਹਾਸ ਸਮਸ਼ੋਦਨ ਮੰਡਲ, ਪੂਨਾ ਦੇ ਮਰਾਠੀ ਪੱਤਰਾਂ ਵਿਚੋਂ ਬਹੁਤ ਮਸਾਲਾ ਮਿਲਿਆ। ਇਸੇ ਤਰ੍ਹਾਂ ਪੰਜਾਬ ਦੇ ਬਟਵਾਰੇ ਸਬੰਧੀ ਮਸਾਲਾ ਇਕੱਤਰ ਕਰਨ ਲਈ ਲੇਖਕ ਨੂੰ ਦੋ ਵਾਰੀ ਇੰਗਲੈਂਡ ਜਾਣਾ ਪਿਆ ਤੇ ਇੰਗਲੈਂਡ ਵਿਚ ਕਈ ਲਾਇਬਰੇਰੀਆਂ ਵਿਚੋਂ ਸਮੱਗਰੀ ਇਕੱਤਰ ਕਰਨੀ ਪਈ। ਇਥੇ ਇਤਿਹਾਸਕਾਰ ਵਿਗਿਆਨਕ ਢੰਗ ਨਾਲ ਇਕ ਵਿਗਿਆਨਕ ਖੋਜਕਾਰ ਵਾਂਗੂੰ ਮਸਾਲਾ ਇਕੱਤਰ ਕਰਦਾ ਹੈ। ਠੀਕ ਤੇ ਜੁੜਵੀਂ ਬਹੁ-ਪਰਕਾਰੀ ਸਮਿੱਗਰੀ ਇਕੱਠਾ ਕਰ ਸਕਣਾ ਹੀ ਕਿਸੇ ਖੋਜਕਾਰ ਦੀ ਕਾਮਯਾਬੀ ਦਾ ਭੇਤ ਹੈ।

੨. ਸਮਿੱਗਰੀ ਦੀ ਵਿਆਖਿਆ–ਦੂਸਰਾ ਮਹੱਤਵ-ਪੂਰਨ ਕੰਮ ਜੋ ਖੋਜਕਾਰ ਨੂੰ ਕਰਨਾ ਚਾਹੀਦਾ ਹੈ ਉਹ ਹੈ ਇਕੱਠੀ ਕੀਤੀ ਸਮੱਗਰੀ ਦੀ ਵਿਆਖਿਆ। ਇਕੱਤਰ ਕੀਤੀ

ਖੋਜ ਸਮਿੱਗਰੀ ਵਿਚ ਕੋਈ ਸਿਧਾਂਤ ਜਾਂ ਅਸੂਲ ਲੱਭ ਕੇ ਉਸ ਖੋਜ ਸਮਿੱਗਰੀ ਨੂੰ ਜੋੜਨਾਂ ਜਾਂ ਲੜੀਵਾਰ ਪਰੋਣਾ ਇਕ ਜ਼ਰੂਰੀ ਕੰਮ ਹੈ। ਇਸ ਤਰ੍ਹਾਂ ਇਕੱਠੀ ਕੀਤੀ ਖੋਜ ਸਮਿੱਗਰੀ ਵਿਚੋਂ ਕਈ ਪਰਕਾਰ ਦੇ ਸੂਤ੍ਰੀਕਰਨ ਬਣ ਸਕਦੇ ਹਨ। ਮਿਸਾਲ ਦੇ ਤੌਰ' ਤੇ ਮੈਂ ਪੰਜਾਬ ਦੇ ਬਟਵਾਰੇ ਦੇ ਚਾਰ ਪੱਖਾਂ ਵਿਚ ਸਾਰੀ ਖੋਜ-ਸਮਿੱਗਰੀ ਨੂੰ ਸੂਤਰੀਕਰਨ ਕੀਤਾ ਹੈ।

ਇਹ ਚਾਰ ਪੱਖ ਇਹ ਹਨ :-

(ੳ) ਬਟਵਾਰੇ ਦੇ ਖਿਆਲ ਦੀ ਉਤਪਤੀ ਤੇ ਵਿਕਾਸ,

(ਅ) ਬਟਵਾਰਾ ਯੋਜਨਾ ਦੀ ਸਿਰਜਨਾ,

(ੲ) ਬਟਵਾਰਾ ਯੋਜਨਾ ਦਾ ਲਾਗੂ ਕਰਨਾ,

(ਸ) ਬਟਵਾਰੇ ਦੇ ਫੌਰੀ ਅਸਰ,

ਜੇਕਰ ਖੋਜ-ਸਮੱਗਰੀ ਕਿਸੇ ਇਤਿਹਾਸਕ ਜੀਵਨੀ ਬਾਰੇ ਹੈ ਤਾਂ ਉਸ ਦਾ ਸੂਤਰੀਕਰਨ ਇਸ ਤਰ੍ਹਾਂ ਹੋ ਸਕਦਾ ਹੈ-ਵਿਰਸਾ, ਮੁੱਢਲਾ-ਜੀਵਨ, ਜੀਵਨ ਪ੍ਰਾਪਤੀਆਂ, ਜੀਵਨ ਦੇ ਅੰਤ।

੩. ਪੇਸ਼ਕਾਰੀ–ਇਤਿਹਾਸਕ ਖੋਜ਼ਕਾਰਾਂ ਦਾ ਆਖਰੀ ਪੜਾਅ ਆਪਣੀ ਖੋਜ ਦੇ ਸਿੱਟਿਆਂ ਨੂੰ ਵਿਗਿਆਨਕ ਢੰਗ ਨਾਲ ਸੁਚੱਜੀ ਬੋਲੀ ਵਿਚ ਪੇਸ਼ ਕਰਨਾ ਹੈ। ਕਈ ਵਾਰੀ ਇਹ ਪੇਸ਼ਕਾਰੀ ਇਕ ਬਿਰਤਾਂਤ ਦਾ ਰੂਪ ਧਾਰਦੀ ਹੈ ਤੇ ਕਈ ਵਾਰੀ ਵਰਣਨ ਦਾ ਤੇ ਕਈ ਵਾਰੀ ਵਿਆਖਿਆ ਦਾ। ਇਸ ਪੇਸ਼ਕਾਰੀ ਵਿਚ ਖੋਜਕਾਰ ਆਪਣੇ ਸਿੱਟੇ ਕੱਢਦਾ ਹੈ, ਆਪਣੇ ਮੱਤ ਦੀ ਵਿਆਖਿਆ ਕਰਦਾ ਹੈ ਤੇ ਨਵਾਂ ਰੂਪ ਦਿੰਦਾ ਹੈ। ਇਤਿਹਾਸਕ ਜੀਵਨੀ ਹੋਵੇ ਜਾਂ ਕਿਸੇ ਲਹਿਰ ਦਾ ਇਤਿਹਾਸ ਜਾਂ ਕਿਸੇ ਇਤਿਹਾਸਕ ਘਟਨਾ ਦੀ ਵਿਆਖਿਆ, ਖੋਜਕਾਰ ਇਸ ਨੂੰ ਪੂਰਨ ਰੂਪ ਵਿਚ ਪੇਸ਼ ਕਰਦਾ ਹੈ ਤੇ ਆਪਣੀ ਖੋਜਕਾਰੀ ਜਾਂ ਸਿੱਧਾਂਤ ਲਈ ਲੱਭੀ ਸਮੱਗਰੀ ਦੀ ਵਿਆਖਿਆ ਜਾਂ ਇਤਿਹਾਸਕ ਮਹਾਨਤਾ ਦਰਸਾਉਂਦਾ ਹੈ।

ਸਿੱਖ ਇਤਿਹਾਸ ਦੀਆਂ ਖੋਜ ਸਮੱਸਿਆਵਾਂ ਦਾ ਨਰੀਖਣ ਕਰਨ ਲਈ ਅਸੀਂ ਸਮੁੱਚੇ ਇਤਿਹਾਸ ਨੂੰ ਨਿਮਨ-ਲਿਖਤ ਪੜਾਵਾਂ ਵਿਚ ਵੰਡ ਸਕਦੇ ਹਾਂ। ਹਰ ਪੜਾਅ ਦੀਆਂ ਅੱਡ-ਅੱਡ ਸਮਸਿਆਵਾਂ ਹਨ ਤੇ ਵੱਖ-ਵੱਖ ਹੀ ਉਨ੍ਹਾਂ ਬਾਰੇ ਵਿਚਾਰ ਲੋੜੀਂਦੀ ਹੈ-

੧. ਗੁਰੂ ਕਾਲ ੧੪੬੯ ਈ. ਤੋਂ ੧੭੦੮ ਈ. ਤੱਕ,

੨. ਅਠਾਰਵੀਂ ਸਦੀ ਦਾ ਸਿੱਖ ਇਤਿਹਾਸ ਜਿਸ ਵਿਚ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਮਿਸਲ-ਕਾਲ ਤੱਕ ਸ਼ਾਮਲ ਹੈ।

੩. ਮਹਾਰਾਜਾ ਰਣਜੀਤ ਸਿੰਘ ਤੇ ਉਸ ਤੋਂ ਪਿਛੋਂ ਦਾ ਸਮਾਂ ੧੭੯੯ ਈ. ਤੋਂ ੧੮੪੯ ਈ. ਤੱਕ।

੪. ਸਿੱਖ ਇਤਿਹਾਸ ਦਾ ਅੰਗਰੇਜ਼ੀ ਕਾਲ–੧੮੪੯ ਈਸਵੀ ਤੋਂ ਲੈ ਕੇ ੧੯੪੭ ਤੱਕ।

੫. ਆਜ਼ਾਦ ਭਾਰਤ ਦਾ ਸਿੱਖ ਇਤਿਹਾਸ ।

੧. ਗੁਰੂ ਕਾਲ ਵਿਚ ਇਤਿਹਾਸ ਦੀਆਂ ਖੋਜ ਸਮਸਿਆਵਾਂ

ਗੁਰੂ ਕਾਲ ਦੇ ਇਤਿਹਾਸ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਕਈ ਲਿਖਾਰੀ ਗੁਰੂ ਨਾਨਕ ਮੱਤ ਜਾਂ ਸਿੱਖ ਮੱਤ ਦੀ ਵੱਖਰੀ ਵਿਅਕਤਿਵ ਨੂੰ ਨਹੀਂ ਪਛਾਨਦੇ। ਸਿੱਖ ਲਹਿਰ ਨੂੰ ਹਿੰਦੂ ਮਤ ਦਾ ਭਾਗ ਤੇ ਭਗਤੀ ਮੱਤ ਦਾ ਅਟੁੱਟਵਾਂ ਅੰਗ ਸਮਝਦੇ ਹਨ ਹਾਲਾਂ ਕਿ ਇਹ ਗੱਲ ਠੀਕ ਨਹੀਂ ਹੈ। ਭਗਤੀ ਮਤ ਦੇ ਬਾਨੀ ਰਾਮਾਨੁਜ ਦਾ ਸਿਧਾਂਤ ਸੀ ਕਿ ਸ਼ੂਦਰ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਵੱਧ ਤੋਂ ਵੱਧ ਉਹ ਇਸ ਜਨਮ ਵਿਚ ਚੰਗੇ ਕੰਮ ਕਰਕੇ ਉਪਰਲੀਆਂ ਤਿਨ੍ਹਾਂ ਜਾਤਾਂ ਵਿਚ ਜਨਮ ਲੈ ਕੇ ਫੇਰ ਮੁਕਤੀ ਦਾ ਭਾਗੀ ਬਣ ਸਕਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਆਵਾ-ਗਮਨ ਤੋਂ ਮੁਕਤੀ ਕੇਵਲ ਬ੍ਰਾਹਮਨ, ਖੱਤਰੀ ਤੇ ਵੈਸ਼ ਨੂੰ ਹੀ ਪ੍ਰਾਪਤ ਹੋ ਸਕਦੀ ਹੈ, ਸ਼ੂਦਰ ਨੂੰ ਨਹੀਂ। ਗੁਰੂ ਨਾਨਕ ਸਾਹਿਬ ਨੇ ਇਸ ਗੱਲ ਦਾ ਖੰਡਨ ਕੀਤਾ ਹੈ ਤੇ ਕਿਹਾ ਹੈ-

''ਫਕੜ ਜਾਤੀ ਫਕੜੁ ਨਾਉ''

ਗੁਰੂ ਨਾਨਕ ਸਾਹਿਬ ਨੇ ਸਭ ਤੋਂ ''ਨੀਂਵੀ ਜਾਤ ਵਾਲੇ ਨੂੰ 'ਨਦਰਿ ਦੇਰੀ ਬਖਸ਼ੀਸ ਕਹਿ ਕੇ ਨਿਵਾਜਿਆ ਹੈ :-

ਨੀਚਾ ਅੰਦਰ ਨੀਚ ਜਾਤਿ , ਨੀਚੀ ਹੂ ਅਤਿ ਨੀਚੁ ।।
ਨਾਨਕੁ ਤਿੰਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ।।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ।। (ਪੰਨਾ ੧੫)

ਭਗਤੀ ਲਹਿਰ ਦਾ ਇਕ ਮੂਲ ਸਿਧਾਂਤ ਅਵਤਾਰਵਾਦ ਹੈ। ਗੁਰੂ ਸਾਹਿਬ ਨੇ ਉਸ ਦਾ ਖੰਡਨ ਕੀਤਾ ਹੈ ਤੇ ਅਕਾਲ ਪੁਰਖ ਨੂੰ 'ਅਜੂਨੀ ਸੈਭੰ' ਕਿਹਾ ਹੈ। ਗੁਰੂ ਸਾਹਿਬ ਨੇ 'ਗੁਰੂ' ਦੀ ਵਿਸ਼ੇਸ਼ਤਾ ਤੇ 'ਸੰਗਤ' ਦੀ ਪ੍ਰਧਾਨਤਾ 'ਤੇ ਜ਼ੋਰ ਦਿੱਤਾ ਹੈ। ਕਈ ਭੁੱਲੜ ਲਿਖਾਰੀਆਂ ਨੇ ਗੁਰੂ ਨਾਨਕ ਸਾਹਿਬ ਦਾ ਗੁਰੂ ਲਭਣ ਦਾ ਯਤਨ ਕੀਤਾ ਹੈ। ਪਰ ਉਹ ਗੁਰੂ ਨਾਨਕ ਸਾਹਿਬ ਦੇ ਆਪਣੇ ਸ਼ਬਦ ਭੁਲ ਗਏ ਹਨ—

ਅਪਰੰਪਰ ਪਾਰਬ੍ਰਹਮੁ ਪਰਮੇਸਰੁ,
ਨਾਨਕ ਗੁਰੁ ਮਿਲਿਆ ਸੋਈ ਜੀਉ ।। (ਪੰਨਾ ੫੯੯)

(ੳ) ਸਾਖੀਆਂ ਦਾ ਇਤਿਹਾਸਕ ਵਿਸ਼ੇਸ਼ਤਾ

ਡਬਲਯੂ. ਐਚ. ਮੈਕਲੋਡ ਮੈਨੂੰ ਪਹਿਲੀ ਵਾਰੀ ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ ਖਾਲਸਾ ਕਾਲਜ, ਅੰਮ੍ਰਿਤਸਰ ਵਿੱਚ ਮਿਲੇ। ਫੇਰ ੧੯੬੪ ਵਿੱਚ ਮੈਨੂੰ ਇੰਗਲੈਂਡ ਮਿਲੇ ਜਦੋਂ ਇਹ ਲੰਡਨ ਯੂਨੀਵਰਸਿਟੀ ਵਿੱਚ ਪੀ. ਐਚ. ਡੀ. ਕਰ ਰਹੇ ਸਨ। ਹਰ ਵਾਰੀ ਸਿੱਖ ਇਤਿਹਾਸ ਸੰਬੰਧੀ ਇਨ੍ਹਾਂ ਨਾਲ ਖੁਲ੍ਹੀਆਂ ਵਿਚਾਰਾਂ ਹੁੰਦੀਆਂ ਰਹੀਆਂ। ਸਿੱਖ ਸਕਾਲਰ ਜੋ ਉਨ੍ਹਾਂ ਨੂੰ ਸਹਿਯੋਗ ਦੇਂਦੇ ਰਹੇ ਉਸ ਸਮਝਦੇ ਸਨ ਕਿ ਇਕ ਬਦੇਸ਼ੀ ਸਾਡੇ ਇਤਿਹਾਸ ਦਾ ਅਧਿਐਨ ਕਰ ਰਿਹਾ ਹੈ

ਉਸ ਦੀ ਇਮਦਾਦ ਕਰਨਾ ਸਾਰਿਆਂ ਦਾ ਫਰਜ਼ ਹੈ। ਪਰ ਜਦੋਂ ਉਨ੍ਹਾਂ ਦੀ ਖੋਜ ੧੯੬੮ ਵਿੱਚ ਛਪੀ ਤਾਂ ਸਾਰੇ ਹੈਰਾਨ ਹੋ ਗਏ ਉਸ ਨੇ "ਗੁਰੂ ਨਾਨਕ ਐਂਡ ਦੀ ਸਿੱਖ ਰੀਲੀਜ਼ਨ" ਵਿੱਚ ਜਨਮ ਸਾਖੀਆਂ ਨੂੰ ਅਵਿਸ਼ਵਾਸ ਯੋਗ ਦੱਸਿਆ ਹੈ ਤੇ ਗੱਲ ਇਹ ਬਣਾਈ ਹੈ ਕਿ ਜਨਮ ਸਾਖੀਆਂ ਗੁਰੂ ਨਾਨਕ ਸਾਹਿਬ ਦੇ ਇਤਿਹਾਸਕ ਜੀਵਨ ਦਾ ਰੀਕਾਰਡ ਨਹੀਂ ਦੱਸਦੀਆਂ। ਇਥੇ ਮੈਕਲੋਡ ਸਾਹਿਬ ਵੱਡਾ ਟਪਲਾ ਖਾ ਗਏ। ਪੈਗੰਬਰਾਂ, ਅਵਤਾਰਾਂ ਦੇ ਰੋਜ਼ਨਾਮਚੇ ਨਹੀਂ ਲਿਖੇ ਜਾਂਦੇ, ਜਿਵੇਂ ਰਾਜਿਆਂ, ਮਹਾਰਾਜਿਆਂ ਦੇ ਹੋਇਆ ਕਰਦੇ ਸਨ। ਮਹਾਂਪੁਰਸ਼ਾਂ ਦੀਆਂ ਰਵਾਇਤਾਂ ਹੀ ਉਨ੍ਹਾਂ ਦਾ ਇਤਿਹਾਸ ਹੈ। ਸਿੱਖ ਇਤਿਹਾਸ ਦੀ ਖੋਜ ਬਾਰੇ ਜਾਨ ਮੈਲਕਮ ਤੇ ਮੈਕਲੋਡ ਤੋਂ ਡੇਢ ਸੌ ਸਾਲ ਪਹਿਲਾਂ ਇਕ ਮੂਲਕ ਸਿਧਾਂਤ ਦੱਸਿਆ ਸੀ, ਜੋ ਹਰ ਵਿਦੇਸ਼ੀ ਖੋਜਕਾਰ ਦਾ ਪੱਥ-ਪਰਦਰਸ਼ਨ ਹੋ ਸਕਦਾ ਸੀ ਪਰ ਮੈਕਲੋਡ ਸਾਹਿਬ ਨੇ ਉਸ ਵੱਲ ਧਿਆਨ ਨਹੀਂ ਦਿੱਤਾ ਉਹ ਇਹ ਸੀ–

In every research into general history of mankind it is of most essential importance to hear what a nation has to say of itself and knowledge obtained from such sources has a value independent of its historical utility (Sketch of Sikhs).

ਮਨੁੱਖ ਦੇ ਆਮ ਇਤਿਹਾਸ ਦੀ ਹਰ ਖੋਜ ਵਿੱਚ ਇਹ ਅਤਿਅੰਤ ਜ਼ਰੂਰੀ ਹੈ ਕਿ ਵੇਖਿਆ ਜਾਏ ਕਿ ਕੋਈ ਕੌਮ ਆਪਣੇ ਬਾਰੇ ਕੀ ਕਹਿੰਦੀ ਹੈ ਅਤੇ ਇਨ੍ਹਾਂ ਸੋਮਿਆਂ ਤੋਂ ਪ੍ਰਾਪਤ ਕੀਤੀ ਜਾਣਕਾਰੀ ਦੀ ਕਦਰ ਕੀਮਤ ਉਸ ਦੀ ਇਤਿਹਾਸਕ ਉਪਯੋਗਤਾ ਤੋਂ ਉਚੇਰੀ ਹੈ।

ਮੈਂ ਮੈਕਲੋਡ ਦੀ ਕਿਤਾਬ ਦਾ ਰੀਵੀਊ ਲਿਖਿਆ। ਇਹ ਰੀਵੀਊ ਸਿੱਖ ਰਿਵੀਊ ਕਲਕੱਤਾ ਦੇ ਗੁਰੂ ਨਾਨਕ ਪੰਜ ਸੌ ਸ਼ਤਾਬਦੀ ਨੰਬਰ ਵਿੱਚ ਛਪਿਆ। ਪਿਛਲੇ ਸਾਲ ਇੰਨਸਟੀਚਿਊਟ ਆਫ ਸਿੱਖ ਸਟੱਡੀਜ਼ ਚੰਡੀਗੜ੍ਹ ਨੇ ਇਸ ਨੂੰ ਦੁਬਾਰਾ ਛਪਵਾ ਕੇ ਯੂ. ਐਸ. ਏ. ਵਿੱਚ ਵੰਡਿਆ ਹੈ।

ਜਨਮ ਸਾਖੀਆਂ ਮਿਥਿਹਾਸਕ ਕਹਾਣੀਆਂ ਦਾ ਸੰਗ੍ਰਹਿ ਨਹੀਂ ਜਿਵੇਂ ਕਿ ਮੈਕਲੋਡ ਸਾਹਿਬ ਨੇ ਲਿਖਿਆ ਹੈ ਸਗੋਂ ਜਨਮ ਸਾਖੀਆਂ ਗੁਰੂ ਨਾਨਕ ਸੰਬੰਧੀ ਰਵਾਇਤਾਂ ਦਾ ਲਿਖਤੀ ਰੂਪ ਹਨ। ਲਿਖਤੀ ਰੂਪ ਧਾਰਨ ਤੋਂ ਪਹਿਲਾਂ ਗੁਰੂ ਸਾਹਿਬ ਸੰਬੰਧੀ ਰਵਾਇਤਾਂ ਦਾ ਆਰੰਭ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਹੋਇਆ ਜਾਪਦਾ ਹੈ। ਮਹਾਂਪੁਰਖਾਂ ਦੀਆਂ ਰਵਾਇਤਾਂ ਦੇ ਆਰੰਭ ਬਾਰੇ ਐਲਫਰੈਡ ਲਾਇਲ ਨੇ ਲਿਖਿਆ ਹੈ ਕਿ ਜਦੋਂ ਕੋਈ ਮਹਾਂਪੁਰਖ ਅਦਭੁਤ ਕੰਮ ਕਰਦਾ ਹੈ ਤਾਂ ਉਸ ਸੰਬੰਧੀ ਰਵਾਇਤਾਂ ਲੋਕਾਂ ਵਿੱਚ ਪ੍ਰਚੱਲਤ ਹੋ ਜਾਂਦੀਆਂ ਹਨ। ਉਸਦੇ ਸਮਕਾਲੀ ਹੈਰਾਨੀ ਦੇ ਵਾਹ-ਵਾਹ ਦੇ ਵਾਯੂ ਮੰਡਲ ਵਿੱਚ ਇਨ੍ਹਾਂ ਰਵਾਇਤਾਂ ਨੂੰ ਅਸਚਰਜਤਾ ਅਤੇ ਕਰਾਮਾਤਾਂ ਦੇ ਰੂਪ ਵਿੱਚ ਵੇਖਦੇ ਹਨ। ਇਹ ਅਸਪਸ਼ਟ, ਅਸਚਰਜ ਅਤੇ ਕਰਾਮਾਤੀ ਵਾਤਾਵਰਮ ਹਰ ਕੌਮ ਤੇ ਹਰ ਧਰਮ ਦੇ ਇਤਿਹਾਸ ਦਾ ਮੁੱਢਲਾ ਪੜਾਅ ਹੁੰਦਾ ਹੈ ਅਤੇ ਪ੍ਰਮਾਣੀਕ ਇਤਿਹਾਸ

ਮਿਥਿਹਾਸਕ ਕਹਾਣੀਆਂ ਤੇ ਅਥਾਹ ਸਮੁੰਦਰਾਂ ਵਿਚੋਂ ਹੌਲੀ-ਹੌਲੀ ਖੁਸ਼ਕ ਧਰਤੀ ਦੇ ਮਹਾਂ ਟਾਪੂ ਵਾਂਗ ਨਿਕਲਦਾ ਹੈ। ਇਸੇ ਕਰਕੇ ਪ੍ਰਸਿੱਧ ਇਤਿਹਾਸਕਾਰ ਟਾਇਨਬੀ ਨੇ 'ਹਿਸਟੋਰੀਅਨਜ਼ ਐਪਰੋਚ ਟੂ ਰੀਲੀਜ਼ਨ' ਵਿੱਚ ਲਿਖਿਆ ਹੈ ਕਿ ਇਤਿਹਾਸਕ ਦ੍ਰਿਸ਼ਟੀ-ਕੋਣ ਮਨੁੱਖ ਜਾਤੀ ਦੀ ਸੱਜਰੀ ਪ੍ਰਾਪਤੀ ਹੈ। ਇਸ ਤਰ੍ਹਾਂ ਜਨਮ-ਸਾਖੀਆਂ, ਸਿੱਖ ਇਤਿਹਾਸਕਾਰੀ ਦਾ ਮੁੱਢਲਾ ਪੜਾਅ ਦਰਸਾਂਦੀਆਂ ਹਨ।

ਜਨਮ ਸਾਖੀਆਂ ਵਿਸ਼ੇਸ਼ ਕਰਕੇ ਚਾਰ ਹਨ:-

ਪੁਰਾਤਨ ਜਨਮ ਸਾਖੀ, ਮਿਹਰਬਾਨ ਵਾਲੀ ਜਨਮ ਸਾਖੀ, ਭਾਈ ਬਾਲੇ ਵਾਲੀ ਜਨਮ ਸਾਖੀ ਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ। ਇਨ੍ਹਾਂ ਜਨਮ ਸਾਖੀਆਂ ਵਿੱਚ ਕੀ-ਕੀ ਇਤਿਹਾਸਕ ਤੱਤ ਹਨ ਤੇ ਕਿਸ ਤਰ੍ਹਾਂ ਇਹ ਗੁਰੂ ਨਾਨਕ ਸਾਹਿਬ ਦੇ ਜੀਵਨ ਉਸਾਰੀ ਵਿੱਚ ਕੰਮ ਆਉਂਦੀਆਂ ਹਨ। ਇਸ ਦਾ ਵਿਸਥਾਰ ਮੇਰੀ ਪੁਸਤਕ "ਜਨਮ ਸਾਖੀ ਪਰੰਪਰਾ" ਵਿੱਚ ਦਿੱਤਾ ਹੈ। ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ੧੯੬੯ ਵਿੱਚ ਪ੍ਰਕਾਸ਼ਤ ਕੀਤੀ ਗਈ ਸੀ ਤੇ ਇਸ ਦੀ ਦੂਜੀ ਐਡੀਸ਼ਨ ਵੀ ਉਨ੍ਹਾਂ ਹੀ ਛਾਪੀ ਹੈ।

ਗੁਰੂ ਨਾਨਕ ਸਾਹਿਬ ਜੀ ਦੀਆਂ ਉਦਾਸੀਆਂ ਬਾਰੇ ਮੈਕਲੋਡ ਸਾਹਿਬ ਨੇ ਅਜੀਬ ਹੀ ਨਤੀਜੇ ਕੱਢੇ ਹਨ। ਉਨ੍ਹਾਂ ਦੀ ਗਲਤ ਧਾਰਨਾ ਅਨੁਸਾਰ ਗੁਰੂ ਨਾਨਕ ਸਾਹਿਬ ਪੰਜਾਬੋਂ ਬਾਹਰ ਗਏ ਹੀ ਨਹੀਂ, ਜੋ ਕਿ ਬਿਲਕੁਲ ਗਲਤ ਹੈ। ਭਾਈ ਗੁਰਦਾਸ ਜੀ ਦੀ ਗਵਾਹੀ; ਗੁਰੂ ਸਾਹਿਬ ਦੀ ਤਿੱਬਤ, ਲੰਕਾ, ਬਗ਼ਦਾਦ ਆਦਿ ਥਾਵਾਂ 'ਤੇ ਮਿਲਦੀਆਂ ਰਵਾਇਤਾਂ ਤੇ ਯਾਦ ਚਿੰਨ੍ਹ ਉਹਨਾਂ ਦੇ ਮਹਾਨ ਸਫਰਾਂ ਦਾ ਸੰਕੇਤ ਕਰਦੇ ਹਨ। ਅਸਲ ਵਿੱਚ ਗੁਰੂ ਨਾਨਕ ਸਾਹਿਬ ਜੀ ਦੀਆਂ ਉਦਾਸੀਆਂ ਨੂੰ ਠੀਕ ਢੰਗ ਨਾਲ ਸਮਝਣ ਵਾਸਤੇ ਨਿਮਨ ਲਿਖਤ ਤਿੰਨ ਗੱਲਾਂ ਦਾ ਅਧਿਐਨ ਜ਼ਰੂਰੀ ਹੈ:-

੧. ਗੁਰੂ ਨਾਨਕ ਸੰਬੰਧੀ ਰਵਾਇਤਾਂ ਦਾ ਲਿਖਤੀ ਰੂਪ, ਭਾਵ ਜਨਮ ਸਾਖੀਆਂ ਤੇ ਵਾਰਾਂ ਭਾਈ ਗੁਰਦਾਸ।

੨. ਗੁਰੂ ਨਾਨਕ ਸਾਹਿਬ ਦੀ ਯਾਦ ਵਿੱਚ ਬਣਾਏ ਪੁਰਾਤਨ ਗੁਰਦੁਆਰੇ।

੩. ਗੁਰੂ ਸਾਹਿਬ ਦੇ ਸਮੇਂ ਦੀਆਂ ਯਾਤਰਾਵਾਂ ਜਾਂ ਤਜ਼ਾਰਤ ਦੇ ਰਸਤੇ।

ਜਨਮ ਸਾਖੀ ਪਰੰਪਰਾ ਵਿੱਚ ਇਨ੍ਹਾਂ ਤੇ ਵਿਚਾਰ ਕੀਤੀ ਗਈ ਹੈ ਤੇ ਗੁਰੂ ਸਾਹਿਬ ਜੀ ਦੀਆਂ ਉਦਾਸੀਆਂ ਦੀ ਐਟਲਸ ਜੋ ਮੇਰੀ ਤੇ ਡਾਕਟਰ ਫੌਜਾ ਸਿੰਘ ਦੀ ਬਣਾਈ ਹੈ ਤੇ ਪੰਜਾਬੀ ਯੂਨੀਵਰਸਿਟੀ ਨੇ ਛਾਪੀ, ਵਿਚ ਇਹਨਾਂ ਗੱਲਾਂ ਦੇ ਆਧਾਰ 'ਤੇ ਗੁਰੂ ਸਾਹਿਬ ਦੀਆਂ ਉਦਾਸੀਆਂ ਨੂੰ ਉਲੀਕਿਆ ਹੈ।

ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ "ਤੁਜ਼ਕ-ਇ-ਜਹਾਂਗੀਰੀ" ਤੇ "ਮੁਅਜੱਦ ਅਲਫਸਾਨੀ ਦੇ ਮਕਤੂਬਾਤ" ਦੇ ਹਵਾਲੇ ਸਿੱਧ ਕਰਦੇ ਹਨ

ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਵਿਸ਼ੇਸ਼ ਕਾਰਨ ਜਹਾਂਗੀਰ ਬਾਦਸ਼ਾਹ ਆਪ ਸੀ। ਪਰ ਸਾਡੀਆਂ ਰਵਾਇਤਾਂ ਬਾਦਸ਼ਾਹ ਦੇ ਪ੍ਰਮੁੱਖ ਅਹਿਲਕਾਰ ਚੰਦੂਸ਼ਾਹ ਨੂੰ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦਾ ਜ਼ੁਮੇਵਾਰ ਸਮਝੀਆਂ ਹਨ। ਇਨ੍ਹਾਂ ਦੋਹਾਂ ਗੱਲਾਂ ਦਾ ਸੁਮੇਲ ਪੁਰਤਗਾਲੀ ਈਸਾਈ ਪਾਦਰੀ ਦੀ ਲਿਖਤ ਤੋਂ ਹੋ ਜਾਂਦਾ ਹੈ ਜੋ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਸਮੇਂ ਲਾਹੌਰ ਮੌਜੂਦ ਸੀ। ਉਹ ਲਿਖਦਾ ਹੈ ਕਿ ਇਕ ਅਮੀਰ ਹਿੰਦੂ ਨੇ ਗੁਰੂ ਜੀ ਦੀ ਜ਼ਮਾਨਤ ਦਿੱਤੀ ਤੇ ਉਨ੍ਹਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ''ਜਹਾਂਗੀਰ ਐਂਡ ਜੈਯੂਟਸ'' ਉਲਥਕਾਰ ਸੀ. ਐਚ. ਪੇਨ. ''ਤੋਜ਼ਕ-ਇ-ਜਹਾਂਗੀਰ'' ਵਿੱਚ ਦਿੱਤਾ ਵਿਸਥਾਰ ਬਿਲਕੁਲ ਸਪੱਸ਼ਟ ਕਰਦਾ ਹੈ ਕਿ ਗੁਰੂ ਜੀ ਦੀ ਸ਼ਹੀਦੀ ਜਹਾਂਗੀਰ ਬਾਦਸ਼ਾਹ ਦੇ ਮੁਸਲਮਾਨੀ ਕੱਟੜਪੁਣੇ ਕਰਕੇ ਹੋਈ।

(ਅ) ਭੱਟ ਵਹੀਆਂ ਤੇ ਪਾਂਡਾ ਵਹੀਆਂ

ਰੋਜ਼ ਦੀ 'ਗਲਾਸਰੀ ਆਫ ਕਾਸਟਸ ਐਂਡ ਟਰਾਈਬਜ਼' ਵਿੱਚ ਲਿਖਿਆ ਹੈ 'ਭੱਟ ਕੀ ਭੇਂਟ ਕਬਿਤ' ਜਿਥੋਂ ਪਤਾ ਲੱਗਦਾ ਹੈ ਕਿ ਭੱਟ ਪਹਿਲਾਂ ਕਬਿਤ ਹੀ ਬੋਲਿਆ ਕਰਦੇ ਸਨ। ਪਰ ਭੱਟ ਵਹੀਆਂ ਵਿੱਚ ਉਨ੍ਹਾਂ ਦੀਆਂ ਲਿਖਤਾਂ ਗਦ ਵਿੱਚ ਹਨ। ਇਸੇ ਤਰ੍ਹਾਂ ਪਾਂਡੇ ਧਰਮ ਅਸਥਾਨ ਤੇ ਵਹੀਆਂ ਰੱਖਿਆ ਕਰਦੇ ਹਨ ਅਤੇ ਆਪਣੇ ਜਜ਼ਮਾਨਾਂ ਤੇ ਤੀਰਥਾਂ 'ਤੇ ਜਾਣ ਦੀਆਂ ਤਾਰੀਖਾਂ ਨੋਟ ਕਰਿਆ ਕਰਦੇ ਸਨ। ਭੱਟ ਵਹੀਆਂ ਤੇ ਪਾਂਡਾ ਵਹੀਆਂ ਵੱਲ ਸਾਡਾ ਧਿਆਨ ਗਿਆਨੀ ਗਰਜਾ ਸਿੰਘ ਨੇ ਦੁਵਾਇਆ ਹੈ ਇਨ੍ਹਾਂ ਦੋਹਾਂ ਦੀ ਸਿੱਖ ਇਤਿਹਾਸ ਦੀ ਖੋਜ ਵਿੱਚ ਕੀ ਅਸਥਾਨ ਹੈ, ਦਾ ਨਿਰਨਾ ਕਰਨਾ ਜ਼ਰੂਰੀ ਹੈ।

ਸਮੁੱਚੇ ਤੌਰ 'ਤੇ ਇਤਿਹਾਸਕ ਖੋਜ ਦਾ ਇਕ ਅਸੂਲ ਹੈ ਕਿ ਨਵੀਂ ਲੱਭੀ ਗੱਲ ਦੀ ਕਿਸੇ ਸਵਤੰਤਰ ਸੋਮੇ ਤੋਂ ਪੁਸ਼ਟੀ ਹੋ ਜਾਏ ਤਾਂ ਹੀ ਉਸ ਨੂੰ ਸਹੀ ਮੰਨਣਾ ਚਾਹੀਦਾ ਹੈ, ਇਸ ਆਸ਼ੇ ਤੋਂ ਵੇਖਿਆਂ ਭੱਟ ਵਹੀ ਦੀ ਲਿਖਤ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿੱਤੀ ਸਾਡੀ ਰਵਾਇਤ ਅਨੁਸਾਰ ਹੈ। ਇਸ ਤਰ੍ਹਾਂ ਇਹ ਲਿਖਤ ਠੀਕ ਸਿੱਧ ਹੁੰਦੀ ਹੈ। ਇਸੇ ਤਰ੍ਹਾਂ ਗੁਰਦੁਆਰਾ ਲਖਨੌਰ ਬਾਰੇ ਭੱਟ-ਵਹੀ ਦੀ ਲਿਖਤ ਕਿ ਗੁਰੂ ਗੋਬਿੰਦ ਸਿੰਘ ਜੀ ਉਥੇ ਠਹਿਰੇ। ਉਥੇ ਪੁਰਾਤਨ ਗੁਰਦੁਆਰਾ ਹੈ ਤੇ ਉਸ ਗੁਰਦੁਆਰੇ ਦੀਆਂ ਰਵਾਇਤਾਂ ਅਨੁਸਾਰ ਹੈ। ਇਸੇ ਤਰ੍ਹਾਂ ਗੁਰੂ ਹਰਿਗੋਬਿੰਦ ਜੀ ਦੀਆਂ ਜੰਗ ਦੀਆਂ ਤਾਰੀਖਾਂ ਦਿੱਤੀਆਂ ਭੱਟ ਵਹੀਆਂ ਵਿੱਚੋਂ ਮਿਲਦੀਆਂ ਹਨ। ਜੋ ਠੀਕ ਜਾਪਦੀਆਂ ਹਨ। ਗੁਰੂ ਤੇਗ ਬਹਾਦਰ ਜੀ ਦੇ ਤੀਰਥਾਂ ਤੇ ਜਾਣ ਦੀਆਂ ਤਾਰੀਖਾਂ ਪਾਂਡਾ ਵਹੀਆਂ ਵਿੱਚੋਂ ਮਿਲਦੀਆਂ ਹਨ। ਇਨ੍ਹਾਂ ਸਭ ਤੱਥਾਂ ਨੂੰ ਵਿਚਾਰਨ ਦੀ ਲੋੜ ਹੈ। ਇਹ ਠੀਕ ਹੈ ਕਿ ਗੁਰੂ ਅਰਜਨ ਸਾਹਿਬ ਜੀ ਨੇ ਭੱਟਾਂ ਨੂੰ ਮਾਨਵਤਾ ਦਿੱਤੀ ਹੈ ਤੇ ਭਿਖੇ ਭੱਟ ਦੀ ਬਾਣੀ ਹੋਰ ਭੱਟਾਂ ਦੇ ਨਾਲ ਗੁਰੂ ਗ੍ਰੰਥ ਸਾਹਿਬ ਵਿੱਚ ਸਾਮਲ ਕੀਤੀ। ਭਿਖੇ ਦੀ ਉਲਾਦ ਪਿੰਡ ਕਰਸਿੰਧੂ ਦੇ ਭੱਟਾਂ ਦੀ ਵਹੀ ਤੋਂ ਕਈ ਗੱਲਾਂ ਦਾ ਪਤਾ ਲਗਦਾ ਹੈ। ਕੀਰਤ ਭੱਟ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਤ

ਹੈ । ਕੀਰਤ ਦੀ ਉਲਾਦ ਵਿੱਚੋਂ ਭਾਈ ਸੇਵਾ ਸਿੰਘ ਭੱਟ ਹੋਏ ਹਨ । ਜਿਨ੍ਹਾਂ ਸ਼ਹੀਦ ਬਿਲਾਸ ਲਿਖਿਆ ਹੈ । ਇਸ ਤਰ੍ਹਾਂ ਸਰੂਪ ਸਿੰਘ ਭੱਟ ਨੇ "ਗੁਰੂ ਦੀਆਂ ਸਾਖੀਆਂ" ਨਾਮਕ ਪੁਸਤਕ ਲਿਖੀ ਹੈ । ਇਨ੍ਹਾਂ ਸਾਰੀਆਂ ਲਿਖਤਾਂ ਨੂੰ ਵਾਚਣਾ ਚਾਹੀਦਾ ਹੈ ਜੇਕਰ ਇਸ ਨਵੀਂ ਭਾਲ ਦੀ ਪੁਸ਼ਟੀ ਹੁੰਦੀ ਹੋਵੇ, ਤੱਥ ਮਿਲਦੇ ਹੋਣ ਤਾਂ ਜ਼ਰੂਰ ਇਨ੍ਹਾਂ ਨੂੰ ਅਪਨਾਉਣਾ ਚਾਹੀਦਾ ਹੈ ।

ਗੁਰੂ-ਕਾਲ ਦੇ ਫ਼ਾਰਸੀ ਦੇ ਸੋਮੇ—ਸਿੱਖ ਗੁਰੂ ਸਾਹਿਬਾਨ ਦੀਆਂ ਸਮਕਾਲੀ ਫਾਰਸੀ ਲਿਖਤਾਂ ਨੂੰ ਵਾਚਣਾ ਚਾਹੀਦਾ ਹੈ । ਇਨ੍ਹਾਂ ਨੂੰ ਵਾਚਣ ਲਈ ਬਹੁਤ ਇਤਿਹਾਸਕ ਸੂਝ ਦੀ ਲੋੜ ਹੈ । "ਦਬਿਸਤਾਨ" ਦਾ ਕਰਤਾ ਭਾਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਮਕਾਲੀ ਸੀ ਫੇਰ ਵੀ ਉਸ ਨੇ ਗੁਰੂ ਨਾਨਕ ਸਾਹਿਬ ਸੰਬੰਧੀ ਕਈ ਗੱਲਾਂ ਗਲਤ ਲਿਖੀਆਂ ਹਨ । ਸਮੁੱਚੇ ਤੌਰ ਤੇ ਸਿੱਖਾਂ ਬਾਰੇ ਕਾਫੀ ਗੱਲਾਂ ਠੀਕ ਹਨ । 'ਤੋਜ਼ਕ-ਇ-ਜਹਾਂਗੀਰੀ' ਦਾ ਹਵਾਲਾ ਅਸੀਂ ਦੇ ਆਏ ਹਾਂ । ਉਸ ਦੇ ਅਧਿਐਨ ਨੇ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦੇ ਕਾਰਣ ਸਪੱਸ਼ਟ ਕੀਤੇ ਹਨ।

'ਅਕਬਰ ਨਾਮੇ' ਵਿੱਚ ਅਕਬਰ ਬਾਦਸ਼ਾਹ ਦਾ ਗੁਰੂ ਅਰਜਨ ਸਾਹਿਬ ਜੀ ਨੂੰ ਮਿਲਣ ਦਾ ਹਵਾਲਾ ਤੇ ਮਾਲੀਆਂ ਮੁਆਫ਼ ਕਰਾਉਨ ਦਾ ਹਵਾਲਾ ਬਹੁਤ ਕੀਮਤੀ ਤੇ ਲਾਭਦਾਇਕ ਹਨ । "ਖੁਲਾਸਾਤੁਤ ਤਵਾਰੀਖ਼" ਦਾ ਕਰਤਾ ਸੁਜਾਨ ਰਾਏ ਬਟਾਲੇ ਦਾ ਵਸਨੀਕ ਸੀ । ਇਸ ਨੇ ੧੬੯੫-੯੬ ਵਿੱਚ ਇਹ ਪੁਸਤਕ ਲਿਖੀ ਹੈ । ਜਿਸ ਵਿੱਚ ਔਰੰਗਜ਼ੇਬ ਦੇ ਸਮੇਂ ਦੇ ਹਾਲਾਤ ਅੰਕਤ ਕੀਤੇ ਹਨ । ਸਿੱਖਾਂ ਬਾਰੇ ਬਹੁਤ ਹੀ ਸੁੰਦਰ ਹਾਲ ਲਿਖਿਆ ਹੈ ਤੇ ਦੱਸਦਾ ਹੈ ਕਿ ਸਿੱਖ, ਗੁਰੂ ਨਾਨਕ ਦੇਵ ਜੀ ਦੇ ਨਾਂ ਤੇ ਸਭ ਕੁਝ ਕੁਰਬਾਨ ਕਰ ਦੇਂਦੇ ਹਨ । 'ਤਾਰੀਖ-ਇ-ਇਰਾਦਤ ਖਾਂ' ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣ ਜਾਣ ਦਾ ਹਾਲ ਦੱਸਦੀ ਹੈ । ਖਾਫੀ ਖ਼ਾਂ ਗੁਰੂ ਗੋਬਿੰਦ ਸਿੰਗ ਜੀ ਦਾ ਬਹਾਦਰ ਸ਼ਾਹ ਨੂੰ ਮਿਲਣਾ ਅਤੇ ਗੁਰੂ ਸਾਹਿਬ ਤੇ ਹਮਲਾ ਕਰਨ ਵਾਲੇ ਸੰਬੰਧੀ ਲਿਖਦਾ ਹੈ ਕਿ ਉਸ ਦਾ ਪਤਾ ਨਾ ਲੱਗਾ "ਕਾਤਲ-ਇ-ਊ ਮਹਲੂਮ-ਨ-ਗਰਦੀਦ" 'ਮੁਆਸਿਰ-ਇ-ਆਲਮਗੀਰੀ' ਵਿੱਚ ਸ਼ਾਹਜ਼ਾਦਾ ਮੁਅੱਜ਼ਮ ਦੇ ਪੰਜਾਬ ਆਉਣ ਬਾਰੇ ਤੇ ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਤੇ ਮੰਦਰ ਢਾਹੁਣ ਬਾਰੇ ਜਾਣਕਾਰੀ ਮਿਲਦੀ ਹੈ ।

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਹਾਲਾਂ ਦਾ ਠੀਕ-ਠਾਕ ਨਿਰਨਾ ਲੈਣ ਲਈ ਸਮਕਾਲੀ ਫਾਰਸੀ ਲਿਖਤਾਂ ਦਾ ਅਧਿਐਨ ਜ਼ਰੂਰੀ ਹੈ । ਸਭ ਤੋਂ ਵੱਡੀ ਸਮੱਸਿਆ ਹੈ ਕਿ ਨਵੀਂ ਪੀੜ੍ਹੀ ਫਾਰਸੀ ਤੇ ਕਿਧਰੇ ਰਹੀ, ਉਰਦੂ ਵੀ ਨਹੀਂ ਜਾਣਦੀ। ਅੰਗਰੇਜ਼ੀ ਜਾਂ ਪੰਜਾਬੀ ਤਰਜਮਿਆਂ ਨਾਲ ਕੰਮ ਸਾਰਨਾ ਚਾਹੁੰਦੇ ਹਨ । ਇਸ ਗੱਲ ਨੂੰ ਮੁੱਖ ਰੱਖ ਕੇ ਪੰਜਾਬੀ ਯੂਨੀਵਰਸਿਟੀ ਨੇ ਪ੍ਰਮੁੱਖ ਫ਼ਾਰਸੀ ਸੋਮਿਆਂ ਦੇ ਪੰਜਾਬੀ ਤਰਜਮੇ ਕਰਵਾ ਕੇ ਛਾਪੇ ਹਨ, ਜਿਵੇਂ ਕਿ 'ਖੁਲਾਸਾ-ਤੁਤ ਤਵਾਰੀਖ' ਦਾ ਉਲਥਾ ਤੇ 'ਅਸਰਾਰ-ਇ-ਸਮਦੀ' ਦਾ ਉਲਥਾ ਆਦਿਕ ।

ਤਰਜਮਿਆਂ ਤੇ ਨਿਰਭਰ ਕੀਤੇ ਬਿਨਾਂ, ਹੋਰ ਕੋਈ ਚਾਰਾ ਨਹੀਂ, ਪਰ ਜੇਕਰ ਤਰਜਮੇ ਗ਼ਲਤ ਹੋਣਗੇ ਤਾਂ ਖੋਜ ਦੇ ਨਤੀਜੇ ਗਲਤ ਨਿਕਲਣਗੇ । ਜਿਵੇਂ ਕਿ 'ਸ਼ੀਅ ਐਂਡ ਟਰਾਇਰ' ਦੇ ਗਲਤ ਦਬਿਸਤਾਨ ਦੇ ਤਰਜਮੇ ਦੀ ਇਕ ਮਿਸਾਲ ਤੋਂ ਪਤਾ ਲੱਗਦਾ ਹੈ । ਫਾਰਸੀ ਦੀ ਇਕ ਸਤਰ ਹੈ : 'ਵਜ਼ਾ-ਇ-ਸਪਾਹੀਆਨਾ ਪੇਸ਼ ਗ੍ਰਿਫ਼ਤ' ਹੈ ਜਿਸ ਦਾ ਤਰਜਮਾ ਕੀਤਾ ਹੈ । ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿਪਾਹੀਆਂ ਦੀਆਂ ਤਨਖਾਹਾਂ ਪੇਸ਼ਗੀ ਲੈ ਲਈਆ, ਜਦੋਂ ਕਿ ਅਸਲ ਅਰਥ ਹੈ : 'ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫੌਜੀਆਂ ਵਾਲੇ ਤਰੀਕੇ ਨੂੰ ਅਪਣਾਇਆ ।' ਤਰਜਮੇ ਕਰਨ ਵਾਲੇ ਜਿੰਨਾ ਚਿਰ ਨਿਪੁੰਨ ਨਾ ਹੋਣਗੇ ਰੀਸਰਚ ਪਿਛੇ ਜਾ ਪਵੇਗੀ । ਅਸਲ ਗੱਲ ਤਾਂ ਇਹ ਹੈ ਕਿ ਫਾਰਸੀ ਦੀਆਂ ਅਸਲ ਲਿਖਤਾਂ ਨੂੰ ਵਾਚਣ ਦੀ ਯੋਗਤਾ ਹੋਣੀ ਚਾਹੀਦੀ ਹੈ ।

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਤਿਹਾਸਕ ਅਧਿਐਨ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਸਾਰੀ ਇਤਿਹਾਸਕ ਜਾਣਕਾਰੀ ਮਿਲਦੀ ਹੈ, ਜਿਸ ਵੱਲ ਪੂਰੀ ਤਰ੍ਹਾਂ ਧਿਆਨ ਨਹੀਂ ਦਿੱਤਾ ਗਿਆ । 'ਸਤੇ ਬਲਵੰਡੇ ਦੀ ਵਾਰ' ਸੁੰਦਰ ਦੀ ਸੱਦ ਅਤੇ ਭੱਟਾਂ ਦੇ ਸਵੱਈਆਂ ਵਿੱਚ ਬਹੁਤ ਇਤਿਹਾਸਕ ਹਵਾਲੇ ਮਿਲਦੇ ਹਨ, ਜੋ ਸਿੱਖ ਗੁਰੂ ਸਹਿਬਾਨ ਨਾਲ ਸੰਬੰਧਤ ਹਨ । ਗੁਰੂ ਸਾਹਿਬਾਨ ਦੀ ਬਾਣੀ ਵਿਚੋਂ ਸ੍ਰੀ ਗੁਰੂ ਸਾਹਿਬਾਨ ਸੰਬੰਧੀ ਬਹੁਤ ਜਾਣਕਾਰੀ ਮਿਲ ਸਕਦੀ ਹੈ ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਬਾਬਰ ਵਾਣੀ ਦੇ ਚਾਰ ਸ਼ਬਦ ਬਾਬਰ ਦੇ ਹਮਲੇ ਦਾ ਵਿਸਥਾਰ ਦੱਸਦੇ ਹਨ । ਗੁਰੂ ਰਾਮਦਾਸ ਜੀ ਦਾ ਤੁਖਾਰੀ ਰਾਗ ਵਿੱਚ ਇਕ ਸ਼ਬਦ ਗੁਰੂ ਅਮਰਦਾਸ ਜੀ ਦੀਆਂ ਯਾਤਰਾਵਾਂ ਦਾ ਵਰਣਨ ਕਰਦਾ ਹੈ, ਜਿਵੇਂ ਕਿ ਲਿਖਿਆ ਹੈ :-

ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ।। (੧੧੧੬)

ਗੁਰੂ ਅਰਜਨ ਸਾਹਿਬ ਜੀ ਦੇ ਕਈ ਸ਼ਬਦ ਉਹਨਾਂ ਦੇ ਆਪਣੇ ਜੀਵਨ ਦੀਆਂ ਘਟਨਾਵਾਂ ਵੱਲ ਇਸ਼ਾਰੇ ਕਰਦੇ ਹਨ :-

'ਸੁਲਹੀ ਤੇ ਨਾਰਾਇਣ ਰਾਖੁ ।।' (ਪੰਨਾ ੮੨੫)

'ਦੀਸਿ ਆਵਤ ਹੈ ਬਹੁਤੁ ਭੀਹਾਲਾ' ।। (ਪੰਨਾ ੩੮੪)

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਇਤਿਹਾਸਕਤਾ ਦਾ ਇਕ ਹੋਰ ਪੱਖ ਵੀ ਹੈ । ਗੁਰੂ ਨਾਨਕ ਸਾਹਿਬ ਨੇ 'ਸੁਲਤਾਨ' ਅੱਖਰ ਨੂੰ ਇਕ ਦਰਜ਼ਨ ਤੋਂ ਵੱਧ ਵਾਰੀ ਵਰਤਿਆ ਹੈ ਜਦੋਂ ਕਿ ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਇਸ ਅੱਖਰ ਨੂੰ ਵਰਤਦੇ ਹੀ ਨਹੀਂ ਅਤੇ ਗੁਰੂ ਅਰਜਨ ਸਾਹਿਬ ਨੇ ਕੇਵਲ ਦੋ ਜਾਂ ਤਿੰਨ ਵਾਰੀ ਵਰਤਿਆ ਹੈ । ਇਸ ਦਾ ਸਪੱਸ਼ਟ ਕਾਰਨ ਇਹ ਹੈ ਕਿ ਗੁਰੂ ਨਾਨਕ ਸਾਹਿਬ ਇਤਿਹਾਸ ਦੇ ਉਸ ਕਾਲ ਵਿੱਚ ਰਹੇ,

ਜਿਸ ਨੂੰ ਅਸੀਂ ਸੁਲਤਾਨਾ ਦਾ ਕਾਲ ਕਹਿੰਦੇ ਹਾਂ । ਮੁਗ਼ਲ ਬਾਦਸ਼ਾਹ ਬਾਬਰ ਦੇ ਆਉਣ ਤੋਂ ਪਹਿਲਾਂ ਭਾਰਤ ਦੇ ਸੁਲਤਾਨਾ ਦਾ ਰਾਜ ਸੀ । ਮੁਗ਼ਲ ਹੁਕਮਰਾਨਾ ਨੂੰ ਬਾਦਸ਼ਾਹ ਜਾਂ ਪਾਤਸ਼ਾਹ ਕਹਿੰਦੇ ਹਨ, ਸੁਲਤਾਨ ਨਹੀਂ । ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ ਦਾ ਕਾਫ਼ੀ ਸਮਾਂ ਸੁਲਤਾਨੇਟ ਪੀਰੀਅਡ ਵਿੱਚ ਗੁਜ਼ਾਰਿਆ ਸੀ, ਇਸ ਲਈ ਉਹ ਬਾਦਸ਼ਾਹ ਦੀ ਥਾਂ ਸੁਲਤਾਨ ਜ਼ਿਆਦਾ ਵਰਤਦੇ ਹਨ । ਇਸ ਤੋਂ ਇਲਾਵਾ ਸਾਰੇ ਅਲੰਕਾਰ ਤੇ ਰੂਪਕ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਹਨ ਦਾਂ ਡੂੰਘਾ ਅਧਿਐਨ ਕੀਤਾ ਜਾਏ ਤਾਂ ਉਸ ਸਮੇਂ ਦੀ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਜੀਵਨ ਦਾ ਵਿਸਤਾਰਥ ਹਾਲ ਪਤਾ ਲੱਗਦਾ ਹੈ ਇਸ ਪਾਸੇ ਵੱਲ ਧਿਆਨ ਦੇਣ ਦੀ ਲੋੜ ਹੈ । ਦਾਸ ਨੇ ਇਹ ਕੰਮ ਅਰੰਭਿਆ ਹੈ । ਆਸ ਹੈ ਕਿ ਅਗਲੇ ਕੁਝ ਸਾਲਾਂ ਵਿੱਚ ਇਸ ਦਾ ਇਕ ਰੂਪਾਂਤਰ ਸੰਗਤਾਂ ਦੇ ਸਾਹਮਣੇ ਆ ਜਾਏਗਾ ।

(੨) ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦੀਆਂ ਖੋਜ ਸਮੱਸਿਆਵਾਂ

ਅਠਾਰਵੀਂ ਸਦੀ ਦਾ ਸਿੱਖ ਇਤਿਹਾਸ ਸਿੱਖਾਂ ਦਾ ਸੁਨਹਿਲੀ ਕਾਲ ਹੈ । ਇਹ ਉਹ ਸਮਾਂ ਹੈ ਜਦੋਂ ਸਿੱਖ ਧਰਮ ਪਿੱਛੇ ਜਿਊਂਦੇ ਤੇ ਧਰਮ ਪਿਛੇ ਸ਼ਹੀਦ ਹੁੰਦੇ ਸਨ । ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖੇ ਜਾਂਦੇ ਹਨ । ਫੜੇ ਜਾਣ ਤੇ ਤਸੀਹੇ ਦਿਤੇ ਜਾਂਦੇ ਸਨ । ਉਨ੍ਹਾਂ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਸਿੱਖ ਅਰਦਾਸ ਵਿੱਚ ਦੋ ਵੇਲੇ ਯਾਦ ਕਰਦੇ ਹਨ–

> ''ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚੀਰ ਗਏ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਹੀ ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੧੭੦੮ ਈ. ਜੋਤ-ਜੋਤ ਸਮਾਉਣ ਪਿਛੋਂ ਅਠਾਰਵੀਂ ਸਦੀ ਦਾ ਸਿੱਖ ਇਤਿਹਾਸ ਬੰਦਾ ਸਿੰਘ ਬਹਾਦਰ ਤੋਂ ਆਰੰਭ ਹੁੰਦਾ ਹੈ । ਬੰਦਾ ਬਹਾਦਰ ਦਾ ਹਾਲ ਸਿੱਖਾਂ ਵਿਚੋਂ ਸਭ ਤੋਂ ਪਹਿਲਾਂ ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚ ਲਿਖਿਆ ਹੈ, ਜੋ ਬਹੁਤ ਅਧੂਰਾ ਹੈ । ਬੰਦਾ ਸਿੰਘ ਬਹਾਦਰ ਬਾਰੇ ਜੋ ਕੁਝ ਖਾਫੀ ਖਾਂ ਨੇ 'ਮੁਤੰਖਿਬਉਲ ਲੁਬਾਬ' ਵਿੱਚ ਲਿਖਿਆ ਹੈ ਬਹੁਤ ਹੀ ਲਾਭਦਾਇਕ ਹੈ । ਇਹ ਸਮਕਾਲੀ ਲਿਖਤ ਹੈ ਬਹੁਤ ਹੀ ਧਿਆਨ ਨਾਲ ਪੜ੍ਹਨ ਵਾਲੀ ਹੈ । ਲਿਖਣ ਢੰਗ ਸਿੱਖਾਂ ਨੂੰ ਗਾਲ੍ਹਾਂ ਕੱਢਣ ਵਾਲਾ ਹੈ । ਦੋਜ਼ਖੀ ਤੇ ਜਹੱਨਮੀ ਭੈੜੇ ਧਰਮ ਵਾਲੇ, ਬੁਰੀ ਮੱਤ ਵਾਲੇ ਆਦਿਕ ਲਿਖਿਆ ਹੈ, ਪਰ ਬੰਦੇ ਬਾਰੇ ਗੱਲਾਂ ਪਤੇ ਦੀਆਂ ਲਿਖੀਆਂ ਹਨ । ਏਸ਼ੀਆਟਿਕ ਸੋਸਾਇਟੀ ਦੀ ਛਪੀ 'ਮੁਤੰਖਿਬਉਲ ਲੁਬਾਬ' ਜਿਲਦ ਦੂਜੀ ਦੇ ਪੰਨਾ ੭੬੬ ਦੇ ਲਿਖਦਾ ਹੈ, ''ਇਹਨਾਂ ਵਰਕਿਆਂ ਦੇ ਲਿਖਣ ਵਾਲੇ ਜੋ ਅੱਖੀਂ ਵੇਖੇ ਹਾਲਾਤ ਹਨ ਲਿਖਦਾ ਹੈ ਉਸ ਜਥੇ ਦੇ ਸ਼ਹੀਦ ਕਰਨ ਦੇ ਦਿਨਾਂ ਵਿੱਚ ਉਹਨਾਂ ਵਿਚੋਂ ਇੱਕ

ਨੌਜਵਾਨ ਦੀ ਮਾਂ ਨੇ ਅਰਜ਼ੀ ਦਿੱਤੀ ਤੇ ਆਪਣੇ ਪਰਉਪਕਾਰੀ ਦਰਬਾਰੀ ਰਾਹੀਂ ਬਾਦਸ਼ਾਹ ਦੇ ਸਈਯਦ ਅਬਦੁਲਾ ਖਾਂ ਕੋਲ ਮੁਕੱਦਮਾ ਪੇਸ਼ ਕੀਤਾ । ਬੜੀ ਅਧੀਨਗੀ ਤੇ ਨਿਮਰਤਾ ਨਾਲ ਬੇਨਤੀ ਕੀਤੀ ਕਿ ਮੇਰਾ ਪੁੱਤਰ ਕੈਦੀ ਜਥੇ ਵਿਚੋਂ ਨਹੀਂ, ਉਸ ਨੂੰ ਸਿਪਾਹੀਆਂ ਲੁੱਟ-ਮਾਰ ਕਰਦਿਆਂ ਪਕੜਿਆ ਹੈ ਤੇ ਕੈਦੀ ਬਣਾਇਆ ਹੈ । ਉਸ ਬੇ-ਕਸੂਰ ਨੂੰ ਉਸ ਜਥੇ ਨਾਲ ਮਿਲਾ ਦਿੱਤਾ ਗਿਆ ਹੈ ।

''ਫਰੁਖਸੀਅਰ ਬਾਦਸ਼ਾਹ ਨੂੰ ਉਸ ਬਦ-ਬਖਤ ਇਸਤਰੀ ਦੀ ਗੱਲ-ਬਾਤ ਤੇ ਤਰਸ ਆ ਗਿਆ, ਉਸ ਨੇ ਉਸ ਸਮੇਂ ਹਾਜ਼ਰ ਮੁਲਾਜ਼ਮਾਂ ਵਿਚੋਂ ਇਕ ਨੂੰ ਨਿਯੁਕਤ ਕਰ ਦਿੱਤਾ ਤੇ ਉਹ ਇਸਤਰੀ ਆਪਣੇ ਬੱਚੇ ਦੀ ਰਿਹਾਈ ਦਾ ਹੁਕਮ ਲੈ ਕੇ ਉਸ ਵੇਲੇ ਪਹੁੰਚੀ ਜਦੋਂ ਕਿ ਜਲਾਦ ਖੂਨ-ਭਰੀ ਤਲਵਾਰ ਉਸ ਬਦਬਖਤ ਤੇ ਸਿਰ 'ਤੇ ਲੈ ਕੇ ਖੜਾ ਸੀ । ਰਿਹਾਈ ਦੀ ਪ੍ਰਵਾਨਗੀ ਉਸ ਤਕ ਪਹੁੰਚਾ ਦਿੱਤੀ ਗਈ । ਉਸ ਦੇ ਪੁੱਤਰ ਨੇ ਫ਼ਰਿਆਦ ਕੀਤੀ ਕਿ–

> ''ਮੇਰੀ ਮਾਂ ਝੂਠ ਬੋਲ ਰਹੀ ਹੈ ਮੈਂ ਦਿੱਲ ਤੇ ਜਾਨ ਵਜੋਂ ਉਨ੍ਹਾਂ ਭਰੋਸੇ ਵਾਲਿਆਂ ਤੇ ਸਿਦਕ ਵਾਲਿਆਂ ਤੇ ਜਾਨ ਕੁਰਬਾਨ ਕਰਨ ਵਾਲਿਆਂ ਵਿੱਚੋਂ ਗੁਰੂ ਦਾ ਸ਼ਿਖ ਹਾਂ। ਛੇਤੀ ਹੀ ਮੈਨੂੰ ਮੇਰੇ ਸਾਥੀਆਂ ਕੋਲ ਪਹੁੰਚਾ ਦੇਵੋ ।''

ਬੰਦਾ ਸਿੰਘ ਬਹਾਦਰ ਬਾਰੇ ਕਾਫੀ ਜਾਣਕਾਰੀ ਪਹਿਲਾਂ ਕਰਮ ਸਿੰਘ ਤੇ ਫੇਰ ਡਾ: ਗੰਡਾ ਸਿੰਘ ਨੇ ਇਤਿਹਾਸ ਵਿੱਚੋਂ ਕੱਢੀ ਹੈ । ਨੌਜਵਾਨ ਪੀੜ੍ਹੀ ਹੋਰ ਖੋਜ ਕਰ ਸਕਦੀ ਹੈ । ਪਰ ਹੋਵੇਗੀ ਫ਼ਾਰਸੀ ਸੋਮਿਆਂ ਵਿੱਚੋਂ ਜੋ ਉਸ ਵਕਤ ਦੇ ਸਮਕਾਲੀ ਸੋਮੇ ਸਨ ।

(ੳ) ਸ਼ਹੀਦਾਂ ਦਾ ਇਤਿਹਾਸ

ਬਾਬਾ ਬੰਦਾ ਸਿੰਘ ਬਹਾਦਰ ਤੋਂ ਪਿੱਛੋਂ ਸ਼ਹੀਦਾਂ ਦੇ ਇਤਿਹਾਸ ਲਈ ਜ਼ਿਆਦਾ ਮਿਸਾਲਾ ਨਹੀਂ ਮਿਲਦਾ ਉਸ ਦਾ ਕਾਰਨ ਸਪੱਸ਼ਟ ਹੈ ਕਿ ਉਸ ਵੇਲੇ ਜੂਝਦੇ ਸਿੱਖਾਂ ਨੂੰ ਇਤਿਹਾਸ ਲਿਖਣ ਦਾ ਵਿਹਲ ਕਿਥੇ, ਵੱਡਾ ਘਲੂਘਾਰਾ, ਜਿਸ ਵਿੱਚ ਅਨਮਤੀਆਂ ਦੇ ਕਥਨ ਅਨੁਸਾਰ ਇਕੋ ਦਿਨ ਵਿੱਚ ਵੀਹ ਹਜ਼ਾਰ ਖ਼ਾਲਸਾ ਸ਼ਹੀਦ ਹੋ ਗਿਆ । ਸ਼ਹੀਦਾਂ ਦਾ ਨਾਂ ਜਾਂ ਵਿਸਥਾਰ ਕਿਧਰੇ ਰਿਹਾ, ਕਿਸੇ ਸਿੰਘ ਨੇ ਵੱਡੇ ਘਲੂਘਾਰੇ ਦੀ ਤਾਰੀਖ਼ ਭਾਵ ਮਿਤੀ ਤੱਕ ਨਹੀਂ ਲਿਖੀ । ਸਾਡੇ ਬੁਜ਼ਰਗ ਤੇ ਪੁਰਾਤਨ ਸੂਰਮੇ ਕੁਰਬਾਨੀਆਂ ਕਰਕੇ ਵੱਡੇ ਤੋਂ ਵੱਡਾ ਕਾਰਜ ਕਰਕੇ ਇਤਿਹਾਸ ਬਨਾਉਣਾ ਜਾਣਦੇ ਸਨ, ਲਿਖਣਾ ਨਹੀਂ । ਨਾ ਉਹ ਬਿਖੜਾ ਸਮਾਂ ਕਿਧਰੇ ਟਿਕ ਕੇ ਇਤਿਹਾਸ ਲਿਖਣ ਦੀ ਵਿਹਲ ਦੇਂਦਾ ਸੀ ।

ਸ਼ਹੀਦਾਂ ਦਾ ਇਤਿਹਾਸ ਜਾਂ ਸ਼ਹੀਦਾਂ ਦੀਆਂ ਰਵਾਇਤਾਂ 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚ ਰਤਨ ਸਿੰਘ ਭੰਗੂ ਨੇ ਅੰਕਤ ਕੀਤੀਆਂ ਹਨ । ਉਸ ਨੇ ਆਪਣੇ ਪਰਵਾਰ ਦੇ ਬਜ਼ੁਰਗਾਂ ਕੋਲੋਂ ਜੋ ਕਾਰਨਾਮੇ ਸੁਣੇ ਉਨ੍ਹਾਂ ਨੂੰ ਲਿਖਤੀ ਰੂਪ ਦੇ ਦਿੱਤਾ, ਰਤਨ ਸਿੰਘ ਲਿਖਦਾ ਹੈ :-

ਅਬ ਮੈਂ ਲਿਖੋ ਸਿੰਘਨ ਕੀ ਸਾਖੀ ।
ਜਿਹ ਬਿਧ ਬਡਨ ਅਸਾਡਨ ਆਖੀ ।

ਔਰ ਪੁਰਤਨ ਤੇ ਭੀ ਸੁਨੀ ।
ਹੁਤੇ ਜੁ ਬਿਰਧ ਸਿੱਖ ਬਹੁ ਗੁਨੀ ।

ਕਿੰਨੇ ਭਾਵੁਕ ਤਰੀਕੇ ਨਾਲ ਸ਼ਹੀਦੀ ਸਾਕੇ ਵਰਣਨ ਕੀਤੇ ਹਨ । ਭਾਈ ਮਨੀ ਸਿੰਘ ਬਾਰੇ, ਭਾਈ ਰਤਨ ਸਿੰਘ ਲਿਖਦਾ ਹੈ :-

ਸੀਸ ਭਯੋ ਤਬ ਧੜ ਤੇ ਦੂਰ ।
ਰਹੀ ਸਿੱਖੀ ਸਿੰਘ ਸਾਬਤ ਸੂਰ ।
ਹੈ ਹੈ ਕਾਰ ਜਗਤ ਮੈਂ ਭਯੋ ।
ਜੈ ਜੈ ਕਾਰ ਸਿੱਖਨ ਮਨ ਭਯੋ ।।੫੭ ।।
ਭਯੋ ਸ਼ਹੀਦਨ ਮੈ ਸਰਦਾਰ ।
ਸਾਹਿਬਜ਼ਾਦਨ ਵਿੱਚ ਡਿਉਢੀਦਾਰ ।। ੫੮ ।।

ਐਨੀਆਂ ਸ਼ਹੀਦੀਆਂ ਦੇ ਬਾਵਜੂਦ ਰਤਨ ਸਿੰਘ ਨੇ ਸਿੰਘਾਂ ਦੀ ਸਦਾ ਚੜ੍ਹਦੀ ਕਲਾ ਦੱਸੀ ਹੈ ਉਦਾਸੀ ਨਹੀਂ ਨੇੜੇ ਆਈ । ਵੱਡੇ ਘੱਲੂਘਾਰੇ ਵਿੱਚ ਵੀਹ ਹਜ਼ਾਰ ਕਰੀਬ ਸਿੱਖ ਮਾਰੇ ਗਏ । ਉਸ ਵੇਲੇ ਇਕ ਨਿਹੰਗ ਸਿੰਘ ਨੇ ਲਲਕਾਰ ਕੇ ਇਸ ਤਰ੍ਹਾਂ ਕਿਹਾ :-

ਇਕ ਨਿਹੰਗ ਬੁਕ ਤਹਿ ਊਚੋ ਬਚਨ ਅਲਾਇ ।
ਤਤ ਖ਼ਾਲਸਾ ਸੋ ਰਹਯੋ ਗਯੋ ਸੁ ਖੋਟ ਗਵਾਇ ।

'ਪ੍ਰਾਚੀਨ ਪੰਥ ਪ੍ਰਕਾਸ਼' ਜਿਥੇ ਸਿੱਖ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ । ਉਥੇ ਬਹੁਤ ਸਾਰੇ ਥਾਵਾਂ 'ਤੇ ਪ੍ਰਮਾਣੀਕ ਹੈ ਤੇ ਇਸ ਦੀਆਂ ਕਈ ਗੱਲਾਂ ਫ਼ਾਰਸੀ ਜਾਂ ਮਰਾਠੀ ਸਮਕਾਲੀ ਲਿਖਤਾਂ ਨਾਲ ਮੇਲ ਖਾਂਦੀਆਂ ਹਨ, ਜਿਵੇਂ ਕਿ ੧੭੫੮ ਈ. ਵਿੱਚ ਸਰਹਿੰਦ ਜਿੱਤਣ ਦਾ ਹਾਲ ਹੈ ।

ਅਹਿਮਦ ਸ਼ਾਹ ਅਬਦਾਲੀ ਦੇ ਚੌਥੇ ਹਮਲੇ ਪਿੱਛੋਂ ਆਪਣੇ ਪੁੱਤ ਤੈਮੂਰ ਸ਼ਾਹ ਅਤੇ ਖ਼ਾਨ ਜਹਾਨ ਨੂੰ ਪੰਜਾਬ ਦਾ ਗਵਰਨਰ ਨੀਯਤ ਕੀਤਾ (ਖਾਨ ਜਹਾਨ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਬੇਅਦਬੀ ਕੀਤੀ-ਬਾਬਾ ਦੀਪ ਸਿੰਘ ਇਨ੍ਹਾਂ ਨਾਲ ਲੜ੍ਹਦੇ ਸ਼ਹੀਦ ਹੋਏ) ਅਫ਼ਗਾਨਾਂ ਨੂੰ ਪੰਜਾਬ ਵਿੱਚੋਂ ਕੱਢਣ ਲਈ ਅਦੀਨਾ ਬੇਗ ਜੋ ਜਲੰਧਰ ਦਾ ਫ਼ੌਜਦਾਰ ਸੀ, ਨੇ ਮਰਹੱਟਿਆਂ ਤੇ ਸਿੱਖਾਂ ਨੂੰ ਸਰਹਿੰਦ ਜਿੱਤਣ ਲਈ ਸੱਦਿਆ । ਰਤਨ ਸਿੰਘ ਦੇ ਕਥਨ ਅਨੁਸਾਰ ਸਿੰਘਾਂ ਪਹਿਲਾਂ ਸਰਹਿੰਦ ਨੂੰ ਜਿਤਿਆ ਤੇ ਮਰਹੱਟੇ ਪਿੱਛੋਂ ਆਏ । ਇਨ-ਬਿਨ ਇਸੇ ਤਰ੍ਹਾਂ ਸਰਹਿੰਦ ਜਿੱਤਣ ਦੇ ਹਾਲਾਤ ਸਮਕਾਲੀ ਫ਼ਾਰਸੀ ਇਤਿਹਾਸ 'ਤਾਰੀਖ਼-ਇ-ਇਮਾਦਲਮਲਕ' (ਫ਼ਾਰਸੀ ਹੱਥ ਲਿਖਤ) ਵਿੱਚ ਦਿੱਤੇ ਹਨ । ਇਮਾਦਲਮਲਕ ਆਲਮਗੀਰ ਸਾਨੀ ਦਾ ਵਜ਼ੀਰ ਸੀ ਤੇ ਇਹ ਫ਼ਾਰਸੀ ਹੱਥ ਲਿਖਤ ਖ਼ੁਦਾ ਬਖ਼ਸ਼ ਲਾਇਬਰੇਰੀ ਬਾਂਕੀਪੁਰ ਪਟਨਾ ਵਿੱਚ ਸੁਰੱਖਿਅਤ ਹੈ ।

(ਅ) ਅਠਾਰ੍ਹਵੀਂ ਸਦੀ ਦਾ ਸਿੱਖ ਆਚਰਨ

ਅਠਾਰਵੀਂ ਸਦੀ ਦੇ ਸਿੱਖਾਂ ਦੇ ਆਚਰਨ ਬਾਰੇ ਕਿਸੇ ਸਿੱਖ ਸਮਕਾਲੀ ਨੇ ਕੁਝ ਨਹੀਂ ਲਿਖਿਆ । ਸਗੋਂ ਦੋ ਅਨਮਤੀਆਂ ਨੇ ਬਹੁਤ ਉਚੇ ਸਿੱਖ ਆਚਰਨ ਦੀ ਗਵਾਹੀ ਦਿੱਤੀ ਹੈ ।

ਇਹ ਦੋਵੇਂ ਸਮਕਾਲੀ ਗਵਾਹੀਆਂ ਹਨ ਇਕ ਮੁਸਲਮਾਨ ਕਾਜ਼ੀ ਨੂਰ ਮੁਹੰਮਦ ਹੈ ਤੇ ਦੂਜਾ ਜਾਰਜ ਫੌਰੈਸਟਰ ਇਕ ਅੰਗਰੇਜ਼ ਯਾਤਰੂ ।

ਕਾਜ਼ੀ ਨੂਰ ਮੁਹੰਮਦ ਅਹਿਮਦ ਸ਼ਾਹ ਅਬਦਾਲੀ ਨਾਲ ਛੇਵੇਂ ਹਮਲੇ ਵਿੱਚ ਆਇਆ। ਉਹ ਸਿੱਖਾਂ ਵਿਰੁੱਧ ਜਹਾਦ ਵਿੱਚ ਸ਼ਾਮਲ ਸੀ ਤੇ ਸਿੱਖਾਂ ਵਿਰੁੱਧ ਲੜਦਾ ਰਿਹਾ ਸੀ ਉਸ ਨੇ ਜੰਗ ਨਾਮਾ ਲਿਖਿਆ ਹੈ । ਜਿਸ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਦਾ ਪੂਰਾ ਹਾਲ ਦਿੱਤਾ ਹੈ । ਨਫ਼ਰਤ ਵਜੋਂ ਉਹ ਸਿੱਖਾਂ ਨੂੰ ਕੁੱਤੇ ਕਹਿੰਦਾ ਹੈ । ''ਸਗ'' ਲਿਖਦਾ ਹੈ ਇਕ ਥਾਂ ਜੋਸ਼ ਵਿੱਚ ਕਹਿ ਦੇਂਦਾ ਹੈ:-

''ਸਗਾਂ ਰਾ ਮਗੋ ਸਗ ਕਿ ਹਸਤੰਦ-ਹਸਤੰਦ ਸ਼ੇਰ''

ਇਨ੍ਹਾਂ ਕੁੱਤਿਆਂ ਨੂੰ ਕੁੱਤੇ ਨ ਕਹੋ ਇਹ ਤਾਂ ਸ਼ੇਰ ਹਨ । ਇਨ੍ਹਾਂ ਵਿੱਚ ਚੋਰੀ, ਜਨਾਕਾਰੀ ਨਹੀਂ । ਜੰਗ ਵਿੱਚ ਔਰਤ 'ਤੇ ਹੱਥ ਨਹੀਂ ਚੁੱਕਦੇ-ਕਿਸੇ ਇਕੱਲੇ-ਦੁਕੱਲੇ ਨੂੰ ਨਹੀਂ ਮਾਰਦੇ! ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਉਸ ਸਮੇਂ ਸਰਕਾਰ ਇਕੱਲੇ-ਦੁਕੱਲੇ ਸਿੱਖ ਨੂੰ ਮਾਰ ਦਿਆ ਕਰਦੀ ਸੀ ।

ਦੂਸਰਾ ਇਤਿਹਾਸਕਾਰ ਜਿਸ ਨੇ ਸਿੱਖਾਂ ਦੀ ਤਾਰੀਫ ਕੀਤੀ ਹੈ ਜਾਰਜ਼ ਫਰੈਸਟਰ ਸੀ ਜੋ ਈਸਟ ਇੰਡੀਆ ਕੰਪਨੀ ਦਾ ਮੁਲਾਜ਼ਮ ਸੀ ਤੇ ਉਸ ਨੇ ਬੰਗਾਲ ਤੋਂ ਇੰਗਲੈਂਡ ਤਕ ਸਫ਼ਰ ਕੀਤਾ । ੧੭੮੩ ਈ. ਵਿੱਚ ਪੰਜਾਬ ਵਿੱਚੋਂ ਲੰਘਿਆ ਇਹ ਸਿੱਖਾਂ ਕੋਲੋਂ ਬਹੁਤ ਡਰਦਾ ਸੀ । ਇਕ ਵਾਰੀ ਸਿੱਖਾਂ ਦੇ ਜਥੇ ਵੇਖ ਕੇ ਇਸ ਨੇ ਆਪਣੇ ਪੈਸੇ ਤੇ ਕਾਗਜ਼ ਝਾੜੀ ਵਿੱਚ ਲੁਕਾ ਦਿੱਤੇ ਪਰ ਅਖ਼ੀਰ ਤੇ ਲਿਖਦਾ ਹੈ ''ਅਸਾਂ ਇਨ੍ਹਾਂ ਘੋੜ ਚੜ੍ਹਿਆਂ ਦਾ ਗਲਤ ਅੰਦਾਜ਼ਾ ਲਾਇਆ ਸੀ।''

ਫੌਰੈਸਟਰ ਆਚਰਨ ਅਤੇ ਸਿੱਖਾਂ ਦੀਆਂ ਸੁਤੰਤਰ ਰਵਾਇਤਾਂ ਦੀ ਸਾਖੀ ਭਰਦਾ ਹੈ । ਉਹ ਲਿਖਦਾ ਹੈ : 'ਇਹਨਾਂ ਦੇ ਸਮਾਜ ਵਿੱਚ ਸਾਰੇ ਇਕੋ ਜਿਹੇ ਸਮਝੇ ਜਾਂਦੇ ਹਨ ਤੇ ਕੋਈ ਵੀ ਸਿੱਖਾਂ ਦਾ ਟੋਲਾ ਭਾਵੇਂ ਉਹ ਕਿੰਨਾ ਅਮੀਰ ਹੋਵੇ ਵੱਖਰਾ ਨਹੀਂ ਹੋਣ ਦਿੱਤਾ ਜਾਂਦਾ । ਅਕਾਲ ਤਖ਼ਤ ਸਾਹਿਬ 'ਤੇ ਦੀਵਾਲੀ ਤੇ ਵਿਸਾਖੀ ਦੇ ਇਕੱਠ ਦਾ ਵਿਸਥਾਰ ਦੱਸਦਾ ਹੋਇਆ ਲਿਖਦਾ ਹੈ:-

''ਸਾਂਝੇ ਖਰਚ ਵਾਸਤੇ ਜੋ ਮਾਇਆ ਆਈ ਹੋਵੇ ਉਸ ਦਾ ਹਿਸਾਬ ਸਮਾਗਮ ਵਿੱਚ ਪੇਸ਼ ਕੀਤਾ ਜਾਂਦਾ ਹੈ । ਕੁਝ ਹਿੱਸਾ ਮਿਸਲਦਾਰਾਂ ਵਿੱਚ ਵੰਡਿਆ ਜਾਂਦਾ ਸੀ, ਜਿਸ ਵਿਚੋਂ ਉਨ੍ਹਾਂ ਨੂੰ ਆਪਣੇ ਸਿੱਖਾਂ ਨੂੰ ਦੇਣਾ ਹੁੰਦਾ ਸੀ । ਜੇਕਰ ਕੋਈ ਸਿੱਖ ਕਿਸੇ ਗੱਲੇ ਆਪਣੇ ਜਥੇਦਾਰਾਂ ਨਾਲ ਨਾਰਾਜ਼ ਹੋਵੇ ਤਾਂ ਉਹ ਬਗੈਰ ਝਿਝਕ ਇਕ ਸਰਦਾਰ ਨੂੰ ਛੱਡ ਦੂਸਰੇ ਕੋਲ ਜਾ ਸਕਦਾ ਹੈ ।'' ਗੁਰਮਤੇ ਦਾ ਵਰਣਨ ਕਰਦਿਆਂ ਉਸ ਨੇ ਲਿਖਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਦੇ ਸਮਾਗਮ ਵਿੱਚ ਹਰ ਸਿੱਖ ਨੂੰ ਹੱਕ ਹੁੰਦਾ ਹੈ ਕਿ ਉਹ ਆਪਣੀ ਰਾਏ ਦੇ ਸਕੇ ।

(ੲ) ਖੋਜ ਸਮੱਸਿਆਵਾਂ

ਪੰਜਾਬ ਦੀ ਜਾਂ ਸਿੱਖ ਇਤਿਹਾਸ ਦੀ ਖੋਜ ਵਿਸ਼ੇਸ਼ ਕਰਕੇ ਅਠਾਰਵੀਂ ਸਦੀ ਦੀ ਜ਼ਰਾ ਬਿਖੜੀ ਹੈ। ਇਸ ਸਦੀ ਦੇ ਪਹਿਲੇ ਅੱਧ ਵਿੱਚ ਮੁਗ਼ਲਾਂ ਦਾ ਤੇ ਫੇਰ ਅਹਿਮਦ ਸ਼ਾਹ ਅਬਦਾਲੀ ਦਾ ਰਾਜ ਰਿਹਾ ਹੈ। ਮੁਗ਼ਲ ਇਤਿਹਾਸ ਵਿਸ਼ੇਸ ਕਰਕੇ ਮੁਹੰਮਦ ਸ਼ਾਹ ਰੰਗੀਲੇ ਦੇ ਸਮੇਂ ਮੁਗ਼ਲ ਦਰਬਾਰ ਵਿੱਚ ਅਮੀਰਾਂ ਵਜ਼ੀਰਾਂ ਦੇ ਵਿਰੋਧੀ ਜੁੱਟਾਂ ਦਾ ਵਿਸਥਾਰ ਤੇ ਉਹਨਾਂ ਦਾ ਪੰਜਾਬ 'ਤੇ ਅਸਰ-ਫੇਰ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਅਤੇ ਉਹਨਾਂ ਦਾ ਅਸਰ, ਕੁਝ ਸਮੇਂ ਮਰਹੱਟਿਆਂ ਦਾ ਪੰਜਾਬ 'ਤੇ ਕਬਜ਼ਾ ਅਤੇ ਮਾਧਾ ਜੀ ਸਿੰਧੀਆਂ ਦਾ ਕਈ ਸਾਲ ਦਿੱਲੀ ਤੇ ਰਾਜ ਅਤੇ ਉਸ ਦੇ ਸਿੱਖਾਂ ਨਾਲ ਸੰਬੰਧ ਖੋਜ ਦੇ ਰੋਚਕ ਵਿਸ਼ੇ ਹਨ। ਇਹ ਹੀ ਸਮਾਂ ਹੈ ਜਦੋਂ 'ਇੰਗਲਿਸ਼ ਈਸਟ ਇੰਡੀਆ ਕੰਪਨੀ' ਜ਼ੋਰ ਪਕੜ ਰਹੀ ਹੈ। ਮੁਗ਼ਲ ਸਰਕਾਰ ਦਾ ਪੱਤਨ ਤੇ ਰੁਹੇਲਿਆਂ ਦਾ ਜ਼ੋਰ ਵੱਧ ਰਿਹਾ ਸੀ। ਸਿੱਖ ਤੇ ਰੁਹੇਲਿਆਂ ਦੇ ਸੰਬੰਧਾਂ ਤੇ ਭਰਤ ਪੁਰ ਦੇ ਰਾਜਾ ਸੂਰਜ ਮੱਲ ਤੇ ਜਵਾਹਰ ਸਿੰਘ ਦੇ ਸਿੱਖਾਂ ਨਾਲ ਸੰਬੰਧਾਂ ਤੇ ਬੜੀ ਦਿਲਚਸਪੀ ਵਾਲੀ ਖੋਜ ਹੋ ਸਕਦੀ ਹੈ। ਅਠਾਰਵੀਂ-ਸਦੀ ਦੇ ਅਖੀਰ ਵਿੱਚ ਮਾਧਾ ਜੀ ਸਿੰਧੀਆ ਤੇ ਉਸ ਦੇ ਉਤਰ-ਅਧਿਕਾਰੀ ਦੌਲਤ ਰਾਉ ਸਿੰਧਆ ਤੇ ਉਹਨਾਂ ਦੇ ਨਿਯੁਕਤ ਕੀਤੇ ਫਰਾਂਸੀਸ ਜਰਨੈਲਾਂ ਦਾ ਜ਼ੋਰ ਦਿੱਲੀ ਅਤੇ ਉਸ ਦੇ ਆਲੇ-ਦੁਆਲੇ ਵਧਦਾ ਗਿਆ। ਉਨ੍ਹਾਂ ਅਤੇ ਕਈਆਂ ਫ਼ਰਾਸੀਸੀਆਂ ਨੇ ਸਿੱਖਾਂ ਦਾ ਬਹੁਤ ਸੁੰਦਰ ਹਾਲ ਲਿਖਿਆ ਹੈ, ਜਿਨ੍ਹਾਂ ਵਿਚੋਂ ਕਰਨਲ ਮੋਤੋ ਇਕ ਹੈ। ਇਸ ਤਰ੍ਹਾਂ ਮੁਗ਼ਲਾਂ, ਅਫਗਾਨਾਂ ਅਤੇ ਰੁਹੇਲਿਆ ਕੇ ਇਤਿਹਾਸ ਲਈ ਫਾਰਸੀ ਦੇ ਸੋਮੇ, ਮਾਧਾ ਜੀ ਸਿੰਧੀਆ ਆਦਿਕ ਲਈ ਮਹਾਰਾਰੀ ਰੀਕੋਰਡ, ਫਰਾਂਸੀਸੀ ਜਰਨੈਲਾਂ ਦੇ ਹਾਲ ਜਾਣਨ ਲਈ ਫਰਾਂਸੀਸੀ ਹੱਥ-ਲਿਖਤਾਂ ਤੇ ਉਸ ਸਮੇਂ ਦੇ ਅੰਗਰੇਜ਼ੀ ਰੀਕਾਰਡ ਵੇਖਣ ਦੀ ਤੇ ਵਾਚਣ ਦੀ ਲੋੜ ਹੈ। ਆਸ ਹੈ, ਇਤਿਹਾਸਕਾਰਾਂ ਦੀ ਨਵੀਂ ਪੀੜ੍ਹੀ ਇਸ ਪਾਸੇ ਵੱਲ ਯੋਗ ਧਿਆਨ ਦੇਵੇਗੀ।

੩. ਮਹਾਰਾਜਾ ਰਣਜੀਤ ਸਿੰਘ ਕਾਲ ਦੀਆਂ ਖੋਜ ਸਮੱਸਿਆਵਾਂ

ਜਿਥੇ ਮੁਗ਼ਲ ਬਾਦਸ਼ਾਹ ਵਾਕਿਆ ਨਵੀਸ-ਭਾਵ ਵਾਕਿਆਤ ਲਿਖਣ ਵਾਲੇ ਨਿਯੁਕਤ ਕਰਦੇ ਸਨ ਜੋ ਸਮੇਂ ਦਾ ਇਤਿਹਾਸ ਲਿਖੀ ਜਾਂਦੇ ਸਨ, ਜੋ ਸਮਕਾਲੀ ਲਿਖਤਾਂ ਦੇ ਰੂਪ ਵਿੱਚ ਸਾਡੇ ਤੱਕ ਪੁੱਜਾ ਹੈ। ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਸੋਹਨ ਲਾਲ ਸੂਰੀ ਨੂੰ ਇਤਿਹਾਸਕਾਰ ਨਿਯੁਕਤ ਕੀਤਾ ਹੋਇਆ ਸੀ। ਸੋਹਨ ਲਾਲ ਸੂਰੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਡਾਇਰੀ ਜਾਂ ਰੋਜ਼ਨਾਮਚਾ ਲਿਖਿਆ ਹੈ, ਜੋ ''ਉਸਦਾ-ਤੱਤ-ਤਵਾਰੀਖ'' ਦੇ ਨਾਂ ਤੇ ਪੰਜ ਜਿਲਦਾਂ ਵਿੱਚ ਛਪਿਆ ਹੈ। ਕਿਉਂਕਿ ਫਾਰਸੀ ਉਸ ਸਮੇਂ ਦੀ ਸਰਕਾਰੀ ਜ਼ਬਾਨ ਸੀ ਇਸ ਲਈ ਇਹ ਫਾਰਸੀ ਵਿੱਚ ਹੈ। ਮਹਾਰਾਜਾ ਰਣਜੀਤ ਸਿੰਘ ਦੇ ਹਰ ਰੋਜ਼ ਦਾ ਹਾਲ ਅੰਕਤ ਕੀਤਾ ਹੈ। ਕੌਣ-ਕੌਣ ਮਿਲਿਆ, ਕੀ-ਕੀ ਚਿੱਠੀ ਆਈ, ਕੀ ਉੱਤਰ ਦਿੱਤਾ-ਦਰਬਾਰ ਵਿੱਚ ਕੀ-

ਕੀ ਗੱਲ ਬਾਤ ਹੋਈ। ਇਸ ਰੋਜ਼ਾਨਾ ਮਚੇ ਦੇ ਅਖੀਰਲੇ ਭਾਗ ਦਾ ਅੰਗਰੇਜ਼ੀ ਦੀਆਂ ਦੋ ਜਿਲਦਾਂ ਵਿੱਚ ਅਤੇ ਪਹਿਲੇ ਭਾਗ ਦੇ ਕੁਝ ਹਿੱਸੇ ਦਾ ਪੰਜਾਬੀ ਵਿੱਚ ਉਲਥਾ ਛਪ ਗਿਆ ਹੈ। ਇਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਰੀਕਾਰਡ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਬਹੁਤ ਸਾਰੇ ਬਦੇਸ਼ੀ ਯਾਤਰੂ ਆਏ। ਕੁਝ ਯੂਰਪੀਨ ਮਹਾਰਾਜਾ ਰਣਜੀਤ ਸਿੰਘ ਨੇ ਫ਼ੌਜ ਵਿੱਚ ਭਰਤੀ ਕੀਤੇ। ਉਹਨਾਂ ਵਿਚੋਂ ਬਹੁਤਿਆਂ ਨੇ ਪੁਸਤਕਾਂ ਲਿਖੀਆਂ ਹਨ। ਜਿਵੇਂ ਕਿ– 'ਪੰਜਾਬ' ਕ੍ਰਿਤ ਸਟੇਨ ਬੈਂਕ; 'ਅਪ ਦੀ ਕੰਟਰੀ' ਐਮਲੀ ਈਡਨ, 'ਥਰਟੀ-ਫਾਈਵ ਈਅਰ ਇਨ ਇੰਡੀਆ' ਹਾਨਿਗ ਬਰਗਰ, ਇਹ ਹੋਮਿਓਪੈਥੀ ਕਰਦਾ ਸੀ ਤੇ ਮਹਾਰਾਜਾ ਰਣਜੀਤ ਸਿੰਘ ਦਾ ਹੋਮਿਓਪੈਥੀ ਰਾਹੀਂ ਇਲਾਜ ਕਰਨਾ ਚਾਹੁੰਦਾ ਸੀ। ਟਰੈਵਲਜ਼ ਆਫ਼ ਅਲੈਗਜ਼ਾਨਡਰ ਬਰਨਜ਼, ਟਰੈਵਲਜ਼ ਆਫ਼ ਮੂਰਕਰਾਫਟ, ਫਾਈਵ ਈਅਰਜ਼ ਇਨ ਇੰਡੀਆ, ਹੈਨਰੀ ਫੇਨ-ਇਹ ਕੰਵਰ ਨੌ-ਨਿਹਾਲ ਸਿੰਘ ਦੇ ਵਿਆਹ ਤੇ ਹਾਜ਼ਰ ਸੀ ਆਦਿਕ। ਇਨ੍ਹਾਂ ਵਿਚੋਂ ਕਈ ਪ੍ਰਕਾਰ ਦੇ ਮੱਸਲਿਆਂ ਤੇ ਚਾਨਣ ਪੈਂਦਾ ਹੈ। ਇਨ੍ਹਾਂ ਸੋਮਿਆਂ ਤੋਂ ਕਈ ਗੱਲਾਂ ਦਾ ਪਤਾ ਲੱਗਦਾ ਹੈ ਪਰ ਕਈ ਵਾਰੀ ਬਦੇਸ਼ੀ ਯਾਤਰੂ ਸੁਣੀ ਸੁਣਾਈ ਗੱਲ ਵੀ ਲਿਖਦੇ ਹਨ। ਇਸ ਲਈ ਇਨ੍ਹਾਂ ਜਾਣਕਾਰੀ ਦੇ ਸੋਮਿਆਂ ਨੂੰ ਧਿਆਨ ਨਾਲ ਵਰਤਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਜਾਣਕਾਰੀ ਕਈ ਵਾਰੀ ਇਕ ਪੱਖੀ ਹੀ ਰਹਿ ਜਾਂਦੀ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਾ ਸਭ ਤੋਂ ਵੱਡਾ ਜਾਣਕਾਰੀ ਦਾ ਸੋਮਾ ਅੰਗਰੇਜ਼ਾਂ ਦੇ ਰੀਕਾਰਡ ਹਨ। ਇਹ ਰੀਕਾਰਡ ਲੜੀਵਾਰ ਬੜੇ ਸੁਚੱਜੇ ਢੰਗ ਨਾਲ ਸੁਰੱਖਿਅਤ ਹਨ। ਵੱਖ-ਵੱਖ ਅੰਗਰੇਜ਼ਾਂ ਦੇ ਪ੍ਰਬੰਧਕੀ ਮਹਿਕਮਿਆਂ ਦੀਆਂ ਵੱਖ-ਵੱਖ ਲਿਖਤਾਂ ਹਨ। ਜਿਵੇਂ ਹੋਮ, ਪੁਲੀਟੀਕਲ ਆਦਿਕ। ਇਨ੍ਹਾਂ ਲਿਖਤਾਂ ਵਿੱਚ ਵਿਸ਼ੇਸ਼ ਕਰਕੇ ਰਾਜਸੀ (ਡਿਪਲੋਮੈਟਿਕ) ਦ੍ਰਿਸ਼ਟੀ ਤੋਂ ਹੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਵੇਖਿਆ ਗਿਆ ਹੈ। ਇਸ ਤਰ੍ਹਾਂ ਇਹ ਰੀਕਾਰਡ ਇਕ ਪਾਸੜ ਹਨ ਤੇ ਕਈ ਵਾਰੀ ਸਚਾਈ ਤੋਂ ਦੂਰ ਹਨ। ਪਰ ਕਿਧਰੇ-ਕਿਧਰੇ ਜੋਸਫ ਡੇਵੀ ਕਨਿੰਘਮ ਵਰਗੇ ਮਨੁੱਖਾਂ ਨੇ ਸੱਚੀ ਗੱਲ ਲਿਖੀ ਹੈ। ਕਨਿੰਘਮ ਨੇ ਸਿੱਖਾਂ ਤੇ ਅੰਗਰੇਜ਼ਾਂ ਦੀ ਪਹਿਲੀ ਲੜਾਈ ਵਿੱਚ ਰਾਜਾ ਗੁਲਾਬ ਸਿੰਘ ਨਾਲ ਗੁਪਤ ਸੰਧੀ ਦਾ ਕਥਨ ਕੀਤਾ ਤੇ ਅੰਗਰੇਜ਼ਾਂ ਨੂੰ ਜੰਗ ਲਈ ਧੱਕੜ ਪਾਲਸੀ ਦਾ ਜ਼ੁਮੇਵਾਰ ਠਹਿਰਾਇਆ। ਸਿੱਖਾਂ ਦੀ ਬਹਾਦਰੀ ਦੀ ਤਾਰੀਫ਼ ਕੀਤੀ ਕਿਉਂਕਿ ਆਪ ਜੰਗ ਵਿੱਚ ਮੌਜੂਦ ਸੀ। ਜਿਸ ਦਾ ਮੁੱਲ ਉਸਨੂੰ ਦੇਣਾ ਪਿਆ। ਉਹ ਨੂੰ ਨੌਕਰੀ ਤੋਂ ਬਰਖ਼ਾਸਤ ਕੀਤਾ ਗਿਆ ਤੇ ਉਹ ਵਿਚਾਰਾ ਇਸੇ ਦੁੱਖ ਨਾਲ ਗੁਜ਼ਰ ਗਿਆ। ਉਸ ਦੀ ਕਬਰ ਅੰਬਾਲਾ ਛਾਉਣੀ ਵਿੱਚ ਬਣੀ ਹੈ। ਅੰਗਰੇਜ਼ੀ ਲਿਖਤਾਂ ਨੂੰ ਬੜੀ ਸਾਵਧਾਨੀ ਨਾਲ ਤੇ ਇਤਿਹਾਸਕ ਸੂਝ ਨਾਲ ਹੀ ਵਰਤਣਾ ਚਾਹੀਦਾ ਹੈ।

(ੳ) ਖਾਲਸਾ ਦਰਬਾਰ ਰੀਕਾਰਡਜ਼

ਸਿੱਖ ਇਤਿਹਾਸ ਦੇ ਖੋਜਕਾਰਾਂ ਲਈ ਸਭ ਤੋਂ ਵੱਡੀ ਖੋਜ ਸਮੱਸਿਆ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਰੀਕਾਰਡ ਦੀ ਖੋਜ ਕਰਨਾ ਹੈ। ਇਹ ਰੀਕਾਰਡ ਅਸਲ ਰੂਪ ਵਿੱਚ ਸਾਡੇ

ਤੱਕ ਪੁੱਜੇ ਹਨ ।੧੯੪੭ ਦੇ ਪੰਜਾਬ ਬਟਵਾਰੇ ਸਮੇਂ ਲਾਹੌਰ ਤੋਂ ਇਹ ਰੀਕਾਰਡ ਪੰਜਾਬ ਸਟੇਟ ਆਰਕਾਈਵਜ਼ ਦੇ ਹਿੱਸੇ ਆਏ ਹਨ । ਪੰਜਾਬ ਸਟੇਟ ਆਰਕਾਈਵਜ਼ ਵਿੱਚ ਸੁਰੱਖਿਅਤ ਹਨ । ਇਹ ਰੀਕਾਰਡ ਫ਼ਾਰਸੀ ਬੋਲੀ ਵਿੱਚ ਹਨ ਜੋ ਉਸ ਸਮੇਂ ਦੀ ਸਰਕਾਰੀ ਬੋਲੀ ਸੀ । ਅਸਲ ਰੂਪ ਵਿੱਚ ਇਹ ਰੀਕਾਰਡ ੧੩੨ ਬੰਡਲਾਂ ਵਿੱਚ ਵਰਕੇ ਬੱਧੇ ਪਏ ਸਨ । ਜਿਨ੍ਹਾਂ ਨੂੰ ਕਈ ਜਿਲਦਾਂ ਵਿੱਚ ਸਾਂਭਿਆ ਗਿਆ ਹੈ । ਵਿਸ਼ੇਸ਼ ਕਰਕੇ ਰੀਕਾਰਡ ਨਿਮਨ ਲਿਖਤ ਵਿਸ਼ਿਆਂ ਨਾਲ ਸੰਬੰਧਤ ਹਨ :-

੧. ਦਫ਼ਤਰ-ਇ-ਫ਼ੌਜ :- ਇਹ ਫੌਜੀਆਂ ਦੇ ਤਨਖ਼ਾਹਾਂ ਦੇ ਕਾਗਜ਼ ਹਨ ।

੨. ਦੁਫ਼ਤਰ-ਇ-ਮਾਲ :- ਇਹ ਮਾਲੀਆਂ ਸੰਬੰਧੀ ਕਾਗਜ਼ ਹਨ ।

੩. ਦਫ਼ਤਰ-ਇ-ਜਾਗੀਰਾਤ :- ਇਸ ਵਿੱਚ ਮਹਾਰਾਜਾ ਰਣਜੀਤ ਸਿੰਘ ਵਲੋਂ ਦਿੱਤੀਆਂ ਜਾਗੀਰਾਂ ਦੇ ਕਾਗਜ਼ ਹਨ ।

੪. ਦਫ਼ਤਰ-ਇ-ਤੋਸ਼ਾਖਾਨਾ :- ਇਹ ਮਹਾਰਾਜਾ ਰਣਜੀਤ ਸਿੰਘ ਦੇ ਜ਼ਾਤੀ ਖ਼ਰਚ ਆਦਿ ਦਾ ਹਿਸਾਬ-ਕਿਤਾਬ ਹੈ ।

ਇਨ੍ਹਾਂ ਰੀਕਾਰਡਾਂ ਦਾ ਕੇਵਲ ਕੇਟਾਲਾਗ ਹੀ ਬਣਿਆ ਜੋ ਪ੍ਰੋ: ਸੀਤਾ ਰਾਮ ਕੋਹਲੀ ਨੇ ਤਿਆਰ ਕੀਤਾ । ਪੰਜਾਬ ਸਰਕਾਰ ਨੇ ਦੋ ਜਿਲਦਾਂ ਵਿੱਚ ਛਾਪਿਆ ਸੀ । ਇਸ ਰੀਕਾਰਡ ਖੋਜ ਲਈ ਬਿਲਕੁਲ ਅਣਛੋਹਿਆ ਮਸਾਲਾ ਹੈ । ਆਸ ਹੈ ਕਿ ਨੌਜਵਾਨ ਖੋਜਕਾਰਾਂ ਦੀ ਪੀੜ੍ਹੀ ਇਸ ਵੱਲ ਧਿਆਨ ਦੇ ਕੇ ਇਸ ਵਿਚੋਂ ਨਿਗਰ ਨਤੀਜੇ ਕੱਢੇਗੀ ।

(ਅ) ਗੁਰਮੁਖੀ ਰੀਕਾਰਡ ਦੀ ਭਾਲ ਤੇ ਪੰਜਾਬੀ ਤਰਜ਼ਮੇ

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਗੁਰਮੁਖੀ ਵਿੱਚ ਲਿਖੀ ਸਮੱਗਰੀ ਦੀ ਭਾਲ ਕਰਨੀ ਚਾਹੀਦੀ ਹੈ । ਇਕ ਦੋ ਭਾਸ਼ੀ ਹਿਸਾਬ-ਕਿਤਾਬ ਦਾ ਖਰੜਾ ਖ਼ੁਦਾ ਬਖ਼ਸ਼ ਲਾਇਬਰੇਰੀ, ਬਾਂਕੀਪੁਰ, ਪਟਨਾ ਵਿੱਚ ਪਿਆ ਹੈ । ਇਸ ਵਿੱਚ ਇਕ ਲਾਈਨ ਫ਼ਾਰਸੀ ਦੀ ਤੇ ਉਸ ਦੇ ਥਲੇ ਦੂਜੀ ਲਾਈਨ ਵਿੱਚ ਉਸੇ ਗੱਲ ਨੂੰ ਪੰਜਾਬੀ ਵਿੱਚ ਗੁਰਮੁਖੀ ਅੱਖਰਾਂ ਵਿੱਚ ਲਿਖਿਆ ਹੈ ਇਹ ਖਰੜਾ ਮਹਾਰਾਜਾ ਰਣਜੀਤ ਸਿੰਘ ਦੇ ਪਰਸਾਸ਼ਨ ਸੰਬੰਧੀ ਹੈ ।

ਪੰਜਾਬੀ ਯੂਨੀਵਰਸਿਟੀ ਲਾਹੌਰ (ਪਾਕਿਸਤਾਨ) ਦੀ ਲਾਇਬਰੇਰੀ ਵਿੱਚ ਅੰਮ੍ਰਿਤਸਰ ਦੇ ਤਾਰਾ ਸਿੰਘ ਦੀ ਤੇ ਰਾਮ ਸਿੰਘ ਦੀ ਲਿਖਾਈ-ਗੁਰਮੁਖੀ ਡਾਇਰੀ ਸੁਰੱਖਿਅਤ ਹੈ । ਇਸ ਵਿਚ ਬਹੁਤ ਸਾਰੀਆਂ ਗੱਲਾਂ ਐਸੀਆਂ ਹਨ ਜੋ ਕਿਧਰੇ ਹੋਰ ਥਾਂ ਅੰਕਤ ਨਹੀਂ । ਮੈਂ ਇਸ ਦੀ ਵਿਸਥਾਰ ਨਾਲ ਚਰਚਾ ਕਈਆਂ ਥਾਵਾਂ ਤੇ ਭਾਵ ਪੇਪਰਾ ਤੇ ਲੇਖਾਂ ਵਿੱਚ ਕਰ ਚੁੱਕਾ ਹਾਂ । ਇਸ ਵਿਚੋਂ ਇਕ ਟੂਕ ਨਿਮਨ ਲਿਖਤ ਹੈ—

ਜਦੋਂ ਮਹਾਰਾਜਾ ਸ਼ੇਰ ਸਿੰਘ ਤਖ਼ਤ ਤੇ ਬੈਠਾ ਤਾਂ ਬਾਬਾ ਬਿਕਰਮਾ ਸਿੰਘ ਊਨੇ ਵਾਲਿਆਂ ਨੇ ਮਹਾਰਾਜਾ ਸ਼ੇਰ ਸਿੰਘ ਦੀ ਤੇ ਸੰਧਾ ਵਾਲੀਏ ਸਰਦਾਰਾਂ ਦੀ ਸੁਲਾਹ ਕਰਵਾ ਦਿੱਤੀ । ਸੁਲਾਹ ਕਿਸ ਤਰ੍ਹਾਂ ਹੋਈ, ਇਸ ਦਾ ਵਿਸਥਾਰ ਨਾਲ ਹਾਲ ਲਿਖਿਆ ਹੈ :-

''ਇਕਤ ਪਾਸੇ ਸਿੰਧਾਵਾਲੀਐ ਬੈਠੇ ਇਕਤ ਪਾਸੇ ਬਾਬਾ ਬਿਕਰਮਾ
ਸਿੰਘ । ਇਕਤ ਪਾਸੇ ਸ਼ੇਰ ਸਿੰਘ ਇਕਤ ਪਾਸੇ ਰਾਜਾ ਧਿਆਨ ਸਿੰਘ,
ਵਾ ਮੁਸਾਇਬ ਤੇ ਬੀਚ ਗ੍ਰੰਥ ਸਾਹਿਬ ਰੱਖਿਆ । ਤਬ ਦੋਨੋਂ ਹਾਥ ਰੱਖੇ
ਗ੍ਰੰਥ ਸਾਹਿਬ ਤੇ ਬਿਕ੍ਰਮਾ ਸਿੰਘ ਕੀ ਦੇਹੀ ਤੇ, ਸਹੁ ਕਰੀ ਦੋਨੋ ਨੇ ।
ਸ਼ੇਰ ਸਿੰਘ ਅਰ ਸੰਧਾਵਾਲੀਆਂ ਨੇ ਜੋ ਹਮ ਆਪਸ ਬੀਚ ਖੋਟ ਨ
ਕਰਨਾ, ਮਿੱਤਰ ਬਣੇ ਆਪਸ ਬੀਚ । ਉਥੇ ਕੜਾਹ ਪ੍ਰਸ਼ਾਦਿ ਵੰਡਿਆਂ
ਤਬ ਸ਼ੇਰ ਸਿੰਘ ਨੇ ਸੰਧਾਵਾਲੀਆਂ ਕੇ ਮੁਖ ਮੇ ਗਫਾ ਦੀਓ । ਅਰ
ਸੰਧਾਨਲੀਆ ਨੇ ਸ਼ੇਰ ਸਿੰਘ ਪ੍ਰਤਾਪ ਸਿੰਘ ਕੇ ਮੁੱਖ ਮੈਂ ਗਰਾਂ ਦੀਓ ।
ਆਪਸ ਬੀਚ ਜਫੀਆਂ ਪਾਈਆਂ । ਮਿਲੇ ਗਲੇ ਬੜਾ ਅਸਨੇਹ ਹੋਆ ।
ਤਬ ਜਿਤਨਾ ਮੁਲਖ ਸੰਧਾਵਾਲੀਆਂ ਦਾ ਸੀ ਸੋ ਸਭ ਉਨ੍ਹਾਂ ਕੋ ਦੇ ਦੀਆਂ
ਪੁਨਹ ਔਰ ਵਧੀਕ ਭੀ ਦੇਂਦੀਆਂ ।''

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀਆਂ ਬਹੁਤ ਸਾਰੀਆਂ ਫਾਰਸੀ ਦੀਆਂ ਸਮਕਾਲੀ ਲਿਖਤਾਂ ਹਨ । ਇਨ੍ਹਾਂ ਵਿਚੋਂ 'ਜ਼ਫਰਨਾਮਾ ਮਹਾਰਾਜਾ ਰਣਜੀਤ ਸਿੰਘ' ਕ੍ਰਿਤ ਦੀਵਾਨ ਅਮਰਨਾਥ ਪੰਜਾਬੀ ਯੂਨੀਵਰਸਿਟੀ ਨੇ ਉਲਥਾ ਕਰਵਾਇਆ ਤੇ ਇਨਾਂ ਸਤਰਾਂ ਦੇ ਲਿਖਾਰੀ ਨੇ ਸੰਪਾਦਨ ਕਰਕੇ ਛਪਵਾਇਆ ਹੈ । ਪੰਜਾਬੀ ਯੂਨੀਵਰਸਿਟੀ ਨੇ ਛਾਪਿਆ ਹੈ । 'ਚਾਰ ਬਾਗ-ਇ-ਪੰਜਾਬ' ਕ੍ਰਿਤ.ਗਣੇਸ਼ ਦਾਸ ਵਡਹਿਰਾ ਜੋ ਮੈਂ ਸੰਪਾਦਨ ਕੀਤਾ ਸੀ ਖਾਲਸਾ ਕਾਲਜ, ਅੰਮ੍ਰਿਤਸਰ ਨੇ ਛਾਪਿਆ ਹੈ । ਇਸ ਦੇ ਪੰਜਾਬੀ ਤੇ ਅੰਗਰੇਜ਼ੀ ਉਲਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਛਾਪੇ ਹਨ । ਨਿਮਨ ਲਿਖਤ ਫਾਰਸੀ ਲਿਖਤਾਂ ਦੇ ਦਰਜਮੇ ਹੋਣੇ ਜ਼ਰੂਰੀ ਹਨ ਤੇ ਇਹ ਸੰਪਾਦਨ ਕਰਕੇ ਛਾਪਣੇ ਚਾਹੀਦੇ ਹਨ :-

੧—ਤਾਰੀਖ-ਇ-ਸਿੱਖਾ-ਖੁਸ਼ਵਕਤ ਰਾਏ
੨—ਤਾਰੀਖ-ਇ-ਪੰਜਾਬ-ਬੂਟੇ ਸ਼ਾਹ
੩—ਖਾਲਸਾ ਨਾਮਾਂ—ਬਖਤ ਮਲ
੪—ਇਬਰਤ ਨਾਮਾ—ਅਲੀਉਲ ਦੀਨ

੪. ਅੰਗਰੇਜ਼ੀ ਕਾਲ ਦੇ ਸਿੱਖ ਇਤਿਹਾਸ ਦੀਆਂ ਖੋਜ ਸਮੱਸਿਆਵਾਂ

ਸਿੱਖਾਂ ਵਿੱਚ ਪੱਛਮੀ ਵਿਦਿਆਂ ਦੇ ਪਸਾਰੇ ਨਾਲ ਸਿੱਖ ਇਤਿਹਾਸ ਨੂੰ ਵਿਗਿਆਨਕ ਢੰਗ ਨਾਲ ਲਿਖਣ ਦਾ ਯੁਗ ਆਰੰਭ ਹੋਇਆ । ਸਿੰਘ ਸਭਾ ਲਹਿਰ ਦੇ ਬਾਨੀਆਂ ਦਾ ਇਹ ਦ੍ਰਿੜ ਨਿਸਚਾ ਸੀ ਕਿ ਸਿੱਖੀ ਦੇ ਪਰਚਾਰ ਲਈ ਸਿੱਖ ਇਤਿਹਾਸ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕਰਨਾ ਚਾਹੀਦਾ ਹੈ । ਸਿੰਘ ਸਭਾ ਲਹਿਰ ਦੇ ਆਰੰਭ ਹੁੰਦਿਆਂ ਹੀ ਪੁਰਾਤਨ ਜਨਮ ਸਾਖੀ ਤੇ ਭਾਈ ਬਾਲੇ ਵਾਲੀ ਜਨਮ ਸਾਖੀ ਦੀ ਚਰਚਾ ਆਰੰਭ ਹੋ ਗਈ ਜੋ ਲੰਮੇ ਸਮੇਂ ਤੱਕ ਚਲਦੀ ਰਹੀ ।

ਸਿੱਖ ਇਤਿਹਾਸ ਨੂੰ ਵਿਗਿਆਨਕ ਢੰਗ ਨਾਲ ਖੋਜਣ ਦਾ ਕੰਮ ਭਾਈ ਕਰਮ ਸਿੰਘ ਨੇ ਆਰੰਭਿਆ । ਉਨ੍ਹਾਂ ਨੇ ਕਈ ਖੋਜ ਨਿਬੰਧ ਲਿਖੇ ਜਿਵੇਂ—ਕੱਤਕ ਕਿ ਵੈਸਾਖ, ਬੰਦਾ ਬਹਾਦਰ, ਬੰਦਾ ਕੌਨ ਥਾ, ਬਾਬਾ ਆਲਾ ਸਿੰਘ । ਇਨ੍ਹਾਂ ਲਿਖਤਾਂ ਵਿੱਚ ਕਰਮ ਸਿੰਘ ਨੇ ਨਵੀਨ ਖੋਜ ਵਿਧੀ ਨੂੰ ਅਪਣਾਇਆ ਤੇ ਪੁਰਾਤਨ ਲਿਖਤਾਂ ਦੀ ਖੋਜ ਦੇ ਆਧਾਰ ਤੇ ਖੋਜ ਨਿਬੰਧ ਲਿਖੇ । ਕਰਮ ਸਿੰਘ ਨੇ ਸਾਡਾ ਧਿਆਨ ਫਾਰਸੀ ਦੀਆਂ ਸਮਕਾਲੀ ਲਿਖਤਾਂ ਵਲ ਦੁਆਇਆ ਜਿਨ੍ਹਾਂ ਦੇ ਡੂੰਘੇ ਅਧਿਐਨ ਤੋਂ ਸਿੱਖ ਇਤਿਹਾਸ ਦੀਆਂ ਕਈ ਠਿੱਗਰ ਗੱਲਾਂ ਨਿਕਲਦੀਆਂ ਹਨ । ਮਿਸਾਲ ਦੇ ਤੌਰ ਤੇ ਕਲਾਤ ਦੇ ਨਵਾਬ ਦੀ ਲਾਇਬਰੇਰੀ ਵਿਚੋਂ ਜੰਗਨਾਮਾ ਕਾਜ਼ੀ ਨੂਰ ਮੁਹੰਮਦ ਲਭਿਆ ਜੋ ਪਿਛੋਂ ਡਾ: ਗੰਡਾ ਸਿੰਘ ਨੇ ਤਰਜਮਾ ਤੇ ਸੰਪਾਦਨ ਕਰਕੇ ਛਾਪਿਆ । ਭਾਈ ਵੀਰ ਸਿੰਘ ਜੀ ਦੀ ਪ੍ਰੇਰਨਾ ਨਾਲ ਸਿੱਖ ਇਤਿਹਾਸ ਖੋਜ ਵਿਭਾਗ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਸਥਾਪਤ ਕੀਤਾ ਗਿਆ । ਜਿਥੇ ਪਹਿਲਾਂ ਭਾਈ ਕਰਮ ਸਿੰਘ ਨਿਯੁਕਤ ਹੋਏ ਪਰ ਉਨ੍ਹਾਂ ਦਾ ਦਿਹਾਂਤ ਹੋ ਗਿਆ ਤੇ ਫੇਰ ਸਰਦਾਰ ਗੰਡਾ ਸਿੰਘ ਨੂੰ ਨਿਯੁਕਤ ਕੀਤਾ ਗਿਆ । ਉਹਨਾਂ ਭਾਰੀ ਮਿਹਨਤ ਕਰਕੇ ਸਿੱਖ ਇਤਿਹਾਸ ਦੀ ਖੋਜ ਸਮੱਗਰੀ ਇਕੱਠੀ ਕੀਤੀ । ਕੁਝ ਸਮਾਂ ਪਿਛੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਅੰਮ੍ਰਿਤਸਰ ਨੇ ਸਿੱਖ ਇਤਿਹਾਸ ਬੋਰਡ ਸਥਾਪਤ ਕੀਤਾ ਜੋ ਹੁਣ ਤੱਕ ਕੰਮ ਕਰ ਰਿਹਾ ਹੈ । ਇਨ੍ਹਾਂ ਸੰਸਥਾਵਾਂ ਨੇ ਕਈ ਖੋਜ ਨਿਬੰਧ ਪ੍ਰਕਾਸ਼ਤ ਕੀਤੇ ਅਤੇ ਖੋਜ ਸਮੱਗਰੀ ਇਕੱਤਰ ਕੀਤੀ ਤੇ ਇਸ ਤਰ੍ਹਾਂ ਸਿੱਖਾਂ ਦਾ ਧਿਆਨ ਆਪਣੇ ਵਿਰਸੇ ਵੱਲ ਦੁਆਇਆ ।

ਅੰਗਰੇਜ਼ੀ ਕਾਲ ਦੇ ਸਿੱਖ ਇਤਿਹਾਸ ਦੀਆਂ ਸਮੱਸਿਆਵਾਂ ਆਪਣੀ ਕਿਸਮ ਦੀਆਂ ਹਨ । ਜਿਨ੍ਹਾਂ ਨੇ ਅੰਗਰੇਜ਼ਾਂ ਕੋਲੋਂ ਜਾਗੀਰਾਂ ਸਵੀਕਾਰ ਕਰ ਲਈਆਂ ਤੇ ਉਨ੍ਹਾਂ ਦੇ ਵਫ਼ਾਦਾਰ ਬਣ ਗਏ । ਉਹ ਤਾਂ ਉਘੇ ਮੁੱਖੀਏ ਬਣ ਗਏ, ਪਰ ਜਿਨ੍ਹਾਂ ਹੱਠ ਧਰਮੀ ਨਾਲ ਅੰਗਰੇਜ਼ਾਂ ਦਾ ਵਿਰੋਧ ਕੀਤਾ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਖ਼ਤਮ ਕਰ ਦਿੱਤਾ । ਮਿਸਾਲ ਦੇ ਤੌਰ 'ਤੇ ਸਰਦਾਰ ਗੁਰਦਿੱਤ ਸਿੰਘ ਕਰਨਾਲ ਵਾਲੇ ੧੮੦੩ ਈ: ਦੀ ਦਿੱਲੀ ਦੀ ਲੜਾਈ ਵਿੱਚ ਮਰਹੱਟਿਆਂ ਵਲੋਂ ਹੋ ਕੇ ਅੰਗਰੇਜ਼ਾਂ ਵਿਰੁੱਧ ਲੜੇ । ਅੰਗਰੇਜ਼ਾਂ ਉਸ ਨੂੰ ਖ਼ਤਮ ਕਰ ਦਿੱਤਾ । ਭਾਈ ਮਹਾਰਾਜ ਸਿੰਘ, ਸ਼ੇਰ ਸਿੰਘ, ਚਤਰ ਸਿੰਘ, ਅਟਾਰੀ ਵਾਲੇ, ਦੀਵਾਨ ਮੂਲ ਰਾਜ, ਹਾਕਿਮ ਰਾਏ, ਆਦਿ ਅਨੇਕਾਂ ਵਿਅਕਤੀਆਂ ਅੰਗਰੇਜ਼ਾਂ ਦੀਆਂ ਜ਼ੇਲ੍ਹਾਂ ਵਿੱਚ ਹੀ ਗੁਜ਼ਰ ਗਏ । ਬਾਬਾ ਬਿਕਰਮਾ ਸਿੰਘ ਊਨੇ ਵਾਲੇ ਅੰਮ੍ਰਿਤਸਰ ਵਿਚ ਹੀ ਨਜ਼ਰਬੰਦ ਰਹੇ ਤੇ ਇਥੇ ਹੀ ਪ੍ਰਾਣ ਤਿਆਗ ਗਏ । ਰਾਮ ਸਿੰਘ ਪਠਾਨੀਆ ਨੂਰਪੁਰ ਬੜੀ ਬਹਾਦਰੀ ਨਾਲ ਅੰਗਰੇਜ਼ਾਂ ਵਿਰੁੱਧ ਲੜਿਆ । ਹੁਣ ਸਮਾਂ ਹੈ ਕਿ ਇਹੋ ਜਿਹੇ ਸਵਤੰਤਰਤਾ ਸੰਗਰਾਮੀਆਂ ਦੇ ਜੀਵਨ ਲਿਖੇ ਜਾਣ । ਸਾਡੀ ਪੁਸਤਕ 'ਪੰਜਾਬ ਦੇ ਮੁੱਢਲੇ ਸਵਤੰਤਰਤਾ ਸੰਗਰਾਮੀਏ' ਇਸ ਪਾਸੇ ਇਕ ਨਿਮਾਣਾ ਜਿਹਾ ਯਤਨ ਹੈ ।

ਅੰਗਰੇਜ਼ੀ ਕਾਲ ਵਿੱਚ ਅਖ਼ਬਾਰਾਂ ਦੇ ਜਾਰੀ ਹੋਣ ਨਾਲ ਸਮੇਂ ਦੀਆਂ ਘਟਨਾਵਾਂ ਨੂੰ ਇਕ ਵਿਸ਼ੇਸ਼ ਢੰਗ ਨਾਲ ਪੇਸ਼ ਕੀਤਾ ਜਾਣ ਲੱਗਾ, ਕਿਉਂਕਿ ਅਖ਼ਬਾਰਾਂ ਤੇ ਸਰਕਾਰ ਦੀ ਪਾਬੰਦੀ ਹੁੰਦੀ ਹੈ । ਸੋ ਅੰਗਰੇਜ਼ੀ ਕਾਲ ਵਿੱਚ ਇਤਿਹਾਸ ਦਾ ਸਭ ਤੋਂ ਵੱਡਾ ਸੋਮਾ ਅਖ਼ਬਾਰਾਂ

ਹਨ । ਪਰ ਇਨ੍ਹਾਂ ਦੀ ਪੜਚੋਲ ਤੇ ਨਰੀਖਣ ਬਹੁਤ ਜ਼ਰੂਰੀ ਹੈ । ਜਿਥੇ ਸਰਕਾਰ ਦਾ ਦਖ਼ਲ ਨਹੀਂ ਉਨ੍ਹਾਂ ਖੇਤਰਾਂ ਵਿਚ ਜਾਣਕਾਰੀ ਦਾ ਸਭ ਤੋਂ ਵੱਡਾ ਤੇ ਨਿਗਰ ਸੋਮਾਂ ਅਖ਼ਬਾਰਾਂ ਹਨ । ਸਿੰਘ ਸਭਾ ਲਾਹੌਰ ਤੇ ਸਿੰਘ ਸਭਾ ਅੰਮ੍ਰਿਤਸਰ ਦੀਆਂ ਸਰਗਰਮੀਆਂ 'ਖਾਲਸਾ ਅਖ਼ਬਾਰ' ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਲਈ 'ਖਾਲਸਾ ਸਮਾਚਾਰ' ਤੇ 'ਖਾਲਸਾ ਐਡਵੋਕੇਟ' ਗੁਰੂਦਆਰਾ ਲਹਿਰ ਦੇ ਅਧਿਐਨ ਲਈ 'ਅਕਾਲੀ ਤੇ ਪ੍ਰਦੇਸੀ' ਫੇਰ 'ਅਕਾਲੀ ਪੱਤਰਕਾ' ਤੇ 'ਅਜੀਤ' ਆਦਿਕ ਅਖ਼ਬਾਰਾਂ ਜਾਣਕਾਰੀ ਤੇ ਬਹੁਤ ਲਾਭਦਾਇਕ ਸੋਮੇ ਸਨ । ਭਾਈ ਮੋਹਨ ਸਿੰਘ ਵੈਦ ਤਰਨ-ਤਾਰਨ ਵਾਲਿਆਂ ਨੇ ਅਖ਼ਬਾਰਾਂ ਨੂੰ ਇਕੱਠਾ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ।ਉਨ੍ਹਾਂ ਦੀਆਂ ਅਖ਼ਬਾਰਾਂ ਦਾ ਇਕ ਸੰਗ੍ਰਹਿ ਇਨ੍ਹਾਂ ਸੱਤਰਾਂ ਦੇ ਲਿਖਾਰੀ ਨੇ 'ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ' ਖ਼ਾਲਸਾ ਕਾਲਜ, ਅੰਮ੍ਰਿਤਸਰ ਵਿੱਚ ਸੁਰੱਖਿਅਤ ਕੀਤਾ । ਇਹ ਸੰਗ੍ਰਹਿ ਉਨ੍ਹਾਂ ਦੇ ਲੜਕੇ ਸ. ਤਰਲੋਕ ਸਿੰਘ ਨੇ ਖ਼ਾਲਸਾ ਕਾਲਜ, ਅੰਮ੍ਰਿਤਸਰ ਨੂੰ ਦਿੱਤਾ ਸੀ ਤੇ ਇਨ੍ਹਾਂ ਅਖ਼ਬਾਰਾਂ ਦੇ ਫੇਰ ਨੂੰ ਕਰਮਵਾਰ ਤੇ ਲੜੀਵਾਰ ਕਰਕੇ ਜਿਲਦਾਂ ਵਿੱਚ ਸੁਰੱਖਿਅਤ ਕੀਤਾ ਗਿਆ ਹੈ । ਦੂਜਾ ਸੰਗ੍ਰਿਹ ਭਾਈ ਮੋਹਨ ਸਿੰਘ ਵੈਦ ਜੀ ਦੇ ਸਪੁੱਤਰਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਦਿੱਤਾ ਹੈ, ਜਿੱਥੇ ਉਹ ਸੁਰੱਖਿਅਤ ਹੈ ।

(ਓ) ਅੰਗਰੇਜ਼ੀ ਸਰਕਾਰ ਦੇ ਰੀਕਾਰਡ

ਅੰਗਰੇਜ਼ੀ ਸਰਕਾਰ ਦੀ ਸਭ ਤੋਂ ਵੱਡੀ ਦੇਣ ਉਨ੍ਹਾਂ ਦੇ ਸਿਲ-ਸਿਲੇ ਵਾਰ ਰੀਕਾਰਡ ਹਨ, ਜੋ ਹੁਣ ਨੈਸ਼ਨਲ ਆਰਕਾਈਲਜ਼ ਨਵੀਂ ਦਿੱਲੀ ਵਿੱਚ ਸੁਰੱਖਿਅਤ ਹਨ । ਇਹ ਮਹਿਕਮੇ ਵਾਰ ਹਨ । ਜਿਵੇਂ ਹੋਮ ਸੀਰੀਜ਼ ਪੋਲੀਟੀਕਲ, ਸੀਰੀਜ਼ ਆਦਿਕ । ਇਨ੍ਹਾਂ ਤੋਂ ਸਮੇਂ ਦੀ ਹਰ ਪ੍ਰਕਾਰ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ । ਜ਼ਿਲਿਆਂ ਦੀਆਂ ਰੀਪੋਰਟਾਂ ਆਮ ਤੌਰ ਤੇ ਸੂਬੇ ਦੇ ਗਵਰਨਰ ਕੋਲ ਜਾਂ ਸੂਬੇ ਦੀ ਸਰਕਾਰ ਦੀਆਂ ਰੀਪੋਰਟਾਂ ਕੇਂਦਰੀ ਸਰਕਾਰ ਤੇ ਕੇਂਦਰੀ ਸਰਕਾਰ ਦੀਆਂ ਵਿਸੇਸ਼ ਰੀਪੋਰਟਾਂ 'ਸੈਕਟਰੀ ਆਫ਼ ਸਟੇਟ' ਲੰਡਨ ਨੂੰ ਜਾਂਦੀਆਂ ਹਨ । ਇਹ ਸਿਲਸਿਲੇ ਵਾਰ ਰੀਕਾਰਡ ਹਰ ਪੱਧਰ 'ਤੇ ਵੇਖੇ ਜਾ ਸਕਦੇ ਹਨ । ਲੰਡਨ ਭੇਜੇ ਜਾਂਦੇ ਰੀਕਾਰਡ ਜ਼ਿਆਦਾ ਸਪੱਸ਼ਟ ਹੁੰਦੇ ਸਨ ਤੇ ਅੰਗਰੇਜ਼ੀ ਸਰਕਾਰ ਦੀ ਪਾਲਸੀ ਦੀ ਪ੍ਰੋੜ੍ਹਤਾ ਕਰਦੇ ਸਨ ।

ਸਰਕਾਰੀ ਰੀਕਾਰਡ ਤੋਂ ਇਲਾਵਾ ਅੰਗਰੇਜ਼ ਕਰਮਚਾਰੀਆਂ ਦੇ ਜ਼ਾਤੀ ਜਾਂ ਪਰਾਈਵੇਟ ਚਿੱਠੀਆਂ ਖੋਜ ਦੀ ਦ੍ਰਿਸ਼ਟੀ ਤੋਂ ਜ਼ਿਆਦਾ ਲਾਭਦਾਇਕ ਹਨ । ਉਨ੍ਹਾਂ ਵਿੱਚ ਉਹ ਆਪਣੇ ਮਨ ਦੀ ਅਸਲੀ ਗੱਲ ਕਰਦੇ ਸਨ । ਮਿਸਾਲ ਦੇ ਤੌਰ 'ਤੇ ਸਰ-ਹੈਨਰੀ ਹਾਰਡਿੰਗ ਜਿਸਨੇ ਸਿੱਖਾਂ ਨਾਲ ਪਹਿਲੀ ਲੜਾਈ ਲੜੀ ਤੇ ਜਿਸਨੂੰ ਸਿੱਖ 'ਟੁੰਡਾ ਲਾਟ' ਕਹਿੰਦੇ ਸਨ, ਦੀਆਂ ਆਪਣੀ ਧਰਮ-ਪਤਨੀ ਨੂੰ ਅੰਗਰੇਜ਼ਾਂ ਤੇ ਸਿੱਖਾਂ ਦੀ ਜੰਗ ਸਮੇਂ ਲਿਖੀਆਂ ਚਿੱਠੀਆਂ ਉਸ ਦੇ ਮਨ ਦੀ ਗੱਲ ਦਾ ਅਸਲ ਪ੍ਰਗਟਾ ਕਰਦੀਆਂ ਹਨ । ਉਨ੍ਹਾਂ ਵਿੱਚ ਉਹ ਗੁਲਾਬ ਸਿੰਘ ਨੂੰ ਏਸ਼ੀਆ ਦਾ ਸਭ ਤੋਂ ਵੱਡਾ ਬਦਮੁਆਸ਼ ਦੱਸਦਾ ਹੈ, ਕਿ ਮੈਂ ਇਨ੍ਹਾਂ ਚਿੱਠੀਆਂ ਦੀਆਂ ਕਾਪੀਆਂ ਇੰਗਲੈਂਡ

ਵਿੱਚ ਉਸ ਦੇ ਪਿੰਡ ਪੈਨਸਹਰਸ਼ਟ ਤੋਂ ਲਿਆਂਦੀਆਂ ਹਨ ਤੇ ਹੁਣ ਤੱਕ ਮੇਰੇ ਕੋਲ ਅਣ-ਛਪੀਆਂ ਪਈਆਂ ਹਨ ।

ਅੰਗਰੇਜ਼ੀ ਸਰਕਾਰ ਅਧੀਨ ਇਕ ਮਹਿਕਮਾ ਸੀ.ਆਈ.ਡੀ. ਹੁੰਦਾ ਸੀ, ਉਹ ਖੋਜ ਕਰਦਾ ਤੇ ਗੁਪਤ ਪ੍ਰਕਾਸ਼ਨਾਵਾਂ ਕਰਦਾ ਸੀ । ਗੁਪਤ ਪ੍ਰਕਾਸ਼ਨਾਵਾਂ ਤੋਂ ਭਾਵ ਇਹ ਹੈ ਕਿ ਉਹ ਕੇਵਲ ਸਰਕਾਰੀ ਕੰਮਾਂ ਵਾਸਤੇ ਹੀ ਵਰਤੀਆਂ ਜਾਂਦੀਆਂ ਸਨ । ਇਸ ਕਿਸਮ ਦੀਆਂ ਪ੍ਰਕਾਸ਼ਨਾਵਾਂ ਸਮੇਂ ਦਾ ਇਤਿਹਾਸ ਲਿਖਣ ਲਈ ਬਹੁਤ ਲਾਭਦਾਇਕ ਹਨ । ਇਤਿਹਾਸ ਬਾਰੇ ਕੁਝ ਕੁ ਪੁਸਤਕਾਂ ਜਾਂ ਰਿਪੋਰਟਾਂ ਇਹ ਹਨ:-

੧. ਡੀ: ਪੈਟਰੀ ਦੀ ਰੀਪੋਟ 'ਡੀਵੈਲਪਮੈਂਟ ਆਫ਼ ਸਿੱਖ ਪਾਲੇਟਿਕਸ', (੧੯੦੦-੧੯੦੧) ਈ. ।

੨. 'ਨਾਨ ਕੋਆਪਰੇਸ਼ਨ, ਖਿਲਾਫ਼ਤ ਐਂਡ ਗੁਰਦੁਆਰਾ ਰੀਫ਼ਾਰਮ ਮੂਵਮੈਂਟ ।

੩. 'ਐਨ ਅਕਾਊਂਟ ਆਫ ਗ਼ਦਰ ਕਾਨਸਪੀਰੇਸੀ (੧੯੧੩-੧੫) ਕ੍ਰਿਤ ਆਈਸ ਮਾਂਗਰ ਐਂਡ ਜੇ ਸਲੈਟਰੀ ਆਫ਼ ਇੰਡੀਅਨ ਪੋਲੀਸ ।

ਅੰਗਰੇਜ਼ੀ ਕਾਲ ਦੇ ਸਿੱਖ ਇਤਿਹਾਸ ਦੀ ਖੋਜ ਦਾ ਆਦਰਸ਼ ਇਹ ਹੋਣਾ ਚਾਹੀਦਾ ਹੈ ਕਿ ਖੋਜਕਾਰ ਸਰਕਾਰੀ ਰੀਕਾਰਡ ਅਖ਼ਬਾਰਾਂ ਪੁਲਸ ਦੀਆਂ ਰੀਪੋਰਟਾਂ ਆਦਿਕ ਸਾਰੀ ਸਮੱਗਰੀ ਦਾ ਪੜਚੋਲਵੀਂ ਅੱਖ ਨਾਲ ਅਧਿਐਨ ਕਰਕੇ ਸਿੱਟੇ ਕੱਢੇ । ਅੰਗਰੇਜ਼ੀ ਰੀਕਾਰਡ ਵਿੱਚ ਸਰਕਾਰ ਦੇ ਹੱਕ ਵਿੱਚ ਕਈ ਵਿੰਗ-ਟੇਢ ਹੁੰਦੇ ਹਨ, ਉਨ੍ਹਾਂ ਨੂੰ ਠੀਕ ਕਰਕੇ ਵੇਖਣਾ ਤੇ ਇਤਿਹਾਸਕ ਦ੍ਰਿਸ਼ਟੀ ਤੋਂ ਪੇਸ਼ ਕਰਨਾ ਹੈ । ਮਿਸਾਲ ਦੇ ਤੌਰ ਤੇ ਅੰਗਰੇਜ਼ ਰੀਕਾਰਡ ਇਹ ਦੱਸਦੇ ਹਨ ਕਿ ੧੮੩੮ ਈ. ਵਿੱਚ ਫਿਰੋਜ਼ਪੁਰ ਛਾਉਣੀ ਅਸਥਾਪਤ ਹੋਈ ਤੇ ਲੁਧਿਆਣੇ ਵਿੱਚ ਰੱਖੀਆਂ ਤੋਪਾਂ ਤੇ ਫੌਜਾਂ ਵਿੱਚ ਵਾਧਾ ਕੀਤਾ ਗਿਆ । ਇਸ ਤੋਂ ਪਿਛੋਂ ਅੰਬਾਲਾ, ਕਸੌਲੀ ਤੇ ਸ਼ਿਮਲੇ ਵੀ ਛਾਉਣੀਆਂ ਬਣਾਈਆਂ ਗਈਆਂ । ੧੮੪੫ ਵਿਚ ਸਰ ਹੈਨਰੀ ਹਾਰਡਿੰਗ' ਭਾਰਤ ਆਇਆ ਤਾਂ ਇਨ੍ਹਾਂ ਸਾਰੀਆਂ ਛਾਉਣੀਆਂ ਵਿੱਚ ਫੌਜਾਂ ਤੇ ਤੋਪਾਂ ਦਾ ਬਹੁਤ ਵਾਧਾ ਕੀਤਾ ਗਿਆ । ਇਸ ਤਰ੍ਹਾਂ ਇਹ ਸਪੱਸ਼ਟ ਹੈ ਕਿ ਅੰਗਰੇਜ਼ਾਂ ਦਾ ਪੰਜਾਬ ਦੀ ਸਰਹੱਦ ਤੇ ਐਨੀਆਂ ਫੌਜਾਂ ਦਾ ਇਕੱਠ ਕਰਨਾ ਲਹੌਰ ਦਰਬਾਰ ਨਾਲ ਜੰਗ ਦੀ ਤਿਆਰੀ ਸੀ ਤੇ ਜਿਸ ਦੀ ਯੋਜਨਾ ਬਹੁਤ ਚਿਰ ਪਹਿਲਾਂ ਬਣਾਈ ਗਈ ਸੀ । ਸੁਘੜ ਖੋਜਕਾਰ ਇਸ ਤਰ੍ਹਾਂ ਜੁੜਵੇ ਤੱਤ ਇਕੱਠੇ ਕਰਕੇ ਠੀਕ ਨਤੀਜੇ ਤੇ ਪੁੱਜ ਸਕਦਾ ਹੈ ।

(ਅ) ਸਿੱਖਾਂ ਦਾ ਫੌਜੀ ਇਤਿਹਾਸ

ਅੰਗਰੇਜ਼ੀ-ਕਾਲ ਵਿੱਚ ਸਿੱਖਾਂ ਨੇ ਸ਼ਾਨਦਾਰ ਫੌਜੀ ਕਾਰਨਾਮੇ ਕੀਤੇ । ਦੇਸ਼ ਅਤੇ ਪ੍ਰਦੇਸ਼ ਵਿੱਚ ਬਹੁਤ ਬਹਾਦਰੀ ਨਾਲ ਲੜੇ । ਜਦੋਂ ਕੋਈ ਸਿੱਖਾਂ ਦਾ 'ਡੈਪੂਟੇਸ਼ਨ ਕਮਾਂਡਰ ਇਨ ਚੀਫ਼' ਜਾਂ ਵਾਇਸਰਾਏ ਨੂੰ ਮਿਲ ਕੇ ਮੈਮੋਰੰਡਮ ਦੇਂਦਾ ਤਾਂ ਉਹ ਆਮ ਤੌਰ 'ਤੇ ਲਿਖਤੀ-ਬਿਆਨ ਦਿਆ

ਕਰਦੇ ਸਨ ।ਇਸ ਤਰ੍ਹਾਂ ਅੰਗਰੇਜ਼ ਅਫ਼ਸਰਾਂ ਦੇ ਦਿੱਤੇ ਬਿਆਨ ਹੁਣ ਵੀ ਚੀਫ਼ ਖਾਲਸਾ ਦੀਵਾਨ, ਸ੍ਰੀ ਅੰਮ੍ਰਿਤਸਰ ਦੇ ਪੁਰਾਣੇ ਰੀਕਾਰਡ ਵਿੱਚੋਂ ਲੱਭੇ ਜਾ ਸਕਦੇ ਹਨ ।

ਇਹਨਾਂ ਬਿਆਨਾਂ ਵਿੱਚ ਉਹ ਉਹਨਾਂ ਲੜਾਈਆਂ ਦੇ ਕਥਨ ਕਰਦੇ, ਜਿਨ੍ਹਾਂ ਵਿੱਚ ਸਿੱਖਾਂ ਨੇ ਬਹੁਤ ਬਹਾਦਰੀ ਦਿਖਾਈ ਹੁੰਦੀ ।ਮਿਸਾਲ ਦੇ ਤੌਰ 'ਤੇ ਗਾਲੀਪੋਲੀ ਦੀ ਲੜਾਈ ।ਇਟਲੀ ਦੇ ਇਸ ਅਸਥਾਨ ਤੋਂ ਪਹਿਲੇ ਸੰਸਾਰ-ਯੁੱਧ ਸਮੇਂ ਸਿੱਖਾਂ ਨੇ ਵਿਸ਼ੇਸ਼ ਬਹਾਦਰੀ ਦਿਖਾਈ-ਫ਼ਿਰੋਜ਼ਪੁਰ ਸਿੱਖਸ ਦੇ ਬਹੁਤ ਸਾਰੇ ਸਿੰਘ ਮਾਰੇ ਗਏ । ਅੰਗਰੇਜ਼ ਸਦਾ ਇਸ ਲੜਾਈ ਦੀ ਪ੍ਰਸ਼ੰਸਾ ਕਰਦੇ । ਸਾਰਾਗੜ੍ਹੀ ਦਾ ਸਾਕਾ ਵੀ ਸਿੱਖਾਂ ਦੇ ਫੌਜੀ ਇਤਿਹਾਸ ਦਾ ਸ਼ਾਨਦਾਰ ਕਾਰਨਾਮਾ ਹੈ । ਇਸ ਤ੍ਰਾਂ ਦੇ ਹੋਰ ਵੀ ਕਈ ਕਾਰਨਾਮੇ ਹਨ ।ਜਿਹਨਾਂ ਦੇ ਆਧਾਰ ਤੇ ਕਈਆਂ ਸਿੱਖਾਂ ਨੂੰ 'ਵਿਕਟੋਰੀਆ ਕਰਾਸ' ਮਿਲੇ ਹਨ ।ਲੋੜ ਹੈ, ਕੋਈ ਸਿੱਖ ਖੋਜਕਾਰ ਸਾਰੇ ਅੰਗਰੇਜ਼ੀ-ਕਾਲ ਦਾ ਫੌਜੀ ਇਤਿਹਾਸ ਲਿਖੇ । ਇਸ ਕੰਮ ਲਈ ਰੈਜੀਮੈਂਟਲ ਹਿਸਟਰੀਆਂ ਜੋ ਹਰ ਰੈਜਮੈਂਟ ਵਿੱਚ ਮੌਜੂਦ ਹਨ, ਲਾਭਦਾਇਕ ਹੋ ਸਕਦੀਆਂ ।ਪਹਿਲੇ ਸੰਸਾਰ-ਯੁੱਧ ਤੇ ਦੂਜੇ ਸੰਸਾਰ-ਯੁੱਧ ਦਾ ਵਿਸਥਾਰਕ ਇਤਿਹਾਸ ਕਈ ਜਿਲਦਾਂ ਵਿੱਚ ਲਿਖਿਆ ਮਿਲਦਾ ਹੈ ।ਉਹਨਾਂ ਵਿੱਚੋਂ ਸਿੱਖ-ਫੌਜੀਆਂ ਦੇ ਤੱਤ ਅੱਡ ਕਰਕੇ ਸਿੱਖਾਂ ਦੇ ਫੌਜੀ ਇਤਿਹਾਸ ਦੀ ਉਸਾਰੀ ਕੀਤੀ ਜਾ ਸਕਦੀ ਹੈ ।ਲੋੜ ਹੈ, ਦ੍ਰਿੜ੍ਹਤਾ ਤੇ ਲਗਨ ਨਾਲ ਕੰਮ ਕਰਨ ਦੀ ।

(ੲ) ਪੰਜਾਬ ਦਾ ਬਟਵਾਰਾ ੧੯੪੭

ਪੰਜਾਬ ਦੇ ਬਟਵਾਰੇ ਦੀ ਸਭ ਤੋਂ ਪਹਿਲਾਂ ਮੰਗ ਕਰਨ ਵਾਲੇ ਸਿੱਖ ਸਨ ।੧੯੩੦ ਵਿੱਚ ਗੋਲ-ਮੇਜ ਕਾਨਫਰੰਸ ਲੰਡਨ ਵਿੱਚ ਸਿੱਖਾਂ ਨੇ 'ਪੰਜਾਬ ਦੇ ਬਟਵਾਰੇ' ਦੀ ਮੰਗ ਉਸ ਸਮੇਂ ਕੀਤੀ ਜਦੋਂ ਪਾਕਿਸਤਾਨ ਦਾ ਹਾਲੀ ਨਾਮ-ਨਿਸ਼ਾਨ ਨਹੀਂ ਸੀ ।ਪੰਜਾਬ ਦੇ ਬਟਵਾਰੇ ਲਈ ਸਭ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਹੀ ਕੀਤੀਆਂ । ਜਿਸ ਦਾ ਸਿੱਟਾ ਇਹ ਹੋਇਆ ਕਿ ਪੰਜਾਬ ਦਾ ਅੱਧਾ ਹਿੱਸਾ ਭਾਰਤ ਵਿੱਚ ਰਹਿ ਗਿਆ । ਪਰ ਬਦ-ਕਿਸਮਤੀ ਦੀ ਗੱਲ ਇਹ ਹੈ ਕਿ ਭਾਰਤ ਦੀ ਵੰਡ ਸਮੇਂ ਸਭ ਤੋਂ ਬਦਨਾਮ ਵੀ ਸਿੱਖ ਹੀ ਹੋਏ । ਸਿੱਖ ਇਤਿਹਾਸ ਵਿੱਚ ਅਤੇ ਪੰਜਾਬ ਦੇ ਇਤਿਹਾਸ ਵਿੱਚ 'ਪੰਜਾਬ ਦਾ ਬਟਵਾਰਾ' ਇਕ ਅਦੁੱਤੀ ਘਟਨਾ ਹੈ । ਸੰਸਾਰ ਦੇ ਇਤਿਹਾਸ ਵਿੱਚ ਇਹ ਕਿਧਰੇ ਨਹੀਂ ਹੋਇਆ ਕਿ ਕੇਵਲ ਦੋ-ਤਿੰਨ ਮਹੀਨਿਆਂ ਵਿੱਚ ਦੋ ਕਰੋੜ ਆਬਾਦੀ ਦਾ ਤਬਾਦਲਾ ਹੋਇਆ ਹੋਵੇ ।

ਪੰਜਾਬ ਦੇ ਬਟਵਾਰੇ ਦੀ ਵਿਸ਼ੇਸ਼ਤਾ ਨੂੰ ਮੁੱਖ ਰੱਖਦਿਆਂ ਹੋਇਆ ਇਹਨਾਂ ਸਤਰਾਂ ਦੇ ਲਿਖਾਰੀ ਨੇ ਇਸ ਦੇ ਵੱਖ-ਵੱਖ ਪੱਖਾਂ ਤੋਂ ਕੰਮ ਕਰਨਾ ਆਰੰਭਿਆ । ਪੁਸਤਕ 'ਕਲਕੱਤੇ ਦੇ ਫਸਾਦਾਂ ਵਿੱਚ ਸਿੱਖਾਂ ਦੀ ਸੇਵਾ' ੧੯੪੬ ਈਸਵੀ ਖਾਲਸਾ ਕਾਲਜ, ਅੰਮ੍ਰਿਤਸਰ ਨੇ ੧੯੫੭ ਵਿੱਚ ਪ੍ਰਕਾਸ਼ਤ ਕੀਤੀ ।ਅਕਾਲੀ ਚੱਕਰ ਕੌਰ ਸਿੰਘ ਦੀ ਡਾਇਰੀ ੧੯੫੯ ਵਿੱਚ 'ਖਾਲਸਾ ਸਮਾਚਾਰ' ਨੇ ਪ੍ਰਕਾਸ਼ਤ ਕੀਤੀ । ਅਕਾਲੀ ਚੱਕਰ ਕੌਰ ਸਿੰਘ ਕਸ਼ਮੀਰ ਦੀਆਂ ਸਿੱਖ ਬੀਬੀਆਂ ਨੂੰ ਜੋ

ਪਾਕਿਸਤਾਨ ਰਹਿ ਗਈਆਂ ਸਨ; ਜਿਹਨਾਂ ਬਾਰੇ ਭਾਰਤ ਸਰਕਾਰ ਫੇਲ੍ਹ ਹੋ ਚੁੱਕੀ ਸੀ, ਕੱਢਣ ਵਿੱਚ ਕਾਮਯਾਬ ਹੋਏ ਤੇ ਭਾਰਤ ਵਿੱਚੋਂ ਮੁਸਲਮਾਨ ਬੀਬੀਆਂ ਨੂੰ ਵੀ ਕੱਢਿਆ । ਇਸ ਪੁਸਤਕ ਦਾ ਸਿਰਲੇਖ ਹੈ : 'ਪਾਕਿਸਤਾਨ ਦੇ ਸਫ਼ਰ' ।੧੯੬੪ ਵਿੱਚ ਚੀਫ਼ ਖਾਲਸਾ ਦੀਵਾਨ ਨੇ ਮੇਰੀ ਪੁਸਤਕ 'ਸ਼ਹੀਦੀਆਂ' ਛਾਪੀ, ਜਿਸ ਵਿਚ ਪਾਕਿਸਤਾਨ ਵਿੱਚ ਹੋਏ ਸ਼ਹੀਦੀ ਸਾਕੇ ਪਹਿਲੇ ਲੱਭੇ ਤੇ ਫੇਰ ਜ਼ਿਲੇ ਵਾਰ ਪ੍ਰਕਾਸ਼ਤ ਕੀਤੇ । ਇਹ ਪੁਸਤਕ ਹੁਣ ਵੀ ਮਿਲਦੀ ਹੈ । ਮੇਰੀ ਪੁਸਤਕਾ 'ਪੰਜਾਬ ਦਾ ਬਟਵਾਰਾ' ਤੇ 'ਪਾਰਟੀਸ਼ਨ ਆਫ਼ ਪੰਜਾਬ', ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਛਾਪੀਆਂ ਹਨ ।ਇਸ ਲੜੀ ਦੀ ਇਕ ਹੋਰ ਕਿਤਾਬ 'ਸੀਲੈਕਟ ਡਾਕੂਮੈਂਟਸ ਔਨ ਪਾਰਟੀਸ਼ਨ ਆਫ਼ ਪੰਜਾਬ' ਹੁਣੇ ਹੀ ਪ੍ਰਕਾਸ਼ਤ ਹੋਈ ਹੈ । ਇਸ ਵਿੱਚ ਇੰਗਲੈਂਡ ਤੇ ਭਾਰਤ ਦੀਆਂ ਵੱਖ-ਵੱਖ ਲਾਇਬਰੇਰੀਆਂ ਵਿਚੋਂ ਮਸਾਲਾ ਇਕੱਤਰ ਕੀਤਾ ਗਿਆ ਹੈ ।

ਇਸ ਮਹਾਨ ਘਟਨਾ ਭਾਵ ਪਾਰਟੀਸ਼ਨ ਆਫ਼ ਪੰਜਾਬ ਤੋਂ ਹੋਰ ਕੰਮ ਕਰਨ ਦੀ ਕਾਫ਼ੀ ਗੁੰਜ਼ਾਇਸ਼ ਹੈ । ਇਸ ਵਿਸ਼ੇ 'ਤੇ ਇਕ ਜਾਂ ਦੋ ਹੋਰ ਕਿਤਾਬਾਂ ਲਿਖਣ ਦੀ ਯੋਜਨਾ ਬਣਾਈ ਹੈ। ਵਾਹਿਗੁਰੂ ਦੀ ਬਖਸ਼ਸ਼ ਨਾਲ, ਸਿਰੇ ਚਾੜ੍ਹਨ ਦਾ ਯਤਨ ਕਰਾਂਗਾ ।

ਆਜ਼ਾਦ ਭਾਰਤ ਵਿੱਚ ਸਿੱਖ ਇਤਿਹਾਸ

ਆਜ਼ਾਦ ਭਾਰਤ ਵਿੱਚ ਸਿੱਖ ਇਤਿਹਾਸ ਦੇ ਖੋਜ ਦੀ ਸਮੱਸਿਆ ਬਹੁਤ ਗੰਭੀਰ ਹੋ ਗਈ ਹੈ । ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੇ ਅੰਤ ਤੱਕ ਸਿੱਖ ਇਤਿਹਾਸ ਦੀ ਸਮੱਗਰੀ ਫ਼ਾਰਸੀ ਵਿਚ ਮਿਲਦੀ ਹੈ । ਅਗਲੀ ਪੀੜ੍ਹੀ ਵਿੱਚ ਫ਼ਾਰਸੀ ਜਾਂ ਉਰਦੂ ਜਾਣਨ ਵਾਲੇ ਬਹੁਤ ਹੀ ਟਾਵੇਂ-ਟਾਵੇਂ ਮਿਲਦੇ ਹਨ । ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨੇ ਫ਼ਾਰਸੀ ਸਰੋਤ ਪੁਸਤਕਾਂ ਦੇ ਉਲਥੇ ਕਰਵਾਉਣ ਅਰੰਭੇ ਹਨ । ਸਾਰੀ ਸਮੱਗਰੀ ਨੂੰ ਪੰਜਾਬੀ ਉਲਥਾਉਣ ਵਿਚ ਬਹੁਤ ਸਮਾਂ ਲੱਗੇਗਾ । ਕੁਝ ਅੰਗਰੇਜ਼ੀ ਵਿੱਚ ਤਰਜ਼ਮੇ ਮੌਜੂਦ ਹਨ । ਉਸ ਨਾਲ ਕੰਮ ਸਾਰਿਆ ਜਾ ਸਕਦਾ ਹੈ । ਕੁਝ ਸਮੇਂ ਲਈ ਇਸ ਨਾਲ-ਨਾਲ ਉਰਦੂ ਫ਼ਾਰਸੀ ਪੜ੍ਹਾਉਣ ਦਾ ਪ੍ਰਬੰਧ ਸਕੂਲਾਂ ਕਾਲਜਾਂ ਵਿੱਚ ਹੋਣਾ ਚਾਹੀਦਾ ਹੈ ।

ਵਿਗਿਆਨ ਤੇ ਟੈਕਨਾਲੌਜੀ ਨੇ ਮਨੁੱਖੀ ਜੀਵਨ ਬਦਲ ਦਿੱਤਾ ਹੈ । ਰੇਡੀਉ ਅਤੇ ਟੈਲੀਵਿਜ਼ਨ ਦਾ ਐਨਾ ਪਰਚਾਰ ਤੇ ਪਸਾਰਾ ਹੈ ਕਿ ਸਰਕਾਰੀ ਕਥਨ ਤੋਂ ਬਗੈਰ ਕਿਸੇ ਦੂਜੇ ਕਥਨ ਦਾ ਪਤਾ ਨਹੀਂ ਲਗਦਾ, ਅਸਲੀਅਤ ਜਾਣਨ ਵਾਸਤੇ ਕਿਸੇ ਘਟਨਾ ਦੇ ਸਾਰੇ ਪੱਖ ਵੇਖਣੇ ਪੈਂਦੇ ਹਨ । ਦੂਜੇ ਦੇਸ਼ਾਂ ਵਿੱਚ ਤੇ ਵਿਸ਼ੇਸ਼ ਕਰਕੇ ਇੰਗਲੈਂਡ ਵਿੱਚ ਤੀਹ ਸਾਲ ਪਿੱਛੋਂ ਹਰ ਕੋਈ ਸਰਕਾਰੀ ਰੀਕਾਰਡ ਵੇਖ ਸਕਦਾ ਹੈ । ਪਰ ਸਾਡੇ ਦੇਸ਼ ਵਿੱਚ ਹਾਲੀ ਇਹ ਪਰੰਪਰਾ ਚਾਲੂ ਨਹੀਂ ਹੋਈ ।

ਪਹਿਲਾਂ ਲੋਕੀਂ ਡਾਇਰੀਆਂ ਜਾਂ ਰੋਜ਼ਨਾਮਚੇ ਲਿਖਦੇ ਸਨ ।ਹੁਣ ਸਮੇਂ ਦੀ ਚਾਲ ਨਾਲ ਉਹ ਰਿਵਾਜ਼ ਘੱਟਦਾ ਜਾਂਦਾ ਹੈ, ਕਿਉਂਕਿ ਲੋਕਾਂ ਦਾ ਜੀਵਨ ਸੰਘਰਸ਼ ਵੱਧਦਾ ਜਾਂਦਾ ਹੈ । ਉਸ ਦਾ ਇਕੋ ਇਕ ਹੱਲ ਇਹ ਹੈ ਕਿ ਮੌਖਕ ਇਤਿਹਾਸ ਦੇ ਕੇਂਦਰ ਖੋਲ੍ਹੇ ਜਾਣ ।ਜੋ ਵਿਅਕਤੀ ਕਿਸੇ ਸੰਘਰਸ਼ ਦੇ ਮੋਹਰੀ ਰਹੇ ਹੋਣ ਜਾਂ ਜਿਨ੍ਹਾਂ ਕਿਸੇ ਲਹਿਰ ਵਿੱਚ ਵਿਸ਼ੇਸ਼ ਹਿੱਸਾ ਲਿਆ ਹੋਵੇ, ਜਾਂ ਕਿਸੇ ਮੋਰਚੇ ਦੀ ਅਗਵਾਈ ਕੀਤੀ ਹੋਵੇ, ਉਨ੍ਹਾਂ ਦੇ ਬਿਆਨ ਟੇਪ ਰੀਕਾਰਡ ਕਰ ਲਏ ਜਾਣ। ਟੇਪ ਰੀਕਾਰਡਾਂ ਤੋਂ ਲਿਖਤਾਂ ਬਣਾ ਕੇ ਸੁਰੱਖਿਅਤ ਕਰ ਲਈਆਂ ਜਾਣ ।ਮਿਸਾਲ ਦੇ ਤੌਰ 'ਤੇ ਉਪਰੇਸ਼ਨ ਬਲਯੂ-ਸਟਾਰ ਨੂੰ ਅੱਖੀਂ ਵੇਖਣ ਵਾਲੇ ਬਹੁਤ ਸਾਰੇ ਲੋਕ ਮੌਜੂਦ ਹਨ ।ਇਕ ਕਮੇਟੀ ਬਣਾ ਕੇ ਉਨ੍ਹਾਂ ਵਿਅਕਤੀਆਂ ਦੀ ਚੋਣ ਕਰਨੀ ਚਾਹੀਦੀ ਹੈ ।ਜਿਨ੍ਹਾਂ ਨੇ ਸਭ ਕੁਝ ਅੱਖੀਂ ਵੇਖਿਆ ਹੈ । ਕੁਝ ਪ੍ਰਸ਼ਨ ਬਣਾ ਲੈਣੇ ਚਾਹੀਦੇ ਹਨ, ਉਨ੍ਹਾਂ ਦਾ ਹੀ ਉਹ ਉਤਰ ਦੇਣ-ਵਾਧੂ ਗੱਲ ਨਾਂ ਕਰਨ ਇਸ ਤਰ੍ਹਾਂ ਦੀ ਇਕੱਠੀ ਕੀਤੀ ਸਮੱਗਰੀ ਆਉਣ ਵਾਲੇ ਸਮੇਂ ਵਿੱਚ ਜਾਣਕਾਰੀ ਦਾ ਵਿਸ਼ੇਸ਼ ਸੋਮਾ ਹੋਵੇਗਾ ।

ਇਹ ਕੋਈ ਅਣਹੋਣੀ ਗੱਲ ਨਹੀਂ ਕਰ ਰਿਹਾ ।ਅਮਰੀਕਾ ਦੀਆਂ ਤਕਰੀਬਨ ਸਾਰੀਆਂ ਯੂਨੀਵਰਸਿਟੀਆਂ ਵਿੱਚ ਮੌਖਿਕ ਇਤਿਹਾਸ (ਔਰਲ ਹਿਸਟਰੀ) ਦੇ ਮਹਿਕਮੇ ਖੁਲ੍ਹੇ ਹਨ । ਹਰ ਇਕ ਕੇਂਦਰ ਨੇ ਕੰਮ ਕਰਨ ਦੀ ਆਪਣੀ ਯੋਜਨਾ ਬਣਾਈ ਹੈ, ਜੋ ਉਨ੍ਹਾਂ ਦੇ ਹਾਲਾਤ ਦੇ ਅਨਕੂਲ ਹੈ ।ਅਸੀਂ ਵੀ ਆਪਣੇ ਢੰਗ ਨਾਲ ਮੌਖਕ ਇਤਿਹਾਸ ਦੀ ਸਮੱਗਰੀ ਇਕੱਠੀ ਕਰ ਸਕਦੇ ਹਾਂ। ਜੋ ਸਮਕਾਲੀ ਜਾਂ ਅਰਧ ਸਮਕਾਲੀ ਇਤਿਹਾਸ ਲਿਖਣ ਵਿੱਚ ਸਹਾਇਤਾ ਕਰ ਸਕਦੀ ਹੈ ।

ਇਤਹਾਸ ਕੌਮਾਂ ਦੀ ਜ਼ਿੰਦ ਜਾਨ ਹੈ ।ਸਿੱਖ ਦੋ ਵੇਲੇ ਆਪਣੇ ਇਤਿਹਾਸ ਨੂੰ ਅਰਦਾਸ ਵਿੱਚ ਦੁਹਰਾਉਂਦੇ ਹਨ । ਸੰਸਾਰ ਤੇ ਸ਼ਾਇਦ ਹੀ ਕੋਈ ਹੋਰ ਕੌਮ ਇਸ ਤਰ੍ਹਾਂ ਕਰਦੀ ਹੋਵੇ। ਗੁਰੂ ਅਮਰਦਾਸ ਜੀ ਨੇ ਕਿਹਾ ਹੈ:-

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ।। (ਪੰਨਾ ੯੫੧)

ਬਾਬਾਣੀਆਂ ਕਹਾਣੀਆਂ ਦਾ ਖੋਜਕਾਰ ਨਿਰਭਉ, ਨਿਰਵੈਰ, ਨਿਰਕਪਟ ਅਤੇ ਬਿਨਾਂ ਪੱਖਪਾਤ ਹੋਣਾ ਚਾਹੀਦਾ ਹੈ ।ਦਵੈਤ ਵਾਲਾ ਲੇਖਕ ਗੁਰਮਤਿ ਦੇ ਆਸ਼ੇ ਦੇ ਉਲਟ ਹੈ । ਗੁਰੂ ਸਾਹਿਬ ਨੇ ਫ਼ੁਰਮਾਇਆ ਹੈ:-

ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ ।।
ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ ।। (੮੪)

ਜੀਵਨ ਬਿਰਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਮਹਿਮਾ ਪ੍ਰਕਾਸ਼ ਵਾਰਤਕ ਵਿਚੋਂ

ਖਾਲਸਾ ਕਾਲਜ ਅੰਮ੍ਰਿਤਸਰ ਦੇ ਸਿੱਖ ਇਤਿਹਾਸ ਖੋਜ ਵਿਭਾਗ ਦੇ ਬਹੁਮੁਲੇ ਖਰੜਿਆਂ ਵਿਚੋਂ ਇਕ "ਮਹਿਮਾ ਪ੍ਰਕਾਸ਼" (ਵਾਰਤਕ) ਹੈ ਇਹ ਖਰੜਾ ਸਭ ਤੋਂ ਪਹਿਲਾਂ ਅਕਾਲੀ ਕੌਰ ਸਿੰਘ ਜੀ ਨੂੰ ਲੱਭਾ ਤੇ ਉਸ ਨੁਸਖੇ ਤੋਂ ਭਾਈ ਵੀਰ ਸਿੰਘ ਜੀ ਨੇ ਉਤਾਰਾ ਕਰਵਾਇਆ ਜਿਸਦਾ ਉਤਾਰਾ ਖਾਲਸਾ ਕਾਲਜ ਵਾਲੀ ਲਿਖਤ ਹੈ । ਇਸੇ ਨਾਮ ਦੀ ਇਕ ਪੁਸਤਕ "ਮਹਿਮਾ ਪ੍ਰਕਾਸ਼" ਕਵਿਤਾ ਵਿਚ ਹੈ ਜਿਸਦੇ ਕਰਤਾ ਬਾਬਾ ਸਰੂਪ ਚੰਦ ਭਲੇ ਹਨ ਜਿਸ ਤਰ੍ਹਾਂ ਕਿ ਉਹ ਆਪ ਲਿਖਦੇ ਹਨ:-

ਬਹੁਤ ਜਤਨ ਮੈ ਜਪ ਤਪ ਕੀਨਾ
ਅਰ ਸੰਤ ਸਰਨ ਮਨ ਰਹਿਓ ਅਧੀਨਾ
ਤਬ ਸ੍ਰੀ ਗੁਰੂ ਅਮਰਦਾਸ ਕੁਲਚਾਰ
ਮੋਹਰੀ ਸੁਤ ਸਨਮੁਖ ਪਰਵਾਰ
ਦਸੋ ਸਰੂਪ ਕੀ ਮਹਿਮਾ ਕੀਨਾ
ਸਰੂਪ ਚੰਦ ਗੁਰ ਚਰਨ ਅਧੀਨਾ

ਗੁਰੂ ਸਾਹਿਬਾਨ ਦਾ ਇਹ ਜੀਵਨ ਬਿਰਤਾਂਤ ਸੂਰਜ ਪ੍ਰਕਾਸ਼ ਨਾਲੋਂ ਤਕਰੀਬਨ ਸੱਤਰ ਸਾਲ ਪਹਿਲਾਂ ਦਾ ਲਿਖਿਆ ਹੈ ਕਿਉਂਕਿ ਮਹਿਮਾ ਪ੍ਰਕਾਸ਼ 'ਕਵਿਤਾ' ਦੀ ਰਚਨਾ ੧੭੭੬ ਈਸਵੀ ਵਿੱਚ, ਮਹਾਰਾਜਾ ਰਣਜੀਤ ਸਿੰਘ ਦੇ ਜਨਮ ਤੋਂ ਚਾਰ ਸਾਲ ਪਹਿਲਾਂ, ਹੋਈ । ਇਸਦੇ ਬਹੁਤ ਸਾਰੇ ਉਤਾਰੇ ਸਿੱਖ ਰਾਜ ਵਿੱਚ ਹੋਏ ਤੇ ਨਾਨਕ ਪ੍ਰਕਾਸ਼ ਤੇ ਸੂਰਜ ਪ੍ਰਕਾਸ਼ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਚਾਰ ਸਾਲ ਪਿਛੋਂ (੧੮੪੩ ਈ.) ਵਿੱਚ ਸੰਪੂਰਨ ਹੋਏ । ਭਾਵੇਂ ਇਹ ਗੁਰੂ ਸਾਹਿਬਾਨ ਬਾਰੇ ਅਠਾਰਵੀਂ ਸਦੀ ਦੀ ਲਿਖਤ ਹੈ ਪਰ ਹੁਣ ਤਕ ਸੰਗਤਾਂ ਦੇ ਸਾਮਣੇ ਨਹੀਂ ਆ ਸਕੀ । ਗੁਰੂ ਨਾਨਕ ਸਾਹਿਬ ਦਾ ਇਹ ਬਿਰਤਾਂਤ ਪਹਿਲੀ ਵਾਰੀ ਛਪ ਰਿਹਾ ਹੈ।

ਜੇਕਰ ਮਹਿਮਾ ਪ੍ਰਕਾਸ਼ (ਵਾਰਤਕ) ਤੇ ਮਹਿਮਾ ਪ੍ਰਕਾਸ਼ (ਕਵਿਤਾ) ਦੇ ਖਰੜਿਆਂ ਨੂੰ ਆਮਨੇ ਸਾਮਨੇ ਰੱਖਕੇ ਟਾਕਰਾ ਕੀਤਾ ਜਾਵੇ ਤਾਂ ਇਹ ਗੱਲ ਨਿਸਚਿਤ ਹੋਵੇਗੀ ਕਿ ਦੋਹਾਂ ਵਿਚ ਜਿਥੇ ਬਿਰਤਾਂਤ ਮਿਲਦੇ ਹਨ । ਮਹਿਮਾ ਪ੍ਰਕਾਸ਼ (ਵਾਰਤਕ) ਮਹਿਮਾ ਪ੍ਰਕਾਸ਼ (ਕਵਿਤਾ) ਦਾ ਹੀ ਸੰਖੇਪ ਰੂਪ ਜਾਪਦਾ ਹੈ । ਮਹਿਮਾ ਪ੍ਰਕਾਸ਼ (ਵਾਰਤਕ) ਵਿਚ ਜੀਵਨ ਬਿਰਤਾਂਤ ਸੰਕੁਚਵੇ ਹਨ ਤੇ ਉਹ ਸਾਖੀਆਂ ਛਡੀਆਂ ਹੋਈਆਂ ਹਨ ਜਿਨ੍ਹਾਂ ਵਿੱਚ ਗਲਬਾਤ ਦਾ ਵਿਸ਼ਾ ਲੰਮੇਰਾ ਹੈ, ਜਿਵੇਂ ਕਿ ਬਾਬਾ ਜੀ ਦੀਆਂ ਗੋਸ਼ਟੀਆਂ ਤੇ ਚਰਚਾ ਜਿਹੜੀਆਂ ਕਿ ਉਨ੍ਹਾਂ ਨੇ ਭਿੰਨ-ਭਿੰਨ ਥਾਂਵਾਂ ਤੇ ਕੀਤੀਆਂ । ਨਿਮਨ ਲਿਖਤ ਸਾਖੀਆਂ ਜਿਹੜੀਆਂ ਕਿ ਮਹਿਮਾ ਪ੍ਰਕਾਸ਼ (ਕਵਿਤਾ) ਵਿਚ ਮੌਜੂਦ ਹਨ ਮਹਿਮਾ ਪ੍ਰਕਾਸ਼ (ਵਾਰਤਕ) ਵਿਚ ਨਹੀਂ ਹਨ:-

ਸਜਨ ਠੱਗ ਦੀ ਸਾਖੀ, ਬੈਸਨੋ ਨਾਲ ਚਰਚਾ, ਸਰੇਵੜੇ ਨਾਲ ਮਿਲਾਪ, ਨਾਨੂ ਪੰਡਤ ਦੀ ਸਾਖੀ, ਕਲਯੁਗ ਦੀ ਸਾਖੀ, ਸ਼ਾਹ ਸ਼ਰਫ ਫਕੀਰ ਨਾਲ ਮਿਲਾਪ, ਰਾਜਾ ਸ਼ਿਵਨਾਭ ਦੀ ਸਾਖੀ, ਬ੍ਰਹਮਨਾ ਨਾਲ ਗੁਲਬਾਤ, ਗੋਰਖ ਨਾਲ ਗਲਬਾਤ, ਕਾਰੂੰ ਨਾਲ ਮਿਲਾਪ।

ਮਹਿਮਾ ਪ੍ਰਕਾਸ਼ (ਕਵਿਤਾ) ਵਿੱਚ ਗੁਰੂ ਨਾਨਕ ਦੇਵ ਜੀ ਸੰਬੰਧੀ ਕੁਲ ੬੫ ਸਾਖੀਆਂ ਹਨ ਪਰ ਮਹਿਮਾ ਪ੍ਰਕਾਸ਼ (ਵਾਰਤਕ) ਵਿਚ ਕੇਵਲ ੨੦ ਹਨ। ਦੋਹਾਂ ਗ੍ਰੰਥਾਂ ਵਿੱਚ ਸਾਖੀਆਂ ਦੀ ਤਰਕੀਬ ਇਕੋ ਜਿਹੀ ਹੈ। ਸ਼ਬਦ ਤੋਂ ਬੋਲੀ ਵੀ ਤਕਰੀਬਨ ਇਕੋ ਹੀ ਹੈ। ਮਹਿਮਾ ਪ੍ਰਕਾਸ਼ (ਵਾਰਤਕ) ਵਿੱਚ ਸਾਖੀਆਂ ਦੀ ਚੋਣ ਬੜੀ ਸੁਚੱਜੀ ਹੈ।

''ਮਹਿਮਾ ਪ੍ਰਕਾਸ਼'' ਵਿਚ ਗੁਰੂ ਨਾਨਕ ਦੇਵ ਜੀ ਦਾ ਜੀਵਨ ਬਿਰਤਾਂਤ ਬਾਲੇ ਵਾਲੀ ਜਨਮ ਸਾਖੀ ਤੋਂ ਬਹੁਤ ਵਖਰਾ ਹੈ। ''ਬਾਲੇ ਵਾਲੀ ਜਨਮ ਸਾਖੀ'' ਵਿੱਚ ਬਾਬੇ ਜੀ ਦਾ ਜਨਮ ਕਤਕ ਦੀ ਪੂਰਨਮਾਸ਼ੀ ਦਸਿਆ ਹੈ ਪਰ ਇਸ ਬਿਰਤਾਂਤ ਵਿਚ ਵਿਸਾਖ ਸ਼ੁਦੀ ਤਿੰਨ ਹੈ। ਜਿਥੇ ਬਾਲੇ ਵਾਲੀ ਜਨਮ ਸਾਖੀ ਵਿਚ ਬਾਲੇ ਨੂੰ ਪ੍ਰਧਾਨਤਾ ਹੈ ਇਸ ਬਿਰਤਾਂਤ ਵਿੱਚ ਬਾਲੇ ਦਾ ਨਾਮ ਇਕ ਵਾਰੀ ਵੀ ਨਹੀਂ ਆਇਆ।

''ਮਹਿਮਾ ਪ੍ਰਕਾਸ਼'' ਵਿਚ ਬਾਬਾ ਜੀ ਦਾ ਜੀਵਨ ਬਿਰਤਾਂਤ ਪੁਰਾਤਨ ਜਨਮ ਸਾਖੀ (ਜਿਸਨੂੰ ਵਲਾਇਤ ਵਾਲੀ ਜਨਮ ਸਾਖੀ ਵੀ ਆਖਦੇ ਹਨ) ਨਾਲ ਬਹੁਤ ਮੇਲ ਖਾਂਦਾ ਹੈ। ਕਈ ਸਾਖੀਆਂ ਦੇ ਅਖਰ ਤਕ ਮਿਲਦੇ ਹਨ। ਵਿਸ਼ੇਸ਼ ਕਰਕੇ ਬਾਬਾ ਦੀ ਜਾ 'ਸੇਖ ਬ੍ਰਹਮ ਨਾਲ ਮਿਲਾਪ' ਵਾਲੀ ਸਾਖੀ ਤੇ 'ਜੋਤੀ ਜੋਤ ਸਮਾਣ ਵਾਲੀ ਸਾਖੀ' ਕਾਫ਼ੀ ਮੇਲ ਖਾਂਦੀਆਂ ਹਨ। ਬਾਬੇ ਦਾ ਅਵਤਾਰ ਧਾਰਨ ਦਾ ਦਿਨ ਵੀ ਪੁਰਾਤਨ ਜਨਮ ਸਾਖੀ ਨਾਲ ਮਿਲਦਾ ਹੈ। ਪਰ ਕਈ ਸਾਖੀਆਂ ਇਸ ਬਿਰਤਾਂਤ ਵਿਚ ਐਸੀਆਂ ਆਈਆਂ ਹਨ ਜਿਹੜੀਆਂ ਕਿ ਪੁਰਾਤਨ ਜਨਮ ਸਾਖੀ ਵਿਚ ਨਹੀਂ ਹਨ। ਜਿਸ ਤਰਾਂ ਕਿ ਸੱਚੇ ਸੌਦੇ ਵਾਲੀ ਸਾਖੀ ਪੁਰਾਤਨ ਜਨਮ ਸਾਖੀ ਵਿੱਚ ਨਹੀਂ ਤੇ ਇਸ ਬਿਰਤਾਂਤ ਵਿਚ ਹੈ।

ਬੋਲੀ ਦੀ ਦ੍ਰਿਸ਼ਟੀਕੋਣ ਤੋਂ ਮਹਿਮਾ ਪ੍ਰਕਾਸ਼ (ਵਾਰਤਕ) ਦੀ ਬਹੁਤ ਮਹਾਨਤਾ ਹੈ। ਅਠਾਰਵੀਂ ਸਦੀ ਦੀ ਪੰਜਾਬੀ ਵਾਰਤਕ ਦਾ ਇਹ ਬਹੁਮੁਲਾ ਨਮੂਨਾ ਹੈ ਜਿਸਦੀ ਪੰਜਾਬੀ ਵਾਰਤਕ ਦੇ ਇਤਿਹਾਸ ਵਿੱਚ ਵਿਸ਼ੇਸ਼ ਥਾਂ ਹੈ। ਬੋਲੀ ਸਰਲ ਤੇ ਸੁਖੈਨ ਹੈ।

ਮਹਿਮਾ ਪ੍ਰਕਾਸ਼ (ਵਾਰਤਕ) ਦੀ ਅੰਦਰਲੀ ਗਵਾਹੀ ਤੋਂ ਪਤਾ ਲਗਦਾ ਹੈ ਕਿ ਇਹ ਪੋਥੀ ਖੰਡੂਰ ਸਾਹਿਬ ਵਿੱਚ ਲਿਖੀ ਗਈ ਹੋਵੇਗੀ ਕਿਉਂਕਿ ਇਸ ਵਿੱਚ ਖੰਡੂਰ ਸਾਹਿਬ ਦਾ ਹਾਲ ਵਿਸ਼ੇਸ਼ ਕਰਕੇ ਵਿਸਥਾਰ ਨਾਲ ਦਸਿਆ ਹੈ। ਮਹਿਮਾ ਪ੍ਰਕਾਸ਼ ਕਵਿਤਾ ਦੇ ਅਖੀਰ ਵਿੱਚ ਵੀ ਲਿਖਿਆ ਹੈ:-

''ਗੁਰੂ ਅੰਗਦ ਕੇ ਦੋਹਰੇ ਪੋਥੀ ਲਿਖੀ ਸੁਧਾਰਾ
ਪਰੇ ਸੁਨੈ ਚਿਤ ਲਾਏ ਕੇ ਪਾਵੈ ਮੋਖ ਦੁਆਰਾ''

ਇਸ ਸਾਰੀ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਬਾਵਾ ਸਰੂਪ ਦਾਸ ਨੇ ਮਹਿਮਾ ਪ੍ਰਕਾਸ਼ ਵਾਰਤਕ ਤੋਂ ਪ੍ਰਭਾਵਤ ਹੋ ਕੇ ਲਿਖਿਆ । ਭਾਈ ਵੀਰ ਸਿੰਘ ਬਾਵਾ ਕਿਰਪਾਲ ਸਿੰਘ ਨੂੰ ਇਸ ਦਾ ਕਰਤਾ ਮੰਨਦੇ ਹਨ ਤੇ ਇਹ ਮੰਨਿਆ ਜਾਂਦਾ ਹੈ ਕਿ ਮਹਿਮਾ ਪ੍ਰਕਾਸ਼ ਵਾਰਤਕ ੧੮੩੦ ਬਿਕਰਮੀ ਭਾਵ ੧੭੭੩ ਈਸਵੀ ਵਿੱਚ ਲਿਖਿਆ ਗਿਆ ਤੇ ਸਰੂਪ ਦਾਸ ਬਾਵਾ ਦਾ ਮਹਿਮਾ ਪ੍ਰਕਾਸ਼ ਕਵਿਤਾ ਇਸ ਤੋਂ ਪਿਛੋਂ ਹੋਂਦ ਵਿਚ ਆਇਆ । ਇਸ ਤਰ੍ਹਾਂ 'ਮਹਿਮਾ ਪ੍ਰਕਾਸ਼' ਵਾਰਤਕ ਸਿੱਖ ਇਤਿਹਾਸ ਦੀਆਂ ਪੁਰਾਤਨ ਲਿਖਤਾਂ ਵਿਚੋਂ ਹੈ ਜੋ ਹਾਲੀ ਤਕ ਛਾਪੇ ਦੇ ਜਾਮੇ ਵਿਚ ਨਹੀਂ ਆਇਆ । ਗੁਰੂ ਨਾਨਕ ਸਾਹਿਬ ਦਾ ਬਿਰਤਾਂਤ ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਸੰਪਾਦਣ ਕਰਕੇ ਇਕ ਪਮਫਲੇਟ ਦੇ ਰੂਪ ਵਿਚ ੧੯੫੯ ਵਿੱਚ ਛਾਪਿਆ ਸੀ ਜੋ ਇਸ ਸੰਚੇ ਵਿੱਚ ਸ਼ਾਮਲ ਕੀਤਾ ਹੈ ।

ਅਵਤਾਰ ਧਾਰਨਾ

ਸ੍ਰੀ ਪਾਰਬ੍ਰਹਮ ਅਬਿਨਾਸੀ ਨਿਰੰਕਾਰ ਨਿਰੰਜਨ ਭਗਤ ਬਛਲ ਪਤਤ ਉਧਾਰਨ ਜੀ ਨੇ ਕਲਜੁਗ ਵਿਖੇ ਬਹੁਤ ਅੰਧਕਾਰ ਵਰਤਾਰਾ ਬਰਤਿਆ ਦੇਖ ਕਰ ਕਿਰਪਾ ਕਰਕੇ ਨਿਰੰਜਨੀ ਅਉਤਾਰ ਧਾਰਾ, ਜਗਤ ਕੇ ਉਧਾਰਨੇ ਕੇ ਨਮਿਤ । ਸਰਬ ਕਲਾ ਸੰਪੂਰਨ ਭਗਤ ਬੈਰਾਗ ਜੋਗ ਗਿਆਨ ਸੰਜੁਗਤ ਸਰਬ ਉਪਮਾ ਸਪੰਨ ਸੰਬਤ ੧੫੨੬ ਮਾਸ ਵੈਸਾਖ ਤੀਜ ਚਾਦਨੀ ਰਾਤੀ ਅੰਮ੍ਰਿਤ ਵੇਲੇ ਪਹਰ ਰਾਤ ਰਹਦੀ ਤਲਵੰਡੀ ਰਾਇ ਭੋਇਆ ਭਟੀ ਦੇ ਵਿਚ ਕਾਲੂ ਬੇਦੀ ਦੇ ਘਰ ਅਉਤਾਰ ਲੀਆ । ਸਰਬ ਦੇਵੀ ਦੇਵਤਾ ਸਿਧ ਮੁਨਿਜਨਿ ਦਰਸਨ ਕੋ ਆਏ । ਬਡਾ ਮਗਲਾਚਾਰ ਹੂਆ ਜੋ ਪਰਮੇਸਰ ਨੇ ਜਗਤ ਕੇ ਉਧਾਰਨੇ ਨਮਿਤ ਔਤਾਰ ਲੀਆ ਹੈ ਅੰਮ੍ਰਿਤ ਬਰਖਾ ਕਰੀ । ਬੋਲੋ ਵਾਹਿਗੁਰੂ । ਆਗੇ ਸਾਖੀ ਚਲੀ ।੧ ।

ਗੋਰਖ ਦੀ ਨਿਮਸਕਾਰ

ਏਕ ਸਮੇ ਮਾਤਾ ਤਿਪਤੇ ਜੀ ਬਾਬੇ ਜੀ ਕੋ ਲੇਕਰ ਅੰਗਨ ਦੇ ਵਿੱਚ ਸੁਤੀ ਥੀ ਜੋ ਗੋਰਖ ਨਾਥ[੨] ਜੀ ਆਏ ਆਣ ਕੇ ਸਬਦ ਕੀਆ ਅਲਖ ਜਾਗੈ ਤਬ ਸਬ ਸੋਏ ਥੇ ਬਾਬੇ ਜੀ ਨੇ ਗੋਦੀ

---

੧. ਵਲਾਇਤ ਵਾਲੀ ਜਨਮ ਸਾਖੀ (ਪੁਰਾਤਨ ਜਨਮ ਸਾਖੀ) ਤੇ ਭਾਈ ਸਨੀ ਸਿੰਘ ਜੀ ਦੀ ਗਿਆਨ ਰਤਨਾਵਲੀ (ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਕਾ ਟੀਕਾ) ਵਿਚ ਵੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਹੀ ਇਹ ਤਾਰੀਖ ਦਸੀ ਹੈ । "ਮਹਿਮਾ ਪ੍ਰਕਾਸ਼" (ਕਵਿਤਾ) ਵਿਚ ਲਿਖਿਆ ਹੈ:-

ਸੰਮਤ ਬਿਕਰਮ ਨ੍ਰਿਪਤ ਕੋ ਪੰਦਰਾ ਸਹਸ ਪਚੀਸ ।
ਵਸਾਖ ਸੁਦੀ ਥਿਤ ਤੀਜ ਕੇ ਧਾਰਿਓ ਸੰਤ ਬਖਈਸ । ਪੰਨਾ ੭੨

2.Gorakh flourished in the 9th & 10th centuries. He was followed by twelve desciples who were mostly known by the name of their preceptor. "All account oral or written testify to his early adoption of ascetic life, his life long celibacy, his beauty and childlike (or bala) youthful appearances his deep humbility of spirit which made him lose himself in the company of his attendant followers doing the lowest work of service for them, his constant travelling for the purpose of help and rescue and his attachment to his teacher. *Gorakh Nath & Medieval Hindu Mysticism. Dr. Mohan Singh, P. 23*

*ਸਾਖੀ ਨੰ: ੨ ਅਤੇ ੩ ਪੁਰਾਤਨ ਜਨਮ ਸਾਖੀ ਵਿਚ ਨਹੀਂ ਹਨ ।

ਸੇ ਜਵਾਬ ਦਿੱਤਾ ਸੁ ''ਸੋਵੇ ਨ ਜਾਗੇ'' ਤਬ ਗੋਰਖ ਜੀ ਬਹੁਤ ਪ੍ਰਸੰਨ ਹੋਇ ਪਰਨਾਮ ਕੀਆ ਅਪ ਮੁਖ ਤੇ ਕਹਿਆ, ''ਹਉ ਵਾਰਿਆ ਹਉ ਵਾਰਿਆ'' ਤਬ ਬਾਬਾ ਜੀ ਆਖਿਆ, ''ਵਾਰਿਆ ਨ ਜਾਵਾਂ ਏਕ ਵਾਰ'' ਤਬ ਗੋਰਖ ਜੀ ਬਹੁਤ ਪ੍ਰਸੰਨ ਹੋਏ । ਇਤਨੇ ਮੇ ਬੇਦੀਆਂ ਦੀ ਕੁਲ ਕੇ ਲੋਕ ਇਕੱਠੇ ਹੋਕਰ ਗੋਰਖ ਜੀ ਕੋ ਆਖਨ ਲਗੇ ਹੇ ਜੋਗੀ ਤੈ ਕਿਸਕੋ ਨਮਸਕਾਰ ਕੀਤੀ ਅਰ ਕਿਸਕੋ ਪ੍ਰਦਖਨਾ ਕੀਤੀ ਤਬ ਨਾਥ ਜੀ ਕਿਹਾ ਤੁਮ ਨਹੀਂ ਜਾਣਤੇ ਤੁਮਾਰੇ ਕੁਲ ਵਿੱਚ ਪਰਮੇਸਰ ਕੇ ਭਗਤ ਅਉਤਾਰ ਧਾਰਾ ਹੈ । ਇਸ ਸੇ ਬਹੁਤ ਜਗਤ ਕ੍ਰਿਤਾਰਥ ਹੋਗਾ । ਮੈਂ ਇਸ ਵਾਸਤੇ ਨਮਸਕਾਰ ਕੀਆ ਇਆਹ ਕਹਿਦੇ ਗੋਰਖ ਜੀ ਰਮਤੇ ਪਏ । ਬੋਲੋ ਵਾਹਿਗੁਰੂ ।੨ ।

ਨਾਮ ਰਖਣਾ

ਆਗੇ ਕਾਲੂ ਨੇ ਹਰਦਿਆਲ ਪਰੋਹਤ ਕੋ ਬੁਲਾਇਆ ਜੋ ਲੜਕੇ ਕਾ ਨਾਮ ਰਖਨਾ ਹੈ। ਬੇਦ ਮਿਰਜਾਦਾ ਅਉਰ ਕੈਦਾ ਕੁਲ ਮਿਰਜਾਦਾ ਕਰਕੇ ਲੜਿਕੇ ਕਾ ਨਾਓ ਰਖੀਏ । ਤਬ ਹਰਦਿਆਲ ਪਰੋਹਤ ਨੇ ਸਬ ਮਿਰਜਾਦਾ ਕਰਕੇ ਪਤ੍ਰੀ ਨਿਕਾਲੀ ਜੋ ਨਾਮ ਵਿਚਾਰ ਕੇ ਰਖੀਐ ਤਬ ਕਿਆ ਦੇਖੇ ਜੋ ਲੜਿਕੇ ਕੀ ਮਹਮਾ ਅਪਰ ਅਪਾਰ ਹੈ । ਆਖਿਓਸੁ ''ਇਸ ਲੜਿਕੇ ਕੀ ਮਹਮਾ ਨਾਮ ਕੀ, ਨਾਮ ਕਾ ਮਹਾਤਮ ਅਪਰ ਅਪਾਰ ਹੈ ।'' ਧਨ ਭਾਗ ਕੁਲ ਕੇ ਹੈ ਜਿਸ ਮੇ ਸਾਧ ਨੇ ਅਓਤਾਰ ਲੀਆ ਹੈ । ਤਬ ਕਾਲੂ ਕਹਿਆ ਵਿਚਾਰ ਕੇ ਨਾਮ ਰਖਿਆ ਚਾਹੀਏ ਤਬ ਪਰੋਹਤ ਨੇ ਨਾਨਕ ਚੰਦ ਨਾਮ ਰਖਿਆ ਤਬ ਬੇਦੀਆਂ ਨੇ ਕਹਿਆ ਜੋ ਸਾਡੀ ਕੁਲ ਵਿਚ ਐਸਾ ਨਾਮ ਕਦੇ ਨਹੀਂ ਰਖਿਆ । ਤਬ ਪਰੋਹਤ ਆਖਿਆ ਜੋ ਆਗੇ ਜੁਗਾ ਵਿਚ ਰਾਮ ਚੰਦ ਕ੍ਰਿਸ਼ਨ ਚੰਦ ਅਬ ਨਾਨਕ ਚੰਦ ਨਾਮ ਹੈ । ਇਸ ਨਾਮ ਕੋ ਹਿੰਦੂ ਮੁਸਲਮਾਨ ਸਬ ਜਪੈਂਗੇ। ਸਬ ਬੇਦੀ ਪ੍ਰਸੰਨ ਹੋਏ ਅਰ ਇਕ ਦਿਨ ਜਪ ਤਪ ਅਰ ਮਹਮਾ ਇਸਕੇ ਕੁਲ ਕੀ ਹੋਵੈਗੀ ਇਹ ਕਹੇ ਕੇ ਪਰੋਹਤ ਵਿਦਾ ਭਇਆ । ਬੋਲੋ ਵਾਹਿਗੁਰੂ । ਸਾਖੀ ਹੋਰ ਚਲੀ ।੩ ।*

ਜਨੇਊ ਪਾਣਾ

ਆਗੇ ਬਾਬਾ ਜੀ ਜਬ ਸਾਤ ਬਰਖ ਕੇ ਹੂਏ ਤਬ ਕਾਲੂ ਜੀ ਜਨੇਊ ਕਾ ਅਰੰਭ ਕੀਆ। ਲੋਕ ਬੇਦ ਕੀ ਰੀਤ ਕੀਆ ਤਬ ਪਰੋਹਤ ਕੋ ਬੁਲਾਇਆ ਸਬ ਕੁਲ ਇਕੱਠਾ ਹੋਇਆ ਤਬ ਬਾਬੇ ਜੀ ਕੋ ਇਸਨਾਨ ਕਰਾਇ ਕਰ ਬਸਤਰ ਪਹਿਰਾਏ ਅਰ ਜਗੋ ਪਵੀਤ ਦੀਆਂ ਤਬ ਬਾਬਾ ਜੀ ਬੋਲਣ ਲਗੇ ਹੇ ਬ੍ਰਹਮਣ ਐਸਾ ਅਖੰਡਿਤ ਜਨੇਊ ਦੇਹੋ ਜੋ ਟੂਟੇ ਨਾਹੀ ਅਰ ਲੋਕ ਪਰਲੋਕ ਸੁਧ ਹੋਵੇ । ਤਬ ਬਾਬਾ ਜੀ ਸਲੋਕ ਆਖਿਆ:-

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁਵਟੁ
ਏਹ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤੁ

*ਸਾਖੀ ਨੰਬਰ ੨ ਅਤੇ ੩ ਪੁਰਾਤਨ ਜਨਮ ਸਾਖੀ ਵਿੱਚ ਨਹੀ ਹਨ ।

ਨ ਇਹ ਤੁਟੈ ਨ ਮੁਲ ਲਗੈ ਨ ਇਹੁ ਜਲੈ ਨ ਜਾਇ
ਧਨੁ ਸੁ ਮਾਨਸ਼ ਨਾਨਕਾ ਜੋ ਗਲਿ ਚਲੇ ਪਾਇ ।

ਤਬ ਬ੍ਰਹਮਣ ਬਹੁਤ ਪ੍ਰਸੰਨ ਹੋਇਆ ਕੁਛ ਕਹਿ ਨ ਸਕੇ ਤਬ ਪਰੋਹਤ ਆਖਿਆ ਕਾਲੂ ਜੀ ਤੇਰਾ ਪੁਤ੍ਰ ਪਰਮ ਹੰਸ ਪਰ ਦੁਖ ਨਿਵਾਰਨ ਹੈ । ਬੋਲੋ ਵਾਹਿਗੁਰੂ । ਆਗੇ ਸਾਖੀ ਹੋਰ ਚਲੀ । ੪ ।

ਪਾਂਧੇ ਪਾਸ

ਤਬ ਕਾਲੂ ਜੀ ਪਾਂਧੇ ਕੇ ਪੜਨੇ ਕੋ ਲੇ ਗਏ ਬਹੁਤ ਮੰਗਲਚਾਰ ਕੀਆ ਤਬ ਬਾਬੇ ਜੀ ਕੋ ਬੈਰਾਖੜੀ ਲਿਖ ਦੀਆ ਅਰ ਪੜਾਵਨ ਲਗੇ । ਬਾਬੇ ਜੀ ਬੋਲੇ ਨਹੀ ਤਾਂ ਪਾਂਧੇ ਆਖਿਆ "ਤੁਮ ਪੜਦੇ ਕਿਉਂ ਨਹੀਂ ?" ਤਾਂ ਬਾਬੇ ਆਖਿਆ "ਏ ਪਾਂਧਾ ਤੂ ਕਿਆ ਪੜਿਆ ਹੈ ਜੋ ਹਮਕੋ ਪੜਾਵੇਗਾ" ਤਬ ਪਾਧੇ ਕਹਿਆ, "ਮੈ ਸਭ ਕੁਛ ਪੜਿਆ ਹੈ ਬੇਦ ਸਾਸਤ ਜਮਾ ਖਰਚ" ਤਬ ਬਾਬੇ ਜੀ ਆਖਿਆ "ਤੇਰੀ ਬਿਦਿਆ ਸਭ ਬੰਧਨਾ ਕਾ ਮੂਲ ਹੈ" ਤਬ ਬਾਬੇ ਜੀ ਸਬਦ ਉਚਾਰ ਕੀਤਾ:-

ਜਾਲਿ ਮੋਹੁ ਘਸਿ ਮਸੁਕਰ ਮਤਿ ਕਾਗਦ ਕਰਿ ਸਾਰੁ
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ
ਲਿਖੁ ਨਾਮੁ ਸਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰ
ਬਾਬਾ ਇਹੁ ਲੇਖਾ ਲਿਖਿ ਜਾਣੁ
ਜਿਥੇ ਲੇਖਾ ਮੰਗੀਐ ਤਿਥੇ ਹੋਇ ਸਚਾ ਨੀਸਾਣੁ । ੧ । ਰਹਾਉ ।
ਜਿਥੇ ਮਿਲਹਿ ਵਡਿਆਈਆਂ ਸਦ ਖੁਸ਼ੀਆ ਸਦ ਚਾਉ ।
ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ
ਕਰਮਿ ਮਿਲੇ ਤਾਂ ਪਾਈਐ ਨਾਹੀ ਗਲੀ ਵਾਉ ਦੁਆਉ । ੨ ।
ਇਕ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ
ਇਕ ਉਪਾਇ ਮੰਗਤੇ ਇਕਨਾ ਵਡੇ ਦਰਵਾਰ
ਅਗੇ ਗਇਆ ਨ ਜਾਣੀਐ ਵਿਣੁ ਨਾਵੇ ਵੇਕਾਰ । ੩ ।
ਭੈ ਤੇਰੇ ਡਰ ਅਗਲਾ ਖਪਿ ਖਪਿ ਛਿਜੈ ਦੇਹ
ਨਾਵ ਜਿਨਾ ਸੁਲਤਾਨ ਖਾ ਹੋਦੇ ਡਿਠੇ ਖੇਹ
ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ । ੪ ।

ਇਹ ਸਬਦ ਜਬ ਪਾਂਧੇ ਸੁਣਿਆ ਤਬ ਹੈਰਾਨ ਹੋਇ ਰਹਾ ਕੁਛ ਕਹਿ ਨ ਸਕੇ । ਧੰਨਿ ਧੰਨਿ ਆਖਿਓਸ ਨਮਸਕਾਰ ਕੀਤੋ ਸੁ । ਬੋਲੋ ਵਾਹਿਗੁਰੂ । ਸਾਖੀ ਹੋਰ ਚਲੀ । ੫।

ਮੁਲਾਂ ਪਾਸ

ਕੋਈ ਦਿਨ ਮੁਲਾ ਕੇ ਪੜਨੇ ਕੋ ਲੇ ਗਏ । ਤਬ ਮੁੱਲਾ ਅਲਫ ਬੇ ਲਿਖ ਦਿਤਾ ਅਰ ਬਾਬੇ ਨੂੰ ਲਗਾ ਅਲਫ ਬੇ ਪੜਾਵਣ । ਤਾ ਬਾਬੇ ਆਖਿਆ, "ਮੀਆਂ ਜੀ ਇਸ ਅਲਫ ਬੇ ਪੜਨੇ

ਸੇ ਕੁਛ ਖਾਤਰ ਜਮਾ ਨਹੀ ਹੋਈ । ਕੁਛ ਐਸਾ ਪੜਾਵਉ ਜਿਸ ਪੜੇ ਸੇ ਦੋਨੋ ਜਹਾਨ ਸੁਰਖਰੂ ਹੋਵੇ ।'' ਤਬ ਮੁਲਾ ਕਹਿਆ ਇਸ ਇਲਮ ਕੇ ਪੜਨੇ ਸੇ ਇਸ ਲੋਕ ਮੈ ਭੀ ਭਲਾ ਹੋਦਾ ਹੈ ਅਰ ਆਗੇ ਬਿਸਤ ਮਿਲਦਾ ਹੈ । ਤਬ ਬਾਬੇ ਜੀ ਆਖਿਆ ਜੋ ਐਸਾ ਪੜਾਵੇ ਜਿਸ ਕੇ ਪੜੇ ਸੇ ਭਿਸ਼ਤ ਦੋਜਖ ਸੇ ਖਲਾਸੀ ਹੋਵੇ ਅਰ ਖੁਦਾਇਸੋ ਮੋਹਬਤ ਹੋਵੈ ਹੋਰ ਜੋ ਬਿਨਾ ਖੁਦਾਇਕੇ ਹੈ ਸੋ ਬਾਤਲ ਹੋਵੈ ਤਬ ਮੀਆਂ ਜੀ ਨੇ ਸਲਾਮ ਕੀਆ ਕਹਾ ਤੂ ਤਾਂ ਗੈਬ ਦੀਆਂ ਬਾਤਾਂ ਕਹਾਣੀਆ ਕਰਦਾ ਹੈਂ । ਮੇਰੀ ਅਕਲ ਮੇ ਨਹੀ ਆਵਤੀ । ਬਾਬਾ ਜੀ ਉਠਿਆ ਆਇ । ਬੋਲੋ ਵਾਹਿਗੁਰੂ । ਸਾਖੀ ਹੋਰ ਚਲੀ । ੬ ।*

ਖੇਤੀ ਕਰਨਾ

ਬਾਬਾ ਜੀ ਚੁਪ ਕੀਤੇ ਬੈਠੇ ਰਹੇ ਤੋ ਬੈਠੇ ਹੀ ਰਹੇ ਤਬ ਕਾਲੂ ਦੇਖ ਕੇ ਹੈਰਾਨ ਹੋਇ ਗਇਆ। ਤਬ ਆਖਿਓਸੁ ਹੇ ਬਚਾ ਤੇਰਾ ਮਨ ਬਹੁਤ ਉਦਾਸ ਰਹਿੰਦਾ ਹੈ ਤੂੰ ਖੇਤੀ ਪਤੀ ਕੀ ਖਬਰ ਲੀਆ ਕਰ ਤਾਂ ਤੇਰਾ ਮਨ ਲਗੇ, ਤਬ ਕਾਲੂ ਜੀ ਨੇ ਕਹਿਆ ਬਾਬੇ ਜੀ ਕੋ ਭੈਸਾਂ ਦੇ ਚਰਾਵਣੇ ਦੀ ਖਬਰ ਲਿਆ ਕਰੋ । ਤਬ ਬਾਬਾ ਜੀ ਭੈਸਾ ਚਰਾਵਣ ਲੇ ਗਏ । ਏਕ ਦਿਨ ਐਸਾ ਹੋਇਆ ਜੋ ਭੈਸਾਂ ਚਰਨ ਛਡੀਆ ਅਰ ਆਪ ਸੋਇ ਰਹੇ । ਭੈਸਾਂ ਪਰਾਇਆ ਖੇਤ ਪੈ ਕੇ ਖਾਇ ਲੀਆ ਤਬ ਖੇਤ ਵਾਲੇ ਦੇਖ ਕੇ ਜਾਇਕੇ ਫਰਿਆਦ ਕੀਤੀ ਜੋ ਕਾਲੂ ਕੇ ਪੁਤਰ ਨੇ ਮੇਰਾ ਖੇਤ ਉਜਾੜ ਕੀਤਾ ਹੈ । ਕੁਛ ਬਾਕੀ ਨਹੀ ਰਹੀ ਹੈ, ਅਰ ਰਾਇ ਨੇ ਪਿਆਦੇ ਕਰ ਦਿਤੇ । ਬਾਬੇ ਜੀ ਕੋ ਸਦਾਇ ਲੇ ਆਓ ਅਰ ਪੁਛਿਆ ਇਸਕਾ ਖੇਤ ਕਿਉਂ ਉਜਾੜਿਆ ਹੈ । ਤਬ ਬਾਬੇ ਜੀ ਆਖਿਆ ਰਾਇ ਜੀ ਇਸਕਾ ਕੁਛ ਨੁਕਸਾਨ ਨਹੀ ਹੋਇਆ । ਇਹ ਝੂਠ ਆਖਦਾ ਹੈ ਤਬ ਰਾਇ ਨੇ ਖੇਤ ਦੇਖਨੇ ਕੇ ਵਾਸਤੇ ਆਦਮੀ ਭੇਜੇ । ਜਾ ਦੇਖੇ ਤਾ ਪਠਾ ਭੀ ਭੈਸਾਂ ਨਹੀ ਖਾਦਾ ਖੇਤ ਜਿਓ ਕਾ ਤਿਓ ਹੈ । ਉਨ੍ਹਾ ਆਨ ਆਖਿਉਸੁ ਤਬ ਰਾਇ ਸੁਣ ਕੇ ਹੈਰਾਨ ਹੋਇ ਗਇਆ ਆਖਿਉਸੁ ਕਾਲੂ ਤੇਰਾ ਪੁੱਤਰ ਵਡਾ ਖੁਦਾਇ ਦਾ ਨਜੀਕੀ ਹੈ ਤਾਂ ਰਾਇ ਨੇ ਬਾਬੇ ਨੂੰ ਵਿਦਿਆ ਕੀਤਾ ਆਦਰ ਨਾਲ। ਬੋਲੋ ਵਾਹਿਗੁਰੂ । ਸਾਖੀ ਹੋਰ ਚਲੀ । ੭ ।

ਖੇਤੀ ਠੀਕ ਹੋਣਾ

ਏਕ ਦਿਨ ਫੇਰ ਕਾਲੂ ਆਖਿਆ ਜੋ ਬੇਟਾ ਤੂ ਆਪਣੀ ਖੇਤੀ ਦੇ ਬਨੇ ਜਾਇ ਬੈਠਿਆ ਕਰ ਤਾਂ ਬਹੁਤ ਭਲਾ ਹੈ ਤੇਰੀ ਸੁਰਤ ਭੀ ਠੈਹਰੀ ਰਹੇਗੀ । ਆਪਣੇ ਖੇਤ ਦੀ ਰਾਖੀ ਵਾਸਤੇ। ਤਾ ਜੋ ਕੋਈ ਜਨਾਵਰ ਖਾਨੇ ਕੋ ਜਾਏ ਤਾ ਬਾਬਾ ਜੀ ਠਾਕੇ ਨਹੀ । ਸਾਰੇ ਮੁਲਕ ਗਾਓ ਦੇ ਪੰਖੀ ਪਸ਼ੂ ਬਾਬੇ ਦੇ ਖੇਤ ਜਾਇ ਬੈਠੇ । ਖਾਵਨ ਚੁਗਨ ਬਾਬਾ ਜੀ ਵਰਜੇ ਨਾਹੀ । ਕਾਲੂ ਨੂੰ ਕਿਸੇ ਜਾਇ ਆਖਿਆ ਤੇਰੇ ਪੁੱਤਰ ਨੇ ਸਭ ਬਨਿਆ ਬਨਾਇਆ ਖੇਤ ਉਜਾੜ ਸੁਟਿਆ । ਤਬ ਕਾਲੂ ਆਇ ਕੇ ਦੇਖਣ ਲੱਗਾ । ਖੇਤ ਪਸੂ ਪੰਖੀ ਸੋ ਭਰਾ ਹੋਇਆ ਦੇਖਿਆ । ਆਖਿਉਸੁ ਬਚਾ ਖੇਤ ਕੀ ਰਾਖੀ ਕਰਣੀ ਸੀ ਕਿ ਉਜਾੜ ਦੇਣ ਸੀ । ਤਬ ਬਾਬੇ ਆਖਿਆ ਪਿਤਾ ਜੀ ਅਸਾ ਖੇਤ ਕੀ

* ਇਹ ਸਾਖੀ ਪੁਰਾਤਨ ਜਨਮ ਸਾਖੀ ਵਿੱਚ ਨਹੀਂ ਹੈ ।

ਰਾਖੀ ਕੀਤੀ ਹੈ ਤੁਸੀ ਚੁਣੋਗੇ ਤਬ ਜਾਣੋਗੇ । ਤਬ ਕਾਲੂ ਜੀ ਨੇ ਕੇਤੇ ਦਿਨੇ ਬਾਦ ਖੇਤ ਕਟਾਇਆ ਦਾਣਿਆ ਬੋਹਲ ਬਠਾਇਆ, ਮਿਣਿਆ ਸਭ ਕੇ ਖੇਤੋਂ ਸੋ ਦੂਣਾ ਪਾਇ ਤਬ ਹੈਰਾਨ ਹੋਇ ਗਇਆ । ਤਬ ਰਾਇ ਨੇ ਬੁਲਾਕੇ ਕਾਲੂ ਨੂੰ ਆਖਿਆ ਦੇਖ ਤੇਰੇ ਪੁਤ ਦਾ ਤਮਾਸਾ ਇਸਦੀ ਗਲ ਕੋਈ ਲਖੀ ਨਹੀ ਜਾਂਦੀ । ਏਹ ਕੋਈ ਖੁਦਾਇ ਦਾ ਬਡਾ ਪਿਆਰਾ ਹੈ । ਇਸਕਾ ਅਦਬ ਕਰਨਾ । ਬੋਲੋ ਵਾਹਿਗੁਰੂ । ਸਾਖੀ ਹੋਰ ਚਲੀ । ੮ ।

ਬਿਰਛ ਦੀ ਛਾਇਆ

ਏਕ ਦਿਨ ਬਾਬਾ ਜੀ ਮਾਲ ਕੇ ਬਿਰਛ ਤਲੇ ਸੁਤੇ ਪਏ ਸੀ । ਜਿਉ ਸੁਤੇ ਤੋ ਤੀਸਰਾ ਪੇਹਰ ਬੀਤ ਗਇਆ । ਉਸ ਰਾਹ ਰਾਇ ਦੀ ਸਵਾਰੀ ਆਈ । ਜੋ ਦੇਖੇ ਤੋ ਸਭ ਦਰਖਤਾ ਦੀ ਪਰਛਾਹੀ ਜਾਂਦੀ ਹੋਈ ਹੈ ਅਰ ਉਸ ਦਰਖਤ ਦੀ ਪਰਛਾਹੀ ਜਿਓ ਕੀ ਤਿਓ ਹੈ । ਤਬ ਰਾਇ ਪੁਛਿਆ ਇਹ ਸੁਤਾ ਕਓਨ ਹੈ । ਜਗਾਇ ਦੇਖੋ ਤਾ ਕਾਲੂ ਦਾ ਪੁਤ ਨਾਨਕ ਹੈ । ਤਬ ਰਾਇ ਨੇ ਸਲਾਮ ਕੀਆ ਅਤੇ ਕਹਿਆ ਜੋ ਦੋਸਤ ਖੁਦਾਇਦਾ ਹੈ । ਬੋਲੋ ਵਾਹਿਗੁਰੂ । ਸਾਖੀ ਹੋ ਚਲੀ । ੯ ।

ਵੈਦ

ਫਿਰ ਬਾਬਾ ਜੀ ਨਾ ਕਿਸੀ ਨਾਲ ਬੋਲੇ ਨਾ ਬਾਤ ਕਰੈ ਬੈਠੇ ਤੋ ਬੈਠਾ ਹੀ ਰਹੇ ਪੜੇ ਤੋ ਪੜੇ ਹੀ ਰਹੇ । ਬਹੁਤ ਦਿਨ ਇਸੀ ਤਰਾਂ ਬਤੀਤ ਹੋਏ ਤਬ ਕਾਲੂ ਨੂੰ ਲੋਕਾ ਆਖਿਆ ਤੂ ਪੁਤ੍ਰ ਦੀ ਖਬਰ ਲੈਂਦਾ ਨਾਹੀ । ਏਕ ਪੁਤ੍ਰ ਤੇਰਾ ਹੈ ਉਸਦਾ ਇਹ ਹਾਲ ਹੈ । ਉਸਦਾ ਦੁਖ ਸੁਖ ਕੁਛ ਮਲੂਮ ਨਹੀਂ ਹੋਦਾ, ਕੋਈ ਸੀਆਣਾ ਬੈਦ ਸਦਕੇ ਦੇਖਉ ਜੋ ਕਿਆ ਬੇਦਨ ਹੈ । ਤਬ ਕਾਲੂ ਬੈਦ ਕੋ ਬੁਲਾਇ ਲਿਆਇਆ । ਬਾਬਾ ਜੀ ਖਾਟ ਪਰ ਪੜੇ ਥੇ ਤਬ ਬੈਦ ਹਾਥ ਪੱਕਰ ਕੇ ਨਾੜੀ ਦੇਖਣ ਲਗਾ ਤਬ ਬਾਬੇ ਜੀ ਬੋਲਿਆ ।

ਸਲੋਕ ਮਹਲਾ ੧

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ।
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ । ਮ: ੨ ।
ਵੈਦਾ ਵੈਦੁ ਸੁਵੈਦੁ ਤੂ ਪਹਿਲਾ ਰੋਗ ਪਛਾਣੁ ।
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ।

ਤਬ ਬੈਦ ਨੇ ਬਾਹ ਹੱਥ ਛੋਡ ਦਿਤਿਸੁ । ਤਬ ਆਖਿਵੋਸੁ ਭਾਈ ਇਸਨੂੰ ਰੋਗ ਕੁਛ ਨਹੀ ਏਹ ਪਰਦੁਖ ਨਿਵਾਰਨ ਹੈ ਇਸ ਕੀ ਲੀਲਾ ਕੁਛ ਆਖੀ ਨਹੀ ਜਾਂਦੀ । ਬੈਦ ਨਿਮਸਕਾਰ ਕਰਕੇ ਉਠ ਘਰ ਗਇਆ । ਬੋਲੋ ਵਾਹਿਗੁਰੂ । ਸਾਖੀ ਹੋਰ ਚਲੀ । ੧੦ ।*

* ਮਹਿਮਾ ਪ੍ਰਕਾਸ਼ (ਕਵਿਤਾ) ਵਿਚ ਇਹ ਸਾਖੀ ਤੇਰਵੀਂ ਸਾਖੀ ਹੈ–ਉਥੇ ਵਿਆਹ ਤੇ ਖਰੇ ਸੌਦੇ ਵਾਲੀਆਂ ਸਾਖੀਆਂ ਪਹਿਲਾਂ ਆਉਂਦੀਆਂ ਹਨ ।

ਵਿਆਹ

ਤਬ ਬਾਬਾ ਜੀ ਬਹੁਤ ਉਦਾਸ ਰਹੇ ਤਬ ਕਾਲੂ ਜੀ ਦੇਖਿਆ ਇਨਕਾ ਮਨ ਲਗਦਾ ਨਹੀ । ਕੁਛ ਧੰਧਾ ਕਰੇ ਤੇ ਭਲਾ ਹੈ ਤਬ ਆਖਿਓਸੁ ਬੱਚਾ ਤੂੰ ਖੇਤੀ ਦਾ ਉਦਮ ਕਰਿ । ਤੇਰਾ ਮਨ ਪਰਚਿਆ ਰਹੇ ਅਤੇ ਗੁਦਰਾਨ ਹੋਵੇ । ਤਬ ਬਾਬੇ ਜੀ ਆਖਿਆ ਪਿਤਾ ਜੀ ਅਸਾ ਖੇਤੀ ਕੀਤੀ ਹੈ ਤਬ ਕਾਲੂ ਆਖਿਆ ਤੇਰੀ ਖੇਤੀ ਤੋਂ ਨਜ਼ਰ ਨਹੀਂ ਆਉਂਦੀ । ਤਬ ਬਾਬੇ ਆਖਿਆ ਪਿਤਾ ਜੀ ਅਸੀ ਐਸੀ ਖੇਤੀ ਕੀਤੀ ਹੈ ਜੋ ਦਿਨ ਸਵਾਈ ਹੋਵੇਗੀ । ਭਾਈ ਬੰਦ ਕੁਲ ਕੁਟੰਬ ਸਭ ਵਰਸਾਵੇਗਾ ਤੋਟ ਨ ਆਵੇਗੀ। ਹਮਾਰੀ ਨਾਮ ਕੀ ਖੇਤੀ ਹੈ ਤਬ ਕਾਲੂ ਚੁਪ ਕਰ ਰਹਿਆ ਤਬ ਸਭ ਪਰਵਾਰ ਆਖਿਆ ਤੂ ਨਾਨਕ ਜੀ ਦੇ ਵਿਆਹ ਦੀ ਫਕਰਿ ਕਰਿ । ਤਬ ਕਾਲੂ ਬਾਬੇ ਜੀ ਦੀ ਸਗਾਈ ਕਰਵਾਈ ਅਰ ਵਿਆਹ ਕਾ ਸਰੰਜਾਮ ਕੀਆ ਤਾ ਮੂਲੇ ਚੋਣੇ ਕੇ ਘਰ ਕਾਲੂ ਬਾਬੇ ਜੀ ਦੀ ਬਰਾਤ ਲੇਕਰ ਚੜਿਆ । ਬਰਾਤ ਜਾਇ ਦਾਖਲ ਹੋਈ । ਬਡੇ ਅਨੰਦ ਸੋ ਬਿਆਹ ਹੋਇਆ ਜਿਸ ਜਿਸ ਉਸ ਵਖਤ ਦਰਸਨ ਕੀਤਾ ਨਿਹਾਲ ਹੋਇਆ ਕਉਣ ਮਹਮਾ ਕਹੀ ਜਾਇ। ਤਬ ਵਿਆਹ ਕਰਕੇ ਬਾਬਾ ਘਰ ਆਇਆ ਅਨੰਦ ਵਧਾਈ ਹੋਈ । ਬੋਲੋ ਵਾਹਿਗੁਰੂ ਸਾਖੀ ਹੋਰ ਚਲੀ ।੧੧ ।

ਸੱਚਾ ਸੌਦਾ

ਫਿਰਿ ਬਾਬੇ ਜੀ ਦੀ ਸੁਰਤਿ ਕਹੀ ਠਹਰੇ ਨਾਹੀ । ਕਾਲੂ ਦੇਖ ਬਹੁਤ ਦਿਲਗੀਰ ਹੋਇਆ। ਕਿਆ ਫਿਕਰਿ ਕਰੀਐ ਜੋ ਨਾਨਕ ਦਾ ਜੀਅ ਠਹਿਰੇ । ਤਬ ਕਾਲੂ ਆਖਿਆ ਬਚਾ ਤੂੰ ਕਿਛ ਬੇਪਾਰੇ ਕਰੇ ।ਤਬ ਬੀਸ ਰੁਪਈਏ ਪੂੰਜੀ ਦਿਤੀ ਨਾਲ ਟਹਲੂਆ ਦਿਤਾ ਜੋ ਸੂਤ ਮਹੀਨ ਲੇ ਆਵਉ ਤਬ ਬਾਬਾ ਸੂਤ ਲੈਨ ਕੋ ਚਲੇ । ਆਗੇ ਚਲੇ ਤੋ ਏਕ ਜੰਗਲ ਮੈ ਬਹੁਤ ਸਾਧੂ ਬੈਠੇ ਡਿਠੇ । ਓਨਾ ਪਾਸ ਬਾਬਾ ਜੀ ਜਾਇ ਬੈਠੇ । ਹਰਿ ਕੀ ਚਰਚਾ ਹੋਈ । ਤਬ ਬਾਬਾ ਜੀ ਬੀਸੋ ਰੁਪਈਏ ਸਾਧਾ ਕੇ ਆਗੇ ਰਖੇ ਆਗੇ ਰਖਕੇ ਘਰ ਕੋ ਫਿਰ ਆਏ । ਤਬ ਕਾਲੂ ਜੀ ਪੁਛਿਆ ਬੱਚਾ ! ਸੌਦਾ ਲਿਆਇਹੁ ਸੋ ਦੇਖਾਉ । ਬਾਬੇ ਆਖਿਆ ਪਿਤਾ ਜੀ ਅਸੀ ਬਡ ਨਫੇ ਦਾ ਸਾਉਦਾ ਕਰਿ ਆਇ ਹਾਂ ਤਬ ਟਹਲੀਏ ਆਖਿਆ ਜੋ ਰੁਪਈਏ ਫਕੀਰਾਂ ਕੇ ਦੇ ਕਰ ਉਠ ਆਇ ਹੈਨ । ਸੁਨ ਕਰ ਕਾਲੂ ਬਹੁਤ ਦਿਲਗੀਰ ਹੋਇਆ । ਗੁਸਾ ਕਰਨ ਲਗਾ । ਤਬ ਰਾਇਬੁਲਾਰ ਸੁਣਿਆ ਕਾਲੂ ਕੋ ਸਦਿਕੇ ਆਖਿਓਸੁ ਨਾਨਕ ਨੂੰ ਦਿਲਗੀਰ ਮਤ ਕਰਨਾ । ਇਹ ਪਰਮੇਸਰ ਦਾ ਰੂਪ ਹੈ ਤਾਂ ਕਾਲੂ ਜੀ ਖਿਮਾ ਕਰ ਰਹਿਆ । ਬੋਲੋ ਵਾਹਿਗੁਰੂ । ਸਾਖੀ ਹੋਰ ਚਲੀ ।੧੨ ।*

ਮੋਦੀਖਾਨਾ ਸੰਭਾਲਿਆ

ਤਬ ਕਾਲੂ ਦੇਖਿਆ ਨਾਨਕ ਬਹੁਤ ਉਦਾਸ ਰਹਤਾ ਹੈ ਕਿਆ ਫਿਕਰ ਕਰੀਏ ਤਬ ਸਲਾਹ ਕੀਤੀ ਜੋ ਨਾਨਕ ਕੋ ਜੈਰਾਮ ਪਾਸ ਭੇਜੀਏ । ਤਬ ਕਾਲੂ ਬਾਬੇ ਨੂੰ ਆਖਿਆ ਬੇਟੇ ਤੇਰਾ

* ਇਹ ਸਾਖੀ ਪੁਰਾਤਨ ਜਨਮ ਸਾਖੀ ਵਿੱਚ ਨਹੀਂ ਹੈ ।

ਬਹਨੋਈ ਜੈਰਾਮ ਖਾਨ ਦਾ ਦੀਵਾਨ ਹੈ ਸੁਲਤਾਨਪੁਰ ਵਿਚਿ । ਤੂੰ ਓਥੇ ਜਾਇ ਜੋ ਕਮਕਾਜ ਭੀ ਹੋਵੈਗਾ । ਤੇਰੀ ਸੁਰਤ ਭੀ ਲਗੈਗੀ । ਤਬ ਬਾਬਾ ਜੀ ਆਖਿਆ ਭਲਾ ਜੀ । ਤਬ ਬਾਬੇ ਤਿਆਰੀ ਕੀਤੀ । ਜਬ ਬਾਬਾ ਜੀ ਚਲਣ ਲਗੇ ਤਬ ਮਾਤਾ ਬਾਬੇ ਜੀ ਦਾ ਕਬੀਲਾ ਆਖਨ ਲਗੀ ਜੀ ਮੇਹਰਵਾਨ ਤੁਸੀਂ ਏਥੇ ਸਾਧੂ ਨਜ਼ਰ ਆਉਂਦੇ ਸੇ ਅਰ ਮੂਹੋ ਨਹੀ ਸੇ ਬੁਲਾਂਵਦੇ ਤਾਂ ਬੀ ਮੇਰੀ ਪਾਤਸ਼ਾਹੀ ਥੀ । ਤਾਂ ਬਾਬੇ ਆਖਿਆ ਅਸੀਂ ਤੇਰੇ ਪਾਸ ਨੇਰੇ ਹੀ ਹਾਂ ਚਿੰਤਾ ਨ ਕਰੇ । ਤੇਰੀ ਪਾਤਸ਼ਾਹੀ ਜੁਗੋ ਜੁਗ ਹੋਵੇਗੀ ਇਹ ਕਹਿਕੇ ਬਾਬਾ ਜੀ ਸੁਲਤਾਨਪੁਰ ਗਏ । ਸੁਲਤਾਨਪੁਰ ਜਾਇ ਪਹੁੰਚੇ ਜੈਰਾਮ ਦੇਖ ਕੇ ਬਹੁਤ ਰਾਜੀ ਹੋਇਆ ਅਰ ਨਵਾਬ ਨੂੰ ਜਾਇ ਕਰ ਆਖਿਵੋਸੁ ਜੋ ਨਾਨਕ ਦਾ ਦਰਮਾਹਾ ਅਰ ਖਿਦਮਤ ਕਰ ਦੀਜੀਏ ਬਡਾ ਕਮ ਦਾ ਆਦਮੀ ਹੈ । ਤਬ ਨਵਾਬ ਨੇ ਮੋਦੀਖਾਨਾ ਸੁਪਰਦ ਕੀਤਾ । ਤਬ ਬਾਬਾ ਜੀ ਮੋਦੀਖਾਨੇ ਪਰ ਬੈਠੇ ਜੋ ਕੋਈ ਸੁਆਰਥੀ ਜਾਚਨਾ ਕਰੇ ਸੋ ਬਾਬਾ ਜੀ ਸਭ ਕਾ ਮਨੋਰਥ ਪੂਰਾ ਕਰੇ । ਕਿਸੀ ਨੇ ਖਾਨ ਨੂੰ ਆਖਿਆ ਜੋ ਤੇਰਾ ਮੋਦੀਖਾਨਾ ਨਾਨਕ ਨੇ ਲੁਟਾਇ ਦੀਆ ਹੈ । ਤਬ ਖਾਨ ਨੇ ਆਨ ਕਰ ਮੋਦੀਖਾਨੇ ਦੀ ਖਬਰ ਲਈ । ਤੋ ਸਭ ਕੁਝ ਦੂਨੋ ਦੂਨ ਡਿਠਾ । ਬਹੁਤ ਖੁਸ਼ ਹੋਇਆ ਆਖਿਵੋਸੁ ਮੇਰਾ ਮੋਦੀ ਬਡਾ ਦਿਆਨਤਦਾਰ ਹੈ । ਬਾਬੇ ਜੀ ਦੀ ਬਹੁਤ ਉਸਤਤ ਕੀਤੋਸੁ ।

ਵੇਈ ਪ੍ਰਵੇਸ਼

ਘਰ ਕੋ ਗੈਇਆਂ ਅਰ ਬਾਬੇ ਜੀ ਕੇ ਰਾਤ ਕੋ ਭਜਨ ਹੋਤਾ ਥਾ । ਅਰ ਪਹਰ ਰਾਤ ਰਹਦੀ ਦਰੀਆਓ ਕੋ ਇਸਨਾਨ ਕੇ ਜਾਤੇ ਏ । ਇਕ ਦਿਨ ਜੋ ਇਸਨਾਨ ਕੋ ਗੇ ਜਿਓ ਵੇਈਂ ਵਿਚਿ ਗਏ ਤਿਓ ਫਿਰ ਨਿਕਲੇ ਨਾਹਿ ਪਹਰ ਦਿਨ ਤਕ ਟਹਲੀਆ ਦੇਖਦਾ ਰਹਾ । ਜਬ ਨਾ ਨਿਕਸੇ ਤਬ ਕਪੜੇ ਲੇਕਰ ਘਰ ਆਇਆ । ਜੈਰਾਮ ਸੇ ਕਹਿਵੋਸੁ ਜੋ ਨਾਨਕ ਪਹਰ ਰਾਤ ਨੋ ਨਦੀ ਨਹਾਵਣ ਪਇਆ ਸੇ ਨਿਕਲੋ ਨਾਹੀ ਤਬ ਜੈਰਾਮ ਸੁਣ ਕਰ ਬਹੁਤ ਦਿਲਗੀਰ ਹੋਇਆ । ਨਵਾਬ ਨੂੰ ਜਾਇਕਰ ਖਬਰ ਦਿਦਿਓਵੋਸੁ ਤਬ ਨਵਾਬ ਨੇ ਜਾਲ ਭੇਜਵਾਏ । ਬਹੁਤ ਤਲਾਸ ਕਰਿਵੋਸੁ ਨਾ ਪਾਇਆ । ਤਬ ਤਿਨ ਦਿਨ ਤਿਨ ਰਾਤ ਬਤੀਤ ਹੋਈ । ਤਬ ਬਾਬਾ ਜੀ ਨਦੀ ਸੇ ਨਿਕਲੇ। ਨਿਕਲ ਕਰ ਏਹੀ ਆਵਾਜ਼ ਕਰਦੇ ਨਿਕਲੇ ਜੋ ''ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ ਹੈ'' ।

ਕਾਜੀ ਚਰਚਾ

ਇਹ ਬਾਤ ਖਾਨ ਨੇ ਸੁਣੀ ਜੋ ਨਾਨਕ ਦਰਿਆਓ ਵਿਚੋਂ ਨਿਕਸਿਆ ਹੈ ਅਰ ਐਸੇ ਕਹਿੰਦਾ ਹੈ ਤਬ ਖਾਨ ਨੇ ਆਦਮੀ ਭੇਜਿਆ ਜੋ ਵਾਸਤੇ ਖੁਦਾਇ ਦੇ ਦੀਦਾਰ ਦੇਹਿ । ਤਬ ਬਾਬਾ ਜੀ ਖਾਨ ਪਾਸ ਗਏ । ਤਬ ਖਾਨ ਨੇ ਬਹੁਤ ਅਦਬ ਕੀਤਾ ਅਰ ਬਹੁਤ ਖੁਸ ਹੋਅ । ਤਬ ਨਿਵਾਜ ਕਾ ਵਖਤ ਥਾ ਨਵਾਬ ਨਿਵਾਜ ਪਰ ਖੜਾ ਹੂਆ । ਅਰ ਕਾਜੀ ਭੀ ਨਿਵਾਜ ਪਰ ਖੜਾ ਹੋਆ। ਤਬ ਬਾਬਾ ਜੀ ਪਾਸ ਖੜੇ ਹੋ ਰਹੇ। ਜਬ ਕਾਜੀ ਨਿਵਾਜ ਪੜਨ ਲਗਾ ਤਬ ਬਾਬਾ ਜੀ ਹਸੇ। ਜਬ ਕਾਜੀ ਨਿਵਾਜ ਪੜ ਚੁਕਾ ਤਬ ਨਵਾਬ ਕੋ ਆਖਿਉਸ ਦੇਖੋ ਹਿੰਦੂ ਹਮਾਰੀ ਨਿਵਾਜ ਕੋ

ਹਸਦਾ ਹੈ। ਤਬ ਨਵਾਬ ਆਖਿਆ "ਨਾਨਕ ਜੀ ਤੁਮ ਨਿਵਾਜ ਪੜਦੇ ਕੋ ਕਿਓ ਹਸੇ ਹੋ"?। ਤਬ ਬਾਬੇ ਆਖਿਆ, "ਕਾਜੀ ਜੀ ਨਿਵਾਜ ਕਬੂਲ ਨਹੀ ਪਈ" ।ਕਾਜੀ ਕੇ ਘਰ ਘੋੜੀ ਵਿਆਈ ਹੈ ਅੰਗਣ ਮੇ ਕੋਈ ਹੈ ਕਾਜੀ ਦੀ ਸੁਰਤ ਉਹਾ ਗਈ ਜੋ ਬਛੇਰੀ ਕੂਈਂ ਨਾ ਪੜੇ। ਕਾਜੀ ਦਾ ਈਮਾਨ ਠਉਰ ਨ ਥਾ। ਅਰ ਨਵਾਬ ਕੰਧਾਰ ਘੋੜਿਆ ਦੀ ਖਰੀਦ ਕੋ ਗਏ ਥੇ। ਇਸ ਵਾਸਤੇ ਅਸੀ ਹਸੇ।" ਤਬ ਨਵਾਬ ਕਾਜੀ ਨੂੰ ਆਖਿਆ ਕਾਜੀ ਨਾਨਕ ਨੂੰ ਬੁਲਾਵਨਾ ਗੁਨਾਹ ਹੈ। ਇਹ ਖੁਦਾਇ ਦਾ ਬਡਾ ਦੋਸਤ ਹੈ।

ਤਿਆਗ

ਤਬ ਬਾਬੇ ਜੀ ਕੋ ਜੈਰਾਮ ਘਰ ਲੈ ਆਇਆ। ਅਰ ਬਹੁਤ ਉਪਦੇਸ ਕੀਤਾ। ਤੁਸੀ ਕਪੜੇ ਪਹਰੋ ਤਬ ਬਾਬਾ ਜੀ ਕਪੜੇ ਪਹਿਰੇ ਨਾਹੀ ਜਤਨ ਬਹੁਤ ਕਰ ਰਹਾ। ਸੰਸਾਰ ਦੀ ਬਾਤ ਕੋਈ ਪਿਆਰੀ ਲਗੇ ਨਾਹੀ। ਮਰਦਾਨਾ ਢਾਢੀ ਤਲਵੰਡੀ ਸੇ ਬਾਬੇ ਜੀ ਦੇ ਖਬਰ ਨੂੰ ਆਇਆ ਥਾ। ਤਿਸਨੋ ਬਾਬਾ ਜੀ ਸਾਥ ਲੇਕਰ ਉਦਾਸ ਹੋਕਰ ਬਾਹਿਰ ਕੋ ਨਿਕਲੇ। ਬਹੁਤ ਧਰਤੀ ਕਾ ਗਵਨ ਕੀਤਾ।

ਤਲਵੰਡੀ ਫੇਰਾ

ਤਬ ਸਮੇਰ ਪਰ ਭੀ ਗਏ ਸਿਧ ਸੇ ਗੋਸਟ ਹੋਈ। ਤਹਾਸੇ ਆਇ ਕਰ ਨਾਨਕ ਮਤਾ ਅਸਥਾਪਨ ਕੀਤਾ। ਇਤਨੇ ਮੇ ਬਾਰਹ ਬਰਸ ਬਤੀਤ ਗਏ। ਤਬ ਫਿਰ ਸੁਲਤਾਨਪੁਰ ਆਏ। ਤਬ ਜੈਰਾਮ ਕੇ ਘਰ ਆਏ ।ਤਬ ਬੀਬੀ ਨਾਨਕੀ ਜੀ ਨੇ ਮਰਦਾਨੇ ਸੇ ਪੁਛਿਆ " ਸੋ ਤੂ ਅਰ ਬਾਬਾ ਨਾਨਕ ਕਿਥਓ ਆਏ ਹੋ?" ਤਾਂ ਮਰਦਾਨੇ ਕਹਿਆ , "ਜੋ ਅਜ ਤੋ ਸਮੇਰ ਤੋ ਆਏ ਹੈਂ ।ਬਡੇ ਬਡੇ ਸਿਧ ਸਾਧਾਂ ਸੋ ਗੋਸਟ ਭਈ ਹੈ ।ਬਾਬੇ ਨੇ ਸਭ ਕੋ ਜਿਤਿਆ ਹੈ ਅਓਰ ਕਓਨ ਕਓਨ ਜਗਾ ਦੀ ਖਬਰ ਦੇਵਾਂ ।ਇਹ ਤਾਂ ਕੋਈ ਵਡਾ ਭਗਤ ਹੈ। ਇਸ ਦੀ ਮਹਮਾ ਲਖੀ ਨਹੀਂ ਜਾਂਦੀ"। ਤਬ ਬੀਬੀ ਆਖਿਆ, "ਮਰਦਾਨਾ ਫੇਰ ਇਆਹ ਗੱਲ ਕਿਸੇ ਨੂੰ ਨਹੀ ਦਸਨੀ। ਪਰਮੇਸਰ ਲੋਕਾਂ ਦੀ ਗੱਲ ਸੰਸਾਰ ਕੇ ਲੋਕਾਂ ਨੂੰ ਨਹੀ ਦਸੀਦੀ। ਤਬ ਬਾਬਾ ਜੀ ਸਮੇਤ ਮਰਦਾਨੇ ਤਿਲਵੰਡੀ ਨੂੰ ਆਏ ਤਾਂ ਬਾਬਾ ਜੀ ਸਮੇਤ ਮਰਦਾਨਾ ਘਰ ਆਇਆ। ਮਾਤਾ ਜੀ ਕੇ ਪਾਸ ਅਸੀਸ ਕੀਤੀਆਸੁ ।ਤਬ ਮਾਤਾ ਜੀ ਪੁਛਿਆ ਸੁ ਮਰਦਾਨਾ ਕਿਸੇ ਵੱਲ ਮੇਰੇ ਪੁਤ੍ਰ ਕੋ ਭੀ ਡਿਠਵੋਸ। ਤਬ ਮਰਦਾਨੇ ਆਖਿਆ ਸੁ ਬਾਰਹਬਰਸ ਤੇਰੇ ਪੁਤ੍ਰ ਨਾਲ ਫਿਰਦਾ ਆਇਆ ਹਉ ।ਬਾਹਰ ਖੂਏ ਉਪਰ ਬੈਠਾ ਹੈ। ਤਬ ਮਾਤਾ ਜੀ ਮਰਦਾਨੇ ਸਉ ਪੁਛਿਆ। ਬਾਬੇ ਦੇ ਪਾਸ ਆਈ। ਦੇਖ ਕਰ ਬਹੁਤ ਪਰਸੰਨ ਭਈ। ਬਾਬਾ ਜੀ ਮਾਤਾ ਜੀ ਦੇ ਚਰਨਾ ਪਰ ਗਿਰੇ ਤਬ ਮਾਤਾ ਜੀ ਆਖਿਆ " ਬੇਟਾ ਮੈ ਵਾਰੀ ਘੋਲੀ ਮੈ ਸਦਕੇ ਕੀਤੀ ਉਸ ਰਾਹ ਕੋ ਜਿਸ ਰਾਹ ਤੂ ਆਇਆ ਹੈ। ਤਬ ਬਾਬਾ ਜੀ ਬਹੁਤ ਬੈਰਾਗ ਕੀਆ। ਬਾਬਾ ਜੀ ਭੀ ਬੈਰਾਗ ਕਰਨੇ ਲਗੇ ਤਬ ਮਾਤਾ ਜੀ ਕਹਿਆ ਬਚਾ ਘਰ ਚਲੋ" । ਤਬ ਬਾਬੇ ਜੀ ਆਖਿਆ, "ਮਾਤਾ ਜੀ ਅਸੀਂ ਤੁਹਾਡੇ ਦਰਸ਼ਨ ਨੂੰ ਆਵੇਹਾ। ਅਜੇ ਆਤਮਾ ਸਾਡੀ

ਬਹੁਤ ਉਦਾਸ ਹੈ। ਇਤਨੇ ਮੇ ਬਾਬਾ ਕਾਲੂ ਜੀ ਆਏ ਬਸਤ੍ਰ ਮਿਠਿਆਈ ਘੋੜਾ ਸਭ ਲੈ ਆਏ। ਬਾਬਾ ਜੀ ਕੁਛ ਕਬੂਲ ਕੀਤੋ ਨਾਹੀ। ਤਬ ਬਾਬੇ ਕਾਲੂ ਆਖਿਆ ਬਚਾ ਪ੍ਰਸਾਦ ਖਾਹੋ ਬਸਤਰ ਪਹਿਰੋ ਘਰ ਚਲੋ ਮੇਰੇ ਘਰ ਮੇ ਸਭ ਕੁਛ ਹੈ ਤੇਰੇ ਬਿਨਾ ਕੋਈ ਬਸਤ ਸੁਖਦਾਇਕ ਨਹੀ ਤਾ ਬਾਬੇ ਜੀ ਕਹਿਆ ਪਿਤਾ ਜੀ ਸਾਡੀ ਸੁਰਤ ਲਗਦੀ ਨਹੀ। ਇਹਾ ਕਰਕੇ ਫਿਰ ਉਠ ਚਲੇ। ਪਿਛੇ ਸੇ ਮਰਦਾਨਾ ਭੀ ਜਾਇ ਮਿਲਿਆ।

ਬਾਬਰ ਨਾਲ ਮੁਲਾਕਾਤ

ਤਬ ਚਲੇ ਚਲੇ ਕਾਬਲ ਮੇ ਗਏ ਮੀਰ ਬਾਬਰ ਸੇ ਮੁਲਾਕਾਤ ਹੋਈ। ਮੀਰ ਨੇ ਭਾਂਗ ਕਾ ਕਚਕੋਲ ਆਗੇ ਰਖਿਆ ਕਹਾ,'' ਫਕੀਰ ਸਾਹਿਬ ਭਾਂਗ ਖਾਈਏ''। ਤਾਂ ਬਾਬੇ ਜੀ ਕਹਿਆ,''ਮੀਰ ਜੀ ਹਮ ਐਸੀ ਭਾਂਗ ਖਾਦੀ ਹੈ ਜਿਚਦਾ ਨਸ਼ਾ ਉਤਰਦਾ ਨਹੀ''। ਤਬ ਬਾਬਰ ਹਾਥ ਬਾਂਧ ਕੇ ਬੇਨਤੀ ਕੀਆ। ਹਮ ਕੋ ਹਿੰਦੁਸਤਾਨ ਦੀ ਪਾਤਸ਼ਹੀ ਮਿਲੇ ਤਬ ਬਾਬੇ ਬਚਨ ਕੀਤਾ ਜੋ ਤੈਨੂੰ ਹਿੰਦੁਸਤਾਨ ਦੀ ਪਾਤਸ਼ਹੀ ਮਿਲੇਗੀ । ਤਬ ਉਆਹ ਸੇ ਚਲੇ।

ਹਸਨ ਅਬਦਾਲ ਨਿਸਤਰਾ

ਆਵਤੇ ਆਵਤੇ ਇਕ ਜਗਾਹ ਪਰ ਆਏ ਮਰਦਾਨੇ ਆਖਿਆ ਮੇਹਰਵਾਨ ਬੜੀ ਭੁਖ ਲਗੀ ਹੈ ਤਾਂ ਬਾਬੇ ਜੀ ਆਖਿਆ '' ਮਰਦਾਨਿਆ ਇਆਹ ਲੜਕਾ ਦੁਬਿਆਂ ਚਰਾਵਤਾ ਹੈ ਇਸਕਾ ਨਾਉ ਹਸਨ ਹੈ ਤੂ ਉਸਤੇ ਦੁਧ ਲੈ ਆਉ ਜਾਇਕਰ''। ਤਬ ਮਰਦਾਨੇ ਹਸਨ ਸੇ ਦੁਧ ਮੰਗਿਆ। ਹਸਨ ਕਹਿਆ ਮੇਰੀ ਦੁੰਮੀ ਦੁਧ ਦੇਤੀ ਨਹੀ ਤਬ ਬਾਬੇ ਜੀ ਕਹਿਆ ਹਮਾਰੇ ਬਚਨ ਕਾ ਦੁਧ ਹੋਇਗਾ। ਤੂ ਦੁਇ ਦੇ। ਤਬ ਹਸਨ ਦੁਧਿ ਦੁਹਨੇ ਲਗਾ। ਮਰਦਾਨੇ ਕਉ ਭਾਂਡਾ ਭਰ ਦੀਆ। ਤਬ ਹਸਨ ਬਾਬੇ ਕੇ ਚਰਨਾ ਪਰ ਪੜਾ। ਬਾਬੇ ਜੀ ਬਡੀ ਖੁਸ਼ੀ ਕੀਆ। ਬਚਨ ਕੀਆ ਹਸਨ ਅਬਦਾਲ ਬਡਾ ਅਉਲੀਆ ਹੋਇ ਗਇਆ । ਉਸ ਨੂੰ ਉਹਾ ਹੀ ਛੋਡ ਕਰ ਬਾਬਾ ਜੀ ਚਲੇ।

ਸ਼ੇਖ ਕਮਾਲ ਨਾਲ ਮੁਲਾਕਾਤ

ਸ਼ੇਖ ਫਰੀਦ ਕੇ ਪਟਨ ਆਇ ਕਰ ਨਿਕਲੇ । ਤੀਨ ਕੋਸ ਪਰ ਜੰਗਲ ਮੋ ਬੈਠੇ। ਮਰਦਾਨਾ ਕੋ ਆਖਿਆ ਜੋ ਰਬਾਬ ਬਜਾਓ। ਸਬਦ ਉਚਾਰ ਹੋਇਆ

ਆਪੇ ਪਟੀ ਕਲਮ ਆਪਿ ਉਪਰ ਲੇਖੁ ਭੀ ਤੂੰ।
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ।
ਦੂਜਾ ਕਾਹੇ ਸਿਮਰੀਏ ਜੰਮੇ ਤੇ ਮਰ ਜਾਏ।
ਏਕੋ ਸਿਮਰੋ ਨਾਨਕਾ ਜਲ ਥਲ ਰਹਿਆ ਸਮਾਇ।

ਇਹ ਸ਼ਬਦ ਸ਼ੇਖ ਕਮਾਲ ਨੇ ਸੁਨਾ । ਵੈ ਸ਼ੇਖ ਇਬਰਾਹੀਮ ਸ਼ੇਖ ਫਰੀਦ ਦਾ ਪੋਤਾ ਤਿਸ ਦਾ ਚੇਲਾ ਸ਼ੇਖ ਕਮਾਲ ਥਾ। ਵਹ ਲਕੜੀਆਂ ਚੁਨਦਾ ਸਾ ਬਾਬੇ ਦੀ ਬਾਣੀ ਸੁਣ ਕਰ ਆਪਣੇ ਪੀਰ ਕੋ ਜਾਇਕਰ ਕਹਿਆ ਜੋ ਬਡਾ ਬਲੀ ਖੁਦਾਇਦਾ ਆਇਆ ਹੈ ਆਪਣੀ ਕਲਾਮ ਆਖਦਾ ਹੈ । ਪੀਰ ਬਾਬੇ ਦਾ ਬਚਨ ਸੁਣਦਾ ਹੀ ਆਇਕਰ ਮਿਲਿਆ ਬਹੁਤ ਰਾਜ਼ੀ ਹੋਇਆ । ਸੁਖਪਾਲ ਪਰ ਸਵਾਰ ਹੋਕਰ ਆਏ । ਬਾਬੇ ਕੋ ਮਿਲਿਆ ਦਸਤਪੋਸੀ ਕੀਤੀ । ਆਖਿਵੋਸੁ ਨਾਨਕ ਜੀ ਤੁਮਾਰੀ ਕਲਾਮ ਸੁਣ ਕਰ ਹੈਰਾਨ ਹੋਇ ਰਹਾਓ ।

ਹਿਕਾ ਸਾਈ ਦੁਇ ਹਦੀ । ਕਿਸ ਸਲਾਹੀ ਕਿਸ ਰਦੀ ।

ਬਾਬੇ ਜਵਾਬ ਦਿੱਤਾ :-

ਇਕ ਸਾਈ ਦੁਘ ਹਦੀ । ਸੱਚ ਨੂੰ ਸਾਲਾਹੀ ਕੂੜ ਨੂੰ ਰਦੀ ।
ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ।
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੇ ਕੰਤ ।

ਬਾਬੇ ਆਖਿਆ:-

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ।
ਐ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ।
ਤਬ ਸੇਖ ਹਾਥ ਬਾਂਧ ਕਰ ਚਰਨਾ ਪਰ ਗਿਰ ਪੜਾ ।

ਅਰ ਆਖਿਓਸੁ ਹੇ ਗਰੀਬਨਿਵਾਜ ਮੇਰੀ ਖੇਪ ਪਾਰ ਉਤਾਰੀਏ । ਖਦਾਇ ਦੇ ਵਾਸਤੇ। ਤਬ ਬਾਬੇ ਜੀ ਖੁਸ਼ੀ ਕੀਤੀ ਸੇਖ ਜੋ ਤੇਰੀ ਖੇਪ ਪਾਰ ਉਤਰੇਗੀ । ਤੂ ਨਿਹਾਲ ਹੋਇਆ ਤਬ ਸੇਖ ਆਖਿਆਂ ਬਾਬਾ ਜੀ ਮੇਰੇ ਘਰ ਚਲੀਏ । ਤਾਂ ਬਾਬੇ ਆਖਿਆ ਸੇਖ ਜੀ ਤੁਮ ਘਰ ਨਹੀਂ ਨਜ਼ਰ ਆਇਆ ਤਬ ਸੇਖ ਆਖਿਆ ਤੁਮ ਮੇਹਰ ਕਰਕੇ ਘਰ ਦਿਖਾਇ ਦਿਉ । ਤਬ ਬਾਬੇ ਸਬਦ ਕੀਤਾ:-

ਸਲੋਕ ਮਹਲਾ ੧

ਘਰ ਮਹਿ ਘਰ ਦਿਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ।
ਪੰਚੁ ਸਬਦੁ ਧੁਨਕਾਰ ਧੁਨਿ ਬਾਜੈ ਸਬਦ ਨੀਸਾਣੁ ।
ਦੀਪ ਲੋਹ ਪਾਤਾਲ ਤਹ ਖੰਡ ਮੰਡਲ ਹੈਰਾਨੁ ।
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ।
ਸੁਖ ਮਨ ਕੇ ਘਰ ਰਾਗੁ ਸੁਨਿ ਸੁਨਿ ਮੰਡਲਿ ਲਿਵ ਲਾਇ ।
ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ।
ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ।
ਅਜਪਾ ਜਾਪ ਨਾ ਵੀਸਰੇ ਆਦਿ ਜੁਗਾਦਿ ਸਮਾਇ ।
ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ।
ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾਕਾ ਦਾਸੁ ।*

*ਮਲਾਹ ਦੀ ਵਾਰ ਮਹਲਾ ੧, ਗੁਰੂ ਗ੍ਰੰਥ ਸਾਹਿਬ ਪੰਨਾ ੧੨੯੦

ਤਬ ਸੇਖ ਪੈਰਾ ਉਪਰਿ ਗਿੜਿ ਪੜਿਆ ਤਾਂ ਬਾਬੇ ਆਖਿਆ ਤੂੰ ਮੁਕਤਿ ਹੋਇਆ । ਕਹਿ ਕਰਿ ਮਰਦਾਨੇ ਕੋ ਸਾਥ ਲੇਕਰ ਮੁਲਤਾਨ ਕੋ ਗਏ । ਬੋਲੋ ਵਾਹਿਗੁਰੂ ਸਾਖੀ ਹੋਰ ਚਲੀ ।੧੩।

ਸੁਲਤਾਨ ਸਰਵਰ ਨਾਲ ਮੁਲਾਕਾਤ

ਤਬ ਮੁਲਤਾਨ ਜਾਇ ਪਹੁੰਚੇ ਮੁਲਤਾਨ ਕੇ ਪੀਰਾਂ ਨੂੰ ਖਬਰ ਹੋਈ । ਤਬ ਉਨ੍ਹਾਂ ਦੇ ਦੁਧ ਦਾ ਕਟੋਰਾ ਭਰਕੇ ਭੇਜਾ ਜੋ ਮੁਲਤਾਨ ਪੀਰੀ ਪੁਰ ਹੈ ਤਬ ਬਾਬੇ ਜੀ ਨੇ ਕਟੋਰੇ ਉਪਰਿ ਫੂਲ ਏਕ ਧਰਕੇ ਭੇਜਾ ਜੋ ਅਸੀ ਇਥੇ ਐਸੇ ਆਇ ਹਾਂ ਜਿਓ ਦੁਧ ਉਪਰ ਫੂਲ ਹੈ । ਇਆਹੁ ਕਹਕੇ ਬਾਬਾ ਜੀ ਚਲਦੇ ਰਹੇ । ਚਲੇ ਚਲੇ ਠਓਦੇ ਮੈ ਜਾਇ ਨਿਕਲੇ । ਪਹਾਰ ਤਲੇ ਜਾਇ ਨਿਕਲੇ । ਤਬ ਮਰਦਾਨੇ ਨੋ ਪਿਆਸ ਲਗੀ ਤਬ ਬਾਬੇ ਜੀ ਆਖਿਆ ਮਰਦਾਨਿਆ ਇਆਹ ਜਗਾ ਖੋਦ ਚਸਮਾ ਨਿਕਲੇਗਾ । ਤਾਂ ਬਾਬੇ ਕੇ ਵਚਨ ਸਿਉ ਜਲ ਨਿਕਲਿਆ ਤਾਂ ਮਰਦਾਨੇ ਜਲ ਪੀਤਾ । ਬਹੁਤ ਖੁਸੀ ਹੂਆ ਆਖਿਵੋਸੁ ਸਬਹਾਨ ਤੇਰੀ ਕੁਦਰਤ ਨੂੰ । ਤਬ ਸਰਵਰ ਸੁਲਤਾਨ ਆਏ ਨਿਕਲੇ ਬਾਬਾ ਜੀ ਦੇ ਪਾਸ । ਦਸਤ ਪੋਸੀ ਕਰਕੇ ਬੈਠੇ ਪਰਮੇਸਰ ਦੀ ਬਾਤਾ ਕੀਤੀਵੋਨ ਤਬ ਸਰਵਰ ਆਖਿਆ ਜੀ ਕਿਰਪਾ ਕਰਕੇ ਮੇਰੇ ਘਰ ਚਲੀਏ । ਬਾਬੇ ਆਖਿਆ ਸਭ ਜਗਾ ਤੇਰੀ ਹੈ । ਸਰਵਰ ਆਖਿਆ ਮੈ ਸਭ ਸੰਰਜਾਮ ਇਥੇ ਹੀ ਲੈ ਆਵਦਾ ਹਉ ਲੇਫ ਨਿਹਾਲੀ ਪਕਵਾਨ ਤਾਂ ਬਾਬੇ ਜੀ ਬਚਨ ਕੀਤਾ:-

ਭਾਓ ਤੇਰਾ ਹੈ ਲੇਫ ਨਿਹਾਲੀ ਭਾਓ ਤੇਰਾ ਪਕਵਾਨ
ਨਾਨਕ ਸਿਫਤੀ ਤ੍ਰਿਪਤੀਏ ਆਓ ਸਰਵਰ ਸੁਲਤਾਨ *

ਤਬ ਸਰਵਰ ਬਹੁਤ ਪ੍ਰਸੰਨ ਭਏ । ਬਾਬਾ ਜੀ ਰਵਦੇ ਰਹੇ ।

ਮਕੇ ਵਿਚ

ਚਲਦੇ-ਚਲਦੇ ਥਾਂੜ ਦੀ ਧਰਤੀ ਗਏ ਮਰਦਾਨੇ ਕੋ ਛੋਡਿ ਕੇ ਆਪ ਦੁਆਰਕਾ ਕੋ ਗਏ ਦੁਆਰਕਾ ਸੇ ਫੇਰ ਮਰਦਾਨੇ ਪਾਸ ਆਇ । ਮਰਦਾਨੇ ਕੋ ਸਾਥ ਲੇਕਰ ਮਕੇ ਮਰੋਕ ਗਏ । ਯਾਤਰਾ ਕੀਆ । ਰਾਤ ਕੋ ਜਾਇਕਰ ਮਕੇ ਕੇ ਆਗੇ ਜਾਇ ਕਰ ਸੋਏ । ਜਬ ਪਹਰ ਰਾਤ ਰਹੀ ਤਬ ਜੀਵਨ ਹਾਜੀ ਕੋ ਜਗਾਵਣ ਲਗਾ ਜਬ ਬਾਬਾ ਜੀ ਕੇ ਪਾਸ ਆਇਆ ਤਬ ਕਿਆ ਦੇਖੇ ਜੋ ਬਾਬਾ ਜੀ ਕੇ ਪੈਰ ਮਕੇ ਪਾਸੇ ਹੇ ਤਬ ਕਹਿਵੋਸੁ ਰੇ ! ਹਿੰਦੀ ਹਾਜੀ ਮਕੇ ਕੀ ਤਰਫ ਪਾਉ ਕਰਕੇ ਕਉਨ ਸੁਤਾ ਹੈ ? ਇਹ ਘਰ ਖੁਦਾਇਦਾ ਹੈ । ਤਬ ਬਾਬੇ ਜੀ ਆਖਿਆ ਜਿਸ ਵਲ ਖੁਦਾਇਦਾ ਘਰ ਨਹੀ ਤਿਤ ਵਲ ਪੈਰ ਸਾਡੇ ਕਰ ਛਡਿ । ਤਬ ਹਾਜੀ ਜੀਵਨ ਗੁਸਾ ਖਾਇਕਰ ਬਾਬੇ ਕੇ ਪਾਉ ਪਕੜੇ ਅਉਰ ਤਰਫ ਖੋਂਚ ਕਰ ਲੈ ਚਲਾ ਤਬ ਮੇਹਰਾਬ ਮਕੇ ਕਾ ਚਰਨੋ ਕੇ ਸਾਥ ਫਿਰਿਆ ਤਬ ਹੈਰਾਨ ਹੋਇ ਗਇਆ । ਆਖਿਓਸੁ ਕੋਈ ਕਿਆਮਤ ਕਾ ਦਉੜ ਆਇਆ ਕੋਈ ਐਸਾ ਜਾਦੂਗਰ ਆਇਆ ਹੈ ਜੋ ਮਕੇ ਕਾ ਦਰਵਾਜਾ ਫੇਰਿਆ ਹੈ । ਜਾਦੂਗਰ ਕੈ ਸਭ ਅਓਰ ਮੁਸਲਮਾਨ

* ਇਹ ਸਲੋਕ ਗੁਰੂ ਗਰੰਥ ਸਾਹਿਬ ਜੀ ਵਿਚ ਨਹੀਂ ਹੈ ।

ਸਾਥ ਲੇ ਕਰ ਆਇਆ ਕਿਆ ਦੇਖੇ ਜੋ ਫੇਰ ਉਸੀ ਤਰਫ ਪਾਉ ਕੀਈ ਸੋਏ ਹੈ । ਤਬ ਆਖਿਓਸੁ ਹੈ ਭਾਈ ਹਿੰਦੀ ਹਾਜੀ ਪਾਓ ਆਪਣੇ ਧੀਧੇ ਕਰਕੇ ਸੋਓ ਤਬ ਬਾਬੇ ਜੀ ਆਖਿਆ ਦੇਖੋ ਪਾਉ ਕਹਾ ਹੈ ਤਬ ਹਾਜੀ ਜੀਵਣ ਪਾਉ ਕੀ ਤਰਫ ਹਾਥ ਲਗਾਇ ਕਰ ਦੇਖੇ ਪਾਉ ਨਹੀ ਸਿਰ ਹੈ ਤਬ ਸਿਰ ਕੀ ਤਰਫ ਗਇਆ ਤਬ ਓਧਰ ਵੀ ਸਿਰ ਹੈ । ਤਬ ਹੈਰਾਨ ਹੋਇਆ ਤਬ ਜਾਇਕਰ ਬਹੁਤ ਮੁਲਾਣੇ ਇਕੱਠੇ ਕਰਕੇ ਲੇ ਆਏ । ਕਹਿਵੇ ਬਡਾ ਕੋਈ ਜਾਦੂਗਰ ਆਇਆ ਹੈ ਤਿਸਕੋ ਨਸੀਹਤ ਕੀਅ ਚਾਹੀਏ । ਤਬ ਬਹੁਤ ਝਗੜਾ ਹੂਆ ਕਿਤਾਬ ਕੁਰਾਨ ਕਾ ਸੰਬਾਦ ਹੂਆ । ਬਾਬਾ ਜੀ ਕੇ ਆਗੇ ਕੋਈ ਬਾਤ ਚਲੇ ਨਾਹੀ ਤਬ ਸਭ ਗੁਸਾ ਖਾਇਕਰ ਪੱਥਰ ਲੇਕਰ ਮਾਰਨੇ ਕੋ ਆਏ ਤਬ ਬਾਬਾ ਨਿਗਾਹ ਉਨ ਕੀ ਤਰਫ ਕੀਆ ਸਭ ਕੇ ਹਾਥ ਬੇਸ ਭਏ ਤਬ ਸਭ ਚਰਨਾ ਪਰ ਗਿਰੇ । ਕਹਾ ਹਮਾਰੀ ਭੁਲ ਮਾਫ ਕਰੀਏ ਤੂ ਵਲੀ ਹੈ । ਕੁਛ ਨਿਸਾਨੀ ਈਹਾ ਰਖ ਜਾਈਏ ਤਬ ਬਾਬੇ ਜੀ ਏਕ ਪਊ ਕੀ ਕਉਸ ਉਤਾਰ ਕੇ ਉਹਾ ਰਖੀ । ਤਬ ਉਹਾ ਸੇ ਚਲੇ ।

ਖਡੂਰ ਵਿਚ

ਚਲੇ-ਚਲੇ ਫੇਰ ਪੰਜਾਬ ਦੇ ਦੇਸ ਆਇ ਨਿਕਲੇ । ਤਬ ਸੁਲਤਾਨਪੁਰ ਵਿਚ ਦੇ ਹੋ ਕਰ ਖਡੂਰ ਮੋ ਆਇ ਨਿਕਲੇ । ਉਹਾ ਮਾਈ ਬਿਰਾਈ ਦੇ ਘਰ ਆਏ । ਮਾਈ ਬਿਰਾਈ ਬਾਬੇ ਜੀ ਕੀ ਬਡੀ ਭਗਤ ਥੀ । ਆਠ ਪਹਰ ਬਾਬੇ ਜੀ ਕੀ ਉਪਾਸਨਾ ਕਰਤੀ ਥੀ । ਜਿਸ ਵਖਤ ਬਾਬੇ ਜੀ ਕੋ ਦੇਖਿਆ ਚਰਣਾ ਪਰ ਗਿਰ ਪਰੀ । ਚਰਨ ਧੋਇ ਕਰ ਚਰਨਾਮਿਤ ਲੀਆ । ਬਾਬਾ ਜੀ ਨੋ ਮੰਜੀ ਪਰ ਬਠਾਲਾ ਬੈਠਾਲ ਕਰ ਪਰਦਖਨਾ ਕਰਿ ਕੈ ਅਰਦਾਸ ਕੀਤੀ ਮੈਹਰਵਾਨ ਪ੍ਰਸਾਦਿ ਕੀ ਆਗਿਆ ਹੋਇ । ਤਬ ਬਾਬਾ ਦੀ ਆਖਿਆ ਬਿਰਾਈ ਅਸਾ ਬਾਰਾ ਬਰਸ ਹੋਏ ਹੈ ਅੰਨ ਜਲ ਨਹੀ ਲੀਆ ਅਬ ਤੈ ਬਚਨ ਕੀਤਾ ਹੈ ਤੇ ਖਾਹਿਗੇ । ਤਬ ਪੂਛਿਆ ਤੇਰੇ ਘਰ ਮੇ ਹੈ ਸੋ ਤੂ ਲੇ ਆਓ । ਤਬ ਮਾਈ ਬਿਰਾਈ ਕਿਸੀ ਕਾ ਕੁਛ ਲੇਤੀ ਨਾ ਥੀ । ਆਪਣੀ ਮਜੂਰੀ ਕਰ ਖਾਤੀ ਥੀ । ਮਜੂਰੀ ਕੇ ਜਵ ਅੰਦਰ ਰਖੇ ਸੋ ਸੋ ਥਾਲੀ ਮੋ ਕਰਕੇ ਆਗੇ ਰਖਿਆ । ਤਬ ਸਾਹਿਬ ਨੇ ਏਕ ਜਵ ਖਾਇ ਕਰ ਖੁਸ਼ੀ ਕੀਤੀ । ਬਾਰਾ ਬਰਸ ਕਾ ਬਰਤ ਉਪਾਰਨ ਹੂਆ । ਕੋਈ ਕਾਲ ਮਾਈ ਬਿਰਾਈ ਕੇ ਰਹੇ । ਫਿਰ ਬਾਬਾ ਜੀ ਉਦਾਸ ਕਰ ਉਠ ਚਲੇ ।

ਭਾਈ ਲਾਲੋ ਕੋਲ

ਤਬ ਲਾਲੋ ਕੇ ਘਰ ਗਏ ਕੋਈ ਦਿਨ ਰਹੇ ਸਭ ਮੁਲਕ ਮੈ ਖਬਰ ਹੋਈ ਬਾਬਾ ਨਾਨਕ ਜੀ ਆਏ ਹਨ । ਏਕ ਖਤ੍ਰੀ ਨੇ ਜਗ ਕੀਆ ਥਾ । ਲਾਖ ਗਓ ਦਾਨ ਕੇ ਵਾਸਤੇ ਮੰਗਵਾਈ ਥੀ ਅਰ ਲਾਖ ਬ੍ਰਹਮਣ ਕਾ ਨੇਵਤਾ ਕੀਆ ਥਾ । ਉਸ ਬਸਤੀ ਕਾ ਨਾਮ ਆਗੇ ਸੈਦਪੁਰ ਸਰੋਹਾ ਥਾ । ਕੋਈ ਗੁਨਾਹ ਪਠਾਣੋ ਸੇ ਹੂਆ ਥਾ ਤਬ ਬਾਬੇ ਜੀ ਸਰਾਪ ਦੀਆ ਥਾ । ਬਾਬਰ ਪਾਤਸ਼ਾਹ ਨੇ ਬਸਤੀ ਕੋ ਕਤਲਆਮ ਕੀਆ ਥਾ । ਫੇਰ ਬਾਬੇ ਜੀ ਕੇ ਬਚਨ ਕਰਕੇ ਉਸਦਾ ਨਾ ਇਮਨਾਬਾਦ ਰਖਾਯਾ । ਨਾਉ ਰਖ ਕਰ ਬਸਾਈ ਗਈ ਥੀ । ਮਤਹਰੀ ਕਰੋੜੀਏ ਖਤ੍ਰੀ ਨੇ ਜਗ ਕੀਆ ਬਾਬਾ

ਜੀ ਕੋ ਸੁਨਕਰ ਲਾਲੋ ਬਢਈਏ ਕੇ ਘਰ ਮੋ ਆਦਮੀ ਭੇਜਾ । ਜੋ ਨਾਨਕ ਜੀ ਹਮਾਰੇ ਘਰ ਭੋਜਨ ਕਰਨਾ ਹੋਗਾ । ਤਾ ਬਾਬਾ ਨ ਮਨਿਆ ਤਬ ਜਿਸ ਵਖਤ ਬ੍ਰਹਮਣ ਭੋਜਨ ਪਰ ਬੈਠੇ ਤਬ ਵਹੁ ਕਰੋੜੀਆ ਬਾਬੇ ਜੀ ਕੇ ਪਾਸ ਆਇਆ ਬਹੁਤ ਮਿਨਤ ਕਰਕੇ ਬਾਬੇ ਜੀ ਕੋ ਘਰ ਲੈ ਗਇਆ। ਭੋਜਨ ਪਰੋਸ ਕੇ ਅਗੇ ਲੈ ਰਖਿਆ ਤਬ ਕਹਨ ਲਗਾ । ਤੁਸੀ ਐਸੇ ਸਾਧ ਹੋ ਕਰ ਬਢਈ ਕੇ ਘਰ ਕਾ ਭੋਜਨ ਖਾਹੋ । ਖਤ੍ਰੀ ਬ੍ਰਹਮਨ ਕਾ ਨ ਖਾਹੋ ਇਆਹ ਕਉਣ ਸਬਬ ਕਹੀਏ । ਤਬ ਬਾਬੇ ਜੀ ਆਖਿਆ ਲਾਲੋ ਕੇ ਘਰ ਮੋ ਹਮਾਰੀ ਸਾਗ ਕੀ ਪਿੰਨੀ ਧਰੀ ਹੈ ਲੈ ਆਵੋ ਤਬ ਸਾਗ ਕੀ ਪਿੰਨੀ ਆਈ । ਏਕ ਹਾਥ ਮੇ ਸਾਗ ਲੀਆ ਏਕ ਹਾਥ ਮੇ ਕਰੋੜੀਏ ਕੀ ਪੂਰੀ ਲੀਆ ਦੋਨੋ ਹਾਥ ਮੋ ਦੋਨੋ ਦਬਾਏ । ਕਰੋੜੀਏ ਕੇ ਭੋਜਨ ਮੋ ਸੇ ਰਕਤ ਨਿਕਲਾ ਅਰ ਲਾਲੋ ਕੇ ਸਾਗ ਮੇ ਦੂਧ ਨਿਕਲਿਆ । ਤਬ ਬਾਬਾ ਜੀ ਬੋਲਿਆ ਸਲੋਕ ਮਹਲਾ ੧ :-

ਜੇ ਮੋਹਾਕਾ ਘਰੁ ਮੋਹੈ ਘਰੁ ਮੋਹਿ ਪਿਤਰੀ ਦੇਇ
ਅਗੇ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ
ਵਢੀਅਹਿ ਹੱਥ ਦਲਾਲ ਕੇ ਮੁਨਸਫੀ ਏਹ ਕਰੇਇ
ਨਾਨਕ ਅਗੇ ਸੋ ਮਿਲੈ ਜਿ ਖਟੇ ਘਾਲੇ ਦੇਇ ।

ਤਾ ਬਾਬਾ ਜੀ ਆਖਿਆ ਏ ਭਾਈ ਕਰੋੜੀਆ ਅਖੀਆ ਮੀਟ ਅਰ ਤਮਾਸਾ ਦੇਖ । ਕਿਆ ਦੇਖੇ ਜੋ ਮੇਰੇ ਪਿਤ੍ਰਾਂ ਕੋ ਜਿਨ ਕੇ ਪਿਤਰਾ ਕੀ ਗਊਆ ਲਇਆ ਹਓ ਵੋ ਛੇਤਰਾ ਕੀ ਮਾਰ ਦੇ ਤੇ ਹੈ । ਤਬ ਬਹੁਤ ਬਿਸਮਾਦ ਹੋਇ ਗਇਆ । ਅਰ ਚਰਨਾ ਪਰ ਗਿਰ ਪੜਿਆ । ਆਖਿਆ ਜੋ ਹੇ ਮਹਾਰਾਜ ਤੁਮਾਰੇ ਦਰਸਨ ਕਾ ਫਲ ਮੁਝ ਕੋ ਲਗਾ ਲੋੜੀਏ । ਤੁਮ ਪਤਿਤ ਉਧਾਰਨ ਹੋ । ਮੇਰਾ ਜਗ ਪੂਰਨ ਕਰੀਏ । ਤਬ ਬਾਬਾ ਜੀ ਦਇਆ ਪਰ ਆਏ ਕਹਾ ਕਿ ਜਿਨ ਜਿਨ ਕਾ ਮਾਲ ਲੀਆ ਹੈ ਸਬ ਕਾ ਦਾਮ ਦੇਓ ਉਨਕੀ ਪ੍ਰਸੰਨਤਾ ਕਰਕੇ ਬ੍ਰਹਮਨ ਕੋ ਦਾਨ ਦੇਉ ਤਬ ਐਸਾ ਹੀ ਕਰੋੜੀਏ ਨੇ ਕੀਆ ਤਬ ਬਾਬਾ ਜੀ ਉਹਾ ਸੇ ਚਲੇ । ਕਰੋੜੀਏ ਕਾ ਜਗ ਪੂਰਾ ਕਰਕੇ ।

ਕਰੋੜੀਐ ਦਾ ਹੰਕਾਰ ਤੋੜਿਆ

ਤਬ ਚਲੇ ਚਲੇ ਰਾਵੀ ਨਦੀ ਕੇ ਕਨਾਰੇ ਪਰ ਆਇਕੇ ਸਭ ਲੋਕੋ ਪਰ ਜਾਹਰ ਹੂਆ। ਜੋ ਬਾਬਾ ਨਾਨਕ ਜੀ ਆਇ ਟਿਕੇ ਹੈ । ਉਹਾ ਏਕ ਕਰੋੜੀਆ ਪਾਤਸਾਹੀ ਥਾ । ਉਸਨੇ ਸੁਨਾ ਤਬ ਉਸਨੇ ਕਹਾ ਜੋ ਨਾਨਕ ਦੁਨੀਆ ਕੇ ਲੋਕੋ ਸੇ ਬਦਰਾਹ ਕਰਦਾ ਹੈ । ਮੈ ਇਸਨੋ ਰਹਨੇ ਨਾ ਦੇਓਗਾ । ਘੋੜੇ ਪਰ ਚੜ ਕਰ ਬਾਬੇ ਜੀ ਕੇ ਪਾਸ ਆਵਣ ਲਗਾ । ਰਾਹਿ ਵਿਚ ਆਇਆ ਘੋੜਾ ਉਲਟ ਪੜਾ ਕਰੋੜੀਆ ਗਿੜ ਪੜਾ ਅਰ ਘੋੜਾ ਗਿੜ ਪੜਿਆ । ਮਰ ਗਇਆ । ਲੋਕਾਂ ਨੇ ਫੇਰਿਆ ਜੋ ਬਡਾ ਗੁਨਾਹ ਹੂਆ ਹੈ । ਕਲ ਚਲ ਕਰ ਗੁਨਾਹ ਬਖਸਾਈਏਗਾ ਤਬ ਅਗਲੇ ਰੋਜ ਫਿਰ ਚਲਾ ਹੰਕਾਰ ਸੇ । ਤਬ ਰਾਹ ਮੋ ਅੰਧਾ ਹੋਇ ਗਇਆ । ਤਬ ਲੋਕਾਂ ਨੇ ਸਮਝਾਇਆ

ਜੋ ਬਾਬਾ ਨਾਨਕ ਜੀ ਮਹਾਪੁਰਖ ਹੈ ਹਾਥ ਜੋੜ ਕੇ ਚਰਨਾ ਪਰ ਚਲ ਕੇ ਗਿਰੇ ਜੋ ਗੁਨਾਹ ਬਖਸਿਆ ਜਾਏ ਤਬ ਕਰੋੜੀਆ ਪਿਸੇਮਾਨ ਹੋਕਰ ਕਦਮਾ ਪਰ ਗਿੜਿਆ । ਗੁਨਾਹ ਬਖਸਾਇਆ ਤਬ ਅਖੋ ਸੇ ਮੁੜਿਆ, ਬਾਬੇ ਜੀ ਕਾ ਦਰਸ਼ਨ ਕੀਆ । ਤਬ ਆਇਵੇਸੁ ਮੇਰਾ ਕੁਛ ਕਬੂਲ ਹੋਵੇ । ਤਬ ਬਾਬਾ ਜੀਨੇ ਕੁਛ ਕਬੂਲ ਨਹੀਂ ਕੀਤਾ । ਤਬ ਬਹੁਤ ਮਿਨੰਤ ਕਰਕੇ ਸਓ ਬਿਗਾਹ ਕਾ ਚਰਨ ਨਾਨਕ ਸਾਧ ਕੇ ਭੇਟ ਕੀਤਾ ਬਾਬੇ ਜੀ ਖੁਸੀ ਕੀਤੀ । ਉਥੇ ਧਰਮਸਾਲਾ ਬਾਧੀ ਅਰ ਖੇਤੀ ਕਾ ਅਰੰਭ ਹੋਆ । ਅਰ ਤਲਵੰਡੀ ਘਰ ਕੋ ਖਬਰ ਭੇਜੀ ਤਾ ਸੇ ਬਲਵੰਡ ਢਾਢੀ ਆਇਆ। ਮਰਦਾਨੇ ਕੀ ਜਗਾਹ ਕੀਰਤਨ ਲਗਾ ਕਰਨ ਅਰ ਮਰਦਾਨਾ ਦੇਸੰਤਰ ਸੇ ਹੁਕਮ ਸਤਿ ਹੋਇਆ ਥਾ । ਕਿਤਨੇ ਕੁ ਦਿਨ ਬਾਬਾ ਜੀ ਕਰਤਾਰਪੁਰ ਮੋ ਰਹੇ ਤਬ ਤਿਲਵੰਡੀ ਸੇ ਮਾਤਾ ਜੀ ਕੋ ਸਦ ਬੁਲਾਇਆ । ਬਾਬਾ ਕਾਲੂ ਜੀ ਭੀ ਹੁਕਮ ਸਤਿ ਹੂਏ ਥੇ । ਮਾਤਾ ਜੀ ਬਾਬਾ ਜੀ ਕੇ ਕਬੀਲੇ ਕੋ ਨਾਲ ਲੇਕਰ ਕਰਤਾਰਪੁਰ ਵਿਚ ਆਇ ਬਸੇ । ਭੁਖੇ ਪਿਆਸੇ ਕੀ ਟਹਲ ਹੋਣ ਲਗੀ। ਸਭ ਜਗਤ ਬਾਬੇ ਜੀ ਕੇ ਦਰਸ਼ਨ ਕੋ ਆਵੇ ਨਿਹਾਲ ਹੋਇ ਜਾਇ । ਤੀਨ ਲੋਕ ਮੇ ਬਾਬਾ ਜੀ ਕੀ ਮਹਮਾ ਕਾ ਪਸਾਰਾ ਹੂਆ ।

ਸ੍ਰੀ ਲਹਿਣਾ ਜੀ ਦਾ ਮਿਲਾਪ

ਤਬ ਲਖੀ ਜੰਗਲ ਸੋ ਦੁਰਗਾ ਦਾ ਸੰਗ ਆਇਆ । ਤਿਸ ਕੇ ਸਾਥ ਗੁਰੂ ਅੰਗਦ ਜੀ ਤਦ ਨਾਮ ਲਹਨਾ ਥਾ । ਮਤੇ ਕੀ ਸਰਾਇ ਸੇ ਜਾਤਰਾ ਕਰਕੇ ਫਿਰੇ ਤਬ ਰਾਹ ਮੇ ਬਾਬੇ ਜੀ ਕੀ ਮਹਮਾ ਸੁਣੀ ਸੁਰਤ ਦਰਸਨ ਕੋ ਲਗੀ । ਜਬ ਕਰਤਾਰਪੁਰ ਕੇ ਨੇੜੇ ਆਏ ਤਬ ਸੰਗ ਕੋ ਛੋਡਿ ਕੈ ਨਿਆਰੇ ਹੋਕਰ ਦਰਸਨ ਕੋ ਆਏ ਤਾ ਬਾਬਾ ਜੀ ਅੰਤਰਜਾਮੀ ਘਰ ਮੋ ਬੈਠੇ ਬਚਨ ਕੀਆ ਜੋ ਚਲਾ ਜੋ ਮੇਰੇ ਰਾਜ ਕਾ ਧਨੀ ਆਇਆ ਹੈ । ''ਲੈ ਆਤਾ'' ਏਹ ਕਹੇ ਕੇ ਉਠ ਚਲੇ ਰਸਤੇ ਮੇ ਆਨ ਕੇ ਖੜੇ ਹੋਏ ਆਗੇ ਸੇ ਗੁਰੂ ਅੰਗਦ ਜੀ ਆ ਨਿਕਲੇ । ਬਾਬਾ ਦੀ ਨੇ ਪੁਛਾ, ''ਹੇ ਸਾਧ ਨਾਨਕ ਤਪੈ ਕੇ ਦਰਸ਼ਨ ਕੋ ਜਾਨਾ ਹੈ ਕਿਹੜੇ ਰਾਹ ਜਾਈਐ ?'' ਤਬ ਬਾਬੇ ਜੀ ਆਖਿਆ ਪੁਰਖਾ ਮੇਰੇ ਪਿਛੇ ਘੋੜੀ ਲਈ ਆਉ ਮੈ ਤੈਨੂੰ ਬਾਬੇ ਕੋ ਘਰ ਲੈ ਚਲਦਾ ਹਾਂ । ਤਬ ਚਲੇ ਧਰਮਸਾਲਾ ਦੇ ਦੁਆਰ ਪਰ ਜਬ ਗਏ ਤਬ ਬਾਬੇ ਜੀ ਆਖਿਆ ਪੁਰਖਾ ਘੋੜੀ ਨੂੰ ਖੁਣੇ ਨਾਲ ਬੰਨ ਕਰ ਆਪ ਅੰਦਰ ਆਉ । ਤਬ ਅੰਗਦ ਜੀ ਅੰਦਰ ਗਏ । ਬਾਬੇ ਜੀ ਕੇ ਚਰਨ ਪਰ ਮਥਾ ਟੇਕਿਆ ਸੁ ਬਾਬਾ ਜੀ ਖੁਸ਼ੀ ਕੀਤੀ । ਤਬ ਗੁਰੂ ਅੰਗਦ ਜੀ ਮਨ ਮੇ ਬੀਚਾਰ ਕੀਤਾ। ਜੋ ਹਮ ਸੇ ਬਡੀ ਬੇਅਦਬੀ ਹੋਈ ਹੈ ਜੋ ਅਸੀ ਘੋੜੀ ਪਰ ਚੜ ਕੇ ਆਏ ਹਾਂ । ਅਬ ਆਪਣੇ ਘਰ ਕੋ ਚਲੀਏ ਉਥੇ ਫਿਰ ਸੇਵਕ ਭਾਓ ਹੋਕਰ ਆਵੈਗੇ ਤਬ ਰਾਤ ਰਹੇ ਠਹਿਰ ਕਰ ਵਿਦਿਆ ਹੋਕਰ ਘਰ ਕੋ ਚਲੇ । ਘਰ ਜਾਇ ਪਹੁੰਚੇ ਘਰ ਕਾ ਕਾਰਜ ਘਰ ਸਬ ਬਿਲਾ ਬੰਦ ਕੀਆ ਚਿਤ ਇਕਾਗਰ ਕਰਕੇ ਚਟਾਈ ਅਰ ਲੋਣ ਦੀ ਪੋਟ ਬਾਂਧ ਕਰ ਸਾਥ ਲੀਆ ਬਾਬੇ ਜੀ ਕੇ ਦਰਸ਼ਨ ਕੋ ਚਲੇ, ਤਾ ਟਹਲੀਏ ਆਖਿਆ ਜੀ ਮੇਰੇ ਸਿਰ ਦੇਹ ਤਬ ਗੁਰੂ ਅੰਗਦ ਜੀ ਆਖਿਆ ਹੇ ਭਾਈ ਕਿਸੀ

ਕੋ ਜੰਗਲ ਮੋ ਖਜਾਨਾ ਮਿਲੇ ਤਬ ਦੂਸਰੇ ਕੋ ਕੋਈ ਸਰੀਕ ਨਹੀਂ ਕਰਦਾ ਤੁਸੀ ਈਥੋ ਹਰੋ ਅਸਾਡਾ ਹੀ ਕੰਮ ਹੈ ਜਾਣਾ । ਇਆਹ ਕਹਕੇ ਚਲੇ ।

ਕਰਤਾਰਪੁਰ ਮੋ ਆਇ ਪਹੁੰਚੇ ਤਬ ਧਰਮਸਾਲਾ ਮੋ ਗਏ ਮਾਤਾ ਜੀ ਕੋ ਮਥਾ ਟੇਕਿਆ ਚਟਾਈ ਲੋਣ ਰਖਿਆ ਅਰ ਪੁਛਿਆ ਜੋ ਬਾਬਾ ਜੀ ਕਿਥੇ ਹੈ ਤਬ ਮਾਤਾ ਜੀ ਆਖਿਆ ਬਾਬਾ ਜੀ ਖੇਤ ਕੇ ਬੰਨੇ ਬੈਠੇ ਹੈ । ਸਬ ਉਹਾ ਗਏ ਬਾਬਾ ਜੀ ਕੇ ਚਰਨ ਪਰ ਮਥਾ ਟੇਕਿਆ ਤਾ ਬਾਬਾ ਜੀ ਬਹੁਤ ਖੁਸ਼ੀ ਭਏ । ਤਬ ਗੁਰੂ ਅੰਗਦ ਜੀ ਹਥ ਜੋੜ ਕਰ ਅਰਦਾਸ ਕੀਤੀ, ''ਸਚੇ ਪਾਤਸ਼ਾਹ ਮੈਨੂੰ ਭੀ ਟਹਲ ਬਖਸ਼ੀਐ'' ਤਬ ਆਗਿਆ ਹੋਈ ਜੋ ਟਹਲ ਸਭ ਕਰਦੇ ਹੈਂ ਸੋ ਤੁਸੀ ਭੀ ਕਰੋ ਤਬ ਗੁਰੂ ਅੰਗਦ ਜੀ ਖੇਤ ਕੇ ਵਿਚ ਸੇ ਘਾਸ ਲਗੇ ਕਢਨ । ਘਾਸ ਦੇ ਨਾਲ ਧਾਨ ਭੀ ਪਟੇ ਜਾਣ ਤਬ ਬਾਬਾ ਜੀ ਆਇਆ, ''ਪੁਰਖਾ ਤੁਸੀ ਘਾਸ ਕੀ ਗਠੜੀ ਬਾਂਧ ਕਰ ਘਰ ਲੇ ਚਲੋ। ਤਬ ਗੁਰੂ ਅੰਗਦ ਦੇਵ ਜੀ ਗਠਰੀ ਬਾਂਧ ਕਰ ਸਾਹਿਬ ਕੇ ਸਾਥ ਚਲੇ । ਜਬ ਘਰ ਗਏ ਘਾਸ ਜਾਇ ਕਰ ਰਖਿਆ ਤਬ ਮਾਤਾ ਜੀ ਦੇਖਿਆ ਜੋ ਗੁਰੂ ਅੰਗਦ ਜੀ ਕੇ ਕਪੜੇ ਪਰ ਚਹਲੇ ਕੇ ਦਾਗ ਪਏ ਹੈ । ਤਬ ਮਾਤਾ ਜੀ ਆਖਿਆ, ''ਬਚਾ ਤੂੰ ਮਹਾਪੁਰਖ ਹੈ ਜੋ ਕੋਈ ਤੇਰੇ ਦਰਸਨ ਕੋ ਆਵਦਾ ਹੈ ਭਲਾ ਮਨੁਖ ਤਿਸਦਾ ਤੂੰ ਏਹੀ ਹਾਲ ਕਰਦਾ ਹੈ ।'' ਤਬ ਬਾਬੇ ਜੀ ਆਇਆ ''ਮਾਤਾ ਜੀ ਇਨਕੇ ਸਿਰ ਪਰ ਗਠੜੀ ਘਾਸ ਕੀ ਨਹੀ ਦਿਤੀ ਸੁ ਇਆਹ ਦੀਨ ਦੁਨੀਆ ਦਾ ਛਤ੍ਰ ਦੀਆ ਹੈ ਅਰ ਕਪੜੇ ਉਪਰਿ ਚਹਲਾ ਨਹੀ ਕੇਸਰ ਪੜਿਆ ਹੈ । ਮਾਤਾ ਜੀ ਏਹ ਬਡੇ ਭਾਗਵਾਨ ਪੁਰਖ ਹੈ ਮੇਰੇ ਰਾਜ ਕੇ ਰਾਜਧਨੀ ਹੈ ।'' ਤਬ ਮਾਤਾ ਜੀ ਬਹੁਤ ਪ੍ਰਸੰਨ ਹੋਈ । ਤਬ ਸ੍ਰੀ ਗੁਰੂ ਅੰਗਦ ਜੀ ਰਾਤ ਦਿਨ ਬਾਬੇ ਜੀ ਕੀ ਸੇਵਾ ਵਿਖੇ ਰਹੇ ਇਕ ਪਲ ਭੀ ਜੁਦਾ ਨਾ ਹੋਵੇ। ਅਰ ਬਾਬੇ ਜੀ ਕੇ ਭੀ ਗੁਰੂ ਅੰਗਦ ਜੀ ਕੇ ਬਰਾਬਰ ਕੋਈ ਪਿਆਰਾ ਨ ਲਗੇ ਤਬ ਮਾਤਾ ਜੀ ਦੇਖਿਆ ਜੋ ਬਾਬੇ ਜੀ ਪ੍ਰੀਤ ਗੁਰੂ ਅੰਗਦ ਜੀ ਕੀ ਤਰਫ ਬਹੁਤ ਹੈ ਐਸਾ ਹੋਰ ਕੋਈ ਨਹੀ । ਤਬ ਮਾਤਾ ਜੀ ਗੁਰੂ ਅੰਗਦ ਜੀ ਨੂੰ ਆਖਿਆ ਬਚਾ ਤੂੰ ਬਾਬੇ ਜੀ ਨੂੰ ਆਖਿਹ ਤੋ ਮੇਰਾ ਮਨੋਰਥ ਪੂਰਾ ਹੋਵੇ । ਤੇਰਾ ਆਖਿਆ ਬਾਬਾ ਜੀ ਮੰਨ ਲੈਣਗੇ । ਕੋਈ ਐਸਾ ਜਤਨ ਕਰੇ ਜੋ ਬਾਬਾ ਜੀ ਕੇ ਪੁਤ੍ਰ ਹੋਵੇ ਮੈ ਅਪਨੀ ਸੇ ਪੋਤ੍ਰੇ ਦੇਖਾ ਅਰ ਖੇਲਾਵਾ । ਤੂੰ ਆਕੇ ਗਾ ਤਾ ਤੇਰਾ ਆਖਿਆ ਮਨ ਲੈਣਗੇ । ਤਬ ਗੁਰੂ ਅੰਗਦ ਜੀ ਨੇ ਬਾਬੇ ਜੀ ਦੇ ਅਗੇ ਹਥ ਜੋੜ ਕੇ ਅਰਦਾਸ ਕੀਤੀ । ਸਚੇ ਪਾਤਸ਼ਾਹ ਬਡੀ ਮਾਤਾ ਜੀ ਦੀ ਇਛਾ ਹੈ ਜੋ ਸਾਹਿਬ ਕੇ ਘਰ ਸੰਤਾਨ ਹੋਵੇ ਮੈ ਗੋਦੀ ਲੈ ਕੇ ਖੇਲਾਵਾ । ਇਸ ਬਚਨ ਕੋ ਪੂਰਨ ਕਰੀਏ । ਤਬ ਬਾਬੇ ਜੀ ਆਖਿਆ, ''ਪੁਰਖਾ ! ਇਹ ਕਾਰਜ ਕੁਛ ਐਸੀ ਲੋੜ ਕੀ ਨਹੀ । ਪਰ ਤੇਰਾ ਵਚਨ ਫੇਰਿਆ ਨਹੀ ਜਾਂਦਾ । ਤਬ ਦੋਇ ਲੌਂਗ ਬਾਬਾ ਜੀ ਨੇ ਦੀਏ ਕਹਾ ਇਨਸੇ ਦੋਇ ਲਡਕੇ ਹੋਇਗੇ ਤਬ ਗੁਰੂ ਅੰਗਦ ਜੀ ਨੇ ਦੋਨੋ ਲੋਂਗ ਮਾਤਾ ਜੀ ਕੇ ਹਾਥ ਕਰਕੇ ਬਾਬਾ ਜੀ ਕੇ ਕਬੀਲੇ ਕੋ ਦਿਵਾਇ । ਦੂਇ ਬੇਰ ਕਰਕੇ ਪਹਿਲੇ ਸਾਹਿਬ ਲਖਮੀ ਦਾਸ ਜੀ ਜਨਮ ਧਾਰਾ । ਦੂਸਰੀ ਬਾਰੀ ਬਾਬਾ ਸ੍ਰੀ ਚੰਦ ਜੀ ਜਨਮ ਧਾਰਾ । ਤਬ ਬਾਬੇ ਜੀ ਕੀ ਮਾਤਾ ਬਹੁਤ ਪ੍ਰਸੰਨ ਭਈ । ਘਰ ਮੋ ਅਨੰਦ ਹੋਏ । ਬੋਲੋ ਵਾਹਿਗੁਰੂ । ਆਗੇ ਹੋਰ ਸਾਖੀ ਚਲੀ ॥੪।

ਸ੍ਰੀ ਲਹਿਣਾ ਪ੍ਰੀਖਿਆ

ਪਹਰਾਤ ਕੋ ਬਾਬਾ ਜੀ ਨਿਤ ਪ੍ਰਤਿ ਨਦੀ ਕੋ ਜਾਤੇ ਥੇ। ਬੁਢਾ ਅਰ ਸਾਧਾਰਨ ਅਰ ਬਾਲਾ ਅਰ ਗੁਰੂ ਅੰਗਦ ਜੀ ਭੀ ਨਾਲ ਜਾਂਦੇ ਸੇ। ਇਕ ਦਿਨ ਇਸਨਾਨ ਕੋ ਗਏ। ਜਬ ਨਦੀ ਕੇ ਕੰਡੇ ਪਰ ਬਾਬਾ ਜੀ ਗਏ ਬਸਤ੍ਰ ਉਤਾਰ ਕਰ ਨਦੀ ਕੇ ਬੀਚ ਇਸਨਾਨ ਕੋ ਗਏ। ਇਸਨਾਨ ਕਰਤੇ ਹੀ ਲਿਵਲੀਨ ਹੋਇ ਗਏ। ਅਰ ਉਧਰ ਸੇ ਬਡੀ ਬਰਖਾ ਆਈ। ਪਥਰ ਗੋਲਾ ਬਰਸਨ ਲਗਾ। ਸਭ ਕੋਈ ਜੋ ਥੇ ਬਾਬਾ ਜੀ ਕੋ ਛੋਡਿ ਕੇ ਦਰਖਤਾਂ ਕਾ ਆਸਰਾ ਜਾਇ ਲੀਏ। ਸ੍ਰੀ ਅੰਗਦ ਜੀ ਓਥੇ ਬੈਠੇ ਰਹੇ ਬੈਠੇ ਬੈਠੇ ਪਥਰ ਗੋਲੇ ਮੋ ਗੱਡ ਗਏ ਤਬ ਬਾਬਾ ਜੀ ਜਲ ਕੇ ਬਾਹਰ ਨਿਕਸੇ ਕਿਆ ਦੇਖੇ ਜੋ ਹੋਰ ਕੋਈ ਨਹੀ ਗੁਰੂ ਅੰਗਦ ਜੀ ਬੈਠੇ ਹੈ। ਅਰ ਬਡਾ ਕਸਟ ਸਹਾ ਹੈ। ਤਬ ਬਾਬੇ ਜੀ ਆਖਿਆ, ''ਪੁਰਖਾ ਜੀ ਤੁਸੀ ਇਥੇ ਕਿਓਂ ਬੈਠੇ?'' ਕਿਸੀ ਬਿਰਛ ਕੇ ਆਸਰੇ ਜਾਇ ਬੈਠਤੇ।'' ਤਬ ਗੁਰੂ ਅੰਗਦ ਜੀ ਆਖਿਆ ਸਚੇ ਪਾਦਸ਼ਾਹ ਸਾਨੂੰ ਜਗਤ ਮੋ ਕਿਸੀ ਨਾਲ ਅਰਥ ਨਹੀ ਰਹਾ। ਜਿਸ ਚਰਨੋ ਸੇ ਪਰੋਜਨ ਹੈ ਤਿਸੀ ਕੇ ਆਗੇ ਬੈਠੇ ਹੈ। ਤਬ ਬਾਬੇ ਜੀ ਆਖਿਆ, ''ਪੁਰਖਾ ਅਸੀ ਜੋ ਤਪ ਕਰਦੇ ਹਾਂ ਸੋ ਤੁਸਾਡੇ ਹੀ ਵਾਸਤੇ ਕਰਦੇ ਹਾਂ ਤੁਸਾ ਕਸਟ ਨਹੀ ਕਰਨਾ।'' ਤਬ ਬਾਬਾ ਜੀ ਬਸਤ੍ਰ ਪਹਿਰ ਕਰ ਘਰ ਕੋ ਆਇ।

ਏਕ ਸਮੇ ਬਾਬਾ ਜੀ ਬਕਾਇਨੋ ਕੀ ਝੁਗੀ ਤਲੇ ਖਾਟ ਪਰ ਬਿਰਾਸੇ ਥੇ ਅਰ ਗਰਮੀ ਦੀ ਰੁਤ ਥੀ। ਸਭ ਲੋਕ ਅਰ ਸਾਹਿਬਜਾਦੇ ਪਾਸ ਥੇ। ਬਾਬਾ ਜੀ ਆਪਣੇ ਬੇਟਿਆਂ ਨੂੰ ਆਖਿਆ ਬਚਾ ਬਹੁਤ ਗਰਮੀ ਭਈ ਹੈ ਤੁਸੀ ਇਸ ਬਕਾਇਨ ਪਰ ਚਢੋ ਅਰ ਬਕਾਇਨ ਸੇ ਪਤਾਸੇ ਝਾੜੋ ਤਾਂ ਸ਼ਰਬਤ ਹੋਇ। ਤਬ ਸਭ ਹਸਨੇ ਲਗੇ। ਆਖਣ ਲਗੇ ਕਦੇ ਬਕਾਇਨ ਸੇ ਪਤਾਸੇ ਨਹੀ ਗਿਰੇ। ਬਾਬਾ ਕੈਸੀਆਂ ਗੱਲਾਂ ਕਰਨ ਲਗਾ ਹੈ। ਤਬ ਬਾਬਾ ਜੀ ਚੁਪ ਕਰ ਗਏ। ਤਬ ਫਿਰ ਗੁਰੂ ਅੰਗਦ ਜੀ ਕੋ ਆਖਿਆ ਤੂੰ ਪਤਾਸੇ ਝਾੜ ਤਦ ਗੁਰੂ ਅੰਗਦ ਜੀ ਬਕਾਇਨ ਕੋ ਹਲੂਣਿਆ ਪਤਾਸੇ ਝੜੇ। ਬਾਬਾ ਜੀ ਕੇ ਅਗੇ ਧਰੇ। ਬਹੁਤ ਪ੍ਰਸੰਨ ਹੋਏ ਆਖਿਵ, ''ਪੁਰਖਾ ਤੂੰ ਧਨ ਹੈ'' ਐਸੇ ਪ੍ਰਸੰਗ ਬਹੁਤ ਹੈਨ। ਲਿਖਣੇ ਪੜਨੇ ਮੋ ਨਹੀ ਆਵਤੇ। ਲਿਖ ਨਹੀ ਸਕਦਾ ਹੈ। ਬੋਲੋ ਵਾਹਿਗੁਰੂ ॥੫॥

ਏਕ ਸਮੇ ਬਾਬੇ ਜੀ ਨੇ ਰਾਤ ਕੋ ਬੁਢੇ ਸੇ ਪੁਛਿਆ ਬੁਢਿਆ ਰਾਤ ਕਿਤਨੀ ਰਹਿਦੀ ਹੈ ਤਾ ਬੁਢੇ ਆਖਿਆ ਮੇਹਰਵਾਨ ਸਵਾ ਪਹਰ ਰਾਤ ਹੈ ਤਾ ਬਾਬੇ ਆਖਿਆ ਤੈਨੂ ਕਿਓ ਕਰ ਮਲੂਮ ਹੋਇਆ ਬੁਢੇ ਆਖਿਆ ਅਸੀ ਜਟ ਹਾ ਤਾਰੇ ਦੇਖਕੇ ਮਲੂਮ ਕਰਦੇ ਹਾ ਫੇਰ ਬਾਬਾ ਜੀ ਗੁਰੂ ਅੰਗਦ ਜੀ ਨੂੰ ਪੁਛਿਆ ਪੁਰਖਾ ਰਾਤ ਕਿਤਨੀ ਹੈ ਤਦ ਆਖਿਵੋਸ ਮੇਹਰਵਾਨ ਤੇਰੀ ਰਾਤ ਤੇਰਾ ਦਿਨ ਤੂ ਸਭ ਕੁਛ ਜਾਨਤਾ ਹੈ। ਅਸਾਂ ਰਾਤ ਦਿਨ ਨਾਲ ਪਰੋਜਨ ਨਹੀ ਤਬ ਬਾਬਾ ਜੀ ਬਹੁਤ ਪ੍ਰਸੰਨ ਭਏ। ਬੋਲੋ ਵਾਹਿਗੁਰੂ ॥੬॥

ਸ੍ਰੀ ਲਹਿਣੇ ਤੋਂ ਅੰਗਦ

ਏਕ ਸਮੇਂ ਬਾਬਾ ਜੀ ਨੇ ਮਨ ਮੋ ਬਿਚਾਰਾ ਜੋ ਇਤਨੇ ਲੋਕ ਜਗਿਆਸੀ ਸਾਨੂੰ ਮਿਲਦੇ ਹੈਨਿ ਇਨ ਕੋ ਸੋਧਿਆ ਚਾਹੀਐ ਤਬ ਬਾਬਾ ਜੀ ਨੇ ਸਭ ਜਗਿਆਸੀਆ ਕੋ ਬੁਲਾਇਆ ਸਭ ਕੋ ਸਾਥ ਲੇਕਰ ਏਕ ਜੰਗਲ ਕੋ ਗਏ ਊਹਾ ਐਸਾ ਚਰਿਤ੍ਰ ਧਾਰਿਆ ਜੋ ਲੋਕਾ ਕੋ ਰੁਪੈਏ ਮੋਂਹਸ ਨਜ਼ਰ ਆਵਨ ਲਗੇ। ਬਹੁਤ ਲੋਕ ਰੁਪਏ ਸਾਥ ਲੈਕੇ ਘਰ ਨੂੰ ਉਠ ਆਏ ਫੇਰ ਬਾਬਾ ਜੀ ਆਗੇ ਚਲੇ ਕਿਆ ਦੇਕੇ ਜੋ ਮੋਤੀ ਹੀਰੇ ਨਜਰ ਆਵਨ ਲਗੇ ਸਭ ਲੋਕ ਓਹਾ ਹੀ ਰਹੇ ਬਾਬਾ ਆਗੇ ਕੋ ਚਲੇ ਤਬ ਗੁਰੂ ਅੰਗਦ ਜੀ ਅਰ ਬੁਢਾ ਜੀ ਨਾਲ ਰਹੇ ਤਬ ਉਸ ਜੰਗਲ ਸੋ ਏਕ ਚਿਖ਼ਾ ਨਜਰ ਆਈ ਤਿਸ ਚਿਖਾ ਸੋ ਏਕ ਮੁਰਦਾ ਕਫ਼ਨ ਸੋ ਲਕੜੀ ਸੋ ਲਪੇਟਾ ਹੂਆ ਹੈ ਤਬ ਬਾਬੇ ਜੀ ਬੁਢੇ ਸੋ ਕਹਾ ਇਸੀ ਵਾਸਤੇ ਅਸੀ ਇਥੇ ਆਏ ਹਾਂ ਇਸ ਮੁਰਦੇ ਕੋ ਤੂ ਖਾਹ ਤਾ ਬੁਢੇ ਆਖਿਆ ਮੇਹਰਵਾਨ ਕਿਸੀ ਆਦਮੀ ਨੇ ਮੁਰਦਾ ਨਹੀ ਖਾਦਾ ਅਸੀ ਕਿਓ ਕਰ ਖਹਿ, ਇਹ ਕਹ ਕਰ ਬੁਢਾ ਪਿਛਾਹ ਹੋ ਕਰ ਘਰ ਕੋ ਚਲਿਆ। ਬਾਕੀ ਗੁਰੂ ਅੰਗਦ ਦੇਵ ਜੀ ਕੋ ਬਾਬਾ ਜੀ ਆਖਿਆ ਪੁਰਖਾ ਤੁਸੀਂ ਇਸ ਮੁਰਦੇ ਕੋ ਖਾਹੁ ਤਾ ਗੁਰੂ ਅੰਗਦ ਜੀ ਆਖਿਆ ਜੋ ਸਿਰ ਵਲੋ ਖਾਹੁੰ ਕਿ ਪੈਰਾ ਵਲੋਂ ਖਾਹੁੰ। ਬਾਬਾ ਜੀ ਆਖਿਆ ਜੋ ਸਿਰ ਵਲੋ ਖਾਹੁ ਤੇ ਗੁਰੂ ਅੰਗਦ ਜੀ ਚਿਖਾ ਉਪਰ ਚਢਿ ਗਏ ਲਕੜੀ ਸਭ ਦੂਰ ਕੀਆ ਤੋ ਕਿਆ ਦੇਖੇ ਬਾਬਾ ਜੀ ਹੈ ਮੁਰਦਾ ਨਹੀ ਤਬ ਬਾਬਾ ਜੀ ਉਠ ਖੜੇ ਹੂਏ ਸ੍ਰੀ ਗੁਰੂ ਅੰਗਦ ਜੀ ਕੋ ਗਲੇ ਲਗਾਇਆ। ਤਬ ਆਖਿਵੋ ਸੋ ਪੁਰਖਾ ਤੂ ਧੰਨ ਹੈ। ਸਭ ਸੰਸਾਰ ਖੋਜਕੇ ਮੈ ਤੁਮਕੋ ਪਾਇਆ ਅਗੇ ਤੇਰਾ ਨਾਉ ਲਹਨਾ ਥਾ ਅਬ ਤੇਰਾ ਨਾਉ ਅੰਗਦ ਹੂਆ। ਤੂ ਮੇਰੇ ਅੰਗ ਸੋ ਪੈਦਾ ਹੋਇਆ ਹੈ ਸਬ ਸਿਧਾ ਸਾਧਾ ਕਹਿਆ ਥਾ ਮੈਨੂੰ ਤੈਰੇ ਗੁਰੂ ਤੇਰੇ ਅੰਗ ਸੇ ਹੋਵੇਗਾ ਅਬ ਤੂ ਮੇਰੇ ਅੰਗ ਸੇ ਹੋਇਆ ਹੈ। ਮੇਰਾ ਗੁਰੂ ਤੂ ਮੈ ਤੇਰਾ ਗੁਰੂ, ਮੇਰਾ ਗੁਰੂ ਮੈ ਤੇਰਾ ਗੁਰੂ ਹਾ ਇਹ ਕਹ ਕਹਿ ਪੰਜ ਪੈਸੇ ਨਰੀਏਲ ਰਖੇ ਗੁਰੂ ਅੰਗਦ ਜੀ ਅਗੇ। ਤਬ ਚਉਰਾਸੀ ਸਿਧ ਮੁਨ ਜਨ ਸਬ ਆਨ ਇਕਠੇ ਭਏ ਸ੍ਰੀ ਗੁਰੂ ਅੰਗਦ ਜੀ ਕੇ ਦਰਸਨ ਕੋ ਸਭ ਧਨ ਧਨ ਕਰਨੇ ਲਗੇ ਅਰ ਬਡਾ ਮੰਗਲਾ ਚਾਰ ਭਇਆ ਬਾਬਾ ਜੀ ਬਹੁਤ ਪ੍ਰਸੰਨ ਹੋਇਕਰ ਗੁਰੂ ਅੰਗਦ ਜੀ ਕੋ ਸਾਥ ਲੇਕਰ ਕਰਤਾਰ ਪੁਰ ਕੋ ਆਏ ਬੋਲੋ ਜੀ ਵਾਹਿਗੁਰੂ। ਸਾਖੀ ਹੋਰ ਚਲੀ ।੧੭।

ਗੁਰੂ ਅੰਗਦ ਜੀ ਦਾ ਖਡੂਰ ਸਾਹਿਬ ਆਉਣਾ

ਤਬ ਬਾਬਾ ਗੁਰੂ ਅੰਗਦ ਜੀ ਕਰਤਾਰਪੁਰ ਮੋ ਆਇ ਤਾਂ ਬਾਬਾ ਜੀ ਨੇ ਸਭ ਕੋ ਆਗਿਆ ਕੀਤੀ ਪੁਤ੍ਰ ਭਾਈ ਸਭ ਕੋ ਕਹਾ ਜੋ ਤੁਸੀ ਆਇ ਕਰ ਮਥਾ ਟੇਕਉ। ਤਬ ਸਭ ਨੇ ਮਥਾ ਟੇਕਿਆ ਸਾਹਿਬ ਜਾਦਿਆ ਨੇ ਆਗਿਆ ਨ ਮੰਨੀ। ਤਬ ਬਾਬਾ ਜੀ ਚੁਪ ਕਰ ਰਹੇ। ਏਕ ਸਮੇਂ ਬਾਬਾ ਜੀ ਨੇ ਗੁਰੂ ਅੰਗਦ ਜੀ ਕੋ ਆਖਿਆ ਜੀ ਤੁਸੀ ਆਪਣੇ ਕਬੀਲੇ ਉਥੋ ਬੁਲਾਇ ਲਹੁ ਉਹਾ ਖਡੂਰ ਹੈ ਤੁਸਾਡੇ ਸੋਹਰੇ ਹਨ ਉਥੇ ਲਿਆਇ ਰਖੋ। ਜੋ ਸਾਡੇ ਨਜੀਕ ਹੋਵਨ ਤਬ ਗੁਰੂ ਅੰਗਦ ਜੀ ਖਬਰ ਭੇਜ ਕੇ ਸਭ ਲੋਕ ਸਦੇ ਜੋ ਖਡੂਰ ਮੋ ਆਨ ਕੇ ਬਸੋ ਸਬ ਲੋਕ ਜਬ ਖਡੂਰ ਮੋ ਆਇ ਬਸੇ ਤਬ

ਸਾਹਿਬ ਕੋ ਖਬਰ ਹੋਈ ਕਿ ਲੋਕ ਆਏ ਬਸੇ ਹੈਂ ਤਬ ਗੁਰੂ ਬਾਬੇ ਜੀ ਗੁਰੂ ਅੰਗਦ ਕੋ ਆਖਿਆ ਪੁਰਸ਼ ਜੀ ਤੁਸੀ ਖਡੂਰ ਜਾਇ ਕੇ ਰਹੋ ਮਾਈ ਬਿਰਾਈ ਦੇ ਘਰ ਸਾਡੇ ਬੈਠਨ ਦੀ ਮੰਜੀ ਹੈ ਉਸ ਪਰ ਜਾਇ ਕਰ ਤੁਮ ਬੈਠੋ । ਮੇਰਾ ਸਿਘਾਸਨ ਵਹੀ ਹੈ ਤੁਮ ਉਥੇ ਜਾਇ ਕਰ ਬੈਠੋ । ਤਬ ਬਾਬੇ ਜੀ ਕੀ ਆਗਿਆ ਪਾਇ ਕੇ ਗੁਰੂ ਅੰਗਦ ਜੀ ਖਡੂਰ ਆਏ ਮਾਈ ਬਿਰਾਈ ਦੇ ਘਰ ਗਏ ਮਾਈ ਬਿਰਾਈ ਦੇਖ ਕਰ ਮਥਾ ਟੇਕਿਆ ਅਰ ਉਠ ਕੇ ਬਾਬੇ ਜੀ ਕੋ ਸਿਘਾਸਨ ਪਰ ਬਿਠਾਇ ਅਰ ਚਰਨ ਧੋ ਕਰ ਚਰਨਾਮਿਤ ਲੀਆ ਅਰ ਪਰਦਖਨਾ ਕੀਆ ਅਰ ਪੰਜ ਪੈਸੇ ਨਰੀਏਲ ਆਗੇ ਰਖੇ ਅਰ ਮੋਹ ਸੇ ਵਾਰਨੇ ਘੋਲਨੇ ਗਈ ਅਰ ਕਹਿਆ ਮੈ ਆਜ ਕੇ ਦਿਨ ਕੋ ਕੁਰਬਾਨ ਗਈ । ਜੋ ਸਤਗੁਰ ਮੇਰੇ ਚਰਨ ਧਾਰੇ ਹੈ ਸ੍ਰੀ ਗੁਰੂ ਅੰਗਦ ਜੀ ਸਾਹਿਬ ਉਹਾ ਰਹਨੇ ਲਗੇ ।

ਸਾਖੀ ਤਪਿਆਨਾ ਸਾਹਿਬ

ਫੇਰ ਏਕ ਸਮੇਂ ਬਾਬਾ ਜੀ ਖਡੂਰ ਮੋ ਆਏ ਸ੍ਰੀ ਗੁਰੂ ਅੰਗਦ ਜੀ ਆਗੇ ਦਰਸਨ ਕੋ ਗਏ ਜਾਏ ਕਰ ਚਰਨਾ ਪਰ ਮਥਾ ਟੇਕਿਆ । ਬਾਬੇ ਜੀ ਕਹਿਆ ਪੁਰਖਾ ਜੀ ਇਸੀ ਟੋਬੇ ਪਾਰ ਬੈਠੀਏ ਗੁਰੂ ਅੰਗਦ ਦੀ ਕਹਿਆ ਸਚੇ ਪਾਤਸਾਹ ਸਭ ਜਗਾ ਤੇਰੀ ਹੈ ਤਬ ਬਾਬਾ ਜੀ ਉਹਾ ਬੈਠੇ ਉਸ ਦਿਨ ਸੇ ਉਸ ਟੋਬੇ ਕਾ ਨਾਉ ਤਪਿਆਨਾ ਰਖਿਆ ਤਬ ਮਾਤਾ ਖੀਵੀ ਜੀ ਗੁਰੂ ਅੰਗਦ ਜੀ ਕੇ ਕਬੀਲੇ ਨੇ ਸੁਨਾ ਜੋ ਬਾਬਾ ਜੀ ਆਏ ਹੈ ਤਬ ਮਾਤਾ ਜੀ ਗਏ ਪੂਜਾ ਕੀਆ ਬਾਬੇ ਜੀ ਕੀ ਅਰ ਦਰਸਨ ਕੀਆ ਬਾਬਾ ਜੀ ਕੀ ਖੁਸ਼ੀ ਹੋਈ । ਮਾਤਾ ਜੀ ਘਰ ਗਏ ਤਬ ਬਾਬੇ ਜੀ ਪੁਛਿਆ ਪੁਰਖਾ ਜੀ ਸੰਤਾਨ ਤੁਮਾਰੇ ਕਿਆ ਹੈ ਤਬ ਗੁਰੂ ਅੰਗਦ ਜੀ ਕਹਿਆ ਸਚੇ ਪਾਤਸਾਹ ਮਤੇ ਦੀ ਸਰਾ ਜਬ ਹੋਦੇ ਤਬ ਦੋਇ ਲਡਕੇ ਸੇ ਦਾਤੂ ਦਾਸਾ ਨਾਉ ਸਾ । ਇਕ ਸਮੇ ਬਾੜੇ ਪਰ ਚੜਕੇ ਵੈ ਗਏ ਫੇਰ ਨਾ ਆਏ ਕੁਛ ਖਬਰ ਬੀ ਨਾ ਆਈ । ਤਬ ਬਾਬੇ ਜੀ ਆਖਿਆ ਪੁਰਖਾ ਸੰਤਾਨ ਚਾਹੀਏ ਦੁਇ ਸਾਡੇ ਦੁਇ ਤੁਸਾਡੇ ਤਬ ਗੁਰੂ ਅੰਗਦ ਜੀ ਆਖਿਆ ਪਾਤਸਾਹ ਜੋ ਬਚਨ ਕੀਤਾ ਹੈ ਤੋ ਦਾਸੂ ਦਾਤੂ ਹੀ ਆਵੈ । ਤਬ ਬਾਬੇ ਜੀ ਆਖਿਆ ਪੁਰਖਾ ਦਾਸੂ ਦਾਤੂ ਹੀ ਆਵੈਗੇ ਜਿਸ ਤਰਾ ਉਨਕਾ ਕਾਰਨ ਹੂਆ ਹੈ ਫਿਰ ਜਬ ਹੋਵੈਗਾ ਤਬ ਉਸੀ ਤਰਾ ਹੋਵੈਂਗਾ । ਏਆ ਬਚਨ ਕਰਕੇ ਬਾਬਾ ਜੀ ਉਠ ਖੜੇ ਹੋ ਜਬ ਬਾਬਾ ਜੀ ਚਲੇ ਤਬ ਗੁਰੂ ਅੰਗਦ ਜੀ ਬੀ ਚਲੇ ਤਬ ਬਾਬੇ ਜੀ ਆਖਿਆ ਪੁਰਖਾ ਜੀ ਤੁਸੀ ਇਥੇ ਹੀ ਬੈਠੋ ਅਸੀ ਆਵਾਗੇ । ਬਾਬਾ ਜੀ ਕਰਤਾਰਪੁਰ ਗਏ ਤਬ ਸ੍ਰੀ ਗੁਰੂ ਅੰਗਦ ਜੀ ਉਥੇ ਹੀ ਬੈਠ ਗਏ ਕਿਤਨੇ ਬਰਸ ਬੈਠੇ ਹੀ ਗੁਜਰ ਗਏ । ਅਰ ਏਕ ਸਮੇਂ ਬਾਬਾ ਜੀ ਫੇਰ ਆਏ ਸ੍ਰੀ ਗੁਰੂ ਅੰਗਦ ਜੀ ਕੇ ਸਿਰ ਪਰ ਆਨ ਖੜੇ ਹੂਏ ਅਰ ਬੁਲਾਇਆ, ਹੇ ਪੁਰਖਾ ਜੀ ਤਬ ਸ੍ਰੀ ਗੁਰੂ ਅੰਗਦ ਜੀ ਉਠੇ ਖੜੇ ਹੂਏ ਚਰਨਾ ਪਰ ਮਥਾ ਟੇਕਿਆ । ਤਬ ਬਾਬੇ ਜੀ ਕਹਿਆ ਪੁਰਖਾ ਜੀ ਤੁਸੀ ਇਥੇ ਕਿਉ ਬੈਠੇ ਅਰ ਐਸਾ ਕਸ਼ਟ ਕਿਉ ਕੀਤਾ । ਤਬ ਗੁਰੂ ਅੰਗਦ ਜੀ ਆਖਿਆ ਹਮਕੋ ਹੁਕਮ ਹੋਇਆ ਥਾ ਜੋ ਇਥੇ ਹੀ ਬੈਠੋ । ਤਾ ਬਾਬੇ ਜੀ ਆਖਿਆ

ਪੁਰਖਾ ਤੂ ਧੰਨ ਹੈ ਪਰ ਤੇਰਾ ਕਸਟ ਸਾਨੂੰ ਪਿਆਰਾ ਨਹੀ ਲਗਦਾ ਭਾਵਦਾ ਨਹੀ । ਸਬ ਤਪ ਜੋ ਅਸਾਂ ਕੀਤਾ ਹੈ ਸੋ ਤੁਸਾਡੇ ਹੀ ਲਈ ਕੀਤਾ ਹੈ । ਫੇਰ ਕੋਈ ਕਾਲ ਬਾਬਾ ਜੀ ਉਹਾ ਹੀ ਰਹੇ ਫਿਰ ਬਾਬਾ ਜੀ ਪੁਛਿਆ ਜੋ ਪੁਰਖਾ ਜੀ ਜਲ ਕਹਾ ਕਾ ਪੀਜੀਏ ਹੈ ਆਖਿਆ ਸਚੇ ਪਾਤਸ਼ਾਹ ਜਲ ਇਸ ਬਸਤੀ ਕਾ ਖਾਰੀ ਹੈ ਵਹੀ ਪਈਦਾ ਹੈ । ਤਬ ਬਾਬੇ ਜੀ ਕਹਿਾ ਹੈ ਪੁਰਖਾ ਇਥੇ ਇਕ ਖੂਹ ਪੁਰਾਤਨ ਹੈ ਜਲ ਬਹੁਤ ਮੀਠਾ ਹੈ ਸਾਬੁਤ ਹੈ । ਇਸਕੋ ਖੋਜਇਕੇ ਇਸਕਾ ਜਲ ਪੀਜੀਏ ਤਬ ਸਾਹਿਬ ਦੀ ਆਗਿਆ ਸੋ ਖੂਹਾ ਖੋਦਿਆ ਗਿਆ । ਜਬ ਖੂਹਾ ਖੋਦਿਆ ਤੋ ਜਲ ਬਹੁਤ ਮਿਠਾ ਨਿਕਲਿਆ ਵਹੀ ਜਲ ਵਰਤਨ ਮੋ ਆਇਆ । ਤਬ ਬਾਬਾ ਜੀ ਮਾਈ ਬਿਰਾਈ ਕੋ ਖੁਸੀ ਕੀਆ ਆਪ ਕਰਤਾਰ ਪੁਰ ਕੋ ਗਏ ਬੋਲੋ ਵਾਹਿਗੁਰੂ । ਅਗੇ ਸਾਖੀ ਹੋਰ ਚਲੀ ।੧੮ ।

ਮਖਦੂਮ ਬਹਾਵਲ ਦਾ ਚਲਾਣਾ

ਮਖਦੂਮ ਬਹਾਵਲ ਹਕ ਜੋ ਮੁਲਤਾਨ ਕੇ ਪੀਰ ਥੇ ਬਾਬਾ ਜੀ ਸਿਉ ਵਡੀ ਪਰੀਤ ਥੀ ਜੋ ਅਗੇ ਗੋਸਟ ਮੁਲਾਕਾਤ ਹੋਈ ਸੀ ਇਕ ਦਿਨ ਉਨ ਕੋ ਦਰਗਾਹ ਕਾ ਸਦਾ ਆਇਆ ਸਾ ਤਬ ਪੀਰ ਬਹੁਤ ਰੁਦਨ ਕਰਨ ਲਗੇ ਤਬ ਬਹੁਤ ਰੁਦਨ ਕੀਆ ਤੇ ਸਬ ਮੁਰੀਦ ਮਿਲਕਰ ਪੁਛਨ ਲਗੇ ਪੀਰ ਸਾਹਿਬ ਐਸਾ ਰੁਦਨ ਕਿਉ ਕਰੀਏ ਹੈ ਤਬ ਪੀਰ ਸਾਹਿਬ ਆਖਿਆ ਇਕ ਬਾਤ ਹੈ ਸੋ ਦਿਲ ਵਿੱਚ ਰੱਖਣ ਵਾਲੀ ਹੈ ਜੋ ਤੁਮ ਕਉ ਲਵਾਤਾ ਤੁਮਾਰਾ ਈਮਾਨ ਠਉਰ ਨਾ ਰਹੇਗਾ ਤਬ ਸਬ ਮੁਰੀਦੋਂ ਨੇ ਕਹਿਆ ਪੀਰ ਜੀ ਹਮ ਕੋ ਸੁਨਾਈਐ ਤਬ ਪੀਰ ਆਖਿਆ ਸਾਨੂੰ ਖੁਦਾਇ ਦਾ ਹੁਕਮ ਆਇਆ ਹੈ ਆਜ ਕੇ ਸਤਵੇ ਦਿਨ ਦਰਗਾਹ ਜਾਨ ਅਰ ਬਾਬਾ ਨਾਨਕ ਜੋ ਸਾਧ ਹੈ ਬਡਾ ਬਲੀ ਹੈ ਉਨਾ ਨੇ ਅਜੇ ਚਉਦਾ ਦਿਨ ਚਲਨਾ ਹੈ ਆਸਾਨੂੰ ਇਹ ਅਬਸੋਸ ਹੈ ਜੋ ਅਸਾਨੂੰ ਭੀ ਚੋਦਵੇਂ ਦਿਨ ਹੁਕਮ ਹੋਂਦਾ ਤੇ ਸਾਥੇ ਚਲਦੇ ਤਓ ਬਡੀ ਖੁਸੀ ਹੋਤੀ ਅਰ ਮੁਰਾਦ ਪੂਰੀ ਹੋਂਦੀ। ਤਬ ਮੁਰੀਦ ਸੁਣਕੇ ਬਹੁਤ ਹੈਰਾਨ ਹੋਇ ਗਏ ਆਖਿਵੋਸੁ ਜੋ ਹਿੰਦੂਆ ਕੋ ਤੋ ਬਿਸਤ ਨਹੀ ਤੁਮ ਜੋ ਹਿੰਦੂ ਪਰ ਇਤਨਾ ਏਕਾਅਰੁਤੀਲਾਏਹੁ ਪੀਰ ਜੀ ਏਹ ਬਾਤ ਭਲੀ ਨਹੀ ਤਬ ਸਬ ਮੁਰੀਦ ਆਪਸ ਮੋਂ ਬਾਤਾਂ ਕਰਨ ਲਗੇ ਜੋ ਪੀਰ ਕੀ ਅਕਲ ਗਈ ਹੈ ਤਬ ਪੀਰ ਜੀ ਫਿਰ ਬੋਲੇ ਤੁਸਾਨੂੰ ਤੋ ਅਗੇ ਹੀ ਅਸੀ ਕਹਦੇ ਸੇ ਕੇ ਤੁਸਾਡੀ ਈਮਾਨ ਨ ਰਹੇਗਾ ਇਕਠਾਇ ਤਾਤੇ ਅਬ ਇਕ ਆਦਮੀ ਬਾਬੇ ਨਾਨਕ ਪਾਸ ਭੇਜਾ ਚਾਹੀਏ ਤਬ ਤੁਮਾਰਾ ਈਮਾਨ ਠਉਰ ਆਵੇਗਾ । ਵੈ ਸਭ ਕੇ ਦਿਲ ਕੀ ਬੁਝਤੇ ਹੈ ਤਬ ਇਕ ਮੁਰੀਦ ਕੋ ਬੁਲਾਇ ਕਰ ਹੁਕਮ ਕੀਤਾ ਜੋ ਜਹਾ ਬਾਬਾ ਨਾਨਕ ਕਾ ਮਕਾਨ ਹੈ ਤੂੰ ਓਥੇ ਜਾਇ ਤਿਨ ਕੋਸ ਉਰੇ ਬੈਠਣਾ ਜਬ ਤੁਮ ਕੋ ਬੁਲਾਵੇਗਾ ਤਬ ਤੁਮ ਜਾਣਾ। ਕੁਛ ਮੁਹ ਸੇ ਆਵਾਜ ਕਰੇਗਾ ਸੋ ਲਿਖ ਲਿਆਵਣਾ । ਤਬ ਸੋਵਹ ਮੁਰੀਦ ਉਹਾ ਸੋ ਚਲਾ ਅਰ ਪੀਰ ਜੀ ਨੇ ਖਤ ਲਿਖ ਦੀਆ ਬੇਨਤੀ ਕਾ ਸੋ ਲੇ ਚਲਾ । ਜਹਾ ਬਾਬਾ ਜੀ ਕਾ ਕਰਤਾਰਪੁਰ ਥਾਂ ਤਹਾ ਤੀਨ ਕੋਸ ਉਰੇ ਬੈਠਾ ਤਬ ਬਾਬਾ ਜੀ ਨੇ ਕਮਲੀਆ ਟਹਲੀਆ ਕੋ ਹੁਕਮ ਕੀਤਾ

''ਕੰਮਲੀਆ ਮੁਲਤਾਨ ਕੇ ਪੀਰ ਕਾ ਆਦਮੀ ਤਿਹ ਕੋਹ ਤ ਝੁੰਗੀ ਵਿਚ ਬੈਠਾ ਹੈ। ਉਸਕੋ ਸਾਡੇ ਪਾਸ ਲੇ ਆਉ'' । ਤਬ ਕਮਲੀਆ ਉਥੇ ਗਇਆ ਉਸਕੋ ਨਾਲ ਲੇ ਕੇ ਬਾਬੇ ਜੀ ਪਾਸ ਲੇ ਆਇਆ । ਤਬ ਆਣ ਕੇ ਬਾਬੇ ਦੇ ਕਦਮਾ ਉਪਰਿ ਗਿਰ ਪੜਿਆ ਤਾਂ ਬਾਬੇ ਜੀ ਬਹੁਤ ਮੇਹਰ ਕੀਤੀ ਆਖਿਵੋਸ ਸਾਡੇ ਦੋਸਤ ਦਾ ਸਨੇਹਾ ਆਇਆ ਹੈ ਤਬ ਉਨ ਲਿਖਿਆ ਪੀਰ ਦਾ ਬਾਬੇ ਜੀ ਕੋ ਦਿਤਾ । ਬਾਬੇ ਜੀ ਲੇਕਰ ਪੁਛਿਆ । ਤਬ ਬਹੁਤ ਬੈਰਾਗ ਕਰਨੇ ਲਗੇ । ਤਬ ਬਾਬੇ ਜੀ ਆਖਿਆ ਵਾਹੁ ਵਾਹੁ ਪੀਰ ਬਹਾਵਲ ਹਕ । ਸਾਹਿਬ ਕਾ ਬਡਾ ਪਿਆਰਾ ਸਾ ਜੋ ਆਜ ਰਬ ਕੋ ਮਿਲਿਆ ਤਬ ਬਾਬਾ ਜੀ ਨੇ ਬੈਰਾਗ ਮੋ ਸ਼ਬਦ ਉਚਾਰ ਕੀਤਾ ਸ੍ਰੀ ਰਾਗ ਮਹਲਾ ੧:-

ਧਨੁ ਜੋਬਨੁ ਅਰੁ ਫੁਲੜਾ ਨਾਤਨੀਅੜੇ ਦਿਨ ਚਾਰਿ ।
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣ ਹਾਰ ।
ਰੰਗਿ ਮਾਣਿ ਲੈ ਪਿਆਰਿਆ ਜਾ ਜੋਬਨ ਉਹਲਾ ।
ਦਿਨ ਥੋਥੜੇ ਥਕੇ ਭਇਆ ਪੁਰਾਣਾ ਚੋਲਾ । ਰਹਾਉ ।
ਸਜਣ ਮੇਰੇ ਰੰਗਲੇ ਜਾਇ ਸੁਤੇ ਜੀਰਾਣ ।
ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ।
ਕੀ ਨ ਸੁਣੇ ਹੀ ਗੋਰੀਏ ਆਪਣ ਕੰਨੀ ਸੋਇ ।
ਲਗੀ ਆਵਹਿ ਸਾਹੁ ਰੈ ਨਿਤ ਨ ਪੇਈਆ ਹੋਇ । ੩ ।
ਨਾਨਕ ਸੁਤੀ ਪੇਈਐ ਜਾਣ ਵਿਤੀ ਸਨਿ ।
ਗੁਣਾ ਗਵਾਈ ਗੰਠੜੀ ਅਵ-ਗੁਣ ਚਲੀ ਬਨਿ ।।

ਜਬ ਇਹ ਸਬਦ ਬਾਬੇ ਜੀ ਆਖਿਆ ਤਬ ਉਸ ਮੁਰੀਦ ਨੇ ਲਿਖ ਲੀਆ । ਅਰ ਮੁਲਤਾਨ ਕੋ ਚਲਾ । ਤਬ ਮੁਰੀਦ ਜਾਇ ਮੁਲਤਾਨ ਪਹੁਚਿਆ । ਸੁਣਿਵੋਸੁ ਜੋ ਪੀਰ ਜੀ ਹੱਕ ਹੋਏ । ਤਬ ਜਾਇਕਰ ਬਾਬੇ ਜੀ ਕਾ ਸਬਦ ਲਿਖਾ ਹੋਆ ਪੀਰ ਕੇ ਨਜੀਕੀਆਂ ਕੋ ਦੀਆ ਅਰ ਮੁਹ ਸੋ ਕਹਾ ਜੋ ਧਨ ਬਾਬਾ ਨਾਨਕ ਹੈ । ਜੋ ਕੁਛ ਪੀਰ ਜੀ ਕਹਦੇ ਸੇ ਸੋਈ ਦੇਖਿਆ । ਤਬ ਸਭ ਲੋਕਾਂ ਨੇ ਲਿਖਿਆ ਪਢਿਆ ਤਬ ਬਾਬੇ ਜੀ ਸਬ ਲਗੇ ਸਿਫਤ ਕਰਨ । ਬੋਲੋ ਵਾਹਿਗੁਰੂ ਸਾਖੀ ਹੋਰ ਚਲੀ ।੧੯ ।

ਜੋਤੀ ਜੋਤ ਸਮਾਉਣਾ

ਗੁਰੂ ਜੀ ਨੇ ਏਕ ਦਿਵਸ ਕਿਹਾ ! ਅਸਨੂ ਦਰਗਾਹ ਜਾਣੇ ਕਾ ਹੁਕਮ ਆਇਆ ਹੈ। ਤਬ ਸਭਨੋ ਨੇ ਆਨ ਕੇ ਮਨੋਰਥ ਦੁਨੀਆ ਦੇ ਮੰਗ ਲਏ । ਤਬ ਬਾਬਾ ਜੀ ਨੇ ਸਭਨਾ ਦੇ ਮਨੋਰਥ ਪੂਰੇ ਕੀਤੇ । ਅਰ ਬਾਬਾ ਜੀ ਹਸਨ ਲਗੇ । ਜੋ ਕੋਈ ਆਪਣੇ ਪਰਲੋਕ ਦੀ ਬਾਬਤ ਨਹੀ ਮੰਗਿਆ। ਤਬ ਸ੍ਰੀ ਗੁਰੂ ਅੰਗਦ ਜੀ ਬੈਰਾਗ ਲਗੇ ਕਰਨ । ਤਬ ਬਾਬਾ ਜੀ ਆਖਿਆ ''ਜੋ ਪੁਰਖ ਜੀ ਅਸੀ

ਤੁਸੀ ਚਿਦਾ ਨਹੀ । ਬਲਵੰਡ ਮੇਰਾ ਰਬਾਬੀ ਹੈ । ਇਸ ਕੋ ਨਾਲ ਲੈ ਜਾਈਐ । ਤੁਸਾਡੇ ਰੋਬਰੋ ਸਬਦ ਕੀ ਚਉਕੀ ਕਰੇਗਾ । ਇਸਕੋ ਇਉ ਰਖਣਾ ਜੋ ਦੰਦਾ ਮੇ ਜੀਭ ਰਹਦੀ ਹੈ । ਅਰ ਹੋਰ ਸਭ ਮਿਲਾਪੀਆਂ ਨੂੰ ਮੇਰੀ ਆਗਿਆ ਹੈ । ਤੁਸਾਡੀ ਸਭ ਆਗਿਆ ਮੋ ਰਹੇਗਾ । ਇਹ ਬਿਧ ਆਖ ਕੇ ਬਾਬਾ ਜੀ ਨੇ ਗੁਰੂ ਅੰਗਦ ਜੀ ਕਉ ਖਡੂਰ ਮੋ ਵਿਦਿਆ ਕੀਤਾ । ਤਬ ਫਿਰ ਪਿਛੋ ਸਾਹਿਬ ਨੇ ਸ੍ਰੀ ਲਖਮੀ ਦਾਸ ਜੀ ਅਉਰ ਸ੍ਰੀ ਚੰਦ ਜੀ ਕੋ ਬੁਲਾਇਆ । ਪਰ ਉਹ ਨਾਹੀ ਆਏ । ਤਬ ਤਕ ਬਾਬਾ ਜੀ ਜੋਤੀ ਜੋਤ ਸਮਾਇ ਤਬ ਸਾਹਿਬਜਾਦਿਆ ਨੇ ਸੁਣਿਆ ਤਬ ਦਉੜੇ ਆਏ ਦੇਖੈ ਜੋ ਬਾਬਾ ਜੀ ਸਮਾਇ ਗਇਆ ਹੈ । ਤਬ ਬਹੁਤ ਬੈਰਾਗ ਅਰ ਰੁਦਨ ਕੀਆ । ਕਹਨ ਲਗੇ ਜੋ ਅਸਾ ਬਾਬੇ ਜੀ ਨਾਲ ਚਾਰ ਗੱਲਾ ਭੀ ਨਾ ਕੀਤੀਆ । ਅਰ ਕਹਿਉਨੇ ਹੇ ਬਾਬਾ ਜੀ ਪਰਮੇਸਰ ਦੇ ਵਾਸਤੇ ਸਾਡੇ ਨਾਲ ਚਾਰ ਬਾਤਾਂ ਤੇ ਕਰੋ । ਤਬ ਬਾਬਾ ਜੀ ਉਠ ਬੈਠੇ । ਤਬ ਬਾਬਾ ਜੀ ਆਖਿਆ ਜੋ ਤੁਸਾ ਆਖਨਾ ਹੈ ਤੈ ਮੈਨੂੰ ਆਖੋ । ਤੁਸੀ ਚਾਰ ਜੁਗ ਕਹਦੇ ਹੋ ਤੋ ਚਾਰ ਜੁਗ ਤੁਸਾਡੇ ਵਾਸਤੇ ਬੈਠਾ ਰਹਾ ਅਬ ਜੋ ਕੁਛ ਤੁਸਾ ਕਹਨਾ ਹੈ ਸੋ ਕਹੋ । ਤਬ ਸਾਹਿਬਜਾਦਿਆ ਆਖਿਆ ਜੋ ਗੁਰਹਾਈ ਗੁਰੂ ਅੰਗਦ ਜੀ ਕੋ ਬਖਸ਼ੀ ਸੀ ਅਸੀ ਕਿਆ ਕਰਾਂਗੇ । ਤਬ ਬਾਬੇ ਜੀ ਆਖਿਆ "ਪੀਰਾਂ ਦੇ ਘਰ ਕੇ ਤੋਂ ਕੁਤਿਆਂ ਨੂੰ ਮੰਨਦੇ ਹੈ ਤੁਸੀ ਤਾ ਮੇਰੇ ਪੁਤ੍ਰ ਹੋ ਤੁਮ ਕੋ ਕਿਆ ਕਮੀ ਹੈ ।" ਇਹ ਗਲ ਕਰਕੇ ਬਾਬਾ ਜੀ ਜੋਤੀ ਜੋਤ ਸਮਾਏ । ਤਬ ਬਿਬਾਣ ਕੀਰਤਨ ਕਰਤੇ ਨਦੀ ਰਾਵੀ ਕੇ ਕਿਨਾਰੇ ਸਿਸਕਾਰਿਆ ਬਡੇ ਭਜਨ ਅਨੰਦ ਹੋਏ । ਫਿਰ ਜਬ ਜਲ ਪ੍ਰਵਾਹ ਕੇ ਵਾਸਤੇ ਚਿਖਾ ਖੋਲ ਅਸਤ ਲੈਮ ਲਗੇ ਤਬ ਕੋਈ ਸਰੀਰ ਕਾ ਆਕਾਰ ਨਜਰ ਨ ਆਇਆ । ਸਬ ਬਿਸਮਾਦ ਹੋਏ ਗਏ । ਧੰਨ ਬਾਬਾ ਨਾਨਕ ਸਤਿਗੁਰ ਪੂਰਾ ਜਾਪ ਜਪਦੇ ਸਭ ਘਰ ਕੋ ਆਏ । ਬੋਲੋ ਜੀ ਵਾਹਿਗੁਰੂ । ਧੰਨ ਗੁਰੂ ਸਉ ਗੁਰੂ । ਸੰਮਤ ੧੫੯੬ ਅਸੂ ਵਦੀ ੧੦ ।੨੦ ।

ਗੁਰੂ ਨਾਨਕ ਸਾਹਿਬ ਦਾ ਲੰਕਾ ਜਾਣਾ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਲੰਕਾ ਜਾਣ ਦਾ ਕਥਨ ਸਭ ਤੋਂ ਪਹਿਲਾਂ "ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ" ਵਿਚ ਆਇਆ ਹੈ । ਭਾਈ ਕਾਹਨ ਸਿੰਘ ਦੇ ਕਥਨ ਅਨੁਸਾਰ "ਹਕੀਕਤ" ਦਾ ਕਰਤਾ ਭਾਈ ਪੈੜਾ ਸੀ ਜਿਸਨੂੰ ਸੂਰਜ ਪ੍ਰਕਾਸ਼ ਦੇ ਕਰਤਾ ਭਾਈ ਸੰਤੋਖ ਸਿੰਘ ਦੀ ਲਿਖਤ ਅਨੁਸਾਰ ਗੁਰੂ ਅਰਜਨ ਸਾਹਿਬ ਨੇ ਪ੍ਰਾਨ ਸਾਂਗਲੀ ਲਿਆਉਣ ਲਈ ਲੰਕਾ ਭੇਜਿਆ ਸੀ:-

ਪੈੜੇ ਕੋ ਬੁਲਾਇ ਕਰਿ ਭਨਿਓ ।
ਦੇਸ ਸੰਗਲਾਦੀਪ ਜਿ ਸੁਨਿਓ ।
ਪ੍ਰਾਨ ਸੰਗਲੀ ਪੋਥੀ ਤਹਾ ।
ਲੇ ਆਵਹੁ ਗਮਨਹੁ ਮਨ ਮਹਾ । (ਸੂਰਜ ਪ੍ਰਕਾਸ਼ ਰਾਸਤ੍ਰੇ ਅੰਸੂ ੩੨)

"ਹਕੀਕਤ ਰਾਹ ਮੁਕਾਮ" ਤੋਂ ਪ੍ਰਭਾਵਿਤ ਹੋ ਕੇ ਹੀ ਜਨਮ ਸਾਖੀਆਂ ਵਿਚ ਰਾਜੇ ਸ਼ਿਵਨਾਭ ਦੀ ਸਾਖੀ ਲਿਖੀ ਗਈ ਜਾਪਦੀ ਹੈ । ਇਹ ਗਲ ਲੰਗਰ ਵਿੱਚ ਲੂਣ ਖਰਚ ਹੋਣ ਵਾਲੇ ਸੰਕੇਤ ਤੋਂ ਸਿਧ ਹੁੰਦੀ ਹੈ ਕਿਉਂਕਿ ਇਹ ਲੂਣ ਦਾ ਸੰਕੇਤ ਕਿਸੇ ਹੋਰ ਸਾਖੀ ਵਿੱਚ ਨਹੀਂ ਮਿਲਦਾ। "ਹਕੀਕਤ" ਵਿਚ ਲਿਖਿਆ ਹੈ, "ਤਹੀ ਗੁਰੂ ਜੀ ਕੀ ਧਰਮਸ਼ਾਲਾ ਹੈ, ਸੰਗਤਿ ਜੁੜਤੀ ਹੈ, ਕੀਰਤਨ ਹੋਤਾ ਹੈ, ਰਸੋਈ ਬੀਸ ਮਨ ਲੂਣ ਹਰ ਰੋਜ ਲਗਤਾ ਹੈ ।" ਪੁਰਾਤਨ ਜਨਮ ਸਾਖੀ ਵਿੱਚ ਇਸ ਤਰਾਂ ਅੰਕਤ ਹੈ "ਜਿਸ ਸਿਖ ਦੇ ਪ੍ਰਸਾਦੁ ਹੋਵੈ ਤਿਸ ਕੇ ਇਕੀਸ ਮਣ ਲੂਮ ਰਸੋਈ ਪਵੈ" (ਸਾਖੀ ਸ਼ਿਵਨਾਭ ਪ੍ਰਾਨ ਸਾਂਗਲੀ, ਜਨਮ ਸਾਖੀ ਪੰਨਾ ੧੦੦) ਇਸੇ ਤਰਾਂ ਜਨਮ ਸਾਖੀ ਮਿਹਰਬਾਨ ਜਿਲਦ ਦੂਜੀ (ਪੋਥੀ ਹਰਿ ਜੀ) ਦੇ ਪੰਨੇ ੬੫-੬੬ ਤੇ ਲਿਖਿਆ ਹੈ :-

"ਤਬ ਰਾਜੇ ਸ਼ਿਵਨਾਭ ਕਉ ਪੂਰਨ ਸਬਦੁ ਬਾਬੇ ਨਾਨਕ ਜੀ ਦੀਆ । ਅਬ ਊਹਾ ਜਿਸਿ ਪਾਸਿ ਸਾਰਾ ਲੋਕੁ ਗੋਵਿੰਦ ਲਾਗਾ ਸਿਮਰਨੇ ਰਾਜਾ ਉਸ ਦੇਸ ਨਾ ਸਨਮੁਖੁ ਹੂਆ ਦੀਨ ਕਾ । ਊਹਾਂ ਏਤਾ ਲੋਕ ਜੁੜੇ ਗੁਰੂ ਕਾ ਸਿਖ, ਤਿਸ ਕੀ ਮਿਤਿ ਮਿਰਜਾਦਾ ਕਿਛੁ ਨਾਹੀ ਜਿ ਕਿਤਨੀਆਂ ਸੰਗਤਿ ਆਇ ਜੁੜੇ ਐਪਰ ਲੂਣ ਤੇ ਜਾਣੀਐ ਜਿ ਚਾਲੀਸ ਮਨ ਲੂਣ ਰਸੋਈ ਅੰਨ ਮਹਿ ਪੜਤਾ ਹੈ ।"

ਗੁਰੂ ਨਾਨਕ ਸਾਹਿਬ ਦੇ ਰਾਜੇ ਸ਼ਿਵਨਾਭ ਕੋਲ ਜਾਣ ਨਾਲ ਉਸਦਾ ਸੁੱਕਾ ਬਾਗ ਹਰਾ ਹੋ ਗਿਆ । ਸੁੱਕੇ ਬਾਗ ਹਰਾ ਹੋਣ ਦੀ ਵਾਰਤਾ ਪੁਰਾਤਨ ਜਨਮ ਸਾਖੀ, ਮਹਿਮਾ ਪ੍ਰਕਾਸ ਤੇ ਭਾਈ ਬਾਲੇ ਦੀ ਜਨਮ ਸਾਖੀ ਵਿੱਚ ਇਕੋ ਜਿਹੀ ਮਿਲਦੀ ਹੈ । ਪੁਰਾਤਨ ਜਨਮਸਾਖੀ ਵਿੱਚ ਇਉਂ ਲਿਖਿਆ ਹੈ:- "ਤਬ ਮਘੋਰ ਬਗਵਾਨ ਦੇਖੈ, ਤਾਂ ਬਾਗ ਬਰਸਾਂ ਕਾ ਸੁਕਾ ਪੜਿਆ ਥਾ, ਸੋ ਹਰਿਆ ਹੋਆ ਹੈ । ਤਦਹੁ ਬਹੁਰਿ ਜਾਇ ਖਬਰਿ ਰਾਜੇ ਸਿਵਨਾਭ ਪਾਸ ਕੀਤੀਅਸੁ, ਆਖਿਓਸੁ:

ਜੀ ਬਾਹਰਿ ਆਓ ਇਕਸ ਫਕੀਰ ਕੇ ਬੈਠਣਿ ਨਾਲ ਬਾਗ ਹਰਿਆ ਹੋਆ ਹੈ । ਤਬ ਰਾਜੈ ਸਿਵਨਾਭ ਚੇਰੀਆ ਭੇਜੀਆਂ ਪਦਮਣੀਆਂ । ਪਦਮਣੀਆਂ ਆਇ ਨਿਰਤਿ ਲਾਗੀਆਂ ਕਰਣਿ ਅਨੇਕ ਰਾਗ ਰੰਗ ਕੀਤੇ, ਤਬ ਬਾਬਾ ਬੋਲਿਓ ਨਾਹੀ, ਧਿਆਨ ਵਿਚਿ ਹੀ ਰਹਿਆ । ਤਬ ਪਿਛਹੁ ਰਾਜਾ ਸਿਵਨਾਭੁ ਆਇਆ, ਆਇਕੇ ਲਗਾ ਪੂੱਛਣਿ, ਆਖਿਓਸ, ਗੁਸਾਈ ਤੇਰਾ ਨਾਮ ਕਿਆ ਹੈ ? ਕਵਨ ਜਾਤਿ ਹੈ ? ਤੁਮ ਜੋਗੀ ਹਓ ? ਕਿਰਪਾ ਕਰੀਏ, ਤਾਂ ਭੀ ਤਹਿ ਮਹਲੀ ਚਲਹੁ। ਤਬ ਬਾਬਾ ਬੋਲਿਆ. . .ਸਬਦ ਰਾਗ ਮਾਰੂ ਵਿਚਿ ਮ: ਪਹਿਲਾ

ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾਕੈ ਮੈਲੁ ਨ ਰਾਤੀ ।

ਪ੍ਰੀਤਮ ਨਾਥੁ ਸਦਾ ਸਚੁ ਮੰਗੇ ਜਨਮ ਮਰਣ ਗਤਿ ਬੀਤੀ ।।੧ ।।

ਪੁਰਾਤਨ ਜਨਮ ਸਾਖੀ ਤੇ ਮਹਿਮਾ ਪ੍ਰਕਾਸ਼ ਕ੍ਰਿਤ ਬਾਬਾ ਸਰੂਪ ਦਾਸ ਭੱਲਾ ਨੇ ਰਾਜੇ ਸ਼ਿਵਨਾਭ ਵਾਲੀ ਸਾਖੀ ਦਾ ਬਹੁਤ ਵਿਸਥਾਰ ਇਕੋ ਜਿਹਾ ਦਿਤਾ ਹੈ । ਗੁਰੂ ਨਾਨਕ ਸਾਹਿਬ ਦਾ ਰਾਜੇ ਸ਼ਿਵਨਾਭ ਦੀ ਪਿਠ ਤੇ ਚੜ੍ਹ ਕੇ ਘਰ ਜਾਣਾ, ਉਸਦੇ ਪੁਤਰ ਦੀ ਬਲੀ ਮੰਗਣਾ ਆਦਿ ਪ੍ਰਿਖਿਆ ਲੈਣੀਆਂ ਇਹ ਸਾਰਾ ਵਿਸਥਾਰ ਲਗਭਗ ਇਕੋ ਜਿਹਾ ਹੈ । ਇਉਂ ਜਾਪਦਾ ਹੈ ਕਿ ਜੋ ਗੱਲ ਪੁਰਾਤਨ ਜਨਮ ਸਾਖੀ ਵਿਚ ਲਿਖੀ ਹੈ ਮਹਿਮਾ ਪ੍ਰਕਾਸ ਦੇ ਕਰਤਾ ਨੇ ਉਸੇ ਤਰ੍ਹਾਂ ਅੰਕਿਤ ਕਰ ਦਿਤੀ ਹੈ ।

ਸਮੇਂ ਦੀ ਚਾਲ ਨਾਲ ਲੰਕਾ ਦੀ ਸਾਖੀ ਦਾ ਵਿਸਥਾਰ ਵਧੇਰੇ ਕਰਮਾਤਾਂ ਭਰਿਆ ਤੇ ਅਧਭੁੱਤ ਹੁੰਦਾ ਗਿਆ ਹੈ । ਗਿਆਨ ਰਤਨਾਵਲੀ ਵਿਚ ਇਸ ਸਾਖੀ ਦਾ ਅਰੰਭ ਇਸ ਤਰ੍ਹਾਂ ਹੁੰਦਾ ਹੈ : "ਤਾਂ ਫਿਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬਾਲੇ ਅਰ ਮਰਦਾਨੇ ਨੂੰ ਕਹਿਆ ਕਿ ਤੁਸੀ ਅੱਖੀਆਂ ਮੀਟੋ । ਸੋ ਜਦ ਉਨ੍ਹਾਂ ਅਖੀਆਂ ਮੀਟੀਆਂ ਅਰ ਖੋਹਲੀਆਂ ਤਾਂ ਕੀ ਵੇਖਣ ਜੋ ਲੰਕਾ ਦਾ ਬੁਰਜ ਅਤੇ ਕਿਲਾ ਪਇਆ ਨਜਰ ਆਂਵਦਾ ਹੈ ਅਤੇ ਬਹੁਤ ਰਾਕਸ ਪਏ ਫਿਰਦੇ ਹਨ ।"

ਸਾਖੀਕਾਰਾਂ ਨੇ ਸਮੇਂ ਦੀ ਸੂਝ ਤੋਂ ਅਚੇਤ ਹੋ ਕੇ ਗੁਰੂ ਨਾਨਕ ਸਾਹਿਬ ਨੂੰ ਕਈ ਹਜ਼ਾਰ ਸਾਲ ਪਹਿਲਾਂ ਰਾਮਾਇਣ ਦੇ ਪਾਤਰਾਂ ਨਾਲ ਮੇਲ ਦਿਤਾ ਹੈ । ਇਸ ਤਰ੍ਹਾਂ ਕਰਨ ਨਾਲ ਸਾਖੀ ਕਰਤਾ ਭੁਲ ਗਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸੋਲਵੀਂ ਸ਼ਤਾਬਦੀ ਈਸਵੀ ਵਿੱਚ ਹੋਏ ਹਨ ਤੇ ਰਾਮਚੰਦਰ ਇਸ ਤੋਂ ਪਹਿਲਾਂ ਕਈ ਹਜ਼ਾਰ ਸਾਲ । ਇਨ੍ਹਾਂ ਦਾ ਮੇਲ ਬਹੁਤ ਅਧਭੁੱਤ ਹੈ ਜੋ ਸਰੀਰਕ ਨਹੀਂ ਹੋ ਸਕਦਾ, ਆਤਮਕ ਜਾਂ ਸੂਖਸ਼ਮ ਭਾਵੇਂ ਹੋਵੇ ।

ਗੁਰੂ ਨਾਨਕ ਸਾਹਿਬ ਜੋ "ਰਿਧ ਸਿਧ ਅਵਰਾ ਸਾਧ" ਦਾ ਉਪਦੇਸ਼ ਦੇਂਦੇ ਤੇ "ਹੁਕਮ ਰਜਾ" ਦੇ ਮੰਨਣ ਵਾਲੇ ਸਨ ਦੇ ਕਰਾਮਾਤਾ ਕਰਨ ਦੇ ਵਰਣਨ ਲੰਕਾ ਦੀ ਸਾਖੀ ਵਿਚੋਂ ਆਮ ਮਿਲਦੇ ਹਨ । ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿੱਚ ਲਿਖਿਆ ਹੈ. "ਰਾਜੇ ਰਾਣੀ ਕਉ ਕਹਿਆ ਕਿ ਪ੍ਰਿਥਮੇ ਤੂੰ ਜਾਹ ਅਰੁ ਸਾਧ ਕਰ ਦਰਸ਼ਨ ਕਰ ਆਉ ਅਰ ਮੈਂ ਪੀਛੇ ਜਾਵੋਗੇ ।

ਤਬ ਰਾਣੀ ਮੋਤੀਆਂ ਦੀ ਮਾਲਾ ਅਰ ਥਾਲੀ ਪ੍ਰਸਾਦਿ ਕੀ ਲੇਕਰ ਮਥਾ ਆਇ ਟੇਕਿਆ ਅਰ ਇਕ ਮੁੱਠ ਪ੍ਰਸਾਦਿ ਕੀ ਮਰਦਾਨੇ ਨੂੰ ਦਿੱਤੀ । ਤਾਂ ਹੁਕਮ ਹੋਇਆ ਕਿ ਮਾਤਾ ਤੇ ਪ੍ਰਸਾਦ ਫੇਰ ਲੈ ਜਾਓ ਤਾਂ ਉਸ ਆਖਿਆ ਜੀ ਇਕ ਹੋਰ ਮੋਤੀ ਹਜ਼ਾਰ ਹਜ਼ਾਰ ਰੁਪਏ ਦਾ ਹੈ ਤੇ ਬਚਨ ਹੋਇਆ ਕਿ ਇਨ੍ਹਾਂ ਮੋਤੀਆਂ ਦੇ ਨਾਲ ਨਹੀਂ ਜਾਣਾ ਅਰ ਵਾਹਿਗੁਰੂ ਦੇ ਨਾਮ ਨੇ ਨਾਲ ਜਾਣਾ ਹੈ । ਸੋ ਓਹ ਧਨ ਅਸਾਡੇ ਕੋਲ ਹੈ । ਤਾਂ ਰਾਣੀ ਸਭਣਾ ਸਖੀਆਂ ਨੂੰ ਵੱਖ ਕਰਕੇ ਬਾਬੇ ਦੇ ਚਰਨਾ ਤੇ ਗਿੜ ਪੜੀ ਅਰ ਕਹਿਆ ਕਿ ਹੇ ਮਹਾਰਾਜ ਦੋ ਬਰਸ ਹੋ ਹੈਨ ਤਾਂ ਮੇਰੇ ਘਰ ਬੇਟੀ ਜਨਮੀ ਸੀ ਅਰ ਮੈਂ ਰਾਜਾ ਨੂੰ ਡਰਦੇ ਮਾਰਿਆਂ ਜੋ ਹੋਰ ਵਿਆਹੁ ਨ ਕਰ ਲਵੇ ਕਹਿਆ ਕਿ ਪੁੱਤ੍ਰ ਜਨਮਿਆ ਹੈ । ਅਤੇ ਹੋਰ ਰਾਜੇ ਨੂੰ ਇਹ ਕਹਿਆ ਕਿ ਪੰਡਤ ਕਹਿੰਦੇ ਹਨ ਕਿ ਤੁਸਾਂ ਚਾਰ ਵਰੇ ਪੁਤ੍ਰ ਦੇ ਮੁਖ ਨਹੀਂ ਲਗਣਾ । ਸੋਇ ਦੋਇ ਬਰਸ ਬੀਤੇ ਹਨ ਅਤੇ ਦੋਇ ਬਰਸ ਰਹਿੰਦੇ ਹਨ । ਤਾਂ ਤੇ ਮੇਰੇ ਮਨ ਮੇ ਬੜੀ ਚਿੰਤਾ ਹੈ ਅਰ ਸੰਤ ਚਿੰਤਾ ਮਿਟਾਵਨੇ ਜੋਗਯ ਹੈ । ਤਾਂ ਬਚਨ ਹੋਇਆ ਕਿ ਮਹਾਰਾਜਾ ਸਮਰਥ ਹੈ ਚਾਹੇ ਤਾਂ ਇਸਤਰੀ ਕਾ ਪੁਰਖ ਕਰ ਲੇਵੇ ਅਰ ਚਾਹੇ ਤੋਂ ਪੁਰਖ ਕਉਂ ਇਸਤ੍ਰੀ ਕਰੇ । ਸੋ ਤੂੰ ਪੁਰਖ ਭਗਵਾਨ ਕਾ ਧਿਆਨ ਕਰਹੁ ਅਰ ਮਹਾਰਾਜ ਕੇ ਭੇਖ ਕਾ ਜੋ ਸੰਤ ਸਾਧ ਆਵੇ ਤਿਸਕੀ ਸੇਵਾ ਕਰਨੀ ਅਰ ਛਲ ਨਹੀਂ ਕਰਨਾ । ਕਯੋਂਕਿ ਭੇਖ ਮੇ ਅਲੇਖ ਹੋਤਾ ਹੈ ਅਰ ਇਸ ਲੜਕੇ ਕੋ ਇਸ ਤਾਲ ਮੈਂ ਇਸਨਾਨ ਕਰਵਾਇ ਸੋ ਜਬ ਉਸਨੇ ਬਸਤ੍ਰ ਬੇਟੀ ਕੇ ਉਤਾਰੇ ਤਾਂ ਉਸ ਦੇ ਸਭ ਅੰਗ ਲੜਕਿਆਂ ਦੇ ਦਰਿਸਟ ਆਏ ਤਬ ਉਸਨੇ ਪੁਤ੍ਰ ਕੋ ਇਸਨਾਨ ਕਰਾਕੇ ਜਿਤਨੇ ਮੋਤੀ ਆਪਣੇ ਭੂਖਣ ਲਿਆਈ ਸੀ ਸੋ ਸਭ ਪੁੰਨਿ ਕਰਕੇ ਅਤਿਥਾਂ ਕੋ ਦਿਏ ਅਰ ਬਾਬੇ ਦੇ ਅਗੇ ਮੱਥਾ ਟੇਕਿਆ ਅਰ ਸਤਿ ਨਾਮ ਦਾ ਉਪਦੇਸ਼ ਸੁਣ ਕਰ ਬੇਟੇ ਕਉ ਨਾਲ ਲਿਆਈ ਅਰ ਰਾਜੇ ਨੂੰ ਕਹਿਆ ਕਿ ਜਉਨ ਸਾ ਬਾਬਾ ਨਾਨਕ ਸੁਣੀਂਦਾ ਸੀ ਸੋ ਇਹੋ ਹੀ ਹੈ। ਕਯੋਂਕਿ ਮੈਂ ਤੇਰੇ ਭੈ ਕਰ ਬੇਟੀ ਕੇ ਬੇਟਾ ਕਹਯਾ ਥਾ ਪਰ ਉਸ ਨੇ ਬੇਟੀ ਕਾ ਬੇਟਾ ਕਰ ਦੀਆ ਹੈ ।"

ਇਸ ਤਰ੍ਹਾਂ ਪੁਰਾਤਨ ਜਨਮ ਸਾਖੀ ਤੋਂ ਲੈ ਕੇ ਭਾਈ ਬਾਲੇ ਦੀ ਜਨਮ ਸਾਖੀ ਦੀ ਨਵੀਨ ਛਾਪ ਤਕ ਲੰਕਾ ਦੀ ਸਾਖੀ ਦਾ ਵਿਸਥਾਰ ਭਿੰਨ-ਭਿੰਨ ਹੈ । ਲੇਖਕਾਂ ਨੇ ਵਧ ਚੜ੍ਹ ਕੇ ਇਸ ਵਿੱਚ ਕਰਾਮਾਤਾਂ ਤੇ ਅਦਭੁਤ ਕਹਾਣੀਆਂ ਪਾਈਆਂ ਹਨ ਤਾਂ ਜੋ ਸਾਖੀ ਸਵਾਦਲੀ ਬਣ ਸਕੇ।

ਗਿਆਨੀ ਗਿਆਨ ਸਿੰਘ ਦਾ ਕਥਨ

ਗਿਆਨੀ ਗਿਆਨ ਸਿੰਘ ਜੀ ਨੇ "ਹਕੀਕਤ ਰਾਹ ਮੁਕਾਮ" ਵਿਚੋਂ ਰਾਜੇ ਸ਼ਿਵਨਾਭ ਦੇ ਨਾਂ ਨੂੰ ਹੀ ਅਪਣਾਇਆ ਹੈ । ਹੋਰ ਕਿਸੇ ਗੱਲ ਨੂੰ ਨਹੀਂ ਉਨ੍ਹਾਂ ਅਨੁਸਾਰ ਗੁਰੂ ਨਾਨਕ ਸਾਹਿਬ ਤ੍ਰਿਨਕੋਮਲੀ ਦੇ ਰਸਤੇ ਲੰਕਾ ਪੁਜੇ ਸਨ ਤੇ ਤ੍ਰਿਕੋਮਲੀ ਤੋਂ ਮਟੀਆਕਲਮ, ਬਾਦੂਲਾ, ਕੌਂਡੀ ਆਦਿ ਥਾਵਾਂ ਤੇ ਗਏ ਹਨ । ਕਿਸੇ ਥਾਂ ਤੇ ਵੀ ਸੀਤਾਵਾਕਾ ਦਾ ਕਥਨ ਨਹੀ ਹੈ । "ਹਕੀਕਤ ਰਾਹਾ ਮੁਕਾਮ ਦਾ ਕਰਤਾ ਰਾਜਾ ਸ਼ਿਵਨਾਭ ਨੂੰ ਸੀਤਾਵਾਕਾ ਦਾ ਰਾਜਾ ਦਸਦਾ । ਪਰ ਗਿਆਨੀ

ਜੀ ਇਹ ਗੱਲ ਨਹੀਂ ਮੰਨਦੇ ।ਰਾਜੇ ਸ਼ਿਵਨਾਭ ਬਾਰੇ ਤਵਾਰੀਖ ਗੁਰੂ ਖਾਲਸਾ ਵਿਚ ਇਸ ਤਰ੍ਹਾਂ ਲਿਖਿਆ ਹੈ:- (ਲੰਕਾ ਸੰਗਲਾਦੀਪ) ਤ੍ਰਿਨਕੋਮਲੀ ਸ਼ਹਿਰ ਤੋਂ ਤਿੰਨ ਮੰਜ਼ਲ ਮੱਟੀਆਕਲਮ ਨਾਮ ਸ਼ਹਿਰ ਜੋ ਸ਼ਿਨਾਭ ਰਾਜੇ ਦਾ ਹੈ, ਗੁਰੂ ਜੀ ਉਸ ਦੇ ਬਾਗ ਵਿੱਚ (ਜੇਹੜਾ ਵੈਰਾਨ ਪਿਆ ਸੀ) ਮਾਘ ਸੰਮਤ 1569 ਬਿ: (1512 ਈ:) ਨੂੰ ਜਾ ਬਿਰਾਜੇ ਤੇ ਸ਼ਬਦ ਗਾਂਵਿਆਂ ।

ਏਸ ਤੋਂ ਪਹਿਲੇ ਏਸ ਬਾਗ ਵਿੱਚ ਕਈ ਕੰਨਫਟੇ, ਬੈਰਾਗੀ, ਜੈਨੀ ਅਨੇਕ ਜਾ ਆਏ ਸੇ ਤੇ ਏਥੋਂ ਦਾ ਰਾਜਾ ਉਨ੍ਹਾਂ ਦੀ ਪ੍ਰੀਖਯਾ ਕਰਨ ਵਾਸਤੇ ਪਦਾਰਥ ਦੇ ਕੇ ਮੋਹਣੀਆਂ ਨੂੰ ਘੱਲ ਦਿੰਦਾ ਸੀ ਜਿਸ ਕਰਕੇ ਕਈ ਪਾਖੰਡੀ ਸਾਧੂ ਅਪਨਾ ਅਪਮਾਨ ਕਰਾਕੇ ਵਾਪਸ ਆਏ ਸੇ ।ਰਾਜਾ ਨੇ ਗੁਰੂ ਸਾਹਿਬ ਪਾਸ ਭੀ ਓਹੋ ਮੋਹਣੀਆਂ ਭੇਜੀਆਂ ਉਹਨਾਂ ਨੇ ਆਪਨੇ ਹਾਵ-ਭਾਵ ਤੇ ਫੰਧ ਫਰੇਬ ਬਥੇਰੇ ਕੀਤੇ ਪਰ ਕੁੱਛ ਨਾ ਕਰ ਸਕੀਆਂ, ਓਥੋਂ ਗੁਰੂ ਸਾਹਿਬ ਨੇ ਇਹ ਸ਼ਬਜ ਉਚਾਰਿਆ.

"ਗਾਛਹੁ ਪੁਤ੍ਰੀ ਰਾਜ ਕੁਮਾਰਿ ।। ਨਾਮ ਭਣੋ ਸਚ ਦੋਤਿ ਸਵਾਰਿ" ।।

"ਏਹੁ ਸ਼ਬਦ ਸੁਣਕੇ ਮੋਹਣੀਆਂ ਦੇ ਮਨ ਸ਼ਾਂਤਿ ਹੋ ਗਏ ਤੇ ਸ਼ਰਮਿੰਦੀਆਂ ਹੋ ਕੇ ਮੁੜ ਗਈਆਂ ਦੂਸਰੇ ਦਿਨ ਰਾਜਾ ਸ਼ਿਵਨਾਭ ਬਾਬੇ ਦੇ ਚਰਣੀ ਆ ਲੱਗਾ, ਬਾਬੇ ਜੀ ਦੀ ਕ੍ਰਿਪਾ ਨਾਲ ਓਸ ਦਾ ਬਾਗ 'ਰਵਾਰ ਸਭ ਹਰਿਆ ਭਰਿਆ ਹੋਇਆ ।

"ਇਕ ਦਿਨ ਉਸਦੀ ਰਾਣੀ ਨੇ ਬੇਨਤੀ ਕੀਤੀ ਜੀ ਕੋਈ ਐਸਾ ਗੰਡਾ ਤਾਵੀਤ ਕਰ ਦਿਓ ਜੋ ਮੇਰਾ ਪਤੀ ਮੇਰੇ ਵੱਸ ਹੋਵੇ ? ਤਾਂ ਬਾਬੇ ਜੀ ਨੇ ਸ਼ਬਦ ਬੋਲਿਆ "ਨਿਵਣ ਸੁ ਅਖਰ ਖਿਵਣ ਗੁਣ ਜਿਹਬਾ ਮਣੀਆ ਮੰਤ ।। ਏ ਤ੍ਰੈ ਭੈਣੇ ਵੇਸ ਕਰ ਤਾ ਵਸਿ ਆਵੀ ਕੰਤ" ।ਅਰਥਾਤ ਨਿਵ ਕੇ ਚੱਲਣਾ ਏਹ ਅੱਖਰ ਜੰਤ੍ਰ ਵਿੱਚ ਲਿਖ, ਖਿਮਾ ਦਾ ਗੰਡਾ ਪਾਓ, ਮਿਠਾ ਬੋਲਣਾ ਮੋਹਣੀ ਮੰਤ੍ਰ ਪੜ੍ਹ, ਇਹ ਤਿੰਨ ਸੁਭਾਵ ਦ੍ਰਿੜ ਅੰਗੀਕਾਰ ਕਰ ਤਾਂ ਏਹ ਕੰਤ ਭੀ ਤੇ ਪ੍ਰਮਾਤਮਾ ਭੀ ਤੇਰੇ ਉਪਰ ਪ੍ਰਸੰਨ ਰਹਿਨਗੇ ।"

"ਰਾਣੀ ਰਾਜਾ ਦੋਹਾਂ ਨੇ ਪ੍ਰੇਮ ਨਾਲ ਸੇਵਾ ਕੀਤੀ ਜਿਸਦਾ ਫਲ ਮਿੱਠੀ ਮੁਰਾਦ ਭੀ ਮਿਲੀ ਤੇ ਜੇਹੜੇ 18 ਰਾਜੇ ਸੁਧ੍ਰਸੈਨ ਆਦਿਕ ਓਸ ਵਲਾਇਤ ਵਿੱਚ ਰਾਜ ਕਰਦੇ ਸੇ ਸਭ ਏਸ ਦੇ ਮਾਤੈਹਤ ਹੋਏ ।" (ਤਵਾਰੀਖ ਗੁਰ ਖਾਲਸਾ) ਹਿਸਾ 1 ਨੰ: 1 ਪੰਨਾ 268 ਤੋਂ 271)

ਗਿਆਨੀ ਗਿਆਨ ਸਿੰਘ ਰਾਜਾ ਸ਼ਿਵਨਾਭ ਨੂੰ ਸੀਤਾਵਾਕਾ ਦਾ ਰਾਜਾ ਨਹੀਂ ਦਸਦੇ ਸਗੋਂ ਮਟੀਆ ਕਲਮ ਦਾ ਰਾਜਾ ਦਸਦੇ ਹਨ ।ਆਪਣੇ ਕਥਨ ਦੇ ਅੰਤ ਵਿੱਚ ਲਿਖਿਆ ਹੈ "18 ਰਾਜੇ ਸੁਧ੍ਰਸੈਨ ਆਦਿਕ ਉਸ ਵਲਾਇਤ ਵਿੱਚ ਰਾਜ ਕਰਦੇ ਸੇ ਸਭ ਇਸ ਦੇ ਮਾਤੈਹਤ ਹੋਏ । ਗਿਆਨੀ ਜੀ ਅਨੁਸਾਰ ਲੰਕਾ ਦੇ ਇਸ ਇਲਾਕੇ ਨੂੰ ਨਿਸਚਿਤ ਕਰਨ ਲਈ ਜਿਸਦਾ ਰਾਜਾ ਸ਼ਿਵਨਾਭ ਸੀ ਦੋ ਸ਼ਰਤਾਂ ਜ਼ਰੂਰੀ ਹਨ:-

1. ਇਲਾਕੇ ਦੇ ਨਾਂ ਮਟੀਆ ਕਲਮ
2. ਉਸ ਵਲਾਇਤ ਦੇ ਅਠਾਰਾਂ ਰਾਜੇ ਅਧੀਨ ਹੋਏ ।

ਇਨਾਂ ਦੋਹਾਂ ਗਲਾਂ ਤੇ ਅਸੀਂ ਅੱਡ-ਅੱਡ ਵਿਚਾਰ ਕਰਾਂਗੇ:-

ਮਟੀਆਕੁਲਮ:-

ਤਾਮਿਲ ਵਿੱਚ "ਮਟੀਆ" ਦਾ ਭਾਵ ਮਿਟੀ ਤੇ "ਕੁਲਮ" ਦਾ ਭਾਵ ਤਲਾਅ ਹੈ। ਲੰਕਾ ਵਿਚ ਬਹੁਤ ਸਾਰੇ ਨਗਰਾਂ ਦੇ ਨਾਵਾਂ ਦੇ ਅਖੀਰ ਤੇ ਕੁਲਮ ਆਉਂਦਾ ਹੈ ਜਿਵੇਂ ਕਿ "ਮਾਂ ਕੁਲਮ", "ਮੁਦਲੀਆ ਕੁਲਮ" ਆਦਿ । "ਮਟੀਆ ਕੁਲਮ" ਦਾ ਪੁਰਾਨਾ ਤਾਮਿਲ ਨਾਂ "ਮੱਡਾਕੁਲਾਪਾ" ਸੀ ਇਸ ਨੂੰ "ਪੁਲੀਆ ਦੂਆ" ਵੀ ਕਹਿੰਦੇ ਸਨ । ਬੈਟੀ ਕੁਲਾ ਗਜ਼ਟੀਅਰ ਵਿੱਚ ਇਸ ਤਰ੍ਹਾਂ ਲਿਖਿਆ ਹੈ:- "ਬੈਟੀਕੁਲੇ ਜਿਲੇ ਦਾ ਨਾਂ ਇਸੇ ਨਾਂ ਦੇ ਨਗਰ ਤੋਂ ਪਿਆ ਹੈ ਜਿਸ ਦਾ ਪਹਿਲਾ ਨਾਂ "ਮੱਡਾਕੁਲਾ" ਜਾਂ "ਪੁਲੀ ਆਦੂਆ" ਸੀ । ਬਟੀਕੁਲਾ ਨਾਂ ਮਡਾਕੁਲਾਪਾ ਤੋਂ ਨਿਕਲਿਆ, ਜਿਸਦਾ ਭਾਵ ਚਿਕੜ ਵਾਲੀ ਖਾੜੀ ਹੈ ।"*

ਇਉਂ ਜਾਪਦਾ ਹੈ ਕਿ ਗਿਆਨੀ ਗਿਆਨ ਸਿੰਘ ਨੇ "ਮੱਡਾ ਕੁਲਾਪਾ" ਨੂੰ ਪੰਜਾਬੀ ਉਚਾਰਨ ਦੇ ਕੇ "ਮਟੀਆ ਕਲਮ" ਬਨਾ ਦਿਤਾ ਹੈ ਜਿਵੇਂ ਡੱਚ ਲੋਕਾਂ ਨੇ "ਮਡਾ ਕੁਾਪਾ" ਤੋਂ "ਬੈਟੀਕੁਲਾ" ਕਰ ਦਿੱਤਾ ਸੀ ।

ਬੈਟੀਕੁਲਾ ਲੰਕਾ ਦੇ ਪੂਰਬੀ ਕੰਢੇ ਤੇ ਉਤਰ ਵਿਚ ਇਕ ਮਹਾਨਤਾ ਵਾਲਾ ਇਲਾਕਾ ਹੈ । ਜੋ ਇਕ ਸੌ ਤੀਹ ਮੀਲ ਲੰਕਾ ਦੇ ਪੂਰਬੀ ਕੰਢੇ ਦੇ ਨਾਲ-ਨਾਲ ਫੈਲਿਆ ਹੋਇਆ ਹੈ । ਕਹਿੰਦੇ ਹਨ ਕਿ ਇਸ ਇਲਾਕੇ ਵਿੱਚ ਹੀ ਦੱਖਣੀ ਭਾਰਤ ਤੋਂ ਸਭ ਤੋਂ ਪਹਿਲਾ ਆ ਕੇ ਲੋਕ ਵਸੇ । ਸਿਕੰਦ ਪੁਰਾਣਾ ਦੇ ਕਥਨ ਅਨੁਸਾਰ ਇਸ ਇਲਾਕੇ ਵਿਚੋਂ ਹੀ ਉਠ ਕੇ ਕਤਰਗਾਮਾ ਜੋ ਸ਼ਿਵਜੀ ਜੀ ਦਾ ਪੁੱਤਰ ਸੀ ਲੰਕਾ ਦੇ ਦੱਖਨ ਵਿੱਚ ਗਿਆ ਤੇ ਉਸਦੇ ਨਾਂ ਤੇ ਉਥੇ ਕਤਰਗਾਮਾ ਮੰਦਿਰ ਬਣਿਆ ਹੈ । ਇਸ ਇਲਾਕੇ ਦਾ ਨਾਂ ਰਾਮਾਇਣ ਵਿੱਚ ਵੀ ਆਉਂਦਾ ਹੈ ਤੇ ਕਿਹਾ ਜਾਂਦਾ ਹੈ ਕਿ ਰਾਵਣ ਦਾ ਕਿਲਾ ਇਸ ਇਲਾਕੇ ਵਿਚ ਹੀ ਸੀ ਤੇ ਇਥੇ ਹੀ ਹਨੂੰਮਾਨ ਜੀ ਨੇ ਲੰਕਾ ਨੂੰ ਅੱਗ ਲਾ ਕੇ ਆਪਣੀ ਪੂਛ ਤੋਂ ਅੱਗ ਬੁਝਾਈ ਸੀ । ਇਥੇ ਇਕ ਪੁਰਾਣਾ ਮੰਦਿਰ ਹੈ ਜੋ ਬੈਟੀਕੁਲਾ ਤੋਂ 2 ਮੀਲ ਉਤਰ ਵਲ ਹੈ । ਜੋ ਹਨੂੰਮਾਨ ਦੀ ਯਾਦ ਵਿੱਚ ਬਣਿਆ ਹੈ । ਇਸ ਕੋਲ ਇਕ ਪੁਰਾਣਾ ਤਲਾ ਵੀ ਹੈ ਜਿਥੇ ਹਨੂੰਮਾਨ ਦੀ ਪਛ ਦੀ ਅੱਗ ਨੂੰ ਬੁਝਾਣਾ ਦਸਿਆ ਜਾਂਦਾ ਹੈ । ਇਹ ਮੰਦਰ ਅਜ ਕਲ ਅਮਰਤਕਲੀ ਪਿੰਡ ਵਿਚ ਹੈ । ਉਥੋਂ ਦੇ ਪੁਜਾਰੀ ਨੇ ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ਇਹ ਦਸਿਆ ਕਿ ਹਨੂੰਮਾਨ ਇਸ ਅਸਥਾਨ ਤੋਂ ਸ਼ਿਵਲਿੰਗ ਉਠਾਣ ਦਾ ਯਤਨ ਕਰ ਰਹਾ ਸੀ ਜਦੋਂ ਕਿ ਉਸਦੀ ਪੂਛ ਨੂੰ ਅੱਗ ਲੱਗ ਗਈ । ਮਹਾਂਵੰਸ਼ਾ ਵਿਚ ਇਹ ਲਿਖਿਆ ਹੈ ਕਿ 540 ਪੂਰਬ ਈਸਵੀ ਵਿੱਚ ਵਜਾਇਆ, ਜੋ ਹਿੰਦੁਸਤਾਨ ਦਾ ਇਕ ਸ਼ਾਹਿਜਾਦਾ ਸੀ ਤੇ ਜਿਸਦੀ ਸਿੰਗਲੀ ਉਲਾਦ ਹਨ, ਸਭ ਤੋਂ ਪਹਿਲਾਂ ਇਥੇ ਇਸ ਇਲਾਕੇ ਵਿੱਚ ਹੀ ਆਇਆ। ਇਥੇ ਕਈ ਸਦੀਆਂ ਦੱਖਣੀ ਭਾਰਤ ਦੇ ਚੋਲਾਬੰਸੀ ਰਾਜੇ ਰਾਜ ਕਰਦੇ ਰਹੇ ਹਨ ਤੇ ਉਸ ਤੋਂ

*ਮੋਨੋਗਰਾਫ ਆਫ ਦੀ ਬੈਟੀਕੂਲਾ ਡਿਸਟਰਿਕਟ, ਚੈਪਟਰ ਪਹਿਲਾ ਟੋਪੋਗਰਾਫੀ

ਪਿਛੋਂ ਕਈ ਸਦੀਆਂ ਇਹ ਇਲਾਕਾ ਕੈਂਡੀ ਦੇ ਸੈਨਹਾਲੀ ਬਾਦਸ਼ਾਹ ਦੇ ਅਧੀਨ ਰਿਹਾ ਹੈ। ਸੈਨਹਾਲੀ ਬਾਦਸ਼ਾਹ ਦੇ ਵੇਲੇ ਬੀ ਇਸ ਇਲਾਕੇ ਵਿੱਚ ਦੱਖਣੀ ਭਾਰਤ ਤੋਂ ਆਏ ਤਾਮਿਲ ਲੋਕਾਂ ਦੇ ਆਪਣੇ ਰਜਵਾੜੇ ਹੋਇਆ ਕਰਦੇ ਸਨ। ਪੰਜਵੀਂ ਸ਼ਤਾਬਦੀ ਵਿਚ ਇਥੋ ਦੇ ਇਕ ਚੋਲਾ ਸ਼ਹਿਜਾਦੇ ਜਿਸ ਦਾ ਨਾਂ ਕੋਲਾਕੋਡਨ ਸੀ, ਭਾਰਤ ਤੋਂ ਵਨਿਆਰ ਕਬੀਲਿਆਂ ਨੂੰ ਲਿਆਉਣ ਵਿੱਚ ਕਾਮਯਾਬ ਹੋ ਗਿਆ। ਇਸ ਇਲਾਕੇ ਵਿੱਚ ਅੱਜ ਕਲ ਵੀ ਵਸੋਂ ਉਨ੍ਹਾਂ ਵਨਿਆਰ ਕਬੀਲਿਆਂ ਦੀ ਉਲਾਦ ਹਨ। ਇਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਬੇਟੀ-ਕੂਲਾ ਦੇ ਤਾਮਿਲ ਲੋਕ ਜਫ਼ਨਾ ਦੇ ਤਾਮਿਲ ਲੋਕਾਂ ਨਾਲੋਂ ਭੀ ਪਹਿਲਾਂ ਲੰਕਾ ਵਿੱਚ ਆਏ ੧

ਸਤਾਰਵੀਂ ਸਦੀ ਵਿੱਚ ਡੱਚ ਲੋਕਾਂ ਨੇ ਇਸ ਇਲਾਕੇ ਨੂੰ ਬਹੁਤ ਮਹਾਨਤਾ ਦਿੱਤੀ। ਉਨ੍ਹਾਂ ਹੀ ਸਭ ਤੋਂ ਪਹਿਲਾਂ ਬੇਟੀਕੂਲਾ ਵਿੱਚ ਇਕ ਮਜ਼ਬੂਤ ਕਿਲਾ ਬਨਾਇਆ ਜਿਸ ਵਿੱਚ ਅਜ-ਕੱਲ ਗੌਰਮਿੰਟ ਏਜੰਟ ਦੇ ਦਫਤਰ ਹਨ ਅਤੇ ਉਸ ਸਮੇਂ ਤੋਂ ਹੀ ਇਸਦਾ ਨਾਂ ਮਡਾਕੁਲਮ ਤੋਂ ਬੇਟੀ-ਕੂਲਾ ਪੈ ਗਿਆ ਹੈ। ਬੇਟੀਕੁਲਾ ਦੇ ਇਤਿਹਾਸ ਨੂੰ ਵਾਚਿਆ ਇਹ ਪਤਾ ਲਗਦਾ ਹੈ ਕਿ ਸੋਲ੍ਹਵੀਂ ਸਦੀ ਵਿੱਚ ਇਹ ਇਲਾਕਾ ਸਤਾਂ ਭਾਗਾਂ ਵਿੱਚ ਵੰਡਿਆ ਹੋਇਆ ਸੀ ਤੇ ਇਥੇ ਵਾਵਾਣੀਆਂ ਕਬੀਲਿਆਂ ਤੇ ਸਤ ਰਜਵਾੜੇ ਰਾਜ ਕਰਦੇ ਸਨ। ਇਨ੍ਹਾਂ ਦਾ ਮੋਢੀ ਲਤਾਨਾਏ ਦਾ ਰਾਜਾ ਸੀ ਤੇ ਹੋਰ ਰਾਜੇ ਪਲਗੁਮ, ਬੇਟੀਕੁਲਾ, ਪੋਡਰਾ ਪਾਨਮ ਸਨ। ਇਹ ਵਾਣੀਆਂ ਦੇ ਸਤ ਰਾਜਿਆਂ ਨੂੰ ਸਮੁਚੇ ਤੌਰ ਤੇ ਵਾਣੀਆ ਦਾ ਸੰਗਲਾਵੀਤਾ ਕਹਿੰਦੇ ਸਨ। ਅਤੇ ਇਹ ਸਾਰੇ ਰਾਜੇ ਕੈਂਡੀ ਦੇ ਬਾਦਸ਼ਾਹ ਦੇ ਅਧੀਨ ਸਨ। 1505 ਈ. ਤੋਂ ਪਿਛੋਂ ਪੁਰਤਗਾਲੀਆ ਦੇ ਲੰਕਾ ਵਿੱਚ ਆਉਣ ਤੇ ਇਹ ਰਾਜੇ ਇਕ ਦੂਜੇ ਦੇ ਵਿਰੁਧ ਪੁਰਤਗਾਲੀਆ ਦੀ ਸਹਾਇਤਾ ਨੂੰ ਮੰਗਦੇ ਰਹਿੰਦੇ ਸਨ ਤੇ ਕਈ ਵਾਰੀ ਇਕ ਦੂਜੇ ਨਾਲ ਜੰਗ ਕਰਨ ਵਿੱਚ ਰੁੱਝੇ ਰਹਿੰਦੇ ਸਨ। ਕਦੀ ਕਦੀ ਕੈਂਡੀ ਦਾ ਬਾਦਸ਼ਾਹ ਇਨ੍ਹਾਂ ਨੂੰ ਕੈਂਡੀ ਸੱਦ ਲਿਆ ਕਰਦਾ ਸੀ। ਇਕ ਵਾਰੀ ਉਸਨੇ ਪਾਨਮ ਦੇ ਰਾਜੇ ਨੂੰ ਸਦਿਆ ਪਰ ਉਹ ਨਾ ਗਇਆ। ਜਿਸ ਕਰਕੇ ਉਸਦੇ ਇਲਾਕੇ ਵਿਚ 35000 ਦੀ ਫੌਜ ਭੇਜ ਦਿੱਤੀ। ਪਾਨਮ ਦੇ ਵਸਨੀਕਾਂ ਨੇ ਆਪਣਾ ਇਲਾਕਾ ਉਜੜਦਾ ਵੇਖ ਕੇ ਫੌਜ ਨੂੰ ਬਹੁਤ ਸਾਰੇ ਤੋਹਫੇ ਦਿਤੇ ਤੇ ਵਾਰਸ਼ਿਕ ਕਰ ਦੇਣ ਦਾ ਵਾਇਦਾ ਕਰਕੇ ਵਾਪਸ ਕੀਤਾ। ਸਤਾਰਵੀਂ ਸਦੀ ਦੇ ਆਰੰਭ ਵਿਚ ਪਾਲੂਗਾਮ ਤੇ ਬੇਟੀਕੂਲਾ ਦੇ ਰਾਜਿਆਂ ਦੇ ਵਿਚਕਾਰ ਘਰ ਯੁਧ ਹੋਇਆ। ਬੇਟੀਕੁਲਾ ਦਾ ਰਾਜਾ ਮਾਰਿਆ ਗਿਆ ਤੇ ਉਸਦਾ ਇਲਾਕਾ ਪਾਲੂਗਾਮ ਦੇ ਰਾਜ ਵਿਚ ਸ਼ਾਮਿਲ ਕਰ ਲਿਆ ਗਿਆ ੨

ਇਹ ਬਦਕਿਸਮਤੀ ਦੀ ਗੱਲ ਹੈ ਕਿ ਇਸ ਇਲਾਕੇ ਵਿੱਚ ਇਨ੍ਹਾਂ ਸਤਾਂ ਰਾਜਿਆਂ ਦਾ ਵਿਸਥਾਰ ਨਾਲ ਹਾਲ ਨਹੀਂ ਮਿਲਦਾ। ਹੋ ਸਕਦਾ ਹੈ ਕਿ ਇਨ੍ਹਾਂ ਸਤਾਂ ਰਾਜਿਆਂ ਵਿੱਚ ਇਕ ਰਾਜਾ ਸ਼ਿਵਨਾਭ ਹੋਵੇ। ਜੇਕਰ ਇਸ ਇਲਾਕੇ ਦੇ ਗੁਰੂ ਨਾਨਕ ਸਾਹਿਬ ਜੀ ਦੇ ਸਮਕਾਲੀ

੧. ਮੋਨੋਗਰਾਮ ਔਨ ਬੇਟੀਕੂਲਾ ਡਿਸਟਰਿਕਟ, ਚੈਪਟਰ ਤਿੰਨ ਐਨਸ਼ੈਂਟ ਹਿਸਟਰੀ

੨. ਮੋਨੋਗਰਾਮ ਔਨ ਬੇਟੀ ਕੂਲਾ ਡਿਸਟਰਿਕਟ, ਚੈਪਟਰ ਤਿੰਨ ਐਨਸ਼ੈਂਟ ਹਿਸਟਰੀ

ਇਤਿਹਾਸ ਨੂੰ ਵੇਖਿਆ ਜਾਵੇ ਤਾਂ ਇਹ ਗੱਲ ਦਾ ਪਤਾ ਲਗਦਾ ਹੈ ਕਿ ਪੰਦਰਵੀਂ ਸ਼ਤਾਬਦੀ ਵਿੱਚ ਇਸ ਇਲਾਕੇ ਵਿੱਚ ਇਕ ਵਨੀਚੀ ਰਾਣੀ ਰਾਜ ਕਰਦੀ ਸੀ ਜਿਸ ਦਾ ਰਾਜ 1453 ਈ. ਤੋਂ 1477 ਈ. ਤਕ ਰਿਹਾ ਤੇ ਇਸ ਤੋਂ ਪਿਛੋਂ ਉਸਦੀ ਔਲਾਦ 1477 ਈ. ਤੋਂ ਲੈ ਕੇ 1552 ਈ. ਤਕ ਰਾਜ ਕਰਦੀ ਰਹੀ। ਹੋ ਸਕਦਾ ਹੈ ਕਿ ਵਨੀਚੀ ਦੇ ਉਤਰਅਧਿਕਾਰੀਆਂ ਵਿਚੋਂ ਕੋਈ ਰਾਜਾ ਹੋਵੇ ਜਿਸ ਨੂੰ ਗੁਰੂ ਨਾਨਕ ਸਾਹਿਬ ਮਿਲੇ ਹੋਣ ਪਰ ਇਸ ਰਾਜੇ ਦੇ ਇਤਿਹਾਸ ਦਾ ਪਤਾ ਨਹੀਂ ਲਗਦਾ। ਇਹ ਗੱਲ ਸਪੱਸ਼ਟ ਹੈ ਕਿ ਸਾਰੇ ਰਜਵਾੜੇ ਪੰਦਰਵੀਂ ਤੇ ਸੋਲ੍ਹਵੀਂ ਸਦੀ ਵਿੱਚ ਕੈਂਡੀ ਦੇ ਬਾਦਸ਼ਾਹ ਦੇ ਅਧੀਨ ਸਨ। ਜੇਕਰ ਕਿਸੇ ਥਾਂ ਤੋਂ ਇਸਦਾ ਵਿਸਥਾਰ ਨਾਲ ਹਾਲ ਮਿਲ ਜਾਵੇ ਤਾਂ ਇਸ ਗੱਲ ਦਾ ਨਿਰਨਾ ਹੋ ਸਕਦਾ ਹੈ ਕਿ ਰਾਜਾ ਸ਼ਿਵਨਾਭ ਮਟੀਆਕੁਲਮ ਦਾ ਰਾਜਾ ਸੀ ਜਾਂ ਨਹੀਂ। ਜੇਕਰ ਰਾਜਾ ਸ਼ਿਵਨਾਭ ਸੀਤਾਵਾਕਾ ਦਾ ਰਾਜਾ ਸੀ, ਤਾਂ ਉਹ ਮਾਇਆਦਉਨੀ ਦਾ ਸਪੁੱਤਰ ਰਾਜਾ ਸਿੰਘਾ ਜਿਸਨੇ 1581 ਤੋਂ ਲੈ ਕੇ 1592 ਈ. ਤਕ ਰਾਜ ਕੀਤਾ, ਹੀ ਹੋ ਸਕਦਾ ਹੈ। ਹਾਂ ਜੇਕਰ ਰਾਜਾ ਸ਼ਿਵਨਾਭ ਮਤੀਆਕੁਲਮ ਦੇ ਕਿਸੇ ਰਜਵਾੜਿਆਂ ਵਿਚੋਂ ਹੈ ਤਾਂ ਉਹ ਜ਼ਰੂਰ ਵਾਣੀਆ ਰਾਜਾ ਹੈ ਤੇ ਉਸ ਸੂਰਤ ਵਿੱਚ ਉਹ ਸਾਰੇ ਲੰਕਾ ਦਾ ਬਾਦਸ਼ਾਹ ਨਹੀਂ ਹੋ ਸਕਦਾ, ਬੇਸ਼ਕ ਉਸਨੇ ਸਤਾ ਰਾਜਾ ਨੂੰ ਜਿੱਤਣ ਦਾ ਮਾਣ ਭਾਵੇ ਪ੍ਰਾਪਤ ਕੀਤਾ ਹੋਵੇ, ਕਿਉਂਕਿ ਵਾਣੀਆਂ ਦੇ ਰਾਜਿਆਂ ਦੀ ਗਿਣਤੀ ਵੀ ਸਤ ਹੀ ਲਿਖੀ ਹੋਈ ਮਿਲਦੀ ਹੈ।

(2) ਉਸ ਵਲਾਇਤ ਦੇ ਅਠਾਰਾਂ ਰਾਜੇ ਅਧੀਨ ਹੋਏ

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਮਟੀਆਕਲਮ ਦੇ ਰਾਜਾ ਸ਼ਿਵਨਾਭ ਨੂੰ ਗੁਰੂ ਨਾਨਕ ਸਾਹਿਬ ਮਿਲੇ ਤੇ ਉਨ੍ਹਾਂ ਦੀ ਅਸ਼ੀਰਵਾਦ ਨਾਲ 18 ਰਾਜੇ ਸ਼ਿਵਨਾਭ ਦੇ ਅਧੀਨ ਹੋਏ। "ਬਿਕ੍ਰਮਾਜੀਤ ਤੇ ਇਕ ਸੌ ਬਰਸ ਪਹਿਲੇ ਮਹਾਰਾਜਾ ਰਣਜੀਤ ਸਿੰਘ ਕਾਸੀ ਵਾਲਾ ਰਾਮੇਸ਼ਵਰ ਦੇ ਦਰਸ਼ਨ ਨੂੰ ਗਿਆ, ਜਦ ਉਥੋਂ ਮੁੜਿਆ ਤਾਂ ਮਦਰਾ ਸਹਿਰ ਦਾ ਰਾਜਾ ਬੇਉਲਾਦ ਮਰ ਗਿਆ ਸੀ। ਉਸਦੇ ਵਜੀਰਾਂ ਵਿਚ ਝਗੜਾ ਪੈ ਗਿਆ ਸੀ, ਮਦਰਾ ਰਾਮੇਸ਼ਵਰ ਤੋਂ 8 ਮੰਜ਼ਲ ਉਤਰ ਵੰਨੀ ਹੈ, ਦੋ ਵਜੀਰ ਰਾਜੇ ਰਣਜੀਤ ਸਿੰਘ ਨੂੰ ਆ ਮਿਲੇ ਚੜ੍ਹਾਕੇ ਲੈ ਗਏ, ਇਸਨੇ ਮਦਰਾ ਫਤਹਿ ਕਰ ਆਪਣੀ ਰਾਜਧਾਨੀ ਬਨਾ ਲਿਤੀ। ਏਸੇ ਸ਼ਹਿਰ ਦੇ ਨਾਮ ਉਤੇ ਹੁਣ ਮਦਰਾਸ ਹਾਤਾ ਹੈ, ਰਣਜੀਤ ਸਿੰਘ ਦੇ 9 ਪੁੱਤਰ ਸੇ, ਇਕ ਬੜਾ ਕਾਸ਼ੀ ਦਾ ਰਾਜਾ ਰਿਹਾ ਓਸੇ ਦੀ ਸੰਤਾਨ ਹੁਣ ਕਾਸ਼ੀ ਨਰੇਸ਼ ਹੈ, ਇਕ ਨੂੰ ਮਦਰੇ ਦਾ ਰਾਜ ਦੇ ਕੇ ਸੱਤਾਂ ਨੂੰ ਨਾਲ ਲੈ ਕਰ ਸੰਗਲਦੀਪ ਜਾ ਫਤੇਹ ਕੀਤਾ।"[੧]

"ਮੈਨੂਅਲ ਆਫ ਦੀ ਵਾਨੀ" ਦੇ ਦੂਜੇ ਕਾਂਡ ਵਿਚ ਇਸ ਇਲਾਕੇ ਦੀ ਵਸੋਂ ਬਾਰੇ ਇਉਂ ਲਿਖਿਆ ਹੈ:- "ਲੰਕਾ ਦੇ ਇਕ ਰਾਜਾ ਨੇ ਜਿਸਦਾ ਨਾ ਵਾਲਾਸਿੰਕਾ ਸੀ ਭਾਰਤ ਵਿੱਚ

੨. ਤਵਾਰੀਖ ਗੁਰੂ ਖਾਲਸਾ ਹਿਸਾ ਪਹਿਲਾ ਫੁਟ ਨੋਟ ਪੰਨਾ 268

ਮਦਰਾ ਦੇ ਰਾਜਾ ਸਿੰਗਕੇਤੂ ਦੀ ਸ਼ਾਹਜ਼ਾਦੀ ਨਾਲ ਵਿਆਹ ਕਰਨ ਦਾ ਇਰਾਦਾ ਕੀਤਾ। ਜਦੋਂ ਸਿੰਗਕੇਤੂ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਸੱਠ ਵਾਨੀ ਲੋਕਾਂ ਨੂੰ ਜੋ ਉਸ ਦੇ ਅਮੀਰਾਂ ਵਜ਼ੀਰਾਂ ਵਿਚੋਂ ਸਨ ਆਪਣੀ ਪੁਤਰੀ ਨਾਲ ਭੇਜ ਦਿੱਤਾ ਤਾਂ ਜੋ ਉਹ ਵਾਲਾਸਿੰਕਾ ਨਾਲ ਉਸ ਦਾ ਵਿਆਹ ਕਰ ਦੇਣ....ਜਦੋਂ ਉਹ ਸੱਠ ਵਨੀਆਰ ਵਾਲਾਸੰਕਾ ਕੋਲ ਆਏ ਤਾਂ ਵਾਲਾਸੰਕਾ ਨੇ ਉਨ੍ਹਾਂ ਕੋਲੋਂ ਪੁਛਿਆ ਕਿ ਉਨ੍ਹਾਂ ਦੀ ਕਿਹੜੀ ਇਛਾ ਪੂਰੀ ਕੀਤੀ ਜਾਏ ਤਾਂ ਉਨ੍ਹਾਂ ਕਿਹਾ ਲੰਕਾ ਦਾ ਓਹ ਟੁਕੜਾ ਜਿਸ ਨੂੰ ਅੰਦਰਾਪਟ ਕਿਹਾ ਜਾਂਦਾ ਹੈ। ਉਨ੍ਹਾਂ ਨੂੰ ਦਿਤਾ ਜਾਏ।''੨ ਇਸ ਤਰ੍ਹਾਂ ਵਨੀਆਰ ਲੰਕਾ ਵਿਚ ਆਬਾਦ ਹੋਏ ਤੇ ਬੈਟੀਕੁਲਾ ਦੇ ਇਲਾਕੇ ਦੀ ਚੌਥੀ ਵਸੋਂ ਵਨੀਆਰਾਂ ਦੀ ਸੀ। ਗਿਆਨੀ ਗਿਆਨ ਸਿੰਘ ਦਾ ਇਹ ਕਥਨ ਠੀਕ ਜਾਪਦਾ ਹੈ ਕਿ ਵਨੀਆਰ ਮਦਰਾ ਤੋਂ ਆ ਕੇ ਇਥੇ ਵਸੇ ਸਨ। ਅਸਲ ਵਿੱਚ ਲੰਕਾ ਦੇ ਉਤਰੀ ਜਿਲਿਆਂ ਦੀ ਸਾਰੀ ਵਸੋਂ ਦਖਣੀ ਭਾਰਤ ਦੇ ਅੱਡ-ਅੱਡ ਹਿਸਿਆਂ ਤੋਂ ਜਾ ਕੇ ਆਬਾਦ ਹੋਈ ਹੈ। ਕੁਝ ਲੋਕ ਮਾਲਾਬਾਰ ਤੋਂ ਗਏ ਹਨ ਕੁਝ ਮਦਰਾਸ ਤੋਂ ਕੁਝ ਮਦਰਾ ਆਦਿ ਤੋਂ। ਇਹ ਹੀ ਕਾਰਨ ਹੈ ਵਾਨੀ ਦੇ ਰਾਜੇ ਬੈਟੀਕੁਲਾ ਵਿਚ ਚੋਖਾ ਚਿਰ ਰਾਜ ਕਰਦੇ ਰਹੇ ਸਨ। ਪਰ ਉਨ੍ਹਾਂ ਦਾ ਰਾਜ ਕੈਂਡੀ ਦੇ ਅਧੀਨ ਸੀ।

ਜਿਹੜੇ ਅਠਾਰਾਂ ਰਜਵਾੜਿਆਂ ਦਾ ਕਥਨ ਗਿਆਨੀ ਸਿੰਘ ਨੇ ਕੀਤਾ ਹੈ ਉਨ੍ਹਾਂ ਵੱਲ ਇਸ਼ਾਰਾ ''ਮੈਨੁਅਲ ਆਫ ਵਾਨੀ'' ਵਿਚ ਵੀ ਹੈ। ਉਥੇ ਲਿਖਿਆ ਹੈ ਕਿ ਪਰਕਰਮਾ ਬਾਹੂ ਛੇਵੇਂ ਨੇ ਜੋ ਕੋਟੀ ਦਾ ਬਾਦਸ਼ਾਹ ਸੀ ਵਨੀਆਰਾਂ ਦੇ ਅਠਾਰਾਂ ਰਾਜਿਆਂ ਨੂੰ ਜਿੱਤ ਲਿਆ। ਪਰਕਰਮਾ ਬਾਹੂ ਛੇਵਾਂ ਕੋਟੀ ਦਾ ਸਿੰਗਲੀ ਰਾਜਾ ਸੀ ਤੇ ਕੋਟਾ ਕੋਲੰਬੋ ਕੋਲ ਇਕ ਪੁਰਾਣੀ ਰਾਜਧਾਨੀ ਸੀ। ਵਿਕਰਮਾ ਬਾਹੂ ਵਾਨੀਆਰਾਂ ਵਿਚੋਂ ਨਹੀ ਸੀ। ਇਸ ਦਾ ਰਾਜ 1410 ਈਸਵੀ ਤੋਂ ਆਰੰਭ ਹੁੰਦਾ ਹੈ ਤੇ 1462 ਈਸਵੀ ਵਿੱਚ ਇਸਦਾ ਦਿਹਾਂਤ ਹੋ ਗਿਆ। ਇਸ ਤਰ੍ਹਾਂ ਇਹ ਰਾਜਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਨਹੀਂ ਸੀ। ਗੁਰੂ ਸਾਹਿਬ ਦੇ ਅਵਤਾਰ ਧਾਰਨ ਤੋਂ ਸਤ ਸਾਲ ਪਹਿਲਾਂ ਉਹ ਚਲਾਨਾ ਕਰ ਗਿਆ ਸੀ। ਗਿਆਨੀ ਗਿਆਨ ਸਿੰਘ ਨੇ ਰਾਜੇ ਸ਼ਿਵਨਾਭ ਦੀ ਸਤਵੀਂ ਪੀੜੀ ਧਰਮ ਨਾਭ ਨੂੰ ਲਿਖਿਆ ਤੇ ਦਸਿਆ ਹੈ ਕਿਵੇਂ 1815 ਈਸਵੀ ਵਿਚ ਅੰਗ੍ਰੇਜ਼ਾਂ ਨੇ ਉਸਦੇ ਇਲਾਕੇ ਤੇ ਕਬਜ਼ਾ ਕਰ ਲਿਆ। 1815 ਈਸਵੀ ਵਿਚ ਅੰਗ੍ਰੇਜ਼ਾਂ ਨੇ ਕੈਂਡੀ ਦੇ ਬਾਦਸ਼ਾਹ ਨੂੰ ਤਖਤ ਤੋਂ ਲਾਹ ਕੇ ਸਾਰੇ ਲੰਕਾ ਨੂੰ ਅੰਗਰੇਜ਼ੀ ਸਾਮਰਾਜ ਵਿਚ ਸ਼ਾਮਲ ਕਰ ਲਿਆ ਸੀ। ਇਹ ਗੱਲ ਮੰਨੀ ਪ੍ਰਮੰਨੀ ਹੈ ਕਿ ਕੈਂਡੀ ਦੇ ਰਾਜੇ ਸਿਨਹਾਲੀ ਜਾਂ ਸਿੰਗਲੀ ਸਨ ਤੇ ਹੁਣ ਵੀ ਕੈਂਡੀ ਨੂੰ ਲੰਕਾ ਦੇ ਪੁਰਾਣੇ ਸਦਾਚਾਰ ਦਾ ਮੁਢਲਾ ਕੇਂਦਰ ਮੰਨਿਆ ਜਾਂਦਾ ਹੈ। ਜੇਕਰ ਰਾਜਾ ਸ਼ਿਵਨਾਭ ਵਾਨੀਆਰਾਂ ਵਿਚੋਂ ਸੀ ਤਾਂ ਉਹ ਕੈਂਡੀ ਦਾ ਰਾਜਾ ਨਹੀਂ ਹੋ ਸਕਦਾ। ਵਨੀਆਰ ਤੇ ਸਿੰਗਲੀ ਦੋ ਅੱਡ-ਅੱਡ ਨਸਲਾਂ ਹਨ। ਵਨੀਆਰ ਹਿੰਦ ਤੋਂ ਗਏ ਤਾਮਿਲ ਲੋਕਾਂ ਵਿਚੋਂ ਸਨ ਤੇ ਕੈਂਡੀ ਦੇ ਬਾਦਸ਼ਾਹ ਜਿਹੜੇ ਸਾਰੇ ਸੀਲੋਨ ਦੇ ਬਾਦਸ਼ਾਹ ਮੰਨੇ ਜਾਂਦੇ ਸਨ ਸਿੰਗਲੀ

2. ਮੈਨੁਅਲ ਆਫ ਵਾਨੀ। ਕ੍ਰਿਤ ਐਚ. ਸੀ. ਕੋਟਜ ਚੈਪਟਰ ਦੂਜਾ।

ਸਨ । ਇਹ ਠੀਕ ਹੈ ਕਿ ਬੈਟੀਕੁਲਾ ਕੈਂਡੀ ਸਾਮਰਾਜ ਵਿਚ ਸ਼ਾਮਲ ਸੀ ਤੇ ਜਦੋਂ ਅੰਗ੍ਰੇਜ਼ਾਂ ਨੇ ਕੈਂਡੀ ਨੂੰ ਜਿਤਿਆ ਬੈਟੀਕੁਲਾ ਤੇ ਵੀ ਅੰਗ੍ਰੇਜ਼ੀ ਰਾਜ ਸਥਾਪਿਤ ਹੋ ਗਿਆ । ਪੰਦਰਵੀਂ ਤੇ ਸੋਲ੍ਹਵੀਂ ਸਦੀ ਦੇ ਬੈਟੀਕੁਲਾ ਦੇ ਰਾਜਿਆਂ ਬਾਰੇ ਬੈਟੀਕੁਲਾ ਗਜ਼ਟੀਅਰ ਵਿਚੋਂ ਇਸ ਤੋਂ ਵਧ ਕੋਈ ਪਤਾ ਨਹੀਂ ਲਗਦਾ ਕਿ :- "ਵਾਨੀਆਂ ਦੀ ਵਨੀਚੀ ਰਾਨੀ 1433 ਈ: ਤੋਂ 1477 ਈਸਵੀ ਤਕ ਰਾਜ ਕਰਦੀ ਰਹੀ ਤੇ ਉਸ ਤੋਂ ਪਿਛੋਂ 1477 ਤੋਂ 1552 ਈ: ਤਕ ਉਸ ਦੀ ਔਲਾਦ ਨੇ ਰਾਜ ਕੀਤਾ ।"[1] ਉਸਦੀ ਔਲਾਦ ਕੌਣ ਸੀ ਇਸ ਬਾਰੇ ਕੋਈ ਪਤਾ ਨਹੀਂ ਲਗਦਾ ।

ਸਿਟੇ :-

ਸਭ ਤੋਂ ਪਹਿਲਾਂ "ਹਕੀਕਤ ਰਾਹ ਮੁਕਾਮ" ਦੇ ਕਰਤਾ ਨੇ ਰਾਜੇ ਸ਼ਿਵਨਾਭ ਨੂੰ ਲੰਕਾ ਦਾ ਰਾਜਾ ਦਸਿਆ । ਹਕੀਕਤ ਰਾਹ ਮੁਕਾਮ ਦੇ ਰਚੇ ਜਾਣ ਦੇ ਸਮੇਂ ਦਾ ਸੰਕੇਤ ਇਸਦੀ ਅੰਦਰਲੀ ਗਵਾਹੀ ਤੋਂ ਮਿਲਦਾ ਹੈ ਜੋ ਸਿਧ ਕਰਦਾ ਹੈ ਕਿ ਕੋਈ ਸਿਖ ਸੋਲ੍ਹਵੀਂ ਸਦੀ ਵਿਚ ਲੰਕਾ ਗਿਆ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਚੇ ਜਾਣ ਪਿਛੋਂ ਜਦੋਂ ਸਤਾਰਵੀਂ ਸ਼ਤਾਬਦੀ ਵਿਚ ਜਨਮ-ਸਾਖੀਆਂ ਲਿਖੀਆਂ ਗਈਆਂ ਤਾਂ ਜਨਮ ਸਾਖੀਆਂ ਦੇ ਰਚਨਹਾਰਿਆਂ ਨੇ ਰਾਜੇ ਸ਼ਿਵਨਾਭ ਦਾ ਨਾਂ ਵਰਤ ਕੇ ਸਾਖੀਆਂ ਬਣਾ ਲਈਆਂ, ਭਾਵੇਂ ਸਭ ਸਾਖੀਆਂ ਵਿਚ ਮੂਲ ਗੱਲਾਂ ਇਕੋ ਜਿਹੀਆਂ ਨਹੀਂ ਹਨ ਤੇ ਵਿਸਥਾਰ ਵਿਚ ਕਾਫੀ ਫਰਕ ਹੈ । ਉਦਾਹਰਨ ਦੇ ਤੌਰ ਤੇ ਪੁਰਾਤਨ ਜਨਮ ਸਾਖੀ ਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਕੀ ਵਿਚ ਦਿਤੀਆਂ ਰਾਜਾ ਸ਼ਿਵਨਾਭ ਦੀਆਂ ਸਾਖੀਆਂ ਦੇ ਵਿਸਥਾਰ ਵਿਚ ਕਾਫੀ ਅੰਤਰ ਹੈ । ਲੰਕਾ ਵਿਚ ਉਚਾਰੇ ਸ਼ਬਦਾਂ ਦਾ ਵੇਰਵਾ ਹਰ ਜਨਮ ਸਾਖੀ ਵਿਚ ਵਖਰਾ ਹੈ । ਅਧਭੂਤ ਅੰਸ਼ ਤੇ ਕਰਾਮਾਤੀ ਅੰਸ਼ ਵਧਦਾ ਗਿਆ ਹੈ । ਇਸ ਸਾਖੀ ਸਾਹਿਤ ਤੋਂ ਕੇਵਲ ਇਕ ਗੱਲ ਹੀ ਦ੍ਰਿੜ ਹੁੰਦੀ ਹੈ ਕਿ ਰਾਜਾ ਸ਼ਿਵਨਾਭ ਲੰਕਾ ਦਾ ਰਾਜਾ ਸੀ ਤੇ ਇਹ ਗੱਲ ਵੀ "ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ" ਤੋਂ ਆਈ ਹੈ। ਰਾਜਾ ਸ਼ਿਵਨਾਭ ਸੀਤਾਵਾਕਾ ਦਾ ਰਾਜਾ ਸਿੰਘਾ ਸੀ ਜਿਸ ਨੇ ਸਾਰੇ ਲੰਕਾ ਨੂੰ ਜਿਤ ਲਿਆ ਕੇਵਲ ਇਕੋ ਸੀਤਾਵਾਕਾ ਦਾ ਰਾਜਾ ਜਿਸ ਨੇ ਸਾਰੇ ਲੰਕਾ ਨੂੰ ਜਿਤਿਆ ਸੀ ਉਹ ਰਾਜਾ ਸਿੰਘਾ ਸੀ ਤੇ ਜਿਸਨੇ 1581 ਤੋਂ 1592 ਈਸਵੀ ਤਕ ਰਾਜ ਕੀਤਾ । ਪਰ ਇਹ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਨਹੀਂ ਸਗੋਂ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਹੈ । ਇਥੇ ਜ਼ਰੂਰ ਹਕੀਕਤ ਰਾਹ ਮੁਕਾਮ ਦੇ ਲਿਖਾਰੀ ਨੂੰ ਟਪਲਾ ਲਗਾ ਜਾਪਦਾ ਹੈ ।

"ਹਕੀਕਤ ਰਾਹ ਮੁਕਾਮ" ਤੇ ਜਨਮ ਸਾਖੀਆਂ ਦੇ ਅਧਾਰ ਤੇ ਜੇਕਰ ਵਾਚਿਆ ਜਾਵੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਲੰਕਾ ਜਾਣ ਦਾ ਠੀਕ ਪਤਾ ਨਹੀਂ ਲਗਦਾ । ਪਰ ਜੇਕਰ ਉਸ ਸਮੇਂ ਦੇ ਹਾਲਤ ਨੂੰ ਵਾਚੀਏ ਤਾਂ ਜ਼ਰੂਰ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਲੰਕਾ ਗਏ ਹੋਣਗੇ । ਪਰ ਉਨ੍ਹਾਂ ਦੇ ਲੰਕਾ ਜਾਣ ਬਾਰੇ ਜਾਣਕਾਰੀ ਦਾ ਕੋਈ ਲਿਖਤੀ ਸਮਕਾਲੀ

1. ਮੋਨੋਗਰਾਫ ਆਫ ਦੀ ਬੈਟੀਕੁਲਾ ਡਿਸਟਰਿਕਟ, ਚੈਪਟਰ ਚੌਥਾ-ਮਾਡਰਨ ਹਿਸਟਰੀ

ਪਰਮਾਨ ਨਹੀਂ ਮਿਲਦਾ । ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ "ਲੰਕਾ" ਤੇ ਸੇਤਬੰਧ ਦੇ ਅਲੰਕਾਰ ਦਿਤੇ ਜਿਸ ਤੋਂ ਸੰਕੇਤ ਮਿਲਦਾ ਹੈ ਕਿ ਗੁਰੂ ਸਾਹਿਬ ਲੰਕਾ ਤੇ ਸੇਤਬੰਧ ਤੋਂ ਅਗਿਆਤ ਨਹੀਂ ਸਨ । ਆਪ ਫੁਰਮਾਉਂਦੇ ਹਨ :-

"ਗੁਰਮੁਖ ਬਾਂਧਿਓ ਸੇਤ ਬਿਧਾਤੇ
ਲੰਕਾ ਲੂਟੀ ਦੈਂਤ ਸੰਤਾਪੇ ।" (ਰਾਗ ਰਾਮਕਲੀ)

ਜੇਕਰ ਗੁਰੂ ਨਾਨਕ ਸਾਹਿਬ ਦੇ ਸਮੇਂ ਦੇ ਹਾਲਾਤ ਨੂੰ ਵਾਚੀਏ ਤਾਂ ਇਹ ਸਿਧ ਹੋਵੇਗਾ ਉਸ ਸਮੇਂ ਵਿਚ ਦੱਖਣੀ ਭਾਰਤ ਤੇ ਲੰਕਾਂ ਦੇ ਆਵਾਜਾਈ ਦੇ ਸਾਧਨ ਬਹੁਤ ਸੁਖੈਨ ਸਨ । ਲੰਕਾ ਦੇ ਛੋਟੇ ਰਾਜਵਾੜੇ ਦੱਖਣੀ ਭਾਰਤ ਵਿਚ ਆਮ ਆਉਂਦੇ ਸਨ । ਸਗੋਂ ਉੱਤਰੀ ਲੰਕਾ ਦੀ ਵਸੋਂ ਦੱਖਣੀ ਭਾਰਤ ਵਿਚੋਂ ਹੀ ਉਠ ਕੇ ਲੰਕਾ ਵਿਚ ਆਬਾਦ ਹੋਈ ਸੀ । ਦੱਖਣੀ ਭਾਰਤ ਦੇ ਚੋਲਾ ਬੰਸੀ ਤੇ ਪਾਂਡੀਆਂ ਰਾਜੇ ਕਈ ਸਦੀਆਂ ਤੋਂ ਲੰਕਾ ਵਿਚ ਰਾਜ ਕਰਦੇ ਰਹੇ ਤੇ ਇਨ੍ਹਾਂ ਦਾ ਰਾਜ ਤੇਰਵੀਂ ਤੇ ਚੌਧਵੀਂ ਸਦੀ ਈਸਵੀ ਤਕ ਰਿਹਾ । ਚੋਲਾਬੰਸੀ ਤੇ ਪਾਂਡੀਆ ਰਾਜੇ ਸ਼ਿਵਾ ਦੇ ਉਪਾਸ਼ਕ ਸਨ। ਸ਼ਾਇਦ ਇਹ ਹੀ ਕਾਰਣ ਹੈ ਕਿ ਉੱਤਰੀ ਲੰਕਾ ਦੀ ਤਾਮਿਲ ਵਸੋਂ ਵਿਚ ਜ਼ਿਆਦਾ ਸ਼ਿਵਾ ਦੇ ਪੁਜਾਰੀ ਸਨ । "ਸ਼ਿਵਨਾਭ" ਨਾਂ ਵੀ ਸਿਲਾ ਦੇ ਉਪਾਸ਼ਕ ਹੋਣ ਦਾ ਸੰਕੇਤ ਦੇਂਦਾ ਜਾਪਦਾ ਹੈ ।

'ਏ ਗਾਇਡ ਟੂ ਦੀ ਰਾਮੇਸਵਰਮ' ਵਿਚ ਲਿਖਿਆ ਹੈ ਕਿ 1173 ਈ. ਵਿਚ ਲੰਕਾ ਦੇ ਰਾਜੇ ਪ੍ਰਕ੍ਰਮਾ ਬਾਹੂ ਨੇ ਵਿਸ਼ਵਾਨਾਥ ਦੇ ਮੂਲਲੰਗਾ ਦੇ ਆਲੇ ਦੁਆਲੇ ਇਮਾਰਤ ਬਨਾਈ । ਇਸੇ ਤਰ੍ਹਾਂ ਤੰਜੌਰ ਦੇ ਪੁਰਾਤਨ ਮੰਦਿਰ ਨੂੰ ਲੰਕਾ ਦੇ ਰਾਜੇ ਦਾ ਬਨਾਇਆ ਦਸਿਆ ਜਾਂਦਾ ਹੈ। ਲੰਕਾ ਵਿਚ ਵੀ ਤ੍ਰਿੰਨਕੋਮਲੀ ਦਾ ਵਿਸ਼ੇਸ਼ ਸੁਆਮੀ ਮੰਦਿਰ ਦੱਖਣੀ ਭਾਰਤ ਦੇ ਇਕ ਰਾਜਾ ਨੇ ਬਣਵਾਇਆ ਸੀ । ਪੁਰਤਗਾਲੀਆਂ ਨੇ ਜਦੋਂ ਲੰਕਾ ਨੂੰ ਜਿੱਤਿਆ ਤਾਂ ਉਨ੍ਹਾਂ ਨੇ ਇਸ ਪੁਰਾਤਨ ਮੰਦਿਰ ਨੂੰ ਢਾਹ ਢੇਰੀ ਕਰ ਦਿੱਤਾ [੧]

ਲੰਕਾ ਦੇ ਇਤਿਹਾਸ ਵਿਚ ਬਹੁਤ ਮਿਸਾਲਾਂ ਮਿਲਦੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਉੱਤਰੀ ਭਾਰਤ ਤੋਂ ਸਮੇਂ-ਸਮੇਂ ਤੇ ਕਈ ਵਿਅਕਤੀਆਂ ਲੰਕਾ ਵਿਚ ਜਾਂਦੀਆਂ ਰਹੀਆਂ। ਰਾਜਾ ਸਿੰਘਾਂ ਦੇ ਸਮੇਂ (1581-92) ਵਿਚ ਅਰਤਕੇਬਿੰਦੂ ਪੀਰੂਮਲ ਬ੍ਰਾਹਮਨ ਦਾ ਕਥਨ ਆਉਂਦਾ ਹੈ, ਜਿਸਦੀ ਪ੍ਰੇਰਨਾ ਨਾਲ ਰਾਜਾ ਸਿੰਘਾ ਨੇ ਸਾਰੇ ਲੰਕਾ ਨੂੰ ਜਿੱਤ ਲਿਆ ਸੀ । ਇਸੇ ਤਰ੍ਹਾਂ ਹੀ ਸੋਲਵੀਂ ਸ਼ਤਾਬਦੀ ਵਿਚ ਇਕ ਬੋਧੀ ਭਿਕਸ਼ੂ ਦਾ ਹਾਲ "ਇੰਨਡੀਅਨ ਹਿਸਟੌਰੀਕਲ ਕੁਆਟਰਲੀ" ਵਿਚ ਲਿਖਿਆ ਮਿਲਦਾ ਹੈ । ਇਹ ਭਿਕਸ਼ੂ ਤਿੱਬਤ ਤੋਂ ਚਲਕੇ ਦੱਖਣੀ ਏਸ਼ੀਆ

੧. ਵੇਖੋ ਟੈਂਪਰੋਲ ਐਂਡ ਸਪੀਰਚੂਅਲ ਕਨਕੇਸਟ ਆਫ਼ ਸਿਲੋਨ ਕ੍ਰਿਤ ਪਾਦਰੀ ਫਰਨੋ ਡੀ. ਕੋਰੋਜ਼, ਕੋਲੰਬੂ 1930 ਕਾਂਡ 9, ਪੰਨਾ 66-67

ਦੇ ਬਹੁਤ ਸਾਰੇ ਮੁਲਕਾਂ ਵਿਚੋਂ ਦੀ ਹੁੰਦੀ ਹੋਇਆ ਲੰਕਾ ਪੁਜਾ । ਇਸ ਦਾ ਹਾਲ ਡਾ: ਜੀ. ਟੂਚੀ ਨੇ ਲਿਖਿਆ ਨੂੰ ਜੋ 'ਔਰਿਐਂਟਲ ਇੰਨਸਟੀਚੂਟ ਰੋਮ' ਦਾ ਡਾਇਰੈਕਟਰ ਸੀ।[੧]

ਸ੍ਰੀ ਗੁਰੂ ਨਾਨਕ ਦੇਵ ਜੀ ਜਾ ਰਾਮਸ਼ਵਰਮ ਜਾਣਾ ਸਿਧ ਹੁੰਦਾ ਹੈ, ਕਿਉਂਕਿ ਰਾਮੇਸ਼ਵਰਮ ਵਿਚ ਇਕ ਪੁਰਾਣਾ ਗੁਰਦੁਆਰਾ ਹੈ ਜਿਸ ਦਾ ਨਾ ਨਾਨਕ ਉਦਾਸੀ ਮੱਠ ਹਿ । ਸਾਰੀਆਂ ਜਨਮ ਸਾਖੀਆਂ ਵਿਚ ਤੇ ਵਿਸ਼ੇਸ਼ ਕਰਕੇ ਮਿਹਰਬਾਨ ਦੀ ਜਨਮਸਾਕੀ ਪੁਰਾਤਨ ਜਨਮ ਸਾਖੀ ਵਿਚ ਗੁਰੂ ਨਾਨਕ ਸਾਹਿਬ ਦਾ ਰਾਮੇਸ਼ਵਰਮ ਜਾਣਾ ਸਪਸ਼ਟ ਲਿਖਿਆ ਹੈ ਤੇ ਰਾਮੇਸ਼ਵਰਮ ਤੋਂ ਲੰਕਾ ਦੇਸ ਕੋਈ 16,17 ਮੀਲ ਰਹਿ ਜਾਂਦਾ ਹੈ । ਰਾਮੇਸ਼ਵਰਮ ਤੇ ਲੰਕਾ ਵਿਚਕਾਰ ਆਵਾਜਾਈ ਦੇ ਸਾਧਨ ਆਮ ਸਨ । ਇਸ ਤੋਂ ਇਲਾਵਾ ਭਾਰਤ ਦੇ ਲੋਕ ਨਾਗਪਟਨਮ ਤੋਂ ਵੀ ਲੰਕਾ ਪਹੁੰਚ ਜਾਂਦੇ ਹਨ । ਲੰਕਾ ਦੇ ਇਤਿਹਾਸ ਤੋਂ ਇਉਂ ਪਤਾ ਲਗਦਾ ਹੈ ਕਿ ਭਾਰਤ ਤੇ ਦੱਖਣੀ ਸਮੁੰਦਰੀ ਕੰਢਿਆਂ ਦੀਆਂ ਸਾਰੀਆਂ ਬੰਦਰਗਾਵਾਂ ਤੋਂ ਲੰਕਾ ਜਾਣ ਦੇ ਰਸਤੇ ਆਮ ਸਨ ਤੇ ਲੰਕਾ ਦੇ ਪੂਰਬੀ ਕੰਢੇ ਤੇ ਤ੍ਰਿਨਕੋਮਲੀ ਤੇ ਬੈਟੀਕੁਲਾ (ਮਟਿਆਕਮਲ) ਖਾੜੀ ਬੰਗਾਲ ਤੋਂ ਸਿਧੇ ਜਹਾਜ ਜਾਇਆ ਕਰਦੇ ਸਨ । ਇਸ ਤਰ੍ਹਾਂ ਇਹ ਗੱਲ ਸਿਧ ਹੁੰਦੀ ਹੈ ਕਿ ਗੁਰੂ ਨਾਨਕ ਸਾਹਿਬ ਦੇ ਵੇਲੇ ਭਾਰਤ ਤੇ ਲੰਕਾ ਵਿਚਕਾਰ ਆਵਾਜਾਈ ਦਾ ਤਾਣਾ ਤਣਿਆ ਰਹਿੰਦਾ ਸੀ। ਦੱਖਣੀ ਭਾਰਤ ਦੇ ਤਨਜੌਰ ਤ੍ਰਿਚਨਾਪਲੀ ਤੇ ਰਾਮੇਸ਼ਵਰਮ ਦੇ ਮੰਦਿਰ ਲੰਕਾ ਦੇ ਰਾਜਿਆਂ ਨਾਲ ਸਬੰਧਿਤ ਹਨ ਤੋਂ ਤ੍ਰਿੰਕੋਮਲੀ ਲੰਕਾ ਦਾ ਪ੍ਰਸਿੱਧ ਪੁਰਾਣਾ ਮੰਦਿਰ ਦੱਖਣੀ ਭਾਰਤ ਦੇ ਰਾਜਿਆਂ ਦੀ ਦੇਣ ਸੀ ।

ਹੁਣੇ ਛਪੀ ਪੁਸਤਕ ਐਨ ਆਊਟਲਾਇਨ ਹਿਸਟਰੀ ਐਂਡ ਪ੍ਰਿੰਸੀਪਲਜ਼ ਆਫ਼ ਹਿੰਦੂਜ਼ਮ ਜੋ ਕੋਲੰਬੂ ਵਿਚ 1964 ਵਿਚ ਪ੍ਰਕਾਸ਼ਿਤ ਹੋਈ ਹੈ ਦੇ ਕਰਤਾ ਡਾ. ਸੀ. ਸੇਵਾਰਤਨਮ ਨੇ ਲਿਖਿਆ ਹੈ: ਗੁਰੂ ਨਾਨਕ ਸਾਹਿਬ ਜਗਨ ਨਾਥ ਪੁਰੀ ਦੇ ਮੇਲੇ ਤੇ ਚਤੰਨਯਾ ਮਹਾਂ ਪ੍ਰਭੂ ਨੂੰ ਮਿਲ ਕੇ 1510 ਈ: ਵਿਚ ਲੰਕਾ ਦੇ ਜਫ਼ਨਾ ਭਾਗ ਵਿਚ ਪੁਜੇ ਤੇ ਹੋਰਨਾ ਥਾਵਾਂ ਤੇ ਵੀ ਗਏ ।"[੨]

ਇਨ੍ਹਾਂ ਸਤਰਾਂ ਦੇ ਲਿਖਾਰੀ ਨਾਲ ਗੱਲ ਬਾਤ ਕਰਦਿਆਂ ਹੋਇਆ ਡਾ: ਸੇਵਾਰਤਨਮ ਨੇ ਦਸਿਆ ਕਿ ਜਫ਼ਨਾ ਦੇ ਰਾਜਾ ਪ੍ਰਾਰਾਜਾ ਸੀਕਰਨ ਜਿਸਨੇ 1478 ਈ: ਤੋਂ 1519 ਤਕ ਰਾਜ ਕੀਤਾ ਰਾਮੇਸ਼ਵਰਮ ਦੇ ਰਾਜੇ ਦਾ ਰਿਸ਼ਤੇਦਾਰ ਸੀ ਤੇ ਇਸ ਰਾਜੇ ਨੇ ਹੀ ਤੰਜੌਰ ਜ਼ਿਲੇ ਵਿਚ ਕੁੰਭਵਾ ਕੋਨਮ ਦੇ ਅਸਥਾਨ ਦੇ ਇਕ ਮੰਦਿਰ ਬਣਵਾਇਆ । ਇਹ ਰਾਜਾ ਸ਼ਿਵ ਦਾ ਉਪਾਸਕ ਸੀ ਤੇ ਡਾਕਟਰ ਸੇਵਾਰਤਨਮ ਦਾ ਵਿਚਾਰ ਹੈ ਕਿ ਇਸ ਰਾਜੇ ਨੇ ਹੀ ਰਾਮੇਸ਼ਵਰਮ ਤੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਲੰਕਾ ਜਾਣ ਲਈ ਪ੍ਰੇਰਿਆ ਲਿਆ ਹੋਵੇਗਾ । ਹੋ ਸਕਦਾ ਹੈ ਇਹ ਗੱਲ ਠੀਕ ਹੋਵੇ । ਜੇਕਰ ਇਸ ਤਰ੍ਹਾਂ ਨਾ ਵੀ ਹੋਵੇ ਤਾਂ ਵੀ ਗੁਰੂ ਨਾਨਕ ਸਾਹਿਬ ਦਾ ਲੰਕਾ ਜਾਣਾ ਠੀਕ ਜਾਪਦਾ ਹੈ । ਇਸ ਤਰ੍ਹਾਂ ਡਬਲਿਯੂ ਐਚ. ਮੈਕਲੋਡ ਦਾ ਕਹਿਣਾ ਕਿ ਗੁਰੂ ਨਾਨਕ ਸਾਹਿਬ ਲੰਕਾ ਨਹੀਂ ਗਏ ਗ਼ਲਤ ਹੈ ।

੧. ਦੀ ਸੀ ਐਂਡ ਲੈਂਡ ਟਰਾਵਲ ਆਫ਼ ਏ ਬੁਧੀਸ਼ਟ ਸਾਧੂ 16ਵੀਂ ਸਦੀ ਵਿਚ, ਇੰਡੀਅਨ ਹਿਸਟੌਰੀਕਲ ਕੁਆਟਰਲੀ, ਜਿਲਦ 7, 1931, ਪੰਨਾ 683-702
2. ਐਨ ਆਊਟ ਲਾਇਨ ਆਫ਼ ਦੀ ਕਲਚਰਲ ਹਿਸਟਰੀ ਐਂਟ ਪ੍ਰਿੰਸੀਪਲਜ਼ ਆਫ਼ ਹਿੰਦੂਜ਼ਮ, ਡਾ: ਸੇਵਾਰਤਨਮ, ਪੰਨਾ 118-119

ਗੁਰੂ ਨਾਨਕ ਸਾਹਿਬ ਦੀ ਮੁਲਤਾਨ ਫੇਰੀ

ਮੁਲਤਾਨ ਪੰਜਾਬ ਦੇ ਬਹੁਤ ਪੁਰਾਣੇ ਨਗਰਾਂ ਵਿਚੋਂ ਹੈ । ਅਲਗਜ਼ਾਂਡਰ ਕਨਿੰਘਮ ਦੇ ਸਥਨ ਅਨੁਸਾਰ ਸਿਕੰਦਰ ਆਜ਼ਮ ਦੇ ਸਮੇਂ ਮਲੀ ਕੌਮ ਦੀ ਰਾਜਧਾਨੀ ਮੁਲਤਾਨ ਹੀ ਸੀ । ਹਿਊਨ ਸਾਂਗ ਨੇ ਵੀ ਮੁਲਤਾਨ ਦਾ ਕਥਨ ਕੀਤਾ ਹੈ । ਗੁਰੂ ਨਾਨਕ ਸਾਹਿਬ ਦੇ ਸਮੇਂ ਮੁਲਤਾਨ ਆਲੇ-ਦੁਆਲੇ ਦੇ ਇਲਾਕੇ ਦੀ ਰਾਜਧਾਨੀ ਸੀ । ਅਠਾਰਵੀਂ ਸਦੀ ਵਿਚ ਬਹਾਵਲਪੁਰ ਰਿਆਸਤ ਸਥਾਪਤ ਹੋਣ ਤੋਂ ਪਹਿਲਾਂ, ਰਿਆਸਤ ਬਹਾਵਲਪੁਰ ਦਾ ਇਲਾਕਾ ਅਤੇ ਬੀਕਾਨੇਰ ਦੇ ਮਾਰੂਥਲਾਂ ਤਕ ਦਾ ਸਾਰਾ ਇਲਾਕਾ ਮੁਲਤਾਨ ਨਾਲ ਹੀ ਸਬੰਧਤ ਸੀ । ਪ੍ਰਾਚੀਨ ਕਾਲ ਵਿਚ ਹਰਨਾਖਸ਼ ਤੇ ਪ੍ਰਹਲਾਦ ਦੀ ਵਾਰਤਾ ਇਸੇ ਨਗਰ ਵਿਚ ਹੋਈ ਦੱਸੀ ਜਾਂਦੀ ਹੈ । ਮੁਸਲਮਾਨਾਂ ਦੇ ਹਿੰਦ ਵਿਚ ਆਉਣ ਤੋਂ ਪਿੱਛੋਂ ਮੁਲਤਾਨ ਇਸਲਾਮ ਦਾ ਇਕ ਵੱਡਾ ਕੇਂਦਰ ਰਿਹਾ ਹੈ । ਸ਼ਮਸਤਬਰੇਜ਼ ਦਾ ਮਜ਼ਾਰ ਅੱਜਕੱਲ ਨਗਰ ਦੇ ਦੱਖਣ ਵੱਚ ਹੈ । ਸ਼ਮਸਤਬਰੇਜ਼ ਜਿਸ ਦਾ ਅਸਲ ਨਾਂ ਸ਼ਮਸਉਦੀਨ ਸੀ ਅਫ਼ਗਾਨਿਸਤਾਨ ਦੇ ਸਬਜ਼ਾਵਰ ਸਥਾਨ ਤੋਂ ਸਤਾਰਵੀਂ ਸਦੀ ਵਿਚ ਆ ਕੇ ਇਥੇ ਅਬਾਦ ਹੋਏ । ਸ਼ੇਖ ਬਹਾਉਦ-ਦੀਨ ਜ਼ਕਰੀਆ ਬਾਰ੍ਹਵੀਂ ਸਦੀ ਈਸਵੀ ਵਿਚ ਇਥੇ ਆ ਕੇ ਆਬਾਦ ਹੋਏ । ਇਸੇ ਤਰ੍ਹਾਂ ਇਨ੍ਹਾਂ ਦੋਹਾਂ ਫ਼ਕੀਰਾਂ ਦੇ ਮਜ਼ਾਰਾਂ ਤੇ ਦੂਰ ਦੂਰ ਤੋਂ ਲੋਕ ਆ ਕੇ ਜ਼ਿਆਰਤ ਕਰਦੇ ਸਨ । ਇਨ੍ਹਾਂ ਦੋਹਾਂ ਮਜ਼ਾਰਾਂ ਕਰਕੇ ਮੁਲਤਾਨ ਫ਼ਕੀਰਾਂ ਦਾ ਇਕ ਵੱਡਾ ਅੱਡਾ ਬਣ ਗਿਆ ਸੀ ਅਤੇ ਗੁਰੂ ਨਾਨਕ ਸਾਹਿਬ ਸਮੇਂ ਮੁਲਤਾਨ ਵਿਚ ਵੱਖ-ਵੱਖ ਸੰਪਰਦਾਵਾਂ ਦੇ ਕਈ ਫਕੀਰ ਰਹਿੰਦੇ ਸਨ ।

ਸੱਯਦ ਜਲਾਲ ਬੁਖਾਰੀ (ਦਿਹਾਂਤ 1291 ਈਸਵੀ) ਜੋ ਬੁਖਾਰੀ ਘਰਾਣੇ ਵਿਚੋਂ ਸਭ ਤੋਂ ਪਹਿਲਾਂ ਉੱਚ ਸਥਾਨ ਮੌਜੂਦਾ ਰਿਆਸਤ ਬਹਾਵਲਪੁਰ ਤੇ ਆ ਕੇ ਆਬਾਦ ਹੋਏ ਤੇ ਕਰਨੀ ਵਾਲੇ ਫ਼ਕੀਰ ਮੰਨੇ ਗਏ, ਸ਼ੇਖ ਬਹਾਉਦੀਨ ਜ਼ਕਰੀਆ ਕੁਰੈਸ਼ੀ (ਦਿਹਾਂਤ 1266 ਈਸਵੀ) ਦੇ ਮੁਰੀਦ ਸਨ । ਬਹਾਉਦੀਨ ਜ਼ਕਰੀਆ ਬਾਬਾ ਫ਼ਰੀਦ ਸ਼ਕਰਗੰਜ (ਦਿਹਾਂਤ 1269 ਈਸਵੀ) ਦੇ ਬੜੇ ਗੂੜੇ ਮਿੱਤਰ ਸਨ । ਇਸ ਤਰ੍ਹਾਂ ਮੁਲਤਾਨ ਵਿਚ ਬਹਾਉਦੀਨ ਜ਼ਕਰੀਆ ਦੀ ਔਲਾਦ, ਪਾਕਪਟਨ ਵਿਚ ਬਾਬਾ ਫ਼ਰੀਦ ਗੰਜ-ਇ-ਸ਼ਕਰ ਦੇ ਗਦੀ-ਨਸ਼ੀਨ ਅਤੇ ਉੱਚ ਦੇ ਜਜਾਲ ਬੁਖਾਰੀ ਦੇ ਖਾਨਦਾਨ ਵਿਚ ਪੁਰਾਣੇ ਸਮਿਆਂ ਤੋਂ ਮੇਲ ਮਿਲਾਪ ਚਲਿਆ ਆਉਂਦਾ ਸੀ । ਇਨ੍ਹਾਂ ਤਿੰਨਾਂ ਸ਼ਾਖਾਂ ਵਿਚੋਂ ਕਈ ਬਹੁਤ ਕਰਨੀ ਵਾਲੇ ਫ਼ਕੀਰ ਹੋਏ ਹਨ ।

ਪਾਕਪਟਨ ਵਿਚ ਬਾਬਾ ਸ਼ੇਖ ਫ਼ਰੀਦ ਦਾ ਮਜ਼ਾਰ ਉੱਚ ਵਿੱਚ 'ਸੱਯਦ ਜਲਾਲ' ਬੁਖਾਰੀ ਤੇ ਉਸ ਦੇ ਪੋਤੇ ਮਖਦੂਮ-ਇ-ਜਹਾਨੀਆਂ ਦਾ ਮਜ਼ਾਰ ਤੇ ਮੁਲਤਾਨ ਵਿਚ ਸ਼ੇਖ ਬਹਾਉਦੀਨ ਜ਼ਕਰੀਆ ਦਾ ਮਜ਼ਾਰ ਸਥਾਨਕ ਮੁਸਲਮਾਨਾਂ ਲਈ ਪਵਿੱਤਰ ਸਥਾਨ ਸਮਝੇ ਜਾਂਦੇ ਸਨ । ਇਨ੍ਹਾਂ ਮਜ਼ਾਰਾਂ ਦਾ ਹਰ ਇਕ ਥਾਂ ਤੇ ਇਕ ਮਾਲਕ ਜਾਂ ਗੱਦੀ-ਨਸ਼ੀਨ ਹੁੰਦਾ ਸੀ ਜੋ ਆਮ ਕਰਕੇ ਉਸ

ਸ਼ਾਖ ਦੇ ਬਾਨੀ ਦੀ ਔਲਾਦ ਵਿਚੋਂ ਹੁੰਦਾ ਸੀ ਤੇ ਉਸ ਨੂੰ ਮਖ਼ਦੂਮ ਕਹਿੰਦੇ ਸਨ ਤੇ ਉਸ ਨਾਲ ਹੋਰ ਜੋ ਸੇਵਾਦਾਰ ਹੁੰਦੇ ਸਨ ਉਨ੍ਹਾਂ ਨੂੰ ਖਾਦਮ । ਇਨ੍ਹਾਂ ਤਿੰਨਾਂ ਸ਼ਾਖਾਂ ਤੇ ਹਰ ਸਮੇਂ ਵੱਖ-ਵੱਖ ਮਖਦੂਮ ਹੁੰਦੇ ਸਨ । ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਬਹਾਉਦੀਨ ਜ਼ਕਰੀਆ ਦੇ ਮਜ਼ਾਰ ਤੇ ਉਸਦੀ ਔਲਾਦ ਵਿਚੋਂ ਬਹਾਉਦਦੀਨ ਸੀ । ਸ਼ੇਖ ਬਹਾਉਦਦੀਨ ਮਖਦੂਮ ਸ਼ੇਖ਼ ਯੂਸਫ ਦਾ ਪੋਤਾ ਸੀ ।

ਮੁਲਤਾਨ ਦੇ ਇਸ ਕੁਰੇਸ਼ੀ ਘਰਾਣੇ ਵਿਚੋਂ 'ਆਈਨ-ਇ-ਅਕਬਰੀ' ਅਨੁਸਾਰ ਕੇਵਲ ਸ਼ੇਖ ਯੂਸਫ ਨੇ ਹੀ ਮੁਲਤਾਨ ਤੇ ਸਤਾਰਾਂ ਸਾਲ ਰਾਜ ਕੀਤਾ ਹੈ । ਇਸ ਦਾ ਦਿਹਾਂਤ ਬਹਿਲੋਲ ਲੋਧੀ ਦੇ ਰਾਜ ਦੇ ਅਰੰਭ ਵਿਚ ਹੋਇਆ । ਸ਼ੇਖ ਬਹਾਉਦਦੀਨ ਗੁਰੂ ਨਾਨਕ ਸਾਹਿਬ ਦਾ ਸਮਕਾਲੀ ਸੀ ਤੇ ਇਸ ਨੂੰ ਜਨਮ ਸਾਖੀਆਂ ਵਿਚ ਮਖਦੂਮ ਬਹਾਵਦੀ ਕਰਕੇ ਲਿਖਿਆ ਹੈ ।

ਜਦੋਂ ਗੁਰੂ ਨਾਨਕ ਸਾਹਿਬ ਸ਼ੇਖ ਬਹਾ-ਉਦ-ਦੀਨ ਜ਼ਕਰੀਆਂ ਦੀ ਦਰਗਾਹ ਤੇ ਗਏ ਤਾਂ ਉਸ ਵੇਲੇ ਉਸ ਸਮੇਂ ਦਾ ਮਖ਼ਦੂਮ ਸ਼ੇਖ ਬਹਾ-ਉਦ-ਦੀਨ ਨਮਾਜ਼ ਪੜ੍ਹਨ ਚਲਿਆ ਸੀ ਤੇ ਉਸ ਨੇ ਸੇਵਕਾਂ ਹੱਥ ਸੁਨੇਹਾ ਭੇਜਿਆ ਕਿ ਮੈਂ ਨਮਾਜ਼ ਪੜ੍ਹਕੇ ਆਵਾਂਗਾ ਤੇ ਗੁਰੂ ਜੀ ਥੋੜਾ ਚਿਰ ਮੈਨੂੰ ਉਡੀਕਣ ਤੇ ਮਿਲਣ ਤੋਂ ਬਗੈਰ ਨਾ ਜਾਣ । ਜਦੋਂ ਖਾਦਮ ਗੁਰੂ ਜੀ ਕੋਲ ਆਏ, ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਅਸੀਂ ਮਿਲ ਕੇ ਹੀ ਜਾਵਾਂਗੇ । ਇਹ ਸੁਣ ਕੇ ਖਾਦਮ ਬਹੁਤ ਪ੍ਰਸੰਨ ਹੋਏ ਤੇ ਕਿਹਾ ਕਿ ਗੁਰੂ ਜੀ ਨੇ ਸਾਡੇ ਦਿਲ ਦੀ ਗੱਲ ਬੁੱਝੀ ਹੈ । ਥੋੜੇ ਸਮੇਂ ਪਿੱਛੋਂ ਮਖਦੂਮ ਸਾਹਿਬ ਨਮਾਜ਼ ਪੜ੍ਹਕੇ ਆਏ । ਗੁਰੂ ਨਾਨਕ ਸਾਹਿਬ ਉਠ ਕੇ ਮਿਲੇ ਤੇ ਫੇਰ ਹੱਥ ਮਿਲਾ ਕੇ ਬੈਠ ਗਏ। ਫੇਰ ਮਖ਼ਦੂਮ ਨੇ ਪੁੱਛਿਆ ਜੀ ਭਲੇ ਹੋ ? ਤਾਂ ਗੁਰੂ ਨਾਨਕ ਸਾਹਿਬ ਨੇ ਉੱਤਰ ਦਿੱਤਾ, ਰੱਬ ਦੇ ਬੰਦਿਆਂ ਨੂੰ ਮਿਲਕੇ ਭਲੇ ਹਾਂ । ਤਾਂ ਫੇਰ ਮਖ਼ਦੂਮ ਨੇ ਕਿਹਾ ਸਾਨੂੰ ਪਤਾ ਹੈ ਕਿ ਹਿੰਦੂ ਤੇ ਮੁਸਲਮਾਨਾਂ ਨੂੰ ਇਕੋ ਨਜ਼ਰ ਨਾਲ ਵੇਖਦੇ ਹੋ, ਪਰ ਇਹ ਦੱਸੋ ਕਿ ਰੱਬ ਦੋਹਾਂ ਵਿਚ ਹੈ ਕਿ ਨਹੀਂ । ਤਾਂ ਬਾਬਾ ਜੀ ਨੇ ਕਿਹਾ ਰੱਬ ਸਭ ਥਾਂ ਤੇ ਹੈ ਤੇ ਸਾਡੇ ਸਾਰਿਆਂ ਵਿਚ ਹੈ ਤੇ ਸਾਡੇ ਵਿਚ ਬੈਠਾ ਸੰਸਾਰ ਦਾ ਰਸ ਮਾਣਦਾ ਹੈ ਤੇ ਦੁਖ-ਸੁਖ ਭੋਗਦਾ ਹੈ । ਗੁਰੂ ਜੀ ਨੇ ਸ਼ਬਦ ਬੋਲਿਆ :-

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥
ਆਪੇ ਹੋਵੈ ਚੋਲੜਾ ਆਪ ਸੇਜ ਭਤਾਰੁ ॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ।੧ ।ਰਹਾਉ।
ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥
ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ।੨॥
ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥
ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥
ਪ੍ਰਣਵੈ ਨਾਨਕ ਬੇਨਤੀ ਤੂ ਸਰਵਰੁ ਤੂ ਹੰਸੁ ॥
ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥੪॥੨੫। ਸਿਰੀ ਰਾਗ ਮਹਲਾ ੧)

ਇਹ ਸੁਣ ਕੇ ਬਹਾਉਦੀਨ ਮਖ਼ਦੂਮ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ । ਕੁਝ ਸਮਾਂ ਗੁਰੂ ਨਾਨਕ ਸਾਹਿਬ ਭਾਈ ਮਰਦਾਨਾ ਮੁਲਤਾਨ ਰਹਿ ਕੇ ਉੱਚ ਟੁਰ ਪਏ । ਉੱਚ ਇਕ ਬਹੁਤ ਪੁਰਾਣਾ ਨਗਰ ਹੈ । ਅਲਗਜ਼ਾਂਡਰ ਕਨਿੰਘਮ ਦੇ ਕਥਨ ਅਨੁਸਾਰ ਇਸ ਨਗਰ ਵਾਲੀ ਥਾਂ ਤੇ ਸਿਕੰਦਰ-ਇ-ਆਜ਼ਮ ਨੇ ਇਕ ਪਿੰਡ ਵਸਾਇਆ ਸੀ ! ਮਹਿਮੂਦ ਗਜ਼ਨਵੀ ਦੇ ਸਮੇਂ ਉਸ ਵਿਚ ਮੁਸਲਮਾਨਾਂ ਦਾ ਰਾਜ ਸਥਾਪਤ ਹੋਇਆ । ਇਸ ਤੋਂ ਪਹਿਲਾਂ ਇਸ ਦਾ ਨਾਂ ਦਿਓਗੜ੍ਹ ਸੀ । ਇਹ ਇਸਲਾਮ ਦਾ ਵੱਡਾ ਕੇਂਦਰ ਮੰਨਿਆ ਜਾਂਦਾ ਸੀ ਤੇ ਇਥੇ ਦੇ ਮੁਸਲਮਾਨਾਂ ਦੇ ਪ੍ਰਸਿੱਧ ਸੂਫ਼ੀ ਫ਼ਕੀਰ ਜਲਾਲਉਦੀਨ ਬੁਖਾਰੀ ਨੇ ਤੇਰਵੀਂ ਸਦੀ ਵਿਚ ਆ ਕੇ ਡੇਰਾ ਲਾਇਆ ਸੀ । ਉੱਚ ਦਾ ਨਗਰ ਉਸ ਦੇ ਨਾਂ ਕਰਕੇ ਬਹੁਤ ਪ੍ਰਸਿੱਧ ਹੋਇਆ । 'ਆਈਨ-ਇ-ਅਕਬਰੀ' ਵਿਚ ਵੀ ਉੱਚ ਨੂੰ ਮੁਲਤਾਨ ਦੇ ਸੂਬੇ ਦਾ ਪ੍ਰਸਿੱਧ ਨਗਰ ਦਸਿਆ ਹੈ । ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਜਲਾਲਉਦੀਨ ਬੁਖਾਰੀ ਦੀ ਔਲਾਦ ਉੱਚ ਵਿਚ ਵਸਦੀ ਸੀ । ਜਲਾਲਉਦੀਨ ਬੁਖਾਰੀ ਦੇ ਵਡੇ ਪੁੱਤਰ ਸਯਦ ਮੁਹੰਮਦ ਦਾ ਪੁੱਤਰ ਜਲਾਲਉਦੀਨ ਮਖ਼ਦੂਮ ਕਰਨੀ ਵਾਲਾ ਹੋਇਆ ਹੈ । ਇਸਦਾ ਦਿਹਾਂਤ ੧੩੮੩ ਈਸਵੀ ਵਿਚ ਹੋਇਆ । ਅੱਜ-ਕੱਲ ਆਮ ਤੌਰ ਤੇ ਵਡਾ ਪੁੱਤਰ ਮਖ਼ਦੂਮ ਬਣਦਾ ਹੈ ਪਰ ਮਖ਼ਦੂਮ=ਇ-ਜਹਾਨੀਆਂ ਦੀ ਮੌਤ ਪਿਛੋਂ ਉਸਦਾ ਛੋਟਾ ਭਰਾ ਗੱਦੀ ਤੇ ਬੈਠਾ। ਗੁਰੂ ਨਾਨਕ ਸਾਹਿਬ ਦੇ ਸਮੇਂ ਜੋ ਮਖ਼ਦੂਮ ਸੀ ਉਹ ਇਸ ਦੀ ਔਲਾਦ ਵਿਚੋਂ ਸੀ ਤੇ ਉਸ ਦਾ ਨਾਂ ਸ਼ੇਖ ਹਾਜੀ ਅਬਦੁਲ ਸਾਹਿਬ ਬੁਖਾਰੀ ਸੀ । ਇਸ ਦਾ ਹਾਲ 'ਆਈਨ-ਇ-ਅਕਬਰੀ' ਵਿਚ ਦਿੱਤਾ ਹੈ ਤੇ ਇਸਦਾ ਦਿਹਾਂਤ ੧੫੨੫–੨੬ ਈਸਵੀ ਵਿਚ ਹੋਇਆ ।

ਜਦੋਂ ਗੁਰੂ ਨਾਨਕ ਸਾਹਿਬ ਉੱਚ ਗਏ ਤਾਂ ਉਹ ਮਖ਼ਦੂਮ ਸਾਹਿਬ ਕੋਲ ਠਹਿਰੇ । ਮਖ਼ਦੂਮ ਸਾਹਿਬ ਹੱਜ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ । ਕੁਝ ਸਮੇਂ ਪਿਛੋਂ ਮੁਲਤਾਨ ਦੇ ਮਖ਼ਦੂਮ ਬਹਾਉਦ-ਦੀਨ ਵੀ ਉੱਚ ਪੁਜ ਗਏ ਤੇ ਇਹ ਸਾਰੇ ਹੱਜ ਨੂੰ ਟੁਰ ਪਏ । ਗੁਰੂ ਜੀ ਵੀ ਕੁਝ ਸਮਾਂ ਉਚ ਠਹਿਰ ਕੇ ਮਖ਼ਦੂਮ ਸਾਹਿਬ ਨਾਲ ਹੀ ਮੱਕੇ ਨੂੰ ਟੁਰ ਪਏ ।

ਉਚ ਵਿਚ ਪਈ ਬੇੜੀ ਨਾਲ ਰਵਾਇਤ ਪ੍ਰਸਿੱਧ ਹੈ ਕਿ ਉਹ ਦੇ ਮਖ਼ਦੂਮ ਮੁਲਤਾਨ ਦੇ ਮਖ਼ਦੂਮ, ਗੁਰੂ ਨਾਨਕ ਸਾਹਿਤ ਤੇ ਇਕ ਮਸਤ ਕਲੰਦਰ (ਜੋ ਭਾਈ ਮਰਦਾਨਾ ਹੈ) ਇਕੋ ਬੇੜੀ ਵਿਚ ਬੈਠ ਕੇ ਪੰਚਨਦ ਤਕ ਗਏ । ਗੁਰੂ ਨਾਨਕ ਸਾਹਿਬ ਇਸੇ ਰਸਤੇ ਸਮੁੰਦਰੀ ਰਾਹ ਦੁਆਰਾ ਲਖਪਤ (ਜਿਲਾ ਕੱਛ) ਹੁੰਦੇ ਹੋਏ ਮਕੇ ਗਏ । ਵਿਸਥਾਰ ਲਈ ਵੇਖੋ ਮੇਰੀ ਪੁਸਤਕ 'ਜਨਮ-ਸਾਖੀ ਪਰੰਪਰਾ', ਪੰਨਾ ੧੧੯ ਤੋਂ ੧੨੮ ਪਹਿਲੀ ਅਡੀਸ਼ਨ ।

ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ

ਜੇਕਰ ਸਿੱਖੀ ਜੀਵਨ ਦਾ ਆਦਰਸ਼ ਸਤਿਗੁਰਾਂ ਦੀ ਨਿਰੰਤਰ ਸੇਵਾ ਕਰਨਾ ਅਤੇ ਆਪਣੇ ਇਸ਼ਟ ਲਈ ਜੀਵਨ ਕੁਰਬਾਨ ਕਰਨਾ ਹੈ ਤਾਂ ਭਾਈ ਮਤੀ ਦਾਸ ਅਤੇ ਸਤੀ ਦਾਸ ਗੁਰੂ ਤੇਗ ਬਹਾਦਰ ਜੀ ਦੇ ਪੂਰਨ ਸਿੱਖ ਸਨ । ਜਿਨ੍ਹਾਂ ਨੇ ਸਿੱਖੀ ਸਿਦਕ ਆਖ਼ਰੀ ਦਮ ਤਕ ਨਿਭਾਇਆ ਅਤੇ ''ਜੀਵਤ ਸਾਹਿਬ ਸੇਵਿਓ ਆਪਣਾ' ਦੇ ਗੁਰ ਵਾਕ ਤੇ ਅਮਲ ਕਰਦੇ ਹੋਏ ਆਪਣਾ ਸਾਰਾ ਜੀਵਨ ਗੁਰੂ ਸਾਹਿਬ ਦੀ ਸੇਵਾ ਵਿਚ ਅਰਪਤ ਕਰ ਦਿੱਤਾ ਤੇ ''ਮੁਰਦਾ ਹੋਏ ਮੁਰੀਦ'' ਬਣਕੇ ਉਮਰ ਗੁਜ਼ਾਰੀ ਤੇ ਅਖ਼ੀਰ ਵਿਚ ਵੀ ਗੁਰੂ ਹਿਤ ਹੀ ਸ਼ਹੀਦੀ ਪ੍ਰਾਪਤ ਕੀਤੀ ।

ਭਾਈ ਮਤੀ ਦਾਸ ਅਤੇ ਸਤੀ ਦਾਸ ਦੋਵੇਂ ਭਰਾ ਸਨ । ਦੋਵੇਂ ਦੀਵਾਨ ਦਰਘਾਹ ਮਲ ਦੇ ਭਤੀਜੇ ਸਨ । ਦੀਵਾਨ ਦਰਘਾਹ ਮਲ ਅਠਵੇਂ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਦੀਵਾਨ ਸਨ ਅਤੇ ਸਦਾ ਉਨ੍ਹਾਂ ਦੀ ਸੇਵਾ ਕਰਦੇ ਰਹਿੰਦੇ ਸਨ । ਜਦੋਂ ਗੁਰੂ ਹਰ ਕ੍ਰਿਸ਼ਨ ਸਾਹਿਬ ਦਿੱਲੀ ਗਏ ਤਾਂ ਦੀਵਾਨ ਦਰਘਾਹ ਮਲ ਵੀ ਨਾਲ ਹੀ ਗਏ ਸਨ । ਗੁਰੂ ਸਾਹਿਬ ਨੇ ਜੋਤੀ ਜੋਤ ਸਮਾਉਣ ਤੋ ਪਹਿਲਾਂ ਦਰਘਾਹ ਮਲ ਦੇ ਰਾਹੀਂ ਹੀ ਗੁਰੂ ਸਾਹਿਬ ਨੇ ਬਾਬਾ ਬਕਾਲਾ ਜਾਣ ਦਾ ਸੰਦੇਸ ਦਿੱਤਾ ਸੀ । ਇਹ ਸੰਗਤਾਂ ਦੀ ਅਗਵਾਈ ਕਰਕੇ ਬਾਬੇ ਬਕਾਲੇ ਲਿਆਏ ਸਨ ਤੇ ਗੁਰੂ ਤੇਗ ਬਹਾਦਰ ਜੀ ਚਰਨੀਂ ਲਾਇਆ ਸੀ । ਇਥੇ ਬਾਈ ਮੰਜੀਆਂ ਦਾ ਰੌਲਾ ਸੀ । ਸਾਰੇ ਸੋਢੀ ਸਿੱਖਾਂ ਨੂੰ ਭੁਲੇਖਾ ਦੇਂਦੇ ਸਨ ਤੇ ਦਰਘਾਹ ਮੱਲ ਬਹੁਤ ਬਿਰਧ ਹੋਣ ਕਰਕੇ ਉਨ੍ਹਾਂ ਦਾ ਟਾਕਰਾ ਨਹੀਂ ਕਰ ਸਕਦਾ ਸੀ । ਅਖ਼ੀਰ ਮੱਖਣ ਸ਼ਾਹ ਲੁਬਾਨੇ ਦੀ ਸਹਾਇਤਾ ਨਾਲ ਨੌਵੇਂ ਗੁਰੂ ਤੇਗ ਬਹਾਦਰ ਜੀ ਨੂੰ ਉਜਾਗਰ ਕਰਨ ਵਿਚ ਸਫਲ ਹੋਏ ।

ਭੱਟ ਵਹੀ ਮੁਲਤਾਨੀ ਸਿੰਧੀ ਅਨੁਸਾਰ ਪਰਾਗ ਦਾਸ ਛਿਬੜ ਬ੍ਰਾਹਮਣ ਦੇ ਦੋ ਪੁਤ੍ਰ-ਦਵਾਰਕਾ ਦਾਸ ਤੇ ਦਰਘਾਹ ਮਲ ਸਨ । ਇਸ ਤਰ੍ਹਾਂ ਮਤੀ ਦਾਸ ਅਤੇ ਸਤੀ ਦਾਸ ਦਰਘਾਹ ਮਲ ਦੇ ਭਤੀਜੇ ਸਨ ਤੇ ਦਰਘਾਹ ਮਲ ਦੇ ਭਰਾ ਦੁਆਰਕਾ ਦਾਸ ਦੇ ਸਪੁੱਤਰ ਸਨ ਤੇ ਇਨ੍ਹਾਂ ਨੂੰ ਸਿੱਖੀ ਦੀ ਜਾਗ ਆਪਣੇ ਚਾਚੇ ਤੋਂ ਲੱਗੀ ਸੀ, ਤੇ ਇਨ੍ਹਾਂ ਆਪਣੇ ਚਾਚੇ ਤੋਂ ਸਿੱਖੀ ਸਿਦਕ ਦੀ ਸਿੱਖਿਆ ਪ੍ਰਾਪਤ ਕੀਤੀ ਸੀ ।

ਗੁਰੂ ਤੇਗ ਬਹਾਦਰ ਜੀ ਨੇ ਗੁਰਿਆਈ ਪ੍ਰਾਪਤ ਕਰਨ ਪਿਛੋਂ ਦੀਵਾਨ ਦਰਘਾਹ ਮੱਲ ਤੇ ਪ੍ਰਸੰਨ ਹੋਕੇ ਉਸਨੂੰ ਸਿਰੋਪਾਓ ਦਿੱਤਾ ਅਤੇ ਆਪਣੇ ਦਰਬਾਰ ਦਾ ਦੀਵਾਨ ਨਿਯੁਕਤ ਕੀਤਾ । ਪਰ ਬਿਰਧ ਹੋਣ ਕਰਕੇ ਉਸਨੇ ਇਹ ਕੰਮ ਆਪਣੇ ਭਤੀਜਿਆਂ ਨੂੰ ਸੌਂਪਿਆ, ਕਿਉਂਕਿ ਉਸਦਾ ਆਪਣਾ ਪੁੱਤਰ ਧਰਮ ਚੰਦ ਦੀਵਾਨੀ ਦਾ ਕੰਮ ਸੰਭਾਲਣ ਦੇ ਯੋਗ ਨਹੀਂ ਸੀ। ਸੋ ਭਾਈ ਮਤੀ ਦਾਸ ਅਤੇ ਸਤੀ ਦਾਸ ਗੁਰੂ ਸਾਹਿਬ ਦੇ ਦੀਵਾਨ ਨਿਯੁਕਤ ਹੋਏ । ਧਰਮ ਚੰਦ ਦਾ ਇਕ ਸੰਬੰਧੀ ਕੇਸਰ ਸਿੰਘ ਛਿਬਰ ਲਿਖਦਾ ਹੈ :

ਦੀਵਾਨ ਦਰਘਾਹ ਮੱਲ ਬ੍ਰਹਮਣ ਛਿਬਰ ।
ਸੋ ਚਰਨੀ ਆਇ ਲਗਾ ਤਜਿ ਮਨ ਦਾ ਕਿਬਰ ।
ਸਿਰੋਪਾਇ ਦੀਵਾਨੀ ਦਾ ਗੁਰੂ ਤੇਗ ਬਹਾਦਰ ਤਿਸਨੂੰ ਦਿੱਤਾ ।

ਤਿਸ ਦਾ ਸਰੀਰ ਹੈ ਸੀ ਵੱਡਾ ਉਸਨੇ ਕੰਮ ਵਿਚ ਦੋਨੋ ਭਤੀਜੇ ਖੜੇ ਕੀਤਾ ।
ਸਤੀ ਦਾਸ ਮਤੀ ਦਾਸ ਇਹ ਦੋਨੋ ਭਾਈ,
ਗੁਰੂ ਦੇ ਘਰਿ ਦੀ ਕੰਮ ਵਹਿਲ ਏਨਾ ਸਭ ਉਠਾਈ ।
ਦੁਰਘਾ ਮੱਲ ਦਾ ਬੇਟਾ ਧਰਮ ਚੰਦੁ ਕਹਾਈ ।
ਸੋ ਆਹ ਨਿਕਟਾ ਕੰਮ ਗੁਰੂ ਕਾ ਭਾਈ ਉਠਾਇਆ ਨਹੀਂ ਜਾਈ ।

ਭਾਈ ਕਾਹਨ ਸਿੰਘ ਦੇ ਕਥਨ ਅਨੁਸਾਰ ਭਾਈ ਮਤੀ ਦਾਸ ਦਾ ਇਕ ਭਤੀਜਾ ਧਰਮ ਚੰਦ ਦਾ ਪੁੱਤਰ ਭਾਈ ਗੁਰਬਖ਼ਸ਼ ਸਿੰਘ ਹੋਇਆ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਸਿੱਖ ਸੀ ।

ਗੁਰੂ ਤੇਗ ਬਹਾਦਰ ਜੀ ਦੇ ਗੁਰਿਆਈ ਦੇ ਸਮੇਂ ਤੋਂ ਲੈਕੇ ਅਖ਼ੀਰ ਸ਼ਹੀਦੀ ਤਕ ਮਤੀ ਦਾਸ ਅਤੇ ਸਤੀ ਦਾਸ ਗੁਰੂ ਮਹਾਰਾਜ ਦੀ ਸੇਵਾ ਵਿਚ ਜੁਟੇ ਰਹੇ । ਜਦੋਂ ਗੁਰੂ ਸਾਹਿਬ ਬਾਬਾ ਬਕਾਲਾ ਤੋਂ ਅੰਮ੍ਰਿਤਸਰ ਤੇ ਫੇਰ ਅੰਮ੍ਰਿਤਸਰ ਤੋਂ ਕੀਰਤਪੁਰ ਆਏ ਤਾਂ ਉਸ ਵੇਲੇ ਵੀ ਇਹ ਦੋਵੇਂ ਭਰਾ ਗੁਰੂ ਜੀ ਦੇ ਨਾਲ ਹੀ ਸਨ । ਫੇਰ ਜਦੋਂ ਗੁਰੂ ਸਾਹਿਬ ਚੱਕ ਨਾਨਕੀ ਮੌਜੂਦਾ ਮਖੋਵਾਲ ਦੀ ਨੀਂਹ ਰੱਖੀ ਉਸ ਵੇਲੇ ਇਨ੍ਹਾਂ ਵੀ ਹੋਰ ਨਿਕਟਵਰਤੀ ਸਿੱਖਾਂ ਵਾਂਗੂੰ ਨਵੀਨ ਥਾਂ ਦੀ ਨੀਂਹ ਰੱਖਣ ਵਿਚ ਗੁਰੂ ਜੀ ਦਾ ਹੱਥ ਵਟਾਇਆ (ਵੇਖੋ ਭੱਟ ਵਹੀ ਮੁਲਤਾਨੀ ਸਿੰਧੀ) ।

ਭਾਈ ਮਤੀ ਦਾਸ ਅਤੇ ਸਤੀ ਦਾਸ ਸਦਾ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਹਾਜ਼ਰ ਰਹਿੰਦੇ। ਜਦੋਂ ਗੁਰੂ ਸਫਰ ਕਰਦੇ ਤਾਂ ਸਾਰੇ ਡੇਰੇ ਦਾ ਪ੍ਰਬੰਧ ਭਾਈ ਮਤੀ ਦਾਸ ਦੇ ਹੱਥ ਹੁੰਦਾ । ਉਹ ਗੁਰੂ ਸਾਹਿਬ ਦੇ ਆਰਾਮ ਅਤੇ ਲੰਗਰ ਦਾ ਪ੍ਰਬੰਧ ਬਹੁਤ ਸੁਚੱਜਤਾ ਨਾਲ ਕਰਦੇ । ਭਾਈ ਮਤੀ ਦਾਸ ਇਕ ਵਧੀਆ ਪ੍ਰਬੰਧਕ ਸਾਬਤ ਹੋਏ । ਉਨ੍ਹਾਂ ਦੇ ਛੋਟੇ ਭਰਾ ਸਤੀ ਦਾਸ ਹੋਰ ਕਈ ਖ਼ੂਬੀਆਂ ਦੇ ਮਾਲਕ ਸਨ । ਉਹ ਫਾਰਸੀ ਦੇ ਚੰਗੇ ਵਿਦਵਾਨ ਸਨ । ਜੋ ਸ਼ਬਦ ਗੁਰੂ ਸਾਹਿਬ ਉਚਾਰਨ ਕਰਦੇ ਉਨ੍ਹਾਂ ਦਾ ਫਾਰਸੀ ਉਲਥਾ ਉਹ ਕਰੀ ਜਾਂਦੇ । ਜਦੋਂ ਕੋਈ ਮੁਸਲਮਾਨ ਫਕੀਰ ਗੁਰੂ ਜੀ ਕੋਲ ਆਉਂਦਾ ਤਾਂ ਭਾਈ ਸਤੀ ਦਾਸ ਜੀ ਗੁਰੂ ਸਾਹਿਬ ਦੀ ਰਚਨਾ ਦਾ ਫਾਰਸੀ ਉਲਥਾ ਸੁਣਾ ਦਿੰਦੇ। ਮੁਸਲਮਾਨ ਫ਼ਕੀਰ ਗੁਰੂ ਸਾਹਿਬ ਦੀ ਸਖਸ਼ੀਅਤ ਤੋਂ ਬਹੁਤ ਪ੍ਰਭਾਵਿਤ ਹੁੰਦੇ (ਵੇਖੋ ਡਾਕਟਰ ਤਰਲੋਚਨ ਸਿੰਘ ਦਾ ਲਿਖਿਆ ਗੁਰੂ ਤੇਗ ਬਹਾਦਰ, ਪੰਨਾ ੧੯੩) । ਕਾਸ਼ ਕਿ ਭਾਈ ਸਤੀ ਦਾਸ ਦੇ ਸ਼ਬਦਾਂ ਦਾ ਕੋਈ ਉਲਥਾ ਫਾਰਸੀ ਵਿਚ ਸਾਡੇ ਤਕ ਨਹੀਂ ਪਹੁੰਚਿਆ । ਭਾਈ ਨੰਦ ਲਾਲ ਵਾਂਗੂੰ ਭਾਈ ਸਤੀ ਦਾਸ ਜੀ ਰਚਨਾ ਵੀ ਸਿੱਖਾਂ ਵਿਚ ਬਹੁਤ ਪ੍ਰਚਲਤ ਹੋਣੀ ਸੀ ।

ਜਦੋਂ ਗੁਰੂ ਸਾਹਿਬ ਢਾਕਾ ਤੋਂ ਹੁੰਦੇ ਹੋਏ ਆਸਾਮ ਗਏ ਉਸ ਵੇਲੇ ਵੀ ਭਾਈ ਮਤੀ ਦਾਸ ਅਤੇ ਸਤੀ ਦਾਸ ਗੁਰੂ ਜੀ ਦੇ ਨਾਲ ਸਨ । ਅਸਾਮ ਵਿਚ ਜਾਣ ਦਾ ਆਸਾਨ ਤੇ ਸਹਿਜ ਰਸਤਾ ਢਾਕਾ ਤੋਂ ਹੋਕੇ ਜਾਣ ਦਾ ਹੀ ਸੀ ਕਿਉਂਕਿ ਬ੍ਰਹਮਪੁਤ੍ਰ ਦਰਿਆ ਦੇ ਕੰਢੇ-ਕੰਢੇ ਸਫ਼ਰ ਕੀਤਾ ਜਾਂਦਾ ਸੀ । ਆਸਾਮ ਵਿਚ ਗੁਰੂ ਸਾਹਿਬ ਦੇ ਇਤਿਹਾਸਕ ਗੁਰਦਵਾਰੇ ਰੰਗਾਮਟੀ ਅਤੇ ਧੁਬਰੀ ਦੇ ਅਸਥਾਨਾਂ ਤੇ ਮਿਲਦੇ ਹਨ । ਜਦੋਂ ਗੁਰੂ ਸਾਹਿਬ ਇਸ ਲੰਮੇ ਸਫ਼ਰ ਤੇ ਸਨ ਤਾਂ ਆਪ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਾ ਪਤਾ ਲੱਗਾ । ਕੁਝ ਸਮੇਂ ਪਿਛੋਂ ਜਦੋਂ ਵਾਪਸ ਪਰਤੇ ਤਾਂ ਆਪ ਸਿਧੇ ਪੰਜਾਬ ਨੂੰ ਆ ਗਏ । ਉਸ ਵੇਲੇ ਆਪਣੇ ਇਤਬਾਰੀ ਸਿੱਖ ਭਾਈ ਮਤੀ ਦਾਸ ਨੂੰ ਪਟਨੇ ਭੇਜਿਆ ਤੇ ਆਪਣਾ ਪਰਿਵਾਰ ਪਟਨੇ ਤੋਂ ਮੰਗਵਾ ਲਿਆ । ਆਪ ਨੇ ਕ੍ਰਿਪਾਲ ਚੰਦ (ਜੋ ਪਿਛੋ ਮਾਮਾ ਕ੍ਰਿਪਾਲ ਕਰਕੇ ਪ੍ਰਸਿੱਧ ਹੋਏ) ਦੇ ਨਾਲ ਸਾਰਾ ਪਰਿਵਾਰ ਲਖਨੌਰ (ਮੌਜੂਦਾ

ਜਿਲਾ ਅੰਬਾਲਾ, ਹਰਿਆਣਾ) ਭੇਜ ਦਿੱਤਾ ਤੇ ਆਪ ਭੱਟ ਵਹੀ ਅਨੁਸਾਰ ਕੁਝ ਸਮੇਂ ਲਈ ਦਿੱਲੀ ਆ ਗਏ। ਦਿੱਲੀ ਪੁੱਜਣ ਦੀ ਮਿਤੀ ਜੂਨ ੧੬੭੦ ਹੈ । ਇਥੇ ਆਪ ਰਾਣੀ ਪੁਸ਼ਪਾ ਦੇਵੀ ਜੋ ਰਾਜਾ ਰਾਮ ਸਿੰਘ ਦੀ ਰਾਣੀ ਸੀ ਨੂੰ ਮਿਲੇ । ਦਿੱਲੀ ਜਾਣ ਸਮੇਂ ਵੀ ਇਹ ਦੋਵੇਂ ਭਰਾ ਨਾਲ ਸਨ । ਕੁਝ ਸਮਾਂ ਦਿੱਲੀ ਰਹਿ ਕੇ ਇਹ ਸਾਰੇ ਲਖਨੌਰ ਆ ਗਏ ।

ਗੁਰੂ ਤੇਗ ਬਹਾਦਰ ਨੇ ਸੰਗਤਾਂ ਨੂੰ ਸੂਚਿਕ ਕੀਤਾ ਹੋਇਆ ਸੀ ਕਿ ਉਹ ੧੬੭੧ ਦੀ ਵਿਸਾਖੀ ਨੂੰ ਸ੍ਰੀ ਅਨੰਦਪੁਰ ਪਹੁੰਚ ਰਹੇ ਹਨ । ਇਹ ਵਿਸਾਖੀ ੩੦ ਮਾਰਚ, ੧੬੭੧ ਨੂੰ ਸੀ । ਇਸ ਲਈ ਭਾਈ ਮਤੀ ਦਾਸ ਅਤੇ ਸਤੀ ਦਾਸ ਨੇ ਵੀ ਆਪਣੇ ਸੰਬੰਧੀਆਂ ਨੂੰ ਲਿਖ ਦਿੱਤਾ ਕਿ ਤੁਸੀਂ ਵੀ ਬਾਲ ਗੁਰੂ ਗੋਬਿੰਦ ਦਾਸ ਦੇ ਦਰਸ਼ਨ ਨੂੰ ਅਨੰਦਪੁਰ ਪਹੁੰਚ ਜਾਵੋ ।

ਸ਼ਹੀਦੀ

ਜਦੋਂ ਗੁਰੂ ਤੇਗ ਬਹਾਦਰ ਸਾਹਿਬ ਅਨੰਦਪੁਰ ਤੋਂ ਦਿੱਲੀ ਵੱਲ ਟੁਰਨ ਲੱਗੇ ਤਾਂ ਭਾਈ ਮਤੀ ਦਾਸ ਅਤੇ ਸਤੀ ਦਾਸ ਨੇ ਵੀ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਨਾਲ ਜਾਣ ਦੀ ਆਗਿਆ ਬਖ਼ਸ਼ੀ ਜਾਵੇ । ਉਹ ਗੁਰੂ ਸਾਹਿਬ ਨਾਲ ਹੀ ਰਹਿਣਾ ਚਾਹੁੰਦੇ ਸਨ । ਇਨ੍ਹਾਂ ਦੀ ਗੁਰੂ ਸਾਹਿਬ ਤੋਂ ਇਹ ਆਖ਼ਰੀ ਮੰਗ ਸੀ । ਗੁਰੂ ਸਾਹਿਬ ਮੰਨ ਗਏ ਤੇ ਉਨ੍ਹਾਂ ਨੇ ਕੇਵਲ ਚਾਰ ਸਿੱਖਾਂ ਨੂੰ ਆਪਣੇ ਨਾਲ ਰਹਿਣ ਲਈ ਕਿਹਾ । ਉਨ੍ਹਾਂ ਵਿਚੋਂ ਇਹ ਦੋਵੇਂ ਭਰਾ ਮਤੀ ਦਾਸ ਅਤੇ ਸਤੀ ਦਾਸ ਸਨ। ਇਨ੍ਹਾਂ ਤੋਂ ਇਲਾਵਾ ਭਾਈ ਦਿਆਲਾ ਅਤੇ ਭਾਈ ਗੁਰਦਿਤਾ ਸਨ ।

ਸੂਰਜ ਪ੍ਰਕਾਸ਼ ਵਿਚ ਮਤੀ ਦਾਸ ਦੀ ਸ਼ਹੀਦੀ ਬਾਰੇ ਲਿਖਿਆ ਹੈ ਕਿ ਭਾਈ ਮਤੀ ਦਾਸ ਇਸ ਗੱਲ ਦਾ ਹਾਮੀ ਸੀ ਕਿ ਮੁਗਲ ਸਰਕਾਰ ਨੂੰ ਗੁਰੂ ਸਾਹਿਬ ਦੀ ਬਖ਼ਸ਼ੀ ਤਾਕਤ ਨਾਲ ਸਿੱਧਾ ਕਰੇ । ਪਰ ਗੁਰੂ ਸਾਹਿਬ ਨੇ ਮਨ੍ਹਾਂ ਕਰ ਦਿੱਤਾ । ਇਹ ਸਾਰੀ ਗੱਲਬਾਤ ਮੁਗਲ ਕਰਮਚਾਰੀਆਂ ਨੇ ਹਕੂਮਤ ਤਕ ਪਹੁੰਚਾ ਦਿੱਤੀ ਜਿਸ ਕਰਕੇ ਭਾਈ ਮਤੀ ਦਾਸ ਨੂੰ ਸਜ਼ਾ ਵਜੋਂ ਆਰੇ ਨਾਲ ਚੀਰ ਦਿੱਤਾ ਗਿਆ । ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :-

ਮਤੀ ਦਾਸ ਕੋ ਕੀਨ ਬੁਲਾਵਨਿ ।
ਦੁਇ ਤਖਤੇ ਮਹਿ ਕਰਯੋ ਬੰਧਵਨਿ ।
ਹੁਕਮ ਜਲਾਦਨਿ ਤਬਹਿ ਉਚਾਰਾ ।
ਲੈ ਆਰਾ ਸਿਰ ਪਰ ਤਿਸ ਧਾਰਾ ।
ਅਰ ਧੌਂ ਅਰਧ ਚਰਾਇ ਸੁ ਡਾਰਾ ।
ਪਰਯੋ ਪ੍ਰਿਥੀ ਪਰ ਹੈ ਦੋ ਫਾਰਾ ।
ਦੋਨਾ ਤਨ ਤੇ ਜਪੁਜੀ ਪਢੇ ।
ਹੇਰਤਿ ਸਭਿ ਕੋ ਅਚਰਜ ਬਢੇ ।

ਇਸ ਤਰ੍ਹਾਂ ਭਟ ਵਹੀਆਂ ਅਨੁਸਾਰ ਭਾਈ ਸਤੀ ਦਾਸ ਨੂੰ ਜਿਉਂਦੇ ਜੀਅ ਅੱਗ ਵਿਚ ਪਾਕੇ ਸਾੜ ਦਿੱਤਾ ਗਿਆ।

''ਸੇਵਕ ਕੀ ਓੜਕ ਨਿਬਹੀ ਪ੍ਰੀਤ'' ਦੇ ਗੁਰਵਾਕ ਅਨੁਸਾਰ ਭਾਈ ਮਤੀ ਦਾਸ ਅਤੇ ਸਤੀ ਦਾਸ ਦੀ ਪ੍ਰੀਤ ਤਗੁਰ ਚਰਨਾਂ ਵਿਚ ਅਖ਼ੀਰ ਨਿਭ ਗਈ । ਆਪ ਜਿੰਨ੍ਹਾਂ ਚਿਰ ਜੀਵੇ ਗੁਰ ਆਸ਼ੇ ਵਿਚ ਗੁਰ ਸੇਵਾ ਵਿਚ ਜੀਵਨ ਬਤੀਤ ਕੀਤਾ । ਅਖ਼ੀਰ ਵਿਚ ਗੁਰ ਸੇਵਾ ਵਿਚ ਹੀ ਸ਼ਹੀਦੀ ਪਾਈ । ਇਸ ਕਰਕੇ ਸਿੱਖ ਸ਼ਹੀਦਾਂ ਦੇ ਇਤਿਹਾਸ ਵਿਚ ਆਪ ਦੇ ਨਾਂ ਸਦਾ ਚਮਕਦੇ ਰਹਿਣਗੇ।

ਗੁਰੂ ਤੇਗ ਬਹਾਦਰ ਜੀ ਦੀ ਸ਼ਖ਼ਸ਼ੀਅਤ

ਗੁਰੂ ਤੇਗ ਬਹਾਦਰ ਜੀ ਇਕ ਮਹਾਨ ਸਖ਼ਸ਼ੀਅਤ ਦੇ ਮਾਲਕ ਸਨ ।ਉਨ੍ਹਾਂ ਵਿਚ ਅਨੇਕ ਗੁਣਾਂ ਦਾ ਸੁਮੇਲ ਸੀ । ਆਪਣੇ ਦਾਦੇ ਗੁਰੂ ਅਰਜਨ ਸਾਹਿਬ ਵਾਂਗੂੰ ਉਨ੍ਹਾਂ ਵਿਚ ਨਿਮਰਤਾ, ਮਿਠਾਸ, ਖਿਮਾਂ ਤੇ ਕੁਰਬਾਨੀ ਦਾ ਅਥਾਹ ਜਜ਼ਬਾ ਸੀ ।ਆਪਣੇ ਪਿਤਾ ਗੁਰੂ ਹਰਗੋਬਿੰਦ ਸਾਹਿਬ ਵਾਂਗੂ ਉਨ੍ਹਾਂ ਵਿਚ ਨਿਡਰਤਾ ਅਤੇ ਦੁਖੀ ਜਨਤਾ ਦੀ ਅਗਵਾਈ ਕਰਨ ਦੀ ਅਥਾਹ ਸ਼ਕਤੀ ਸੀ ।ਜਿਥੇ ਗੁਰੂ ਤੇਗ ਬਹਾਦਰ ਜੀ ਵਿਚ ਪਰਉਪਕਾਰ ਵਾਸਤੇ ਅਥਾਹ ਜੋਸ਼ ਸੀ ਉਸ ਦੇ ਨਾਲ ਹੀ ਆਪ ਵਿਚ ਵੈਰਾਗ ਸੀ । ਇਨ੍ਹਾਂ ਸਾਰਿਆਂ ਗੁਣਾਂ ਦਾ ਸੁਮੇਲ ਇਕ ਅਦੁੱਤੀ ਗੱਲ ਸੀ । ਆਪ ਜੀ ਦੀ ਸਖ਼ਸ਼ੀਅਤ ਦੇ ਚਮਤਕਾਰੇ ਕਰਕੇ ਹੀ ਦੂਰ ਦੁਰਾਡੇ ਦੇਸ਼ਾਂ ਵਿਚ ਸਿੱਖੀ ਦਾ ਪਰਚਾਰ ਹੋਇਆ ਤੇ ਸਿੱਖ ਲਹਿਰ ਨੂੰ ਇਕ ਮਹਾਨ ਗੌਰਵ ਵਾਲਾ ਸਥਾਨ ਪ੍ਰਾਪਤ ਹੋਇਆ । ਗੁਰੂ ਤੇਗ ਬਹਾਦਰ ਜੀ ਨੂੰ ਨਿਮਰਤਾ ਅਤੇ ਅਡੋਲਤਾ ਵਿਰਸੇ ਵਿਚ ਮਿਲੀ ਜਾਪਦੀ ਹੈ । ਗੁਰੂ ਅਰਜਨ ਸਾਹਿਬ ਨੇ ਫੁਰਮਾਇਆ ਸੀ :

ਆਪਸ ਕਉ ਜੋ ਜਾਣੇ ਨੀਚਾ ।

ਸੋਊ ਗਨੀਐ ਸਭ ਤੇ ਊਚਾ ।

ਜਦੋਂ ਦੀਵਾਨ ਦਰਘਾਹ ਮਲ ਦਿੱਲੀ ਤੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਸੰਦੇਸ਼ ਲੈ ਕੇ ਆਏ ਤੇ ਸੰਗਤਾਂ ਨੂੰ ਗੁਰੂ ਸਾਹਿਬ ਨੂੰ ਗੁਰੂ ਮੰਨਣ ਲਈ ਪ੍ਰੇਰਿਆ ਤਾਂ ਉਸ ਵੇਲੇ "ਬਾਬਾ ਬਕਾਲੇ" ਦੇ ਸੰਕੇਤ ਨੂੰ ਮੁੱਖ ਰੱਖ ਕੇ ਬਹੁਤ ਸਾਰੇ ਸੋਢੀ ਜੋ ਗੁਰੂ ਸਾਹਿਬ ਦੇ ਰਿਸ਼ਤੇਦਾਰ ਸਨ ਆਪਣੇ ਆਪ ਹੀ ਗੁਰੂ ਬਣ ਬੈਠੇ । ਇਨ੍ਹਾਂ ਆਪੇ ਬਣਿਆਂ ਗੁਰੂਆਂ ਵਿਚੋਂ ਧੀਰਮਲ ਵੀ ਸੀ । ਇਹ ਗੁਰੂ ਹਰਗੋਬਿੰਦ ਜੀ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਦਾ ਸਭ ਤੋਂ ਬੱਡਾ ਸਾਹਿਬਜ਼ਾਦਾ ਸੀ ।ਇਸ ਲਈ ਇਹ ਗੁਰ ਗੱਦੀ ਤੇ ਆਪਣਾ ਹੱਕ ਸਮਝਦਾ ਸੀ ਤੇ ਇਹ ਭੁੱਲ ਗਿਆ ਸੀ ਕਿ ਗੁਰਗੱਦੀ ਜੱਦੀ-ਜਾਇਦਾਦ ਨਹੀਂ ਹੈ । ਧੀਰਮਲ ਨੇ ਬਹੁਤ ਸਾਰੇ ਮਸੰਦ ਆਪਣੇ ਨਾਲ ਮਿਲਾ ਲਏ । ਮਸੰਦ ਪ੍ਰਥਾ ਚੌਥੇ ਗੁਰੂ ਰਾਮ ਦਾਸ ਜੀ ਨੇ ਸਥਾਪਤ ਕੀਤੀ ਸੀ। ਅਰੰਭ ਵਿਚ ਮਸੰਦ ਪ੍ਰਥਾ ਨੇ ਸਿੱਖ ਧਰਮ ਦੇ ਪ੍ਰਚਾਰ ਵਿਚ ਬਹੁਤ ਉੱਘਾ ਹਿੱਸਾ ਪਾਇਆ ਕਿਉਂਕਿ ਇਹ ਮਸੰਦ ਦੂਰ-ਦੂਰ ਤੇ ਥਾਂਵਾਂ ਤੇ ਜਾ ਕੇ ਸਿੱਖੀ ਦਾ ਪਰਚਾਰ ਕਰਦੇ ਤੇ ਸੰਗਤਾਂ ਦੀ ਕਾਰ ਭੇਟ ਗੁਰੂ ਜੀ ਤੱਕ ਪਹੁੰਚਾਉਂਦੇ ਸਨ । ਪਰ ਗੁਰੂ ਹਰਗੋਬਿੰਦ ਜੀ ਦੇ ਸਮੇਂ ਤੋਂ ਪਿਛੋਂ ਮਸੰਦ ਵਿਗੜ ਗਏ ਸਨ । ਸੋ ਧੀਰਮ ਮਲ ਨੇ ਬਹੁਤ ਸਾਰੇ ਮਸੰਦ ਆਪਣੇ ਨਾਲ ਮਿਲਾ ਲਏ ਤੇ ਆਪਣੀ ਗੁਰਿਆਈ ਚਮਕਾਉਣ ਲਗਾ । ਇਕ ਮਸੰਦ ਜੋ ਇਸ ਨਾਲ ਸੀ, ਦਾ ਨਾਂ ਸ਼ੀਹਾ ਸੀ । ਇਸ ਨੇ ਈਰਖਾ ਵਿਚ ਆਕੇ ਗੁਰੂ ਤੇਗ ਬਹਾਦਰ ਜੀ ਨੂੰ ਗੋਲੀ ਦਾ ਨਿਸ਼ਾਨਾ ਬਨਾਉਣ ਦਾ ਯਤਨ ਕੀਤਾ । ਉਸ ਸਮੇਂ ਛੋਟੀਆਂ ਬੰਦੂਕਾਂ ਹੁੰਦੀਆਂ ਸਨ । ਬੰਦੂਕ ਦਾ ਵਾਰ ਗੁਰੂ ਸਾਹਿਬ ਤੇ ਮੋਢੇ ਤੋਂ ਲੰਘ

ਗਿਆ । ਇਸ ਘਟਨਾ ਤੇ ਸਿੱਖਾਂ ਨੂੰ ਬਹੁਤ ਕ੍ਰੋਧ ਆਇਆ । ਉਨ੍ਹਾਂ ਨੇ ਧੀਰ ਮਲ ਦੇ ਘਰ ਨੂੰ ਲੁਟ ਲਿਆ ਤੇ ਸ਼ੀਹੇ ਮਸੰਦ ਨੂੰ ਆਪਣੇ ਕੀਤੇ ਦਾ ਫਲ ਦੇਣਾ ਚਾਹੁੰਦੇ ਸਨ । ਪਰ ਗੁਰੂ ਜੀ ਨੇ ਮਨ੍ਹਾਂ ਕਰ ਦਿੱਤਾ ਤੇ ਆਪਣੇ ਤੇ ਮਾਰੂ ਹਮਲਾ ਕਰਨ ਵਾਲੇ ਨੂੰ ਖਿਮਾਂ ਕਰ ਦਿਤਾ । ਕਬੀਰ ਸਾਹਿਬ ਨੇ ਵੀ ਕਿਹਾ ਸੀ :

''ਜਹ ਖਿਮਾ ਤਹ ਆਪਿ''

ਮਖਣ ਸ਼ਾਹ ਲੁਭਾਣੇ ਦੇ ਯਤਨਾਂ ਨਾਲ ਗੁਰੂ ਤੇਗ ਬਹਾਦਰ ਜੀ ਕੋਲ ਬਹੁਤ ਸਾਰੇ ਸਿੱਖ ਆ ਗਏ । ਪਰ ਗੋਰ ਵੀ ਆਪ ਨਿਮਰਤਾ ਅਤੇ ਅਡੋਲਤਾ ਵਿਚ ਰਹੇ । ਬਕਾਲਾ ਛੱਡ ਦਿੱਤਾ ਪਰ ਧੀਰ ਮਲ ਨੂੰ ਕੋਈ ਦੁੱਖ ਤਕਲੀਫ ਨਾ ਹੋਣ ਦਿੱਤੀ ।

ਜਦੋਂ ਗੁਰੂ ਤੇਗ ਬਹਾਦਰ ਜੀ ਬਾਬਾ ਬਕਾਲਾ ਤੋਂ ਅੰਮ੍ਰਿਤਸਰ ਆਏ ਤਾਂ ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਦਰਵਾਜੇ ਬੰਦ ਕਰ ਲਏ । ਗੁਰ ਗੱਦੀ ਤੇ ਬਿਰਾਜਮਾਨ ਗੁਰੂ ਲਈ ਇਹ ਕੋਈ ਵਧੀਆ ਸਲੂਕ ਨਹੀਂ ਸੀ ਸਗੋਂ ਬੜੀ ਭਾਰੀ ਨਿਰਾਦਰੀ ਸੀ । ਪਰ ਨਿਮਰਤਾ ਦੇ ਪੁੰਜ ਗੁਰੂ ਜੀ ਨੇ ਕੁਝ ਨਾ ਕਿਹਾ । ਬਾਹਰ ਬੈਠ ਕੇ ਜਿਥੇ ਅੱਜ-ਕੱਲ ਗੁਰਦਵਾਰਾ ਲਾਚੀ ਬੇਰ ਹੈ ਵਾਪਸ ਪਰਤ ਗਏ । ਕੁਝ ਸਮਾਂ ਅਕਾਲ ਤਖ਼ਤ ਦੇ ਪਿਛੇ ਪਾਸੇ ਠਹਿਰੇ ਜਿਥੇ ਅਜਕੱਲ ਗੁਰੂਦਵਾਲਾ ਥੜ੍ਹਾ ਸਾਹਿਬ ਹੈ । ਆਪ ਨੇ ਗੁਰੂ ਅਰਜਨ ਸਾਹਿਬ ਦੇ ਇਨ੍ਹਾਂ ਅੱਖਰਾਂ ਤੇ ਅਮਲ ਕਰ ਵਿਖਾਇਆ.

ਗਰੀਬੀ ਗਦਾ ਹਮਾਰੀ
ਖੰਨਾ ਸਰਲ ਰੇਨੁ ਛਾਰੀ
ਇਸੁ ਆਗੈ ਕੋਏ ਨ ਟਿਕੈ ਵੇਕਾਰੀ ।
''ਸੰਤਨ ਕਾ ਦਾਨਾ ਰੂਖਾ''

ਗੁਰੂ ਨਾਨਕ ਸਾਹਿਬ ਨੇ ਨੇਕ ਕਮਾਈ ਤੇ ਦਸਾਂ ਨਹੁਆਂ ਦੀ ਕਿਰਤ ਤੇ ਬਹੁਤ ਜ਼ੋਰ ਦਿੱਤਾ । ਭਾਈ ਲਾਲੋ ਕੋਲ ਰਹੇ ਤੇ ਮਲਕ ਭਾਗੋ ਦੇ ਪਕਵਾਨਾਂ ਨੂੰ ਠੁਕਰਾ ਦਿੱਤਾ । ਗੁਰੂ ਅਰਜਨ ਸਾਹਿਬ ਨੇ ਨੇਕ ਕਮਾਈ ਤੇ ਜ਼ੋਰ ਦੇਂਦਿਆਂ ਲਿਖਿਆ ਹੈ :

ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ
ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਵਿਚੋਂ ਕਈ ਮਿਸਾਲਾਂ ਮਿਲ ਸਕਦੀਆਂ ਹਨ ਜਦੋਂ ਕਿ ਆਪਣੇ ਲੁੱਟ ਮਾਰ ਦਾ ਮਾਲ ਲੈਣ ਤੋਂ ਇਨਕਾਰ ਕਰ ਦਿੱਤਾ । ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਗੁਰੂ ਜੀ ਇਕ ਵਾਰੀ ਧਮਧਾਨ ਸਾਹਿਬ ਠਹਿਰੇ ਹੋਏ ਸਨ । ਇਹ ਸਥਾਨ ਮੌਜੂਦਾ ਜ਼ਿਲਾ ਹਿਸਾਰ (ਹਰਿਆਣਾ) ਵਿਚ ਹੈ । ਇਥੋਂ ਦਾ ਚੌਧਰੀ ਗੁਰੂ ਜੀ ਕੋਲ ਦੁੱਧ ਲੈ ਕੇ ਆਇਆ । ਦੁੱਧ ਚੋਰੀ ਦਾ ਸੀ ਕਿਸੇ ਦੀ ਮੱਝ ਚੋਰੀ ਚੋ ਕੇ ਲੈ ਆਇਆ ਸੀ । ਗੁਰੂ ਜੀ ਨੇ ਦੁੱਧ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਕਹਿ ਦਿੱਤਾ ਕਿ ਚੋਰੀ ਦਾ ਦੁੱਧ ਸੰਗਤ ਵਿਚ ਪਰਵਾਨ ਨਹੀਂ ਕੀਤਾ ਜਾ ਸਕਦਾ ।

"ਬ੍ਰਹਮ ਗਿਆਨੀ ਪਰਉਪਕਾਰ ਉਮਾਹਾ"

ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਗੁਰਿਆਈ ਦਾ ਬਹੁਤਾ ਸਮਾਂ ਪਰਉਪਕਾਰ ਹਿਤ ਸਫਰਾਂ ਵਿਚ ਗੁਜ਼ਾਰਿਆ । ਆਪ ਜੀ ਦੇ ਸਫਰਾਂ ਦਾ ਹਾਲ ਵਾਚੀਏ ਤਾਂ ਪਤਾ ਲਗੇਗਾ ਕਿ ਆਪ ਜਿਥੇ ਗਏ ਲੋਕਾਂ ਲਈ ਲੋੜ ਅਨੁਸਾਰ ਲੋਕ ਭਲਾਈ ਦੇ ਕੰਮ ਕੀਤੇ । ਆਪ ਨੇ ਕੋਲੋਂ ਪੈਸੇ ਦੇ ਕੇ ਬਾਂਗਰ ਦੇ ਇਲਾਕੇ ਜੋ ਅੱਜਕਲ ਹਰਿਆਣਾ ਪ੍ਰਦੇਸ਼ ਵਿਚ ਆ ਗਿਆ ਹੈ ਕਈ ਥਾਂਵਾਂ ਤੇ ਖੂਹ ਲੁਆਏ । ਗਿਆਨੀ ਠਾਕਰ ਸਿੰਘ 'ਗੁਰਦਵਾਰਾ ਦਰਸ਼ਨ' ਵਿਚ ਲਿਖਦੇ ਹਨ ਕਿ ਜ਼ਿਲਾ ਕੁਰੂਕਸ਼ੇਤਰ ਤੋਂ ਪੰਦਰਾਂ ਮੀਲ ਦੇ ਫ਼ਾਸਲੇ ਤੇ ਇਕ ਨਗਰ ਬਨੀ ਬਦਰਾਪੁਰ ਹੈ । ਇਥੇ ਗੁਰੂ ਤੇਗ ਬਹਾਦਰ ਜੀ ਕੁਝ ਸਮਾਂ ਬਿਰਾਜੇ । ਇਥੇ ਆਪ ਨੇ ਧਨ ਦਾ ਇਕ ਬਦਰਾ (ਥੈਲਾ) ਇਕ ਜ਼ਿਮੀਦਾਰ ਨੂੰ ਦਿੱਤਾ ਤੇ ਹੁਕਮ ਕੀਤਾ ਕਿ ਇਸ ਨਾਲ ਇਕ ਖੂਹ ਤੇ ਬਾਗ ਲਾਇਆ ਜਾਵੇ । ਗੁਰੂ ਤੇਗ ਬਹਾਦਰ ਜੀ ਦੇ ਇਥੇ ਪਧਾਰਨ ਤੋਂ ਪਹਿਲਾਂ ਇਸ ਪਿੰਡ ਦਾ ਨਾਂ ਬਨੀ ਸੀ । ਜਦੋਂ ਗੁਰੂ ਜੀ ਦੀ ਯਾਦ ਵਿਚ ਇਥੇ ਖੂਹ ਤੇ ਬਾਗ ਲਗ ਗਿਆ ਤਾਂ ਇਸ ਨਗਰ ਦਾ ਨਾਂ ਹੀ ਬਨੀ ਬਦਰਪੁਰ ਪੈ ਗਿਆ । ਇਸੇ ਤਰ੍ਹਾਂ ਧਮਧਾਨ ਸਾਹਿਬ (ਹਰਿਆਣਾ) ਵਿਚ ਵੀ ਗੁਰੂ ਸਾਹਿਬ ਨੇ ਖੂਹ ਲਗਵਾਇਆ । ਇਉਂ ਜਾਪਦਾ ਹੈ ਹਰਿਆਣੇ ਦੇ ਇਲਾਕੇ ਵਿਚ ਪਾਣੀ ਦੀ ਘਾਟ ਨੂੰ ਆਪ ਨੇ ਖੂਹ ਲਵਾ ਕੇ ਪੂਰਾ ਕਰਨ ਦਾ ਯਤਨ ਕੀਤਾ ਹੈ ।

ਗੁਰੂ ਤੇਗ ਬਹਾਦਰ ਜੀ ਗੁਰੂ ਨਾਨਕ ਸਾਹਿਬ ਤੋਂ ਪਿਛੋਂ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਦੂਰ ਦੁਰਾਡੇ ਦੇਸ਼ਾਂ ਵਿਚ ਜਾਕੇ ਸਿੱਖੀ ਦਾ ਪਰਚਾਰ ਕੀਤਾ । ਜਿਥੇ ਆਪ ਜਾਂਦੇ ਗੁਰ ਚਰਨਾਂ ਦੇ ਭੌਰੇ ਸਿੱਖ ਵਹੀਰਾਂ ਪਾ ਕੇ ਆਉਂਦੇ ਤੇ ਆਪ ਦੀ ਚਰਨ ਛੋਹ ਪ੍ਰਾਪਤ ਕਰਦੇ । ਸਰੂਪ ਦਾਸ ਭੱਲੇ ਨੇ 'ਮਹਿਮਾ ਪ੍ਰਕਾਸ਼' ਵਿਚ ਜੌਨਪੁਰ ਦੇ ਇਲਾਕੇ ਦੇ ਸਿੱਖਾਂ ਦਾ ਗੁਰੂ ਜੀ ਨੂੰ ਮਿਲਣ ਦਾ ਹਾਲ ਵਰਨਣ ਕੀਤਾ ਹੈ । ਜੋਨਪੁਰ ਦਾ ਇਲਾਕਾ ਮੌਜੂਦਾ ਉਤਰ ਪ੍ਰਦੇਸ਼ ਵਿਚ ਇਲਾਹਬਾਦ ਦੇ ਨਾਲ ਲਗਦਾ ਇਲਾਕਾ ਹੈ । ਸਰੂਪ ਦਾਸ ਲਿਖਦੇ ਹਨ :

ਪੁਨ ਜੋਵਨਪੁਰ ਕੀ ਸੰਗਤ ਸਭ ਆਈ
ਮਿਲ ਆਏ ਸਭ ਗਿਰਦ ਨਵਾਹੀ
ਦਰਸ ਪਰਸ ਚਰਨਨ ਗੁਰ ਪਰੇ
ਚਰਨ ਕਮਲ ਰਜ ਮਸਤਕ ਧਰੇ
ਧਰ ਕੇ ਭੇਟ ਪੂਜਨ ਗੁਰ ਕੀਨਾ
ਜਨਮ ਲਾਭ ਗੁਰ ਦਰਸ਼ਨ ਲੀਨਾ
ਭਾਈ ਗੁਰਬਖ਼ਸ਼ ਸਿੰਘ ਜਵਨਪੁਰ ਵਾਸੀ
ਭਜਨ ਕਰੇ ਗੁਰ ਭਗਤ ਨਿਵਾਸੀ ।

''ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ''

ਗੁਰੂ ਤੇਗ ਬਹਾਦਰ ਜੀ ਵਿਚ ਇਕ ਬਹੁਤ ਪਰਬਲ ਗੁਣ ਨਿਡਰਤਾ ਦਾ ਸੀ। ਉਨ੍ਹਾਂ ਦਾ ਅਸੂਲ ਸੀ ਕਿ ਨ ਕਿਸੇ ਨੂੰ ਡਰ ਦਿਓ ਤੇ ਨ ਕਿਸੇ ਦਾ ਡਰ ਮੰਨੋ। ਉਸ ਪੁਰਖ ਨੂੰ ਜੋ ਇਸ ਤਰ੍ਹਾਂ ਦਾ ਵਰਤਾਰਾ ਕਰਦਾ ਹੈ ਗੁਰੂ ਜੀ ਨੇ ਗਿਆਨੀ ਕਿਹਾ ਹੈ 'ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨਿ''। ਆਪ ਜੀ ਦੀ ਬਾਣੀ ਵਿਚੋਂ ਡਰ ਦਾ ਸੰਕਲਪ ਵਿਸ਼ੇ ਵਿਕਾਰਾਂ ਅਤੇ ਦੁਰਮਤ ਦਾ ਡਰ ਹੈ। ਇਸੇ ਨੂੰ ''ਜਮ ਕੋ ਤ੍ਰਾਸ'' ਕਰਕੇ ਵੀ ਦਸਿਆ ਹੈ। ਭੈ ਦੂਰ ਕਰਨ ਦਾ ਤਰੀਕਾ ਆਪ ਇਨ੍ਹਾਂ ਅੱਖਰਾਂ ਵਿਚ ਦੱਸਦੇ ਹਨ :

ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ
ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ

ਭੈ ਨੂੰ ਨਾਸ ਕਰਨ ਵਾਲਾ 'ਗਿਆਨ' ਦੱਸਿਆ। ਗਿਆਨ ਦੀ ਹੋਂਦ ਵਿਚ ਭੈ ਨਹੀਂ ਠਹਿਰਦਾ। ''ਅਭੈ ਪਦ'' ਦੀ ਪ੍ਰਾਪਤੀ ਸਿਮਰਨ ਤੇ ਹਰੀ ਨਾਮ ਦੁਆਰਾ ਦੱਸੀ ਹੈ :

ਕਹੁ ਨਾਨਕ ਸੋਈ ਨਰੁ ਸੁਖੀਆ
ਰਾਮ ਨਾਮ ਗੁਨ ਗਾਵੈ
ਅਉਰ ਸਗਲ ਜਗੁ ਮਾਇਆ ਮੋਹਿਆ
ਨਿਰਭੈ ਪਦੁ ਨਹੀਂ ਪਾਵੈ।

ਇਕ ਥਾਂ ਹੋਰ ਆਪ ਫੁਰਮਾਉਂਦੇ ਹਨ :

ਜਨਮ ਜਨਮ ਭਰਮਤ ਫਿਰਿਓ
ਮਿਟਿਓ ਨ ਜਮ ਕੋ ਤ੍ਰਾਸ
ਕਹੁ ਨਾਨਕ ਹਰਿ ਭਜੁ ਮਨਾ
ਨਿਰਭੈ ਪਾਵਹਿ ਬਾਸੁ

ਬਲੀਦਾਨ

ਗੁਰੂ ਸਾਹਿਬ ਦੀ ਪਰਬਲ ਸਖ਼ਸ਼ੀਅਤ ਦਾ ਝਲਕਾਰਾ ਉਨ੍ਹਾਂ ਦੇ ਬਲੀਦਾਨ ਤੋਂ ਮਿਲਦਾ ਹੈ। ਭੱਟ ਵਹੀਆਂ ਵਿਚ ਲਿਖਿਆ ਹੈ ਕਿ ਬੀਜ ਬਿਹਾੜੇ ਦੇ ਬ੍ਰਹਮਦਾਸ ਦੀ, ਔਲਾਦ ਵਿਚ ਕਿਰਪਾ ਰਾਮ ਕਸ਼ਮੀਰੀ ਪੰਡਤਾਂ ਨੂੰ ਨਾਲ ਲੈ ਕੇ ਗੁਰੂ ਜੀ ਕੋਲ ਅਨੰਦਪੁਰ ਸਾਹਿਬ ਪੁੱਜਾ। ਇਹ ਬ੍ਰਹਮਦਾਸ ਉਹ ਹੀ ਸੀ ਜਿਸਨੂੰ ਗੁਰੂ ਨਾਨਕ ਸਾਹਿਬ ਨੇ ਉਪਦੇਸ਼ ਦੇ ਕੇ ਤਾਰਿਆ ਸੀ। ਇਕ ਹੋਰ ਲਿਖਤ ਅਨੁਸਾਰ ਕਸ਼ਮੀਰੀ ਬ੍ਰਾਹਮਣਾਂ ਦਾ ਇਕ ਟੋਲਾ ਨੈਨਾ ਦੇਵੀ ਦੀ ਯਾਤਰਾ ਨੂੰ ਆਇਆ। ਉਨ੍ਹਾਂ ਨੂੰ ਰਾਤ ਨੂੰ ਸੁਫਨਾ ਆਇਆ ਕਿ ਅਨੰਦਪੁਰ ਸਾਹਿਬ ਵਿਚ ਗੁਰੂ ਤੇਗ ਬਹਾਦਰ ਉਨ੍ਹਾਂ ਦੇ ਦੁੱਖਾਂ ਦਾ ਨਾਸ ਕਰ ਸਕਦਾ ਹੈ। ਸੋ ਉਹ ਨੈਨਾ ਦੇਵੀ ਦੀ ਯਾਤਰਾ ਕਰਕੇ ਗੁਰੂ ਚਰਨਾਂ ਵਿਚ ਆ ਹਾਜ਼ਰ ਹੋਏ ਉਸ ਵੇਲੇ ਔਰੰਗਜ਼ੇਬ ਦੀ ਮੁਸਲਮਾਨ ਬਨਾਉਣ ਦੀ ਨੀਤੀ

ਜ਼ੋਰਾਂ ਤੇ ਸੀ । ੧੬੬੯ ਈਸਵੀ ਵਿਚ ਆਲਮਗੀਰ ਬਾਦਸ਼ਾਹ ਨੇ ਮੰਦਰ ਢਾਉਣ ਦਾ ਹੁਕਮ ਦੇ ਦਿਤਾ ਸੀ ਅਤੇ ਹਿੰਦੂ ਧਰਮ ਦੇ ਵਿਰੁੱਧ ਨੀਤੀ ਅਪਨਾ ਲਈ ਸੀ । ਇਸ ਕਰਕੇ ਭਾਰਤ ਦੇ ਹਿੰਦੂ-ਭੈ-ਭੀਤ ਹੋ ਗਏ ਸਨ । ਇਹ ਉਨ੍ਹਾਂ ਵਾਸਤੇ ਇਕ ਨਵਾਂ ਕਦਮ ਸੀ ਕਿਉਂਕਿ ਅਕਬਰ ਦੇ ਰਾਜ ਤੋਂ ਲੈਕੇ ਹੁਣ ਤਕ ਹਿੰਦੂ ਧਰਮ ਦੇ ਮੰਨਣ ਵਾਲਿਆਂ ਨੂੰ ਧਾਰਮਕ ਆਜ਼ਾਦੀ ਮਿਲੀ ਹੋਈ ਸੀ । ਔਰੰਗਜ਼ੇਬ ਕਟੜ ਪੰਥੀ ਸੀ । ਉਹ ਸਾਰੇ ਹਿੰਦੂਆਂ ਨੂੰ ਮੁਸਲਮਾਨ ਬਨਾਉਣ ਵਿਚ ਵਿਸ਼ਵਾਸ ਰੱਖਦਾ ਸੀ ।

ਗੁਰੂ ਤੇਗ ਬਹਾਦਰ ਜੀ ਨੇ ਆਪਣੇ ਬਲੀਦਾਨ ਨਾਲ ਨਿਡਰਤਾ ਦਾ ਸਬਕ ਸਿਖਾਇਆ ਤੇ "ਭੈ ਕਾਹੂ ਕਉ ਦੇਤ ਨਹਿ ਭੈ ਮਾਨਤ ਆਨਿ" ਦਾ ਅਮਲੀ ਸਬੂਤ ਦਿੱਤਾ । ਆਪ ਦੇ ਬਲੀਦਾਨ ਵਿਚ ਵੀ ਪਰਉਪਕਾਰ ਸੀ ਕਿਉਂਕਿ ਆਪਨੇ "ਤਿਲਕ ਜੰਞੂ" ਲਈ ਕੁਰਬਾਨੀ ਕੀਤੀ ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ : "ਤਿਲਕ ਜੰਞੂ ਰਾਖਾ ਪ੍ਰਭ ਤਾਂਕਾ"

ਆਉਣ ਵਾਲੀਆਂ ਨਸਲਾਂ ਲਈ ਗੁਰੂ ਤੇਗ ਬਹਾਦਰ ਜੀ ਦੀ ਸ਼ਖ਼ਸ਼ੀਅਤ ਚਾਨਣ ਮੁਨਾਰੇ ਦਾ ਕੰਮ ਦੇਵੇਗੀ ਅਤੇ ਸਦਾ ਕੁਰਬਾਨੀ, ਨਿਸ਼ਕਾਮ ਸੇਵਾ ਅਤੇ ਪਰਉਪਕਾਰ ਲਈ ਪ੍ਰੇਰਦੀ ਰਹੇਗੀ ।

ਦਸਗੁਰ ਕਥਾ-ਕਵੀ ਕੰਕਨ[1]

੧੯੫੬ ਵਿਚ ਦੋ ਹਫ਼ਤੇ ਲਈ ਲਾਹੌਰ (ਪਾਕਿਸਤਾਨ) ਜਾਣ ਦਾ ਅਵਸਰ ਮਿਲਿਆ। ਇਸ ਫੇਰੀ ਦਾ ਮਨੋਰਥ ਪਾਕਿਸਤਾਨ ਵਿਚ ਰਹਿ ਗਈਆਂ ਹੱਥ ਲਿਖਤਾਂ ਦੀ ਦੇਖ ਭਾਲ ਤੇ ਪੜਤਾਲ ਕਰਨਾ ਸੀ। ਜੇਕਰ ਮੇਰਾ ਵਸ ਚਲਦਾ ਜਾਂ ਚਲੇ ਤਾਂ ਪੰਜਾਬ ਪਬਲਿਕ ਲਾਇਬਰੇਰੀ ਲਾਹੌਰ ਤੇ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਪਈਆਂ ਹੱਥ ਲਿਖਤਾਂ ਵਿਸ਼ੇਸ਼ ਕਰਕੇ ਸਰ ਅੱਤਰ ਸਿੰਘ ਭਦੌੜ ਦਾ ਤੇ ਡਾਕਟਰ ਵੂਲਨਰ ਦਾ ਇਕੱਠਾ ਕੀਤਾ ਮਸਾਲਾ ਮਾਈਕਰੋ ਫ਼ਿਲਮਾਂ ਜਾਂ ਫ਼ੋਟੋਸਟੇਟ ਕਾਪੀਆਂ ਦੇ ਰੂਪ ਵਿਚ ਲੈ ਆਉਂਦਾ । ਕਿਉਂਕਿ ਉਜੜੇ ਪੰਜਾਬ ਨੂੰ ਸਦਾਚਾਰਕ ਰੂਪ ਵਿਚ ਮੁੜ ਵਸਾਉਣ ਲਈ ਇਹ ਅਤਿਅੰਤ ਲੋੜੀਂਦਾ ਯਤਨ ਸੀ । ਪਰ ਕੁਝ ਮਾਇਆ ਦੀ ਥੁੜ ਤੇ ਵਕਤ ਦੀ ਕਮੀ ਕਰ ਕੇ ਕੇਵਲ ਕੁਝ ਕੁ ਹੱਥ ਲਿਖਤਾਂ ਦੀਆਂ ਫੋਟੋ ਕਾਪੀਆਂ ਲਿਆਉਣ ਦਾ ਉਪਰਾਲਾ ਕੀਤਾ । ਇਹ ਥੋੜੇ ਜੇਹੇ ਖਰੜਿਆਂ ਦੀਆਂ ਫੋਟੋ ਕਾਪੀਆਂ ਵੀ ਪਾਕਿਸਤਾਨ ਕਸਟਮ ਵਾਲਿਆਂ ਕਿਸੇ ਕਾਨੂੰਨੀ ਅੜਿਚਨ ਵਿਚ ਪੈ ਕੇ ਜ਼ਬਤ ਕਰ ਲਈਆਂ ਜਿਸ ਤੇ ਮੈਨੂੰ ਬਹੁਤ ਚਿੰਤਾ ਹੋਈ । ਦੇਵ ਨੇਤ ਨਾਲ ਲਾਹੌਰ ਸ੍ਰੀ ਹਰਬੰਸ ਲਾਲ ਮਹਿਤਾ (ਜਿਹੜੇ ਕਿਸੇ ਜ਼ਮਾਨੇ ਪ੍ਰੋਫ਼ੈਸਰ ਰਹਿ ਚੁਕੇ ਸਨ) ਦਾ ਮੇਲ ਹੋ ਗਿਆ । ਇਹ ਡਿਪਟੀ ਹਾਈ ਕਮਿਸ਼ਨਰ ਇੰਡੀਆ ਦੇ ਉਘੇ ਕਰਮਚਾਰੀ ਸਨ । ਇਨ੍ਹਾਂ ਦੀਆਂ ਅਣਥਕ ਕੋਸ਼ਿਸ਼ਾਂ ਤੇ ਯਤਨਾਂ ਦਾ ਸਦਕਾ ਮੇਰੀਆਂ ਫ਼ੋਟੋ ਕਾਪੀਆਂ ਮਿਲ ਗਈਆਂ । ਇਨ੍ਹਾਂ ਵਿਚ ਇਕ ਦਸਗੁਰ ਕਥਾ ਦੀ ਫ਼ੋਟੋ ਕਾਪੀ ਸੀ । ਜਿਹੜੀ ਕਿ ਪੰਜਾਬ ਪਬਲਿਕ ਲਾਇਬਰੇਰੀ ਲਾਹੌਰ ਐਕਸੈਸ਼ਨ ਨੰਬਰ ੧੯੮੪ ਤੋਂ ਲਈ ਗਈ ਸੀ । ਇਹ ਲਿਖਤ ਜਾਂ ਇਸ ਦੀ ਕਾਪੀ ਕਿਸੇ ਹੋਰ ਥਾਂ ਤੋਂ ਨਹੀਂ ਸੀ ਮਿਲਦੀ ।

ਪੰਜਾਬ ਪਬਲਿਕ ਲਾਇਬਰੇਰੀ ਲਾਹੌਰ ਵਿਚ ਦਸਗੁਰ ਕਥਾ ਵਾਲੇ ਸੰਚੇ ਵਿਚ ਦੋ ਹੱਥ ਲਿਖਤਾਂ ਹਨ-ਇਕ ਦਸਗੁਰ ਕਥਾ ਤੇ ਦੂਜਾ ਰਹਤਨਾਮਾ । ਇਹ ਰਹਤਨਾਮਾ ਭਾਈ ਪ੍ਰਹਿਲਾਦ ਸਿੰਘ ਵਾਲਾ ਹੈ । ਰਹਤਨਾਮੇ ਦੇ ਅੰਤ ਵਿਚ ਲਿਖਣ ਦਾ ਸੰਮਤ ੧੭੫੨ ਲਿਖਿਆ ਹੈ-'ਸੰਮਤ ਸਤ੍ਰੇ ਸਯ ਭਏ ਬਰਸ ਬਵੰਜ ਨਿਹਾਰ' । ਪਰ ਇਹ ਸੰਮਤ ਠੀਕ ਨਹੀਂ ਪਰਤੀਤ ਹੁੰਦਾ ਕਿਉਂਕਿ ਖਾਲਸੇ ਦਾ ਜਨਮ ੧੭੫੬ ਬਿਕਰਮੀ, ੧੬੯੯ ਈਸਵੀ ਵਿਚ ਹੋਇਆ ਹੈ ।

ਦਸਗੁਰ ਕਥਾ ਦਾ ਕਰਤਾ ਕਵੀ ਕੰਕਨ ਹੈ ਕਿਉਂਕਿ ਲਿਖਤ ਦੇ ਅਰੰਭ ਵਿਚ ਹੀ ਲਿਖਿਆ ਹੈ :-

ਅਥ ਕਵਿ ਕੰਕਨ ਕ੍ਰਿਤ ਸੰਖੇਪਤੇ ਦਸਗੁਰ ਕਥਾ ।

ਕਵੀ ਕੰਕਨ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚੋਂ ਸੀ । ਇਸ ਦੀ ਰਚਨਾ ਹਨੂੰਮਾਨ ਨਾਟਕ ਵਿਚ ਮਿਲਦੀ ਹੈ । ਹਨੂੰਮਾਨ ਨਾਟਕ ਦਾ ਸੰਸਕ੍ਰਿਤ ਤੋਂ ਉਲਥਾ

[1] ਇਹ ਲੇਖ ਗੁਰਮਤ ਪ੍ਰਕਾਸ਼, ਅੰਕ ਦਸੰਬਰ ੧੯੬੫ ਵਿਚ ਛਪਿਆ ਸੀ ।

ਜਹਾਂਗੀਰ ਦੇ ਸਮੇਂ ਹਰਦਾਸ[੧] ਨੇ ਕੀਤਾ ਤੇ ਇਸ ਦੀ ਸੁਧਾਈ ਤੇ ਵਾਧੇ ਗੁਰੂ ਗੋਬਿੰਦ ਸਿੰਘ ਜੀ ਦੇ ਪੰਡਤ ਕੇਸੋਦਾਸ[੨] ਤੇ ਕਵੀ ਕੰਕਨ ਨੇ ਕੀਤੇ । ਹਨੂੰਮਾਨ ਨਾਟਕ ਵਿਚ ਕਵੀ ਕੰਕਨ ਦੀਆਂ ਇਹ ਸਤਰਾਂ ਮਿਲਦੀਆਂ ਹਨ :-

ਤਬ ਜਨਕਿ ਕੋ ਹਰਿ ਕਾਨਨ ਟੇਰਿ
ਗਏ ਸਰਤੀਰ ਤ੍ਰਿਖਾ ਜਲ ਕੀ ।
ਕਹਿ ਕੰਕਨ ਨੇਕ ਭਈ ਦ੍ਰਿਗ ਸੀਤਲ
ਸੰਪਤ ਦੇਖ ਰਤੋਪਲ ਕੀ ।
'ਅਲਿ ਕੋਸ ਗਏ ਅਥਏ ਦਿਨਨਾਥ
ਲਈ ਛਵਿ ਤੇ ਨਲਿ ਨੀਦਲ ਕੀ ।
ਮਲ ਮਿਤ੍ਰ ਵਿਯੋਗ ਪਰੇ ਮੁਰਝਾਇ
ਡਲੀ ਮੁਖਿ ਮੇਲ ਹਲਾਹਲ ਕੀ [੩]

ਦਸਗੁਰ ਕਥ ਦੇ ਰਚਨ ਦੇ ਕਾਲ ਬਾਰੇ ਆਪ ਕਵੀ ਨੇ ਕੋਈ ਸੰਮਤ ਆਦ ਨਹੀਂ ਲਿਖਿਆ ਪਰ ਉਸ ਦੀ ਰਚਨਾ ਸਾਖੀ ਭਰਦੀ ਹੈ ਕਿ ਕੰਕਨ ਨੇ ਇਹ ਕਿਰਤ ਦਸਮ ਪਾਦਸ਼ਾਹ ਦੇ ਜੋਤੀ ਜੋਤ ਸਮਾਣ ਤੋਂ ਪਿਛੋਂ ਲਿਖੀ ਹੈ । ਖਾਲਸੇ ਨੂੰ ਗੁਰਿਆਈ ਮਿਲ ਚੁਕੀ ਸੀ ਜਿਸ ਤਰ੍ਹਾਂ ਕਿ ਕਵੀ ਲਿਖਦਾ ਹੈ :-

ਐਸਾ ਪੰਥ ਗੁਰੂ ਕਾ ਹੂਆ ।
ਜਾ ਕੇ ਸਮਸਰ ਅਵਰ ਨ ਦੂਆ ।
ਕਾਨ ਕਿਸੀ ਕੀ ਨਾਹਿ ਧਰਾਵੈ ।
ਆਪ ਖਾਲਸਾ ਗੁਰੂ ਕਹਾਵੈ ।

ਗੁਰੂ ਗੋਬਿੰਦ ਸਿੰਘ ਜੀ ਦੀ ਸ਼ਹੀਦੀ ਪਿਛੋਂ ਸ਼ਹੀਦੀਆਂ ਦਾ ਸਮਾਂ ਅਰੰਭ ਹੋ ਗਿਆ । ਸਿੰਘਾਂ ਪਿਛੇ ਸ਼ਾਹੀ ਫੌਜਾਂ ਲਗ ਗਈਆਂ ਸਨ । ਬੰਦੇ ਦੇ ਰਾਜ ਰੌਲੇ ਨੇ ਮੁਗ਼ਲਾਂ ਨੂੰ ਬਹੁਤ ਭੈ=ਭੀਤ ਕਰ ਦਿਤਾ ਸੀ । ਇਸ ਭਿਆਨਕ ਸਮੇਂ ਨੂੰ ਕਵੀ ਨੇ ਇਉਂ ਦਰਸਾਇਆ ਹੈ । ਜਿਵੇਂ ਕਿ ਖਾਲਸੇ ਨੇ ਸਵਾ ਲਖ ਸ਼ਹੀਦੀ ਦੇਣੀ ਹੁੰਦੀ ਹੈ :-

ਯਾਹੀ ਤੇ ਇਸ ਪੰਥ ਮੈ ਅਬ ਲੌ ਨਾਹੀ ਸੁਖ ।
ਸਵਾ ਲਾਖ ਮਰ ਚੁਕੇ ਜਬ ਤਬ ਉਤਰੇ ਸਭ ਦੂਖ ।

੧. ਸੰਮਤ ਬਿਕ੍ਰਮ ਲਿਖਤ ਮਹੇਸ਼ ਖਟ ਸਤ ਅਸੀਹ ਬਰ, ਚੇਤ੍ਰ ਚਾਦਨੀ ਦੂਜ ਛਤ੍ਰ ਜਹਾਗੀਰ ਸੁਭਟਤਰ
੨. ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ ਪੰਡਤ ਕੇਸ਼ੋ ਦਾਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹਨੂੰਮਾਨ ਨਾਟਕ ਵਿਚ ਵਾਧੇ ਕੀਤੇ । ਗੁਰਸ਼ਬਦ ਰਤਨਾਕਰ
੩. ਭਾਈ ਕਾਨ੍ਹ ਸਿੰਘ, ਗੁਰਸ਼ਬਦ ਰਤਨਾਕਰ ।

ਸ਼ਹੀਦੀਆਂ ਦੇ ਸਮੇਂ ਵਿਚ ਸਿਖਾਂ ਦੇ ਉਚ ਆਦਰਸ਼ ਨੇ ਹੀ ਉਤਸ਼ਾਹ ਦਿਤਾ ਤੇ ਜੂਝਣ ਲਈ ਪ੍ਰੇਰਣਾ ਦਿੱਤੀ । ਇਹ ਉਚ ਆਦਰਸ਼ ਖਾਲਸੇ ਦੇ ਰਾਜ ਦਾ ਆਦਰਸ਼ ਸੀ । ਕਵੀ ਕੰਕਨ ਲਿਖਦਾ ਹੈ ।

ਸਬੈ ਸਵਾਰ ਕਹਾਵਹਿ ਸਾਹੁ ।
ਐਸਾ ਗੁਰੂ ਚਲਾਯਾ ਰਾਹੁ ।
ਜੇਤੇ ਜਗ ਮਹਿ ਫਿਰਹਿ ਪਯਾਦੇ ।
ਤਿਨਕਾ ਨਾਮ ਭਯਾ ਸਹਿਜਾਦੇ ।
ਗਾਓ ਗਾਓ ਦਿਲੀ ਠਹਿਰਾਈ ।
ਘਰ ਘਰ ਮਹਿ ਟਕਸਾਲ ਲਵਾਈ ।

ਸਾਹਿਤਕ ਦ੍ਰਿਸ਼ਟੀਕੋਣ ਤੋਂ ਸਦਗੁਰ ਕਥਾ ਇਕ ਮਹਾਨ ਰਚਨਾ ਹੈ । ਜਿਵੇਂ ਗੁਰੂ ਗੋਬਿੰਦ ਸਿੰਘ ਜੀ ਬ੍ਰਿਜ, ਫ਼ਾਰਸੀ ਤੇ ਲਹਿੰਦੀ (ਪੰਜਾਬੀ) ਦਾ ਮਿਲਵਾ ਤੇ ਨਿਖਰਵਾਂ ਪ੍ਰਯੋਗ ਕਰਨ ਵਿਚ ਬਹੁਤ ਨਿਪੁੰਨ ਸਨ ਇਸੇ ਤਰ੍ਹਾਂ ਕਵੀ ਕੰਕਨ ਇਸ ਛੋਟੀ ਜਹੀ ਰਚਨਾ ਵਿੱਚ ਸਾਰੀਆਂ ਵੰਨਗੀਆਂ ਪੇਸ਼ ਕਰਦਾ ਹੈ । ਗੁਰੂ ਹਰਿਗੋਬਿੰਦ ਸਾਹਿਬ ਨਾਲ ਯੁਧ ਕਰਦਿਆਂ ਪਠਾਨ ਇਹ ਕਹਿੰਦਾ ਹੈ ।

ਨਾਂ ਈਂ ਕਾਰੇ ਤਿਫਲਾਂ ਜੰਗ ਬਾਜ਼ੀ ।
ਦਰ ਈਂ ਜਾ ਸਦ ਹਜ਼ਾਰਾਂ ਅਸਪ ਤਾਜ਼ੀ ।

ਜਿਥੇ ਭਾਖਾ ਦਾ ਜੋਰ ਹੈ ਉਥੇ ਵੀ ਕਵੀ, ਅਖਰਾਂ ਦੀ ਚੋਣ ਵਿੱਚ ਰਾਗ ਪੈਦਾ ਕਰਨ ਦਾ ਯਤਨ ਕੀਤਾ ਹੈ । ਜਿਵੇਂ ਕਿ ਗੁਰੂ ਜੀ ਕਰਦੇ ਸਨ:-

ਪੀਯ ਕੇ ਮੇਲ ਮੇ ਕਾਮਨੀ ਕੇਲਿ ਮੇ ਕੰਚਨ ਮੰਦਰ ਮਾਹਿ ਬਸਾਏ ।
ਅੰਬਰ ਓਰ ਪਟੰਬਰ ਮੇ ਨਹੀ ਹੀਰੇ ਔ ਮਾਨਕ ਅੰਗ ਲਗਾਏ ।
ਛੇ ਰਸ ਬਿੰਜਨ ਮਾਹ ਨਹੀ ਸੁਖ ਔਰ ਰਵੇ ਜਗ ਜਾਬ ਹੰਢਾਏ ।
ਐਸੋ ਨ ਸੂਕ ਹੈ ਦੂਸਰਿ ਠੌਰ ਮੇ ਜੋ ਗੁਰ ਅਰਜਨ ਨਾਮ ਧਯਾਏ ।

ਕਿਧਰੇ ਕਿਧਰੇ ਬੋਲੀ ਏਨੀ ਸਰਲ ਤੇ ਸੁਭਾਵਕ ਹੈ ਕਿ ਅੱਜ ਵੀ ਹਰ ਕੋਈ ਬਿਨਾ ਔਕੜ ਦੇ ਸਮਝ ਸਕਦਾ ਹੈ । ਕੈਸੀ ਸੁਹਣੀ ਠੇਠ ਤੇ ਟਕਸਾਲੀ ਪੰਜਾਬੀ ਲਿਖੀ ਹੈ:-

ਤੁਸੀਂ ਮੁਗਲ ਪਠਾਣ ਕਹਾਇ ਕੇ ਜੀ
ਭੋਰਾ ਖੌਫ਼ ਨ ਕਿਸੇ ਦਾ ਰਖਦੇ ਹੋ ।
ਡਾਢੇ ਰਬ ਨੂੰ ਮੂਲ ਨ ਯਾਦ ਕਰਦੇ
ਏਵੇਂ ਮਰਗ ਪਯਾਲੜਾ ਚਖਦੇ ਹੋ ।

ਰਬੁ ਚਾਇ ਫ਼ਕੀਰਾਂ ਨੂੰ ਸਾਹੁ ਕਰੇ
ਮੀਆਂ ਭੇਤ ਨ ਰੱਬ ਦਾ ਲਖਦੇ ਹੋ।
ਕਰੇ ਢਾਹ ਕੇ ਸਾਫ ਓਹ ਪਰਬਤਾਂ ਨੂੰ
ਤੁਸੀਂ ਕਉਨ ਕੀਮਨੜੇ ਕਖ ਦੇ ਹੋ।
ਕਹਿਆ ਗੁਰੂ ਸੁਣਾਯ ਕੇ ਸਭਨਾ ਨੂੰ
ਅਸੀਂ ਜੰਗ ਤੋਂ ਮੂਲ ਨ ਸੰਗਦੇ ਹਾਂ।
ਤੁਸੀਂ ਬਾਜ ਹੀ ਬਾਜ ਪੁਕਾਰ ਦੇ ਹੋ
ਅਸੀਂ ਤਾਜ ਤੁਹਾਡਾ ਭੀ ਮੰਗਦੇ ਹਾਂ।

ਕਵੀ ਕੰਕਨ ਵਿਚ ਇਹ ਸਮਰਥਾ ਹੈ ਕਿ ਇਕ ਆਮ ਘਟਨਾ ਨੂੰ ਬਿਆਨ ਕਰਨ ਵਿੱਚ ਇਕ ਕਾਵਿ-ਮਈ ਵਾਤਾਵਰਣ ਪੈਦਾ ਕਰ ਦਿੰਦਾ ਹੈ। ਗੁਰੂ ਹਰਿਕ੍ਰਿਸਨ ਜੀ ਦੇ ਜੋਤੀ ਜੋਤ ਸਮਾਣ ਨੂੰ ਕਿਵੇਂ ਕਾਵਿ-ਮਈ ਢੰਗ ਨਾਲ ਦਸਿਆ ਹੈ:

ਤੀਨ ਹੀ ਬਰਸ ਕਰੀ ਗੁਰਿਆਈ
ਤੋ ਸੁਰ ਪੁਰ ਤੇ ਭਈ ਆਇ ਰਵਾਰੀ।
ਇੰਦਰ ਪੁਰੀ ਮੇ ਅੰਧੇਰ ਪਰਾ
ਹੇ ਗੁਰ ਬੇਗ ਕਰੋ ਅਸਵਾਰੀ।
ਤੇਤੀਸ ਕ੍ਰੋੜ ਬਸੈ ਤਿਹ ਦੇਵ
ਸੁਬਾਟ ਤਿਹਾਰੀ ਕੋ ਨੈਣ ਨਿਹਾਰੀ।
ਦਰਸ ਦਿਖਾਵਨ ਕੋ ਤਿਨ ਕੋ
ਗੁਰ ਬਾਲ ਅਵਸਥਾ ਮੇ ਕੀਨੀ ਤਿਯਾਰੀ।

ਦਸਗੁਰ ਕਥਾ ਵਿਚ ਕਵੀ ਨੇ ਪ੍ਰਸੰਗਾਂ ਦੀ ਤਰਤੀਬ ਨਾਲ, ਯੁਧਾਂ ਦੇ ਵਰਣਨ ਨਾਲ ਤੇ ਵਿਸ਼ੇਸ਼ ਕਰਕੇ ਭਾਈ ਬਿਧੀ ਚੰਦ ਦੇ ਬਹਾਦਰੀ ਦੇ ਕਰਤਬਾਂ ਨੂੰ ਵਿਸਥਾਰ ਨਾਲ ਦਸ ਕੇ ਬੀਰ ਰਸ ਪੈਦਾ ਕੀਤਾ ਹੈ। ਇਹ ਬੀਰ ਰਸੀ ਕਵਿਤਾ ਘਟਨਾ ਦੇ ਨਾਲ-ਨਾਲ ਚਲਦੀ ਹੈ, ਜਿਵੇਂ ਕਿ ਗੁਰੂ ਹਰਗੋਬਿੰਦ ਸਾਹਿਬ ਦੇ ਯੁਧ ਦਾ ਵਰਣਨ ਕੀਤਾ ਹੈ :-

ਸੂਰਨ ਅਸ ਚਮਕਾਈ ਬਲਹ ਸੰਭਾਰ ਕਰ।
ਸਤ੍ਰਨ ਸਨਮੁਖ ਮਾਰਹਿ ਜਾਇ ਪੁਕਾਰ ਕਰ।
ਜਿਸ ਤਨ ਜਾਗੈ ਏਕ ਕਰੈ ਦੋ ਖੰਡ ਹੀ
ਹੋ ਮਾਨੋ ਜਾਗੈ ਆਇ ਤਿਸੈ ਜਮ ਡੰਡ ਹੀ।

ਇਸੇ ਤਰ੍ਹਾਂ ਇਕ ਹੋਰ ਉਦਾਹਰਣ ਦੇਖੋ:-

ਗੁਰੂ ਰਸਨਾ ਤੋਂ ਇਹ ਉਚਾਰ ਕੇ ਜੀ
ਘੋੜਾ ਮੇਲ ਮੈਦਾਨ ਦੇ ਵਿਚ ਆਯਾ।
ਖੰਡਾ ਧੂਹ ਮਯਾਨ ਥੋ ਜੁਦਾ ਕੀਤਾ,
ਹਥੀ ਵੂਹੀ ਪਠਾਨ ਦੇ ਸੀਸ ਲਾਯਾ ।
ਜਿਵੇ ਰੁਖ ਦਾ ਚੀਰ ਕਰਵਤ ਪਾਵੇ
ਤਿਵੇ ਜੁਸਾ ਪਠਾਨ ਦਾ ਦਿਸ ਆਇਆ ।

ਕਵੀ ਕੰਕਨ ਆਪਣੇ ਵੀਚਾਰਾਂ ਨੂੰ ਪ੍ਰਗਟਾਉਣ ਲਈ ਪੁਰਾਤਨ ਗ੍ਰੰਥਾਂ ਤੇ ਗਾਥਾਵਾਂ ਦੇ ਹਾਵਾਲੇ ਤੇ ਅਲੰਕਾਰ ਦਿੰਦਾ ਹੈ । ਕਵੀ ਹਨੂਮਾਨ ਨੂੰ ਸਭ ਤੋਂ ਬਲੀ ਮੰਨਦਾ ਹੈ ਤੇ ਉਸ ਦੇ ਜ਼ੋਰ, ਤੀਖਣਤਾ ਤੇ ਬਲ ਨੂੰ ਅਲੰਕਾਰਾਂ ਦੁਆਰਾ ਦਸਿਆ ਹੈ :-

ਰਾਮ ਚੰਦ ਜੈਸੀ ਕ੍ਰਿਪਾ ਹਨੂਮਾਨ ਕੇ ਕੀਨ ।
ਸੋਈ ਪਦਵੀ ਬਿਧੀ ਚੰਦ ਵਾਹਿਗੁਰੂ ਤੇ ਲੀਨ ।...........
ਜੇਤਾ ਬਲੁ ਹਨਵੰਤ ਮੈ ਸੁਈ ਪੰਥ ਕੇ ਮਾਹਿ ।
ਤਿਉ ਪੀਛੇ ਦਸਗੁਰਨ ਤੇ ਸਿਖ ਜਾਨ ਹਨੂਮਾਨ ।

ਇਹਨਾਂ ਪੁਰਾਤਨ ਹਵਾਲਿਆਂ ਵਿਚੋਂ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਵਿਚੋਂ ਦਿਤੇ ਅਲੰਕਾਰ ਸਭ ਤੋਂ ਜ਼ਿਆਦਾ ਹਨ ਜਿਵੇਂ:-

ਕ੍ਰਿਸ਼ਨ ਕੇ ਜਨਮ ਸਮਾਨ ਅਚਾਨਕ
ਆਈ ਹੈ ਏਕ ਨਿਸਾ ਅੰਧਿਯਾਰੀ ।
ਤਿਨ ਕਾ ਸੁਤ ਗੋਬਿੰਦ ਸਿੰਘ ਸਭ ਗੁਰੂਅਨ ਸਿਰ ਮੌਰ
ਜੈਸੇ ਅਵਤਾਰ ਮੈ ਕ੍ਰਿਸਨ ਸਮਾਨ ਨ ਔਰ ।
ਮਾਨੀ ਹੈ ਭੇਦ ਜਬ ਬਿਪਕੋ ਭੰਦਲ ਭੀਲਨਿ ਕੇ ਫਲ ਸਯਾਮ ਕਨਾਈ ।
ਮਾਨਹੁ ਫੇਰ ਲੀਯਾ ਅਵਤਾਰ ਕਲਯੁਗ ਮੇ ਨਿਜ ਆਨ ਕਨਾਈ ।

ਸ੍ਰੀ ਅੰਮ੍ਰਿਤਸਰ ਦੀ ਮਹਿਮਾ ਕਰਦੇ ਹੋਏ ਕਵੀ ਨੂੰ ਦੁਆਰਕਾ, ਗੋਕਲ ਤੇ ਮਥਰਾ ਚੇਤੇ ਆ ਜਾਂਦੀਆਂ ਹਨ.-

ਆਰ ਰਚਾਈ ਦੁਆਰਕਾ ਸਿਆਮ ਜੀ
ਤਾਕੇ ਸਮਾਨ ਨ ਦੇਖਨ ਪਾਈ ।
ਗੋਕਲੇ ਅਰ ਔ ਧਰੂਹ ਕੇ ਮਥਰਾ ਹੂੰ ਕੇ
ਬਾਸ ਤੇ ਜਾਨ ਸਵਾਈ ।

ਇਸੇ ਤਰ੍ਹਾਂ ਦਰੋਪਤੀ, ਅਜਾਮਲ, ਬਿਭੀਖਣ ਆਦਿ ਸਭ ਦਾ ਕਥਨ ਇਕੋ ਸਤਰ ਵਿੱਚ ਕਵੀ ਨੇ ਲੇ ਆਂਦਾ ਹੈ.-

ਤਾਰੀ ਗਨਕਾ, ਉਧਾਰ ਅਜਾਮਲ

ਜੰਗ ਬਿਬੀਖਣ ਰਾਜ ਦਿਵਾਯਾ ॥

ਜਿਥੇ ਕਵੀ ਕੰਕਨ ਪੁਰਾਤਨ ਸੰਸਕ੍ਰਿਤੀ ਤੋਂ ਭਲੀ ਪਰਕਾਰ ਜਾਣੂ ਸੀ, ਉਥੇ ਉਹ ਗੁਰਮਤਿ ਆਸ਼ੇ ਤੋਂ ਅਨਜਾਣ ਨਹੀਂ ਸੀ। ਸਤਿਗੁਰੂਆਂ ਨੇ ਸਿਖੀ ਦਾ ਆਦਰਸ਼ ਦੁਨੀਆਂ ਵਿੱਚ ਰਹਿ ਕੇ ਦੁਨੀਆਂ ਤੋਂ ਅਲੇਪ ਰਹਿਣ ਦਾ ਦਸਿਆ ਹੈ, ਜਿਸ ਤਰ੍ਹਾਂ ਕਮਲ ਫੁੱਲ ਜਲ ਤੋਂ ਉਚੇਰਾ ਰਹਿੰਦਾ ਹੈ। ਸਿੱਖ ਦਾ ਦੁਨੀਆਂ ਨਾਲ ਪਰਵਿਰਤੀ ਤੇ ਨਿਰਵਿਰਤੀ ਦਾ ਸਨਬੰਧ ਹੈ, ਜੋਗ ਤੇ ਭੋਗ ਦਾ ਸੰਤੋਲ ਹੈ। ਗੁਰੂ ਗੋਬਿੰਦ ਸਿੰਘ ਜੀ ਇਥੇ ਜੀਵਨ ਜਾਚ ਨੂੰ 'ਦੇਗ਼ ਤੇਗ ਜਗ ਮਹਿ ਦੋਊ ਚਲੈ' ਦੇ ਰੂਪ ਵਿਚ ਦਸਿਆ ਹੈ। ਕਵੀ ਕੰਕਨ ਨੇ ਸਿਖ ਮਤ ਦੇ ਇਸ ਅਸੂਲ ਨੂੰ ਬਹੁਤ ਅੱਛੀ ਤਰ੍ਹਾਂ ਦੋ ਹੀ ਸਤਰਾਂ ਵਿੱਚ ਦਰਸਾਇਆ ਹੈ:-

ਦੇਗ ਤੇਗ ਦੋਨੋ ਗਹੀ ਰਾਜ ਜੋਗ ਦੁਇ ਕੀਨ।

ਜੋਗ ਭੋਗ ਦੋਨੋ ਕੀਏ ਉਤਮ ਪਦਵੀ ਲੀਨ।

ਕਵੀ ਕੰਕਨ ਉਤੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤੀ ਅਤੇ ਰਚਨਾਂ ਦਾ ਬਹੁਤ ਪ੍ਰਭਾਵ ਪਾਇਆ ਹੈ। ਗੁਰੂ ਸਾਹਿਬ ਇਕ ਨਿਪੁੰਨ ਲੇਖਕ ਵਾਂਗੂੰ ਬ੍ਰਿਜ ਤੇ ਫਾਰਸੀ ਦੋਹਾਂ ਦਾ ਬਹੁਤ ਯੁਕਤੀ ਨਾਲ ਪ੍ਰਯੋਗ ਕਰਦੇ ਸਨ। ਉਹਨਾਂ ਦੀਆਂ ਰਚਨਾਵਾਂ ਵਿੱਚ ਇਹਨਾਂ ਦੋਹਾਂ ਭਾਸ਼ਾਵਾਂ ਦਾ ਸੁਹਣਾ ਸੁਮੇਲ ਹੈ। ਭਾਵੇਂ ਕਵੀ ਕੰਕਨ ਉਸ ਸੁਮੇਲ ਵਾਲੀ ਸ਼ੈਲੀ ਨੂੰ ਪੂਰੀ ਤਰ੍ਹਾਂ ਨਹੀਂ ਨਿਭਾ ਸਕਿਆ ਕਿਉਂਕਿ ਉਸਦੀ ਰਚਨਾ ਵਿੱਚ ਇਹ ਦੋਵੇਂ ਭਾਸ਼ਾਵਾ ਅੱਡ-ਅੱਡ ਹੋ ਕੇ ਚਲਦੀਆਂ ਹਨ ਤੇ ਬਾਂਹ ਵਿਚ ਬਾਂਹ ਪਾਕੇ ਨਹੀਂ ਟੁਰਦੀਆਂ, ਪਰ ਉਸਦੀ ਸ਼ੈਲੀ ਤੇ ਵੀਚਾਰਾਂ ਦੀ ਸਾਂਝ ਤੇ ਬੋਲੀ ਦਸਮ ਗ੍ਰੰਥ ਨਾਲ ਕਾਫ਼ੀ ਮਿਲਦੀ ਹੈ। ਜਿਵੇਂ ਕਿ ਚੌਪਈ ਸਾਹਿਬ ਵਿਚ ਲਿਖਿਆ ਹੈ:-

ਏਕੈ ਰੂਪ ਅਨੂਪ ਸਰੂਪਾ। ਰੰਕ ਭਯੋ ਰਾਵ ਕਹੀ ਭੂਪਾ।

ਕਵੀ ਕੰਕਨ ਲਿਖਦਾ ਹੈ:-

ਏਕੈ ਰੂਪ ਅਨੂਪ ਸਰੂਪਾ।

ਦੇਵੀ ਦੇਵ ਚਹਤ ਜਿਹ ਭੂਪਾ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਬਚਿਤ੍ਰ ਨਾਟਕ ਵਿੱਚ ਲਿਖਿਆ ਹੈ:-

ਧਰਮ ਹੇਤ ਸਾਕਾ ਜਿਨ ਕੀਆ,

ਸੀਸ ਦੀਆ ਪਰ ਸਿਰਰ ਨ ਦੀਆ।.....

ਅਤੇ ਤਿਲਕ ਜੰਞੂ ਰਾਖਾ ਪ੍ਰਭ ਤਾਂਕਾ,

ਕੀਨੋ ਬਡੋ ਕਲੂ ਮਹਿ ਸਾਕਾ।

ਕਵੀ ਕੰਕਨ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਲਿਖਿਆ ਹੈ:-

ਸੀਸ ਦੀਆ ਤਿਹ ਸਤਿਗੁਰੂ ਸਿਰਰ ਨ ਦੀਨਾ ਜਾਇ,

ਜੰਞੂ ਟਿਕਾ ਰਾਖਯਾ ਚਲੇ ਰਾਮ ਗੁਣ ਗਾਇ ।

ਔਰੰਗਜ਼ੇਬ ਨੂੰ ਸੰਬੋਧਨ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰ ਨਾਮੇ ਵਿਚ ਲਿਖਿਆ ਹੈ:-

ਤੁਰਾ ਗਰ ਨਜ਼ਰ ਅਸਤ ਬਰ ਮੁਲਕੋ ਮਾਲ,

ਮਾ ਰਾ ਪਨਾਹ ਅਸਤ ਯਾਜ਼ਦਾਂ ਅਕਾਲ ।

ਤੈਨੂੰ ਜੇਕਰ ਮੁਲਕ ਤੇ ਦੌਲਤ ਤੇ ਮਾਣ ਹੈ ਤਾਂ ਮੈਨੂੰ ਅਕਾਲ ਪੁਰਖ ਦਾ ਆਸਰਾ ਹੈ।

ਗੁਰੂ ਹਰਿਗੋਬਿੰਦ ਜੀ ਦੇ ਮੁਖੋਂ, ਮੁਗ਼ਲ ਫ਼ੌਜਾਂ ਨਾਲ ਯੁਧ ਕਰਦਿਆਂ, ਇਸੇ ਭਾਵ ਦੇ ਬਚਨ ਕਹੇ ਦਰਸਾਏ ਹਨ । ਕਵੀ ਕੰਕਨ ਲਿਖਦਾ ਹੈ:-

ਤੁਸੀਂ ਫ਼ੌਜ ਦਾ ਕਰੋ ਗੁਮਾਨ ਯਾਰੋ

ਅਸੀਂ ਤਾਣ ਅਕਾਲ ਦਾ ਮੰਗਦੇ ਹਾਂ ।

ਦਸਮ ਗ੍ਰੰਥ ਵਿਚ ਲਿਖਿਆ ਹੈ:-

ਅਬ ਚੌਬੀਸ ਉਚਰੋਂ ਅਵਤਾਰਾ ।

ਜਿਹ ਬਿਧ ਤਿਨਕਾ ਲਖਾ ਅਖਾਰਾ ।

ਜਬ ਤਬ ਹੋਤ ਅਰਿਸਟ ਅਪਾਰਾ ।

ਤਬ ਤਬ ਦੇਹ ਧਰਤ ਅਵਤਾਰਾ ।

ਇਕ ਥਾਂ ਹੋਰ ਲਿਖਿਆ ਹੈ:-

ਆਦਿ ਅੰਤ ਏਕੋ ਅਵਤਾਰਾ ।

ਸੋਈ ਗੁਰੂ ਸਮਝੀਅਹੁ ਹਮਾਰਾ ।

ਕਵੀ ਕੰਕਨ ਲਿਖਦਾ ਹੈ:-

ਆਦਿ ਅੰਤ ਮਧ ਏਕੈ ਵਰਤਾਰਾ ।

ਨਾਉ ਚਾਉਬੀਸ ਏਕ ਅਧਾਰਾ ।

ਸਤ ਸਰੂਪ ਜਿਨ ਏਕ ਸੁਮਾਰਾ ।

ਨਾਨਕ ਜਨਮ ਜਗਤ ਨਿਸਤਾਰਾ ।

ਕਵੀ ਕੰਕਨ ਨੇ ਤਕਰੀਬਨ ਉਹ ਹੀ ਸਾਰੇ ਕਵਰੂਪ ਵਰਤੇ ਹਨ ਜਿਹੜੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾਂ ਵਿਚ ਵਰਤੇ ਹਨ । ਦਸਗੁਰੂ ਕਥਾ ਵਿਚ ਚੌਪਈ, ਸੋਰਠਾ, ਸਵੈਯਾ, ਦੋਹਾ, ਅੜਿੱਲ, ਰੁਬਾਈ, ਝੂਲਣੇ ਛੰਤ ਤੇ ਕਬਿਤ ਦਾ ਪ੍ਰਯੋਗ ਕੀਤਾ ਹੈ ।

ਕਵੀ ਕੰਕਨ ਪਹਿਲਾ ਲਿਖਾਰੀ ਹੈ ਜਿਸਨੇ ਗੁਰਮੁਖੀ ਅੱਖਰਾਂ ਵਿਚ ਦੁਤ ਅੱਖਰ ਵਰਤੇ ਤੇ ਵ, ਤ, ਹ, ਟ, ਨ ਆਦਿ ਅੱਖਰਾਂ ਨੂੰ ਅਧੇ ਰੂਪ ਵਿਚ ਪੈਰੀਂ ਲਿਖਣ ਦੀ ਪਰਪਾਟੀ ਤੋਰੀ। ਹੋਰ ਪੁਰਾਤਨ ਲਿਖਤਾਂ ਨਾਲੋਂ ਉਲਟ ਕਵੀ ਨੇ ਅਧਿਕ ਦਾ ਪ੍ਰਯੋਗ ਬੜੀ ਸਫਲਤਾ ਨਾਲ ਕੀਤਾ ਹੈ ।ਇਸਤੋਂ ਸਿਧ ਹੁੰਦਾ ਹੈ ਕਿ ਕਵੀ ਕੰਕਨ ਨੂੰ ਉਚਾਰਣ ਬੋਧ ਵਿੱਚ ਬਹੁਤ ਨਿਪੁੰਨਤਾ ਹਾਸਲ ਸੀ ।

ਇਤਿਹਾਸਕ ਦ੍ਰਿਸ਼ਟੀਕੋਣ ਤੋਂ ਦਸਗੁਰ ਕਥਾ ਇਕ ਅਦੁਤੀ ਰਚਨਾ ਹੈ ।ਇਸ ਵਿੱਚ ਸਪਸ਼ਟ ਲਿਖਿਆ ਕਿ ਗੁਰੂ ਨਾਨਕ ਸਾਹਿਬ ਨੇ ਗੁਰਮੁਖੀ ਅੱਖਰਾਂ ਦੀ ਵਰਤੋਂ ਕਰਕੇ ਸੁਖੈਨ ਲਿਪੀ ਨੂੰ ਹੋਂਦ ਵਿਚ ਲਿਆਂਦਾ ਤੇ ਸੰਸਕ੍ਰਿਤ ਦੀ ਕਠਨਤਾ ਤੋਂ ਬਚਾਇਆ:-

ਇਹ ਕੀਯਾ ਉਪਕਾਰ ਬਡਾ ।
ਗੁਰ ਅਛਰ ਬੇਦਨ ਕੇ ਪਲਟਾਏ ।........
ਧਨ ਧਨ ਨਾਨਕ ਗੁਰੂ ਕੀਨਾ ਪਰਉਪਕਾਰ।
ਅਛਰ ਕਾ ਪੁਲ ਬਾਧਕੇ ਸ੍ਰਿਸਟ ਉਤਾਰੀ ਪਾਰ ।

ਕੈਦ ਵਿਚ ਗੁਰੂ ਤੇਗ ਬਹਾਦਰ ਸਾਹਿਬ ਨੂੰ ਕਰਾਮਾਤ ਵਖਾਉਣ ਵਾਸਤੇ ਕਹਿਆ ਗਿਆ, ਪਰ ਗੁਰੂ ਜੀ ਨੇ ਇਨਕਾਰ ਕਰ ਦਿਤਾ:-

ਕਹੇ ਸਾਹੂ ਸਤਿਗੁਰੂ ਕੋ ਕੈਧਨ ਦੇਹ ਅਪਾਰ ।
ਕੈ ਕਰਾਮਾਤ ਦਿਖਾਓ ਤੂੰ ਹੋਵੇ ਤਉ ਛੁਟਕਾਰ ।
ਧਨ ਸਾਹੁਨ ਮੈ ਹੋਤ ਹੈ ਕਰਾਮਾਤ ਕੋ ਪੀਰ।
ਨਾ ਹਮ ਸਾਹੁ ਨ ਪੀਰ ਹੈ ਰਾਖਹੁ ਮਨ ਮੇ ਧੀਰ ।
ਬੁਰਾ ਕਰੋਗੇ ਆਪ ਕੋ ਭਲਾ ਕਰੋਗੇ ਆਪ ।
ਲੇਖਾ ਦਰਗਹ ਹੋਊਗਾ ਦੋਊ ਪੁੰਨ ਅਰ ਪਾਪ ।

ਸਿੱਖ ਪਰੰਪਰਾ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੇ ਬੰਦੀਖਾਨੇ ਵਿਚ ਸਲੋਕ ਲਿਖੇ ਹਨ ਜਿਹੜੇ ਕਿ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਤੇ ਸਲੋਕ ਮਹਲਾ ੯ ਦੇ ਨਾਂ ਨਾਲ ਪ੍ਰਸਿੱਧ ਹਨ । ਇਹਨਾਂ ਸਲੋਕਾਂ ਵਿਚ ਤੇ ਗੁਰੂ ਸਾਹਿਬ ਦੀ ਹੋਰ ਬਾਣੀ ਵਿੱਚ ਬਹੁਤ ਵੈਰਾਗ ਹੈ ।ਕਵੀ ਕੰਕਨ ਲਿਖਦਾ ਹੈ ਕਿ ਗੁਰੂ ਸਾਹਿਬ ਨੇਂ ਬਹੁਤ ਵੈਰਾਗ ਮਈ ਬਾਣੀ ਬੰਦੀਖ਼ਾਨੇ ਵਿਚ ਰਚੀ:-

ਤਹਾ ਬੈਠ ਸਤਿਗੁਰ ਨੇ ਬਾਣੀ ਕਰੀ ਅਨੇਕ ।
ਰਾਗ ਰਾਗ ਮੇ ਸਬਦ ਹੈ ਭੀਨੇ ਮੋਹਿ ਬਿਬੇਕ ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਮੁੱਢਲੇ ਕਾਰਨਾਂ ਤੇ ਕਰਤਾ ਨੇ ਕੋਈ ਚਾਨਣਾ ਨਹੀਂ ਪਾਇਆ, ਜੇਕਰ ਕਦੀ ਵਿਸਥਾਰ ਨਾਲ ਗੁਰੂ ਸਾਹਿਬ ਦੀ ਅਦੁਤੀ ਸ਼ਹੀਦੀ ਦੇ ਕਾਰਨਾਂ ਤੇ ਚਾਨਣਾ ਪਾਇਆ ਜਾਂਦਾ ਤਾਂ ਕਈ ਇਤਿਹਾਸਕ ਟਪਲੇ ਨਿਕਲ ਜਾਣੇ ਸਨ ।ਸ਼ਹੀਦੀ

ਬਾਰੇ ਸਿਟਾ ਉਹ ਹੀ ਕੱਢਿਆ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਕੱਢਿਆ ਸੀ, ਭਾਵ ਗੁਰੂ ਸਾਹਿਬ ਨੇ ਧਰਮ ਦੀ ਰਖਿਆ ਲਈ ਸੀਸ ਦਿੱਤਾ ।

ਕਰਤਾ ਦੇ ਕਥਨ ਅਨੁਸਾਰ ਖਾਲਸਾ ਸਾਜਣ ਪਿਛੋਂ ਗੁਰੂ ਸਾਹਿਬ ਨੇ ਕੇਵਲ ਅਕਾਲ ਪੁਰਖ ਨੂੰ ਮੰਨਣ ਦੀ ਤਾਕੀਦ ਕੀਤਾ, ਹੋਰ ਦੇਵੀ ਦੇਵਤਿਆਂ ਦਾ ਖੰਡਨ ਕੀਤਾ । ਇਹ ਉਪਦੇਸ਼ ਦੇਣ ਵਾਲਾ ਗੁਰੂ ਆਪ ਕਿਵੇਂ ਦੇਵੀ ਪੂਜ ਹੋ ਸਕਦਾ ਹੈ ? ਗੁਰੂ ਸਾਹਿਬ ਦੇ ਦਸੇ ਉਪਦੇਸ਼ਾਂ ਨੂੰ ਕਵੀ ਕੰਕਨ ਨੇ ਵਿਸਥਾਰ ਸਹਿਤ ਦਸਿਆ ਹੈ, ਉਹ ਲਿਖਦਾ ਹੈ:-

ਤਬ ਤੇ ਗੁਰੂ ਪੰਥ ਇਹ ਕੀਨਾ,
ਹੁਕਮ ਅਵਰ ਕਾ ਰਹਨ ਨ ਦੀਨਾ ।
ਬਾਣੀ ਕਰੀ ਅਕਾਲ ਅਕਾਲ,
ਚਰਨ ਬਰਨ ਜਪ ਹੋਇ ਨਿਹਾਲ ।
ਅਕਾਲ ਪੁਰਖ ਕਾ ਜਾਪ ਜੁ ਕਰੈ,
ਸੋ ਨਰ ਕਾਲ ਫਾਸ ਨਹੀਂ ਪਰੈ ।

ਗੁਰੂ ਸਾਹਿਬ ਨੇ ਵਿਸ਼ੇਸ਼ ਕਰਕੇ ਦੇਵੀ ਦੇਵਤਿਆਂ ਦੀ ਪੂਜਾ ਤੋਂ ਸਿਖਾਂ ਨੂੰ ਵਰਜਤ ਕੀਤਾ:-

ਕਲ ਮਹਿ ਹੋਹਿ ਪਖੰਡ ਅਨੇਕਾ,
ਜੋ ਮਮ ਸਿਖ ਨ ਮਾਨੈ ਏਕਾ ।
ਟਾਮਨ ਕਰ ਕੋਊ ਭੀਤ ਨਚਾਵੈ,
ਤੌ ਭੀ ਮਮ ਸਿਖ ਨਾਹੀ ਭਾਵੈ ।
ਨਿਜ ਅੰਗੁਰੀ ਤੇ ਦੂਧ ਚੁਆਵਹਿ,
ਆਪ ਆਪ ਕੋ ਗੁਰੂ ਕਹਾਵਹਿ ।
ਸਿਖ ਹੋਇ ਸੁ ਮਾਨੈ ਨਾਹੀ,
ਬਚਨ ਮੋਹਿ ਰਾਖੇ ਮਨ ਮਾਹੀ ।

ਗੁਰੂ ਸਾਹਿਬ ਨੇ ਪੀਰਾਂ ਫ਼ਕੀਰਾਂ ਦੀ ਮਾਨਤਾ ਦਾ ਖੰਡਨ ਕਰਕੇ ਅਰਦਾਸ ਨੂੰ ਮਹਾਨਤਾ ਦਿਤੀ ਹੈ :-

ਪੀਰਨ ਤੇ ਔ ਫਕੀਰਨ ਤੇ ਕੋਊ ਕਾਮ ਨ ਸੌਰਤ ਹੈ ਕਲ ਮਾਹੀ ।
ਹੋਇ ਹੈ ਕਾਜ ਬਿਲੰਬ ਬਿਨਾਂ ਜਬ ਸਿਖਨ ਪੈ ਅਰਦਾਸ ਕਰਾਹੀ ।

ਜਿਹੜੇ ਸਿਖ ਆਪਣੇ ਗੁਰੂ ਨੂੰ ਛੱਡ ਕੇ ਹੋਰ ਇਸ਼ਟਾਂ ਮਗਰ ਭਜਦੇ ਹਨ ਉਹਨਾਂ ਬਾਰੇ ਕਵੀ ਲਿਖਦਾ ਹੈ :-

ਜੋ ਗੁਰ ਤਯਾਗ ਅਵਰ ਪਹਿ ਜਾਵਹਿ,
ਅਧਿਕ ਦੁਖ ਸੋਈ ਨਰ ਪਾਵਹਿ ।
ਪਰਗੁਰ ਜੈਸੇ ਪਰ ਭਰਤਾਰਾ,
ਰਮੈ ਤੀਯ ਸੋ ਕਹੈ ਛਿਨਾਰਾ ।
ਨ ਸੁਸਰਾਰ ਨ ਪੇਈਐ ਥਾਉ,
ਤਿਨ ਕਾ ਕੋਊ ਲੇਤ ਨ ਨਾਉ ।

ਸਿਖ ਇਤਿਹਾਸ ਵਿਚ ਕਵੀ ਕੰਕਨ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਲਿਖਾਰੀ ਹੈ । ਜਿਸ ਨੇ ਗੁਰੂ ਸਾਹਿਬ ਦੇ ਖਾਲਸਾ ਸਾਜਨ ਸਮੇਂ ਦੇ ਉਪਦੇਸ਼ ਅੰਕਤ ਕੀਤੇ ਹਨ । ਪਿਛੋਂ ਲਿਖੇ ਰਹਿਤ-ਨਾਮਿਆਂ ਵਿਚ ਗੁਰੂ ਸਾਹਿਬ ਦੇ ਸਿਧੇ ਸਾਦੇ ਅਸੂਲਾਂ ਤੇ ਉਪਦੇਸ਼ਾਂ ਨੇ ਹੋਰ ਰੂਪ ਧਾਰ ਲਿਆ । ਮੁਢਲੇ ਰੂਪ ਵਿਚ ਗੁਰੂ ਸਾਹਿਬ ਦੇ ਉਪਦੇਸ਼ ਇਹ ਹਨ :-

੧. ਕੇਸ ਰਖ ਕੇ ਪਹੁਲ ਲੈਣੀ-

ਕੀਨਾ ਉਦਮ ਪੰਥ ਕਾ ਪੰਚ ਸਿਖ ਮੰਗਵਾਯ ।
ਪਹੁਲ ਗੁਰ ਤਿਨ ਕੋ ਦਈ ਸਿਰ ਪਰ ਕੇਸ ਰਖਾਯ ।

੨. ਬੁਰੇ ਕੰਮਾਂ ਨੂੰ ਛੱਡ ਕੇ ਚੰਗੇ ਕੰਮ ਕਰਨੇ ਤੇ ਪੰਜਾਂ ਨਾਲ ਮੇਲ ਨਾ ਰਖਣਾ :

ਪੰਚ ਮੇਲ ਸੁ ਨਾ ਮਿਲਹੁ ਬਚਨ ਕੀਯਾ ਗੁਰ ਇਹੁ ।
ਬੁਰੇ ਕਾਜ ਕੋ ਤਿਆਗ ਕੇ ਭਲਾ ਹੋਇ ਕਰ ਲਿਹੁ ।
ਪੰਚ ਮਲ ਯਹ ਕਵਨ ਹੈ ਸੋ ਭੀ ਕਹੋ ਸੁਨਾਇ ।
ਮੀਣੇ ਅਵਰ ਮਸੰਦੀਏ ਭਦਣੀਏ ਨ ਮਿਲਾਇ ।
ਧੀਰ ਮਲੀਏ ਕੁੜੀਮਾਰ ਇਨ ਸੌ ਭਲਾ ਨ ਮੇਲੁ ।
ਇਨ ਪਾਂਚੋਂ ਕਉ ਤਯਾਗ ਕੈ ਕਰਹੁ ਜਗਤ ਸਹਿ ਕੇਲ ।

੩. ਗੁਰੂ ਜੀ ਨੇ ਆਪਣਾ ਰੂਪ ਖਾਲਸੇ ਨੂੰ ਦਿਤਾ :

ਵਾਹਿਗੁਰੂ ਇਹ ਬਚਨ ਸੁਨਾਯਾ ।
ਗੁਰੂ ਖਾਲਸਾ ਨਾਮ ਧਰਾਯਾ ।
ਤੁਮ ਮੇਰੇ ਮੈ ਤੁਮਰਾ ਹੂਆ ।
ਤੁਮਰਾ ਹਮਰਾ ਗੁਰੂ ਨ ਦੂਆ
ਸਿਖ ਸਭੈ ਹਮਰੇ ਗੁਰ ਹੋਤੁਮ.....
ਮੈ ਹੋ ਗੁਰ ਜਗ ਮਾਹਿ ਤੁਮਾਰਾ ।
ਜੋ ਕਰਿ ਹੈ ਤੁਮਰਾ ਕਉ ਦਰਸ਼ਨ ।

ਕੀਯਾ ਤਿਨ ਸਉਂ ਦਰਸੁ ਹਮਾਰਾ ।

੪. ਪੰਜਾਂ ਸਿਖਾਂ ਦੀ ਅਰਦਾਸ ਪੂਰੀ ਹੋਵੇਗੀ :

ਜੋ ਤੁਮ ਮਾਂਗ ਲਹੋ ਮਿਲ ਪਾਂਚ
ਸੋਈ ਕਛੁ ਹੋਇ ਨ ਲਾਗਹੋ ਬਾਰਾ ।
ਹੈ ਅਰਦਾਸ ਮੈ ਆਇ ਰਹਾ
ਫਲ ਜੋ ਕਲਿ ਮੈ ਕੋਊ ਮਾਂਗਨਹਾਰਾ ।

੫. ਅਕਾਲ ਪੁਰਖ ਦਾ ਜਾਪ ਜਪਣਾ:-

ਅਕਾਲ ਪੁਰਖ ਕਾ ਜਾਪੁ ਜੁ ਕਰੈ
ਸੋ ਨਰ ਕਾਲ ਫਾਸਿ ਨਹੀ ਪਰੈ ।
ਤਾਂ ਤੇ ਕਹੀਏ ਧੰਨ ਅਕਾਲ
ਜਾਤੇ ਛੂਟ ਜਾਇ ਜਮ ਜਾਲਿ

ਕਵੀ ਕੰਕਨ ਨੇ ਸਪੱਸ਼ਟ ਦਸਿਆ ਹੈ ਕਿ ਇਹ ਉਪਦੇਸ਼ ਉਸਨੇ ਕੋਲੋਂ ਬਣਾਕੇ ਨਹੀਂ ਲਿਖੇ ਸਗੋਂ ਗੁਰੂ ਸਾਹਿਬ ਨੇ ਜਿਵੇਂ ਦਸੇ ਹਨ ਉਸੇ ਤਰ੍ਹਾਂ ਲਿਖੇ ਹਨ । ਉਹ ਲਿਖਦਾ ਹੈ :-

ਜੋ ਸਿਖਨ ਕੋ ਗੁਰ ਕਹਿਆ ਸੋ ਮੈ ਕਹਾ ਸੁਨਾਇ ।
ਕਵਿ ਕੰਕਨ ਗੁਰ ਚਰਨ ਪਰ ਸਦ ਬਲਿਹਾਰੇ ਜਾਇ ।

ਕਵਿਤਾ ਦੇ ਦ੍ਰਿਸ਼ਟੀਕੋਣ ਤੋਂ ਕਵੀ ਕੰਕਨ ਦੀ ਕਵਿਤਾ ਗੁਰੂ ਗੋਬਿੰਦ ਸਿੰਘ ਕਾਲ ਦੀ ਪ੍ਰਤੀਨਿਧਤਾ ਕਰਦੀ ਹੈ । ਭਾਵੇਂ ਘਟਨਾਵਾਦੀ ਕਵਿਤਾ ਹੈ ਪਰ ਭਾਵਕਤਾ ਦੀ ਲਹਿਰ ਨਾਲ ਮਖ਼ਮੂਰ ਹੈ । ਇਤਿਹਾਸ ਦੇ ਦ੍ਰਿਸਟੀਕੋਣ ਤੋਂ ਇਹ ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦਾ ਸਮਕਾਲੀ ਇਤਿਹਾਸ ਹੈ । ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਕਵੀ ਕੰਕਨ ਦਾ ਕਥਨ ਤਾਂ ਕੀਤਾ ਜਾਂਦਾ ਹੈ, ਪਰ ਉਸਦੀ ਲਿਖਤ ਛਪੀ ਹੋਈ ਨਹੀਂ ਮਿਲਦੀ । ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਦਸਗੁਰ ਕਥਾ ਦਾ ਮੂਲ ਪਾਠ ਸੰਪਾਦਨ ਕੀਤਾ ਤੇ ਖਾਲਸ ਸਮਾਚਾਰ ਅੰਮ੍ਰਿਤਸਰ ਨੇ ੧੯੬੭ ਈਸਵੀ ਵਿੱਚ ਛਾਪਿਆ ਹੈ ।

ਆਧੁਨਿਕਤਾ ਦੇ ਪ੍ਰਤੀਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਇਸ ਸਮੇਂ ਜੀਵਨ ਦੇ ਸਵਾਲ ਗੁੰਝਲਦਾਰ ਬਣਦੇ ਜਾ ਰਹੇ ਹਨ, ਦੁਨੀਆਂ ਇਕ ਮਿਕ ਹੋ ਰਹੀ ਹੈ ਤੇ ਰੇਡੀਓ ਤੇ ਹਵਾਈ ਜਹਾਜ਼ਾਂ ਵਰਗੀਆਂ ਕਾਢਾਂ ਨੇ ਦੁਨੀਆਂ ਨੂੰ ਇਕ ਟੱਬਰ ਜਾਂ ਇਕ ਸ਼ਹਿਰ ਵਾਂਗੂੰ ਬਣਾ ਦਿੱਤਾ ਹੈ। ਇਸ ਮੇਲ ਦਾ ਸਦਕਾ, ਦੁਨੀਆਂ ਦੇ ਦ੍ਰਿਸ਼ਟੀ ਕੋਣ ਦਿਨ ਬਦਿਨ ਹੋਰ ਦੇ ਹੋਰ ਹੁੰਦੇ ਜਾ ਰਹੇ ਹਨ ਤੇ ਕੋਈ ਕੌਮ ਜਾਂ ਕੋਈ ਕਬੀਲਾ ਇਸ ਨਵੇਂ ਜੁਗ ਵਿਚ ਆਪਣੇ ਆਪ ਨੂੰ ਤੇ ਆਪਣੀ ਸਭਿਅਤਾ ਨੂੰ ਜ਼ਮਾਨੇ ਦੀਆਂ ਤਹਿਰੀਕਾਂ ਤੋਂ ਤੇ ਬਦਲਦਿਆਂ ਦ੍ਰਿਸ਼ਟੀਕੋਣਾਂ ਤੋਂ ਲੁਕਾ ਕੇ ਨਹੀਂ ਰੱਖ ਸਕਦਾ। ਇਸ ਵੇਲੇ ਪੜ੍ਹੇ ਲਿਖੇ ਤਬਕੇ ਵਿਚ ਦਿਮਾਗੀ ਤੌਰ ਤੇ ਬੜੀ ਹਲਚਲ ਹੈ, ਕਿਉਂਕਿ ਪੁਰਾਤਨਤਾ ਜ਼ੋਰ ਲਾ ਰਹੀ ਹੈ ਆਪਣੀ ਪਕੜ ਨੂੰ ਪੱਕਾ ਰੱਖਣ ਦੀ ਪਰ ਜ਼ਮਾਨਾ ਵਧੀ ਜਾ ਰਿਹਾ ਹੈ ਆਪਣੀ ਪੂਰੀ ਰਿਫਤਾਰ ਤੇ ਪੁਰਾਣੇ ਖਿਆਲਾਂ ਦੀਆਂ ਖੋਰੂ ਚੱਟਾਨਾਂ ਨੂੰ ਤੋੜਦਾ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ ਇਸ ਨਵੇਂ ਜੁਗ ਵਿਚ ਵੀ, ਜਦੋਂ ਕਿ ਪੱਛਮੀ ਖਿਆਲਾਂ ਦਾ ਹੜ੍ਹ ਵਹਿਮਾਂ ਤੇ ਭਰਮਾਂ ਨੂੰ ਤੋੜੀ ਜਾ ਰਿਹਾ ਹੈ, ਇਕ ਚਾਨਣ-ਮੁਨਾਰੇ ਦਾ ਕੰਮ ਦੇਂਦੇ ਹਨ, ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਚਾਰ ਦੇ ਮੂਲ ਮੰਤਵ ਉਹੀ ਹਨ, ਜੋ ਅੱਜ ਕੱਲ ਦੀਆਂ ਨਵੀਆਂ ਤਹਿਰੀਕਾਂ ਦੇ ਹਨ।

ਸ੍ਰੀ ਗੁਰੂ ਜੀ ਤੇ ਸਾਮਵਾਦ

ਅੱਜਕਲ ਦੇ ਸਾਮਵਾਦ ਦਾ ਕਰਤਾ ਕਾਰਲ ਮਾਰਕਸ ਮੰਨਿਆ ਜਾਂਦਾ ਹੈ, ਜਿਸ ਦਾ ਕਹਿਣਾ ਸੀ-''ਹੇ ਦੁਨੀਆਂ ਦੇ ਮਜ਼ਦੂਰੋ, ਇਕੱਠੇ ਹੋ ਜਾਵੋ।'' ਉਸ ਦਾ ਭਾਵ ਇਹ ਸੀ ਕਿ ਦੁਨੀਆਂ ਦੀਆਂ ਕਿਰਤੀ ਜਾਤੀਆਂ, ਜਿਹੜੀਆਂ ਕਿ ਸਾਡੀ ਸਮਾਜ ਦੀਆਂ ਸਭ ਤੋਂ ਨੀਵੀਆਂ ਤਹਿਵਾਂ ਗਿਣੀਆਂ ਜਾਂਦੀਆਂ ਹਨ, ਨੂੰ ਸੁਤਿਆਂ ਨਹੀਂ ਰਹਿਣਾ ਚਾਹੀਦਾ ਤੇ ਆਪਣੇ ਆਲੇ ਦੁਆਲੇ ਦੇ ਨਿਜ਼ਾਮ ਨੂੰ, ਜਿਹੜਾ ਕਿ ਸਾਮਰਾਜੀ ਜਾਂ ਸਰਮਾਇਆਦਾਰੀ ਦਾ ਹੈ, ਬਦਲ ਦੇਣਾ ਚਾਹੀਦਾ ਹੈ ਤਾਂ ਜੋ ਦੁਨੀਆਂ ਦੇ ਟੱਬਰ ਵਿਚ ਮਜ਼ਦੂਰ ਤੇ ਕਿਸਾਨ ਓਹੀ ਦਰਜਾ ਹਾਸਲ ਕਰ ਸਕਣ ਜੋ ਇਕ ਸਰਮਾਇਆ ਦਾਰ ਨੂੰ ਹਾਸ਼ਲ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਸੂਲ ਨੂੰ ਆਪਣੇ ਤਜਰਬਹੇ ਵਿਚ ਲਿਆਂਦਾ, ਜਿਸ ਨੂੰ ਸੌ ਸਾਲ ਪਿਛੋਂ ਕਾਰਲ ਮਾਰਕਸ ਨੇ ਵਰਤਕੇ ਦੁਨੀਆਂ ਦੇ ਮਜ਼ਦੂਰਾਂ ਨੂੰ ਉਭਾਰਿਆ, ਗੁਰੂ ਸਾਹਿਬ ਨੇ ਜਦ ਇਹ ਵੇਖਿਆ ਕਿ ਮੁਸਲਮਾਨਾਂ ਦੀਆਂ ਸਾਮਰਾਜੀ ਤਾਕਤਾਂ ਜਨਤਾ ਦੀਆਂ ਧਾਰਮਕ, ਆਰਥਕ ਤੇ ਸਾਮਰਾਜੀ ਹੱਕਾਂ ਤੇ ਛਾਪਾ ਮਾਰ ਰਹੀਆਂ ਹਨ ਤਾਂ ਉਨ੍ਹਾਂ ਨੇ ਨੀਵੀਆਂ ਜਾਤਾਂ (ਛੀਬਾਂ, ਲੁਹਾਰ ਆਦਿ) ਨੂੰ ਇਕ ਸਾਮਵਾਦ ਦੀ ਅਵੱਸਥਾ ਤੇ ਆਦਾਂ ਤੇ ਆਪਣੇ ਆਪ ਨੂੰ ਉਨ੍ਹਾਂ ਦੇ ਨਾਲ ਇਕ-ਮਿਕ ਕੀਤਾ। ਉਚ-

ਇਹ ਲੇਖ ਪੈਂਫਲੇਟ ਦੇ ਰੂਪ ਵਿਚ ੧੯੪੯ ਦੇ ਦਸਮ ਪਿਤਾ ਦੇ ਗੁਰਪੁਰਬ ਤੇ ਛਾਪ ਕੇ ਵਾਈ: ਐਮ: ਐਸ: ਦੇ ਨਵੀਂ ਦਿੱਲੀ ਵਲੋਂ ਵੰਡਿਆ ਗਿਆ।

ਨੀਚਤਾ ਦੇ ਟੋਏ ਟਿੱਬੇ ਢਾਹ ਦਿੱਤੇ । ਗੁਰੂ ਸਾਹਿਬ ਨੇ ਸਾਮਵਾਦ ਦੀ ਇਕ ਜਮਾਤ ਕਾਇਮ ਕੀਤੀ । ਉਨ੍ਹਾਂ ਦੇ ਮੁਰਦੇ ਦਿਲਾਂ ਵਿਚ ਆਪਣੇ ਮਾਤਾ, ਪਿਤਾ ਤੇ ਪੁੱਤਰਾਂ ਤੇ ਆਪਣੇ ਆਪ ਦੇ ਖ਼ੂਨ ਨਾਲ ਇਨਜੰਕਸ਼ਨ ਕੀਤਾ ਤੇ ਉਨ੍ਹਾਂ ਨੀਵੀਂ ਜਾਤਾਂ ਦੇ ਕਿਰਤੀਆਂ ਕੋਲੋਂ ਮੁਗਲਾਂ ਦੀਆਂ ਸਾਮਰਾਜੀ ਤਾਕਤਾਂ ਨੂੰ ਭਾਂਜ ਦਿਵਾਈ । ਇਹ ਗੁਰੂ ਸਾਹਿਬ ਦੀ ਨੀਵੀਆਂ ਜਾਤਾਂ ਨੂੰ ਉਭਾਰਨ ਦੀ ਕਰਾਮਾਤ ਸੀ, ਜਿਸ ਦਾ ਕਿ ਸੰਦੇਸ਼ਾ ਨਵੀਨ ਜ਼ਮਾਨੇ ਦੇ ਸਾਮਵਾਦੀਆਂ ਨੇ ਬਹੁਤ ਚਿਰ ਪਿਛੋਂ ਦਿੱਤਾ ।

ਪੱਛਮ ਦੇ ਇਕ ਉੱਘੇ ਸਾਮਵਾਦੀ ਨੇ ਧਰਮ ਨੂੰ "ਹਫੀਮ" ਕਿਹਾ ਹੈ, ਅਥਵਾ ਉਹ ਕਹਿੰਦਾ ਹੇ ਕਿ ਮਜ਼ਬ ਇਨਸਾਨ ਨੂੰ ਸਰਮਾਇਆਦਾਰੀ ਨਾਲ ਜੰਗ ਕਰਨ ਤੋਂ ਰੋਕਦਾ ਹੈ ਤੇ ਉਸ ਨੂੰ ਸੰਤੁਸ਼ਟਤਾ ਦੀ ਨੀਂਦਰੇ ਸਵਾ ਦੇਂਦਾ ਹੇ । ਇਹ ਹਾਲ ਭਾਵੇਂ ਯੂਰਪ ਦੇ ਮਜ਼ਬਾਂ ਦਾ ਹੋਵੇ, ਜਿਥੇ ਕਿ ਕੇਵਲ ਇਕੋ ਇਨਸਾਮ ਨੂੰ ਰੱਬ ਦਾ ਦਰਜਾ ਹਾਸਲ ਹੈ ਪਰ ਪੂਰਬ ਵਿਚ ਤੇ ਖਾਸ ਕਰਕੇ ਸਿੱਖ ਮਤ ਤੇ ਇਹ ਗੱਲ ਉੱਕਾ ਹੀ ਨਹੀਂ ਢੁਕਦੀ । ਇਥੇ ਅਸੀਂ ਵੇਖਦੇ ਹਾਂ ਕਿ ਮਜ਼ਬੀ ਨੇਤਾ ਜਿਥੇ ਜਨਤਾ ਦੇ ਮਜ਼ਬੀ ਹੱਕਾਂ ਦੀ ਰਾਖੀ ਕਰਦੇ ਹਨ ਉਥੇ ਉਹ ਫੌਜਾਂ ਵੀ ਤਿਆਰ ਕਰਦੇ ਹਨ ਤੇ ਬਾਹਰਲੇ ਹਮਲਾਵਰਾਂ ਦਾ ਟਾਕਰਾ ਭੀ ਕਰਦੇ ਹਨ । ਸੁਤੀ ਜਨਤਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਤਰ੍ਹਾਂ ਟੁੰਬਦੇ ਹਨ ਤੇ ਜਗਾਂਦੇ ਹਨ :-

ਧਨ ਜੀਯੋ ਤਹਕੋ ਜਗਮੇਂ ਮੁਖਤੇ ਹਰ ਚਿਤ ਮੋ ਜੁਧ ਵਿਚਾਰੇ ।
ਦੇਹ ਅਨਿਤ ਨ ਨਿਤ ਰਹੇ ਜਸ ਨਾਵ ਚੜੇ ਭਵ ਸਾਗਰ ਤਾਰੇ ।
ਧੀਰਜ ਧਾਮਬਨਾਇਇ ਹੇ ਤਨ ਬੁਧ ਸੁਦੀਪਕ ਜਿਉ ਉਜੀਆਰੇ ।
ਗਿਆਨੇ ਕੀ ਬਢਨੀ ਮਨੋਹਾਥ ਲੈ ਕਾਤਰਤਾ ਕੋਤਵਾਰ ਬੁਹਾਰੇ ।

ਗੁਰੂ ਸਾਹਿਬ ਨੇ ਕੇਵਲ ਜਨਤਾ ਨੂੰ ਹੀ ਕੁਰਬਾਨੀ ਕਰਨ ਲਈ ਨਹੀਂ ਉਭਾਰਿਆ, ਸਗੋਂ ਆਪ ਸਭ ਤੋਂ ਵਧ ਕੁਰਬਾਨੀ ਕੀਤੀ ਤੇ ਹਰ ਵਕਤ ਕੁਰਬਾਨੀ ਲਈ ਤਿਆਰ ਰਹੇ । ਨਿਮਨ ਲਿਖਤ ਤੁਕਾਂ ਉਨ੍ਹਾਂ ਦੇ ਉਤਸ਼ਾਹ ਤੇ ਆਤਮਕ ਅਵਸਥਾ ਦੀਆਂ ਪ੍ਰਤਿਬਿੰਬ ਹਨ :-

ਦੇਹ ਸ਼ਿਵਾ ਬਰ ਮੋਹਿ ਇਹੈ
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ।
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ,
ਨਿਸਚੇ ਕਰ ਅਪਨੀ ਜੀਤ ਕਰੋਂ ।
ਅਰ ਸਿੱਖ ਹੋ ਅਪਨੇ ਮਨ ਕੋ,
ਇਹ ਲਾਲਚ ਹਉ ਗੁਨ ਤਉ ਉਚਰੋਂ ।
ਜਬ ਆਵਕੀ ਅਉਧ ਨਿਦਾਨ ਬਨੇ,
ਅਤ ਹੀ ਰਣ ਮੈ ਤਬ ਜੂਝ ਮਰੋਂ ।।

ਇਸ ਲਈ ਜੇਕਰ ਕੌਮਾਂਤ੍ਰੀ ਤੇ ਕਮਿਊਨਿਸਟਿਕ ਨੁਕਤਾ ਨਿਗਾਹ ਤੋਂ ਵੇਖਿਆ ਜਾਏ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਉਪਦੇਸ਼, ਕਥਨੀ, ਤੇ ਕਰਨੀ ਸੋਸ਼ਲਇਜ਼ਮ ਦੇ ਢੇਰ ਚਿਰ ਪਹਿਲਾਂ ਸੋਸ਼ਲਇਜ਼ਮ ਦੀਆਂ ਨੀਹਾਂ ਧਰਨ ਵਾਲੇ ਸਨ ਅਤੇ ਅਸੀਂ ਉਨ੍ਹਾਂ ਨੂੰ ਹਿੰਦ ਵਿਚ ਸਾਮਵਾਦ ਦੇ ਮੋਢੀ ਕਹਿ ਸਕਦੇ ਹਾਂ ।

ਗੁਰੂ ਜੀ ਤੇ ਸ਼ਾਂਤਮਈ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਸਵਾਏ ਸ੍ਰੀ ਹਰ ਗੋਬਿੰਦ ਸਾਹਿਬ ਦੇ ਸਭ ਗੁਰੂਆਂ ਨੇ ਸ਼ਾਂਤਮਈ ਰੱਖੀ । ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਾਬਰ ਦੀ ਕੈਦ ਵਿਚ ਚੱਕੀ ਪੀਸਣੀ ਤੇ ਉਸ ਨੂੰ ਕਹਿਣਾ :-

ਕਹੈ ਨਾਨਕ ਸੁਨ ਬਾਬਰ ਮੀਰ
ਤੁਝ ਜੋ ਮਾਂਗੈ ਸੋ ਅਹਿਮਦ ਫ਼ਕੀਰ ।

ਇਕ ਪੂਰੇ ਸਤਿਆਗ੍ਰਹੀ ਦਾ ਨਾਹਰਾ ਸੀ । ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੱਚ ਖਾਤਰ ਜਹਾਂਗੀਰ ਦਾ ਟਾਕਰਾ ਕਰਨਾ ਤੇ ਤਤੀ ਲੋਹ ਤੇ ਬੈਠਣਾਂ ਇਕ ਪੂਰਨ ਸ਼ਾਂਤਮਈ ਦਾ ਸੂਚਕ ਸੀ । ਸ੍ਰੀ ਗੁਰੂ ਹਰ ਕ੍ਰਿਸ਼ਨ ਜੀ ਤੋਂ ਲੈ ਕੇ ਗੁਰੂ ਤੇਗ਼ ਬਹਾਦਰ "ਹਿੰਦ ਦੀ ਚਾਦਰ" ਤਕ ਗੁਰੂ ਸਾਹਿਬਾਨ ਦਾ ਸਤਿਆਗ੍ਰਹਿ ਕਰਨ ਦਾ ਤਰੀਕਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਇਸ ਤਰ੍ਹਾਂ ਵਰਨਣ ਕਰਦੇ ਹਨ :-

ਗਰੀਬੀ ਗਦਾ ਹਮਾਰੀ
ਖੰਨਾ ਸਗਲ ਰੇਨੁ ਛਾਰੀ
ਇਸੁ ਆਗੇ ਕੋਇ ਟਿਕੈ ਨ ਵਿਕਾਰੀ ।

ਸਮਾਂ ਤੇਜ਼ੀ ਨਾਲ ਬੀਤਦਾ ਗਿਆ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੇਖਿਆ ਕਿ "ਅਹਿੰਸਾ ਪਰਮੋ ਧਰਮਾ" ਹਿੰਦ ਵਾਸੀਆਂ ਦੇ ਹੱਡਾਂ ਵਿਚ ਰਚ ਚੁਕਿਆ ਹੈ । ਉਨ੍ਹਾਂ ਅਨੁਭਵ ਕੀਤਾ ਕਿ ਸ਼ਾਂਤਮਈ ਨੇ ਬਾਹਰਲੇ ਧਾੜਵੀਆਂ ਦੇ ਹੌਸਲੇ ਵਧਾਏ ਹੋਏ ਸਨ ਤੇ ਉਹ ਅਹਿੰਸਾ ਦੇ ਪੁਜਾਰੀਆਂ ਦੀ ਪ੍ਰਵਾਹ ਨ ਕਰਦੇ ਹੋਏ ਉਨ੍ਹਾਂ ਦੀ ਇਜ਼ਤ, ਮਾਲ ਤੇ ਦੌਲਤ ਤੇ ਹਥ ਪਾਣੋਂ ਵੀ ਸੰਕੋਚ ਨਹੀਂ ਕਰਦੇ ਸਨ । ਉਨ੍ਹਾਂ ਵੇਖਿਆ ਤੇ ਅਨੁਭਵ ਕੀਤਾ ਕਿ ਹਿੰਦ ਨੂੰ ਉਸ ਵੇਲੇ ਖੜਗ ਧਾਰੀ ਸਿੰਘਾਂ ਦੀ ਲੋੜ ਸੀ ਜੋ ਮਜ਼ਲੂਮਾਂ ਦੀ ਰੱਖਿਆ ਕਰ ਸਕਨ ਤੇ ਇਨਸਾਫ਼ ਵਾਲੀ ਹਕੂਮਤ ਕਾਇਮ ਕਰ ਸਕਨ । ਗੁਰੂ ਸਾਹਿਬ ਨੇ ਇਸ ਮੰਤਵ ਨੂੰ ਮੁਖ ਰੱਖਦਿਆਂ ਹੋਇਆਂ ਸ੍ਰੀ ਕੇਸ ਗੜ੍ਹ ਦੇ ਇਤਿਹਾਸਕ ਅਸਥਾਨ ਤੇ ਬੜਾ ਭਾਰੀ ਸਮਾਗਮ ਕੀਤਾ ਤੇ ਮੁਰਦਾ ਕੌਮ ਨੂੰ ਆਪਣੇ ਪਿਤਾ, ਮਾਤਾ ਆਪਣੇ ਬੱਚਿਆਂ ਤੇ ਆਪਣੇ ਆਪ ਦੇ ਖੂਨ ਨਾਲ ਪਰਬਲ ਕੀਤਾ । ਖਾਲਸੇ ਦਾ ਜਨਮ ਖੰਡੇ ਦੀ ਧਾਰ ਵਿਚੋਂ ਹੋਇਆ । ਛੀਂਬੇ, ਦਰਜ਼ੀ ਤੇ ਨਾਈਆਂ ਦੇ ਹੱਥਾਂ ਵਿਚ ਕਿਰਪਾਨਾਂ ਫੜਾ ਕੇ ਗੁਰੂ ਸਾਹਿਬ ਨੇ ਹਿੰਦ ਦੇ ਇਤਿਹਾਸ ਵਿਚ ਇਕ ਨਵਾਂ ਡਰਾਮਾਂ ਕੀਤਾ ਜਿਸ ਵਿਚ ਚਿੜੀਆਂ ਨੇ ਬਾਜਾਂ ਵਾਲੇ ਕਰਤੱਵ ਕਰਕੇ ਵਖਾਏ ।

ਜਿਸ ਤਰ੍ਹਾਂ ਕੋਈ ਕਾਮਲ ਡਾਕਟਰ ਔਪਰੇਸ਼ਨ ਕਰਦਾ ਹੈ ਤਾਂ ਉਸ ਦੇ ਦਿਲ ਵਿਚ ਮਰੀਜ਼ ਵਾਸਤੇ ਘਿਰਨਾ ਨਹੀਂ ਹੁੰਦੀ ਸਗੋਂ ਉਸ ਵਾਸਤੇ ਸ਼ੁਭ ਇਛਾਵਾਂ ਹੁੰਦੀਆਂ ਹਨ ਜਿਨ੍ਹਾਂ ਦਾ ਸਦਕਾ ਮਰੀਜ਼ ਦਾ ਉਪਰੇਸ਼ਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਜੀ ਨੇ ਜਨਤਾ ਦੀ ਭਲਾਈ ਲਈ ਤੇ ਦੇਸ਼ ਦੀ ਰੱਖਿਆ ਲਈ ਤਲਵਾਰ ਨੂੰ ਆਖ਼ਰੀ ਵਸੀਲਾ ਸਮਝ ਕੇ ਵਰਤੋਂ ਵਿਚ ਲਿਆਂਦਾਂ। ਗੁਰੂ ਜੀ ਫੁਰਮਾਂਦੇ ਹਨ :

ਚੁ ਕਾਰ ਅਜ਼ ਹਮਾਂ ਹੀਲਏ ਦਰ ਗੁਜ਼ਸਤ।
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ।

ਅਥਵਾ ਜਦੋਂ ਸਾਰੇ ਤਰੀਕੇ ਹਥੋਂ ਗੁਜ਼ਰ ਜਾਨ ਤੇ ਕੋਈ ਤਰੀਕਾ ਨ ਰਹੇ ਤਾਂ ਉਸ ਵੇਲੇ ਤਲਵਾਰ ਨੂੰ ਫੜਨਾ ਜਾਇਜ਼ ਹੈ।

ਨਿਹਥੀ ਜਨਤਾ ਲਈ, ਗਰੀਬ ਦੀ ਰੱਖਿਆ ਲਈ ਤੇ ਜ਼ੁਲਮ ਨੂੰ ਕਟਣ ਲਈ ਤਲਵਾਰ ਦੀ ਵਰਤੋਂ ਦੀ ਇਕ ਤਰ੍ਹਾਂ ਦਾ ਸ਼ਾਂਤਮਈ ਦੇ ਸਤਿਆਗ੍ਰਹਿ ਵਾਂਗੂੰ ਹੈ ਕਿਉਂਕਿ ਜਿਸ ਵੇਲੇ ਕਿਸੇ ਜ਼ਾਲਮ ਦੇ ਮਨ ਦੀ ਅਵਸਥਾ ਇਸ ਤਰ੍ਹਾਂ ਹੋ ਜਾਏ ਕਿ ਉਸ ਦੇ ਦਿਲ ਦੀਆਂ ਅਤ੍ਰੀਵ ਤੈਹਾਂ ਵਿਚੋਂ ਵੀ ਸਦਾ ਲਈ ਭਲਾਈ ਦਾ ਖਿਆਲ ਗੁਮ ਹੋ ਜਾਏ ਤਾਂ ਕਿਸੇ ਯੰਤਰ ਨਾਲ ਉਨ੍ਹਾਂ ਨੂੰ ਸੋਧਣਾ ਦੁਨੀਆਂ ਦਾ ਭਲਾ ਕਰਨ ਵਾਲੀ ਗਲ ਹੈ। ਇਸ ਬਾਰੇ ਇਹ ਗਲ ਚੇਤੇ ਰੱਖਣੀ ਚਾਹੀਦੀ ਹੈ ਕਿ ਗੁਰੂ ਸਾਹਿਬ ਕਿਸੇ ਮਜ਼੍ਹਬ ਦੇ ਬਰਖ਼ਲਾਫ਼ ਜੰਗ ਨਹੀਂ ਸਨ ਕਰ ਰਹੇ ਸਗੋਂ ਉਨ੍ਹਾਂ ਦਾ ਮੋਰਚਾ ਜ਼ੁਲਮ ਤੇ ਜਬਰ ਦੇ ਬਰਖ਼ਲਾਫ਼ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਸੇ ਧਰਮ ਜਾਂ ਮਤ ਦੀ ਵਿਰੋਧਤਾ ਦੇ ਖਿਆਲ ਤੋਂ ਬਗੈਰ ਇਨਸਾਫ ਤੇ ਨਿਆਂ ਦੇ ਅਸੂਲਾਂ ਤੇਂ ਪਰਬਤ ਵਾਂਗੂੰ ਸਾਰਾ ਜੀਵਨ ਅਡੋਲ ਰਹੇ, ਜਿਸ ਤਰ੍ਹਾਂ ਕਿ ਭੱਟਾਂ ਨੇ ਕਿਹਾ ਹੈ-''ਝਖੜਿ ਵਾਉਨ ਨ ਡੋਲਈ ਪਰਬਤੁ ਮੇਰਾਣੁ।'' ਵਾਸਤਵ ਵਿਚ ਉਨ੍ਹਾਂ ਨੂੰ ਹਿੰਦੂ ਮੁਸਲਮਾਨ ਵਿਚ ਕੋਈ ਫਰਕ ਨਜ਼ਰ ਹੀ ਨਹੀਂ ਆਉਂਦਾ ਸੀ ਅਤੇ ਉਹ ਕੇਵਲ ਇਨਸਾਫ ਦੇ ਅਸੂਲ ਤੇ ਹੀ ਸਾਰੀ ਉਮਰ ਲੜਦੇ ਰਹੇ। ਉਨ੍ਹਾਂ ਦਾ ਫੁਰਮਾਨ ਹੈ :-

ਦੇਹਰਾ ਮਸੀਤ ਸੋਈ, ਪੂਜਾ ਓ ਨਮਾਜ਼ ਉਹੀ।
ਮਾਨੁਸ਼ ਸਭੇ ਏਕ ਪੈ ਅਨੇਕ ਕੋ ਪਰਭਾਓ ਹੈ।

ਇਨਸਾਨੀਅਤ ਦੇ ਮੋਢੀ

ਜਿਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਵਤਾਰ ਧਾਰਿਆ ਉਸ ਵੇਲੇ ਧਾਰਮਕ ਅਵੱਸਥਾ ਬਹੁਤ ਖਰਾਬ ਸੀ। ਉਨ੍ਹਾਂ ਤੋਂ ਪਹਿਲਾਂ ਭਾਵੇਂ ਦੂਸਰਿਆਂ ਗੁਰੂ ਸਾਹਿਬਾਂ ਨੇ ਮਨੁੱਖ ਦਾ ਧਿਆਨ ਉਸ ਦੀਆਂ ਅੰਦਰੂਨੀ ਤਾਕਤਾਂ ਵਲ ਦਿਵਾਇਆ ਸੀ ਤੇ ਕਿਹਾ ਸੀ :-

''ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।''

ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੇਲੇ ਵੀ ਵਹਿਮ ਤੇ ਪਾਖੰਡਾਂ ਦੇ ਬਦਲ ਇਨਸਾਨੀ ਆਤਮਕ ਸ਼ਕਤੀਆਂ ਤੇ ਛਾਏ ਹੋਏ ਸਨ ਕਿਉਂਕਿ ਦਸਮ ਪਾਤਸ਼ਾਹ ਫੁਰਮਾਂਦੇ ਹਨ :

ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸ ਕੀਨ ।
ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਦੀਨ ।

ਗੁਰੂ ਜੀ ਨੇ ਵੇਖਿਆ ਕਿ ਇਨਸਾਨ, ਜਿਹੜਾ ਰੱਬ ਦਾ ਸਰੂਪ ਹੈ ਮੰਦ੍ਰਾਂ ਤੇ ਮਸਜਦਾਂ ਵਿਚ ਮੱਥੇ ਰਗੜਦਾ ਹੈ, ਦੇਵੀ ਤੇ ਦੇਵਤਿਆਂ, ਮੜ੍ਹੀਆਂ-ਮਸਾਨਾਂ ਨੂੰ ਪੂਜਦਾ ਹੈ ਤੇ ਮੰਤਰਾਂ ਦੇ ਰਟਣ ਨੂੰ ਅਕਾਲ ਪੁਰਖ ਦੀ ਪ੍ਰਾਪਤੀ ਦਾ ਸਾਧਨ ਸਮਝਦਾ ਹੈ ਤਾਂ ਗੁਰੂ ਸਾਹਿਬ ਨੇ ਇਸ ਭੁਲੜ ਇਨਸਾਨ ਨੂੰ ਹਲੂਣਿਆ ਤੇ ਇਸ ਦਾ ਧਿਆਨ ਉਸ ਦੇ ਅੰਤ੍ਰੀਵ ਪਿਆਰ ਦੇ ਸੋਮੇ ਵਲ ਦਿਵਾਇਆ ਤੇ ਕਿਹਾ :-

ਕਹਾ ਭਯੋ ਦੋਊ ਲੋਚਨ ਮੂੰਦਕੈ ਬੈਠ ਰਹਯੋ ਬਕ ਧਯਾਨ ਲਗਾਇਯੋ ।
ਨ੍ਹਾਤ ਫਿਰਿਓਲੀਏ ਸਾਤ ਸਮੁਦ੍ਰਨ ਲੋਕ ਗਯੋ ਪਰਲੋਕ ਗਵਾਯੋ ।
ਬਾਸ ਕੀਓ ਬਿਖਿਆਨ ਸੁ ਬੈਠ ਕੇ ਐਸੋ ਹੀ ਐਸ ਸੁ ਬੈਸ ਬਿਤਾਇਓ ।
ਸਾਚ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੱਥਰ ਪੂਜਣ ਵਾਲਿਆਂ ਨੂੰ ਸਿਵਲਿੰਗ ਆਦ ਗਲ ਵਿਚ ਲਟਕਾਣ ਵਾਲਿਆਂ ਨੂੰ, ਪੂਰਬ ਜਾਂ ਪੱਛਮ ਵਲ ਸਿਰ ਨਿਵਾਣ ਵਾਲਿਆਂ ਨੂੰ "ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ" ਕਿਹਾ ਹੈ । ਗੁਰੂ ਸਾਹਿਬ ਸਾਫ ਤੇ ਖੁਲੇ ਸ਼ਬਦਾਂ ਵਿਚ ਕਹਿੰਦੇ ਹਨ:-

ਕਈ ਰਾਮ ਕ੍ਰਿਸ਼ਨ ਰਸੂਲ । ਬਿਨ ਭਗਤ ਨਾਹ ਕਬੂਲ ।
ਕਿੰਨਾ ਵਲਵਲਾ ਹੈ ਇਨ੍ਹਾਂ ਸ਼ਬਦਾਂ ਵਿਚ ।।

ਉਹ ਭਗਤੀ ਕੀ ਹੈ ਜਿਸ ਨਾਲ ਅਕਾਲ ਪੁਰਖ ਦੀ ਪ੍ਰਾਪਤੀ ਹੋ ਜਾਂਦੀ ਹੈ ? ਗੁਰੂ ਜੀ ਫੁਰਮਾਂਦੇ ਹਨ :-

ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਿਆਵੈ ।

ਤਬਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕੋ ਪਾਵੈ ।

ਭਾਵ ਇਹ ਕਿ ਜੇਕਰ ਇਨਸਾਨ ਆਪਣੀਆਂ ਤਾਕਤਾਂ ਨੂੰ ਸੰਕੋਚ ਕੇ ਵਰਤੇ ਉਸ ਦੇ ਅੰਦਰ ਇਕ ਪ੍ਰਕਾਸ਼ ਹੋਵੇਗਾ ਤੇ ਉਹ ਆਪਣੇ ਆਪ ਵਿਚ 'ਗੁਰੂ ਕੀ ਕ੍ਰਿਪਾ' ਨਾਲ ਇਕ ਜੋਤ ਦਾ ਪ੍ਰਕਾਸ਼ ਵੇਖ ਸਕਦਾ ਹੈ ।

ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਅਨੁਸਾਰ ਇਨਸਾਨ ਇਕ ਕੋਝੇ ਸੈਤਾਨ ਦਾ ਕਾਰਿੰਦਾ ਨਹੀਂ, ਸਗੋਂ ਇਕ ਬਹੁ-ਮੁਲੀ ਵਸਤੂਆਂ ਦਾ ਸੰਗ੍ਰਹਿ ਹੈ । ਗੁਰੂ ਸਾਹਿਬ ਨੇ ਇਨਸਾਨ ਨੂੰ ਰੱਬ ਦਾ ਇਕ ਹਿੱਸਾ ਸਮਝਿਆ ਹੈ, ਜਿਸ ਤਰ੍ਹਾਂ ਕਿ ਉਹ ਫੁਰਮਾਉਂਦੇ ਹਨ :

ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ, ਪਾਨ ਕੇ ਤਰੰਗ ਸਭੈ ਪਾਨ ਹੀ ਕਹਾਂਹਿਗੇ।

ਸ੍ਰੀ ਗੁਰੂ ਸਾਹਿਬ ਨੇ ਸਮਾਜਕ ਤੇ ਧਾਰਮਕ ਤੌਰ ਤੇ ਪਹਿਲੀ ਵਾਰੀ ਇਨਸਾਨ ਨੂੰ ਉਸ ਦੀ ਜੀਵਨੀ ਦਾ ਨਾਇਕ ਬਣਾਇਆ ਤੇ ਇਨਸਾਨ ਨੂੰ ਸਭ ਤੋਂ ਉੱਚੀ ਪਦਵੀਂ ਦਿੱਤੀ।ਉਨ੍ਹਾਂ ਇਹ ਨਹੀਂ ਕਿਹਾ ਕਿ ਮੈਂ ਰੱਬ ਦਾ ਬਣਾਇਆ ਪੈਗੰਬਰ ਜਾਂ ਅਵਤਾਰ ਹਾਂ। ਉਨ੍ਹਾਂ ਸਾਫ ਤੇ ਖੁਲ੍ਹੇ ਤੌਰ ਤੇ ਜਨਤਾ ਨੂੰ (ਇਨਸਾਨਾਂ ਨੂੰ) ਹੀ ਆਪਣੀ ਕਾਮਯਾਬੀ ਦਾ ਕਾਰਨ ਦਸ ਕੇ ਵਡਿਆਇਆ ਹੈ। ਗੁਰੂ ਸਾਹਿਬ ਨੇ ਕਿਹਾ ਹੈ :

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹੀਂ ਤੋ ਮੋਸੋ ਗਰੀਬ ਕਰੋਰ ਪਰੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨਸਾਨ ਨੂੰ ਨੀਵਾਂ ਨਿਰਬਲ ਤੇ ਕੋਝਾ ਜਿਹਾ ਨਹੀਂ ਸਮਝਿਆ, ਸਗੋਂ ਉਨ੍ਹਾਂ ਦੀ ਨਜ਼ਰ ਵਿਚ ਇਨਸਾਨ ਸਭ ਸ਼ਕਤੀਆਂ ਦਾ ਮਾਲਕ ਹੈ। ਗੁਰੂ ਜੀ ਨੇ ਇਨਸਾਨੀਅਤ ਦਾ ਜੁਗ ਹਿੰਦ ਵਿਚ ਲਿਆਂਦਾ ਤੇ ਇਨਸਾਨ ਨੂੰ ਸਮਾਜੀ, ਰਾਜਸੀ ਤੇ ਧਾਰਮਕ ਤੌਰ ਤੇ ਬਹੁਤ ਮਹਾਨਤਾ ਦਿੱਤੀ।ਜਦ ਸ੍ਰੀ ਗੁਰ ਤੇਗ਼ ਬਹਾਦਰ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਚਿੱਠੀ ਲਿਖੀ ਤੇ ਕਿਹਾ :

ਬਲੁ ਛੁਟਕਿਓ ਬੰਧਨ ਪਰੇ ਕਛੂਨ ਹੋਤ ਉਪਾਇ।
ਕਹੁ ਨਾਨਕ ਅਬ ਓਟ ਹਰ ਗਜ ਜਿਓ ਹੋਹੁ ਸਹਾਇ।

ਇਸ ਚਿੱਠੀ ਵਿਚ ਇਕ ਰਾਜ਼ ਸੀ। ਗੁਰੂ ਜੀ ਨੇ ਇਸ ਵਿਚ ਇਕ ਪ੍ਰਾਰਥਨਾ ਕੀਤੀ ਸੀ ਕਿ ਹੇ ਅਕਾਲ ਪੁਰਖ ਤੂੰ ਜਿਸ ਤਰ੍ਹਾਂ ਹਾਥੀ ਦੀ ਸਹਾਇਤਾ ਕੀਤੀ ਸੀ ਉਸੇ ਤਰ੍ਹਾਂ ਹੁਣ ਤੂੰ ਇਨਸਾਨ ਦੀ ਰੱਖਿਆ ਕਰ ਕਿਉਂ ਕਿ ਉਹ ਇਨਸਾਨ ਹੁਣ ਕਮਜ਼ੋਰ ਹੋ ਚੁਕੇ ਹਨ ਤੇ ਇਨ੍ਹਾਂ ਕੋਲੋਂ (ਸ਼ਾਇਦ) ਕੁਝ ਨ ਹੋ ਸਕੇ।ਇਸ ਦਾ ਉੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਉਂ ਦਿਤਾ।

ਬਲੁ ਹੋਆ ਬੰਧਨ ਛੁਟੇ ਸਭ ਕਿਛ ਹੋਤ ਉਪਾਏ।
ਨਾਨਕ ਸਭ ਕਿਛ ਤੁਮਰੇ ਹਾਥ ਮਹਿ ਤੁਮ ਹੀ ਹੋਤ ਸਹਾਇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਮਜ਼ ਨੂੰ ਖ਼ੂਬ ਸਮਝਿਆ। ਉਨ੍ਹਾਂ ਕਿਹਾ ਕਿ ਹੁਣ ਇਨਸਾਨ ਖਾਲਸ ਤੇ ਪਰਬਲ ਹੋ ਚੁਕਾ ਹੈ ਤੇ ਇਸ ਦੇ ਹਥ ਵਿਚ ਸਭ ਕੁਝ ਹੈ ਤੇ ਇਹ ਸਭ ਕੁਝ ਕਰ ਸਕਦਾ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਨੇ ਇਨਸਾਨਾਂ ਵਿਚ ਸਵੈਮਾਨ ਭਰਿਆ ਤੇ ਕਮਜ਼ੋਰ ਇਨਸਾਨਾਂ ਕੋਲੋ ਵੀ ਮਹਾਨ ਕੰਮ ਕਰਵਾ ਦਿੱਤੇ। ਇਸ ਤੋਂ ਛੁਟ ਗੁਰੂ ਜੀ ਨੇ ਇਕ ਪੁਰਖੀ ਤਾਕਤਾਂ (Despotic Powers) ਦੇ ਹੁੰਦਿਆਂ ਹੋਇਆਂ ਵੀ ਪੰਚਾਇਤੀ ਸੰਸਥਾਵਾਂ ਕਾਇਮ ਕੀਤੀਆਂ ਤੇ ਸਭ ਨੂੰ ਇਕੱਠਾ ਬੈਠ ਕੇ ਗੁਰਮਤਾ ਆਦ ਸੋਧਣ ਦੀ ਜਾਚ ਦੱਸੀ। ਇਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੀ ਕਥਨੀ ਤੇ ਕਰਨੀ ਨਾਲ ਇਨਸਾਨੀ ਜੀਵਨ ਦੇ ਹਰ ਅੰਗ ਨੂੰ ਵਡਿਆਇਆ। ਇਸ ਲਈ ਅਸੀਂ ਦਸ਼ਮੇਸ਼ ਪਿਤਾ ਨੂੰ ਇਨਸਾਨੀਅਤ ਦਾ ਪ੍ਰਤੀਕ ਕਹਿ ਸਕਦੇ ਹਾਂ।

ਇਕ ਇਤਿਹਾਸਕ ਨਾਇਕ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਗੁਰੂ ਸਾਹਿਬਾਨ ਦਾ ਇਕ ਹੀ ਮਿਸ਼ਨ ਸੀ ਤੇ ਸਭ ਗੁਰ ਸਾਹਿਬਾਨ ਇਕ ਹੀ ਪ੍ਰੋਗਰਾਮ ਤੇ ਚਲਦੇ ਰਹੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੇਲੇ ਦੀ ਇਤਿਹਾਸਕ ਹਾਲਤ ਨੂੰ ਜਾਚਿਆਂ ਤੇ ਇਕ ਕਾਮਲ ਵੈਦ ਵਾਂਗੂੰ ਰੋਗ ਦੀ ਪੂਰੀ ਜਾਚ-ਪੜਤਾਲ ਕੀਤੀ ਤੇ ਨਾ ਕੇਵਲ ਰੋਗ ਹੀ ਲਭਿਆ, ਸਗੋਂ ਉਸਦਾ ਦਾਰੂ ਵੀ ਸਫਲਤਾ ਨਾਲ ਕੀਤਾ।

ਜਦ ਸ੍ਰੀ ਗੁਰੂ ਨਾਨਕ ਦੇਵ ਜੀ ਸਯਦ ਪੁਰ (ਰੋੜੀ ਸਾਹਿਬ) ਵਿਚ ਗਏ ਤਾਂ ਉਨ੍ਹਾਂ ਵੇਖਿਆ ਕਿ ਬਾਬਰ ਦੇ ਹੱਲੇ ਕਰਕੇ ਹਿੰਦ ਵਿਚ ਬਹੁਤ ਜ਼ੁਲਮ ਹੋਇਆ ਹੈ। ਬਾਬਰ ਵਾਨੀ ਬਾਰੇ ਗੁਰੂ ਜੀ ਦੇ ਸ਼ਬਦ ਉਸ ਸਮੇਂ ਦੀ ਹਾਲਤ ਦੇ ਸੂਚਕ ਹਨ। ਗੁਰੂ ਸਾਹਿਬ ਨੂੰ 'ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ' ਤੇ 'ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸ਼ੈਤਾਨੁ ਵੇ ਲਾਲੋ' ਨੂੰ ਵੇਖ ਕੇ ਬਹੁਤ ਦੁਖ ਹੋਇਆ। ਉਨ੍ਹਾਂ ਦੀ ਆਤਮਾ ਅਕਾਲ ਪੁਰਖ ਅਗੇ ਜੁੜ ਗਈ ਤੇ ਉਨ੍ਹਾਂ ਰੱਬ ਨੂੰ ਇਕ ਉਲ੍ਹਾਮਾ ਜਿਹਾ ਦਿਤਾ:-

''ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।
ਆਪੈ ਦੋਸੁ ਨ ਦਈ ਕਰਤਾ ਜਮੁ ਕਰ ਮੁਗਲ ਚੜ੍ਹਾਇਆ।
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨ ਆਇਆ।'' ਕਿੰਨਾ ਵਲਵਲਾਂ ਤੇ ਰੋਸ ਇਨ੍ਹਾਂ ਸ਼ਬਦਾਂ ਵਿਚ ਸੀ।

ਪੰਜਾਬ ਸਦੀਆਂ ਤੋਂ ਹੀ ਬਾਹਰਲੇ ਆਉਣ ਵਾਲੇ ਹਮਲਾਵਰਾਂ ਦੇ ਪੈਰਾਂ ਥਲੇ ਲਿਤਾੜਿਆ ਜਾਂਦਾ ਰਿਹਾ ਹੈ। ਕਦੀ ਯੂਨਾਨੀ ਇਥੇ ਝੰਡਾ ਗੱਡਦੇ ਸਨ, ਕਦੀ ਤੂਰਾਨ ਇਹਨੂੰ ਆ ਮਲ੍ਹਦੇ ਸਨ, ਕਦੀ ਮਹਿਮੂਦ ਦੀਆਂ ਫੌਜਾਂ ਆ ਇਥੋਂ ਦੇ ਲੋਕਾਂ ਨੂੰ ਮਾਰਦੀਆਂ ਸਨ, ਕਦੀ ਤੈਮੂਰ ਦੇ ਲਸ਼ਕਰ ਆ ਇਸ ਨੂੰ ਲਿਤਾੜਦੇ ਸਨ ਤੇ ਕਦੀ ਨਾਦਰ ਸ਼ਾਹ ਤੇ ਕਦੀ ਅਹਿਮਤ ਸ਼ਾਹ ਆ ਕੇ ਪੰਜਾਬ ਨੂੰ ਵੰਗਾਰਦੇ ਸਨ।

ਬਾਬਰ ਦੇ ਹੱਲੇ ਨੂੰ ਵੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਅਨੁਭਵ ਕੀਤਾ ਕਿ ਹਿੰਦ ਤੇ ਹਮਲਾ ਹੋਣ ਨਾਲ ਹਿੰਦ ਦੀ ਪਤ ਤੇ ਇਜ਼ਤ ਖਤਰੇ ਵਿਚ ਹੈ। ਉਨ੍ਹਾਂ ਇਕ ਪ੍ਰੋਗਰਾਮ ਬਣਾਇਆ ਤੇ ਉਸ ਪ੍ਰੋਗਰਾਮ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਰੇ ਚੜ੍ਹਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਐਸੀ ਜੋਤ ਪੰਜਾਬ ਵਿਚ ਜਗਾਈ ਜਿਸ ਦੀਆਂ ਲਾਟਾਂ ਦਾ ਸਦਕਾ ਧਾੜਵੀਆਂ ਨੂੰ ਸਖਤ ਭਾਂਜ ਹੋਈ ਤੇ ਖਾਲਸੇ ਦੀਆਂ ਬਹਾਦਰੀਆਂ ਦਾ ਸਦਕਾ ਬਾਹਰਲੇ ਹਮਲਾਵਰਾਂ ਦਾ ਆਉਣਾ ਸਦਾ ਲਈ ਬੰਦ ਹੋ ਗਿਆ। ਪੰਜਾਬੀਆਂ ਵਿਚ ਨਵੀਂ ਰੂਹ ਦਾ ਪ੍ਰਵੇਸ਼ ਹੋਣ ਕਰਕੇ ਓਹੀ ਪੰਜਾਬ ਦੇ ਲੋਕ ਜਿਹੜੇ ਮਹਿਮੂਦ ਦੇ ਹੱਲੇ ਅਗੇ ਭਜਦੇ ਸਨ, ਜਿਨਾਂ ਨੂੰ ਕੇਵਲ

ਬਾਬਰ ਦੇ ਬਾਰਾਂ ਹਜ਼ਾਰ ਸਿਪਾਹੀ ਢਾਈ ਸੌ ਸਾਲ ਲਈ ਗੁਲਾਮੀ ਦੀ ਛੱਟ ਚੁਕਾ ਸਕਦੇ ਸਨ ਤੇ ਜਿਨ੍ਹਾਂ ਦੀਆਂ ਤੀਵੀਆਂ ਨੂੰ ਗਜਨੀ ਦੇ ਬਾਜ਼ਾਰਾਂ ਵਿਚ ਵੇਚਿਆ ਜਾਂਦਾ ਸੀ, ਇਸ ਤਰ੍ਹਾਂ ਬਣ ਗਏ ਜਿਸ ਤਰ੍ਹਾਂ ਪ੍ਰੋਫੈਸਰ ਪੂਰਨ ਸਿੰਘ ਨੇ ਲਿਖਿਆ ਹੈ :-

ਮੰਨੇ ਨਾ ਮਨੀਂਦੇ ਜਵਾਨ ਇਹ ਪੰਜਾਬ ਦੇ,
ਮੌਤ ਨੂੰ ਮਖੌਲ ਕਰਨ, ਮਰਨ ਥੀ ਨ ਡਰਦੇ ।
ਟੈਂ ਨ ਮੰਨਣ ਕਿਸ ਦੀ,
ਖਲੋ ਜਾਣ ਡਾਗਾਂ ਮੋਢੇ ਤੇ ਉਲਾਰ ਕੇ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਹਿੰਦ ਦੀ ਇਕ ਮਹਾਨ ਸੇਵਾ ਕੀਤੀ ਕਿਉਂਕਿ ਉਨ੍ਹਾਂ ਦੇ ਅੰਮ੍ਰਿਤ ਦੀ ਹੀ ਤਾਕਤ ਸੀ ਕਿ ਬਾਹਰਲੇ ਧਾਵਿਆਂ ਦੇ ਹੜ੍ਹਾਂ ਦਾ ਸੋਮਾ ਹਿੰਦ ਲਈ ਸਦੀਵੀਂ ਤੌਰ ਤੇ ਬੰਦ ਹੋ ਗਿਆ । ਪ੍ਰੋਫੈਸਰ ਹਰੀ ਰਾਮ ਗੁਪਤਾ ਇਸ ਤਰ੍ਹਾਂ ਲਿਖਦੇ ਹਨ.-

"We now close the narrative of the Sikhs who won for the Punjab the envied title of "the soldier land" and who alone can boast of having erected a "bulwark of defence against foreign aggression" the tide of which had run its prosperous course for preceding eight hundred vears and to whom all people of Northern India in general and of the Punjab in particular owe a deep debt of gratitude."

''ਅਸੀਂ ਹੁਣ ਸਿਖਾਂ ਦਾ ਪ੍ਰਸੰਗ ਖਤਮ ਕਰਦੇ ਹਾਂ, ਜਿਨ੍ਹਾਂ ਨੇ ਕਿ ਪੰਜਾਬ ਵਾਸਤੇ ''ਸੂਰਮਿਆਂ ਦੀ ਧਰਤੀ'' ਦਾ ਪ੍ਰਸੰਸਾ ਯੋਗ ਨਾਂ ਜਿਤਿਆ ਹੈ । ਕੇਵਲ ਸਿਖ ਹੀ ਫਖਰ ਕਰ ਸਕਦੇ ਹਨ ਕਿ ਉਨ੍ਹਾਂ ਨੇ ਪੱਕਾ ਬੰਨ੍ਹਾ ਲਾਇਆ ਹੈ, ਬਾਹਰਲੇ ਹਮਲਿਆਂ ਦੇ ਹੜ੍ਹ ਅਗੇ, ਜਿਹੜਾ ਹੜ੍ਹ ਕਿ ਪਿਛਲੇ ਅੱਠ ਸੌ ਸਾਲ ਤੋਂ ਪਰਬਲ ਹੁੰਦਾ ਜਾ ਰਿਹਾ ਸੀ । ਉਤਰੀ ਹਿੰਦ ਦੇ ਲੋਕਾਂ ਆਮ ਕਰਕੇ ਤੇ ਪੰਜਾਬ ਵਾਸੀ ਵਿਸ਼ੇਸ਼ ਕਰਕੇ ਸਿਖਾਂ ਦੇ ਅਤੀ ਧੰਨਵਾਦੀ ਹਨ ।''

ਰਹਿਤ ਮਰਯਾਦਾ ਦੀ ਮਹਾਨਤਾ

ਸਿੱਖੀ ਰਹਿਤ ਮਰਯਾਦਾ ਸਿੱਖ ਮਤ ਦਾ ਬਾਹਰਲਾ ਚਿੰਨ ਹੈ । ਚਿੰਨ ਸਦਾ ਕਿਸੇ ਵਸਤੂ ਦੇ ਪ੍ਰਤੀਕ ਹੁੰਦੇ ਹਨ । ਇਹ ਗੱਲ ਸਭ ਸੰਸਾਰ ਤੇ ਪ੍ਰਸਿੱਧ ਹੈ ਕਿ ਪ੍ਰਵਾਨਿਤ ਚਿੰਨ ਹੀ ਕਿਸੇ ਧਰਮ ਜਾਂ ਕਿਸੇ ਵਿਸ਼ਵਾਸ ਜਾਂ ਵਸਤੂ ਦਾ ਪ੍ਰਗਟਾਅ ਕਰ ਸਕਦੇ ਹਨ । ਜਿਥੇ ਰੈਡ ਕਰਾਸ ਹੋਵੇ ਅਸੀਂ ਸਮਝ ਲੈਂਦੇ ਹਾਂ ਇਥੇ ਹਸਪਤਾਨ ਹੋਵੇਗਾ, ਜਿਥੇ ਕਰਾਸ ਹੋਵੇ ਉਥੇ ਚਰਚ । ਇਸੇ ਤਰ੍ਹਾਂ ਜਗਤ ਭਰ ਵਿਚ ਕਈ ਪ੍ਰਕਾਰ ਦੇ ਚਿੰਨ ਮੌਜੂਦ ਹਨ ਤੇ ਉਨ੍ਹਾਂ ਚਿੰਨਾਂ ਤੋਂ ਅਸਲ ਵਸਤੂ ਦਾ ਅੰਦਾਜ਼ਾ ਲਾ ਲੈਂਦੇ ਹਨ । ਸਿੱਖ ਮਤ ਦਾ ਬਾਹਰਲਾ ਚਿੰਨ ਸਿੱਖ ਰਹਿਤ ਮਰਯਾਦਾ ਹੈ । ਸਿੱਖ ਰਹਿਤ ਮਰਾਯਾਦਾ ਉਨੀ ਹੀ ਮਹਾਨਤਾ ਰੱਖਦੀ ਹੈ ਜਿੰਨਾ ਕਿ ਸਿੱਖ ਮਤ । ਕਿਉਂਕਿ ਰਹਿਤ ਮਰਯਾਦਾ ਹੀ ਸਿੱਖ ਮਤ ਦੀ ਪ੍ਰਤੀਕ ਹੋ ਸਕਦੀ ਹੈ ।

ਕਈ ਵਾਰੀ ਪੱਛਮ ਵਿਚ ਵੱਸਦੇ ਸਿੱਖ ਅਨਮਤੀਆਂ ਦੇ ਪ੍ਰਭਾਵ ਥਲੇ ਇਹ ਕਹਿੰਦੇ ਹਨ ਕਿ ਸਿੱਖ ਰਹਿਤ ਮਰਯਾਦਾ ਦੀ ਲੋੜ ਨਹੀਂ ਜਾਂ ਇਹ ਸਿੱਖ ਮਰਯਾਦਾ ਗੁਰੂ ਸਾਹਿਬ ਜੀ ਦੀ ਪ੍ਰਵਾਨਤ ਨਹੀਂ । ਪਰ ਇਹ ਗੱਲਾਂ ਨਿਰਮੂਲ ਹਨ । ਅਮਰੀਕਾ ਤੋਂ ਆਏ ਇਕ ਸਿੱਖ ਨੇ ਕਿਹਾ ਕਿ ਮੈਨੂੰ ਦੱਸ ਕਿ ਕੇਸ ਰੱਖਣਾ ਕਿਥੇ ਜ਼ਰੂਰੀ ਹੈ ? ਸੋ ਇਨ੍ਹਾਂ ਸ਼ੰਕਿਆਂ ਕਰਕੇ ਇਹ ਜ਼ਰੂਰੀ ਹੋ ਗਿਆ ਹੈ ਕਿ ਸਿੱਖ ਰਹਿਤ ਮਰਯਾਦਾ ਦਾ ਗੌਰਵ ਸਮਝਿਆ ਜਾਏ । ਇਹ ਸਮਝਣਾ ਅਤਿਅੰਤ ਜ਼ਰੂਰੀ ਹੈ ਕਿ ਸਿੱਖ ਰਹਿਤ ਮਰਯਾਦਾ ਸਿੱਖ ਸਦਾਚਾਰ ਦਾ ਇਕ ਜ਼ਰੂਰੀ ਅੰਗ ਹੈ ਅਤੇ ਸਿੱਖ ਇਤਿਹਾਸ ਦੀ ਮਹਾਨ ਦੇਣ ।

ਸਿੱਖ ਇਤਿਹਾਸ ਨੂੰ ਵਾਚਿਆਂ ਇਹ ਗਲ ਦ੍ਰਿੜ੍ਹ ਹੋ ਜਾਂਦੀ ਹੈ ਕਿ ਪੁਰਾਤਨ ਸਿੱਖ ਗੁਰੂ ਸਾਹਿਬਾਨ ਦੀ ਦੱਸੀ ਰਹਿਤ ਮਰਯਾਦਾ ਨੂੰ ਕਿੰਨੀ ਮਹਾਨਤਾ ਦਿੰਦੇ ਸਨ । ਗੁਰੂ ਸਾਹਿਬ ਦੀ ਦੱਸੀ ਰਹਿਤ ਤੇ ਚਲਦੇ ਹੋਏ ਉਹ ਦ੍ਰਿੜ੍ਹ ਰਹੇ ਅਤੇ ਵੱਧ ਤੋਂ ਵੱਧ ਕੁਰਬਾਨੀਆਂ ਕੀਤੀਆਂ । ਇਸੇ ਕਰਕੇ ਸਿੱਖ ਹਰ ਰੋਜ਼ ਅਰਦਾਸ ਵਿਚ ਉਨ੍ਹਾਂ ਸੂਰਬੀਰ ਸਿੰਘ ਸਿੰਘਣੀਆਂ ਦਿਾ ਕਥਨ ਕਰਦੇ ਹਨ :

> "ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ-ਬੰਦ ਕਟਾਏ,
> ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਰਾਏ ਗਏ,
> ਧਰਮ ਨਹੀਂ ਹਾਰਿਆ-ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ ਤਿੰਨ੍ਹਾਂ ਦੀ ਕਮਾਈ -
> ਵਲ ਧਿਆਨ ਧਰ ਕੇ ਖਾਲਸਾ ਜੀ ਬੋਲੋ ਵਾਹਿਗੁਰੂ ।"

ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਕੇ ਜੋ ਰਹਿਤ ਮਰਯਾਦਾ ਦੱਸੀ ਉਸ ਬਾਰੇ ਸੈਨਾਪਤ ਲਿਖਦਾ ਹੈ :

> ਕੀਏ ਜਦਿ ਬਚਨਿ ਸਤਿਗੁਰੂ ਕਾਰਨ ਕਰਨ ਸਰਬ ਸੰਗਤ ਆਦਿ ਅੰਤ ਮੇਰਾ ਖ਼ਾਲਸਾ ।
> ਮਾਨੇਗਾ ਹੁਕਮ ਸੋ ਹੋਵੇਗਾ ਸਿੱਖ ਸਹੀ ਨਾ ਮਾਨੇਗਾ ਹੁਕਮ ਸੋ ਹੋਵੇਗਾ ਬਿਹਾਲਸਾ ।

ਪਾਂਚ ਕੀ ਕੁਸੰਗਤਿ ਤਜਿ ਸੰਗਤਿ ਸੋ ਪ੍ਰੀਤ ਕਰੇ
ਦਯਾ ਔਹ ਧਰਮ ਧਾਰੇ ਤਿਆਗੇ ਸਭ ਲਾਲਸਾ
ਹੁਕਾ ਨ ਪੀਵੇ ਸੀਸ ਦਾੜੀ ਨ ਮੂੰਡਾਵੇ
ਸੋ ਤੇ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖ਼ਾਲਸਾ ।

ਕੁਝ ਸਮਾਂ ਪਾ ਕੇ ਗੈਰ ਸਿੱਖਾਂ ਲਈ ਕੇਵਲ ਕੇਸ ਦਾੜੀ ਹੀ ਸਿੱਖੀ ਦਾ ਪ੍ਰਤੀਕ ਤੇ ਚਿੰਨ ਰਹਿ ਗਏ ।

ਰਹਿਤਨਾਮਿਆਂ ਵਿਚ ਵੀ ਸਪੱਸ਼ਟ ਤੌਰ ਤੇ ਲਿਖਿਆ ਹੈ:
ਗੁਰੂ ਕੀ ਮੋਹਰੇ ਗੁਰੂ ਸਮ ਜਾਣੇ ।
ਗੁਰੂ ਸਮ ਅਦਬ ਕੇਸ ਕੋ ਠਾਣੇ ।

ਅਠਾਰਵੀਂ ਸਦੀ ਵਿਚ ਸਿੱਖਾਂ ਤੇ ਮੁਸਬਿਤਾਂ ਦਾ ਸਮਾਂ ਸੀ ਤੇ ਕੇਸਾਂ ਤੇ ਦਾੜ੍ਹੀ ਵਾਲਿਆਂ ਨੂੰ ਹੀ ਨਿਸ਼ਾਨਾ ਬਣਾਇਆ ਜਾਂਦਾ ਸੀ । ਜਦੋਂ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਤੇ ਹੋਰ ਲਾਗਲੇ ਇਲਾਕੇ ਜਿਤ ਕੇ ਮੁਗਲ ਸਾਮਰਾਜ ਵਿਚ ਊਧਮ ਮਚਾ ਦਿੱਤਾ ਤਾਂ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਆਪ ਫੌਜਾਂ ਲੈ ਕੇ ਦੱਖਣ ਤੋਂ ਉੱਤਰੀ ਹਿੰਦ ਵਲ ਆਇਆ । ਉਹ ਦਾੜ੍ਹੀਆਂ ਤੇ ਕੇਸਾਂ ਵਾਲਿਆਂ ਤੋਂ ਐਨਾ ਭੈ-ਭੀਤ ਸੀ ਕਿ ਉਸ ਹੁਕਮ ਕੀਤਾ ਕਿਧਰੇ ਸਿੱਖ ਦੀ ਸ਼ਕਲ ਵੀ ਨਜ਼ਰ ਨ ਆਵੇ ਤੇ ੧੫ ਰਜ਼ਬ, ਮੁਤਾਬਕ ੮ ਸਤੰਬਰ ੧੭੧੦ ਈਸਵੀ ਨੂੰ ਫੁਰਮਾਨ ਜਾਰੀ ਕੀਤਾ ਜੋ ਭੀ ਸ਼ਾਹੀ ਕੈਂਪ ਵਿੱਚ ਹਿੰਦੂ ਜਾਂ ਮੁਸਲਮਾਨ ਹਨ ਦਾੜ੍ਹਆਂ ਮੁਨਾ ਦੇਣ ਤਾਂ ਜੋ ਕੋਈ ਸਿੱਖ ਸ਼ਾਹੀ ਕੈਂਪ ਦੇ ਨੇੜੇ ਨਾ ਆ ਸਕੇ ।

ਜਦੋਂ ਬੰਦਾ ਸਿੰਘ ਬਹਾਦਰ ਨੂੰ ਪਕੜਿਆ ਗਿਆ ਅਤੇ ਆਪਣੇ ਸਤ ਸੌ ਸਾਥੀਆਂ ਸਣੇ ਦਿੱਲੀ ਲੈ ਜਾਇਆ ਗਿਆ, ਉਸ ਵੇਲੇ ਸਭ ਸਿੱਖਾਂ ਨੂੰ ਮੁਸਲਮਾਨ ਹੋਣ ਲਈ ਕਿਹਾ ਗਿਆ। ਪਰ ਬੰਦਾ ਅਤੇ ਉਸ ਦੇ ਸਾਥੀ ਸਿੱਖੀ ਨੂੰ ਜਾਨ ਤੋਂ ਵੱਧ ਪਿਆਰਦੇ ਸਨ । ਸਿੱਖੀ ਨੂੰ ਕੇਸਾਂ ਸੁਆਸਾਂ ਤੱਕ ਨਿਬਾਹੁੰਦੇ ਹੋਏ ਸ਼ਹੀਦੀਆਂ ਪਾ ਗਏ । ਖ਼ਾਫ਼ੀ ਖਾਂ ਸਮੇਂ ਦੇ ਰਵਾਜ ਅਨੁਸਾਰ ਸਿੱਖਾਂ ਦਾ ਕਥਨ ਕਰਦਾ ਹੋਇਆ ਸਿੱਖ ਗੁਰੂਆਂ ਨੂੰ ਅਤੇ ਸਿੱਖਾਂ ਨੂੰ "ਦੋਜ਼ਖੀ" ਆਦਿਕ ਗਾਲ੍ਹਾਂ ਨਾਲ ਯਾਦ ਕਰਦਾ ਹੈ ਪਰ ਉਹ ਇਕ ਸਿੱਖ ਨੌਜਵਾਨ ਦੀ ਕਹਾਣੀ ਅੰਕਿਤ ਕਰਦਾ ਹੈ ਜਿਸ ਵਿਚ ਲਿਖਿਆ ਹੈ ਕਿ ਉਸ ਦੀ ਮਾਂ ਫਰਖਸੀਅਰ ਬਾਦਸ਼ਾਹ ਕੋਲ ਗਈ ਤੇ ਫਰਿਆਦ ਕੀਤੀ ਕਿ ਉਸ ਦਾ ਪੁੱਤਰ ਸਿੱਖ ਨਹੀਂ ਪਰ ਸਿੱਖ ਸਮਝਕੇ ਫੜਿਆ ਗਿਆ ਹੈ । ਫਰਖਸੀਅਰ ਬਾਦਸ਼ਾਹ ਨੇ ਬੁਢੀ ਮਾਂ ਤੇ ਤਰਸ ਖਾ ਕੇ ਉਸ ਦੇ ਪੁੱਤਰ ਦੀ ਰਿਹਾਈ ਦਾ ਹੁਕਮ ਦੇ ਦਿੱਤਾ । ਦੇਵਨੇਤ ਨਾਲ ਉਹ ਉਸ ਵੇਲੇ ਹੁਕਮ ਲੈ ਕੇ ਪੁਜੀ ਜਦੋਂ ਉਸ ਦਾ ਪੁੱਤਰ ਸ਼ਹੀਦ ਹੋਣ ਵਾਲਾ ਸੀ । ਬਾਦਸ਼ਾਹ ਦਾ ਹੁਕਮ ਦਿਖਾ ਕੇ ਉਸ ਨੇ ਆਪਣੇ ਪੁੱਤਰ ਨੂੰ ਛੁਡਾ ਲਿਆ । ਪਰ ਉਸ ਸਿੱਖ ਨੌਜਵਾਨ ਨੇ ਕਿਹਾ ਕਿ ਮੇਰੀ ਮਾਂ ਝੂਠ ਬੋਲਦੀ ਹੈ । ਮੈਂ ਸਿੱਖ ਹਾਂ ਅਤੇ ਸਿੱਖ ਰਹਿਤ ਮਰਯਾਦਾ ਤੇ ਚਲਣ

ਵਾਲਾ ਹਾਂ ਅਤੇ ਮੈਂ ਆਪਣੇ ਸਾਥੀ ਸਿੰਘਾਂ ਨਾਲ ਸ਼ਹੀਦ ਹੋਵਾਂਗਾ । ਸਿੱਖੀ ਦਾ ਪਾਲਣ ਕਰਦਾ ਹੋਇਆ ਉਹ ਸ਼ਹੀਦ ਹੋ ਗਿਆ ।

ਬੰਦਾ ਬਹਾਦਰ ਅਤੇ ਉਸ ਦੇ ਹੋਰ ਸਾਥੀਆਂ ਨੂੰ ਵੀ ਕਈ ਲਾਲਚ ਦਿੱਤੇ ਗਏ ਕਿ ਕਿਸੇ ਤਰ੍ਹਾਂ ਉਹ ਮੱਤ ਤਿਆਗ ਦੇਣ ਪਰ ਉਹ ਸਾਰੇ ਦੇ ਸਾਰੇ ਸਿੱਖੀ ਤੇ ਕਾਇਮ ਰਹੇ ।

ਸਿੱਖਾਂ ਦੇ ਮੁਗ਼ਲ ਸਰਕਾਰ ਦੇ ਵਿਰੁੱਧ ਸੰਘਰਸ਼ ਸਮੇਂ ਸਿੱਖਾਂ ਦੇ ਕੇਸਾਂ ਦੀ ਬੇਅਦਬੀ ਕਰਨੀ ਇਕ ਘੋਰ ਪਾਪ ਸਮਝਿਆ ਜਾਂਦਾ ਸੀ । ਸਾਹਿਬ ਰਾਏ ਨੌਸ਼ਹਿਰਾ (ਜ਼ਿਲ੍ਹਾ ਅੰਮ੍ਰਿਤਸਰ) ਵਾਲੇ ਨੇ ਭਾਈ ਤਾਰਾ ਸਿੰਘ ਢਲਵਾਂ ਵਾਲੇ ਨੂੰ ਕੇਸ ਕਤਲ ਕਰਨ ਦੀ ਹੀ ਧਮਕੀ ਦਿੱਤੀ ਸੀ ਜਿਸ ਤੋਂ ਪਿਛੋਂ ਸਾਹਿਬ ਰਾਏ ਨੇ ਮੁਗ਼ਲ ਫੌਜ ਭੇਜ ਦਿੱਤੀ । ਭਾਈ ਤਾਰਾ ਸਿੰਘ ਨੇ ਇਕ ਵੱਡੀ ਫੌਜ ਦਾ ਟਾਕਰਾ ਕੀਤਾ ਤੇ ਲੜਦਾ ਹੋਇਆ ਸ਼ਹੀਦ ਹੋ ਗਿਆ । ਸਿੱਖੀ ਨੂੰ ਕੇਸਾਂ ਸੁਆਸਾਂ ਨਾਲ ਨਿਭਾਇਆ ।

ਪੰਜਾਬ ਦੇ ਗਵਰਨਰ ਜ਼ਕਰੀਆ ਖਾਂ (੧੭੨੬–੧੭੪੫ ਈ:) ਨੇ ਇਹ ਫੈਸਲਾ ਕਰ ਲਿਆ ਕਿ ਸਿੱਖਾਂ ਨੂੰ ਪਿੰਡਾਂ ਅਤੇ ਸ਼ਹਿਰਾਂ ਵਿਚੋਂ ਕੱਢ ਦਿੱਤਾ ਜਾਏ । ਪਿੰਡਾਂ ਅਤੇ ਸ਼ਹਿਰਾਂ ਵਿਚ ਫੌਜ ਦੇ ਦਸਤੇ ਭੇਜ ਦਿੱਤੇ ਜੋ ਸਿੱਖਾਂ ਨੂੰ ਚੁਣ-ਚੁਣ ਕੇ ਮਾਰਦੇ ਸਨ । ਸਰਕਾਰੀ ਮੁਲਾਜ਼ਮਾਂ ਜਿਨ੍ਹਾਂ ਵਿਚ ਚੌਧਰੀ ਅਤੇ ਮਕੱਦਮ ਪ੍ਰਸਿੱਧ ਸਨ ਨੇ ਵੱਧ ਚੜ੍ਹ ਕੇ ਸਿਖਾਂ ਨੂੰ ਮਾਰਨ ਦਾ ਕੰਮ ਕੀਤਾ। ਇਕੱਲੇ-ਦੁਕੱਲੇ ਸਿੱਖਾਂ ਨੇ ਵੀ ਧਰਮ ਨਹੀਂ ਹਾਰਿਆ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਹੀ । ਇਹ ਉਹ ਸਮਾਂ ਸੀ ਜਦੋਂ ਸਿਖਾਂ ਦੇ ਸਿਰਾਂ ਦੇ ਮੁਲ ਰਖੇ ਜਾਂਦੇ ਸਨ । ਦਸ ਰੁਪਏ ਉਸ ਨੂੰ ਦਿੱਤੇ ਜਾਂਦੇ ਸਨ ਜੋ ਸਿੱਖਾਂ ਦਾ ਪਤਾ ਦੇਵੇ ਅਤੇ ਪੰਜਾਹ ਉਸ ਨੂੰ ਦਿਤੇ ਜਾਂਦੇ ਸਨ ਜੋ ਕਿਸੇ ਸਿਖ ਦਾ ਸਿਰ ਪੇਸ਼ ਕਰੇ । ਉਸ ਸਮੇਂ ਦੀ ਹਕੂਮਤ ਇਹ ਚਾਹੁੰਦੀ ਸੀ ਕਿ ਕਿਸੇ ਤਰ੍ਹਾਂ ਸਿੱਖ ਜੋ ਫੜੇ ਜਾਂਦੇ ਸਨ ਮੁਸਲਮਾਨ ਹੋ ਜਾਣ । ਸਿੱਖ ਰਹੁ ਰੀਤੀ ਤਿਆਗ ਦੇਣ । ਪਰ ਇਤਿਹਾਸ ਇਕ ਮਿਸਾਲ ਵੀ ਪੇਸ਼ ਨਹੀਂ ਕਰਦਾ ਜਿਸ ਤੋਂ ਪਤਾ ਲਗੇ ਕਿ ਕੋਈ ਸਿੱਖ ਕਿਸੇ ਤਰ੍ਹਾਂ ਥਿੜਕਿਆ ਹੋਵੇ ।

ਸਿੱਖੀ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਭਾਈ ਤਾਰੂ ਸਿੰਘ ਦੀ ਸ਼ਹੀਦੀ ਇਕ ਅਦੁੱਤੀ ਘਟਨਾ ਹੈ । ਭਾਈ ਤਾਰੂ ਸਿੰਘ ਪਿੰਡ ਪੂਲਾ ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ । ਇਹ ਨੌਜਵਾਨ ਪੰਜੀਆਂ ਕੁ ਸਾਲਾਂ ਦਾ ਸੀ । ਇਹੋ ਵਾਹੀ ਕਰਕੇ ਸਿੱਖਾਂ ਨੂੰ ਰੋਟੀ ਪਾਣੀ ਛਕਾਉਣ ਦੀ ਸੇਵਾ ਕਰਦਾ ਸੀ । ਜ਼ਕਰੀਆਂ ਖਾਂ ਦੀ ਸਰਕਾਰ ਨੇ ਇਸ ਨੂੰ ਪਕੜਿਆ ਅਤੇ ਫਤਵਾ ਦਿਤਾ ਕਿ ਇਸ ਦੇ ਕੇਸ ਕੱਟ ਦਿੱਤੇ ਜਾਣ ਤੇ ਮੁਸਲਮਾਨ ਬਣਾ ਲਿਆ ਜਾਵੇ । ਭਾਈ ਤਾਰੂ ਸਿੰਘ ਨੂੰ ਪਕੜ ਕੇ ਲਾਹੌਰ ਲੈ ਜਾਇਆ ਗਿਆ । ਉਥੇ ਉਸ ਨੇ ਕਿਹਾ ਕਿ ਮੇਰੇ ਕੇਸ ਤੇ ਸਿੱਖੀ ਮੇਰੀ ਜਿੰਦ ਜਾਨ ਹਨ । ਉਸ ਨੇ ਸਿਰ ਦੀ ਖੋਪਰੀ ਲੁਹਾ ਲਈ ਪਰ ਕੇਸਾਂ ਦੀ ਬੇਅਦਬੀ ਨਾ ਹੋਣ ਦਿੱਤੀ ਦੇ ਸ਼ਹੀਦੀ ਪਾ ਗਿਆ । ਸਿੱਖੀ ਕੇਸਾਂ ਸੁਆਸਾਂ ਨਾਲ ਨਿਭੀ । ਇਸੇ ਤਰ੍ਹਾਂ

ਇਤਿਹਾਸ ਵਿਚ ਕਈ ਮਿਸਾਲਾਂ ਹਨ ਜਦੋਂ ਸਿੱਖ ਆਪਣੀ ਰਹਿਤ ਮਰਯਾਦਾ ਤੇ ਪਕੇ ਰਹਿੰਦੇ ਹੋਏ ਸ਼ਹੀਦੀਆਂ ਪਾ ਗਏ । ਸੁਬੇਗ ਸਿੰਘ, ਸਾਹਬਾਜ ਸਿੰਘ, ਮਹਿਤਾਬ ਸਿੰਘ ਮੀਰਾਂਕੋਟੀਆਂ। ਸਭ ਤੋਂ ਪ੍ਰਸਿੱਧ ਮਿਸਾਲ ਭਾਈ ਮਨੀ ਸਿੰਘ ਦੀ ਹੈ ।

ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਪਾਨ ਕੀਤਾ ਸੀ ਤੇ ਮਾਤਾ ਸੁੰਦਰੀ ਜੀ ਨੇ ਆਪ ਨੂੰ ਅੰਮ੍ਰਿਤਸਰ ਭੇਜਿਆ ਸੀ ਤੇ ਦਰਬਾਰ ਸਾਹਿਬ ਦਾ ਗ੍ਰੰਥੀ ਨਿਯੁਕਤ ਕੀਤਾ ਸੀ । ਹਕੂਮਤ ਸਿੱਖਾਂ ਦੇ ਵਿਰੁੱਧ ਸੀ । ਆਪ ੧੭੩੯ ਵਿਚ ਦਿਵਾਲੀ ਦਾ ਮੇਲਾ ਲਾਉਣਾ ਚਾਹੁੰਦੇ ਸਨ ਤੇ ਆਪ ਨੇ ਆਗਿਆ ਲੈ ਲਈ ।੫੦੦੦/- ਰੁਪਏ ਸਰਕਾਰ ਨੂੰ ਦੇਣਾ ਪ੍ਰਵਾਨ ਕਰ ਲਿਆ। ਸਰਕਾਰ ਆਪਣੇ ਵਾਇਦੇ ਤੋਂ ਫਿਰ ਗਈ । ਅੰਮ੍ਰਿਤਸਰ ਵਿਚ ਫੌਜ ਭੇਜ ਦਿੱਤੀ । ਮੇਲਾ ਨਾ ਲਗ ਸਕਿਆ । ਭਾਈ ਸਾਹਿਬ ਗ੍ਰਿਫਤਾਰ ਕਰਕੇ ਲਾਹੌਰ ਲੈ ਜਾਏ ਗਏ ।

ਸਿੱਖ ਰਹਿਤ ਮਰਯਾਦਾ ਵਿਚ ਨਿਪੁੰਨ ਭਾਈ ਸਾਹਿਬ ਨੂੰ ਮੁਸਲਮਾਨ ਹੋਣ ਲਈ ਕਿਹਾ ਗਿਆ । ਪਰ ਆਪ ਗੁਰਮਤਿ ਦੇ ਧਾਰਨੀ ਪੂਰਨ ਗੁਰਸਿੱਖ ਸਨ । ਜੋਰ ਅਤੇ ਜਬਰ ਦੇ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ । ਮੁਗਲ ਸਰਕਾਰ ਦਾ ਹੁਕਮ ਹੋਇਆ ਕਿ ਆਪ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਏ । ਸੋ ਆਪ ਨੇ ਬੰਦ-ਬੰਦ ਕਟਵਾ ਲਏ ਪਰ ਸਿੱਖੀ ਨੂੰ ਸੁਆਸਾਂ ਨਾਲ ਨਿਭਾਇਆ । ਆਪ ਦੀ ਸ਼ਹੀਦੀ ਅਸਥਾਨ ਗੁਰਦੁਆਰਾ ਸ਼ਹੀਦ ਗੰਜ ਲਾਹੌਰ ਦੇ ਸਾਹਮਣੇ ਰੇਲਵੇ ਸਟੇਸ਼ਨ ਲਾਹੌਰ ਦੇ ਕੋਲ ਹੈ । ਆਪ ਦੀ ਅਦੁੱਤੀ ਕੁਰਬਾਨੀ ਸਿੱਖ ਇਤਿਹਾਸ ਦੇ ਪੰਨਿਆਂ ਵਿਚ ਸੂਰਜ ਦੀ ਤਰ੍ਹਾਂ ਚਮਕਦੀ ਰਹੇਗੀ ।

੧੯੪੭ ਵਿਚ ਫੇਰ ਸਿੱਖ ਇਤਿਹਾਸ ਨੇ ਆਪਣੇ ਆਪ ਨੂੰ ਦੁਹਰਾਇਆ । ਅਨਮਤੀ ਇਹ ਸਮਝਣ ਲਗ ਪਏ ਸਨ ਕਿ ਕੌਣ ਚਰਖੜੀਆਂ ਤੇ ਚੜ੍ਹਿਆ ਹੋਵੇਗਾ ? ਕਿਸ ਨੇ ਬੰਦ-ਬੰਦ ਕਟਵਾਏ ਹੋਣਗੇ ? ਪਰ ਸਿੱਖੀ ਰਹਿਤ ਮਰਯਾਦਾ ਦਾ ਪਾਲਣ ਕਰਦੇ ਹੋਏ ਅਨੇਕਾਂ ਸਿੱਖ ਸੂਰਬੀਰ ਮਰਦ ਅਤੇ ਬੀਬੀਆਂ ਸ਼ਹੀਦੀਆਂ ਪਾਈਆਂ ਤੇ ਸਿੱਧ ਕਰ ਦਿੱਤਾ ਕਿ ਸਿੱਖੀ ਸਪਿਰਟ ਅਤੇ ਸਿੱਖੀ ਰਹਿਤ ਮਰਯਾਦਾ ਦੇ ਧਾਰਨੀ ਹਾਲੀ ਵੀ ਸਿੱਖੀ ਲਈ ਅਤੇ ਸਿਖ ਰਹੁ ਰੀਤੀ ਲਈ ਵੱਧ ਤੋਂ ਵੱਧ ਕੁਰਬਾਨੀ ਕਰ ਸਕਦੇ ਹਨ । ਇਨ੍ਹਾਂ ਸਭ ਸਾਕਿਆਂ ਦਾ ਹਾਲ ਮੇਰੀ ''ਸ਼ਹੀਦੀਆਂ'' ਨਾਮਕ ਪੁਸਤਕ ਵਿਚ ਹੈ ਜੋ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਐਜੂਕੇਸ਼ਨ ਕਮੇਟੀ ਵਲੋਂ ੧੯੬੪ ਵਿਚ ਛਾਪੀ ਸੀ । ਇਸ ਵਿਚ ਜ਼ਿਲੇਵਾਰ ਪੱਛਮੀ ਪੰਜਾਬ ਵਿਚ ਹੋਏ ਸ਼ਹੀਦਾਂ ਦਾ ਹਾਲ ਹੈ ।

ਵੱਡਾ ਘਲੂਘਾਰਾ-੧੭੬੨ ਈਸਵੀ

ਪੰਜਾਬ ਦੇ ਅਠਾਰਵੀਂ ਸਦੀ ਦੇ ਮੱਧ ਦੇ ਰਾਜਨੀਤਕ ਖੇਤਰ ਵਿਚ ਚਾਰ ਤਾਕਤਾਂ ਦਾ ਘੋਲ ਸੀ ਜਿਨ੍ਹਾਂ ਵਿਚੋਂ ਸਿੱਖਾਂ ਨੂੰ ਸਭ ਤੋਂ ਕਮਜ਼ੋਰ ਸਮਝਿਆ ਜਾਂਦਾ ਸੀ । ਇਸ ਘੋਲ ਦੇ ਪਹਿਲੇ ਦੌਰ ਵਿਚ ਮੁਗਲਾਂ ਦਾ ਤੇ ਅਫ਼ਗਾਨਾਂ ਦਾ ਟਾਕਰਾ ਸੀ । ਨਾਦਰ ਦੇ ਹਮਲੇ (੧੭੩੮-੩੯ ਈਸਵੀ) ਨੇ ਮੁਗ਼ਲ ਸਾਮਰਾਜ ਨੂੰ ਖੋਖਲਾ ਕਰ ਦਿੱਤਾ ਸੀ । ਫੇਰ ਰਹਿੰਦੀ ਕਸਰ ਅਫਗਾਨਿਸਤਾਨ ਦੇ ਬਾਦਸ਼ਾਹ ਅਹਮਦ ਸ਼ਾਹ ਅਬਦਾਲੀ ਨੇ ਕੱਢ ਦਿੱਤੀ । ਅਬਦਾਲੀ ਨੇ ਪੰਜਾਬ ਤੇ ਕਈ ਹਮਲੇ ਕੀਤੇ :-

ਅਬਦਾਲੀ ਦਾ ਪਹਿਲਾ ਹਮਲਾ-੧੭੪੮ਈਸਵੀ

੧੭੪੫ ਈਸਵੀ ਵਿਚ ਪੰਜਾਬ ਦੇ ਗਵਰਨਰ ਜ਼ਕਰੀਆਂ ਖਾਂ ਦੀ ਮੌਤ ਹੋ ਗਈ । ਇਸ ਦੇ ਦੋ ਪੁੱਤਰ ਯਾਯਾ ਖਾਂ ਅਤੇ ਸ਼ਾਹਨਿਵਾਜ਼ ਖਾਂ ਆਪਸ ਵਿਚ ਲੜਨ ਲਗ ਪਏ । ਯਾਯਾ ਖਾਂ ਦਿਲੀ ਦਾ ਵਜ਼ੀਰ ਕਮਰਉਦਦੀਨ ਦੀ ਲੜਕੀ ਨਾਲ ਵਿਆਹਿਆ ਹੋਇਆ ਸੀ । ਇਸ ਲਈ ਉਹ ਯਾਯਾ ਖਾਂ ਦਾ ਪੱਖ ਪੂਰਦਾ ਸੀ । ਸ਼ਾਹ ਨਿਵਾਜ਼ ਖਾਂ ਬੜਾ ਬਹਾਦਰ ਤੇ ਦਲੇਰ ਸੀ । ਇਕ ਵਾਰੀ ਉਸ ਨੇ ਲਾਹੌਰ ਜਿੱਤ ਲਿਆ । ਪਰ ਵਜ਼ੀਰ ਕਮਰਉਦੀਨ ਨੇ ਉਸ ਨੂੰ ਨਾ ਕਾਮਯਾਬ ਬਣਾ ਦਿੱਤਾ । ਸੋ ਉਸ ਨੇ ਤੰਗ ਆ ਕੇ ਅਹਿਮਦਸ਼ਾਹ ਅਬਦਾਲੀ ਨੂੰ ਪੰਜਾਬ ਤੇ ਹਮਲਾ ਕਰਨ ਲਈ ਸੱਦ ਲਿਆ । ਅਬਦਾਲੀ ਪਹਿਲਾਂ ਹੀ ਪੰਜਾਬ ਦੇ ਇਲਾਕੇ ਕਾਬਲ ਸਾਮਰਾਜ ਵਿਚ ਮਿਲਾਉਣਾ ਚਾਹੁੰਦਾ ਸੀ । ਸੋ ਫੌਜਾਂ ਲੈ ਕੇ ਪੰਜਾਬ ਤੇ ਹਮਲਾ ਕਰ ਦਿਤਾ । ਜਦੋ ਵਜ਼ੀਰ ਕਮਰਉਦਦੀਨ ਨੂੰ ਪਤਾ ਲਗਾ ਤਾਂ ਉਹ ਬਹੁਤ ਸਾਰੀਆਂ ਮੁਗਲੀਆਂ ਫੌਜ ਲੈ ਕੇ ਸਰਹਿੰਦ ਦੇ ਨੇੜੇ ਮਨੂਪੁਰ ਡੇਰੇ ਲਾ ਦਿੱਤੇ । ਮਨੂਪੁਰ ਦੀ ਲੜਾਈ ਵਿਚ ਅਬਦਾਲੀ ਨੂੰ ਭਾਂਜ ਹੋਈ ਪਰ ਵਜ਼ੀਰ ਕਮਰਉਦਦੀਨ ਜੰਗ ਵਿਚ ਮਾਰਿਆ ਗਿਆ । ਮਨੂਪੁਰ ਦੀ ਲੜਾਈ ਪਿਛੋਂ ਵਜ਼ੀਰ ਕਮਰਉਦਦੀਨ ਦਾ ਪੁੱਤਰ ਮੀਰ ਮੰਨੂ ੧੭੪੮ ਈਸਵੀ ਵਿਚ ਪੰਜਾਬ ਦਾ ਗਵਰਨਰ ਬਣਿਆ। ਇਸ ਲੜਾਈ ਬਾਰੇ ਰਤਨ ਸਿੰਘ ਭੰਗੂ ਲਿਖਦਾ ਹੈ ਕਿ ਪਹਿਲਾਂ ਅਹਿਮਦ ਸ਼ਾਹ ਅਬਦਾਲੀ ਨੇ ਸਰਹਿੰਦ ਨੂੰ ਜਿੱਤਿਆ ਤੇ ਫੇਰ ਮੁਗਲ ਫੌਜਾਂ ਨਾਲ ਲੜਾਈ ਕੀਤੀ । ਪੰਥ ਪ੍ਰਕਾਸ਼ ਵਿਚ ਲਿਖਿਆ ਹੈ.-

''ਸਿਰਹੰਦ ਦੌੜ ਤਿਨ ਜਾ ਮਲੀ ਮਧ ਲਯੋ ਖਜ਼ਾਨੇ ਲੂਟ
ਤਹਾਂ ਬਾਇੰ ਸੀ ਫਿਰ ਲੜੀ ਦਿਨ ਬਾਈ ਲੌ ਜੂਟ
ਸਿਰਹੰਦ ਤੋਪ ਹੁਤੀ ਜੋ ਰਹੀ । ਅਹਮਦ ਸ਼ਾਹ ਕਰੀ ਸੋ ਸਹੀ ।
ਕਰਕੇ ਇਕਠੀ ਦਈ ਚਲਾਈ । ਮੁਯੋ ਕਮਰ ਦੀ ਗੋਲਾ ਖਾਈ ।
ਤਿਸ਼ ਕੋ ਸੁਤ ਮੀਰ ਮੰਨੂ ਸਿਆਣਾ । ਮੁਯੋ ਵਜ਼ੀਰ ਨ ਕਿਨਹੂ ਜਾਣਾ ।

....

ਫਤੇ ਭਈ ਤਬ ਹਿੰਦ ਕੀ ਕੀਓ ਕਾਬਲੀ ਕੂਚ ।

ਪਾਛੇ ਮੀਰ ਮੰਨੂ ਲਗੋ ਗਯੋ ਲਾਹੌਰਿ ਮੂਚ ।[1]

ਦੂਜਾ, ਤੀਜਾ ਤੇ ਚੌਥਾ ਹਮਲਾ :

ਇਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਦੇ ਪਹਿਲੇ ਹਮਲੇ ਵਿਚ ਸਿੱਖਾਂ ਨੇ ਕੋਈ ਹਿੱਸਾ ਨਾ ਲਿਆ-ਅਬਦਾਲੀ ਨੇ ਹਾਰ ਖਾ ਕੇ ਵਾਪਿਸ ਚਲਿਆ ਗਿਆ । ਉਸ ਇਸ ਹਾਰ ਦਾ ਬਦਲਾ ਲੈਣ ਲਈ ੧੭੫੦ ਅਤੇ ੧੭੫੨ ਵਿਚ ਫੇਰ ਹਮਲੇ ਕੀਤੇ । ਮੀਰ ਮੰਨੂ ਨੇ ਅਬਦਾਲੀ ਦੀ ਈਨ ਮੰਨ ਲਈ ਤੇ ਇਸ ਤਰ੍ਹਾਂ ਪੰਜਾਬ, ਕਸ਼ਮੀਰ, ਸਿੰਧ ਇਹ ਇਲਾਕੇ ਕਾਬਲ ਸਾਮਰਾਜ ਦੇ ਅਧੀਨ ਹੋ ਗਏ । ਇਸ ਤਰ੍ਹਾਂ ਸਿੱਖਾਂ ਨੂੰ ਵੀ ਅਫਗਾਨਾਂ ਅਧੀਨ ਸਮਝਿਆ ਜਾਣ ਲਗਾ । ੧੭੫੩ ਵਿਚ ਮੀਰ ਮੰਨੂ ਮਰ ਗਿਆ ਤੇ ਉਸਦੀ ਬੇਗਮ ਮੁਗਲਾਨੀ ਬੇਗਮ ਕੋਲੋਂ ਰਾਜ ਭਾਗ ਸਾਂਭਿਆ ਨਾ ਗਿਆ ਤੇ ਉਸ ਨੇ ਅਬਦਾਲੀ ਨੂੰ ਸਦਾ ਦਿੱਤਾ । ਇਹ ਅਬਦਾਲੀ ਦਾ ਚੌਥਾ ਹਮਲਾ ਸੀ । ਇਸ ਵਾਰੀ ਅਬਦਾਲੀ ਲਾਹੌਰ ਤੇ ਸਿਰਹੰਦ ਆਦਿਕ ਇਲਾਕੇ ਜਿੱਤ ਕੇ ਦਿੱਲੀ ਤਕ ਪਹੁੰਚਿਆ। ਦਿਲੀ ਨੂੰ ਲੁਟਿਆ ਤੇ ਸਿਰਹੰਦ ਤਕ ਦੇ ਇਲਾਕੇ ਆਪਣੇ ਰਾਜ ਨਾਲ ਮਿਲਾ ਲਏ । ਇਹ ਉਹ ਸਮਾਂ ਸੀ ਜਦੋਂ ੧੭੫੭ ਈਸਵੀ ਤੈਮੂਰ ਸ਼ਾਹ ਤੇ ਜਹਾਨ ਖਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ ਸੀ । ਇਸੇ ਸਮੇਂ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਆ ਕੇ ਅਫਗਾਨਾਂ ਨਾਲ ਜੂਝਦੇ ਹੋਏ ਸ਼ਹੀਦ ਹੋਏ ਸਨ ।

ਪੰਜਵਾਂ ਹਮਲਾ ਤੇ ਮਰਹੱਟਿਆਂ ਨਾਲ ਯੁੱਧ :

ਅਹਿਮਦ ਸ਼ਾਹ ਅਬਦਾਲੀ ਦੇ ਪਹਿਲੇ ਚਾਰ ਹਮਲੇ ਮੁਗਲਾਂ ਦੀ ਤਾਕਤ ਉੱਤਰੀ ਹਿੰਦ ਵਿਚ ਨਸ਼ਟ ਕਰਨ ਤੇ ਲੱਗੇ । ਪੰਜਵੇਂ ਹਮਲੇ ਵਿਚ ਪਾਣੀਪਤ ਦੀ ਤੀਜੀ ਲੜਾਈ ਮਰਹੱਟਿਆਂ ਵਿਰੁੱਧ ਹੋਈ ।

ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਸਰਹਿੰਦ, ਪੰਜਾਬ, ਮੁਲਤਾਨ, ਸਿੰਧ ਅਤੇ ਕਸ਼ਮੀਰ ਨੂੰ ਆਪਣੇ ਰਾਜ ਨਾਲ ਮਿਲਾਇਆ ਤਾਂ ਜਲੰਧਰ ਦੇ ਫੌਜਦਾਰ ਅਦੀਨਾ ਬੈਗ ਨੇ ਮਰਹੱਟਿਆਂ ਨੂੰ ਦਿੱਲੀ ਤੋਂ ਸਦਿਆ । ਸਿੱਖਾਂ ਨੂੰ ਸਿਰਹੰਦ ਜਿਤਣ ਲਈ ਵੰਗਾਰਿਆ, ਕਿਉਂਕਿ ਉਸ ਨੂੰ ਪਤਾ ਸੀ ਕਿ ਸਿੱਖ ਸਿਰਹੰਦ ਤੇ ਹਮਲਾ ਕਰਨ ਲਈ ਸਦਾ ਤਤਬਰ ਰਹਿੰਦੇ ਸਨ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਉਥੇ ਸ਼ਹੀਦ ਹੋਣ ਕਰਕੇ ਇਸ ਨੂੰ ਉਹ ਗੁਰ ਮਾਰੀ ਸਿਰਹੰਦ ਕਹਿੰਦ ਹਨ। ਇਸ ਤਰ੍ਹਾਂ ਸਿੱਖਾਂ ਅਤੇ ਮਰਹੱਟਿਆਂ ਨੇ ਸਰਹਿੰਦ ਨੂੰ ਜਿੱਤ ਲਿਆ । ਫੇਰ ਮਰਹੱਟਿਆਂ ਨੇ ਇੱਕਲਿਆਂ ਹੀ ਲਾਹੌਰ ਜਿੱਤਿਆ ਤੇ ਇਸ ਤਰ੍ਹਾਂ ਅਬਦਾਲੀ ਰਾਜ ਦਾ ਪੰਜਾਬ ਵਿਚੋਂ ਸਫਾਇਆ ਹੋ ਗਿਆ । ਅਟਕ ਤਕ ਮਰਹੱਟਿਆਂ ਦਾ ਰਾਜ ਹੋ ਗਿਆ । ਮਰਹੱਟਿਆਂ ਨੇ ਅਦੀਨਾ ਬੇਗ ਨੂੰ ਪੰਜਾਬ ਦਾ ਗਵਰਨਰ ਨਿਯੁਕਤ ਕੀਤਾ ।

੧. ਪੰਥ ਪ੍ਰਕਾਸ਼, ਰਤਨ ਸਿੰਘ ਭੰਗੂ, ੧੯੩੯, ਪੰਨਾ ੩੧੦

ਅਹਿਮਦ ਸ਼ਾਹ ਅਬਦਾਲੀ ਮਰਹੱਟਿਆਂ ਦਾ ਪੰਜਾਬ ਦੇ ਇਲਾਕੇ ਨੂੰ ਖੋਹ ਲੈਣਾ ਕਦੀ ਬਰਦਾਸ਼ਤ ਨਹੀਂ ਸੀ ਕਰ ਸਕਦਾ। ਇਸ ਲਈ ਉਸ ਨੇ ਹਿੰਦ ਤੇ ਫੇਰ ਪੂਰੀ ਤਾਕਤ ਨਾਲ ਹਮਲਾ ਕੀਤਾ। ਇਹ ਪੰਜਵਾਂ ਹਮਲਾ ਸੀ। ਮਰਹੱਟੇ ਵੀ ਦੱਖਣ ਤੋਂ ਤਿਆਗੀ ਕਰਕੇ ਉੱਤਰ ਵਲ ਆਏ। ਅਬਦਾਲੀ ਦੀ ਫੌਜਾਂ ਥੋੜੀਆਂ ਸਨ। ਪਰ ਦਲੇਰੀ ਤੇ ਚੰਗੇਰੀ ਫੌਜੀ ਜੁਗਤੀ ਵਰਤਣ ਕਰਕੇ ਉਹ ਮਰਹੱਟਿਆਂ ਦੇ ਮੁਕਾਬਲੇ ਤੇ ਜਿੱਤ ਗਿਆ। ਬਹੁਤ ਸਾਰੇ ਮਰਹੱਟੇ ਪਾਣੀਪਤ ਦੀ ਲੜਾਈ ਵਿਚ ਮਾਰੇ ਗਏ। ਹੁਣ ਅਬਦਾਲੀ ਦੇ ਸਾਮਨੇ ਇਕੋ ਤਾਕਤ ਸੀ ਜਿਸ ਨੂੰ ਕੁਚਲਣਾ ਚਾਹੂੰਦਾ ਸੀ ਉਹ ਸਨ ਸਿੱਖ।

ਵੱਡਾ ਘਲੂਘਾਰਾ - ੧੭੬੨

ਮੁਗਲ ਰਾਜ਼ ਦਾ ਨਸ਼ਟ ਕਰਨ ਵਾਲਾ, ਮਰਹੱਟਿਆਂ ਦਾ ਵਿਜਈਆਂ ਸਿੱਖਾਂ ਦੇ ਜੱਥਿਆਂ ਨੂੰ ਤਾਂ ਬਹੁਤ ਤੁਛ ਸਮਝਦਾ ਸੀ। ਹੁਣ ਤਕ ਸਿੱਖਾਂ ਦੇ ਅਹਿਮਦ ਸ਼ਾਹ ਅਬਦਾਲੀ ਨਾਲ ਸੰਬੰਧ ਚੰਗੇ ਨਹੀਂ ਸਨ। ਜਦੋਂ ਅਹਿਮਦ ਸ਼ਾਹ ਅਬਦਾਲੀ ਦਾ ਲੜਕਾ ਤੈਮੂਰ ਸ਼ਾਹ ਅਤੇ ਉਸਦਾ ਜਰਨੈਲ ਜਹਾਨ ਖਾਂ ਦਿੱਲੀ ਜਿੱਤਕੇ ਬਹੁਤ ਸਾਰਾ ਲੁਟ ਮਾਰ ਦਾ ਮਾਲ ਕਾਬਲ ਲੈ ਜਾ ਰਹੇ ਸਨ ਤਾਂ ਸਿੱਖਾਂ ਦੇ ਜਥਿਆਂ ਨੇ ਹਮਲਾ ਕੀਤਾ ਤੇ ਬਹੁਤ ਸਾਰਾ ਸਾਮਾਨ ਖੋਹ ਲਿਆ ਤੇ ਕਾਫੀ ਦੂਰ ਤਕ ਦੁਰਾਨੀ ਫੌਜਾਂ ਦਾ ਪਿਛਾ ਕੀ। ਇਹ ਗਲ੍ਹ ਮਾਰਚ ੧੭੫੭ ਦੀ ਹੈ। ਇਸ ਤੋਂ ਪਿਛੋਂ ਸਿੱਖਾਂ ਕੋਲੋਂ ਬਦਲਾ ਲੈਣ ਲਈ ਅਫਗਾਨਾਂ ਨੇ ਗੁਰੂ ਅਰਜਨ ਸਾਹਿਬ ਦੇ ਆਬਾਦ ਕੀਤੇ ਕਰਤਾਰਪੁਰ ਨਗਰ (ਜਲੰਧਰ ਕੋਲ) ਤੇ ਹਮਲਾ ਕੀਤਾ-ਗੁਰਦਵਾਰਾ ਥਮ ਸਾਹਿਬ ਨੂੰ ਸਾੜਿਆ। ਅਹਿਮਦ ਸ਼ਾਹ ਅਬਦਾਲੀ ਦਿੱਲੀ ਤੋਂ ਵਾਪਿਸ ਜਾਂਦਾ ਹੋਇਆ ਲਾਹੌਰ ਠਹਿਰਿਆ ਤੇ ਅੰਮ੍ਰਿਤਸਰ ਫੌਜਾਂ ਭੇਜ ਕੇ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ ੧

ਜਦੋਂ ਅਹਿਮਦ ਸ਼ਾਹ ਅਬਦਾਲੀ ਦਿੱਲੀ ਫਤਿਹ ਕਰਕੇ ਵਾਪਿਸ ਜਾ ਰਿਹਾ ਸੀ ਤੇ ਸਿੱਖਾਂ ਦੇ ਜਥਿਆਂ ਨੇ ਅਹਿਮਦ ਸ਼ਾਹ ਅਬਦਾਲੀ ਤੇ ਗੋਇੰਦਵਾਲ ਕੋਲ ਹਮਲਾ ਕਰਕੇ ਬਾਈ ਸੌ ਦੇ ਕਰੀਬ ਹਿੰਦੂ ਔਰਤਾਂ ਨੂੰ ਅਫਗਾਨਾਂ ਦੇ ਪੰਜੇ ਵਿਚੋਂ ਆਜ਼ਾਦ ਕਰਾਇਆ। ਸਿੱਖਾਂ ਦੇ ਜੱਥੇ ਅਫਗਾਨ ਫੌਜਾਂ ਦਾ ਦਰਿਆ ਅਟਕ ਤਕ ਪਿਛਾ ਕਰਦੇ ਰਹੇ ੨

੧੭੬੧ ਈਸਵੀ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਲਾਹੌਰ ਛੱਡਣ ਤੋਂ ਪਹਿਲਾਂ ਖਵਾਜ਼ਾਂ ਉਬੈਦ ਨੂੰ ਲਾਹੌਰ ਦਾ ਗਵਰਨਰ, ਖਵਾਜ਼ਾ ਮਿਰਜ਼ਾ ਜਾਨ ਨੰ ਚਾਰ ਮਹੱਲ ਦਾ ਫੌਜਦਾਰ ਨੀਯਤ ਕੀਤਾ (ਇਹ ਚਾਰ ਮਹੱਲ ਇਹ ਸਨ, ਸਿਆਲਕੋਟ, ਮਸਰੂਰ, ਗੁਜਰਾਤ ਅਤੇ ਔਰੰਗਾਬਾਦ)। ਸਿੱਖਾਂ ਦਾ ਟਾਕਰਾ ਕਰਦਾ ਹੋਇਆ ਮਿਰਜ਼ਾ ਜਾਨ ਮਾਰਿਆ ਗਿਆ। ਫੇਰ ਅਹਿਮਦ ਸ਼ਾਹ ਨੇ ਨੂਰ-ਉਦ-ਦੀਨ ਬਮਜ਼ਈ ਨੂੰ ਪੰਜਾਬ ਵਿਚ ਅਮਨ ਅਮਾਨ ਕਾਇਮ ਕਰਨ

੧. ਏ ਸ਼ਾਰਟ ਹਿਸਟਰੀ ਆਫ਼ ਦੀ ਸਿੱਖਸ, ਤੇਜਾ ਸਿੰਘ ਗੰਡਾ ਸਿੰਘ, ਔਏਰੰਟ ਜਾਂਗਮੈਂਨ, ਪੰਨਾ ੧੫੪
੨. ਉਕਤ, ੧੬੫

ਲਈ ਭੇਜਿਆ । ਉਹ ਚੜ੍ਹਤ ਸਿੰਘ ਸੁਕਰਚੱਕੀਏ ਕੋਲੋਂ ਹਾਰ ਖਾ ਕੇ ਸਿਆਲਕੋਟ ਚਲਿਆ ਗਿਆ । ਇਹ ਸੁਣ ਕੇ ਖਵਾਜ਼ਾ ਉਬੇਦ ਜੋ ਲਾਹੌਰ ਦਾ ਗਵਰਨਰ ਸੀ ਨੇ ਬਹੁਤ ਸਾਰੀ ਫੌਜ ਇੱਕਤਰ ਕਰ ਲਈ ਤੇ ਗੁਜਰਾਂਵਾਲਾ ਜੋ ਸੁਕਰਚਕੀਆ ਮਿਸਲ ਦੀ ਰਾਜਧਾਨੀ ਸੀ ਤੇ ਧਾਵਾ ਬੋਲ ਦਿੱਤਾ । ਚੜ੍ਹਤ ਸਿੰਘ ਨੇ ਆਪਣੀ ਇਮਦਾਦ ਲਈ ਦੂਸਰੇ ਮਿਸਲਦਾਰਾਂ ਨੂੰ ਸਦ ਲਿਆ। ਇਨ੍ਹਾਂ ਵਿਚ ਜੱਸਾ ਸਿੰਘ ਆਹਲੂਵਾਲੀਆ, ਜੇ ਸਿੰਘ ਘਨਈਆ ਅਤੇ ਹਰੀ ਸਿੰਘ ਭੰਗੀ ਸ਼ਾਮਲ ਸਨ । ਸਾਰੇ ਸਿੱਖਾਂ ਨੇ ਖਵਾਜ਼ਾ ਉਬੇਦ ਨੂੰ ਭਾਂਜ ਦਿਤੀ ਤੇ ਉਹ ਭਜ ਕੇ ਲਾਹੌਰ ਕਿਲੇ ਵਿਚ ਆ ਵੜਿਆ । ਸਿੱਖ ਸਰਦਾਰਾਂ ਨੇ ਪਿਛਾ ਕੀਤਾ ਅਤੇ ਲਾਹੌਰ ਜਿੱਤ ਲਿਆ । ਜੱਸਾ ਸਿੰਘ ਆਹਲੂਵਾਲੀਆ ਨੇ ਸਆਦਤ ਖਾਂ ਫੌਜਦਾਰ ਨੂੰ ਭਾਂਜ ਦਿੱਤੀ [੧] ਇਸ ਤਰ੍ਹਾਂ ਸਭ ਥਾਂਵਾਂ ਤੇ ਸਿੱਖਾਂ ਨੇ ਜਿੱਤਾ ਪ੍ਰਾਪਤ ਕੀਤੀਆਂ । ਸਿੱਖਾਂ ਨੇ ਫੈਸਲਾ ਕਰ ਲਿਆ ਕਿ ਆਕਿਲ ਦਾਸ ਨਿਰੰਜਨੀਆ ਜੰਡਿਆਲੇ ਵਾਲੇ ਨੂੰ ਸੋਧਿਆ ਜਾਵੇ ਕਿਉਂਕਿ ਉਹ ਅਬਦਾਲੀ ਕੋਲ ਸਿੱਖਾਂ ਦੀ ਮੁਖਬਰੀ ਕਰਦਾ ਹੈ । ਜਦੋਂ ਨਿਰੰਜਨ ਦਾਸ ਨੂੰ ਇਸ ਗੱਸ ਦਾ ਪਤਾ ਲਗਾ ਤਾਂ ਉਸਨੇ ਅਹਿਮਦ ਸ਼ਾਹ ਨੂੰ ਆਪਣੀ ਹਮਾਇਤ ਤੇ ਸਦ ਲਿਆ ।[੨] ਮਾਲਵੇ ਵਿਚ ਅਬਦਾਲੀ ਦੀ ਨੀਯਤ ਕੀਤਾ ਹੋਇਆ ਗਵਰਨਰ ਜੈਨ ਖਾਂ ਸਿੱਖਾਂ ਤੋਂ ਬਹੁਤ ਔਖਾ ਸੀ ਸੋ ਉਸ ਨੇ ਵੀ ਅਹਿਮਦ ਸ਼ਾਹ ਨੂੰ ਪੰਜਾਬ ਤੇ ਹਮਲਾ ਕਰਕੇ ਸਿੱਖਾਂ ਨੂੰ ਸੋਧਣ ਲਈ ਪ੍ਰੇਰਿਆ ।

ਇਕ ਭਿਆਨਕ ਸੁਫਨਾ :

''ਵਾਕਿਅਤ ਦੁਰਾਨੀ'' ਦਾ ਕਰਤਾ ਅਬਦੁਲ ਕਰੀਮ ਲਿਖਦਾ ਹੈ, ''ਅਹਿਮਦ ਸ਼ਾਹ ਅਬਦਾਲੀ ਸੋਂ ਰਹੇ ਸੀ । ਅਚਾਨਕ ਇਕ ਸੁਫਨਾ ਆਉਣ ਤੇ ਜਾਗ ਪਏ । ਕਿਸੇ ਨੂੰ ਖ਼ਬਰ ਨਾ ਦਿੱਤੀ ਤੇ ਤਿੰਨ ਸੌ ਖਾਸ ਸਿਪਾਹੀ ਜੋ ਚੌਂਕੀ ਤੇ ਸਨ ਨਾਲ ਲੈ ਕੇ ਭਾਰਤ ਵੱਲ ਤੁਰ ਪਏ। ਤੁਰਨ ਲਗਿਆ ਤਾਂ ਸ਼ਾਹ ਵਲੀ ਖਾਂ ਨੂੰ ਸੁਨੇਹਾ ਭੇਜਿਆ ਕਿ ਉਹ ਭਾਰਤ ਵਿਚ ਜਹਾਦ ਲਈ ਜਾ ਰਿਆ ਹੈ ਤੇ ਤੁਸੀਂ ਜੋ ਫੋਜ ਵੀ ਮਿਲੇ ਛੇਤੀ ਨਾਲ ਲੈ ਕੇ ਪਹੁੰਚੋ'' ਵਜ਼ੀਰ ਨੇ ਆਪਣੀ ਸਿਆਣਪ ਨਾਲ ਪੰਜਾਹ ਜਾਂ ਸੱਠ ਹੁਕਮਨਾਮੇ ਜਾਰੀ ਕੀਤੇ ਤੇ ਫੋਜਾਂ ਦੇ ਸਰਦਾਰਾਂ ਨੂੰ ਲਿਖਿਆ ਕਿ ਤੁਸੀਂ ਫੌਜਾਂ ਲੈ ਕੇ ਸ਼ਾਹ ਨਾਲ ਮਿਲ ਜਾਵੋ ਕਿਉਂਕਿ ਬਾਦਸ਼ਾਹ ਜਹਾਦ ਲਈ ਭਾਰਤ ਗਿਆ ਹੈ । ਸ਼ਾਹਵਲੀ ਖਾਂ ਵੀ ਆਪਣੀਆਂ ਫੌਜਾਂ ਲੈ ਕੇ ਬਾਦਸ਼ਾਹ ਨੂੰ ਆ ਮਿਲਿਆ ਤੇ ਬਾਦਸ਼ਾਹ ਨੂੰ ਕਿਹਾ, ''ਆਪਦਾ ਐਨੀ ਜਲਦੀ ਅਤੇ ਬੇ ਸਰੋਸਾਮਾਨੀ ਨਾਲ ਦੁਸ਼ਮਨ ਤੇ ਮੁਲਕ ਵਿਚ ਪੁਜਣਾ ਖਤਰੇ ਤੋਂ ਖਾਲੀ ਨਹੀਂ । ਤੁਸੀਂ ਇਸ ਭੇਦ ਤੋਂ ਜਾਣ ਕਰਾਉ । ਇਸ ਤੇ ਉੱਤਰ ਵਿਚ ਬਾਦਸ਼ਾਹ ਨੇ ਫੁਰਮਾਇਆ । ''ਸੁਫਨੇ ਵਿਚ ਮੈਨੂੰ ਰਸੂਲੇ ਖੁਦਾ ਸਲੀ ਅਲਾ ਹਜ਼ਰਤ ਮੁਹੰਮਦ

੧. ਹਿਸਟਰੀ ਆਫ਼ ਦੀ ਸਿੱਖਸ, ਹਰੀ ਰਾਮ ਗੁਪਤਾ, ਜਿਲਦ ਦੂਜੀ, ਮੁਨਸ਼ੀ ਰਾਮ ਮਨੋਹ ਲਾਲ ਦਿੱਲੀ, ੧੯੭੮, ਪੰਨਾ ੧੬੮–੧੭੪

੨. ਉਕਤ ਪੰਨਾ ੧੭੯

ਸਾਹਿਬ ਦੇ ਦਰਸ਼ਨ ਹੋਏ ਹਨ । ਹਜ਼ਰਤ ਨੇ ਕਿਹਾ ਤੈਨੂੰ ਬਾਦਸ਼ਾਹੀ ਦਿੱਤੀ ਹੈ ਉਠ ਜਲਦੀ ਨਾਲ ਪੰਜਾਬ ਜਾਂ ਇਥੇ ਜੰਡਿਆਲੇ ਵਿਚ ਮੁਸਲਮਾਨਾਂ ਨੂੰ ਸਿੱਖਾਂ ਨੇ ਬਹੁਤ ਤੰਗ ਕੀਤਾ ਹੈ। ਜਦੋਂ ਮੈਨੂੰ ਹੁਕਮ ਮਿਲਿਆ ਤਾਂ ਮੈਂ ਨਹੀਂ ਸਾਂ ਚਾਹੁੰਦਾ ਕਿ ਇਸ ਤੇ ਅਮਲ ਕਰਨ ਵਿਚ ਢਿਲ ਕੀਤੀ ਜਾਵੇ।''੧

ਅਹਿਮਦ ਸ਼ਾਹ ਦਾ ਜੰਡਿਆਲੇ ਆਉਣਾ :

ਜਦੋਂ ਅਹਿਮਦ ਸ਼ਾਹ ਜੰਡਿਆਲੇ ਪੁੱਜਾ ਤਾਂ ਉਸ ਨੂੰ ਪਤਾ ਲਗਾ ਕਿ ਸਿੱਖ ਉਥੋਂ ਚਲੇ ਗਏ ਹਨ । ਅਬਦਾਲੀ ਦੋ ਦਿਨ ਉਥੇ ਰਿਹਾ ਤੇ ਫੇਰ ਉਸਨੂੰ ਪਤਾ ਲਗਾ ਕਿ ਸਿੱਖ ਸਰਹਿੰਦ ਵਾਲੇ ਪਾਸੇ ਗਏ ਹਨ ਅਤੇ ਜੈਨ ਖਾਂ ਗਵਰਨਰ ਸਰਹਿੰਦ ਅਤੇ ਭੀਖਨ ਖਾਂ ਮਲੇਰ ਕੋਟਲਾ ਨੂੰ ਤੰਗ ਕਰ ਰਹੇ ਹਨ । ਅਬਦਾਲੀ ਨੇ ਦੋ ਸਵਾਰ ਭੇਜ ਕੇ ਜੈਨ ਖਾਂ ਤੇ ਭੀਖਨ ਖਾਂ ਨੂੰ ਹੌਸਲਾ ਦਿੱਤਾ ਕਿ ਉਹ ਉਨ੍ਹਾਂ ਦੀ ਇਮਦਾਦ ਲਈ ਛੇਤੀ ਪਹੁੰਚ ਰਿਹਾ ਹੈ । ਅਬਦਾਲੀ ਦੋ ਦਿਨਾਂ ਦੇ ਵਿਚ ਮਲੇਰ ਕੋਟਲੇ ਕੋਲ ਪਹੁੰਚ ਗਿਆ ।੪-੫ ਫਰਵਰੀ ਦੀ ਰਾਤ ਨੂੰ ਜੈਨ ਖਾਂ ਨੂੰ ਪਤਾ ਲਗ ਗਿਆ ਸੀ ਕਿ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਪਹੁੰਚ ਗਈਆਂ ਹਨ ।[੨]

ਲੜਾਈ ਦੀ ਯੋਜਨਾ ਤੇ ਸਥਿਤੀ :

ਅਹਿਮਦ ਸ਼ਾਹ ਅਬਦਾਲੀ ਨੇ ਆਪਣੀਆਂ ਫੌਜਾਂ ਨੂੰ ਤਿੰਨਾਂ ਹਿੱਸਿਆਂ ਵਿਚ ਵੰਡਿਆ- ਇਕ ਆਪਣੇ ਅਧੀਨ ਇਕ ਆਪਣੇ ਵਜ਼ੀਰ ਸ਼ਾਹਵਲੀ ਖਾਂ ਅਧੀਨ ਅਤੇ ਤੀਸਰਾ ਜਹਾਨ ਖਾਂ ਅਧੀਨ । ਸ਼ਾਹਵਲੀ ਖਾਂ ਅਧੀਨ ਫੌਜਾਂ ਨੇ ਘੇਰਾ ਘੱਤ ਕੇ ਜੈਨ ਖਾਂ ਦੀਆਂ ਫੌਜਾਂ ਨੂੰ ਮਿਲਣਾ ਸੀ । ਅਬਦਾਲੀ ਦੀਆਂ ਅਤੇ ਜਹਾਨ ਖਾਂ ਦੀਆਂ ਫੌਜਾਂ ਨੇ ਦੂਜਿਆਂ ਪਾਸਿਆਂ ਨੂੰ ਘੇਰਨਾ ਸੀ। ਇਸ ਤਰ੍ਹਾਂ ਸਿੱਖਾਂ ਨੂੰ ਚਾਰ ਚੁਫੇਰਿਉਂ ਘੇਰਾ ਪਾਣਾ ਸੀ । ਸਿੱਖਾਂ ਦੀ ਸਥਿਤੀ ਇਸ ਪ੍ਰਕਾਰ ਸੀ। ਕੋਈ ਪੰਜਾਹ ਹਜ਼ਾਰ ਸਿੱਖ ਪਿੰਡ ਕੁਪ ਕੋਲ ਇਕਠੇ ਹੋਏ ਸਨ । ਉਨ੍ਹਾਂ ਦੇ ਨਾਲ ਸਮਾਨ ਅਤੇ ਔਰਤਾਂ ਤੇ ਬੱਚੇ ਜੋ ਤਕਰੀਬਨ ਪੰਜਾਹ ਹਜ਼ਾਰ ਦੇ ਕਰਬ ਸਨ, ਪਿੰਡ ਗਰਮੇ ਸਨ ਜੋ ਕੁਪ ਤੋਂ ਛੇ ਮੀਲ ਦੂਰੀ ਤੇ ਸੀ । ਜੋ ਅਹਿਮਦ ਸ਼ਾਹ ਅਬਦਾਲੀ ਮਲੇਰ ਕੋਟਲੇ ਪਹੁੰਚਿਆ ਤਾਂ ਸਿੱਖਾਂ ਨੂੰ ਅਫਗਾਨਾਂ ਦੇ ਆਉਣ ਦਾ ਪਤਾ ਲਗਾ । ਫੌਰਨ ਸਿੱਖ ਗਰਮੇ ਪਿੰਡ ਵੱਲ ਵਧੇ । ਉਨ੍ਹਾਂ ਨੂੰ ਰੋਕਣ ਲਈ ਜੈਨ ਖਾਂ ਜੋ ਸਰਹਿੰਦ ਦਾ ਫੌਜਦਾਰ ਸੀ ਅੱਗੇ ਵਧਿਆ । ਇਸ ਲੜਾਈ ਵਿਚ ਜੈਨ ਖਾਂ ਦੇ ਮੋਹਰਲੇ ਦਸਤੇ ਨੂੰ ਜੋ ਕਾਸਿਮ ਖਾਂ ਦੇ ਅਧੀਨ ਸੀ ਬੁਰੀ ਤਰ੍ਹਾਂ ਭਾਂਜ ਦਿੱਤੀ ਤੇ ਉਸਨੂੰ ਪਿਛੇ

੧. ਵਾਕਿਆਤ-ਇ-ਦੁਰਾਨੀ ਲਿਖਤ ਮੁਨਸ਼ੀ ਅਬਦੁਲ ਕਰੀਮ ਉਲਥਾਕਰਾ ਮੀਰ ਵਾਰਸ ਅਲੀ, ਪੰਜਾਬੀ ਅਦਬੀ ਅਕੈਡਮੀ, ੧੯੬੩, ਪੰਨਾ ੫੧-੫੫

੨. ਹਿਸਟਰੀ ਆਫ਼ ਸਿੱਖਸ, ਹਰੀ ਰਾਮ ਗੁਪਤਾ ੧੮੦

ਹਟਨਾ ਪਿਆ । ਇਸ ਦੇ ਉਲਟ ਜੈਨ ਖਾਂ ਦੇ ਇਕ ਹੋਰ ਜਰਨੈਲ ਮੁਰਤਜ਼ਾ ਖਾਂ ਨੇ ਸਿੱਖਾਂ ਦਾ ਟਾਕਰਾ ਕੀਤਾ ਤੇ ਸਿੱਖਾਂ ਨੂੰ ਗਰਮੇ ਪਿੰਡ ਵੱਲ ਨਸਾ ਦਿਤਾ ।[1]

ਇੰਨੇ ਚਿਰ ਦੁਰਾਨੀ ਬਹੁਤ ਗਿਣਤੀ ਵਿਚ ਲਾਲ ਵਰਦੀਆਂ ਪਾਈ ਪਹੁੰਚ ਗਏ । ਉਨ੍ਹਾਂ ਨੇ ਸਿੱਖਾਂ ਨੂੰ ਚਾਰ ਚੁਫੇਰੇ ਤੋਂ ਘੇਰਾ ਪਾ ਲਿਆ । ਰਤਨ ਸਿੰਘ ਭੰਗੂ ਕਰਤਾ ''ਪੰਥ ਪ੍ਰਕਾਸ਼'' ਨੇ ਲਿਖਿਆ ਹੈ :

''ਸ਼ਾਹ ਹਲਕਾਰੇ ਘਲ ਸੱਦੇ ਜੈਨਾਂ ਔਰ ਪਠਾਨ ।
'ਸਵੇਰੇ ਹਮ ਤੁਮ ਰਲ ਪਵੈਂ ਮਾਰੇਂ ਸਿੰਘਨ ਪਛਾਨ'
ਸੋਊ ਬਾਤ ਤਿਨ ਪ੍ਰਾਤੇ ਕਰੀ । ਆਈ ਖਾਲਸੇ ਖੋਟੀ ਘਰੀ
ਸਿੰਘ ਤੁਰੇ ਵਲ ਸੋਈ ਦਰਿਆਇ । ਆਗਿਓ ਆਇਓ ਅਹਮਦ ਸ਼ਾਹ
ਲਾਲ ਲਾਲ ਉਸ ਦਿੱਸੇ ਬਾਣਾ । ਸਿੰਘਨ ਕੇਸੂ ਫੂਲੇ ਜਾਣਾ ।
ਜੋ ਹੋਤੇ ਸੇ ਸਿੰਘ ਸਿਆਨੇ । ਗਿਲਜੇ ਆਵਤ ਉਨ੍ਹੈਂ ਪਛਾਨੇ ।
ਆਇ ਗਿਲਜ਼ਨ ਨੇ ਘੋੜੇ ਰਲਾਏ । ਸਿੰਘਨ ਨਹਿ ਥੇ ਤੋੜੇ ਲਾਏ ।
ਤੀਰ ਤਲਵਾਰ ਭਈ ਲੜਾਈ । ਪਰੈ ਅਚਾਨਕ ਉਹ ਥੇ ਆਈ ।

ਸਿਰਾਂ ਤੇ ਪਤੇ :–

''ਵਾਕਿਆਤ ਦੁਰਾਨੀ'' ਦਾ ਕਰਤਾ ਅਬਦੁਲ ਕਰੀਮ ਲਿਖਦਾ ਹੈ ਕਿ ਅਹਿਮਦ ਸ਼ਾਹ ਅਬਦਾਲੀ ਨੇ ਸਰਹੰਦ ਦੇ ਫੌਜਦਾਰ ਜੈਨ ਖਾਂ ਨੂੰ ਸੁਨੇਹਾ ਭੇਜਿਆ, ਸਾਡੀ ਫੌਜੀ ਵਿਚ ਉਜ਼ਬਕ ਕੌਮ ਦੇ ਲੋਕ ਹਨ ਤੇ ਅਸੀਂ ਉਨ੍ਹਾਂ ਨੂੰ ਕਿਹਾ ਹੈ ਕਿ ਜਿਸ ਦਾ ਭਾਰਤੀ ਲਬਾਸ ਹੋਵੇ ਉਸ ਨੂੰ ਕਤਲ ਕਰ ਦੇਣ ਸੋ ਜੈਨ ਖਾਂ ਆਪਣੀ ਫੌਜ ਵਿਚ ਹੁਕਮ ਕਰ ਦੇਵ ਕਿ ਸਾਰੇ ਆਪਣੇ ਸਿਰਾਂ ਤੇ ਦਰਖਤਾਂ ਦੇ ਪੱਤੇ ਜਾਂ ਘਾਸ ਦੇ ਪੱਤੇ ਰੱਖ ਲੈਣ ਤਾਂ ਜੋ ਲੜਾਈ ਵਿਚ ਉਜ਼ਬਕ ਸਿਪਾਹੀ ਉਨ੍ਹਾਂ ਨੂੰ ਦੁਸ਼ਮਨ ਦੇ ਆਦਮੀ ਸਮਝ ਕੇ ਮਾਰ ਨਾ ਦੇਣ । ਆਪਣੀਆਂ ਫੌਜਾਂ ਵਿਚ ਅਬਦਾਲੀ ਨੇ ਹੁਕਮ ਕਰ ਦਿੱਤਾ ਕਿ ਜਿਸ ਦੇ ਸਿਰ ਤੇ ਦਰਖਤ ਦੇ ਪੱਤੇ ਹਨ ਜਾਂ ਘਾਸ ਦੇ ਪੱਤੇ ਹਨ ਉਹ ਜੈਨ ਖਾਂ ਦੀ ਫੌਜ ਵਿਚ ਹੈ ।[2] ਇਸ ਘਟਨਾ ਤੋਂ ਪਤਾ ਲਗਦਾ ਹੈ ਕਿ ਸਿੱਖਾਂ ਦੇ ਤੇ ਮੁਗਲਾਂ ਦੇ ਪਹਿਰਾਵੇ ਵਿਚ ਕੋਈ ਜ਼ਿਆਦਾ ਫਰਕ ਨਹੀਂ ਸੀ ਜਿਸ ਕਰਕੇ ਸਿਰਾਂ ਤੇ ਪੱਤਿਆਂ ਦੀ ਨਿਸ਼ਾਨੀ ਲਾਣ ਦੀ ਲੋੜ ਪਈ ।

ਖ਼ਾਲਸੇ ਨੇ ਵਿਉਂਤ ਬਣਾਈ ਤੇ ਚਾਰ ਸਿੱਖਾਂ ਨੂੰ ਗਰਮੇ ਭੇਜਿਆ ਕਿ ਉਹ ਵਹੀਰ ਜਿਸ ਵਿਚ ਬੱਚੇ ਤੇ ਔਰਤਾਂ ਸਨ, ਬਰਨਾਲੇ ਵੱਲ ਲੈ ਜਾਣ ਇਹ ਚਾਰ ਸਿੱਖ ਸੰਧੂ ਸਿੰਘ, ਆਲਾ ਸਿੰਘ,

੧. ਪੰਥ ਪ੍ਰਕਾਸ਼, ਰਤਨ ਸਿੰਘ ਭੰਗੂ, ਪੰਨਾ ੩੪੯
੨. ਵਾਕਿਆਤ-ਇ-ਦੁਰਾਨੀ, ਅਬਦੁਲ ਕਰੀਮ, ਪੰਨਾ ੫੫

ਸੇਖੂ ਸਿੰਘ ਅਤੇ ਬੁੱਢਾ ਸਿੰਘ ਸਨ[1] । ਜਦੋਂ ਇਹ ਵਹੀਰ ਲੈ ਕੇ ਹਾਲੀ ਥੋੜੀ ਦੂਰ ਹੀ ਗਏ ਸਨ ਤਾਂ ਅੱਠ ਹਜ਼ਾਰ ਅਫਗਾਨ ਫੌਜ ਸ਼ਾਹਵਲੀ ਖਾਂ ਦੇ ਅਧੀਨ ਇਨ੍ਹਾਂ ਤੇ ਟੁੱਟ ਪਈ । ਜੱਸਾ ਸਿੰਘ ਆਹਲੂਵਾਲੀਆਂ ਨੇ ਹੋਰ ਸਿੰਘ ਇਮਦਾਦ ਵਾਸਤੇ ਭੇਜੇ ਤੇ ਫੇਰ ਇਨ੍ਹਾਂ ਦਾ ਟਾਕਰਾ ਮਲੇਰ ਕੋਟਲੇ ਦੇ ਅਤੇ ਜੈਨ ਖਾਂ ਦੇ ਅਫਗਾਨਾਂ ਨਾਲ ਹੋਇਆ ਜਿਵੇਂ ਕਿ ਰਤਨ ਸਿੰਘ ਭੰਗੂ ਨੇ ਲਿਖਿਆ ਹੈ.-

ਬਹੀਰ ਕੋਸ ਦੁਇ ਤਿੰਨ ਗਯੋ ਤੋ ਆਗੇ ਪਰੇ ਰਿਪੁ ਔਰ ।
ਜੈਨਾ ਅਤੇ ਮਲੇਰੀਏ ਮਾਰੇ ਉਨੇਂ ਬਹੁਤ ਦੋਰ ।
ਸਭ ਖਾਲਸੇ ਸਿਉ ਸ਼ਾਮ ਸਿੰਘ ਕਹਯੋ
ਜੈਨੇ ਮਲੇਰੀ ਵੱਲ ਮੈਂ ਰਹਯੋ,
ਤੀਨ ਤਰਫ ਤੁਮ ਸਭੋ ਨਿਸਬਯੋ
ਦੀਨ ਮਜ਼ਬ ਕੋ ਜੁਧ ਸਬੰਹਯੋ ।[2]

ਸਿੱਖ ਹੁਣ ਭਜ ਕੇ ਵੀ ਜਾਂਦੇ ਸਨ ਤੇ ਲੜਦੇ ਵੀ ਜਾਂਦੇ ਸਨ । ਅਫਗਾਨ ਫੌਜਾਂ ਪਿਛਾ ਕਰੀ ਜਾਂਦੀਆਂ ਸਨ । ਡਾ: ਹਰੀ ਰਾਮ ਗੁਪਤਾ ਤੇ ਕਥਨ ਅਨੁਸਾਰ ਅਬਦਾਲੀ ਦੀਆਂ ਫੌਜਾਂ ਸਸਤਰਾਂ ਵਿਚ ਤੇ ਕਲਾ ਵਿਚ ਬਹੁਤ ਪਰਬੀਨ ਸਨ । ਲੜਾਈ ਦੇ ਹਿਸਾਬ ਨਾਲ ਸਿੱਖਾਂ ਕੋਲ ਨਾ ਪੂਰੇ ਹਥਿਆਰ ਸਨ ਤੇ ਨਾ ਹੀ ਯੁਧ ਕਲਾ ਦੀ ਸਿੱਖਿਆ ਜੋ ਡੱਟਵੀਂ ਲੜਾਈ ਵਿਚ ਕੰਮ ਆਉਂਦੀ ਹੈ ਪਰ ਉਹ ਜੋਸ਼ ਨਾਲ ਜੂਝਦੇ ਸਨ ਤੇ ਗੁਰੂ ਵਾਸਤੇ ਸਭ ਕੁਝ ਕੁਰਬਾਨ ਕਰਨ ਨੂੰ ਤਿਆਰ ਸਨ । ਅਖੀਰ ਸੁਕਰਚੱਕੀਆ ਸਰਦਾਰ ਚੜ੍ਹਤ ਸਿੰਘ ਜੋ ਮਹਾਰਾਜਾ ਰਣਜੀਤ ਸਿੰਘ ਦਾ ਦਾਦਾ ਸੀ ਤੇ ਵੰਗਾਰ ਕੇ ਕਿਹਾ :-

ਤੋ ਚੜ੍ਹ ਸਿੰਘ ਨੇ ਯੋਂ ਕਹਯੋ ਮੇਰੀ ਸੁਨੋਂ ਸਲਾਹਿ ।
ਜਿਮੇ ਸ਼ਾਹ ਤੁੰਮਨ ਰਚੇ ਮਿਲ ਲੜੋ ਤੁਮ ਮਿਸਲ ਬਨਾਇ ।
ਚਾਰ ਮਿਸਲ ਕੋ ਥੱਨੇ ਬਨਾਵੋ; ਦੁਇ ਦੁਇ ਮਿਸਲ ਦੁਤਰਫੀਲਾਵੋ
ਜੋਰ ਪਰੇ ਜਿਸ ਬਹੁਤੇ ਆਇ । ਮੈਂ ਜਾ ਕਰੂੰ ਸੁ ਉਸੇ ਸਹਾਇ ।[3]

ਰਤਨ ਸਿੰਘ ਨੇ ਘਲੂਘਾਰੇ ਦੀ ਲੜਾਈ ਦਾ ਹਾਲ ਸੋਹਣਾ ਵਰਨਣ ਕੀਤਾ ਹੈ :-

ਔਰ ਤੁੰਮਣ ਦੁਇ ਮਗਰੋਂ ਆਏ ।
ਬਿਲੰਦ ਜਹਾਨਾ ਸੂਬੇਦਾਰ ਜੋਤਾਏ ।
ਤਿਨ੍ਹੇ ਦਏ ਸੋ ਸਿੰਘ ਹਲਾਇ ।
ਜਿਮ ਪਤ ਪਿਪਲ ਪੋਨ ਉਡਾਇ ।
ਨਠੇਂ ਨਠੇਂ ਖੜ ਖੜ ਮੁੜ ਲੜੋਂ ।

੧. ਉਕਤ ਪੰਨਾ ੩੪੯
੨. ਉਕਤ, ਪੰਨਾ ੩੪੯,
੩. ਉਕਤ ਪੰਨਾ ੩੫੦

ਬਹੁਤੇ ਗਿਲਜੇ ਕਯਾ ਸਿੰਘ ਕਰੈਂ ।......

ਘੜੀ ਏਕ ਸਿੰਘ ਖੜ ਖੜ ਲੜੇ ਰਖਯੋ ਬਹੀਰ ਬਚਾਇ ।

ਤੋ ਫਿਰ ਮਗਰੋਂ ਕਰ ਹਲੋ ਆਇ ਪਰਯੋ ਸੁ ਅਹਿਮਦ ਸ਼ਾਹਿ ।

ਦੋਹਰਾ : ਤੋ ਭੀ ਸਿੰਘ ਲੜਤੇ ਤੁਰੈਂ ਰਖਨ ਬਹੀਰੈ ਕਾਜ ।

ਕਿਤੇ ਲੜੈਂ ਕਿਤ ਖੜ ਤੁਰੈਂ ਕਿਤੇ ਗਏ ਕਰ ਭਾਜ ।[੧]

ਇਸ ਲੜਾਈ ਵਿਚ ਭਜਦਿਆਂ ਅਤੇ ਲੜਦਿਆਂ ਜੋ ਅਫਗਾਨ ਸਿੰਘਾਂ ਹੱਥੋਂ ਮਾਰੇ ਗਏ ਸਨ ਉਨ੍ਹਾਂ ਦੇ ਘੋੜੇ ਤੇ ਹਥਿਆਰ ਸਿੰਘਾਂ ਹੱਥ ਆ ਜਾਂਦੇ ਸਨ । ਜੱਸਾ ਸਿੰਘ ਆਲੂਵਾਲੀਆ ਅਤੇ ਚੜ੍ਹਤ ਸਿੰਘ ਨੇ ਸਾਰੀ ਲੜਾਈ ਵਿਚ ਵੱਧ ਕੇ ਹਿੱਸਾ ਲਿਆ । ਰਤਨ ਸਿੰਘ ਚੜ੍ਹਤ ਸਿੰਘ ਦੀ ਉਸਤਤ ਕਰਦਾ ਹੈ :

ਬੰਦੂਖ ਸਰਦਾਰ ਚੜ੍ਹ ਸਿੰਘ ਕੀ ਕੀਉ ਜਗ ਮੇ ਮਸ਼ਹੂਰ,

ਜੈਸੇ ਮਾਰੇ ਨੇੜਿਓ ਤੈਸੇ ਮਾਰੇ ਦੂਰ ।

ਸਿੰਘ ਜਦੋਂ ਅਹਿਮਦ ਸ਼ਾਹ ਅਬਦਾਲੀ, ਜੈਨ ਖਾਂ ਅਤੇ ਮਲੇਰ ਕੋਟਲੇ ਦੀਆਂ ਫੌਜਾਂ ਨਾਲ ਲੜਦੇ ਤੇ ਭਜੀ ਜਾਂਦੇ ਸਨ ਤਾਂ ਰਸਤੇ ਵਿਚ ਗਿਹਲ ਪਿੰਡ ਆਇਆ । ਸਿੱਖਾਂ ਨੇ ਉਥੇ ਸਾਹ ਲੈਣ ਦਾ ਯਤਨ ਕੀਤਾ ਪਰ ਕਾਮਯਾਬ ਨਾ ਹੋਏ । ਫੇਰ ਅਗੋਂ ਇਕ ਹੋਰ ਪਿੰਡ ਕੁਤਬ ਬਾਹਮਨੀ ਆਇਆ । ਇਥੇ ਇਕ ਪਾਣੀ ਦੀ ਢਾਬ ਸੀ, ਜਿਸ ਤੋਂ ਪਹਿਲਾਂ ਸਿੱਖਾਂ ਪਾਣੀ ਪੀਤਾ ਅਤੇ ਫੇਰ ਅਫਗਾਨਾਂ ਨੇ ਪੀਤਾ । ਰਸਤੇ ਵਿਚ ਘੋੜਿਆਂ ਅਤੇ ਆਦਮੀਆਂ ਲਈ ਕਿਧਰੇ ਪਾਣੀ ਨਹੀਂ ਸੀ । ਅਫਗਾਨ ਹੁਣ ਸਵੇਰ ਦੇ ਲੜਦੇ-ਲੜਦੇ ਥਕ ਗਏ ਸਨ । ਇਸ ਲੜਾਈ ਵਿਚ ਅਫਗਾਨ ਵੀ ਕਾਫੀ ਮਾਰੇ ਗਏ ਸਨ । ਇਸ ਕਰਕੇ ਅਬਦਾਲੀ ਨੇ ਸਿੱਖਾਂ ਦਾ ਹੋਰ ਪਿਛਾ ਕਰਨਾ ਮੁਨਾਸਬ ਨਾ ਸਮਝਿਆ ।

ਸਮਕਾਲੀ ਅਰਧ ਸਮਕਾਲੀ ਅਤੇ ਬਾਅਦ ਦੇ ਇਤਿਹਾਸਕਾਰਾਂ ਵਿਚ ਘਲੂਘਾਰੇ ਵਿਚ ਸਿੰਘਾਂ ਸ਼ਹੀਦ ਹੋਣ ਵਾਲਿਆਂ ਦੀ ਗਿਣਤੀ ਬਾਰੇ ਕਾਫੀ ਮਤਭੇਦ ਹਨ । ਆਮ ਅੰਦਾਜ਼ਾ ਹੈ ਸਿੱਖ ਘਲੂਘਾਰੇ ਵਿਚ ੧੦ ਹਜ਼ਾਰ ਤੋਂ ੩੦ ਹਜ਼ਾਰ ਤਕ ਸ਼ਹੀਦ ਹੋਏ । ਪਰ ਆਮ ਖਿਆਲ ਕੀਤਾ ਜਾਂਦਾ ਹੈ ਕਿ ਜੋ ਸ਼ਹੀਦ ਹੋਏ ਉਹ ਵੀਹ ਹਜ਼ਾਰ ਕੇ ਕਰੀਬ ਸਨ ।[2] ਰਤਨ ਸਿੰਘ ਤੀਹ ਹਜ਼ਾਰ ਲਿਖਦਾ ਹੈ :-

"ਲੋਕ ਕਹੈਂ ਸਿੰਘ ਇਕ ਲੱਖ ਸਾਰਾ

ਪਚਾਸ ਬਚਿਯੋ ਔਰ ਸਭਗਯੋ ਮਾਰਾ

ਪਿਤਾ ਹਮਾਰੇ ਤੀਸ ਬਤਾਏ ।

ਰਹੇ ਸੁਮਰ ਔਰ ਬਚ ਕਰ ਆਏ....

---

੧. ਪੰਥ ਪ੍ਰਕਾਸ਼, ਰਤਨ ਸਿੰਘ, ਪੰਨਾ ੩੫੨

੨. ਹਿਸਟਰੀ ਆਫ ਦੀ ਸਿੱਖਸ, ਡਾ. ਹਰੀ ਰਾਮ ਗੁਪਤਾ, ਪੰਨਾ ੧੯੩

ਸਰਦਾਰ ਸਭੈ ਜ਼ਖਮੀ ਭਏ ਸਾਬਤ ਰਹਯੋ ਨ ਕੋਇ
ਲਈ ਸ਼ਹੀਦੀ ਥੀ ਘਨਨ ਗਿਣਤੀ ਸਭਨ ਨਾ ਹੋਇ ।[1]

ਅਹਿਮਦ ਸ਼ਾਹ ਅਬਦਾਲੀ ਸਮਝਦਾ ਸੀ ਕਿ ਘਲੂਘਾਰੇ ਵਿਚ ਉਹ ਸਿੱਖਾਂ ਨੂੰ ਇਕ ਐਸੀ ਸਜ਼ਾ ਦੇ ਚਲਿਆ ਕਿ ਕਈ ਪੀੜ੍ਹੀਆਂ ਤਕ ਸਿੰਘ ਭੁਲ ਨਹੀਂ ਸਕਣਗੇ ਤੇ ਐਨੀ ਉਨ੍ਹਾਂ ਦੀ ਗਿਣਤੀ ਮਾਰੀ ਗਈ ਹੈ ਕਿ ਸਿੱਖ ਸਪਿਰਟ ਖ਼ਤਮ ਹੋ ਜਾਵੇਗੀ । ਪਰ ਸਿੱਖ ਸਦਾ ਹੀ ਮੁਸ਼ਕਲਾਂ ਵਿਚ ਲੰਘਦੇ ਆ ਰਹੇ ਸਨ । ਇਸ ਸੰਕਟ ਦੇ ਸਮੇਂ ਨੂੰ ਵੀ ਉਨ੍ਹਾਂ ਇਕ ਸਤਿਗੁਰ ਵਲੋਂ ਇਮਤਿਹਾਨ ਸਮਝਿਆ ਜਿਵੇਂ ਸੋਨਾ ਖੁਟਾਲੀ ਵਿਚ ਪੈ ਕੇ ਸੁਧ ਹੋ ਜਾਂਦਾ ਹੈ ਇਸੇ ਤਰ੍ਹਾਂ ਖ਼ਾਲਸਾ ਨੇ ਸਮਝਿਆ ਸੀ ਕਿ ਖੋਟ ਉਸ ਵਿਚੋਂ ਨਿਕਲ ਗਿਆ ਹੈ ਤੇ ਖ਼ਾਲਸਾ ਤਤ ਰਹਿ ਗਿਆ ਹੈ- ਰਤਨ ਸਿੰਘ ਲਿਖਦਾ ਹੈ :-

''ਇਕ ਨਿਹੰਗ ਬੁਕ ਤਹਿ ਕਹਯੋ ਉਚੋ ਬਚਨ ਸਨਾਂਇ
ਤਤ ਖਾਲਸਾ ਸੋ ਰਹਯੋ ਗਯੋ ਸੁਖੋਟ ਗਵਾਇ ।[2]

---

੧. ਪੰਥ ਪ੍ਰਕਾਸ਼, ਰਤਨ ਸਿੰਘ, ਪੰਨਾ ੩੫੮

੨. ਉਕਤ ਪੰਨਾ ੩੫੮

ਅਠਾਰਵੀਂ ਸਦੀ ਦਾ ਸਿੱਖ ਆਚਰਣ

ਅਠਾਰਵੀਂ ਸਦੀ ਦਾ ਸਿੱਖ ਆਚਰਨ ਸਿੱਖਾਂ ਦੀਆਂ ਆਉਣ ਵਾਲੀਆਂ ਨਸਲਾਂ ਲਈ ਸਦਾ ਚਾਨਣ ਮੁਨਾਰੇ ਦਾ ਕੰਮ ਦੇਵੇਗਾ । ਸ਼ਾਇਦ ਹੀ ਕੋਈ ਐਸੀ ਕੌਮ ਹੋਵੇ ਜਿਹੜੀ ਕਿ ਬਿਖੜੇ ਸਮੇਂ ਵੀ ਆਪਣੇ ਇਖਲਾਕੀ ਆਦਰਸ਼ ਉਚੇਰੇ ਰੱਖ ਸਕੀ ਹੋਵੇ । ਇਹ ਉਹੋ ਹੀ ਸਮਾਂ ਸੀ ਜਦੋਂ ਗੁਰ ਸਾਹਿਬ ਦੇ ਵਾਕਾਂ ਨੂੰ ਅਮਲਾਂ ਵਿਚ ਉਲੀਕਿਆਂ ਗਿਆ ਤੇ ਸਿੱਖਾਂ ਨੇ ਛੋਲਿਆਂ ਨੂੰ ਬਦਾਮ, ਬਈ ਰੋਟੀ ਨੂੰ ਮਿਠਾ ਪ੍ਰਸ਼ਾਦਾ ਤੇ ਗੰਢੇ ਨੂੰ ਰੂਪਾ ਪ੍ਰਸ਼ਾਦ ਕਹਿ ਕੇ ਆਪਣੀ ਆਜ਼ਾਦੀ ਦੀ ਜੰਗ ਨੂੰ ਜਾਰੀ ਰੱਖਿਆ ਤੇ ਅਖੀਰ ਤੇ ਕਾਮਯਾਬ ਹੋਏ ਉਸ ਵੇਲੇ ਸਿੱਖਾਂ ਦਾ ਆਦਰਸ਼ ਸੀ :

ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ ।
ਪੁਰਜਾ ਪੁਰਜਾ ਕਟਿ ਮਰੈ
ਕਬਹੂ ਨ ਛਾਡੈ ਖੇਤੁ ।

ਇਹ ਉਹੋ ਹੀ ਵੇਲਾ ਸੀ ਜਦ ਗੁਰੂ ਜੀ ਦੇ ਵਾਕ ਮੁਰਦਿਆਂ ਵਿਚ ਰੂਹ ਭਰਦੇ ਸਨ ਤੇ ਗੁਰੂ ਸਾਹਿਬ ਦੇ ਬਚਨ ਹਰ ਸਿੱਖ ਦੀ ਆਤਮਾ ਨੂੰ ਬਿਜਲੀ ਵਾਂਗੂੰ ਸੁਰਜੀਤ ਕਰਦੇ ਸਨ । ਸਿੱਖਾਂ ਦੇ ਜੀਵਨ ਦਾ ਆਧਾਰ ਇਹ ਹੁੰਦਾ ਸੀ :-

ਜਉ ਤਉ ਪ੍ਰੇਮ ਖੇਲਣ ਦਾ ਚਾਉ ।
ਸਿਰੁ ਧਰਿ ਤਲੀ ਗਲੀ ਮੇਰੀ ਆਉ ।
ਇਤੁ ਮਾਰਗਿ ਪੈਰ ਧਰੀਜੈ ।
ਸਿਰ ਦੀਜੈ ਕਾਣਿ ਨਾ ਕੀਜੈ ।

ਅਠਾਰਵੀਂ ਸਦੀ ਸਿੱਖਾਂ ਲਈ ਸਭ ਤੋਂ ਭਿਆਨਕ ਸਮਾਂ ਸੀ । ਇਹ ਉਹ ਸਮਾਂ ਸੀ ਜਦੋਂ ਸਿੱਖਾਂ ਦੇ ਸਿਰ ਦਾ ਮੁਲ ਰਖਿਆ ਜਾਂਦਾ ਸੀ ਤੇ ਸਿੱਖਾਂ ਨੂੰ ਮੁਸਲਮਾਨ ਹਕੂਮਤ ਬਿਲਕੁਲ ਖਤਮ ਕਰਨਾ ਚਾਹੁੰਦੀ ਸੀ । ਇਨ੍ਹਾਂ ਮੁਸੀਬਤਾਂ ਦੇ ਹੁੰਦਿਆਂ ਜੰਗਲਾਂ ਵਿਚ ਰਹਿੰਦੀਆਂ ਖ਼ਾਲਸਾ ਸਦਾ ਤੱਤਪਰ ਰਹਿੰਦਾ ਤੇ ਉਨ੍ਹਾਂ ਦੇ ਚਾਲ ਚਲਨ ਵਿਚ ਜ਼ਰਾ ਵੀ ਕਮੀ ਨਾ ਆਈ । ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਉਸ ਸਮੇਂ ਵੀ ਖਾਲਸਾ ਔਕੜਾਂ ਵਿਚ ਪ੍ਰਬਲ ਹੁੰਦਾ ਗਿਆ । ਇਸ ਦਾ ਕਾਰਨ ਉਨ੍ਹਾਂ ਦੇ ਆਚਰਨ ਦੀ ਮਜ਼ਬੂਤੀ ਸੀ ਤੇ ਇਰਾਦੇ ਦੀ ਦ੍ਰਿੜਤਾ । ਡਾ. ਹਰੀਰਾਮ ਗੁਪਤਾ ਠੀਕ ਹੀ ਲਿਖਦੇ ਹਨ :-

''ਦ੍ਰਿੜ ਵਿਸ਼ਵਾਸ ਤੇ ਆਸ਼ਾਵਦੀ ਕਿਰਨ ਇਕ ਪਾਸੇ ਤੇ ਡਟ ਕੇ ਮੁਕਾਬਲਾ ਕਰਨ ਦੀ ਸ਼ਕਤੀ ਤੇ ਆਦਰਸ਼ ਦੀ ਉੱਚਤਾ ਦੂਜੇ ਪਾਸੇ ਸਿੱਖੀ-ਆਚਰਨ ਬਨਾਣ ਦੇ ਮੂਲ ਕਾਰਨ

ਸਨ'' ।ਅਠਾਰਵੀਂ ਸਦੀ ਦਾ ਸਿੱਖ ਆਚਰਨ ਉਲੀਕਨ ਵਾਲੇ ਵਿਸ਼ੇਸ਼ ਕਰਕੇ ਦੋ ਹੀ ਵਿਅਕਤੀ ਹਨ । ਇਕ ਮੁਸਲਮਾਨ ਕਾਜ਼ੀ ਨੂਰ ਮੁਹੰਮਦ ਤੇ ਦੂਸਰਾ ਫਾਰੇਸਟਰ, ਇਕ ਅੰਗਰੇਜ਼ । ਇਨ੍ਹਾਂ ਵਿਚੋਂ ਜਾਂ ਕੋਈ ਹੋਰ ਅਠਾਰਵੀਂ ਸਦੀ ਵਿਚ ਸਿੱਖ ਆਚਰਨ ਉਲੀਕਣ ਵਾਲਾ ਕੋਈ ਵੀ ਸਿੱਖ ਇਤਿਹਾਸਕਾਰ ਨਹੀਂ ਜਿਸ ਨੂੰ ਕਿ ਡਾਕਟਰ ਲਤੀਫ ਕਹਿ ਸਕੇ ਕਿ 'ਸਿੱਖ ਇਤਿਹਾਸਕਾਰ ਸਦਾ ਆਪਣੇ ਧਾਰਮਕ ਆਗੂਆਂ ਦਾ ਕਮਜ਼ੋਰ-ਪੱਖ ਲੁਕਾਣ ਦਾ ਯਤਨ ਕਰਦੇ ਰਹੇ ਹਨ ਤੇ ਉਨ੍ਹਾਂ ਦੀ ਸ਼ਾਨਦਾਰ ਰਵਾਇਤਾਂ ਨੂੰ ਵਿਸ਼ੇਸ਼ ਤੌਰ ਤੇ ਵਰਨਣ ਕਰਦੇ ਰਹੇ ਸਨ ।'

ਇਤਹਾਸਕ ਖੋਜ ਦੇ ਦ੍ਰਿਸ਼ਟੀਕੋਣ ਤੋਂ ਉਸ ਕਥਨ ਨੂੰ ਮਹਾਨਤਾ ਦਿੱਤੀ ਜਾਂਦੀ ਹੈ ਜਿਸ ਦਾ ਕਰਤਾ ਉਸੇ ਸਮੇਂ ਦਾ ਹੋਵੇ ਤੇ ਕਥਨ ਕਰਨ ਵਿਚ ਉਸ ਨੂੰ ਕੋਈ ਜ਼ਾਤੀ ਹਾਣ ਜਾਂ ਲਾਭ ਨਾ ਹੋਵੇ ।ਇਸ ਦ੍ਰਿਸ਼ਟੀਕੋਣ ਤੋਂ ਦੋਵੇਂ ਇਤਿਹਾਸਕਾਰ ਪੂਰੇ ਉਤਰਦੇ ਹਨ । ਕਾਜ਼ੀ ਨੂਰ ਮੁਹੰਮਦ ਅਹਿਮਦਸ਼ਾਹ ਅਬਦਾਲੀ ਨਾਲ ਛੇਵੇਂ ਹਮਲੇ ਵਿਚ ਆਇਆ ਤੇ ਉਹ ਸਿੱਖਾਂ ਨੂੰ 'ਸੱਗ' ਕਰਕੇ ਲਿਖਦਾ ਹੈ ਜਿਸ ਦਾ ਅਰਥ ਕੁੱਤਾ ਹੁੰਦਾ ਹੈ । ਉਹ ਆਪਣੇ 'ਜੰਗਨਾਮੇ' ਵਿਚ ਸਿੱਖ ਗੁਰੂਆਂ ਨੂੰ ਬਹੁਤ-ਗਾਲ੍ਹਾਂ ਆਦਿ ਲਿਖਦਾ ਹੈ ਜਿਸ ਤਰ੍ਹਾਂ ਕਿ ਉਸ ਸਮੇਂ ਵਿਚ ਆਪਣੇ ਵਿਰੋਧੀ ਨੂੰ ਲਿਖਣ ਦਾ ਰਿਵਾਜ ਹੁੰਦਾ ਸੀ । ਪਰ ਇੰਨਾ ਕੁਝ ਹੁੰਦਿਆਂ ਉਹ ਸਿੱਖ ਆਚਰਨ ਨੂੰ ਦਰਸਾਣ ਲਗਿਆਂ ਕਹਿੰਦਾ ਹੈ :-

'ਸਗਾਂ ਰਾ ਮਗੋ ਸਗ
ਕਿ ਹਸਤੰਦ ਸ਼ੇਰ'

ਭਾਵ ਇਨ੍ਹਾਂ ਕੁੱਤਿਆਂ ਨੂੰ ਕੁੱਤੇ ਨਾ ਕਹੋ ਇਹ ਸ਼ੇਰ ਹਨ । ਇਸ ਤੋਂ ਇਲਾਵਾ ਉਹ ਲਿਖਦਾ ਹੈ ਕਿ ਲੜਾਈ ਵਿਚ ਸਿੱਖ ਕਿਸੇ ਔਰਤ ਨੂੰ ਨਹੀਂ ਮਾਰਦੇ ਤੇ ਨਾ ਹੀ ਉਸ ਦੀ ਬੇਹੁਰਮਤੀ ਹੋਣ ਦੇਂਦੇ ਹਨ ਤੇ ਨਾ ਉਹ ਕਿਸੇ ਇਕੱਲੇ ਦੁਕੱਲੇ ਨੂੰ ਰਾਹ ਵਿਚ ਮਾਰਦੇ ਹਨ । ਇਹ ਉਸ ਜ਼ਮਾਨੇ ਦੀਆਂ ਗੱਲਾਂ ਹਨ ਜਦੋਂ ਸਿੱਖ ਜੰਗਲਾਂ ਵਿਚ ਰਹਿੰਦੇ ਸਨ ਤੇ ਇਕੱਲੇ ਦੁਕੱਲੇ ਸਿੱਖ ਨੂੰ ਬੜੀ ਬੁਰੀ ਤਰ੍ਹਾਂ ਮਾਰਿਆ ਜਾਂਦਾ ਸੀ । ਜਦੋਂ ਕਦੀ ਸਿੱਖਾਂ ਤੇ ਮੁਸੀਬਤ ਆਉਂਦੀ ਤਾਂ ਉਹ ਸਿਦਕ ਨਾਲ ਕਹਿੰਦੇ ਕਿ ਖਾਲਸੇ ਨੂੰ ਗੁਰੂ ਸਾਹਿਬ ਨੇ ਖਰਾ ਕਰ ਦਿੱਤਾ ਹੈ ਤੇ ਖੋਟ ਵਿਚੋਂ ਕਢ ਦਿੱਤਾ ਹੈ ਤੇ ਜਿਉਂ ਜਿਉਂ ਮੁਸੀਬਤਾਂ ਆਉਂਦੀਆਂ ਗਈਆਂ ਖਾਲਸਾ ਪ੍ਰਬਲ ਹੁੰਦਾ ਗਿਆ ।

ਦੂਸਰਾ ਇਤਿਹਾਸਕਾਰ ਜਾਰਜ ਫਾਰੇਸਟਰ ਹੈ ਜਿਹੜਾ ਕਿ ਈਸ਼ਟ ਇੰਡੀਆ ਕੰਪਨੀ ਦਾ ਮੁਲਾਜ਼ਮ ਸੀ ਤੇ ਉਸ ਨੇ ਬੰਗਾਲ ਤੋਂ ਲੈ ਕੇ ਇੰਗਲੈਂਡ ਤਕ ਸਫਰ ਕੀਤਾ ਹੈ ਤੇ ਉਤਰੀ ਹਿੰਦ, ਕਸ਼ਮੀਰ, ਅਫਗਾਨਿਸਤਾਨ, ਈਰਾਨ, ਰੂਸ ਅਤੇ ਕੈਸਪੀਅਨ ਸਮੁੰਦਰ ਵਿਚੋਂ ਲੰਘ ਕੇ ਇੰਗਲਸਤਾਨ ਪਹੁੰਚਿਆ । ਉਸ ਨੇ ਕਸ਼ਮੀਰ ਤੇ ਉਤਰੀ ਹਿੰਦ ਦੇ ਹਾਲਾਤ ਅੱਖੀਂ ਡਿਠੇ ਅਤੇ ਲਿਖੇ ਹਨ । ਪਹਿਲਾਂ ਇਹ ਯਾਤਰੂ ਸਿੱਖਾਂ ਕੋਲੋਂ ਬਹੁਤ ਡਰਦਾ ਸੀ-੧੭੮੩ ਵਿਚ ਨੂਰਪੁਰ ਤੋਂ ਉਹ ਲਿਖਦਾ ਹੈ ਕਿ 'ਮੈਂ ਸਿੱਖਾਂ, ਜਾਂਗਲੀ ਸ਼ੇਰਾਂ ਜਾਂ ਚੋਰਾਂ ਕੋਲੋਂ ਬਚ ਕੇ ਨੂਰਪੁਰ ਪਹੁੰਚ ਗਿਆ

ਹਾਂ।' ਇਹ ਅਮੀਰ ਯਾਤਰੂ ਆਪਣੇ ਪੈਸਿਆਂ ਸਣੇ ਬਚ ਨਿਕਲਦਾ ਹੈ ਤੇ ਦੋ ਵਾਰੀ ਸਿੱਖਾਂ ਦੇ ਜਥੇ ਇਸ ਨੂੰ ਮਿਲਦੇ ਹਨ । ਉਹ ਇਸ ਨੂੰ ਲੁਟਦੇ ਨਹੀਂ ਸਗੋਂ ਹਮਦਰਦੀ ਨਾਲ ਪੇਸ਼ ਆਉਂਦੇ ਸਨ। ਇਸ ਤੋਂ ਇਹ ਪਤਾ ਲਗਦਾ ਹੈ ਕਿ ਸਿੱਖ ਐਵੇਂ ਹੀ ਕਿਸੇ ਨੂੰ ਤੰਗ ਨਹੀਂ ਕਰਦੇ ਤੇ ਇਨ੍ਹਾਂ ਦੀ ਲੁਟ ਮਾਰ ਕੇਵਲ ਜ਼ਾਲਮਾਂ ਨਾਲ ਹੀ ਹੁੰਦੀ ਸੀ ।ਇਹ ਯਾਤਰੂ ਆਪਣੇ ਅੱਖੀਂ ਡਿਠੇ ਹਾਲਾਤ ਇਉਂ ਲਿਖਦਾ ਹੈ:-

'ਸ਼ਾਮੀ ਪਹਾੜੀ ਦੇ ਥਲੇ ਪਹੁੰਚ ਕੇ ਅਸਾਂ ਵੇਖਿਆ ਕਿ ਇਨ੍ਹਾਂ ਦਾ ਇਕ ਜੱਥਾ ਘੋੜਿਆਂ ਤੇ ਸਵਾਰ ਸਾਡੇ ਵਲ ਸੜਕ ਤੇ ਹੇਠਾਂ ਉਤਰ ਰਿਹਾ ਹੈ ।ਇਨ੍ਹਾਂ ਆਦਮੀਆਂ ਦੇ ਨਜ਼ਰ ਆਉਣ ਨਾਲ ਜਿਹਨਾਂ ਨੂੰ ਕਿ ਸਿੱਖ ਕਿਹਾ ਜਾਂਦਾ ਹੈ ਸਾਨੂੰ ਬਹੁਤ ਖਤਰਾ ਹੋਇਆ ਤੇ ਉਨ੍ਹਾਂ ਦੇ ਨੇੜੇ ਆਉਣ ਤੇ ਮੇਰੇ ਸਾਥੀਆਂ ਤੇ ਮੈਂ ਆਪਣੇ ਕਾਗਜ਼ ਤੇ ਪੈਸੇ ਇਕ ਝਾੜੀ ਵਿਚ ਲੁਕਾ ਦਿੱਤੇ । ਪਰ ਅਸਾਂ ਇਨ੍ਹਾਂ ਘੋੜ ਚੜ੍ਹਿਆਂ ਦਾ ਗਲਤ ਅੰਦਾਜ਼ਾ ਲਾਇਆ ।'

ਇਕ ਥਾਂ ਹੋਰ ਲਿਖਦਾ ਹੈ :-

'ਇਹ ਗੱਲ ਬੇਫਾਇਦਾ ਹੀ ਬੜੇ ਜ਼ੋਰ ਨਾਲ ਕਹੀ ਗਈ ਸੀ ਕਿ ਇਸ ਮੁਲਕ ਵਿਚੋਂ ਜਲਦ ਚਲੇ ਜਾਣਾ ਤੇ ਸਿੱਖਾਂ ਦੇ ਰਾਹ ਤੋਂ ਬਚਣਾ ਹੈ ।ਕਿਸ਼ਤੀ ਵਾਲੇ ਨੇ ਭਾਵੇਂ ਉਹ ਮੁਸਲਮਾਨ ਭਰਾ ਹੀ ਸੀ ਬਸੋਲੀ ਦੇ ਪਤਨ ਦੇ ਬਹੁਤ ਚੋਖੇ ਰੁਪੇ ਕਿਸ਼ਤੀ ਵਰਤਣ ਵਾਸਤੇ ਮੰਗੇ ਜਿਹੜੇ ਕਿ ਸਿੱਖਾਂ ਘੋੜ ਚੜ੍ਹਿਆਂ ਦੇ ਕਹਿਣ ਤੇ ਬਹੁਤ ਘਟ ਹੋ ਗਏ ਕਿਉਂਕਿ ਉਨ੍ਹਾਂ ਦੇਖਿਆ ਇਹ ਧੱਕਾ ਹੈ ।ਉਨ੍ਹਾਂ ਦੀ ਗੱਲ ਕਿਸ਼ਤੀ ਵਾਲੇ ਨੂੰ ਮੰਨਣੀ ਪਈ ।'

ਫਾਰੇਸਟਰ ਦਾ ਕਥਨ ਸਿੱਖ ਆਚਰਨ ਦੀ ਖੁਲੀ ਡੁਲੀ ਤਬੀਅਤ ਤੇ ਸੁਤੰਤਰ ਰਵਾਇਤਾਂ ਦੀ ਸਾਖੀ ਭਰਦਾ ਹੈ ਉਹ ਲਿਖਦਾ ਹੈ :-

'ਇਨ੍ਹਾਂ ਦੇ ਸਮਾਜ ਵਿਚ ਸਾਰੇ ਇਕੋ ਜਿਹੇ ਸਮਝੇ ਜਾਂਦੇ ਹਨ ਤੇ ਕੋਈ ਵੀ ਮਨੁੱਖਾਂ ਦਾ ਟੋਲਾ ਭਾਵੇਂ ਉਹ ਅਮੀਰ ਤੇ ਤਾਕਤਵਰ ਨਾ ਹੋਵੇ ਵਖਰਾ ਨਹੀਂ ਹੋਣ ਦਿੱਤਾ ਜਾਂਦਾ ।ਜਦੋਂ ਸਰਬ ਖਾਲਸੇ ਦਾ ਇਕੱਠ ਹੁੰਦਾ ਹੈ ਜਿਸ ਵਿਚ ਕਿ ਫੌਜੀ ਵੀ ਹੁੰਦੇ ਹਨ (ਉਸ ਵੇਲੇ ਹਰ ਸਿੱਖ ਫੌਜੀ-ਸੀ) ਹਰ ਮੈਂਬਰ ਨੂੰ ਹੱਕ ਹੁੰਦਾ ਹੈ ਕਿ ਉਹ ਆਪਣੀ ਰਾਏ ਦੇ ਸਕੇ ।ਕਿਹਾ ਜਾਂਦਾ ਹੈ ਕਿ ਬਹੁ ਸੰਮਤੀ ਨਾਲ ਫੈਸਲਾ ਹੁੰਦਾ ਹੈ ।'

ਇਕ ਥਾਂ ਹੋਰ ਫਾਰੇਸਟਰ ਲਿਖਦਾ ਹੈ:-

'ਸਾਂਝੇ ਖਰਚ ਵਾਸਤੇ ਜੋ ਮਾਇਆ ਆਈ ਹੋਵੇ ਇਸ ਦਾ ਹਿਸਾਬ ਸਮਾਗਮ ਵਿਚ ਪੇਸ਼ ਕੀਤਾ ਜਾਂਦਾ ਹੈ ਤੇ ਉਹ ਰਕਮ ਜਥੇ ਵਿਚ ਵੰਡ ਦਿੱਤੀ ਜਾਂਦੀ ਸੀ ।

'ਕੁਝ ਹਿੱਸਾ ਸਰਦਾਰਾਂ ਨੂੰ ਵੰਡਿਆ ਜਾਂਦਾ ਸੀ ਜਿਸ ਵਿਚੋਂ ਉਨ੍ਹਾਂ ਨੂੰ ਆਪਣੇ ਸਿੱਖਾਂ ਨੂੰ ਦੇਣਾ ਪੈਂਦਾ ਸੀ ।ਜੇਕਰ ਕੋਈ ਸਿੱਖ ਕਿਸੇ ਗਲੋਂ ਆਪਣੇ ਸਰਦਾਰ ਨਾਲ ਅਸੰਤੁਸ਼ਟ ਹੋਵੇ

ਤਾਂ ਉਹ ਇਕ ਸ਼ਰਦਾਰ ਨੂੰ ਛੱਡ ਕੇ ਦੂਸਰੇ ਸਰਦਾਰ ਨਾਲ ਮਿਲਣ ਦਾ ਹੱਕ ਰਖਦਾ ਸੀ ਤੇ ਜ਼ਰਾ ਵੀ ਨਹੀਂ ਸੀ ਝਿਜਕਦਾ ।'

ਕੌਮਾਂ ਦਾ ਆਚਰਨ ਉਨ੍ਹਾਂ ਦੀ ਰਹਿਣੀ, ਬਹਿਣੀ ਤੇ ਰੋਜ਼ਾਨਾ ਜੀਵਨ ਤੋਂ ਲਾਇਆ ਜਾ ਸਕਦਾ ਹੈ। ਫਾਰੈਸਟਰ ਦੇ ਕਥਨ ਅਨੁਸਾਰ ਅਠਾਰਵੀਂ ਸਦੀ ਦੇ ਸਿੱਖਾਂ ਦਾ ਜੀਵਨ ਇਸ ਪ੍ਰਕਾਰ ਦਾ ਸੀ:-

''ਸਿੱਖ ਆਮ ਤੌਰ ਤੇ ਮਜ਼ਬੂਤ ਤੇ ਬਲਵਾਨ ਹੁੰਦੇ ਹਨ । ਬਚਪਨ ਤੋਂ ਲੈ ਕੇ ਉਹ ਬਹੁਤ ਮਿਹਨਤੀ ਜੀਵਨ ਤੇ ਔਕੜਾਂ ਸਹਿਣ ਦੇ ਆਦੀ ਹੁੰਦੇ ਹਨ । ਉਨ੍ਹਾਂ ਦੇ ਲੰਮੇਂ ਤੇ ਬਿਖੜੇ ਸਫਰ ਚਕ੍ਰਿਤ ਕਰਨ ਵਾਲੇ ਹੁੰਦੇ ਹਨ । ਉਹ ਆਪਣੇ ਤੰਬੂ ਜਾਂ ਸਾਮਾਨ ਨਹੀਂ ਚੁਕਦੇ ਸਵਾਏ ਸਰਦਾਰ ਦੇ ਛੋਟੇ ਜਿਹੇ ਤੰਬੂ ਦੇ ਬਾਕੀ ਸਾਰੇ ਕੰਬਲ ਕੋਲ ਰਖਦੇ ਹਨ ਜਿਹੜੇ ਕਿ ਸਰਦੀਆਂ ਵਿਚ ਉਨ੍ਹਾਂ ਦੇ ਕੰਮ ਆਉਂਦੇ ਹਨ, ਉਤੇ ਲੈਣ ਨੂੰ ਤੇ ਦਿਨ ਦੇ ਵਕਤ ਉਹ ਘੋੜਿਆਂ ਦੇ ਪਲਾਣਿਆਂ ਦਾ ਕੰਮ ਦੇਂਦੇ ਹਨ । ਉਹ ਆਮ ਤੌਰ ਤੇ ਦੋ ਤੇ ਕਈ ਤਿੰਨ ਘੋੜੇ ਰਖਦੇ ਹਨ ਜਿਹੜੇ ਕਿ ਛੋਟੇ ਕੱਦ ਦੇ ਮਜ਼ਬੂਤ ਤੇ ਫੁਰਤੀਲੇ ਹੁੰਦੇ ਹਨ । ਲਾਹੌਰ ਤੇ ਮੁਲਤਾਨ ਹਿੰਦ ਵਿਚ ਚੰਗੇ ਘੋੜਿਆਂ ਲਈ ਉਘੇ ਹਨ ਤੇ ਉਨ੍ਹਾਂ ਨੂੰ ਕਾਫੀ ਮਿਲ ਜਾਂਦੇ ਹਨ ਤੇ ਉਹ ਵਿੱਤ ਅਨੁਸਾਰ ਘੋੜਿਆਂ ਦੀ ਗਿਣਤੀ ਵਧਾਣ ਦਾ ਬਹੁਤ ਯਤਨ ਕਰਦੇ ਹਨ । ਭਾਵੇਂ ਉਹ ਆਪਣੀ ਸਾਥੀ ਦੇ ਚਲਾਣਾ ਕਰ ਜਾਣ ਤੇ ਰੋਸ ਨਹੀਂ ਕਰਦੇ ਪਰ ਆਪਣੇ ਘੋੜੇ ਦੇ ਮਰ ਜਾਣ ਨਾਲ ਬਹੁਤ ਦੁਖ ਮਨਾਂਦੇ ਹਨ ਤੇ ਇਹ ਉਨ੍ਹਾਂ ਦੇ ਘੋੜੇ ਨਾਲ ਪਿਆਰ ਦਾ ਸੂਚਕ ਹੈ ਕਿਉਂਕਿ ਘੋੜਾ ਉਨ੍ਹਾਂ ਨੂੰ ਲੜਾਈ ਵਿਚ ਕੰਮ ਆਉਂਦਾ ਹੈ । ਸਿੱਖਾਂ ਦੀ ਖੁਰਾਕ ਸਾਦੀ, ਇੰਨੀ ਸਾਦੀ ਕਿ ਬਾਕੀ ਹਿੰਦ ਵਿਚ ਅਜਿਹੀ ਖੁਰਾਕ ਗਰੀਬ ਤੋਂ ਗਰੀਬ ਆਦਮੀ ਵੀ ਖਾ ਸਕਦਾ ਹੈ ।''

ਸਿੱਖਾਂ ਦਾ ਆਚਰਨ, ਜੀਵਨ ਤੇ ਆਦਰਸ਼ ਉਸ ਦੀ ਵਿਸ਼ੇਸ਼ ਕਾਮਯਾਬੀ ਦੇ ਸੂਚਕ ਹਨ। ਮਹਾਰਾਜਾ ਰਣਜੀਤ ਸਿੰਘ ਦੇ ਜੰਮਣ ਤੋਂ ਪਹਿਲਾਂ ਫਾਰੈਸਟਰ ਨੇ ਸਿੱਖਾਂ ਦੇ ਰਾਜ ਦਾ ਅਨੁਮਾਨ ਲਾ ਲਿਆ ਸੀ । ਫਾਰੈਸਟਰ ਇਸ ਤਰ੍ਹਾਂ ਆਪਣਾ ਕਥਨ ਸਮਾਪਤ ਕਰਦਾ ਹੈ :-

''ਦੇਸ਼ ਦੀ ਰਖਿਆ ਤੇ ਆਜ਼ਾਦੀ ਲਈ ਸਿੱਖਾਂ ਨੇ ਭਾਰੀ ਔਕੜਾਂ ਵਿਚ ਦ੍ਰਿੜ ਹਿੰਮਤ ਤੇ ਮਜ਼ਬੂਤ ਇਰਾਦਾ ਵਿਖਾਇਆ ਹੈ ਜਿਹੜਾ ਕਿ ਉਨ੍ਹਾਂ ਦੀ ਜ਼ਮਾਂਦਰੂ ਤਾਕਤ ਦੀ ਸਾਖੀ ਭਰਦਾ ਹੈ । ਸਾਂਝੇ ਖਤਰੇ ਨੇ ਉਨ੍ਹਾਂ ਨੂੰ ਯਤਨ ਲਈ ਉਭਾਰਿਆ ਤੇ ਉਨ੍ਹਾਂ ਨੂੰ ਉਤਸ਼ਾਹ ਦਿਤਾ ਹੈ । ਭਵਿਖਤ ਵਿਚ ਜਦੋਂ ਕਦੀ ਸਾਂਝੀ ਔਕੜ ਕਰਕੇ ਇਹ (ਸਿੱਖ ਸਰਦਾਰ) ਇਕੱਠ ਹੋ ਗਏ ਆਪਣੇ ਧਰਮ ਤੇ ਰਾਜ ਕਾਇਮ ਕਰਨ ਲਈ ਤਾਂ ਅਸੀਂ ਕਿਸੇ ਹਿੰਮਤੀ ਸਰਦਾਰ ਨੂੰ ਵੇਖਾਂਗੇ ਜਿਹੜਾ ਕਿ ਆਪਣੀ ਕਾਮਯਾਬੀ ਤੇ ਯੋਗਤਾ ਤੋਂ ਉਤਸ਼ਾਹਤ ਹੋ ਕੇ ਆਪਣੇ ਸਾਥੀਆਂ ਦੀ ਤਾਕਤ ਨੂੰ ਲਤਾੜਦਾ ਹੋਇਆ ਆਪਣੀ ਸਾਂਝੀ ਹਕੂਮਤ (ਮਿਸ਼ਲਾਂ ਦਾ ਰਾਜ) ਨੂੰ ਖਤਮ ਕਰਕੇ ਬਾਦਸ਼ਾਹ ਦਾ ਝੰਡਾ ਖੜਾ ਕਰੇਗਾ । ਇਤਿਹਾਸ ਇਹੋ ਜਿਹੀਆਂ ਮਿਸਾਲਾਂ ਨਾਲ ਭਰਪੂਰ ਹੈ ਜਿਹੜੀਆਂ ਕਿ ਇਹੋ ਜਿਹੇ ਹਾਲਾਤ ਦੀਆਂ ਉਪਜ ਹਨ ।''

ਖਾਲਸੇ ਦੀਆਂ ਮੁਸੀਬਤਾਂ ਤੇ ਕੁਰਬਾਨੀਆਂ ਦਲੇਰੀ ਤੇ ਦ੍ਰਿੜਤਾ ਨੂੰ ਵੇਖ ਕੇ ਨਾਦਰ ਸ਼ਾਹ ਦਿੱਲੀ ਨੂੰ ਲੁਟਦਾ ਹੋਇਆ ਜਦੋਂ ਮੈਦਾਨਾਂ ਦੀ ਗਰਮੀ ਤੋਂ ਬਚਣ ਲਈ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਾਲ ਨਾਲ ਜਾ ਰਿਹਾ ਸੀ ਤੇ ਅਖਨੂਰ ਦੇ ਕੋਲ ਖਾਲਸੇ ਨੇ ਕਮਰ ਕੱਸਾ ਕਰਕੇ ਉਸ ਤੇ ਹਮਲਾ ਕੀਤਾ ਉਸ ਕੋਲੋਂ ਬਹੁਤ ਸਾਰਾ ਲੁਟ ਮਾਰ ਦਾ ਮਾਲ ਖੋਹ ਕੇ ਲੈ ਗਏ ਤੇ ਉਸ ਦਾ ਭਾਰ ਹੌਲਾ ਕਰ ਦਿੱਤਾ। ਇਹ ਵੇਖ ਕੇ ਨਾਦਰਸ਼ਾਹ, ਜਿਸ ਕੋਲੋਂ ਸਾਰਾ ਉਤਰੀ ਹਿੰਦ ਕੰਬਦਾ ਸੀ ਸਿੰਘਾਂ ਦੀ ਦਲੇਰੀ ਤੇ ਪ੍ਰਸੰਸਾ ਤੋਂ ਬਗੈਰ ਨਾ ਰਹਿ ਸਕਿਆ। ਉਸ ਨੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਂ ਕੋਲੋਂ ਪੁਛਿਆ ਕਿ ਇਹ ਲੋਕੀ ਕੌਣ ਹਨ ? ਦੋਹਾਂ ਦਾ ਵਾਰਤਾ-ਲਾਪ ਇਸ ਤਰ੍ਹਾਂ ਲਿਖਿਆ ਮਿਲਦਾ ਹੈ :-

ਨਾਦਰਸ਼ਾਹ : ਇਹ ਸ਼ਰਾਰਤ ਕਰਨ ਵਾਲੇ ਕੌਣ ਸਨ ?

ਜ਼ਿਕਰੀਆਂ ਖਾਂ (ਸੂਬਾ ਲਾਹੌਰ) : ਇਹ ਫਕੀਰਾਂ ਦਾ ਟੋਲਾਂ ਹੈ ਜਿਹੜੇ ਕਿ ਸਾਲ ਵਿਚ ਦੋ ਵਾਰੀ ਗੁਰੂ ਦੇ ਸਰੋਵਰ ਵਿਚ ਇਸ਼ਨਾਨ ਕਰਦੇ ਹਨ।

ਨਾਦਰਸ਼ਾਹ : ਇਹ ਕਿੱਥੇ ਰਹਿੰਦੇ ਹਨ ?

ਜ਼ਕਰੀਆਂ ਖਾਂ : ਇਨ੍ਹਾਂ ਦੇ ਘਰ ਇਨ੍ਹਾਂ ਦੀਆਂ ਘੋੜੇ ਦੀਆਂ ਕਾਠੀਆਂ ਹਨ।

ਨਾਦਰਸ਼ਾਹ : ਖਿਆਲ ਰੱਖੀ ਉਹ ਦਿਨ ਦੂਰ ਨਹੀਂ ਜਦੋਂ ਕਿ ਇਹ ਬਾਗੀ ਤੇਰੇ ਮੁਲਕ ਤੇ ਕਬਜ਼ਾ ਕਰ ਲੈਣਗੇ।

ਉਚਾ ਆਚਰਨ, ਕੁਰਬਾਨੀ, ਦ੍ਰਿੜਤਾ, ਮੁਸੀਬਤਾਂ ਝੱਲਣ ਦੀ ਸ਼ਕਤੀ ਉਚਾ ਆਦਰਸ਼ ਕਮਜ਼ੋਰ ਦੀ ਸਹਾਇਤਾ ਤੇ ਇਸਤ੍ਰੀ ਦੀ ਰਖਿਆ ਅਠਾਰਵੀਂ ਸਦੀ ਦੇ ਸਿੱਖ ਆਚਰਨ ਦੇ ਵਿਸ਼ੇਸ਼ ਗੁਣ ਸਨ ਜਿਨ੍ਹਾਂ ਤੇ ਕਿ ਖਾਲਸਾ ਸਦਾ ਮਾਣ ਕਰਦਾ ਰਹੇਗਾ।

ਅਠਾਰਵੀਂ ਸਦੀ ਈਸਵੀ ਦੇ ਦੂਜੇ ਅੱਧ ਵਿਚ ਸਿੱਖ ਰਾਜਨੀਤਕ ਖੇਤਰ ਵਿਚ ਤਿੰਨ ਮਹਾਨ ਸਖਸ਼ੀਅਤਾਂ ਉਭਰ ਕੇ ਸਾਹਮਣੇ ਆਈਆਂ ਜਿਨ੍ਹਾਂ ਨੇ ਉਸ ਵੇਲੇ ਸਿੱਖਾਂ ਦੀ ਅਗਵਾਈ ਕੀਤੀ-ਬਾਬਾ ਆਲਾ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ। ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਅਸੂਲਾਂ ਨੂੰ ਸਮਝਿਆ ਤੇ ਉਨ੍ਹਾਂ ਤੇ ਅਮਲ ਕਰਕੇ ਪਹਿਲਾਂ ਮੁਗਲਾਂ ਨਾਲ ਲੋਹਾ ਲਿਆ ਤੇ ਫੇਰ ਡੱਟ ਕੇ ਅਹਿਮਦ ਸ਼ਾਹ ਅਬਦਾਲੀ ਦਾ ਟਾਕਰਾ ਕੀਤਾ। ਇਨ੍ਹਾਂ ਨੇ 'ਦੇਗ ਤੇਗ਼ ਜਗ ਮੇ ਦੋਉ ਚਲੈ' ਦੇ ਸਿਧਾਂਤ ਨੂੰ ਅਪਣਾਇਆ ਸੀ ਅਤੇ ਜਿਥੇ ਇਹ ਤੇਗ਼ ਦੇ ਧਨੀ ਸਨ ਉਥੇ ਇਨ੍ਹਾਂ ਨੇ ਆਮ ਲੋਕਾਂ ਦੀ ਸੇਵਾ ਦਾ ਧਿਆਨ ਰਖਿਆ। ਦੇਗ ਤੋਂ ਭਾਵ ਲੰਗਰ ਅਤੇ ਆਮ ਲੋਕਾਂ ਦੀ ਸੇਵਾ ਤੋਂ ਸੀ। ਇਥੇ ਅਸੀਂ ਕੇਵਲ ਬਾਬਾ ਆਲਾ ਸਿੰਘ ਦੀ ਉਦਾਹਰਨ ਦੇ ਕੇ ਉਸ ਦਾ ਸਿੱਖੀ ਅਸੂਲਾਂ ਤੇ ਅਮਲ ਤੇ ਵਿਚਾਰ ਕਰਾਂਗੇ।

ਬਾਬਾ ਆਲਾ ਸਿੰਘ ਲੰਮੇ, ਪ੍ਰਭਾਵਸ਼ਾਲੀ ਸਿੱਖ ਅਤੇ ਬਹੁਤ ਨਰੋਏ ਸਰੀਰ ਦੇ ਮਾਲਕ ਸਨ। ਉਹ ਘੱਟ ਪੜ੍ਹੇ ਸਨ। ਪਰ ਮਹਾਨ ਮੁਗਲ ਸ਼ਹਿਨਸ਼ਾਹ ਅਕਬਰ ਦੀ ਤਰ੍ਹਾਂ ਉਹ ਰਾਜਨੀਤੀ ਦੀ ਬਹੁਤ ਸੂਝ-ਬੂਝ ਰੱਖਣ ਵਾਲੇ, ਸਮੇ ਦੀ ਨਬਜ਼ ਨੂੰ ਪਛਾਨਣ ਵਾਲੇ ਅਤੇ ਦੂਰ ਅੰਦੇਸ਼ ਸਨ। ਉਨ੍ਹਾਂ ਵਿਚ ਸਿੰਘਾਂ ਵਾਲੀਆਂ ਤਾਕਤਵਰ, ਹੌਸਲੇਮੰਦ, ਚਤੁਰਤਾ ਅਤੇ ਨਾਝੁਕਣ ਵਾਲੀਆਂ

ਐਸੀਆਂ ਉੱਤਮ ਯੋਗਤਾਵਾਂ ਸਨ ਜਿਨ੍ਹਾਂ ਨੇ ਕਦੇ ਹਾਰ ਨਾਲ ਸਮਝੌਤਾ ਨਹੀਂ ਕੀਤਾ । ਉਨ੍ਹਾਂ ਦੇ ਇਕ ਸਮਕਾਲੀ ਆਨੰਦ ਰਾਮ ਮੁਖਲਿਸ ਨੇ ਮਨੂੰਪੁਰ ਦੀ ਲੜਾਈ ਵਿਚ ਅਹਿਮਦ ਸ਼ਾਹ ਅਬਦਾਲੀ ਦੀਆਂ ਅਗਲੀਆਂ ਟੁਕੜੀਆਂ ਤੇ ਬਾਬਾ ਆਲਾ ਸਿੰਘ ਦੇ ਬਹਾਦਰੀ ਭਰਪੂਰ ਹਮਲਿਆਂ ਦੀ ਬਹੁਤ ਪ੍ਰਸੰਸਾ ਕੀਤੀ ਹੈ । (ਵੇਖੋ ''ਤਜ਼ਕਰਾ ਅਨੰਦ ਰਾਮ'' ਅਤੇ ਮੇਰਾ ਮਹਾਰਾਜਾ ਆਲਾ ਸਿੰਘ ਐਂਡ ਹਿਜ਼ ਟਾਈਮਜ਼) ।

ਉਸ ਸਮੇਂ ਵਿਚ ਜਦੋਂ ਕਿ ਸਮਕਾਲੀ ਮੁਗਲ ਤੇ ਅਫਗਾਨ ਹਾਕਮ, ਵਿਭਚਾਰ ਦੀ ਰਸਾਤਲ ਵਿਚ ਡੁਬੇ ਹੋਏ ਸਨ ਮਹਾਰਾਜਾ ਆਲਾ ਸਿੰਘ ਦਾ ਆਚਰਨ ਇਕ ਰੌਸ਼ਨ-ਮੁਨਾਰੇ ਵਾਂਗੂ ਚਮਕਦਾ ਸੀ । ਉਸ ਘੋਰ ਅਨ੍ਹਿਆਂ ਦੇ ਸਮੇਂ ਜਦੋਂ ਕਿ ਇਕ ਤੋਂ ਵੱਧ ਔਰਤਾਂ ਰੱਖਣਾ ਅਮੀਰੀ ਦਾ ਚਿੰਨ੍ਹ ਸਮਝਿਆ ਜਾਂਦਾ ਸੀ ਅਤੇ ਰਜਵਾੜੇ ਨਿਤ ਨਵੇਂ ਵਿਆਹ ਕਰਦੇ ਸਨ ਇਹੋ ਜਿਹੇ ਮਾਨਸਿਕ ਕਦਰਾਂ ਕੀਮਤਾਂ ਵਲੋਂ ਗਿਰੇ ਹੋਏ ਯੁੱਗ ਵਿਚ, ਉਨ੍ਹਾਂ ਨੇ ਇਕ ਵਿਆਹ ਕੀਤਾ ਅਤੇ ਆਪਣੇ ਆਪ ਨੂੰ ਹੋਰਨਾ ਔਰਤਾਂ ਬਾਰੇ ਭੈੜੀ ਨਜ਼ਰ ਨਾਲ ਤੱਕਣ ਤੋਂ ਰੋਕੀ ਰੱਖਿਆ । ਬਾਬਾ ਆਲਾ ਸਿੰਘ ਦੇ ਆਚਰਣ ਬਾਰੇ ਪਟਿਆਲਾ ਰਿਕਾਰਡ ਵਿਚ ਹੇਠ ਲਿਖੀ ਵਾਰਤਾ ਮਿਲਦੀ:

'ਇਕ ਵਾਰ ਮਹਾਰਾਜਾ ਆਲਾ ਸਿੰਘ ਆਪਣੇ ਲੌਂਗੋਵਾਲ ਸਥਿਤ ਘਰ ਦੀ ਛੱਤ ਉਪਰ ਚੜ੍ਹੇ ਅਤੇ ਅਚਾਨਕ ਹੀ ਜੁਆਨ ਲੜਕੀ ਨੂੰ ਉਸ ਦੇ ਘਰ ਦੀ ਛੱਤ ਉਤੇ ਨੰਗਿਆਂ ਇਸ਼ਨਾਨ ਕਰਦਿਆਂ ਦੇਖਿਆ । ਆਲਾ ਸਿੰਘ ਇਕ ਦਮ ਆਪਣੀਆਂ ਅੱਖਾਂ ਬੰਦ ਕਰਕੇ ਹੇਠਾਂ ਪੌੜੀਆਂ ਉਤਰ ਆਏ । ਉਨ੍ਹਾਂ ਨੇ ਉਸ ਲੜਕੀ ਦੇ ਪਿਤਾ ਨੂੰ ਬੁਲਾਇਆ ਅਤੇ ਸਾਰੀ ਕਹਾਣੀ ਦੱਸਕੇ ਖਿਮਾ ਮੰਗੀ । ਨਾ ਹੀ ਸਿਰਫ ਇਹ ਸਗੋਂ ਮਹਾਰਾਜਾ ਆਲਾ ਸਿੰਘ ਨੇ ਉਸ ਲੜਕੀ ਨੂੰ ਆਪਣੀ ਧੀ ਸਮਝਦਿਆਂ ਹੋਇਆ ਉਸ ਦੇ ਵਿਆਹ ਦਾ ਸਾਰਾ ਖਰਚਾ ਵੀ ਆਪ ਕੀਤਾ ।'

ਬਾਬਾ ਆਲਾ ਸਿੰਘ ਉਨ੍ਹਾਂ ਮੁਢਲੇ ਸਿੱਖਾਂ ਵਿਚੋਂ ਸਨ ਜਿਨ੍ਹਾਂ ਨੇ ਅੱਛੀ ਤਰ੍ਹਾਂ ਸਿੱਖ ਧਰਮ ਦੇ ਅਸੂਲਾਂ ਨੂੰ ਸਮਝਿਆ ਅਤੇ ਪੂਰੀ ਦਿਆਨਤਦਾਰੀ ਨਾਲ ਆਪਣੇ ਜੀਵਨ ਵਿਚ ਅਮਲੀ ਰੂਪ ਦਿੱਤਾ । ਜਿਸ ਤਰ੍ਹਾਂ ਉਨ੍ਹਾਂ ਨੇ ਮੰਦੀਆਂ ਰੁਚੀਆਂ ਨੂੰ ਧਰਮ ਅਸੂਲਾਂ ਅਨੁਸਾਰ ਪੂਰੀ ਪਾਬੰਦੀ ਨਾਲ ਦਬਾ ਕੇ ਰੱਖਿਆ । ਬਿਲਕੁਲ ਉਸੇ ਤਰ੍ਹਾਂ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇਨਾਂ ਸ਼ਬਦਾਂ ਨੂੰ, 'ਦੇਗ਼ ਤੇਗ਼ ਜਗਾ ਮੇਂ ਦੋਊ ਚਲੇ' ਅਮਲੀ ਰੂਪ ਦਿਤਾ । ਉਹ ਪੂਰੀ ਤਰ੍ਹਾਂ ਜਾਣਦੇ ਸਨ ਕਿ ਤੇਗ਼ ਜੰਗਜੂ ਖਾਲਸੇ ਦੀ ਪ੍ਰਤੀਕ ਹੈ, ਦੇਗ਼ ਮਨੁੱਖਤਾ ਲਈ ਖ਼ਾਲਸੇ ਦੀ ਸੇਵਾ ਨੂੰ ਦਰਸਾਉਂਦੀ ਹੈ ਅਤੇ ਦੋਨਾਂ ਨੂੰ ਇਕ ਦੂਜੀ ਕੋਲੋਂ ਨਿਖੇੜਿਆਂ ਨਹੀਂ ਜਾ ਸਕਦਾ । ਇਸ ਮਕਸਦ ਲਈ ਉਨ੍ਹਾਂ ਨੇ ਗਰੀਬ ਲੋਕਾਂ ਦੇ ਗੁਜ਼ਾਰੇ ਲਈ ਸਾਂਝਾ ਲੰਗਰ ਸ਼ੁਰੂ ਕੀਤਾ । ਉਨ੍ਹਾਂ ਦੀ ਸੁਪਤਨੀ ਫਤਿਹ ਕੌਰ ਨੇ ਇਸ ਵਿਚ ਵਿਸੇਸ਼ ਦਿਲਚਸਪੀ ਲਈ ਅਤੇ ਆਪਣੇ ਆਪ ਨੂੰ ਸਾਂਝੇ ਲੰਗਰ ਦੀ ਸੇਵਾ ਲਈ ਸਮਰਪਤ ਕਰ ਦਿੱਤਾ ਸੀ । ਵੱਖ ਵੱਖ ਥਾਵਾਂ ਦੇ ਸਿੱਖਾਂ ਨੂੰ ਇਥੇ ਪੂਰੀ ਸ਼ਰਧਾ ਨਾਲ ਖਾਣ ਪੀਣ ਦਾ ਸਾਮਾਨ ਮਿਲਦਾ ਸੀ । ਇਸ ਤਰ੍ਹਾਂ ਗਰੀਬਾਂ ਨੂੰ ਭੋਜਨ ਮੁਹੱਈਆ ਕਰਨ ਵਿਚ, ਉਸ ਦੀ ਰਿਆਸਤ ਵਿਚਲੇ ਲੋਕਾਂ ਵਲੋਂ ਇਤਨੀ ਚੰਗੀ ਤਰ੍ਹਾਂ ਸਲਾਹਿਆ ਗਿਆ ਹੈ ਕਿ ਉਹ ਚੁਲ੍ਹੇ ਜਿੱਥੇ ਕਿ ਭੋਜਨ ਪਕਾਇਆ ਜਾਂਦਾ ਸੀ ਹੁਣ ਵੀ ਬਰਨਾਲੇ ਅਤੇ ਲੌਂਗੋਵਾਲ ਦੀਆਂ ਥਾਵਾਂ

ਤੇ ਸੁਰੱਖਿਅਤ ਰੱਖੇ ਹੋਏ ਹਨ ਅਤੇ ਇਲਾਕੇ ਦੇ ਲੋਕਾਂ ਵਲੋਂ ਇਹ ਥਾਵਾਂ ਪਵਿੱਤਰ ਯਾਤਰਾ ਅਸਥਾਨਾਂ ਦੀ ਤਰ੍ਹਾਂ, ਸਤਿਕਾਰੀਆਂ ਜਾਂਦੀਆਂ ਹਨ। ਲੌਂਗੋਵਾਲ ਵਿਚ ਅਜੇ ਤੱਕ ਵੀ ਇਸ ਜਗ੍ਹਾ ਨੂੰ ਚੁੱਲ੍ਹੇ ਬਾਬਾ ਆਲਾ ਸਿੰਘ ਕਿਹਾ ਜਾਂਦਾ ਹੈ ਅਤੇ ਇਥੇ ਇਕ ਬਹੁਤ ਖੂਬਸੂਰਤ ਗੁਰਦੁਆਰਾ ਹੈ। ਬਾਬਾ ਆਲਾ ਸਿੰਘ ਬਹੁਤ ਹੀ ਸ਼ਾਂਤ ਸੁਭਾਅ ਦੇ ਸਨ ਅਤੇ ਸਾਨੂੰ ਇਕ ਵੀ ਐਸੀ ਉਦਾਹਰਣ ਨਹੀਂ ਮਿਲਦੀ ਜਿਹੜੀ ਉਨ੍ਹਾਂ ਦੇ ਗੁਸੇ ਹੁੰਦਿਆਂ ਨੂੰ ਦਰਸਾਉਂਦੀ ਹੋਵੇ। ਸਗੋਂ ਉਹ ਬਹੁਤ ਵੱਡੀ ਭੜਕਾਹਟ ਨੂੰ ਵੀ ਕਾਬੂ ਵਿਚ ਰੱਖ ਸਕਦੇ ਸਨ। ਇਕ ਵਾਰ ਫਤਿਹ ਕੌਰ ਲੰਗਰ ਵਰਤਾ ਰਹੀ ਸੀ ਅਤੇ ਇਕ ਗੁਸੇ ਵਿਚ ਆਏ ਸਿੱਖ, ਜਿਸ ਨੂੰ ਲੰਗਰ ਵਰਤਾਇਆ ਜਾ ਰਿਹਾ ਸੀ, ਖੜਾ ਹੋ ਗਿਆ ਅਤੇ ਛੋਲਿਆਂ ਦੀ ਗਰਮ ਦਾਲ ਉਸ ਦੇ ਸਿਰ ਵਿਚ ਸੁੱਟ ਕੇ ਕਹਿਣ ਲੱਗਾ ਕਿ 'ਇਹ ਥੋੜੇ ਜਿਹੇ ਛੋਲਿਆਂ ਦੀ ਦਾਲ ਇਤਨੇ ਜ਼ਿਆਦਾ ਪਾਣੀ ਵਿਚ ਕਿਉਂ ਬਣਾਈ ਹੈ ?' ਫਤਿਹ ਕੌਰ ਦਾ ਸਿਰ ਜ਼ਖਮੀ ਹੋ ਗਿਆ ਅਤੇ ਉਸ ਨੇ ਬਹੁਤ ਗੁੱਸਾ ਕੀਤਾ। ਜਦ ਬਾਬਾ ਆਲਾ ਸਿੰਘ ਨੂੰ ਸਾਰੀ ਗੱਲ ਦਾ ਪਤਾ ਲੱਗਾ ਉਨ੍ਹਾਂ ਨੇ ਆਪਣੇ ਸ਼ਾਂਤ ਸੁਭਾਅ ਅਨੁਸਾਰ ਆਪਣੀ ਪਤਨੀ ਨੂੰ ਸਮਝਾਇਆ। 'ਸਿੱਖ ਨੇ ਚੰਗਾ ਹੀ ਕੀਤਾ ਹੈ। ਉਸ ਨੇ ਤੁਹਾਡੀਆਂ ਮੁਸ਼ਕਿਲਾਂ ਨੂੰ ਥੋੜ੍ਹਿਆਂ ਕਰ ਦਿੱਤਾ ਹੈ। ਜੇ ਉਹ ਇੰਜ ਨਾ ਕਰਦਾ ਤਾਂ ਤੁਸੀਂ ਮੁਗਲਾਂ ਰਾਹੀਂ ਫੜੇ ਜਾਣਾ ਸੀ ਅਤੇ ਉਨ੍ਹਾਂ ਨੇ ਤੁਹਾਨੂੰ ਮਾਰਨ ਲਈ ਗਰਮ ਤੇਲ ਤੁਹਾਡੇ ਸਿਰ ਵਿਚ ਪਾਉਣਾ ਸੀ। ਇਸ ਲਈ ਤੁਹਾਨੂੰ, ਉਸ ਸਿੱਖ ਨਾਲ 'ਗੁਸੇ ਹੋਣ ਦੀ ਬਜਾਏ, ਉਸ ਦਾ ਧੰਨਵਾਦੀ ਹੋਣਾ ਚਾਹੀਦਾ ਹੈ।'

ਬਾਬਾ ਆਲਾ ਸਿੰਘ ਜਾਣਦੇ ਸਨ ਕਿ ਕੇਸ ਗੁਰੂ ਕੀ ਮੋਹਰ ਹਨ ਹੁਕਮ ਨਾਮਿਆਂ ਵਿਚ ਲਿਖਿਆ ਹੈ :-

ਗੁਰੂ ਕੀ ਮੋਹਰ ਗੁਰੂ ਸਮ ਜਾਣੇ
ਗੁਰੂ ਸਮ ਅਦਬ ਕੇਸ ਕੇ ਨਾਣੇ ।

ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਬਾਬਾ ਆਲਾ ਸਿੰਘ ਨੂੰ ਕੈਦ ਕਰ ਲਿਆ ਸੀ ਤੇ ਉਨ੍ਹਾਂ ਦੇ 'ਕੇਸ ਕਤਲ ਕਰਨ ਦੇ ਹੁਕਮ ਦੇ ਦਿਤੇ ਸਨ ਤਾਂ ਬਾਬਾ ਆਲਾ ਸਿੰਘ ਨੇ ਕਮਾਲ ਦਾ ਹੌਂਸਲਾ ਦਿਖਾਇਆ। ਕੇਸ ਕਤਲ ਕਰਨੇ, ਆਲਾ ਸਿੰਘ ਵਰਗੇ ਸੱਚੇ ਸਿੱਖ ਲਈ, ਮੌਤ ਦੇ ਬਰਾਬਰ ਸੀ। ਪਰ ਉਹ ਇਸ ਹੁਕਮ ਤੇ ਬਿਲਕੁਲ ਨਿਰਾਸ਼ ਨਹੀਂ ਹੋਏ ਅਤੇ ਅੜੀਅਲ ਸ਼ਾਹ ਨੂੰ ਇਹ ਸ਼ਬਦ ਲਿਖ ਭੇਜੇ ਕਿ ਉਹ ਆਪਣੇ ਕੇਸਾਂ ਨੂੰ ਖਰੀਦਣ ਲਈ ਤਿਆਰ ਹਨ। ਮਹਾਰਾਜੇ ਦੀ ਇਹ ਚਤੁਰਦਾ ਭਰਿਆ ਜਵਾਬ ਸੁਣਕੇ, ਅਫਗਾਨ ਸ਼ਹਿਨਸ਼ਾਹ ਦਾ ਗੁੱਸਾ ਢਿੱਲਾ ਹੋ ਗਿਆ ਤੇ ਉਸ ਦਾ ਲਾਲਚੀ ਸੁਭਾਅ ਜਿਸ ਨੂੰ ਬਾਬਾ ਆਲਾ ਸਿੰਘ ਨੇ ਚੰਗੀ ਤਰ੍ਹਾਂ ਸਮਝਿਆ ਸੀ ਇਸ ਗੱਲ ਤੇ ਰਾਜ਼ੀ ਹੋ ਗਿਆ ਅਤੇ ਉਨ੍ਹਾਂ ਨੂੰ ਕੈਦ ਵਿਚੋਂ ਛੱਡ ਦਿਤਾ।

ਇਸ ਸਾਧਾਰਣ ਜ਼ਿਮੀਂਦਾਰ ਤੋਂ ਉਭਰ ਕੇ ਇਕ ਐਸੇ ਰਾਜ ਦੇ ਉਸਰੀਏ ਦੇ ਰੂਪ ਵਿਚ ਸਥਾਪਤ ਹੋਣਾ ਕੋਈ ਛੋਟੀ ਪ੍ਰਾਪਤੀ ਨਹੀਂ ਹੈ। ਮਹਾਰਾਜਾ ਆਲਾ ਸਿੰਘ ਦੇ ਉਥਾਨ ਤੋਂ ਪਹਿਲਾਂ ਸਤਲੁਜ-ਉਰਾਰ ਦੇ ਸਾਰੇ ਇਲਾਕੇ ਨੂੰ ਆਮ ਤੌਰ ਤੇ ਭੱਟੀਆਂ ਵਲੋਂ ਜਾਂ ਬਰਾੜ ਕਬੀਲੇ ਦੇ

ਲੋਕਾਂ ਵਲੋਂ ਲੁਟਿਆ ਤੇ ਉਜਾੜਿਆ ਜਾਂਦਾ ਸੀ । ਕੋਈ ਵੀ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝਦਾ ਸੀ ਨਾ ਹੀ ਕਿਸੇ ਦਾ ਜੀਵਨ ਸੁਰੱਖਿਅਤ ਸੀ । ਜਦੋਂ ਤਕ ਕਿ ਉਹ ਆਪਣੇ ਆਪ ਨੂੰ ਆਪਣੀ ਰੱਖਿਆ ਕਰਨ ਲਈ ਮਜ਼ਬੂਤ ਨਹੀਂ ਸੀ ਬਣਾ ਲੈਂਦਾ । ਬਾਬਾ ਆਲਾ ਸਿੰਘ ਦੀ ਸਭ ਤੋਂ ਵੱਡੀ ਪ੍ਰਾਪਤੀ ਇਹੀ ਹੈ ਕਿ ਉਸ ਨੇ ਆਪਣੇ ਰਿਆਸਤ ਅੰਦਰਲੇ ਲੋਕਾਂ ਨੂੰ ਸ਼ਾਂਤੀ ਅਤੇ ਖੁਸ਼ਹਾਲੀ ਪ੍ਰਦਾਨ ਕੀਤੀ । ਉਸ ਨੇ ਆਪਣੇ ਇਲਾਕੇ ਦੀ ਸੁਰੱਖਿਆ ਲਈ ਲਾਭਕਾਰੀ ਸਮਝੌਤੇ ਕੀਤੇ । ਉਸ ਦੇ ਮਰਹੱਟਿਆਂ ਨਾਲ ਰਾਜੀਨਾਮੇ ਨੇ ਉਸ ਦੇ ਇਲਾਕੇ ਨੂੰ ਮਰਹੱਟਿਆਂ ਦੇ ਹਮਲੇ ਤੋਂ ਬਚਾਇਆ । ਉਸ ਰਾਹੀਂ ਅਬਦਾਲੀ ਦੀ ਅਧੀਨਤਾ ਨੇ ਉਸ ਦੇ ਇਲਾਕੇ ਅਤੇ ਪਰਜਾ ਨੂੰ ਅਬਦਾਲੀ ਦੀ ਲੁੱਟ ਖਸੁੱਟ ਤੋਂ ਬਚਾਇਆ ਜਿਹੜਾ ਕਿ ਉਸ ਦੇ ਹਮਲਿਆਂ ਦਾ ਮੁੱਖ ਨਿਸ਼ਾਨਾ ਹੁੰਦਾ ਸੀ । ਉਸ ਦੇ ਸਮੇ ਦੀ ਸਭ ਤੋਂ ਮਹੱਤਵਪੂਰਨ ਸ਼ਕਤੀ ਦਲ ਖਾਲਸਾ ਸੀ । ਉਸ ਦੀ ਮਿੱਤਰਤਾ ਪੂਰਨ ਅਤੇ ਡੂੰਘੇਰੇ ਸਬੰਧਾਂ ਨੇ ਉਸ ਦੀ ਪਰਜਾ ਨੂੰ ਦਲ ਖਾਲਸੇ ਦੀਆਂ ਮੁਹਿੰਮਾਂ ਤੋਂ ਬਚਾ ਕੇ ਰੱਖਿਆ । ਉਸ ਦੀ ਅਣਥੱਕ ਸ਼ਖ਼ਸੀਅਤ ਨੇ ਉਸ ਦੀ ਰਿਆਸਤ ਨੂੰ ਇਕ ਸੁਰੱਖਿਅਤ ਥਾਂ ਬਣਾ ਦਿਤਾ ਸੀ ਅਤੇ ਉਸ ਦੀ ਸਿਆਣਪ ਅਤੇ ਇਨਸਾਫਮਈ ਹਕੂਮਤ ਨੇ ਹਰ ਸ਼੍ਰੇਣੀ ਅਤੇ ਹਰ ਧਰਮ ਦੇ ਲੋਕਾਂ ਨੂੰ ਆਸਰਤ ਕੀਤਾ ਅਤੇ ਉਹ ਉਸ ਦੀ ਰਿਆਸਤ ਵਿਚ ਵਸ ਗਏ ਜਿਹੜੀ ਕਿ ਉਸ ਸਮੇਂ ਸਤਲੁਜ ਉਹਾਰ ਦੀਆਂ ਰਿਆਸਤਾਂ ਵਿਚੋਂ ਸ਼ਾਂਤੀ ਅਤੇ ਖਸ਼ਹਾਲੀ ਦੀ ਥਾਂ ਸਮਝੀ ਜਾਂਦੀ ਸੀ । ਇਕ ਸਮਕਾਲੀ ਅਤੇ ਇਕ ਅਜੋਕੇ ਯੁੱਗ ਦੇ ਇਤਿਹਾਸਕਾਰ ਨੇ ਆਲਾ ਸਿੰਘ ਬਾਰੇ ਇਸ ਤਰ੍ਹਾਂ ਦਾ ਮੁੱਲਅੰਕਣ ਪੇਸ਼ ਕੀਤਾ ।

ਕਾਜ਼ੀ ਨੂਰ ਮੁਹੰਮਦ ਜਿਹੜਾ ਕਿ ਅਹਿਮਦਸ਼ਾਹ ਅਬਦਾਲੀ ਦੇ ਛੇਵੇਂ ਹਮਲੇ ਸਮੇਂ ਨਾਲ ਸੀ ਮਹਾਰਾਜਾ ਆਲਾ ਸਿੰਘ ਦੀ ਸ਼ਾਨ ਸ਼ੌਕਤ ਬਾਰੇ ਅੱਖੀਂ ਦੇਖੇ ਹਾਲਾਤ ਲਿਖਦਾ ਹੈ । ਉਸ ਦਾ ਵਿਵਰਣ ਸਮਕਾਲੀਨ ਅਤੇ ਬਹੁਤ ਭਰੋਸੇਯੋਗ ਹੈ । ਉਸ ਨੇ ਬਾਬਾ ਆਲਾ ਸਿੰਘ ਬਾਰੇ ਹੇਠ ਲਿਖਿਆ ਮੁਲਅੰਕਣ ਦਿਤਾ ਹੈ ।

'ਸਰਹਿੰਦ ਦੇ ਦੇਸ਼ ਵਿਚ ਇਕ ਸਰਦਾਰ, ਸਗੋਂ ਇਕ ਸੈਨਿਕ ਜਰਨੈਲ ਜਿਹੜਾ ਕਿ ਇਕ ਸਾਧਾਰਣ ਜ਼ਿਮੀਂਦਾਰ ਸੀ ਅਤੇ ਇਕ ਹਾਕਮ ਵੀ ਸੀ, ਇਕ ਗਵਰਨਰ (ਜਾਬਿਤ) ਵੀ ਸੀ ਅਤੇ ਇਕ ਕਮਿਸ਼ਨਰ (ਆਮੀਨ) ਵੀ ਸੀ । ਪੰਜਾਬ ਲਾਹੌਰ ਅਤੇ ਸਰਹਿੰਦ ਦੇ ਦੇਸ਼ ਵਿਚੋਂ ਉਸ ਜਿੰਨਾ ਕੋਈ ਵੀ ਵਸੀਲਿਆ ਭਰਪੂਰ ਨਹੀਂ ਸੀ । ਉਸ ਨੇ ਆਪਣੇ ਰਾਜ ਵਿਚ ਮੁਸਲਮਾਨਾਂ ਨੂੰ ਵੀ ਨੌਕਰੀਆਂ ਦਿੱਤੀਆਂ ਅਤੇ ਸਾਰੇ ਹਿੰਦੂ ਉਸ ਪ੍ਰਤੀ ਵਫ਼ਾਦਾਰ ਸਨ ।'

ਸਰ ਲੇਪਲ ਗਰਿਫਨ ਹੇਠ ਲਿਖਿਆ ਮੁੱਲਅੰਕਣ ਪੇਸ਼ ਕਰਦਾ ਹੈ :-

'ਆਪਣੇ ਸਮੇਂ ਦੇ ਸਾਰੇ ਸਿੱਖ ਸਰਦਾਰਾਂ ਵਿਚੋਂ ਆਲਾ ਸਿੰਘ ਸਾਰਿਆਂ ਨਾਲੋਂ ਵੱਧ ਪ੍ਰਭਾਵਸ਼ਾਲੀ ਸੀ, ਉਹ ਇਕ ਯੋਧਾ ਹੋਣ ਦੇ ਨਾਲ ਨਾਲ ਸਮਝਦਾਰ ਵੀ ਸੀ ਅਤੇ ਉਸ ਨੇ ਸਤਲੁਜ ਉਰਾਰ ਦੀਆਂ ਰਿਆਸਤਾਂ ਵਿਚੋਂ ਇਕ ਬਹੁਤ ਹੀ ਮਹੱਤਵਪੂਰਨ ਰਿਆਸਤ ਦੀ ਮਜ਼ਬੂਤ ਨੀਂਹ ਰੱਖੀ । ਸਤਲੁਜ ਦੇ ਦੱਖਣੀ ਇਲਾਕੇ ਵਿਚੋਂ ਉਹ ਇਕ ਤਾਕਤਵਰ ਸਰਦਾਰ ਸੀ ।'

ਗੁਰਮਤੇ ਦਾ ਇਤਿਹਾਸਕ ਸਰਵੇਖਣ

ਗੁਰਮਤੇ ਦੇ ਅੱਖਰੀ ਅਰਥ ਹਨ "ਗੁਰਮਤ ਅਨੁਸਾਰ ਕੀਤਾ ਮਤਾ" ਭਾਵ ਗੁਰ ਨਿਯਮਾਂ ਅਨੁਸਾਰ ਕੀਤਾ ਫੈਸਲਾ। ਸਪਸ਼ਟ ਹੈ ਕਿ ਗੁਰਮਤ ਅਨੁਸਾਰ ਕੀਤੇ ਫੈਸਲੇ ਦੀ ਪ੍ਰਥਾ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਹੀ ਹੋਂਦ ਵਿਚ ਆਈ ਜਦੋਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਗੁਰ-ਗੱਦੀ ਸੌਂਪ ਕੇ ਵਿਅਕਤੀਗਤ ਗੁਰੂ ਦੀ ਸਮਾਪਤੀ ਕਰ ਦਿੱਤੀ। ਸੈਨਾਪਤੀ "ਗੁਰ ਸੋਭਾ" ਵਿਚ ਲਿਖਦਾ ਹੈ :-

ਏਕ ਦਿਵਸ ਕਾਰਨ ਤੇ ਆਗੇ। ਮਿਲਿ ਕੇ ਸਿੰਘ ਪੂਛਨੇ ਲਾਗੇ।
ਕਵਨ ਰੂਪ ਆਪਨ ਪ੍ਰਭ ਕੀਨੋ। ਤਿਨ ਕੋ ਜੁਆਬ ਭਾਂਤ ਇਹ ਦੀਨੋ।
ਤਾਹ ਸਮੈ ਗੁਰੂ ਬੈਨ ਸੁਨਾਯੋ। ਖਾਲਸ ਆਪਨੋ ਰੂਪ ਬਤਾਯੋ।
ਖਾਲਸ ਹੀ ਸੋ ਹੈ ਮਮ ਕਾੱਮਾ। ਬਖਸ ਕੀਓ ਖਾਲਸ ਕੋ ਜਾਮਾ।

(ਦੋਹਰਾ)

ਖਾਲਸਾ ਮੇਰੇ ਰੂਪ ਹੋਂ ਖਾਲਸ ਕੇ ਪਾਸਿ
ਆਦਿ ਅੰਤਿ ਹੀ ਹੋਤ ਹੈ ਖਾਲਸ ਮੈ ਪ੍ਰਗਾਸ ॥

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਣ ਤੋਂ ਪਹਿਲਾਂ ਆਪਣਾ ਸਰੂਪ ਅਤੇ ਆਪਣੀ ਸੱਤਾ ਖਾਲਸੇ ਵਿਚ ਭਰ ਦਿੱਤੀ। ਖਾਲਸੇ ਦੇ ਸੰਬੰਧ ਵਿੱਚ ਆਪਨੇ ਬੜੇ ਨਿਮਰਤਾ ਭਰੇ ਸ਼ਬਦ ਵਰਤੇ ਹਨ :

ਜੁਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘ ਓਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ।
ਇਨਹੀ ਕੇ ਪ੍ਰਸਾਦਿ ਸੁ ਬਿਦਯਾ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ।
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋਸ ਗਰੀਬ ਕਰੋਰ ਪਰੇ।

ਗੁਰੂ ਜੀ ਨੇ ਖਾਲਸੇ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਫਿਰ ਆਪ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛਕਿਆ ਅਤੇ ਆਪਣੇ ਆਪ ਨੂੰ ਖਾਲਸੇ ਨਾਲ ਅਭੇਦ ਕੀਤਾ ਤੇ ਕਿਹਾ :-

ਖਾਲਸਾ ਮੇਰ ਰੂਪ ਹੈ ਖਾਸ। ਖਾਲਸੇ ਮੇ ਹਉਂ ਕਰਉਂ ਨਿਵਾਸ।
ਖਾਲਸਾ ਮੇਰੀ ਜਾਨ ਕੀ ਜਾਨ। ਖਾਲਸਾ ਮੇਰੋ ਪ੍ਰਾਨ ਕੇ ਪ੍ਰਾਨ।

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਖਾਲਸਾ ਗੁਰੂ ਪਦ ਦਾ ਅਧਿਕਾਰੀ ਹੋ ਗਿਆ। ਸਮੁੱਚੇ ਖਾਲਸੇ ਦਾ ਫੈਸਲਾ ਗੁਰੂ ਦੇ ਫੈਸਲੇ ਤੁਲ ਸਮਝਿਆ ਜਾਂਦਾ ਸੀ। ਇਸੇ ਕਰਕੇ ਗੁਰਮਤੇ ਦਾ ਅਰਥ ਗੁਰੂ ਖਾਲਸੇ ਦੇ ਫੈਸਲੇ ਤੋਂ ਵੀ ਲਿਆ ਜਾਂਦਾ ਹੈ। "ਖਾਲਸਾ" ਸਿੱਖ ਸੰਗਤਾਂ ਦਾ ਪੁਨਰ ਸੰਗਠਣ ਸੀ। ਗੁਰੂ ਨਾਨਕ ਸਾਹਿਬ ਤੋਂ ਲੈ ਕੇ

ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤਕ ਦੂਰ-ਦੂਰ ਬਾਵਾਂ ਤੇ ਸੰਗਤਾਂ ਅਸਥਾਪਤ ਹੁੰਦੀਆਂ ਰਹੀਆਂ। ਇਨ੍ਹਾਂ ਸੰਗਤਾਂ ਨਾਲ ਸੰਪਰਕ ਰੱਖਣ ਲਈ ਗੁਰੂ ਅਮਰ ਦਾਸ ਜੀ ਨੇ ਮੰਜੀ ਪ੍ਰਥਾ ਅਤੇ ਗੁਰੂ ਰਾਮ ਦਾਸ ਜੀ ਅਤੇ ਗੁਰੂ ਅਰਜਨ ਸਾਹਿਬ ਜੀ ਨੇ ਮਸੰਦ ਪ੍ਰਥਾ ਤੋਰੀ । ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਦਾ ਪੁਨਰ ਸੰਗਠਣ ਖਾਲਸੇ ਵਿਚ ਕੀਤਾ ਤੇ ਖਾਲਸੇ ਨੂੰ ਸਭ ਸ਼ਕਤੀਆਂ ਪ੍ਰਦਾਨ ਕੀਤੀਆਂ ਅਤੇ ਆਪਣਾ ਰੂਪ ਦੇ ਕੇ ਗੁਰ ਗਦੀ ਤੇ ਨਿਵਾਜਿਆ ।

ਭਾਵੇਂ ਖਾਲਸੇ ਦੀ ਉਚਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਹੀ ਅਸਥਾਪਤ ਕੀਤੀ ਸੀ ਪਰ ਗੁਰਮਤੇ ਦਾ ਅਰੰਭ ਅਤੇ ਵਿਕਾਸ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਹੋਇਆ ।੧੭੧੬ ਈਸਵੀ ਵਿੱਚ ਬਾਬੇ ਬੰਦੇ ਦੀ ਸ਼ਹੀਦੀ ਪਿਛੋਂ ਸਿੱਖਾਂ ਨੂੰ ਬੜੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ।੧੭੧੬ ਤੋਂ ੧੭੨੬ ਈ. ਤਕ ਖਾਨ ਬਹਾਦਰ ਅਬਦੁਲ ਸਮੱਦ ਖਾਂ ਦਾ ਰਾਜ ਤੇ ਉਸ ਤੋਂ ਪਿਛੋਂ ਉਸ ਦੇ ਪੁੱਤਰ ਜ਼ਕਰੀਆਂ ਖਾਂ ਦਾ ਰਾਜ (੧੭੨੬-੧੭੪੫) ਸਿੱਖਾਂ ਲਈ ਬੜੇ ਭਿਆਨਕ ਸਮੇਂ ਸਨ । ਸਿੱਖਾਂ ਨੂੰ ਪਿੰਡਾਂ ਤੇ ਸ਼ਹਿਰਾਂ ਵਿਚੋਂ ਬਾਹਰ ਕੱਢਣ ਲਈ ਗਸ਼ਤੀ ਫੌਜਾਂ ਭੇਜੀਆਂ ਗਈਆਂ । ਸਿੱਖਾਂ ਦੇ ਸਿਰਾਂ ਦ ਮੁੱਲ ਰੱਖੇ ਗਏ । ਸਿੱਖ ਬਣਨਾ ਮੌਤ ਮੁਲ ਲੈਣ ਤੇ ਤੁੱਲ ਸੀ । ਇਸ ਨੂੰ ਸਿੱਖਾਂ ਦੀ ਸ਼ਹੀਦੀ ਦਾ ਕਾਲ ਕਿਹਾ ਜਾ ਸਕਦਾ ਹੈ । ਇਕ ਸਮੇਂ ਭਾਈ ਤਾਰਾ ਸਿੰਘ ਵਾਂ ਵਾਲਾ ਭਾਈ ਮਨੀ ਸਿੰਘ, ਭਾਈ ਬੋਤਾ ਸਿੰਘ ਅਤੇ ਹੋਰ ਅਨੇਕਾਂ ਸਿੰਘ ਧਰਮ ਤੋਂ ਜਾਨਾਂ ਕੁਰਬਾਨ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ । ਇਸ ਤੋਂ ਪਿਛੋਂ ਮੀਰ ਮਨੂ ਦਾ ਸਮਾਂ (੧੭੪੮ ਤੋਂ ੧੭੫੩ ਈਸਵੀ) ਇਸ ਤੋਂ ਵੀ ਭਿਆਨਕ ਸੀ । ਸਿੱਖ ਪਰਿਵਾਰਾਂ ਤੇ ਬੀਬੀਆਂ ਨੂੰ ਫੜ ਲਿਆ ਜਾਂਦਾ ਅਤੇ ਨਵੀਨ ਲਾਹੌਰ ਰੇਲਵੇ ਸਟੇਸ਼ਨ ਤੇ ਕੋਲ ਨਖਾਸ ਦੇ ਅਸਥਾਨ ਤੇ ਜਿਸ ਨੂੰ ਅੱਜ ਕਲ ਸ਼ਹੀਦ ਗੰਜ ਕਿਹਾ ਜਾਂਦਾ ਹੈ, ਕੈਦ ਰੱਖਿਆ ਜਾਂਦਾ ਹੈ ਤੇ ਤਸੀਹੇ ਦਿੱਤੇ ਜਾਂਦੇ ਸਨ । ਇਸ ਸਮੇਂ ਹੀ ਸਿੱਖ ਹਰ ਰੋਜ਼ ਅਰਦਾਸ ਵਿਚ ਯਾਦ ਕਰਦੇ ਹਨ :-

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਤ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ ਤੇ ਚੜ੍ਹੇ, ਆਰਿਆਂ ਨਾਲ ਚਰਾਏ ਗਏ ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ ਤਿਨਾਂ ਦੀ ਕਮਾਈ ਦਾ ਧਿਆਨ ਕਰਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ !

ਇਨਾਂ ਭਿਆਨਕ ਸਮਿਆਂ ਵਿਚ ਗੁਰਮਤਾ ਪ੍ਰਣਾਲੀ ਦਾ ਵਿਕਾਸ ਹੋਇਆ ।

ਜਦੋਂ ਸਿੱਖ ਜੰਗਲਾਂ ਵਿੱਚ ਰਹਿੰਦੇ ਜਾਂ ਪਹਾੜਾ ਦੀਆਂ ਕੰਦਰਾਂ ਵਿਚ ਛੁੱਪ ਕੇ ਗੁਜ਼ਾਰਾ ਕਰਦੇ ਤਾਂ ਉਨ੍ਹਾਂ ਦੇ ਸਾਹਮਣੇ ਇਕੋ ਹੀ ਆਦਰਸ਼ ਹੁੰਦਾ । ਉਹ ਆਦਰਸ਼ ਸੀ ਧਰਮ ਖਾਤਰ ਜਿਊਣਾ ਅਤੇ ਧਰਮ ਵਾਸਤੇ ਹੀ ਮਰਨਾ । ਜਦੋਂ ਕੋਈ ਵਿਸ਼ੇਸ਼ ਔਕੜ ਆਉਂਦੀ ਤਾਂ ਸਾਰੇ ਇਕ ਥਾਂ ਤੇ ਇਕੱਤਰ ਹੁੰਦੇ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਮਿਲ ਕੇ ਫੈਸਲਾ ਕਰਦੇ । ਇਸ ਸਮੁੱਚੇ ਤੌਰ ਤੇ ਕੀਤੇ ਗਏ ਫੈਸਲੇ ਨੂੰ ਗੁਰਮਤਾ ਕਹਿੰਦੇ । ਗੁਰਮਤੇ ਨੂੰ ਗੁਰੂ ਦਾ ਹੁਕਮ ਸਮਝਿਆ ਜਾਂਦਾ ਤੇ ਹਰ ਇਕ ਸਿੱਖ ਇਸਨੂੰ ਗੁਰੂ ਦਾ ਹੁਕਮ ਕਰਕੇ ਮੰਨਦਾ ।

ਗੁਰਮਤੇ ਦਾ ਨਿਕਾਸ ਅਤੇ ਵਿਕਾਸ

ਪਹਿਲਾਂ ਗੁਰਮਤਾ ਕਿਥੇ ਤੇ ਕਦੋਂ ਹੋਇਆ ਇਸਦਾ ਪਤਾ ਨਹੀਂ ਚਲਦਾ । ਪਰ ਇਕ ਗੱਲ ਸਪਸ਼ਟ ਹੈ ਕਿ ਗੁਰਮਤਾ ਕਿਸੇ ਸਾਂਝੇ ਤੇ ਧਰਮ ਦੇ ਕੰਮ ਵਾਸਤੇ ਹੀ ਹੁੰਦਾ ਸੀ, ਕਿਸੇ ਸਵਾਰਥੀ ਤੇ ਨਿਜੀ ਕੰਮ ਵਾਸਤੇ ਨਹੀਂ । ਉਨ੍ਹਾਂ ਵਿਸ਼ਿਆਂ ਤੇ ਗੁਰਮਤਾ ਕੀਤਾ ਜਾਂਦਾ ਸੀ ਜਿਹੜੇ ਸਿੱਖ ਮਤ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਕਰਦੇ ਸਨ ਜਿਵੇਂ ਜ਼ੁਲਮ ਵਿਰੁੱਧ ਲੜਾਈ, ਗੁਰਦਵਾਰਿਆਂ ਦੀ ਰਖਿਆ ਆਦਿ । ੧੭੪੮ ਈਸਵੀ ਤੋਂ ਪਹਿਲਾਂ ਸਾਰੇ ਸਿੱਖ ਜਥਿਆਂ ਵਿੱਚ ਵੰਡੇ ਹੋਏ ਸਨ ਤੇ ਇਹ ਸਾਰੇ ਵੱਖ-ਵੱਖ ਥਾਵਾਂ ਤੇ ਫਿਰਦੇ ਰਹਿੰਦੇ ਸਨ । ਫੇਰ ਹੌਲੀ-ਹੌਲੀ ਇਹ ਦੋ ਵੱਡੇ ਦਲਾਂ ਵਿੱਚ ਵੰਡੇ ਗਏ–ਇਕ ਬੁੱਢਾ ਦਲ ਅਤੇ ਦੂਜਾ ਤਰਣਾ ਦਲ । ਸਭ ਤੋਂ ਵਧੇਰੇ ਮਹਾਨਤਾ ਵਾਲਾ ਗੁਰਮਤਾ ੧੭੪੮ ਈਸਵੀ ਵਿਚ ਵਿਸਾਖੀ ਦੇ ਸਮੇਂ ਤੇ ਹੋਇਆ ਜਾਪਦਾ ਹੈ । ਇਹ ਉਹ ਸਮਾਂ ਸੀ ਜਦੋਂ ਅਹਿਮਦ ਸ਼ਾਹ ਦੁਰਾਨੀ ਜਾਂ ਅਬਦਾਲੀ ਨੇ ਪਹਿਲੀ ਵਾਰ ਪੰਜਾਬ ਤੇ ਹਮਲਾ ਕੀਤਾ ਸੀ । ਅਹਿਮਦ ਸ਼ਾਹ ਆਪਣੇ ਮਾਲਕ ਨਾਦਰ ਸ਼ਾਹ ਨਾਲ ਵੀ ਭਾਰਤ ਵਿੱਚ ਆਇਆ ਸੀ । ਨਾਦਰ ਦੀ ਮੌਤ ਪਿਛੋਂ ਅਹਿਮਦ ਸ਼ਾਹ ਨੇ ਮੌਜੂਦਾ ਅਫ਼ਗਾਨਿਸਤਾਨ ਦੇ ਰਾਜ ਦੀ ਨੀਂਹ ਰੱਖੀ । ਉਹ ਅਫ਼ਗਾਨਿਸਤਾਨ ਦੀਆਂ ਹੱਦਾ ਵਧਾਉਣਾ ਚਾਹੁੰਦਾ ਸੀ ਇਸ ਲਈ ਉਸਨੇ ਪੰਜਾਬ ਤੇ ਕਈ ਹਮਲੇ ਕੀਤੇ । ਉਸ ਦਾ ਪਹਿਲਾ ਹਮਲਾ ੧੭੪੭-੪੮ ਵਿਚ ਹੋਇਆ । ਉਸ ਵੇਲੇ ਦਿੱਲੀ ਦੀ ਮੁਗ਼ਲ ਸਰਕਾਰ ਬਹੁਤ ਕਮਜ਼ੋਰ ਪੈ ਚੁੱਕੀ ਸੀ । ਮੁਹੰਮਦ ਸ਼ਾਹ ਰੰਗੀਲਾ ਰਾਜ ਸ਼ਾਸ਼ਨ ਤੇ ਕੰਮਾਂ ਵਿੱਚ ਕੋਈ ਦਿਲਚਸਪੀ ਨਹੀਂ ਸੀ ਰਖਦਾ । ਵਜ਼ੀਰ ਕਮਰਉਦੀਨ ਜੋ ਪੰਜਾਬ ਦੇ ਗਵਰਨਰ ਅਬਦੁਲ ਸਮੱਦ ਖਾਂ ਦੇ ਉਸਦੇ ਪੁੱਤਰ ਦਾ ਨਜ਼ਦੀਕੀ ਸੰਬੰਧੀ ਅਤੇ ਪੰਜਾਬ ਦੇ ਆਖਰੀ ਮੁਗਲ ਗਵਰਨਰ ਮੀਰ ਮੰਨੂ ਦਾ ਪਿਤਾ ਸੀ ਪੰਜਾਬ ਦੀ ਸਰਕਾਰ ਨੂੰ ਇਕ ਘਰੋਗੀ ਮਾਮਲਾ ਸਮਝਦਾ ਸੀ । ਜ਼ਕਰੀਆ ਖਾਂ ਦੀ ਮੌਤ ਪਿਛੋਂ ਉਸ ਦੇ ਪੁੱਤਰ ਆਪਸ ਵਿਚ ਲੜ ਰਹੇ ਸਨ ਜਦੋਂ ਅਹਿਮਦ ਸ਼ਾਹ ਅਬਦਾਲੀ ਦਾ ਪਹਿਲਾ ਹਮਲਾ ਹੋਇਆ । ਬਜ਼ੁਰਗ ਕਮਰਉਦੀਨ ਬਹੁਤ ਸਾਰੀਆਂ ਫੌਜਾਂ ਲੈਕੇ ਅਹਿਮਦ ਸ਼ਾਹ ਅਬਦਾਲੀ ਨੂੰ ਰੋਕਣ ਆਇਆ । ਮਨੂਪੁਰ ਦੀ ਲੜਾਈ ਵਿਚ ਆਪ ਮਾਰਿਆ ਗਿਆ । ਜਿੱਤ ਭਾਵੇਂ ਮੁਗਲ ਫੌਜਾਂ ਦੀ ਹੋਈ ਪਰ ਬਹੁਤ ਮਹਿੰਗੀ ਪਈ । ਲੜਾਈ ਵਿਚ ਮੀਰ ਮੰਨੂ ਨੇ ਬਹਾਦਰੀ ਵਿਖਾਈ ਸੀ ਇਸ ਲਈ ਉਸ ਨੂੰ ਪੰਜਾਬ ਦਾ ਗਵਰਨਰ ਬਣਾ ਦਿੱਤਾ ਗਿਆ । ਜਦੋਂ ਪੰਜਾਬ ਵਿਚ ਇਹ ਰਾਜਸੀ ਉਥਲ-ਪੁਥੱਲ ਹੋ ਰਹੀ ਸੀ ਤਾਂ ਨਵਾਬ ਕਪੂਰ ਸਿੰਘ ਨੇ ਸਾਰੇ ਖਾਲਸੇ ਨੂੰ ਅੰਮ੍ਰਿਤਸਰ ਵਿਸਾਖੀ ਤੇ ਇਕੱਠਾ ਕੀਤਾ ਤੇ ਗੁਰਮਤਾ ਸੋਧਿਆ ਕਿ ਅਗੋਂ ਸਾਰੇ ਸਿੱਖ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਸਰਦਾਰੀ ਹੇਠ ਲੜਿਆ ਕਰਨਗੇ। ਸਾਰਿਆਂ ਜਥਿਆਂ ਦਾ ਇਕੋ ਹੀ ਕਮਾਂਡਰ ਹੋਵੇਗਾ ਤੇ ਇਕੋ ਹੀ ਫੌਜ ਵੈਰੀਆਂ ਨਾਲ ਲੜੇਗੀ ਤੇ ਉਸ ਦਾ ਸਮੁੱਚਾ ਨਾਂ ਦਲ ਖਾਲਸਾ ਹੋਵੇਗਾ । ੧੭੪੮ ਦੇ ਗੁਰਮਤੇ ਨੇ ਸਾਰੀ ਖਲਸਾ ਕੌਮ ਨੂੰ ਇਕ ਮੁਠ ਕਰ ਦਿੱਤਾ ਤੇ ਖਿੰਡੀ ਸ਼ਕਤੀ ਸੰਯੁਕਤ ਕਰਕੇ ਪੰਜਾਬ ਵਿਚ ਇਸ ਨਵੀਂ ਰਾਜਸੀ ਤਾਕਤ ਦੀ ਨੀਂਹ ਰਖੀ ।

ਗੁਰਮਤੇ ਦਾ ਸੁਨਹਿਰੀ ਕਾਲ ੧੭੪੮-੧੮੦੫ ਈਸਵੀ :

੧੭੪੫ ਤੋਂ ੧੮੦੫ ਈਸਵੀ ਤਕ ਗੁਰਮਤੇ ਦੀ ਪ੍ਰਧਾਨਤਾ ਤੇ ਪ੍ਰਮੁੱਖਤਾ ਉਚਤ ਸੀ । ਇਸ ਸਮੇਂ ਨੂੰ ਮਲਕੋਮ "ਸਕੇਚ ਆਫ਼ ਦੀ ਸਿੱਖਸ" ਵਿਚ ਗੁਰਮਤੇ ਦਾ ਯੁਗ ਕਹਿੰਦਾ ਹੈ ਕਿਉਂਕਿ ਇਸ ਸਮੇਂ ਸਿੱਖਾਂ ਦੇ ਸਾਰੇ ਮਹੱਤਵਪੂਰਨ ਫੈਸਲੇ ਗੁਰਮਤਾ ਪ੍ਰਣਾਲੀ ਰਾਹੀਂ ਹੋਏ । ਗੁਰਮਤੇ ਦਾ ਨਾਂ ਗਰੇਟ ਨੈਸ਼ਨਲ ਕੌਂਸਲ[੧] ਸੀ । ਗੁਰਮਤਾ ਧਰਮ ਤੇ ਨਿਰਧਾਰਤ ਸੀ ਤੇ ਧਰਮ ਉਸ ਸਮੇਂ ਦੇ ਸਿੱਖਾਂ ਦਾ ਜੀਵਨ ਅਧਾਰ । ਇਸ ਲਈ ਜੀਵਨ ਦੇ ਹਰ ਪੱਖ ਲਈ ਗੁਰਮਤਾ ਸਰੇਸ਼ਟ ਸੀ । ਇਹ ਕੌਮ ਦਾ ਸਮੁੱਚਾ ਫੈਸਲਾ ਸੀ ਜਿਸਨੂੰ ਮੰਨਣਾ ਹਰ ਸਿੱਖ ਦਾ ਫਰਜ਼ ਹੁੰਦਾ ਸੀ ।

ਗੁਰਮਤੇ ਦਾ ਵਿਕਾਸ ਵਿਸ਼ੇਸ਼ ਕਰਕੇ ਮਿਸਲਾਂ ਦੇ ਵਿਕਾਸ ਨਾਲ ਹੋਇਆ । ਜਿਉਂ ਜਿਉਂ ਰਾਜਸੀ ਸਤਾ ਸਿੱਖਾਂ ਹੱਥ ਆਈ ਤਾਂ ਸਿੱਖਾਂ ਨੇ ਸਮੇਂ ਅਨੁਸਾਰ ਇਕ ਐਸੀ ਰਾਜ ਪ੍ਰਣਾਲੀ ਅਪਣਾਈ ਜਿਸ ਨਾਲ ਸਮੁੱਚੇ ਪੰਥ ਦਾ ਰਾਜ ਪੰਜਾਬ ਤੇ ਅਸਥਾਪਤ ਹੋ ਸਕੇ । ਸਮੁੱਚੇ ਤੌਰ ਤੇ ਖਾਲਸੇ ਨੂੰ ਅਹਿਮਦ ਸ਼ਾਹ ਅਬਦਾਲੀ ਨਾਲ ਲੜਨਾ ਪਿਆ ਸੀ । ੧੭੭੩ ਈਸਵੀ ਵਿਚ ਉਸ ਦੀ ਮੌਤ ਪਿਛੋਂ ਤਾਂ ਪੱਕੇ ਤੌਰ ਤੇ ਸਿੱਖ ਸਰਦਾਰਾਂ ਨੇ ਇਲਾਕੇ ਮਲਣੇ ਅਰੰਭ ਕਰ ਦਿਤੇ । ਅਠਾਰਵੀਂ ਸਦੀ ਦੇ ਵਿਚਕਾਰਲੇ ਦਹਾਕਿਆਂ ਵਿਚ ਮੁਗਲਾਂ, ਪਠਾਨਾਂ ਅਤੇ ਮਰਹੱਟਿਆਂ ਦੀ ਤਿਕੋਨੀ ਲੜਾਈ ਨੇ ਸਿੱਖਾਂ ਨੂੰ ਸੰਗਠਿਤ ਹੋਣ ਦਾ ਅਵਸਰ ਦਿੱਤਾ । ੧੭੫੬ ਤਕ ਮੁਗਲ ਤੇ ਪਠਾਨ ਲੜਦੇ ਰਹੇ ਤੇ ੧੭੫੬ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਦਿੱਲੀ ਜਿੱਤ ਕੇ ਮੁਗਲ ਤਾਕਤ ਨੂੰ ਨਸ਼ਟ ਕਰ ਦਿੱਤਾ । ੧੭੬੧ ਦੇ ਅਰੰਭ ਵਿਚ ਅਬਦਾਲੀ ਨੇ ਮਰਹੱਟਿਆਂ ਨੂੰ ਭਾਜ ਦਿੱਤੀ ਅਤੇ ਉਸ ਤੋਂ ਪਿਛੋਂ ਸਿੱਖਾਂ ਤੇ ਅਫ਼ਗਾਨਾਂ ਦੀ ਸਿਧੀ ਲੜਾਈ ਅਰੰਭ ਹੋਈ । ੧੭੬੨ ਦੇ ਵੱਡੇ ਘਲੂਘਾਰੇ ਪਿਛੋਂ ੧੭੬੩ ਈਸਵੀ ਵਿਚ ਸਿੱਖਾਂ ਨੇ ਸਰਹੰਦ ਦੇ ਅਫ਼ਗਾਨ ਗਵਰਨਰ ਜ਼ੈਨ ਖਾਂ ਨੂੰ ਲੜਾਈ ਵਿਚ ਮਾਰ ਦਿੱਤਾ ਤੇ ਉਸ ਦੇ ਇਲਾਕੇ ਸਭ ਸਰਦਾਰਾਂ ਨੇ ਵੰਡ ਲਏ । ਹਰ ਸਰਦਾਰ ਆਪਣੇ ਆਪਣੇ ਇਲਾਕੇ ਵਿਚ ਅਜ਼ਾਦ ਹੁੰਦਾ ਸੀ । ਉਹ ਆਪਣੇ ਇਲਾਕੇ ਦਾ ਰਾਜ ਪ੍ਰਬੰਧ ਆਪ ਕਰਦਾ ਸੀ, ਮਾਲੀਆ ਵਸੂਲ ਕਰਦਾ, ਫੌਜਾਂ ਰਖਦਾ ਤੇ ਝਗੜਿਆਂ ਦਾ ਫੈਸਲਾ ਕਰਦਾ ਅਤੇ ਆਪਣੇ ਇਲਾਕੇ ਵਿਚ ਅਮਨ ਕਾਇਮ ਰੱਖਣ ਦਾ ਉਹ ਆਪ ਜ਼ਿਮੇਵਾਰ ਹੁੰਦਾ ਸੀ । ਪਰ ਉਸਦੇ ਦੂਸਰੇ ਸਿੱਖ ਸਰਦਾਰਾਂ ਨਾਲ ਕੀ ਸਬੰਧ ਸਨ ਜਾਂ ਸਮੁੱਚੇ ਖਾਲਸਾ ਪੰਥ ਵਿਚ ਉਸਦਾ ਕੀ ਫਰਜ਼ ਸੀ ਜਾਂ ਕਿਵੇਂ ਉਸਨੇ ਸਮੁੱਚੇ ਤੌਰ ਦੇ ਦੇਸ਼ ਜਾਂ ਪੰਥ ਦੀ ਰੱਖਿਆ ਕਰਨੀ ਸੀ, ਇਨ੍ਹਾਂ ਸਭ ਗੱਲਾਂ ਦਾ ਫੈਸਲਾ ਗੁਰਮਤਾ ਪ੍ਰਣਾਲੀ ਰਾਹੀਂ ਹੁੰਦਾ ਸੀ । ਇਸੇ ਕਰਕੇ ਗੁਰਮਤਾ ਪ੍ਰਣਾਲੀ ਨੂੰ ਸਿੱਖਾਂ ਦੀ ਕੇਂਦਰੀ ਸਰਕਾਰ ਅਤੇ ਉਨ੍ਹਾਂ ਸਾਰਿਆਂ ਨੂੰ ਇਕਮੁੱਠ ਰੱਖਣ ਵਾਲੀ ਮਹਾਨ ਸ਼ਕਤੀ ਮੰਨਿਆ ਜਾਂਦਾ ਹੈ । (ਵੇਖੋ ਜੀ: ਐਲ. ਚੋਪੜੇ ਦੀ ਪੰਜਾਬ ਐਜ਼ ਸਾਵਰੇਨ ਸਟੇਟ ਦੀ ਭੂਮਕਾ)

---

੨. ਪੰਥ ਪ੍ਰਕਾਸ਼, ਰਤਨ ਸਿੰਘ, ਪੰਨਾ ੩੫੮

ਸਾਰੇ ਸਿੱਖ ਵਿਸਾਖੀ ਅਤੇ ਦਿਵਾਲੀ ਨੂੰ ਅੰਮ੍ਰਿਤਸਰ ਇਕੱਠੇ ਹੁੰਦੇ । ਅਕਾਲ ਬੁੰਗੇ ਬੈਠਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਫੈਸਲੇ ਕਰਦੇ । ਹਰ ਮਿਸਲ ਦੇ ਮੁੱਖੀ ਨੇ ਆਪਣੇ ਅਤੇ ਆਪਣੀ ਮਿਸਲ ਦੇ ਸਿੱਖਾਂ ਦੇ ਰਹਿਣ ਲਈ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਬੁੰਗੇ ਬਣਵਾਏ ਹੋਏ ਸਨ ਅਤੇ ਉਹ ਆਮ ਤੌਰ ਤੇ ਉਹਨਾਂ ਬੁੰਗਿਆਂ ਵਿਚ ਹੀ ਆ ਕੇ ਠਹਿਰਦੇ । ਮਿਸਲਾਂ ਦੇ ਮੁਖੀ ਅਤੇ ਉਨ੍ਹਾਂ ਦੇ ਸਾਥੀ ਨਾਲ ਨਾਲ ਹੀ ਬੈਠਦੇ ਸਨ ਤਾਂ ਜੋ ਹਰ ਤਜਵੀਜ਼ ਤੇ ਆਪਸ ਵਿਚ ਸਲਾਹ ਮਸ਼ਵਰਾ ਕਰ ਸਕਣ । ਹਰ ਇਕ ਨੂੰ ਆਪਣੀ ਰਾਏ ਦੇਣ ਦਾ ਅਧਿਕਾਰ ਹੁੰਦਾ ਸੀ। ਇਹ ਫੈਸਲੇ ਆਮ ਤੌਰ ਤੇ ਸਰਬ ਸੰਮਤੀ ਨਾਲ ਹੀ ਹੁੰਦੇ ਸਨ । ਮਿਸਲਾਂ ਦੇ ਮੁਖੀਆਂ ਦੇ ਆਪਸ ਵਿਚ ਭਾਵੇਂ ਕਿੰਨੇ ਹੀ ਝਗੜੇ ਹੋਣ ਉਹ ਦਰਬਾਰ ਸਾਹਿਬ ਆ ਕੇ ਅਤੇ ਸੰਗਤ ਵਿਚ ਬੈਠ ਕੇ ਵੈਰ ਵਿਰੋਧ ਭੁੱਲ ਜਾਂਦੇ ਸਨ ਅਤੇ ਨਿੱਜੀ ਸਵਾਰਥ ਭੁੱਲ ਜਾਂਦੇ ਸਨ । ਜਾਨ ਮੈਲਕਮ ਨੇ ੧੮੦ ਵਿਚ ਏਸੀਆਟਿਕ ਸੋਸਾਇਟੀ ਲਈ 'ਸ਼ਕੈਚ ਆਫ਼ ਦੀ ਸਿੱਖਸ' ਲਿਖਿਆ ਸੀ । ਉਸ ਵਿਚ ਉਹ ਗੁਰਮਤੇ ਬਾਰੇ ਇਸ ਤਰ੍ਹਾਂ ਲਿਖਦਾ ਹੈ :-

"When a Gurmatta or great national council is called ... all the Sikh chiefs assembled at Amritsar. The assembly which is called the Gurmatta is convened by the Akalis, and when the chiefs meet upon the solemn occasion, it is concluded that all private animosities cease and every man sacrifices his personal feelings at the shrine of general good and actuated by the principles of pure patriotism, thinks of nothing but the interests of the religion and the commonwealth to which he belongs." Sikh Religion-page 121).

"ਜਦੋਂ ਗੁਰਮਤਾਂ ਜਾਂ ਇਸ ਮਹਾਨ ਕੌਮੀ ਕੌਂਸਲ ਦਾ ਸਮਾਗਮ ਹੁੰਦਾ ਤਾਂ ਸਾਰੇ ਸਿੱਖਾਂ ਦੇ ਮੁੱਖੀਏ (ਸਿਮਲਦਾਰ) ਅੰਮ੍ਰਿਤਸਰ ਇਕੱਠੇ ਹੁੰਦੇ । ਉਹ ਸਭਾ ਜਿਸ ਵਿਚ ਗੁਰਮਤਾ ਪਾਸ ਕੀਤਾ ਜਾਂਦਾ ਅਕਾਲੀਆਂ ਵਲੋਂ ਸੱਦੀ ਜਾਂਦੀ ਸੀ । ਇਸ ਪਵਿੱਤਰ ਸਮੇਂ ਜਦੋਂ ਸਰਦਾਰ ਮਿਲਦੇ ਤਾਂ ਆਪਸੀ ਵੈਰ ਵਿਰੋਧ ਖਤਮ ਕਰ ਦੇਂਦੇ । ਹਰ ਸਿੱਖ ਜਾਤੀ ਰੰਜਸ਼ਾਂ ਨੂੰ ਸਮੁੱਚੀ ਭਲਾਈ ਲਈ ਕੁਰਬਾਨ ਕਰ ਦੇਂਦਾ ਅਤੇ ਕੇਵਲ ਕੌਮੀ ਅਸੂਲਾਂ ਅਤੇ ਦੇਸ਼ ਭਗਤੀ ਤੋਂ ਪ੍ਰੇਰਤ ਹ ਕੇ ਸਵਾਏ ਆਪਣੇ ਧਰਮ ਦੇ ਅਤੇ ਸਮੁੱਚੇ ਪੰਥ ਦੇ ਜਿਸ ਦਾ ਉਹ ਮੈਂਬਰ ਸੀ ਲਾਭਾਂ ਨੂੰ ਸਾਮ੍ਹਣੇ ਰੱਖਣ ਤੋਂ ਸਿਵਾ ਹੋਰ ਕੁਝ ਨਹੀਂ ਸੋਚਦਾ ਸੀ ।"

ਅਠਾਰਵੀਂ ਸਦੀ ਦੇ ਦੂਜ ਅੱਧ ਦੇ ਗੁਰਮਤੇ ਬਹੁ-ਪੱਖੀ ਹੁੰਦੇ ਸਨ । ਜੀਵਨ ਦੇ ਹਰ ਪੱਖ ਬਾਰੇ ਹੁੰਦੇ ਸਨ । ਭਾਵੇਂ ਉਹ ਪੱਖ ਰਾਜਸੀ ਹੋਵੇ, ਧਾਰਮਕ ਹੋਵੇ ਜਾਂ ਸਮਾਜਕ ਅਤੇ ਆਰਥਕ । ਜ਼ਿਆਦਾ ਕਰਕੇ ਇਲਾਕੇ ਵੰਡਣ ਦੇ ਝਗੜਿਆਂ ਦਾ ਫੈਸਲਾ ਇਥੇ ਕੀਤਾ ਜਾਂਦਾ ਸੀ । ਬਹੁਤ

ਸਾਰਾ ਇਕੱਠਾ ਕੀਤਾ ਧਨ ਜੋ ਵੱਖ ਵੱਖ ਥਾਂਵਾਂ ਤੋਂ ਮਿਸਲਦਾਰ ਲਿਆਉਂਦੇ ਸਨ ਇਸ ਸਮੇਂ ਵੰਡਿਆ ਜਾਂਦਾ ਸੀ ਜਿਵੇਂ ਕਿ ਰਤਨ ਸਿੰਘ ਭੰਗੂ ਲਿਖਦੇ ਹਨ :-

ਮੁਲਕ ਲੂਟ ਅੰਮ੍ਰਿਤਸਰ ਆਵੇਂ । ਦਿਵਾਲੀ ਵਿਸਾਖੀ ਮੇਲਾ ਲਾਵੇਂ ।
ਬੈਠ ਹਰਿਮੰਦਰ ਸੁਨੇਂ ਸੁ ਗਿਆਨ । ਗੁਰ ਬਚਨਨ ਪਰ ਜਾਵੇਂ ਧਯਾਨ ।
ਅਕਾਲ ਬੰਗੇ ਚੜ ਤਖਤੇ ਬਹਿ ਹੈਂ । ਲਾਇ ਦੀਵਾਨ ਗੁਰਮਤ ਮਤੈਂ ਹੈਂ ।
ਤਬ ਖਾਲਸਾ ਹੋਇ ਅਦਾਲਤ । ਅਸਿਖਨ ਗਾਰ ਸਿੰਘਨ ਪ੍ਰਤਿਪਾਲਤ...

ਲੂਟੇ ਖੋਹੇ ਹੋਇ ਜੋਊ ਤਿਨ ਕੋ ਮਿਲੇ ਨ ਸਾਫ । ਝੂਠਨ ਕੋ ਤਨਖਾਹ ਕਰੈਂ ਐ ਸਚਨ ਕਰਾਵੇਂ ਮਾਫ । (ਪੰਥ ਪ੍ਰਕਾਸ਼-ਪੰਨਾ ੩੧੭-੧੮)

ਦਿਵਾਲੀ ਅਤੇ ਵਿਸਾਖੀ ਸਮੇਂ ਹੀ ਸੈਨਿਕ ਵਿਉਂਤਾਂ ਦਾ ਫੈਸਲਾ ਕੀਤਾ ਜਾਂਦਾ ਸੀ ਕਿ ਕਿਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਦਾ ਟਾਕਰਾ ਕਰਨਾ ਹੈ । ਅਮਨ ਤੇ ਜੰਗ ਦਾ ਫੈਸਲਾ, ਸਾਂਝੇ ਕੰਮਾਂ ਵਾਸਤੇ ਮਾਇਆ ਇਕੱਤਰ ਕਰਨ ਦੇ ਫੈਸਲੇ ਕੀਤੇ ਜਾਂਦੇ ਸਨ । ਇਸ ਬਾਰੇ ਫਾਰੇਸਟਰ ਜੋ ਪੰਜਾਬ ਵਿਚ ੧੭੮੩ ਵਿਚ ਆਇਆ, ਆਪਣੇ ਸਫਰਨਾਮੇ ਵਿਚ ਇਸ ਤਰ੍ਹਾਂ ਲਿਖਦਾ ਹੈ.-

"The grand convention called in their language Gurmatta was that in which the army met to transact the more important affairs of the nation, as the declaration of war or peace forming alliances and detaching parties on the service of the year. The amount of the contribution levied on the public account was reported to this assembly and divided among chiefs, proportionally to the number of their troops." (Forster's Travels Vol. I page 330).

ਇਸ ਮਹਾਨ ਸੰਮੇਲਨ ਨੂੰ ਉਹ ਆਪਣੀ ਭਾਸ਼ਾ ਵਿਚ ਗੁਰਮਤਾ ਆਖਦੇ ਹਨ । ਇਸ ਵਿਚ ਸੈਨਾ ਵਧੇਰੇ ਮਹੱਤਤਾ ਵਾਲੇ ਫੈਸਲੇ ਕਰਦੀ ਸੀ ਜਿਵੇਂ ਕਿ ਅਮਨ ਜਾਂ ਜੰਗ ਦਾ ਐਲਾਨ ਕਰਨਾ, ਹੋਰਨਾਂ ਤਾਕਤਾਂ ਨਾਲ ਸਮਝੌਤੇ ਕਰਨਾ । ਸਾਲ ਭਰ ਵਿਸ਼ੇਸ਼ ਸੇਵਾਵਾਂ ਤੇ ਵੱਖ ਵੱਖ ਜਥਿਆਂ ਨੂੰ ਨਿਯੁਕਤ ਕਰਨਾ । ਸਾਰੇ ਸਾਲ ਦੀ ਕੀਤੀ ਉਗਰਾਹੀ ਦਾ ਹਿਸਾਬ ਕਿਤਾਬ ਦੇਣਾ ਤੇ ਇਸ ਉਗਰਾਈ ਨੂੰ ਸਰਦਾਰਾਂ ਤੇ ਸੈਨਕਾਂ ਵਿਚ ਹਿਸਾਬ ਨਾਲ ਵੰਡਣਾ ।"

ਗੁਰਮਤਾ ਪ੍ਰਣਾਲੀ ਦੁਆਰਾ ਨ ਕੇਵਲ ਆਰਥਕ, ਸੈਨਕ ਮਾਮਲਿਆਂ ਦੇ ਹੀ ਫੈਸਲੇ ਹੁੰਦੇ ਸਨ ਸਗੋਂ ਧਾਰਮਕ ਮਸਲਿਆਂ ਤੇ ਵੀ ਮਤੇ ਕੀਤੇ ਜਾਂਦੇ ਸਨ । ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਵੱਡੇ ਘਲੂਘਾਰੇ ਪਿਛੋਂ ਦਰਬਾਰ ਸਾਹਿਬ ਅੰਮ੍ਰਿਤਸਰ ਢਾਹ ਦਿੱਤਾ ਤਾਂ ਦੋ ਕੁ ਮਹੀਨੇ ਬਾਹਦ ਖ਼ਾਲਸੇ ਨੇ ਵਿਸਾਖੀ ਦੇ ਸਮੇਂ ਤੇ ਗੁਰਮਤਾ ਕੀਤਾ ਤੇ ਦਰਬਾਰ ਸਾਹਿਬ ਦੀ ਉਸਾਰੀ ਅਰੰਭ ਦਿੱਤੀ । ਤਰਨ ਤਾਰਨ ਕੋਲ ਸੁਰ ਸਿੰਘ ਦੇ ਵਸਨੀਕ ਭਾਈ ਦੇਸ ਰਾਜ ਨੂੰ ਉਸਾਰੀ ਲਈ ਨਿਯੁਕਤ ਕੀਤਾ ਤੇ ਅਕਾਲ ਤਖ਼ਤ ਤੋਂ ਹੁਕਮ ਜਾਰੀ ਕੀਤਾ ਕਿ ਸਭ ਰੁਪਏ ਉਸਾਰੀ ਲਈ

ਭਾਈ ਦੇਸ ਰਾਜ ਨੂੰ ਦਿੱਤੇ ਜਾਣ । ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਇਸ ਬਾਰੇ ਇਸ ਤਰ੍ਹਾਂ ਲਿਖਿਆ :-

ਭਾਈ ਦੇਸ ਰਾਜ ਕੇ ਤਾਈ ਤਬੇ ਪੰਥ ਕਰ ਜੋਰ ਸੁਨਾਈ ।
ਮੰਦਰ ਰਚੋ ਏਹ ਤੁਮ ਤੂਰਨਾ ਕਰਹੋ ਗੁਰੂ ਮਨੋਰਥ ਪੂਰਨਾ ।
ਔਰ ਪੰਥ ਸਭ ਬਨੈ ਸਹਾਯਕਾ ਜੋ ਜੋ ਹੋਇ ਕਾਰ ਜਿਸ ਲਾਇਕਾ ।
ਔ ਕਹਿ ਫਿਰ ਅਰਦਾਸ ਕਰਾਈ ਸਭ ਸਿਖਨ ਕੋ ਕਹਯੋ ਸੁਨਾਈ ।

(ਪੰਥ ਪ੍ਰਕਾਸ਼, ਦੂਜੀ ਐਡੀਸ਼ਨ, ਪੰਨਾ ੫੯੬)

ਗੁਰਮਤੇ ਰਾਹੀਂ ਨ ਕੇਵਲ ਖ਼ਾਲਸਾ ਨਿੱਜੀ ਫੈਸਲੇ ਕਰਦਾ ਸੀ ਸਗੋਂ ਦੁਖੀਆਂ ਦੀ ਇਮਦਾਦ ਲਈ ਵੀ ਫੈਸਲੇ ਤੇ ਗੁਰਮਤੇ ਸੋਧੇ ਜਾਂਦੇ ਸਨ । ਰਤਨ ਸਿੰਘ ਭੰਗੂ ਦੇ ਕਥਨ ਅਨੁਸਾਰ ਜਦੋਂ ਵਿਸਾਖੀ ਤੇ ਖ਼ਾਲਸਾ ਸੰਮਤ ੧੮੧੭ (ਭਾਵ ੧੭੬੦ ਈਸਵੀਂ) ਵਿਚ ਇਕੱਤਰ ਹੋਇਆ ਤਾਂ ਇਕ ਬ੍ਰਾਹਮਣ ਆ ਫਰਿਆਦੀ ਹੋਇਆ ਕਿ ਉਸਦੀ ਨਾਰ ਕਸੂਰ ਦੇ ਪਠਾਨਾਂ ਨੇ ਖੋਹ ਲਈ ਹੈ ਤੇ ਖ਼ਾਲਸਾ ਇਸ ਜ਼ੁਲਮ ਤੋਂ ਰੱਖਿਆ ਕਰੇ ਤੇ ਹਰੀ ਸਿੰਘ ਭੰਗੀ ਤੇ ਹੋਰ ਸਰਦਾਰ ਉਸੇ ਵੇਲੇ ਤਿਆਰ ਹੋ ਗਏ । ਕਸੂਰ ਫਤਹਿ ਕਰਕੇ ਬ੍ਰਾਹਮਣੀ ਉਸਨੂੰ ਵਾਪਸ ਕਰਵਾ ਦਿਤੀ । ਭੰਗੂ ਕਸੂਰੇ ਮਾਰਨ ਦੀ ਕਥਾ ਇਸ ਦੋਹਰੇ ਨਾਲ ਸਮਾਪਤ ਕਰਦਾ ਹੈ :-

ਪਠਾਨ ਸੁ ਤਬ ਹੀ ਮਾਰਕੇ ਬਿਪਨੀ ਦਈ ਛੁੜਾਇ ।
ਜੋ ਜੈ ਕਰਤੋ ਸੋ ਗਯੋ ਅਪਨੋ ਬਦਲੋ ਪਾਇ ।

ਗੁਰਮਤਾ ਰਣਜੀਤ ਸਿੰਘ ਦੇ ਕਾਲ ਵਿਚ (੧੮੪੯ ਤਕ)

ਗੁਰਮਤੇ ਰਾਹੀਂ ਫੈਸਲੇ ਕਰਨ ਦਾ ਇਕ ਸਭ ਤੋਂ ਵੱਡਾ ਲਾਭ ਇਹ ਸੀ ਕਿ ਹਰ ਸਿੱਖ ਆਪਣੀ ਰਾਏ ਦੇ ਸਕਦਾ ਸੀ । ਉਚਤਾ ਤੇ ਨੀਚਤਾ ਦਰਬਾਰ ਸਾਹਿਬ ਅੰਮ੍ਰਿਤਸਰ ਆ ਕੇ ਖਤਮ ਹੋ ਜਾਂਦੀ ਸੀ । ਜੇਕਰ ਇਕ ਸਿੱਖ ਆਪਣੇ ਜਥੇਦਾਰ ਦੇ ਵਰਤਾਰੇ ਨਾਲੋਂ ਖ਼ੁਸ਼ ਨਹੀਂ ਤਾਂ ਉਹ ਇਕ ਜਥਾ ਜਾ ਮਿਸਲ ਛੱਡਕੇ ਦੂਸਰੇ ਜੱਥੇ ਜਾਂ ਮਿਸਲ ਵਿਚ ਜਾ ਸਕਦਾ ਸੀ । ਬਰਾਬਰੀ ਹਰ ਇਕ ਦਾ ਅਧਿਕਾਰ ਸੀ । ਇਸੇ ਕਰਕੇ ਮੁਹੰਮਦ ਲਤੀਫ ਲਿਖਦਾ ਹੈ ਇਸ ਸਾਰੇ ਰਾਜਸੀ ਢਾਂਚੇ ਦਾ ਨਾਂ ਮਿਸਲ ਪੈ ਗਿਆ ਕਿਉਂਕਿ ਮਿਸਲ ਦਾ ਭਾਵ ਅਰਬੀ ਵਿਚ ਬਰਾਬਰੀ ਹੁੰਦਾ ਹੈ । ਮੈਲਕਮ ਨੇ ਵੀ ਮਿਸਲ ਨੂੰ ਰੀਪਬਲਿਕ ਲਿਖਿਆ ਹੈ ਜਿਸਦਾ ਭਾਵ ਗਣਰਾਜ ਤੋਂ ਹੈ ।

ਮਹਾਰਾਜਾ ਰਣਜੀਤ ਸਿੰਘ ਦਾ ਮਨੋਰਥ ਮਿਸਲਾਂ ਨੂੰ ਜਿੱਤ ਕੇ ਸਾਂਝਾ ਰਾਜ ਅਸਥਾਪਤ ਕਰਨਾ ਸੀ । ਮਿਸਲਾਂ ਦਾ ਰਾਜ ਛੋਟੇ ਇਲਾਕਿਆਂ ਦਾ ਰਾਜ ਸੀ । ਸਮੇਂ ਦੀ ਚਾਲ ਨਾਲ ਸਥਿਤੀ ਬਦਲ ਰਹੀ ਸੀ । ਮਿਸਲਦਾਰਾਂ ਦੇ ਰਾਜ ਦਾ ਅੰਦਮ ਟੀਚਾ ਇਕ ਪੁਰਖਾ ਰਾਜ ਹੀ ਹੋ ਸਕਦਾ ਸੀ । ਮਹਾਰਾਜਾ ਰਣਜੀਤ ਸਿੰਘ ਇਕ ਪੁਰਖਾ ਰਾਜ ਅਸਥਾਪਤ ਕਰਨਾ ਚਾਹੁੰਦਾ ਸੀ ਜਿਸ

ਵਿਚ ਬਰਾਬਰੀ ਵਾਲੀ ਕੋਈ ਗੱਲ ਚਲਣੀ ਕਠਣ ਸੀ। ਇਨ੍ਹਾਂ ਹਾਲਾਤ ਵਿਚ ਵਿਧਾਨਕ ਤੌਰ ਤੇ ਗੁਰਮਤਾ ਸੰਸਥਾ ਜਾਂ ਪ੍ਰਣਾਲੀ ਜਾਰੀ ਰਹਿਣਾ ਅਸੰਭਵ ਸੀ ਕਿਉਂਕਿ ਉਸ ਸੂਰਤ ਵਿਚ ਨਾ ਮਹਾਰਾਜਾ ਰਣਜੀਤ ਸਿੰਘ ਦਾ ਸਾਮਰਾਜ ਅਸਥਾਪਤ ਹੋ ਸਕਦਾ ਸੀ ਤੇ ਨਾ ਹੀ ਸਖਸ਼ੀ-ਇਕ-ਪੁਰਖਾ-ਰਾਜ। ਸਪਸ਼ਟ ਹੈ ਕਿ ਉਸ ਸੂਰਤ ਵਿਚ ਸ਼ੁਕਰਚਕੀਆ ਮਿਸਲ ਦੂਜੀਆਂ ਮਿਸਲਾਂ ਨੂੰ ਖ਼ਤਮ ਨਹੀਂ ਕਰ ਸਕਦੀ ਸੀ। ਕਿਉਂਕਿ ਗੁਰਮਤਾ ਸੰਸਥਾ ਦਾ ਅਧਾਰ ਹੀ ਆਪਸ ਵਿਚ ਬਰਾਬਰੀ ਸੀ।

ਇਕ ਹੋਰ ਆਸ਼ੇ ਤੋਂ ਵੀ ਮਹਾਰਾਜਾ ਰਣਜੀਤ ਸਿੰਘ ਨੇ ਰਾਜਸੀ ਖੇਤਰ ਵਿਚੋਂ ਗੁਰਮਤਾ ਖਤਮ ਕਰ ਦਿਤਾ। ਉਹ ਸਮਝਦਾ ਸੀ ਉਹ ਹਿੰਦੂਆਂ ਅਤੇ ਮੁਸਲਮਾਨਾਂ ਦਾ ਵੀ ਉਸੇ ਤਰ੍ਹਾਂ ਹੀ ਮਹਾਰਾਜਾ ਹੈ ਜਿਵੇਂ ਕਿ ਸਿੱਖਾਂ ਦਾ। ਗੁਰਮਤੇ ਦਾ ਫੈਸਲਾ ਕੇਵਲ ਅਕਾਲ ਤਖਤ ਦਾ ਹੀ ਫੈਸਲਾ ਸੀ ਜਿਸ ਵਿਚ ਕੇਵਲ ਸਿੱਖ ਹੀ ਸ਼ਾਮਲ ਹੋ ਸਕਦੇ ਸਨ ਹਿੰਦੂ ਤੇ ਮੁਸਲਮਾਨ ਨਹੀਂ। ਰਣਜੀਤ ਸਿੰਘ ਸਮਝਦਾ ਸੀ ਕਿ ਰਾਜਸੀ ਕੰਮ ਵਿਚ ਮੁਸਲਮਾਨਾਂ ਜਾਂ ਹਿੰਦੂਆਂ ਨੂੰ ਰਾਏ ਦੇਣ ਦਾ ਉਨ੍ਹਾ ਅਧਿਕਾਰ ਹੈ ਜਿਨ੍ਹਾਂ ਕਿ ਸਿੱਖਾਂ ਨੂੰ। ਇਸ ਲਈ ਉਸ ਨੇ ਰਾਜਸੀ ਖੇਤਰ ਵਿਚ ਗੁਰਮਤਾ ਪ੍ਰਣਾਲੀ ਦੁਆਰਾ ਫੈਸਲੇ ਕਰਨੇ ਬੰਦ ਕਰ ਦਿੱਤੇ। ਉਸਨੇ ਆਖਰੀ ਵਾਰੀ ੧੮੦੫ ਈਸਵੀ ਵਿਚ ਗੁਰਮਤੇ ਦੁਆਰਾ ਇਹ ਫੈਸਲਾ ਕੀਤਾ ਕਿ ਜਸਵੰਤ ਰਾਉ ਹੁਲਕਰ ਨੂੰ ਇਮਦਾਦ ਨਾ ਦਿੱਤਾ ਜਾਵੇ।

ਕਈ ਵਿਦਵਾਨ ਮਹਾਰਾਜਾ ਰਣਜੀਤ ਸਿੰਘ ਦਾ ਰਾਜਸੀ ਖੇਤਰ ਵਿਚੋਂ ਗੁਰਮਤੇ ਨੂੰ ਖ਼ਤਮ ਕਰਨਾ ਸਿੱਖੀ ਅਸੂਲਾਂ ਦੇ ਅਨੁਕੂਲ ਵੀ ਮੰਨਦੇ ਹਨ ਜਿਵੇਂ ਕਿ ਪ੍ਰਿੰਸੀਪਲ ਤੇਸਾ ਸਿੰਘ ਲਿਖਦੇ ਹਨ:-

This abolition of Gurmatta in the political sphere was a long awaited fulfilment of the Sikh idea of secularisation of service......It began with the Guru's free kitchen which was open to all. the civic sense was further developed among the Sikhs when the fourth and fifth Gurus set the examples by helping Hindus and Muslims as well as Sikhs to set up their business in the Guru's market (Guru Ka Bazar) in Amritsar and Guru Hargobind founded cities and built temples and mosques at his own expense. Maharaja Ranjit Singh was only following steps when he took measures to rule, not as a Sikh monarch but as a common ruler of Hindus and Muslims as well as of the Sikhs."

(Maharaja Ranjit Singh, Khalsa College, Amritsar 1939, page 57)

ਤੇਜਾ ਸਿੰਘ ਦਾ ਭਾਵ ਇਹ ਹੈ ਕਿ ਗੁਰੂ ਸਾਹਿਬਾਨ ਨੇ ਸਦਾ ਸਰਬ ਸਾਂਝੀਵਾਲਤਾ ਦੇ ਅਸੂਲਾਂ ਨੂੰ ਅਪਣਾਇਆ ਹੈ ਜਿਵੇਂ ਕਿ ਲੰਗਰ ਵਿਚ ਹਿੰਦੂ ਤੇ ਮੁਸਲਮਾਨ ਜਾ ਸਕਦੇ ਹਨ।

ਗੁਰਮਤਾ ਅੰਗਰੇਜੀ ਕਾਲ ਵਿਚ

ਅੰਗਰੇਜ਼ਾਂ ਦੇ ਕਾਲ ਵਿਚ ਸਿੰਘ ਸਭਾ ਲਹਿਰ ਕਰਕੇ ਵਿਦਿਆ ਦਾ ਪਸਾਰਾ ਹੋਇਆ ਤੇ ਸਿੱਖਾਂ ਨੇ ਆਪਣਾ ਵਿਰਸਾ ਸੰਭਾਲਿਆ । ਪੱਛਮੀ ਵਿਦਿਆ ਦੇ ਅਸਰ ਥੱਲੇ ਲੋਕਤੰਤਰੀ ਖਿਆਲਾਂ ਨੇ ਜੋਰ ਪਕੜਿਆ ਤੇ ਗੁਰਮਤੇ ਦੀ ਗੌਰਵਤਾ ਵਿਚ ਵਾਧਾ ਹੋਇਆ । ਵਿਸ਼ੇਸ਼ ਕਰਕੇ ਪੰਥ ਦੇ ਇਕੱਠ ਮੁਖ ਤਖਤਾਂ ਖਾਸ ਕਰ ਅਕਾਲ ਤਖਤ ਸ਼ਾਹਿਬ ਵਿਚ ਹੁੰਦੇ ਸਨ ਤੇ ਇਥੇ ਹੀ ਬਹੁਤੇ ਗੁਰਮਤੇ ਸੋਧੇ ਜਾਂਦੇ ਸਨ । ਤਲਵੰਡੀ ਸਾਬੋ ਦਮਦਮਾ ਸਾਹਿਬ ਜਿਸ ਨੂੰ ਤਖਤ ਮੰਨ ਲਿਆ ਗਿਆ ਏ, ਇਨ੍ਹਾਂ ਵਿਖੇ ਵੀ ਗੁਰਮਤੇ ਸੋਧੇ ਜਾਂਦੇ ਰਹੇ ਹਨ ਅਸਥਾਨਾਂ ਦੀ ਵਿਸ਼ੇਸ਼ਤਾ ਅਤੇ ਗੁਰਮਤੇ ਦੀ ਮਹਾਨਤਾ ਨੂੰ ਮੁਖ ਰੱਖਦੇ ਹੋਏ ਅੰਗਰੇਜੀ ਸਰਕਾਰ ਗੁਰਦਵਾਰਿਆਂ ਵਿਚ ਆਪਣਾ ਦਖਲ ਰੱਖਦੀ ਸੀ । ਪਹਿਲਾਂ ਸਿਧੇ ਤੌਰ ਤੇ ਅਤੇ ਫੇਰ ਮਹੰਤਾਂ ਦੇ ਰਾਹੀਂ । ਗੁਰਦਵਾਰਾ ਸੁਧਾਰ ਲਹਿਰ ਵਿਚ ਵਿਸ਼ੇਸ਼ ਗੁਰਮਤੇ ਸ੍ਰੀ ਅਕਾਲ ਤਖਤ ਹੀ ਹੁਦੇ ਰਹੇ । ਗੁਰਦਵਾਰਾ ਸੁਧਾਰ ਲਹਿਰ ਤੇ ਹੋਰ ਜੋ ਲਹਿਰਾਂ ਅੰਗਰੇਜ਼ੀ ਸਰਕਾਰ ਵਿਰੁੱਧ ਚਲੀਆਂ ਉਨ੍ਹਾਂ ਵਿਚ ਗੁਰਮਤੇ ਸੋਧਣ ਦੀ ਪ੍ਰਣਾਲੀ ਨੇ ਸਿੰਘਾਂ ਨੂੰ ਸੰਗਠਤ ਕਰੀ ਰੱਖਿਆ ਤੇ ਵੱਧ ਤੋਂ ਵੱਧ ਕੁਰਬਾਨੀਆਂ ਲਈ ਤਿਆਰ ਕੀਤਾ ।

ਨਵੀਨ ਸਮੇਂ ਵਿਚ ਗੁਰਮਤੇ ਪ੍ਰਣਾਲੀ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸੰਗਤਾਂ ਵਿਚ ਰਾਜਸੀ ਤੇ ਭਾਈਚਾਰਕ ਤੌਰ ਤੇ ਬਹੁਤ ਮਤਭੇਦ ਹੋ ਗਏ ਹਨ ਜਿਸ ਕਰਕੇ ਕਿਸੇ ਇਕ ਫੈਸਲੇ ਤੇ ਪੁਜਣਾ ਦਿਨ-ਬ-ਦਿਨ ਕਠਿਨ ਹੁੰਦਾ ਜਾਂਦਾ ਹੈ । ਧਾਰਮਿਕ ਖੇਤਰ ਵਿਚ ਗੁਰਮਤੇ ਦੀ ਪ੍ਰਮੁਖਤਾ ਸਦਾ ਕਾਇਮ ਰਹਿ ਸਕਦੀ ਹੈ ।

ਮਹਾਰਾਜਾ ਰਣਜੀਤ ਸਿੰਘ–ਇਕ ਅਧਿਐਨ

ਪੰਜਾਬ ਦੀ ਵੰਡ ਪਿਛੋਂ ਸ਼ੁਕਰਚਕੀਆ ਮਿਸਲ ਦਾ ਵਿਕਾਸ ਤੇ ਖ਼ਾਸ ਕਰ ਕੇ ਮਹਾਰਾਜਾ ਰਣਜੀਤ ਸਿੰਘ ਦਾ ਇਤਿਹਾਸ ਵਿਸ਼ੇਸ਼ ਮਹੱਤਤਾ ਰੱਖਦਾ ਹੈ ਤੇ ਦੱਸਦਾ ਹੈ ਕਿ ਕਿਸ ਤਰ੍ਹਾਂ ਅੱਜ ਤੋਂ ਕੇਵਲ ਡੇਢ ਦੋ ਸੌ ਸਾਲ ਪਹਿਲਾਂ ਮਿਸਲਦਾਰਾਂ ਨੇ ਤੇ ਮਹਾਰਾਜਾ ਰਣਜੀਤ ਸਿੰਘ ਨੇ ਮੁਸਲਮਾਨੀ ਜਨਤਾ ਤੇ ਹਕੂਮਤ ਕੀਤੀ । ਮਹਾਰਾਜਾ ਰਣਜੀਤ ਸਿੰਘ ਆਪਣੀ ਯੋਗਤਾ ਤੇ ਦਲੇਰੀ ਨਾਲ ਇਕ ਸਾਧਾਰਨ ਘਰਾਣੇ ਵਿਚੋ ਉਠ ਕੇ ਮਹਾਰਾਜੇ ਦੀ ਪਦਵੀ ਤਕ ਪੁਜੇ ।

ਮਹਾਰਾਜਾ ਰਣਜੀਤ ਸਿੰਘ ਦਾ ਖ਼ਾਨਦਾਨ :–

ਮਹਾਰਾਜਾ ਰਣਜੀਤ ਸਿੰਘ ਦੇ ਖ਼ਾਨਦਾਨ ਵਿਚ ਸਭ ਤੋਂ ਪਹਿਲਾਂ ਬੁੱਢਾ ਸਿੰਘ ਅੰਮ੍ਰਿਤ ਛੱਕ ਕੇ ਸਿੰਘ ਸਜਿਆ । ਬੁੱਢਾ ਸਿੰਘ ਦੇ ਦੋ ਪੁੱਤਰ ਸਨ : ਨੌਧਾ ਸਿੰਘ ਤੇ ਚੰਦਾ ਸਿੰਘ । ਨੌਧਾ ਸਿੰਘ ਬੜਾ ਜੋਧਾ ਸੀ । ਇਹ ਫੈਜਲਪੁਰੀਆ ਮਿਸਲ ਦੇ ਜਥੇਦਾਰ ਨਵਾਬ ਕਪੂਰ ਸਿੰਘ ਦੀ ਜਥੇਦਾਰੀ ਥੱਲੇ ਤੇਗਾਂ ਮਾਰਦਾ ਰਿਹਾ[2] । ਨੌਧਾ ਸਿੰਘ ਦਾ ਵਿਆਹ ਮਜੀਠੇ ਪਿੰਡ ਦੇ ਇਕ ਜ਼ਿਮੀਦਾਰ ਦੀ ਲੜਕੀ ਨਾਲ ਹੋਇਆ । ਨੌਧਾ ਸਿੰਘ ਦੇ ਚਾਰ ਪੁੱਤਰ ਸਨ । ਸਭ ਤੋਂ ਵੱਡੇ ਪੁੱਤਰ ਦਾ ਨਾਂ ਚੜ੍ਹਤ ਸਿੰਘ ਸੀ । ਇਸ ਨੂੰ ਸ਼ੁਕਰਚਕੀਆ ਮਿਸਲ ਦਾ ਬਾਨੀ ਸਮਝਣਾ ਚਾਹੀਦਾ ਹੈ।

ਸਰਦਾਰ ਚੜ੍ਹਤ ਸਿੰਘ ਦੀ ਉਮਰ ਆਪਣੇ ਪਿਤਾ ਦੇ ਦਿਹਾਂਤ ਵੇਲੇ ਕੇਵਲ ੨੦ ਸਾਲ ਦੀ ਸੀ ।[3] ਚੜ੍ਹਤ ਸਿੰਘ ਆਪਣੀ ਹਿੰਮਤ ਤੇ ਦਲੇਰੀ ਨਾਲ ਮਿਸਲ ਦਾ ਜੱਥੇਦਾਰ ਬਣ ਗਿਆ। ਇਸ ਦੀ ਮਿਸਲ ਵਿਚ ੨੫੦੦ ਸਵਾਰ[4] ਸਨ । ਚੜ੍ਹਤ ਸਿੰਘ ਸ਼ੁਕਰ ਚੱਕ ਦਾ ਰਹਿਣ ਵਾਲਾ ਸੀ । ਇਸ ਲਈ ਇਸ ਦੀ ਮਿਸਲ ਦਾ ਨਾਂ ਸ਼ੁਕਰਚਕੀਆ ਮਿਸਲ ਪੈ ਗਿਆ । ਚੜ੍ਹਤ ਸਿੰਘ ਦਾ ਵਿਆਹ ਗੁਜਰਾਂਵਾਲੇ ਦੇ ਅਮੀਰ ਸਿੰਘ ਦੀ ਲੜਕੀ ਨਾਲ ਹੋਇਆ ਤੇ ਇਸ ਨੇ ਗੁਜਰਾਂਵਾਲੇ ਹੀ ਰਹਿਣਾ ਅਰੰਭ ਦਿੱਤਾ ।

ਇਕ ਵਾਰੀ ਚੜ੍ਹਤ ਸਿੰਘ ਨੂੰ ਪਤਾ ਲਗਾ ਕਿ ਐਮਨਾਬਾਦ (ਜਿਹੜਾ ਕਿ ਗੁਜਰਾਂਵਾਲੇ ਦੇ ਬਹੁਤ ਨੇੜੇ ਸੀ) ਦਾ ਮੁਸਲਮਾਨ ਹਾਕਮ ਹਿੰਦੂਆਂ ਤੇ ਬਹੁਤ ਜ਼ੁਲਮ ਕਰਦਾ ਹੈ ਸ਼ੁਕਰਚਕੀਆ ਸਰਦਾਰ ਨੇ ਆਪਣੇ ਸਵਾਰਾਂ ਨੂੰ ਨਾਲ ਲੈ ਕੇ ਉਸ ਤੇ ਜਾ ਹਮਲਾ ਕੀਤਾ । ਖ਼ੂਬ ਲੜਾਈ ਹੋਈ,

---

* ਸਕੇਚ ਆਫ਼ ਦੀ ਸਿੱਖਸ, ਜਾਨ ਮੇਲਕਮ, ਦੀ ਗੇਲੀਜਨ ਆਫ਼ ਦੀ ਸਿੱਖਸ, ਸੁਸ਼ੀਲ ਗੁਪਤਾ ਕਲਕੱਤਾ ਪੰਨਾ ੧੧੯

੧. ਇਹ ਪੇਸਫਲੇਟ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਿੱਖ ਹਿਸਟਰੀ ਗੇਸਰਚ ਜੀਪਾਰਟਮੈਂਟ ਵਲੋ ੧੯੫੩ ਵਿਚ ਛੁਪਿਆ ।

੨. ਉਮਦਾਤੁਲ ਤਵਾਰੀਖ ਦਫਤਰ ਦੂਸਰਾ, ਸਫਾ ੩

੪. ਉਮਦਾਤੁਲ ਤਵਾਰੀਖ ਦਫਤਰ ਦੂਸਰਾ, ਸਫਾ ੫

ਜਿਸ ਵਿਚ ਐਮਨਾਬਾਦ ਦਾ ਮੁਸਲਮਾਨ ਹਾਕਮ ਮਾਰਿਆ ਗਿਆ ਤੇ ਚੜ੍ਹਤ ਸਿੰਘ ਦੇ ਹੱਥ ਬਹੁਤ ਅਸਲਾ ਆਇਆ । ਇਸ ਨਾਲ ਚੜ੍ਹਤ ਸਿੰਘ ਦੇ ਬਹੁਤ ਹੌਸਲੇ ਵੱਧ ਗਏ ੧

ਸ. ਚੜ੍ਹਤ ਸਿੰਘ ਦੀ ਚੜ੍ਹਦੀ ਕਲਾ ਵੇਖ ਕੇ ਨੂਰਦੀਨ, ਜਿਹੜਾ ਕਿ ਇਸ ਇਲਾਕੇ ਦਾ ਬੜਾ ਤਕੜਾ ਆਦਮੀ ਸੀ, ਸੜਦਾ ਸੀ। ਇਕ ਵਾਰੀ ਸ. ਚੜ੍ਹਤ ਸਿੰਘ ਨੇ ਉਸ ਨੂੰ ਸਿਆਲਕੋਟ ਦੇ ਕਿਲ੍ਹੇ ਵਿਚ ਘੇਰ ਲਿਆ । ਨੂਰਦੀਨ ਬਹੁਤ ਦੇਰ ਤਕ ਸਿੱਘਾਂ ਦਾ ਟਾਕਰਾ ਨਾ ਕਰ ਸਕਿਆ ਤੇ ਖ਼ਾਲਸੇ ਦੀ ਈਨ ਮੰਨ ਲਈ । ਇਸ ਤਰ੍ਹਾਂ ਚੜ੍ਹਤ ਸਿੰਘ ਦਾ ਡਰ ਸਾਰੇ ਇਲਾਕੇ ਵਿਚ ਫੈਲ ਗਿਆ ੨

ਚੜ੍ਹਤ ਸਿੰਘ ਦੇ ਜੀਵਨ ਦਾ ਸ਼ਾਇਦ ਸਭ ਤੋਂ ਵੱਡਾ ਕੰਮ ਖਵਾਜਾ ਉਬੇਦ ਨੂੰ ਹਾਰ ਦੇਣਾ ਹੈ । ਅਹਿਮਦ ਸ਼ਾਹ ਅਬਦਾਲੀ ਨੇ ਪਾਨੀਪਾਤ ਦੀ ਤੀਸਰੀ ਲੜਾਈ ਵਿਚ ਮਰਹੱਟਿਆਂ ਨੂੰ ਭਾਂਜ ਦੇਣ ਤੋਂ ਪਿਛੋਂ ਸਾਰੇ ਪੰਜਾਬ ਨੂੰ ਕਾਬਲ ਦੀ ਹਕੂਮਤ ਨਾਲ ਮਿਲਾ ਲਿਆ । ਉਸ ਨੇ ਸਰਹੰਦ ਵਿਚ ਜੈਨ ਖਾਂ ਨੂੰ ਆਪਣਾ ਫ਼ੌਜਦਾਰ ਨੀਯਤ ਕੀਤਾ ਤੇ ਲਾਹੌਰ ਵਿਚ ਖਵਾਜਾ ਉਬੇਦ ਨੂੰ । ਲਾਹੌਰ ਦੇ ਪੱਛਮ ਵੱਲ ਗੁਜਰਾਂਵਾਲੇ ਵਿਚ ਸ੍ਰ. ਚੜ੍ਹਤ ਸਿੰਘ ਦਾ ਕਿਲ੍ਹਾ ਸੀ । ਇਕ ਵਾਰੀ ਖਵਾਜਾ ਉਬੇਦ ਨੇ ਚੜ੍ਹਤ ਸਿੰਘ ਨੂੰ ਸੋਧਣ ਲਈ ਗੁਜਰਾਂਵਾਲੇ ਤੇ ਹਲਾ ਕਰ ਦਿਤਾ। ਅਗੋਂ ਚੜ੍ਹਤ ਸਿੰਘ ਵੀ ਤਿਆਰ ਬਰ ਤਿਆਰ ਸੀ ਉਸ ਨੇ ਖਵਾਜਾ ਉਬੇਦ ਨੂੰ ਨਾ ਕੇਵਲ ਭਾਂਜ ਦਿੱਤੀ ਸਗੋਂ ਲਾਹੌਰ ਤੇ ਵੀ ਹੱਲਾ ਬੋਲ ਦਿੱਤਾ । ਖਵਾਜਾ ਉਬੇਦ ਨੇ ਅਗੋਂ ਟਾਕਰਾ ਕੀਤਾ ਪਰ ਉਸ ਨੂੰ ਹਾਰ ਹੋਈ ਤੇ ਉਹ ਲੜਾਈ ਵਿਚ ਮਾਰਿਆ ਗਿਆ । ਇਸ ਨਾਲ ਚੜ੍ਹਤ ਸਿੰਘ ਤੇ ਬਹੁਤ ਹੌਸਲੇ ਵੱਧ ਗਏ ਤੇ ਉਸ ਨੇ ਅਹਿਮਦ ਸ਼ਾਹ ਅਬਦਾਲੀ ਦੇ ਵਿਰੁੱਧ ਵੱਡੇ ਘੱਲੂਘਾਰੇ ਵਿਚ ਬੜਾ ਵਧ ਚੜ੍ਹ ਕੇ ਹਿੱਸਾ ਲਿਆ ।

੧੭੬੨ ਈਸਵੀ ਵਿਚ ਚੜ੍ਹਤ ਸਿੰਘ ਨੇ ਵੱਡੇ ਘਲੂਘਾਲੇ ਦੇ ਬਿਖੜੇ ਸਮੇਂ ਖ਼ਾਲਸੇ ਦੀ ਅਗਵਾਈ ਕਰਕੇ ਬਹੁਤ ਨਾਮਣਾ ਖਟਿਆ । ਕੇਵਲ ਸਿੱਖ ਜੱਥੇਦਾਰਾਂ ਦੀ ਅਗਵਾਈ ਤੇ ਖ਼ਾਲਸੇ ਦੀ ਬਹਾਦਰੀ ਦਾ ਹੀ ਸਦਕਾ ਸੀ ਕਿ ਸਿੰਘ ਲੜਦੇ ਭਜਦੇ ਕੁਤਬ ਬਾਹਮਨੀ ਪਿੰਡ ਪਹੁੰਚ ਪਏ ਤੇ ਉਥੋਂ ਫੇਰ ਅੱਗੇ ਅਬਦਾਲੀ ਦੇ ਘੇਰੇ ਵਿਚੋਂ ਨਿਕਲ ਸਕੇ । ਰਤਨ ਸਿੰਘ ਭੰਗੂ ਦੇ ਕਥਨ ਅਨੁਸਾਰ ਚੜ੍ਹਤ ਸਿੰਘ ਨੇ ਉਸ ਕਠਨ ਸਮੇਂ ਖ਼ਾਲਸੇ ਦੀ ਅਗਵਾਈ ਵਿਚ ਵਧ ਚੜ੍ਹ ਕੇ ਹਿੱਸਾ ਲਿਆ.-

ਤੋ ਚੜ੍ਹ ਸਿੰਘ ਨੇ ਯੋ ਕਹਯੋ ''ਮੇਰੀ ਸੁਨੋ ਸਲਾਹਿ
ਜਿਮੇ ਸ਼ਾਹਿ ਤੁਮਨ ਰਚੇ ਤਿਮ ਲੜੋ ਤੁਮ ਮਿਸਲ ਬਨਾਇ

੧. ਮਹਾਰਾਜਾ ਰਣਜੀਤ ਸਿੰਘ, ਪ੍ਰੋ. ਸੀਤਾ ਰਾਮ ਕੋਹਲੀ (ਉਰਦੂ) ਸਫਾ ੫੩
੨. ਉਮਦਾਤੁਲ ਤਵਾਰੀਖ਼ ਦੂਸਰਾ ਦਫ਼ਤਰ ਸਫਾ ੬

ਚਾਰ ਮਿਸਲ ਕੋ ਥਨੋ ਬਨਾਵੇ ਦੁਇ ਦੁਇ ਚੁਤਰਫੀ ਜਾਵੇ
ਜੋਰ ਪਰੈ ਜਿਸ ਬਹੁਤੇ ਆਇ, ਮੈ ਜਾ ਕਰੂ ਉਸੇ ਸਹਾਇ ।''

(ਪੰਥ ਪ੍ਰਕਾਸ਼ ਪੰਨਾ ੩੫੧)

ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ੧੭੬੫ ਵਿਚ ਨਸੀਰ ਖਾਂ ਬਲੋਚ ਨੂੰ ਨਾਲ ਲੈ ਕੇ ਫੇਰ ਹਮਲਾ ਕੀਤਾ ਦੇ ਜਹਾਦ ਦਾ ਨਾਹਰਾ ਲਾਇਆ ਤਾਂ ਉਸ ਵੇਲੇ ਸਿੱਖ ਵੀ ਤਿਆਰ ਬਰ-ਤਿਆਰ ਸਨ । ਉਹ ਸਦਾ ਅਬਦਾਲੀ ਦੇ ਲਸ਼ਕਰ ਨੂੰ ਘੇਰਾ ਪਾਈ ਰੱਖਦੇ ਸਨ । ਕਾਜ਼ੀ ਨੂਰ ਮੁਹੰਮਦ ਚੜ੍ਹਤ ਸਿੰਘ ਦੀ ਤੇ ਨਸੀਰ ਖਾਂ ਦੀ ਲੜਾਈ ਦਾ ਵਿਸਥਾਰ ਹਾਲ ਆਪਣੇ ਜੰਗਨਾਮੇ ਵਿਚ ਲਿਖਦਾ ਹੈ¹, ਜਿਸ ਤੋਂ ਪਤਾ ਲਗਦਾ ਹੈ ਕਿ ਚੜ੍ਹਤ ਸਿੰਘ ਸ਼ੁਕਰਚਕੀਆ ਅਹਿਮਦ ਸ਼ਾਹ ਅਬਦਾਲੀ ਦੇ ਵਿਰੁੱਧ ਬਹੁਤ ਬਹਾਦਰੀ ਤੇ ਦਲੇਰੀ ਨਾਲ ਲੜਦਾ ਰਿਹਾ ਹੈ ¹

ਸਰਦਾਰ ਚੜ੍ਹਤ ਸਿੰਘ ਦੇ ਪਿਛੋਂ ਉਸ ਦੇ ਵੱਡੇ ਪੁੱਤਰ ਮਹਾਂ ਸਿੰਘਖ ਨੂੰ ਸਰਦਾਰੀ ਮਿਲੀ। ਮਹਾਂ ਸਿੰਘ ਦੀ ਉਮਰ ਉਸ ਵੇਲੇ ਕੇਵਲ ਦੱਸ ਸਾਲ ਦੀ ਸੀ । ਉਸ ਦੀ ਮਾਂ ਮਾਈ ਦੇਸਾਂ ਬਹੁਤ ਸਿਆਣੀ ਤੀਵੀਂ ਸੀ । ਉਸ ਨੇ ਮਿਸਲ ਦੇ ਰਾਜਸੀ ਕੰਮਾਂ ਨੂੰ ਸੰਭਾਲ ਲਿਆ ਤੇ ਠੀਕ ਅਗਵਾਈ ਕੀਤੀ । ਮਹਾਂ ਸਿੰਘ ਦਾ ਵਿਆਹ ਰਾਜਾ ਗਜਪਤ ਸਿੰਘ ਜੀਂਦ ਵਾਲੇ ਦੀ ਲੜਕੀ ਨਾਲ ਹੋਇਆ, ਜਿਸ ਵਿਚੋਂ ਮਹਾਰਾਜਾ ਰਣਜੀਤ ਸਿੰਘ ਨਵੰਬਰ ੧੭੮੦ ਵਿਚ ਜਨਮਿਆ ।

ਸ. ਮਹਾਂ ਸਿੰਘ ਨੇ ਚੱਠਿਆਂ ਨੂੰ ਬੜੀ ਸੂਰਮਤਾ ਨਾਲ ਭਾਂਜ ਦਿੱਤੀ ਤੇ ਉਨ੍ਹਾਂ ਦੇ ਇਲਾਕੇ ਜਿੱਤੇ । ਜ਼ਿਲ੍ਹਾ ਗੁਜਰਾਂਵਾਲੇ ਵਿਚ ਚੱਠਿਆਂ² ਦਾ ਬਹੁਤ ਜ਼ੋਰ ਸੀ । ਪੀਰ ਮੁਹੰਮਦ ਖਾਂ ਚੱਠਾ ਰਸੂਲ ਨਗਰ ਦਾ ਸਿੱਖਾਂ ਨਾਲ ਬਹੁਤ ਦੁਸ਼ਮਨੀ ਰਖਦਾ ਸੀ । ਮਹਾਂ ਸਿੰਘ ਨੇ ੧੭੭੯ ਵਿਚ ਰਸੂਲ ਨਗਰ ਤੇ ਹੱਲਾ ਕਰ ਦਿੱਤਾ । ਪੀਰ ਮੁਹੰਮਦ ਖਾਂ ਨੇ ਖੂਬ ਟਾਕਰਾ ਕੀਤਾ, ਪਰ ਅਖੀਰ ਵਿਚ ਉਸਨੂੰ ਹਾਰ ਹੋਈ । ਮਹਾਂ ਸਿੰਘ ਨੇ ਰਸੂਲ ਨਗਰ ਨੂੰ ਫਤੇਹ ਕਰ ਲਿਆ ਤੇ ਇਸ ਦਾ ਨਾਂ ਰਾਮ ਨਗਰ ਰੱਖਿਆ । ਪਰ ਚੱਠਾ ਕੌਮ ਦੇ ਲੋਕਾਂ ਨੇ ਇਸ ਹਾਰ ਨੂੰ ਨਾ ਮੰਨਿਆ । ਤਿੰਨਾਂ ਸਾਲਾਂ ਪਿੱਛੋਂ ਫੇਰ ਮਹਾਂ ਸਿੰਘ ਦੇ ਵਿਰੁੱਧ ਬਗਾਵਤ ਕਰ ਦਿੱਤੀ । ਮਹਾਂ ਸਿੰਘ ਨੇ ਫੇਰ ਪੀਰ ਮੁਹੰਮਦ ਨੂੰ ਭਾਜ ਦਿਤੀ ਤ ਅਲੀਪੁਰ ਤੇ ਕਬਜ਼ਾ ਕਰ ਲਿਆ । ਇਸ ਦਾ ਨਾਂ ਅਲੀਪੁਰ ਤੋਂ ਅਕਾਲ ਗੜ੍ਹ ਰੱਖਿਆ ³

---

੧. ਸਗੇ ਅਜ਼ ਸਗਾਂ ਬੂਦ ਚੜ੍ਹਤੂ ਬਿਨਾਮ ।
ਮਿਆਂ ਤੇਗ ਬਿਸਤਾ ਬਿਹਿੰਦੀ ਹਸਾਮ ।
ਬਰਆਮਦ ਅਜ਼ ਲਸ਼ਕਰ ਬ-ਖਾਂ ਰੂ ਨਿਹਾਦ ।
ਬਰ ਅੰਗੇਖਤ ਖਾਂ ਅਸਪੇ ਖੁਦ ਥਰਕ ਬਾਦ ।
(ਜੰਗਨਾਮਾ ਸਫਾ ੯੬)

੨. ਚੱਠੇ ਰਾਜਪੂਤਾਨ ਤੇ ਪ੍ਰਿਥਵੀ ਰਾਜ ਚੁਹਾਨ ਦੇ ਪੋਤਰੇ ਚੱਠੇ ਦੀ ਉਲਾਦ ਹਨ । ਚੱਠਾ ਚੀਮਿਆਂ ਦੇ ਵਡ ਵਡੇਰੇ ਦਾ ਭਰਾ ਸੀ । ਸੋਲਵੀਂ ਸਦੀ ਈਸਵੀ ਵਿਚ ਇਹ ਮੁਸਲਮਾਨ ਹੋਏ ਸਨ ।
(Ibetson Punjab castes & Trilies page18)

੩. ਮਹਾਰਾਜਾ ਰਣਜੀਤ ਸਿੰਘ, ਪ੍ਰੋ: ਸੀਤਾ ਰਾਮ ਕੋਹਲੀ, ਸਫ਼ਾ ੫੬

ਸ. ਮਹਾਂ ਸਿੰਘ ਤੇ ਘਨੱਈਆ ਮਿਸਲ ਦੀ ਆਪਸ ਵਿੱਚ ਵਿਗੜ ਗਈ, ਜਿਸ ਦਾ ਵੱਡਾ ਕਾਰਨ ਇਹ ਸੀ ਕਿ ਮਹਾਂ ਸਿੰਘ ਨੇ ਜੰਮੂ ਤੇ ਹੱਲਾ ਕੀਤਾ, ਉਥੋਂ ਬਹੁਤ ਸਾਰੀ ਦੌਲਤ ਉਸਦੇ ਹੱਥ ਲਗੀ । ਜੈ ਸਿੰਘ ਘਨੱਈਆ ਸ਼ੁਕਰਚਕੀਆਂ ਦੀ ਵਧਦੀ ਤਾਕਤ ਨੂੰ ਵੇਖ ਕੇ ਸਹਾਰ ਨਾ ਸਕਿਆ ਤੇ ਇਨ੍ਹਾਂ ਦੋਹਾਂ ਮਿਸਲਾਂ ਦੀ ਆਪਸ ਵਿੱਚ ਬਹੁਤ ਅਣ-ਬਣ ਹੋ ਗਈ । ਮਹਾਂ ਸਿੰਘ ਨੇ ਘਨੱਈਆ ਮਿਸਲ ਦੇ ਵਿਰੁੱਧ ਜੱਸਾ ਸਿੰਘ ਰਾਮਗੜ੍ਹੀਏ ਨੂੰ ਸਦ ਭੇਜਿਆ । ਪਰ ਸਦਾ ਕੌਰ ਦੀ ਸਿਆਣਪ ਨਾਲ ਦੋਹਾਂ ਮਿਸਲਾਂ ਦਾ ਆਪਸ ਵਿੱਚ ਫੇਰ ਮੇਲ ਹੋ ਗਿਆ ਤੇ ਸਦਾ ਕੌਰ ਨੇ ਆਪਣੀ ਲੜਕੀ ਦਾ ਰਿਸ਼ਤਾ ਰਣਜੀਤ ਸਿੰਘ ਨੂੰ ਦੇ ਦਿੱਤਾ । ਇਸ ਤਰ੍ਹਾਂ ਦੋਹਾਂ ਮਿਸਲਾਂ ਵਿਚ ਮੇਲ-ਜੋਲ ਕਾਇਮ ਰਿਹਾ ।[1]

ਮਹਾਂ ਸਿੰਘ ਦਾ ੧੭੯੨ ਈਸਵੀ ਵਿਚ ਦਿਹਾਂਤ ਹੋ ਗਿਆ ਤੇ ਰਣਜੀਤ ਸਿੰਘ ਸ਼ੁਕਰਚਕੀਆ ਮਿਸਲ ਦਾ ਸਰਦਾਰ ਬਣਿਆ ।

ਮਹਾਰਾਜਾ ਰਣਜੀਤ ਸਿੰਘ—

ਮਹਾਰਾਜਾ ਰਣਜੀਤ ਸਿੰਘ ਹਾਲੀ ਤਿੰਨਾਂ ਹੀ ਵਰ੍ਹਿਆਂ ਦਾ ਸੀ ਕਿ ਫ਼ਾਰੈਸਟਰ ਨੇ ਨਿਮਨ ਲਿਖਤ ਪਸ਼ੀਨਗੋਈ ਕੀਤੀ, ਜਿਸ ਨੂੰ ਕਿ ਮਹਾਰਾਜਾ ਰਣਜੀਤ ਸਿੰਘ ਨੇ ਪੂਰਾ ਕੀਤਾ:-

''ਜੇਕਰ ਕਿਸੇ ਆਉਣ ਵਾਲੇ ਸਮੇਂ ਸਿੰਘ ਆਪਣੇ ਧਰਮ ਨੂੰ ਤੇ ਰਾਜ ਨੂੰ ਕਾਇਮ ਰੱਖਣ ਲਈ ਮਿਲਵਾਂ ਯਤਨ ਕਰਨ ਤਾਂ ਅਸੀਂ ਸ਼ਾਇਦ ਵੇਖੀਏ ਕਿ ਕੋਈ ਮਨਚਲਾ ਸਰਦਾਰ ਆਪਣੀ ਲਿਆਕਤ ਤੇ ਯੋਗਤਾ ਦੀ ਕਾਮਯਾਬੀ ਦੀ ਅਗਵਾਈ ਥਲੇ ਅਤੇ ਆਪਣੇ ਸਾਥੀਆਂ ਦੀ ਤਾਕਤ ਨੂੰ ਆਪਣੇ ਵਿਚ ਭਸਮ ਕਰਦਾ ਹੋਇਆ ਮਿਸਲਾਂ ਨੂੰ ਖ਼ਤਮ ਕਰ ਕੇ ਇਕਪੁਰਖੀ ਰਾਜ ਦਾ ਝੰਡਾ ਖੜਾ ਕਰੇ ।[2]''

ਮਹਾਰਾਜਾ ਰਣਜੀਤ ਸਿੰਘ ਦੇ ਮੁਢਲੇ ਸਾਲਾਂ ਦੀਆਂ ਜਿਤਾਂ ਨੂੰ ਗਹੁਨਾਲ ਵੀਚਾਰੀਏ ਤਾਂ ਸਾਨੂੰ ਪਤਾ ਲਗੇਗਾ ਕਿ ਮਹਾਰਾਜਾ ਰਣਜੀਤ ਸਿੰਘ ਸਭ ਮਿਸਲਾਂ ਨੂੰ ਖ਼ਤਮ ਕਰਨਾ ਚਾਹੁੰਦਾ ਸੀ ਤੇ ਖ਼ਾਲਸੇ ਦਾ ਸਾਂਝਾ ਰਾਜ ਸਥਾਪਤ ਕਰਨ ਦੀ ਇਛਾ ਰੱਖਦਾ ਸੀ । ਜਿਸ ਵੇਲੇ ਮੈਟਕਾਫ ਨੇ ਮਹਾਰਾਜ ਨੂੰ ਕਸੂਰ ਵਿਚ ਮਿਲ ਕੇ ਸੰਧੀਨਾਮੇ ਬਾਰੇ ਗੱਲ ਬਾਤ ਕਰਨੀ ਸੀ ਉਸ ਵੇਲੇ ਇਉਂ ਜਾਪਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਅੰਗ੍ਰੇਜ਼ਾਂ ਦੀ ਚਾਲ ਦਾ ਪਤਾ ਲਗ ਗਿਆ ਸੀ । ਉਹ ਮੈਟਕਾਫ਼ ਨੂੰ ਕਸੂਰ ਨਹੀਂ ਮਿਲਿਆ ਤੇ ਇਸ ਦੇ ਉਲਟ ਉਸ ਨੇ ਸਤਲੁਜ ਪਾਰ ਕੇ ਕਾਫੀ ਇਲਾਕੇ ਜਿੱਤ ਲਏ ਤੇ ਵਾਪਸੀ ਤੇ ਮੈਟਕਾਫ਼ ਨੂੰ ਸ੍ਰੀ ਅੰਮ੍ਰਿਤਸਰ ਮਿਲਿਆ । ਇਹ ਗੱਲ ਸਪੱਸ਼ਟ

੧. ਪਰਿਨਸਿਪ–ਰਣਜੀਤ ਸਿੰਘ, ਸਫਾ ੩੭ ।

2."Should any future cause call forth the combined efforts of the Scques to maintain the existence of empire and religion, we may see some embitious chief led on by his genius and success, and absorbing the power of his associate, display, from the ruins of their commonwealth, the standard of monarhy." A Journey from Bengal to England, val. I., Page 295.

ਤੌਰ ਤੇ ਦੱਸਦੀ ਹੈ ਕਿ ਮਹਾਰਾਜ ਰਣਜੀਤ ਸਿੰਘ ਸਤਲੁਜ ਨੂੰ ਹੱਦ ਮੰਨਣ ਨੂੰ ਤਿਆਰ ਨਹੀਂ ਸੀ ਤੇ ਸਾਰੇ ਖ਼ਾਲਸੇ ਪੰਥ ਨੂੰ ਇਕੋ ਝੰਡੇ ਥੱਲੇ ਲਿਆਉਣਾ ਚਾਹੁੰਦਾ ਸੀ । ਜੇਕਰ ਮਹਾਰਾਜਾ ਰਣਜੀਤ ਸਿੰਘ ਆਪਣੇ ਇਸ ਆਦਰਸ਼ ਵਿਚ ਕਾਮਯਾਬ ਹੋ ਜਾਂਦਾ ਤਾਂ ਉਸ ਦਾ ਦਰਜਾ ਸਿੱਖ ਇਤਿਹਾਸ ਵਿਚ ਉਹ ਹੀ ਹੁੰਦਾ ਜੋ ਇਸ ਵੇਲੇ ਅਮਰੀਕਨ ਇਤਿਹਾਸ ਵਿਚ ਇਬਰਾਹੀਮ ਲਿੰਕਨ (Ibrahim Lincoln) ਨੂੰ ਹਾਸਲ ਜਾਂ ਜਰਮਨੀ ਦੇ ਇਤਿਹਾਸ ਵਿਚੇ ਬਿਸਮਾਰਕ ਨੂੰ ਪ੍ਰਾਪਤ ਸੀ ।

੧੮੦੯ ਦੇ ਅੰਮ੍ਰਿਤਸਰ ਦੇ ਸੰਧੀ ਨਾਮੇ ਤੋਂ ਪਿਛੋਂ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਖਿਆਲ ਪੱਛਮੀ ਇਲਾਕਿਆਂ ਵਲ ਕੀਤਾ ਅਤੇ ਖ਼ਾਲਸਾ ਮੁਸਲਮਾਨੀ ਇਲਾਕਿਆਂ ਨੂੰ ਇਕ-ਇਕ ਕਰ ਕੇ ਜਿਤਣਾ ਅਰੰਭਿਆ । ਮੁਲਤਾਨ, ਕਸ਼ਮੀਰ ਤੇ ਪਿਸ਼ਾਵਰ ਦੀਆਂ ਲੜਾਈਆਂ ਵਿਸ਼ੇਸ਼ ਕਰਕੇ ਬਹੁਤ ਪ੍ਰਸਿੱਧ ਹਨ । ਇਕ ਪਾਸੇ ਮੁਸਲਮਾਨ ਸਿਰਾਂ ਤੇ ਕਫਨ ਬੰਨੀ ਮੈਦਾਨ ਵਿਚ ਆਉਂਦੇ ਦੇ ਦੂਸਰੇ ਪਾਸੇ ਸਿੰਘ ਅਰਦਾਸੇ ਸਰੋਧ ਕੇ ਉਨ੍ਹਾਂ ਤੇ ਟੁੱਟ ਪੈਂਦੇ । ਜਿੱਤ ਸਦਾ ਹੀ ਖਾਲਸੇ ਦੀ ਹੁੰਦੀ ਸੀ । ਇਸ ਦੇ ਕਈ ਕਾਰਨ ਸਨ । ਇਕ ਉੱਘਾ ਕਾਰਨ ਇਹ ਸੀ ਕਿ ਸਿੱਖਾਂ ਉੱਤੇ ਮੁਸਲਮਾਨ ਤੇ ਮੁਗਲ ਅਫ਼ਸਰਾਂ ਵਲੋਂ ਕਾਫੀ ਵਧੀਕੀਆਂ ਹੁੰਦੀਆਂ ਰਹੀਆਂ ਸਨ । ਸਿੱਖਾਂ ਨੂੰ ਬਦਲਾ ਲੈਣ ਦਾ ਇਹ ਚੰਗਾ ਮੌਕਾ ਮਿਲਿਆ ਸੀ ਤੇ ਉਹ ਮੁਸਲਮਾਨਾਂ ਵਿਰੁੱਧ ਕਾਫੀ ਜੋਸ਼ ਨਾਲ ਲੜਦੇ ਸਨ । ਦੂਸਰਾ ਕਾਰਨ ਮਹਾਰਾਜਾ ਰਣਜੀਤ ਸਿੰਘ ਦੀ ਫੌਜੀ ਨਿਪੁੰਨਤਾ ਸੀ । ਉਹ ਸਦਾ ਖਿਆਲ ਰੱਖਦਾ ਕਿ ਖ਼ਾਲਸਾ ਫੌਜਾਂ ਕਿਸੇ ਗਲੇ ਵੀ ਘੱਟ ਨਾ ਰਹਿਣ । ਉਨ੍ਹਾਂ ਨੂੰ ਯੂਰਪੀਨ ਤਰੀਕੇ ਨਾਲ ਕਵਾਇਦ ਆਦਿ ਸਿਖਾਈ ਜਾਂਦੀ ਸੀ । ਇਕ ਹੋਰ ਵੱਡਾ ਕਾਰਨ ਇਹ ਵੀ ਸੀ ਕਿ ਮਹਾਰਾਜਾ ਰਣਜੀਤ ਸਿੰਘ ਜਦੋਂ ਕਿਸੇ ਸਿਪਾਹੀ ਦੀ ਬਹਾਦਰੀ ਵੇਖਦਾ ਉਸੇ ਵੇਲੇ ਕੰਗਣਾਂ ਦੀ ਜੋੜੀ ਲਾਹ ਕੇ ਉਸ ਨੂੰ ਇਨਾਮ ਵਜੋਂ ਦੇ ਦੇਂਦਾ । ਇਸ ਨਾਲ ਦੂਸਰੀਆਂ ਫ਼ੌਜਾਂ ਦੇ ਬਹੁਤ ਹੌਸਲੇ ਵਧਦੇ ਸਨ ।

ਮਹਾਰਾਜਾ ਰਣਜੀਤ ਸਿੰਘ ਦਾ ਸਿੱਖੀ ਪਿਆਰ–

ਮਹਾਰਾਜਾ ਰਣਜੀਤ ਸਿੰਘ ਦੀ ਰਹਿਤ ਬਹਿਤ ਸਿੱਖਾਂ ਵਾਲੀ ਸੀ । ਉਹ ਖ਼ਾਲਸੇ ਨੂੰ ਸਦਾ ਹੀ ਚੜ੍ਹਦੀ ਕਲਾ ਵਿਚ ਵੇਖਣਾ ਚਾਹੁੰਦੇ ਸਨ । ਉਹ ਰੋਜ਼ ਸਵੇਰੇ ਉਠ ਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਦੇ ਸਨ । ਉਹ ਆਪਣੇ ਰਾਜ ਨੂੰ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਸ਼ ਖ਼ਿਆਲ ਕਰਦੇ । ਇਸ ਲਈ ਉਸ ਨੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਨਾਂ ਤੇ ਸਿੱਕਾ ਚਲਾਇਆ ਤੇ ਉਸ ਨੂੰ ਨਾਨਕਸ਼ਾਹੀ ਸਿੱਕਾ ਕਿਹਾ ਜਾਂਦਾ ਸੀ । ਉਸ ਦੇ ਸਿੱਕੇ ਦੇ ਅਖਰਾਂ ਦਾ ਭਾਵ ਇਹ ਸੀ:-

(ਦੇਗ, ਤੇਗ ਫਤੇਹ ਤੇ ਕਿਸੇ ਦੀ ਸ਼ੀਘਰ ਇਮਦਾਦ ਕਰਨ ਦੀ ਤਾਕਤ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਪ੍ਰਾਪਤ ਕੀਤੀ ਹੈ ।)

ਮਹਾਰਾਜਾ ਰਣਜੀਤ ਸਿੰਘ ਦਾ ਗੁਰਦਵਾਰਿਆਂ ਨਾਲ ਖ਼ਾਸ ਪਿਆਰ ਸੀ । ਉਸ ਨੇ ਸਭ ਇਤਿਹਾਸਕ ਗੁਰਦਵਾਰਿਆਂ ਦੇ ਨਾਲ ਜਾਗੀਰਾਂ ਲਵਾਈਆਂ ਸਨ । ਉਹ ਆਪ ਸਦਾ ਹੀ ਕਿਸੇ ਐਕੜ ਸਮੇਂ ਸ੍ਰੀ ਅੰਮ੍ਰਿਤਸਰ ਆ ਕੇ ਇਸ਼ਨਾਨ ਕਰਦੇ । ਉਨ੍ਹਾਂ ਦਾ ਗੁਰੂ ਘਰ ਨਾਲ ਕਾਫ਼ੀ ਪਿਆਰ ਤੇ ਸ਼ਰਧਾ ਸੀ । ਇਕ ਵਾਰੀ ਹੈਦਰਾਬਾਦ ਦੇ ਨਵਾਬ ਵਲੋਂ ਇਕ ਚਾਨਣੀ ਦਾ ਤੋਹਫ਼ਾ ਮਹਾਰਾਜਾ ਸਾਹਿਬ ਨੂੰ ਆਇਆ । ਉਨ੍ਹਾਂ ਨੇ ਉਸੇ ਵੇਲੇ ਉਹ ਚਾਨਣੀ ਹਰਿਮੰਦਰ ਸਾਹਿਬ ਭਿਜਵਾ ਦਿੱਤੀ ਤੇ ਕਿਹਾ ਕਿ ਉਹ ਇਸ ਦੇ ਲਾਇਕ ਨਹੀਂ ਸਨ ।

ਮਹਾਰਾਜਾ ਰਣਜੀਤ ਸਿੰਘ ਦੀ ਧਰਮ ਨਿਰਪੱਖਤਾ–

ਮਹਾਰਾਜਾ ਰਣਜੀਤ ਸਿੰਘ ਨੇ ਸਹੀ ਅਰਥਾਂ ਵਿਚ ਧਰਮ ਨਿਰਪੱਖਤਾ ਰਾਜ ਸਥਾਪਤ ਕੀਤਾ । ਉਹ ਕਦੀ ਵੀ ਕਿਸੇ ਨੂੰ ਧਰਮੀ ਪੱਖਪਾਤ ਨਾਲ ਨਹੀਂ ਸਨ ਵੇਖਦੇ । ਸਭ ਨੂੰ ਯੋਗਤਾ ਅਨੁਸਾਰ ਨੌਕਰੀਆਂ ਮਿਲਦੀਆਂ ਸਨ । ਪ੍ਰੋ. ਸੀਤਾ ਰਾਮ ਕੋਹਲੀ ਦੇ ਕਥਨ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਮਜ਼ਬੀ ਪੱਖਪਾਤ ਦਾ ਕਦੀ ਸਵਾਲ ਹੀ ਪੈਦਾ ਨਹੀਂ ਸੀ ਹੋਇਆ। ਮਹਾਰਾਜਾ ਰਮਜੀਤ ਸਿੰਘ ਦੇ ਔਹਦੇਦਾਰਾਂ ਦੀ ਫ਼ਰਿਸਤ ਜੇਕਰ ਗਹੁ ਨਾਲ ਵੇਖੀਏ ਤਾਂ ਸਾਨੂੰ ਪਤਾ ਲਗੇਗਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਸੱਚ ਮੁਚ ਹੀ ਧਰਮ ਨਿਰਪੱਖਤਾ ਦਾ ਰਾਜ ਕਾਇਮ ਕੀਤਾ ਹੋਇਆ ਸੀ ।

ਪਹਿਲਾਂ ਪਹਿਲ ਤੋਪਖ਼ਾਨੇ ਦਾ ਵਡਾ ਅਫ਼ਸਰ ਗੌਸ ਖ਼ਾਂ ਸੀ । ਉਸ ਦੇ ਦਿਹਾਂਦ ਪਿਛੋਂ ਉਸ ਦਾ ਪੁੱਤਰ ਸੁਲਤਾਨ ਮਹਿਮੂਦ ਖ਼ਾਂ ਵਧਦਾ-ਵਧਦਾ ਆਪਣੇ ਪਿਤਾ ਵਾਲੇ ਔਹਦੇ ਤੇ ਪਹੁੰਚ ਗਿਆ । ਫ਼ਕੀਰ ਅਜ਼ੀਜ਼ੁਉ ਦੀਨ ਨੂੰ ਜੋ ਦਰਜਾ ਮਹਾਰਾਜ ਦੇ ਦਰਬਾਰ ਵਿਚ ਪ੍ਰਾਪਤ ਸੀ ਉਹ ਕਿਸੇ ਨੂੰ ਨਹੀਂ ਸੀ ਮਿਲਿਆ । ਦੀਵਾਨ ਮੋਹਕਮ ਚੰਦ ਅਤੇ ਮਿਸਰ ਦੀਵਾਨ ਚੰਦ ਖ਼ਾਲਸਾ ਫੌਜ ਦੇ ਉੱਘੇ ਜਰਨੈਲਾਂ ਵਿਚੋਂ ਸਨ । ਦੀਵਾਨ ਮੋਤੀ ਰਾਮ ਤੇ ਦੀਵਾਨ ਸਾਵਣ ਮਲ ਬੜੇ ਉੱਘੇ ਗਵਰਨਰ ਸਨ, ਜਿਨ੍ਹਾਂ ਨੂੰ ਕਿ ਮਹਾਰਾਜਾ ਸਾਹਿਬ ਨੇ ਵੱਡੇ ਵੱਡੇ ਸੂਬੇ ਦਿੱਤੇ ਹੋਏ ਸਨ । ਦੀਵਾਨ ਭਵਾਨੀ ਦਾਸ, ਦੀਵਾਨ ਗੰਗਾ ਰਾਮ ਅਤੇ ਰਾਜਾ ਦੀਨਾ ਨਾਥ ਦੀ ਨਿਗਰਾਨੀ ਥੱਲੇ ਸਾਰੇ ਰਾਜ ਦਾ ਹਿਸਾਬ ਕਿਤਾਬ ਹੁੰਦਾ ਸੀ । ਸਰਕਾਰੀ ਖਜ਼ਾਨਾ ਤੇ ਤੋਸ਼ਾਖਾਨਾ ਮਿਸਰ ਬੇਲੀ ਰਾਮ ਤੇ ਉਸ ਦੇ ਭਰਾਵਾਂ ਕੋਲ ਸੀ । ਰਾਜਾ ਧਿਆਨ ਸਿੰਘ ਤੇ ਉਸ ਦੇ ਭਰਾ ਰਾਜਾ ਗੁਲਾਬ ਸਿੰਘ ਡੋਗਰਾ ਨੂੰ ਜਿੰਨਾ ਰਸੂਖ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਸੀ, ਸ਼ਾਇਦ ਹੀ ਕਿਸੇ ਹੋਰ ਨੂੰ ਹੋਵੇ । ਪ੍ਰੋ. ਸੀਤਾ ਰਾਮ ਜੀ ਲਿਖਦੇ ਹਨ ਕਿ "ਭਾਵੇਂ ਕਿਸੇ ਵੀ ਦ੍ਰਿਸ਼ਟੀ ਕੋਣ ਤੋਂ ਅਸੀਂ ਵੇਖੀਏ ਸਾਨੂੰ ਇਕੋ ਗੱਲ ਦਾ ਪਤਾ ਲਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਰਨ ਵਾਲੇ ਅਸੂਲ ਬਹੁਤ ਵਿਸ਼ਾਲਤਾ ਤੇ ਖੁਲ੍ਹ-ਦਿਲੀ ਤੇ ਨਿਰਭਰ ਸਨ ਤੇ ਉਸ ਵਿਚ ਮਜ਼ਬ ਤੇ ਕੌਮ ਦਾ ਜ਼ਰਾ ਜਿੰਨਾ ਵੀ ਖ਼ਿਆਲ ਨਹੀਂ ਸੀ ਰੱਖਿਆ ਜਾਂਦਾ ।[੧]

੧. ਮਹਾਰਾਜਾ ਰਣਜੀਤ ਸਿੰਘ, ਧੀਤਾ ਰਾਮ ਕੋਹਲੀ, ਸਫ਼ਾ ੩੧੮ ।

ਮਹਾਰਾਜਾ ਰਣਜੀਤ ਸਿੰਘ ਦਾ ਇਤਿਹਾਸ ਵਿਚ ਦਰਜਾ-

ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਪੰਜਾਬ ਸਦਾ ਹੀ ਬਾਹਰਲੇ ਆਉਣ ਵਾਲੇ ਹਮਲਾਵਰਾਂ ਦੇ ਪੈਰਾਂ ਥੱਲੇ ਲਿਤਾੜਿਆ ਜਾਂਦਾ ਰਿਹਾ ਹੈ । ਕਦੀ ਯੂਨਾਨੀ ਇਥੇ ਆ ਝੰਡਾ ਗਡਦੇ ਸਨ, ਕਦੀ ਤੂਰਾਨੀ ਪੰਜਾਬ ਦੀ ਧਰਤੀ ਨੂੰ ਆ ਮਲਦੇ ਸਨ । ਮਹਿਮੂਦ, ਮਹਿਸੂਦ ਹੋਰ ਬਥੇਰੇ ਧਾੜਵੀ ਲੋਕਾਂ ਨੂੰ ਮਾਰਦੇ ਤੇ ਜ਼ੁਲਮ ਕਰਦੇ ਸਨ । ਤਹਿਮੂਰ ਨੇ ਜੋ ਕੁਝ ਬਠਿੰਡੇ, ਹਾਂਸੀ, ਹਿਸਾਰ ਦੇ ਇਲਾਕਿਆਂ ਵਿਚ ਮਾਰ ਧਾੜ ਕੀਤੀ, ਉਹ ਇਤਿਹਾਸ ਤੋਂ ਜਾਣੂ ਸਜਣਾਂ ਤੋਂ ਭੁਲਾਈ ਨਹੀਂ ਜਾ ਸਕਦੀ । ਨਾਦਰ ਤੇ ਅਹਿਮਦ ਸ਼ਾਹ ਅਬਦਾਲੀ ਨੇ ਕਈ ਵਾਰੀ ਪੰਜਾਬ ਤੇ ਹਮਲੇ ਕੀਤੇ, ਔਰਤਾਂ ਦੀ ਅਸਮਤ ਨੂੰ ਲੁਟਿਆ ਤੇ ਹਜ਼ਾਰਾਂ ਆਦਮੀਆਂ ਨੂੰ ਮੌਤ ਦੇ ਘਾਟ ਉਤਾਰਿਆ । ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਹਮਲੇ ਬਾਰੇ ਬੜੇ ਦਰਦ ਭਰੇ ਅਖਰਾਂ ਵਿਚ ਕਿਹਾ ਸੀ :-

'ਏਤੀ ਮਾਰ ਪਈ ਕੁਰਲਾਣੇ ਤੈ ਕੀ ਦਰਦੁ ਨ ਆਇਆ ।'

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰੋਗਰਾਮ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਾ ਕੀਤਾ ਤੇ ਪੰਜਾਬ ਦੀ ਧਰਤੀ ਤੇ ਇਕ ਐਸੀ ਜੋਤ ਜਗਾਈ ਜਿਸਦੀ ਲਿਸ਼ਕ ਦਾ ਸਦਕਾ ਮਹਾਰਾਜਾ ਰਣਜੀਤ ਸਿੰਘ ਦੀਆਂ ਫੌਜਾਂ ਨੇ ਜਮਰੌਦ ਤਕ ਦਾ ਇਲਾਕਾ ਫਤੇਹ ਕਰ ਲਿਆ । ਪੰਜਾਬ ਦੇ ਧਾੜਵੀਆਂ ਨੂੰ ਸਖਤ ਭਾਂਜ ਹੋਈ ਤੇ ਮਹਾਰਾਜਾ ਰਣਜੀਤ ਸਿੰਘ ਦੀਆਂ ਬਹਾਦਰੀਆਂ ਦਾ ਸਦਕਾ ਬਾਹਰਲੇ ਹਮਲਾਵਰਾਂ ਦਾ ਆਉਣਾ ਸਦਾ ਲਈ ਬੰਧ ਹੋ ਗਿਆ । ਪੰਜਾਬੀਆਂ ਵਿਚ ਨਵੀਂ ਰੂਹ ਦਾ ਪ੍ਰਵੇਸ਼ ਹੋਇਆ ਤੇ ਓਹੀ ਪੰਜਾਬ ਦੇ ਲੋਕ , ਜਿਹੜੇ ਮਹਿਮੂਦ ਦੇ ਹਮਲੇ ਅਗੇ ਭਜਦੇ ਸਨ ਜਿਨ੍ਹਾਂ ਨੂੰ ਕੇਵਲ ਬਾਬਰ ਦੇ ਬਾਰਾਂ ਹਜ਼ਾਰ ਸਿਪਾਹੀ ਢਾਈ ਸੌ ਸਾਲ ਲਈ ਗੁਲਾਮੀ ਦੀ ਛੱਟ ਚੁਕਾ ਸਕਦੇ ਸਨ ਤੇ ਜਿਨ੍ਹਾਂ ਦੀਆਂ ਤੀਵੀਆਂ ਨੂੰ ਗਜ਼ਨੀ ਦੇ ਬਜ਼ਾਰਾਂ ਵਿਚ ਵੇਚਿਆ ਜਾਂਦਾ ਸੀ, ਜਮਰੌਦ ਫਤੇਹ ਕਰ ਕੇ ਭਾਰਤੀਆਂ ਵਲੋਂ ਪਿਛਲੇ ਸਤ ਸੌ ਸਾਲ ਦਾ ਬਦਲਾ ਲਿਆ। ਪੰਜਾਬ ਦੇ ਲੋਕ ਹੀ ਫ਼ਖ਼ਰ ਨਾਲ ਕਹਿ ਸਕਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਨੇ ਬਾਹਰਲੇ ਧਾੜਵੀਆਂ ਦੇ ਹੜਾਂ ਦੇ ਸੋਮੇ ਨੂੰ ਸਦਾ ਲਈ ਬੰਨ੍ਹ ਲਾ ਦਿਤਾ ਹੈ ਤੇ ਉਸ ਹੜ੍ਹ ਨੂੰ ਰੋਕ ਦਿੱਤਾ ਹੈ ਜਿਹੜਾ ਕਿ ਪਿਛਲੇ ਅੱਠ ਸੌ ਸਾਲ ਤੋਂ ਵਧਦਾ ਜਾ ਰਿਹਾ ਸੀ ।

ਬਾਬਾ ਬੀਰ ਸਿੰਘ ਜੀ*

੧੭੯੯ ਈਸਵੀ ਵਿਚ ਲਾਹੌਰ ਤੇ ਕਬਜ਼ਾ ਕਰਨ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੀ ਉਨਤੀ ਦਾ ਸੂਰਜ ਖੂਬ ਚਮਕਣ ਲੱਗਾ। ਅੱਠ ਸਾਲ ਬਾਦ ਆਪ ਨੇ ਕਸੂਰ ਤੇ ਹੱਲਾ ਬੋਲਿਆ ਤੇ ਯਾਰਾਂ ਸਾਲਾਂ ਬਾਦ ਮੁਲਤਾਨ ਤੇ ਚੜ੍ਹਾਈ ਕੀਤੀ।੧੮੦੭ ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਕਸੂਰ ਤੇ ਆਖ਼ਰੀ ਹੱਲਾ ਕੀਤਾ ਤਾਂ ਸਰਦਾਰ ਨਿਹਾਲ ਸਿੰਘ ਅਟਾਰੀ (ਪਿਤਾ ਸ. ਸ਼ਾਮ ਸਿੰਘ ਅਟਾਰੀ) ਨੇ ਆਪਣੀ ਬਹਾਦਰੀ ਤੇ ਨਿਡਰਤਾ ਨਾਲ ਮਹਾਰਾਜਾ ਰਣਜੀਤ ਸਿੰਘ ਨੂੰ ਏਨਾ ਪ੍ਰਸੰਨ ਕੀਤਾ ਕਿ ਉਸ ਨੇ ਇਹ ਸਾਰਾ ਇਲਾਕਾ ਸਰਦਾਰ ਨਿਹਾਲ ਸਿੰਘ ਦੇ ਨਾਂ ਤੇ ਲਵਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੀ ਆਗਿਆ ਅਨੁਸਾਰ ਤਿੰਨ ਕੁ ਸਾਲ ਬਾਦ ਸਰਦਾਰ ਨਿਹਾਲ ਸਿੰਘ ਅਟਾਰੀ ਨੇ ੧੮੧੦ ਵਿਚ ਸਿੰਘਾਂ ਤੇ ਪਠਾਣਾਂ ਦੇ ਘਮਸਾਨ ਦੇ ਯੁੱਧ ਵਿੱਚ ਮੁਲਤਾਨ ਤੇ ਹੱਲਾ ਬੋਲਿਆ ਤੇ ਆਪਣੀ ਬਹਾਦਰੀ ਦੇ ਜੌਹਰ ਵਖਾਏ। ਮੁਲਤਾਨ ਦਾ ਕਿਲ੍ਹਾ ਬਹੁਤ ਪੱਕਾ ਤੇ ਮਜ਼ਬੂਤ ਸੀ ਤੇ ਕਿਲ੍ਹੇ ਵਿਚ ਪਠਾਣ ਜਹਾਦ ਲਈ ਤਿਆਰ ਬੈਠੇ ਸਨ। ਇਸ ਲਈ ਬੜੀ ਘਮਸਾਨ ਦੀ ਲੜ੍ਹਾਈ ਹੋਈ। ਸਿੰਘਾਂ ਦੀਆਂ ਤੋਪਾਂ ਨੇ ਗੋਲੇ ਮਾਰ-ਮਾਰ ਕੇ ਕਿਲ੍ਹੇ ਵਿਚ ਪਾੜ ਪਾ ਦਿੱਤਾ ਪਰ ਪਠਾਣਾਂ ਫੁਰਤੀ ਕੀਤੀ ਤੇ ਮਘੌਰਾ ਬੰਦ ਕਰ ਲਿਆ। ਇਸੇ ਹਫੜਾ ਤਫੜੀ ਵਿਚ ਪਠਾਣਾਂ ਦੀ ਇਕ ਸੁਰੰਗ ਫੱਟ ਗਈ ਜਿਸ ਨਾਲ ਸਿੰਘਾਂ ਦੀਆਂ ਫੌਜਾਂ ਦਾ ਕਾਫੀ ਨੁਕਸਾਨ ਹੋਇਆ। ਸਰਦਾਰ ਨਿਹਾਲ ਸਿੰਘ ਅਟਾਰੀ ਝੁਲਸੇ ਗਏ। ਉਨ੍ਹਾਂ ਦੇ ਕੋਲ ਖੜੇ ਸਰਦਾਰ ਅਤਰ ਸਿੰਘ ਧਾਰੀ ਸ਼ਹੀਦ ਹੋ ਗਏ। ਸਰਦਾਰ ਹਰੀ ਸਿੰਘ ਨਲੂਆਂ ਬੁਰੀ ਤਰ੍ਹਾਂ ਜ਼ਖਮੀ ਹੋਏ ਤੇ ਹੋਰ ਬਹੁਤ ਸਾਰੇ ਸਿੰਘ ਸ਼ਹੀਦੀਆਂ ਪ੍ਰਾਪਤ ਕਰ ਗਏ। ਇਨ੍ਹਾਂ ਸ਼ਹੀਦ ਹੋਇਆਂ ਸਿੰਘਾਂ ਵਿੱਚ ਇਕ ਭਾਈ ਸੇਵਾ ਸਿੰਘ ਸਨ।

ਭਾਈ ਸੇਵਾ ਸਿੰਘ ਗਗੋਬੂਹੇ ਜ਼ਿਲਾ ਅੰਮ੍ਰਿਤਸਰ ਦੇ ਵਸਨੀਕ ਸਨ ਤੇ ਸਰਦਾਰ ਨਿਹਾਲ ਸਿੰਘ ਅਟਾਰੀ ਵਾਲੇ ਦੀ ਫੌਜ ਦੇ ਸਿਰਲੱਥ ਨੌਜਵਾਨਾਂ ਵਿਚੋਂ ਸਨ ਆਪ ਬਹੁਤ ਨੇਮੀ-ਪ੍ਰੇਮੀ ਸਿੱਖ ਸਨ ਤੇ ਆਪਣੇ ਪਿੰਡ ਦੇ ਗੁਰਦਵਾਰੇ ਵਿੱਚ ਆਏ ਗਏ ਦੀ ਬਹੁਤ ਸੇਵਾ ਕਰਿਆ ਕਰਦਾ ਸਨ। ਇਨ੍ਹਾਂ ਦੀ ਧਰਮ ਪਤਨੀ ਧਰਮ ਕੌਰ ਆਮ ਔਰਤਾਂ ਵਾਂਗੂ ਦੁਨੀਆਂਦਾਰੀ ਵੱਲ ਜ਼ਿਆਦਾ ਝੁਕਾ ਰੱਖਦੀ ਸੀ। ਇਨ੍ਹਾਂ ਦਾ ਇਕਲੌਤਾ ਪੁੱਤਰ ਬੀਰ ਸਿੰਘ ਸੀ। ਬੀਰ ਸਿੰਘ ਦਾ ਜਨਮ ੧੭੬੮ ਈਸਵੀ ਵਿਚ ਹੋਇਆ। ਇਹ ਆਪਣੇ ਪਿਤਾ ਵਾਂਗੂੰ ਧਾਰਮਕ ਰੁਚੀਆਂ ਵਾਲੇ ਸਨ, ਜਿਸ ਕਰਕੇ ਕੇਵਲ ਛੇ ਸਾਲ ਦੀ ਆਯੂ ਵਿੱਚ ਅੰਮ੍ਰਿਤ ਪਾਨ ਕਰਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਇਹ ਸ਼ੁਰੂ ਤੋਂ ਨਾਮ ਬਾਣੀ ਸਿਮਰਨ ਵਿਚ ਖੀਵੇ ਰਹਿੰਦੇ ਸਨ। ਇਕਾਂਤ ਵਿੱਚ ਮਗਨ ਰਹਿੰਦੇ

*ਇਹ ਪੈਂਫਲੇਟ ਦੇ ਰੂਪ ਵਿੱਚ ਸਵਰਗਵਾਸੀ ਸਰਦਾਰ ਮੰਗਲ ਸਿੰਘ ਮਾਨ, ਪ੍ਰਧਾਨ ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਨੇ ੧੯੫੯ ਈਸਵੀ ਵਿਚ ਛਪਵਾਇਆ ਤੇ ਵੰਡਿਆ ਸੀ।

ਤੇ ਵਿਗਸਦੇ ਸਨ । ਮਾਲ ਡੰਗਰ ਚਰਾਨ ਨਾਲ ਇਨ੍ਹਾਂ ਦੇ ਮਨ ਦੀ ਇਕ ਸੁਰਤਾ ਵਿਚ ਕੋਈ ਫ਼ਰਕ ਨਹੀਂ ਸੀ ਪੈਂਦਾ । ਜਿਹੜਾ ਕੋਈ ਆਪਣਾ ਮਾਲ ਇਨ੍ਹਾਂ ਦੇ ਮਾਲ ਨਾਲ ਰਲਾ ਦੇਵੇ ਬੜੀ ਖੁਸ਼ੀ ਨਾਲ ਉਸ ਨੂੰ ਪਰਵਾਨ ਵਿਚ ਲੈਂਦੇ ਸਨ । ਜੇਕਰ ਕੋਈ ਆਪ ਦੇ ਇਸ ਰਵੀਏ ਤੇ ਗਿਲਾ ਕਰਦਾ ਤਾਂ ਆਪ ਕਿਹਾ ਕਰਦੇ ਸਨ ਕਿ ਇਕ ਡੰਗਰ ਵਾਸਤੇ ਵੀ ਜੰਗਲ ਵਿੱਚ ਜਾਣਾ ਤੇ ਸੌ ਵਾਸਤੇ ਵੀ । ਪਸ਼ੂ ਵਧਣ ਨਾਲ ਕੰਮ ਵਿੱਚ ਵਾਧਾ ਨਹੀਂ ਹੁੰਦਾ ।

ਬਾਲਕ ਅਵਸਥਾ ਵਿੱਚ ਹੀ ਆਪ ਦਾ ਵੈਰਾਗ ਵਧਦਾ ਗਿਆ । ਮਨ ਵਿਚ ਵਿਚਾਰ ਆਇਆ ਕਿ ਪਸ਼ੂ ਜਿਹੜੇ ਚਰਨ ਵਾਸਤੇ ਜੰਗਲ ਵਿਚ ਜਾਂਦੇ ਹਨ । ਜਦੋਂ ਪਿੰਡ ਦੇ ਨਾਲੋਂ ਆਉਂਦੇ ਜਾਂਦੇ ਹਨ ਤਾਂ ਉਨ੍ਹਾਂ ਦੇ ਖੁਰਾਂ ਨਾਲ ਜ਼ਮੀਨ ਵਿਚੋਂ ਮਿਟੀ ਉਚੜ ਆਉਂਦੀ ਹੈ ਤੇ ਲੰਘਣ ਵਾਲਿਆਂ ਨੂੰ ਬੜੀ ਤਕਲੀਫ ਹੁੰਦੀ ਹੈ । ਉਨ੍ਹਾਂ ਦਾ ਕੋਮਲ ਮਨ ਇਸ ਗੱਲ ਤੇ ਬਹੁਤ ਦ੍ਰਵਿਆ ਤੇ ਉਹ ਹਰ ਰੋਜ਼ ਬਾਹਰ ਜਾਣ ਵੇਲੇ ਜਾਂ ਆਉਣ ਵੇਲੇ ਪਸ਼ੂਆਂ ਦੇ ਖੁਰਾਂ ਦੀ ਮਿੱਟੀ ਨੂੰ ਆਪਣੇ ਹੱਥਾਂ ਨਾਲ ਸਵਾਰ ਕਰਕੇ ਲੰਘਦੇ ਤਾਂ ਜੋ ਕਿਸੇ ਨੂੰ ਤਕਲੀਫ ਨ ਹੋਵੇ ।

ਫੌਜੀ ਨੌਕਰੀ—

ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਗੱਲ ਦਾ ਪਤਾ ਲਗਾ ਕਿ ਮੁਲਤਾਨ ਦੇ ਕਿਲ੍ਹੇ ਵਿਚੋਂ ਸੁਰੰਗ ਫਟਣ ਨਾਲ ਸਰਦਾਰ ਨਿਹਾਲ ਸਿੰਘ ਅਟਾਰੀ ਝੁਲਸੇ ਗਏ ਹਨ ਤਾਂ ਉਨ੍ਹਾਂ ਨੇ ਸ਼ੀਘਰ ਹੀ ਪ੍ਰਬੰਧ ਕੀਤਾ ਕਿ ਉਨ੍ਹਾਂ ਨੂੰ ਲਾਹੌਰ ਪਹੁੰਚਾ ਦਿਤਾ ਜਾਵੇ ਜਿਥੇ ਉਨ੍ਹਾਂ ਦਾ ਇਲਾਜ ਹੋਣਾ ਅਰੰਭ ਹੋ ਗਿਆ । ਜਲਦੀ ਹੀ ਆਪ-ਨੌ-ਬਰ ਨੌ ਹੋ ਗਏ । ਕਿਉਂਕਿ ਉਹ ਆਪ ਮੌਤ ਦੇ ਮੂੰਹ ਵਿਚੋਂ ਬਚੇ ਸਨ ਇਸ ਲਈ ਉਨ੍ਹਾਂ ਨੂੰ ਆਪਣੇ ਸ਼ਹੀਦ ਹੋਏ ਸਾਥੀਆਂ ਦਾ ਬਹੁਤ ਸ਼ੋਕ ਹੋਇਆ । ਭਾਈ ਸੇਵਾ ਸਿੰਘ ਦੀ ਸ਼ਹਾਦਤ ਤੋਂ ਬਹੁਤ ਪ੍ਰਭਾਵਤ ਹੋਏ ਤੇ ਉਸਦੇ ਸ਼ਸਤਰ ਤੇ ਘੋੜਾ ਉਨ੍ਹਾਂ ਦੇ ਸਪੁੱਤਰ ਬੀਰ ਸਿੰਘ ਜੀ ਨੂੰ ਸਦਕੇ ਦੇ ਦਿਤਾ ਤੇ ਆਪਣੀ ਫੌਜ ਵਿਚ ਭਰਤੀ ਕਰ ਲਿਆ । ਭਾਈ ਬੀਰ ਸਿੰਘ ਭਰਤੀ ਹੋ ਕੇ ਆਪਣੀ ਤਨਖਾਹ ਦਾ ਕਾਫ਼ੀ ਹਿੱਸਾ ਸਾਂਧਾਂ ਸੰਤਾਂ ਦੀ ਸੇਵਾ ਵਿਚ ਖਰਚ ਕਰਦੇ ਤੇ ਆਪ ਬਾਣੀ ਪੜ੍ਹਨ ਵਿਚ ਲਗੇ ਰਹਿੰਦੇ । ਆਪ ਦੇ ਸਾਥੀ ਆਪ ਦੇ ਸ਼ਾਂਤ ਸੁਭਾ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਸਤਿਕਾਰ ਵਜੋਂ ਆਪ ਦਾ ਪਹਿਰਾ ਜਿਹੜਾ ਕਿ ਹਰ ਸਪਾਹੀ ਨੂੰ ਦੇਣਾ ਪੈਂਦਾ ਸੀ, ਮੁਆਫ਼ ਕਰਾ ਦਿੱਤਾ ।

੧੮੧੦ ਤੋਂ ਪਿਛੋਂ ਦਾ ਸਮਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਵਾਧੇ ਦਾ ਸਮਾਂ ਸੀ । ਸਿੱਖ ਫੌਜਾਂ ਹਰ ਪਾਸੇ ਇਲਾਕੇ ਜਿਤ ਰਹੀਆਂ ਸਨ । ਸ਼ਾਹਜ਼ਾਦਾ ਖੜਕ ਸਿੰਘ ਨੇ ਜੰਮੂ ਦਾ ਇਲਾਕਾ, ਰਾਜੌਰੀ ਤੇ ਭਿੰਬਰ ਦੀਆਂ ਇਸਲਾਮੀ ਰਿਆਸਤਾਂ ਫ਼ਤਹਿ ਕਰ ਲਈਆਂ ਤੇ ੧੮੧੨ ਵਿਚ ਦੀਵਾਨ ਮੋਹਕਮ ਚੰਦ, ਸਰਦਾਰ ਜੋਧ ਸਿੰਘ ਕਲਸੀਆਂ ਤੇ ਸਰਦਾਰ ਨਿਹਾਲ

ਸਿੰਘ ਅਟਾਰੀ ਵਾਲੇ ਕਸ਼ਮੀਰ ਨੂੰ ਜਿਤਕੇ ਖੁਸ਼ੀਆਂ ਮਨਾਂਦੇ ਸ਼ਾਹ ਸ਼ੁਜਾਹ ਜੋ ਕਾਬਲ ਦਾ ਬਾਦਸ਼ਾਹ ਰਹਿ ਚੁੱਕਿਆ ਸੀ ਨੂੰ ਨਾਲ ਲੈ ਕੇ ਲਾਹੌਰ ਆ ਵੜੇ। ਫਤੇਹ ਖਾਂ, ਕਾਬਲ ਦਾ ਵਜ਼ੀਰ ਜਿਸ ਨੇ ਕਿ ਮਹਾਰਾਜਾ ਦੀ ਕਸ਼ਮੀਰ ਜਿੱਤਣ ਵਿੱਚ ਸਹਾਇਤਾ ਕੀਤੀ ਸੀ, ਕਸ਼ਮੀਰ ਪਰ ਆਪਣਾ ਕਬਜ਼ਾ ਰੱਖਣਾ ਚਾਹੁੰਦਾ ਸੀ । ਇਸ ਲਈ ਅਗਲੇ ਸਾਲ ਫਿਰ ਰਣਜੀਤ ਸਿੰਘ ਦੀਆਂ ਫੌਜਾਂ ਨੇ ਕਸ਼ਮੀਰ ਤੇ ਹਮਲਾ ਕਰ ਦਿਤਾ ਪਰ ਪੀਰ ਪੰਜਾਹ ਦੇ ਇਲਾਕੇ ਤੇ ਬਰਫ਼ ਜਮੀ ਹੋਣ ਕਰਕੇ ਸਰ ਨ ਹੋ ਸਕਿਆ, ਰਾਜੌਰੀ ਦੇ ਪਾਰਲੇ ਇਲਾਕੇ ਜਿਤਕੇ ਫੌਜਾਂ ਵਾਪਸ ਮੁੜ ਆਈਆਂ। ੧੮੧੪ ਈਸਵੀ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਗਰਮੀਆਂ ਸ਼ੁਰੂ ਹੁੰਦਿਆਂ ਹੀ ਫੌਜਾਂ ਇਕੱਠੀਆਂ ਕਰਕੇ ਰਾਜੌਰੀ ਤੇ ਭਿੰਬਰ ਦੇ ਰਸਤੇ ਕਸ਼ਮੀਰ ਤੇ ਹਲਾ ਬੋਲ ਦਿੱਤਾ । ਰਾਜੌਰੀ ਦੇ ਨਵਾਬ ਅਗਰ ਖਾਨ ਨੇ ਬੜੀ ਅਧੀਨਗੀ ਨਾਲ ਨਜ਼ਰਾਨਾ ਪੇਸ਼ ਕੀਤਾ । ਪਰ ਦਿਲੋਂ ਵਿਰੋਧੀ ਹੋਣ ਕਰਕੇ ਮਹਾਰਾਜਾ ਨੂੰ ਕੁਰਾਹੇ ਪਾ ਦਿੱਤਾ ਤੇ ਸਿੱਖ ਫ਼ੌਜ ਨੂੰ ਦੋ ਹਿਸਿਆ ਵਿਚ ਵੰਡਣ ਦੀ ਸਲਾਹ ਦਿਤੀ । ਸਿੱਖ ਫੌਜਾਂ ਦਾ ਇਕ ਹਿੱਸਾ ਦੀਵਾਨ ਰਾਮ ਦਿਆਲ (ਸੁਪੱਤਰ ਦੀਵਾਨ ਮੋਹਕਮ ਚੰਦ), ਸਰਦਾਰ ਦਲ ਸਿੰਘ, ਸਰਦਾਰ ਹਰੀ ਸਿੰਘ ਨਲਵਾ ਤੇ ਸਰਦਾਰ ਨਿਹਾਲ ਸਿੰਘ ਅਟਾਰੀ ਦੀ ਅਗਵਾਈ ਥਲੇ ਮਹਾਰਾਜਾ ਦੀਆਂ ਫੌਜਾਂ ਨਾਲੋਂ ਵਖਰਾ ਹੋ ਗਿਆ ਤੇ ਦੁਸ਼ਮਨ ਦੇ ਘੇਰੇ ਵਿੱਚ ਆ ਗਿਆ । ਕਸ਼ਮੀਰ ਵਿਚ ਮੀਂਹ ਪੈਣੇ ਸ਼ੁਰੂ ਹੋ ਗਏ ਜਿਸ ਨਾਲ ਸਿੱਖ ਫ਼ੌਜਾਂ ਵਿਚ ਬਹੁਤ ਅਬਤਰੀ ਫੈਲੀ । ਮੁਹੰਮਦ ਆਜ਼ਮ ਦੇ ਸਿਪਾਹੀਆਂ ਨੇ ਬਹੁਤ ਨੁਕਸਾਨ ਕੀਤਾ। ਪਰ ਅਖੀਰ ਵਿਚ ਸਿੱਖ ਫੌਜਾਂ ਮੁਸੀਬਤਾਂ ਦਾ ਟਾਕਰਾ ਕਰਦੀਆਂ ਹੋਈਆਂ ਲਾਹੌਰ ਪੁੱਜ ਗਈਆਂ। ਇਸ ਲੜਾਈ ਵਿਚ ਸਰਦਾਰ ਮਿਤ ਸਿੰਘ ਪਧਾਨੀਆ, ਗੁਰਬਖਸ਼ ਸਿੰਘ, ਦੇਸਾ ਸਿੰਘ ਮਾਨ ਸ਼ਹੀਦੀਆਂ ਪ੍ਰਾਪਤ ਕਰ ਗਏ । ਭਾਈ ਬੀਰ ਸਿੰਘ ਵੀ ਬਹੁਤ ਬਹਾਦਰੀ ਨਾਲ ਲੜੇ ਤੇ ਇਨ੍ਹਾਂ ਦੇ ਪਟ ਵਿਚ ਗੋਲੀ ਵੱਜੀ ਜਿਸ ਕਰਕੇ ਆਪ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਤੇ ਕੁਝ ਚਿਰ ਬੀਮਾਰ ਰਹੇ । ਪਰ ਜਲਦੀ ਹੀ ਫੇਰ ਠੀਕ ਹੋ ਗਏ ।

ਭਾਈ ਬੀਰ ਸਿੰਘ ਜਿਥੇ ਧਾਰਮਕ ਰੁਚੀ ਵਾਲੇ ਸਨ ਉਥੇ ਉਹ ਬੜੇ ਖਾੜਕੂ ਤੇ ਬਹਾਦਰ ਨੌਜਵਾਨ ਸਨ । ਇਕ ਵਾਰੀ ਘਰ ਛੁਟੀ ਤੇ ਆਪਣੇ ਪਿੰਡ ਗਗੋਬੂਹੇ ਆਏ ਹੋਏ ਸਨ ਕਿ ਪਿੰਡ ਤੇ ਡਾਕੂ ਆ ਪਏ । ਪਿੰਡ ਵਾਲਿਆਂ ਵੀ ਜਥੇਬੰਦ ਹੋਕੇ ਧਾੜਵੀਆਂ ਦਾ ਟਾਕਰਾ ਕੀਤਾ । ਟਾਕਰਾ ਕਰਨ ਵਾਲਿਆਂ ਵਿੱਚ ਭਾਈ ਬੀਰ ਸਿੰਘ ਵੀ ਸਨ। ਆਪ ਨੇ ਡਾਕੂਆਂ ਦੇ ਲੀਡਰ ਉਤੇ ਸਿੱਧੇ ਹੀ ਹਮਲਾ ਕਰ ਦਿੱਤਾ, ਤੇ ਉਸ ਨੂੰ ਮਾਰ ਦਿਤਾ । ਧਾੜਵੀ ਆਪਣਾ ਲੀਡਰ ਮੋਇਆ ਵੇਖ ਕੇ ਨੱਠ ਉਠੇ । ਇਹ ਘਮਸਾਨ ਵਿਚ ਭਾਈ ਬੀਰ ਸਿੰਘ ਜੀ ਨੂੰ ਛਾਤੀ ਵਿੱਚ ਬਰਛੀ ਵਜੀ ਜਿਸ ਕਰਕੇ ਉਹ ਕੁਝ ਚਿਰ ਬੀਮਾਰ ਰਹੇ, ਪਰ ਫੇਰ ਉਹ ਛੇਤੀ ਹੀ ਤਿਆਰ-ਬਰ-ਤਿਆਰ ਹੋ ਗਏ ਤੇ ਨੌਕਰੀ ਤੇ ਜਾ ਹਾਜ਼ਰ ਹੋਏ ।

੧੮੧੭ ਈਸਵੀ ਵਿੱਚ ਸਰਦਾਰ ਨਿਹਾਲ ਸਿੰਘ ਅਟਾਰੀ ਆਪਣੇ ਪਿੰਡ ਅਟਾਰੀ ਆਏ ਤੇ ਕੁਝ ਚਿਰ ਬੀਮਾਰ ਰਹਿ ਕੇ ਚਲਾਣਾ ਕਰ ਗਏ । ਸਰਦਾਰ ਸ਼ਾਮ ਸਿੰਘ ਅਟਾਰੀ ਨੇ ਆਪਣੇ

ਪਿਤਾ ਦੀ ਥਾਂ ਲੈ ਲਈ ਤੇ ਮੁਲਤਾਨ ਦੀ ਲੜਾਈ ਲਈ ਆਪਣੀ ਫੌਜ ਨੂੰ ਤਿਆਰ ਕਰ ਲਿਆ। ਅਗਲੇ ਸਾਲ ਸਿੱਖ ਫੌਜਾਂ ਨੇ ਮੁਲਤਾਨ ਤੇ ਹਲਾ ਬੋਲ ਦਿੱਤਾ । ਇਹ ਮੁਲਤਾਨ ਤੇ ਖਾਲਸਾ ਫੌਜ ਦਾ ਆਖਰੀ ਹੱਲਾ ਸੀ । ਮੁਲਤਾਨ ਦੇ ਗਵਰਨਰ ਮੁਜ਼ਫਰ ਖਾਂ ਨੇ ਵੀ ਜਹਾਦ ਦਾ ਐਲਾਨ ਕੀਤਾ ਹੋਇਆ ਸੀ ਤੇ ਆਪਣੀ ਸੈਨਾ ਨਾਲ ਸਿਰ ਤੇ ਕਫ਼ਨ ਬਨ੍ਹੀ ਲੜਨ ਨੂੰ ਤਿਆਰ ਖੜਾ ਸੀ । ਇਸ ਪਾਸੋਂ ਮਹਾਰਾਜਾ ਰਣਜੀਤ ਸਿੰਘ ਨੇ ਫੌਜਾਂ ਤੇ ਅਕਾਲੀ ਜਥੇ ਨਾਲ ਲੈ ਕੇ ਮੁਲਤਾਨ ਵੱਲ ਕੂਚ ਕਰ ਦਿੱਤਾ । ਬੜੇ ਘਮਸਾਨ ਦਾ ਯੁਧ ਹੋਇਆ । ਦੁਸ਼ਮਨ ਬੜੀ ਬਹਾਦਰੀ ਨਾਲ ਲੜਿਆ ਪਰ ਅਕਾਲੀ ਫੌਜਾਂ ਕਿਲ੍ਹੇ ਵਿਚ ਦਾਖਲ ਹੋ ਗਈਆਂ ਅਤੇ ਮੁਜ਼ਫਰ ਖਾਂ ਲੜਦਾ ਮਾਰਿਆ ਗਿਆ । । ਇਸ ਘੋਰ ਯੁਧ ਵਿੱਚ ਭਾਈ ਬੀਰ ਸਿੰਘ ਨੇ ਸਰਦਾਰ ਸ਼ਾਮ ਸਿੰਘ ਅਟਾਰੀ ਦੇ ਨਾਲ ਹੋ ਕੇ ਦੁਸ਼ਮਨਾਂ ਦੇ ਆਹੂ ਲਾਹੇ ਤੇ ਜਿੱਤ ਪ੍ਰਾਪਤ ਕੀਤੀ ।

ਮੁਲਤਾਨ ਦੀ ਲੜਾਈ ਦੇ ਪਿਛੋਂ ਮਹਾਰਾਜ ਰਣਜੀਤ ਸਿੰਘ ਨੇ ਪਿਸ਼ਾਵਰ ਫ਼ਤਹਿ ਕਰਨ ਦਾ ਫੈਸਲਾ ਕਰ ਲਿਆ ਤੇ ਉਸੇ ਸਾਲ ਪਿਸ਼ਾਵਰ ਤੇ ਜਾ ਕਬਜ਼ਾ ਕੀਤਾ । ਮਹਾਰਾਜਾ ਤਿੰਨ ਦਿਨ ਪਿਸ਼ਾਵਰ ਰਹੇ ਤੇ ਫੇਰ ਪਿਸ਼ਾਵਰ ਦਾ ਗਵਰਨਰ ਅਤਾਂ ਮੁਹੰਮਦ ਨੂੰ ਨੀਯਤ ਕਰਕੇ ਵਾਪਸ ਆ ਗਏ । ਥੋੜ੍ਹੇ ਚਿਰ ਪਿਛੋਂ ਦੋਸਤ ਮੁਹੰਮਦ ਨੇ ਅਤਾ ਮੁਹੰਮਦ ਨੂੰ ਪਿਸ਼ਾਵਰ ਵਿਚੋਂ ਬਾਹਰ ਕੱਢ ਦਿਤਾ ਤੇ ਪਿਸ਼ਵਰ ਉਤੇ ਆਪ ਕਬਜ਼ਾ ਕਰ ਲਿਆ । ਜਦ ਇਹ ਖਬਰ ਮਹਾਰਾਜਾ ਨੂੰ ਪੁੱਜੀ ਤਾਂ ਉਨ੍ਹਾਂ ਨੇ ਸਰਦਾਰ ਸ਼ਾਮ ਸਿੰਘ ਅਟਾਰੀ, ਸਰਦਾਰ ਦਲ ਸਿੰਘ, ਸਰਦਾਰ ਧੰਨਾ ਸਿੰਘ ਮਲਵਈ ਆਦ ਨੂੰ ਪਿਸ਼ਾਵਰ ਜਿੱਤਣ ਲਈ ਭੇਜਿਆ । ਦੋਸਤ ਮੁਹੰਮਦ ਸਿੱਖ ਫੌਜਾਂ ਦਾ ਮੁਕਾਬਲਾ ਨ ਕਰਦਾ ਹੋਇਆ ਪਿਸ਼ਾਵਰ ਖਾਲੀ ਕਰ ਗਿਆ । ਸਿੱਖ ਫੌਜਾਂ ਨੇ ਫੇਰ ਪਿਸ਼ਾਵਰ ਨੂੰ ਜਿੱਤ ਲਿਆ ਤੇ ੧੮੨੨ ਈਸਵੀ ਵਿਚ ਲਾਹੌਰ ਵਾਪਸ ਆ ਗਏ । ਇਸ ਫ਼ੌਜ ਵਿੱਚ ਭਾਈ ਬੀਰ ਸਿੰਘ ਵੀ ਕੁਝ ਚਿਰ ਪਿਸ਼ਾਵਰ ਰਹੇ ।

ਸੰਤਾਂ ਦੀ ਸੇਵਾ—

'ਸੋ ਸੇਵਕ ਜਿਸ ਕਿਰਪਾ ਕਰੀ'

ਜਦੋਂ ਭਾਈ ਬੀਰ ਸਿੰਘ ਪਿਸ਼ਾਵਰ ਵਿਚ ਰਹਿੰਦੇ ਸਨ, ਉਥੇ ਉਨ੍ਹਾਂ ਦਾ ਇਕ ਸਾਥੀ ਭਾਈ ਚੰਦ ਸਿੰਘ ਸੀ । ਇਹ ਨੌਰੰਗਾਬਾਦ ਦਾ ਰਹਿਣ ਵਾਲਾ ਸੀ ਤੇ ਸਦਾ ਨਾਮ ਬਾਣੀ ਸਿਮਰਨ ਵਿਚ ਲਗਾ ਰਹਿੰਦਾ ਸੀ । ਉਨ੍ਹਾਂ ਦੀ ਸੰਗਤ ਤੋਂ ਭਾਈ ਬੀਰ ਸਿੰਘ ਬਹੁਤ ਪ੍ਰਭਾਵਤ ਹੋਏ । ਇਕ ਦਿਨ ਉਨ੍ਹਾਂ ਕੋਲੋਂ ਪੁੱਛਿਆ ਕਿ ਉਨ੍ਹਾਂ ਨਾਮ ਬਾਣੀ ਦੀ ਲਗਨ ਕਿਸ ਕੋਲੋਂ ਪ੍ਰਾਪਤ ਕੀਤੀ ਹੈ । ਉਤਰ ਮਿਲਿਆ ਕਿ ਬਾਬਾ ਭਾਗ ਸਿੰਘ ਪਿੰਡ ਕੁਰੀ ਰਾਵਲਪਿੰਡੀ ਦੇ ਲਾਗੇ ਰਹਿੰਦੇ ਹਨ, ਵੱਡੇ ਮਹਾਂਪੁਰਖ ਹਨ ਤੇ ਨਾਲ ਹੀ ਦੱਸਿਆ ਕਿ ਉਹ ਸਦਾ ਆਪਣੀ ਛੁਟੀ ਉਨ੍ਹਾਂ ਪਾਸ ਹੀ ਗੁਜ਼ਾਰਿਆਂ ਕਰਦੇ ਹਨ । ਇਨ੍ਹਾਂ ਸ਼ਬਦਾਂ ਨੇ ਭਾਈ ਬੀਰ ਸਿੰਘ ਦੇ ਅੰਦਰ ਇਕ ਜਾਗ ਲਾ ਦਿਤੀ ਤੇ ਉਨ੍ਹਾਂ ਦੇ ਅੰਦਰ ਬਾਬਾ ਭਾਗ ਸਿੰਘ ਨੂੰ ਮਿਲਣ ਦੀ ਤੀਬਰਤਾ ਵਧਦੀ ਗਈ ।

ਬਾਬਾ ਭਾਗ ਸਿੰਘ ਜੀ ਭਾਈ ਨਿਹਾਲਾ ਪਿੰਡ ਨਾਰੰਗ ਦੀ ਔਲਾਦ ਵਿਚੋਂ ਸਨ ਜਿਹੜੇ ਕਿ ਗੁਰੂ ਤੇਗ਼ ਬਹਾਦਰ ਜੀ ਦੇ ਸਿੱਖ ਬਣੇ । ਗੁਰੂ ਸਾਹਿਬ ਦੀ ਅਸ਼ੀਰਬਾਦ ਨਾਲ ਵਡੇਰੀ ਉਮਰ ਵਿਚ ਭਾਈ ਨਿਹਾਲਾ ਦੇ ਘਰ ਪੁੱਤਰ ਹੋਇਆ, ਜਿਸ ਦਾ ਨਾਂ ਭਾਈ ਮੇਹਰੂ ਰੱਖਿਆ । ਭਾਈ ਮੇਹਰੂ ਬੜੇ ਕਰਨੀ ਵਾਲੇ ਹੋਏ ਹਨ ਤੇ ਉਨ੍ਹਾਂ ਦੇ ਨਾਂ ਤੇ ਹੁਣ ਤਕ ਉਸ ਇਲਾਕੇ ਦੇ ਲੋਕ ਕੀ ਹਿੰਦੂ ਕੀ ਮੁਸਲਮਾਨ ਖਲਵਾੜੇ ਵਿਚੋਂ ਇਕ ਟੋਪਾਂ ਦਾਣਿਆਂ ਦਾ ਕਢਦੇ ਹਨ । ਭਾਈ ਮੇਹਰੂ ਦੇ ਦੋ ਪੁੱਤਰ ਹੋਏ, ਭਾਈ ਗੁਰਬਖਸ਼ ਸਿੰਘ ਤੇ ਭਾਈ ਟਹਿਲ ਸਿੰਘ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ੀ । ਇਹ ਦੋਵੇਂ ਭਰਾ ਬਾਬੇ ਬੰਦੇ ਦੀ ਅਗਵਾਈ ਥਲੇ ਤੇਗਾਂ ਮਾਰਦੇ ਰਹੇ ਤੇ ਅਖੀਰ ਪਿੰਡ ਕਾਦਰਾਂਬਾਦ (ਜ਼ਿਲ੍ਹਾ ਗੁਜਰਾਂਵਾਲਾ) ਵਿਚ ਆਬਾਦ ਹੋ ਗਏ । ਭਾਈ ਗੁਰਬਖਸ਼ ਸਿੰਘ ਦੇ ਤਿੰਨ ਪੁੱਤਰ ਹੋਏ-ਭਈ ਦਇਆ ਸਿੰਘ, ਭਾਈ ਸੁਜਾਨ ਸਿੰਘ ਤੇ ਭਾਈ ਹਰਜਸ ਰਾਏ । ਭਾਈ ਹਰਜਸ ਦੇ ਦੋ ਪੁੱਤਰ ਸਨ—ਭਾਈ ਭਾਗ ਸਿੰਘ ਤੇ ਭਾਈ ਮਨਸਾ ਸਿੰਘ । ਭਾਈ ਭਾਗ ਸਿੰਘ ਨੇ ਬਾਬਾ ਸਾਹਿਬ ਸਿੰਘ ਊਨੇ ਸਾਹਿਬ ਵਾਲਿਆਂ ਕੋਲੋਂ ਅੰਮ੍ਰਿਤ ਪਾਨ ਕੀਤਾ ਤੇ ਬਹੁਤ ਸਮਾਂ ਊਨੇ ਸਾਹਿਬ ਹੀ ਸੇਵਾ ਕਰਦੇ ਰਹੇ । ਬਾਬਾ ਸਾਹਿਬ ਸਿੰਘ ਬੇਦੀ ਨੇ ਆਪ ਨੂੰ ਪ੍ਰਚਾਰ ਕਰਨ ਹਿੱਤ ਪੱਛਮ ਵਾਲੇ ਪਾਸੇ ਭੇਜਿਆ । ਆਪ ਨੇ ਪਿੰਡ ਕੁਰੀ ਜ਼ਿਲਾ ਰਾਵਲਪਿੰਡੀ ਵਿਚ ਆ ਕੇ ਡੇਰਾ ਲਾ ਦਿਤਾ ਤੇ ਨਾਮ ਬਾਣੀ ਦਾ ਪਰਵਾਹ ਚਲਾ ਦਿਤਾ । ਇਸ ਇਲਾਕੇ ਵਿੱਚ ਬਾਬਾ ਭਾਗ ਸਿੰਘ ਜਾਂ ਸੰਤ ਭਾਗ ਸਿੰਘ ਦੇ ਨਾਮ ਤੇ ਪ੍ਰਸਿੱਧ ਹੋ ਗਏ ।

ਪਿਸ਼ਾਵਰ ਤੋਂ ਵਾਪਸੀ ਤੇ ਭਾਈ ਬੀਰ ਸਿੰਘ ਕੁਰੀ ਜਾ ਪਹੁੰਚੇ ਤੇ ਬਾਬਾ ਭਾਗ ਸਿੰਘ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਮਨ ਵਿੱਚ ਕੁਝ ਸ਼ਾਂਤੀ ਪ੍ਰਤੀਤ ਹੋਈ । ਬਾਣੀ ਵਿਚ ਮਨ ਟਿਕ ਗਿਆ ਤੇ ਇਸ ਅਸਚਰਜ ਅਵਸਥਾ ਵਿਚ ਖੀਵੇ ਹੋਣ ਲਗੇ । ਪਰ ਉਸ ਵੇਲੇ ਉਹ ਆਪਣੇ ਪਿੰਡ ਗਗੋਬੂਹੇ ਜਾ ਰਹੇ ਸਨ । ਆਪ ਨੇ ਪਿੰਡ ਜਾਣ ਦਾ ਹੀ ਫ਼ੈਸਲਾ ਕੀਤਾ ਤੇ ਕੁਝ ਚਿਰ ਪਿੰਡ ਰਹਿ ਕੇ ਅਸਬਾਬ ਆਦਿ ਪਿੰਡ ਛਡ ਕੇ ਫੇਰ ਸੰਤਾਂ ਦੇ ਚਰਨਾਂ ਵਿਚ ਕੁਰੀ ਆ ਗਏ, ਤੇ ਉਸ ਅਕਾਲ ਪੁਰਖ ਦੀ ਮੇਹਰ ਤੇ ਬਖ਼ਸ਼ਿਸ਼ ਦਾ ਸਦਕਾ ਸੰਤਾਂ ਦੀ ਸੇਵਾ ਵਿਚ ਹੀ ਜੁਟ ਗਏ ।

ਭਾਈ ਬੀਰ ਸਿੰਘ ਬਾਬਾ ਭਾਗ ਸਿੰਘ ਜੀ ਦੀ ਬਹੁਤ ਸੇਵਾ ਕਰਿਆ ਕਰਦੇ ਸਨ । ਹਰ ਰੋਜ਼ ਜੰਗਲ ਵਿਚੋਂ ਲਕੜਾਂ ਵੱਢ ਕੇ ਲੰਗਰ ਦੀ ਸੇਵਾ ਕਰਦੇ । ਬਾਬਾ ਭਾਗ ਸਿੰਘ ਜੀ ਦਾ ਗੜਵਾ ਚੁਕਣ ਦੀ ਸੇਵਾ ਕਰਦੇ । ਇਕ ਵਾਰੀ ਬਾਬਾ ਜੀ ਜੰਗਲ ਗਏ ਤੇ ਜੰਗਲ ਤੋਂ ਵਾਪਸ ਆਉਣ ਤੇ ਭਾਈ ਬੀਰ ਸਿੰਘ ਗੜਵਾ ਲੈ ਕੇ ਸਾਫ ਕਰਨ ਲਈ ਗਏ । ਜਦ ਗੜਵਾ ਵਾਪਸ ਆਇਆ ਤਾਂ ਬਾਬਾ ਜੀ ਨੇ ਫੁਰਮਾਇਆ ਕਿ ਗੜਵਾ ਚੰਗੀ ਤਰਾਂ ਸਾਫ ਨਹੀਂ ਹੋਇਆ ਤੇ ਇਸ ਨਾਲ ਗੰਦ ਲਗਾ ਹੋਇਆ ਹੈ । ਭਾਈ ਬੀਰ ਸਿੰਘ ਫੇਰ ਚਲੇ ਗਏ ਗੜਵਾ ਸਾਫ ਕਰਨ ਵਾਸਤੇ, ਜਦ ਵਾਪਸ ਆਏ ਤੇ ਫੇਰ ਹੁਕਮ ਹੋਇਆ ਕਿ ਗੜਵਾ ਸਾਫ਼ ਨਹੀਂ ਹੋਇਆ । ਭਾਈ ਬੀਰ ਸਿੰਘ ਇਸ ਤਰ੍ਹਾਂ ਪੰਜ ਸਤ ਵਾਰੀ ਕਰਦੇ ਰਹੇ ਤੇ ਬਾਬਾ ਜੀ ਪ੍ਰੀਖਿਆ ਵਿਚ ਪੂਰੇ ਉਤਰੇ ਤੇ ਉਨ੍ਹਾਂ ਦੀ ਪ੍ਰਸੰਨਤਾ ਪ੍ਰਾਪਤ ਕੀਤੀ ।

ਬਾਬਾ ਭਾਗ ਸਿੰਘ ਦੀ ਸੰਗਤ ਕਰਕੇ ਭਾਈ ਬੀਰ ਸਿੰਘ ਸਦਾ ਨਿਰਲੇਪ ਤੇ ਅਲੇਪ ਰਹਿਣ ਲਗੇ ਤੇ ਤਬੀਅਤ ਵੈਰਾਗ-ਮਈ ਹੋ ਗੀ । ਇਸ ਅਵਸਥਾ ਵਿਚ ਆਪ ਇਕ ਵਾਰੀ ਆਪਣੀ ਮਾਤਾ ਨੂੰ ਮਿਲਣ ਵਾਸਤੇ ਆਏ । ਮੋਹ ਮਾਇਆ ਵਿਚ ਲੀਣ ਮਾਤਾ ਇਨ੍ਹਾਂ ਦੀ ਆਤਮਕ ਉਨਤੀ ਤੇ ਨਿਰਲੇਪਤਾ ਨੂੰ ਵੇਖ ਕੇ ਬਹੁਤ ਦੁਖੀ ਹੋਈ ਤੇ ਕਹਿਣ ਲਗੀ ਕਿ 'ਲੋਕਾਂ ਦੇ ਪੁੱਤਰ ਖਟਦੇ ਹਨ ਤੇ ਮੇਰਾ ਪੁੱਤਰ ਮਖਟੂ ਹੋ ਗਿਆ ਹੈ ਤੇ ਕੁਝ ਨਹੀਂ ਕਰਦਾ' । ਭਾਈ ਬੀਰ ਸਿੰਘ ਨੇ ਫੁਰਮਾਇਆ, 'ਮਾਤਾ ਸਚ ਕਹਿੰਦੀ ਹੇ । ਮੈਂ ਨਾਮ ਦੀ ਖੱਟੀ ਨਹੀਂ ਖੱਟੀ ਤੇ ਮਾਂ ਦੀ ਕੁਖ ਸਫਲ ਨਹੀਂ ਕੀਤੀ ।' ਇਹ ਬਚਨ ਕਹਿ ਕੇ ਆਪ ਕੁਰੀ ਪਿੰਡ ਵਲ ਤੁਰ ਪਏ ਤੇ ਬਾਬਾ ਭਾਗ ਸਿੰਘ ਦੀ ਸੇਵਾ ਵਿਚ ਜਾ ਹਾਜ਼ਰ ਹੋਏ ।

ਬਾਬਾ ਭਾਗ ਸਿੰਘ ਜੀ ਕੋਲ ਰਹਿੰਦਿਆਂ ਆਪ ਨੂੰ ਪਤਾ ਲਗਾ ਕਿ ਬਾਬਾ ਜੀ ਨੇ ਅੰਮ੍ਰਿਤ ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲਿਆਂ ਕੋਲੋਂ ਛਕਿਆ ਹੈ । ਆਪ ਦੇ ਮਨ ਵਿਚ ਵੀ ਬੇਦੀ ਸਾਹਿਬ ਦੇ ਦਰਸ਼ਨਾਂ ਦੀ ਲਾਲਸਾ ਪਰਬਲ ਹੁੰਦੀ ਗਈ ਤੇ ਅਖੀਰ ਬਾਬਾ ਭਾਗ ਸਿੰਘ ਕੋਲੋਂ ਆਗਿਆ ਲੈ ਕੇ ਭਾਈ ਬੀਰ ਸਿੰਘ ਊਨੇ ਵਲ ਤੁਰ ਪਏ ਤੇ ਬੇਦੀ ਸਾਹਿਬ ਅਗੇ ਜਾ ਅਨਾਰਾਂ ਦੀ ਪਟਾਰੀ ਭੇਟਾ ਕੀਤੀ । ਬੇਦੀ ਸਾਹਿਬ ਭਾਈ ਬੀਰ ਸਿੰਘ ਦੀ ਸ਼ਰਧਾ, ਪਿਆਰ ਤੇ ਲਗਨ ਵੇਖ ਕੇ ਬਹੁਤ ਪ੍ਰਸੰਨ ਹੋਏ ।

ਇਕ ਦਿਨ ਭਾਈ ਬੀਰ ਸਿੰਘ ਬਾਬਾ ਸਾਹਿਬ ਸਿੰਘ ਜੀ ਪਾਸ ਦੀਵਾਨ ਵਿਚ ਬੈਠੇ ਸਨ। ਬਾਬਾ ਜੀ ਦੀ ਨਜ਼ਰ ਇਕ ਦੂਰ ਟਿਬੇ ਤੇ ਪਈ ਤੇ ਆਪ ਨੇ ਫੁਰਮਾਇਆ ਕਿ 'ਜੇਕਰ ਇਹ ਟਿੱਬਾ ਪਧਰਾ ਹੋ ਜਾਏ ਤਾਂ ਬਹੁਤ ਹੱਛਾ ਹੈ । ਭਾਈ ਬੀਰ ਸਿੰਘ ਨੇ ਉਸੇ ਵੇਲੇ ਉਸ ਟਿਬੇ ਨੂੰ ਪਧਰਾ ਕਰਨ ਦੀ ਵਿਉਂਤ ਸੋਚ ਲਈ ਤੇ ਕੁਝ ਕੁ ਸਾਥੀਆਂ ਸਣੇ ਉਸ ਦੀ ਸੇਵਾ ਵਿਚ ਜੁਟ ਪਏ । ਆਪ ਤਿੰਨ ਦਿਨ ਉਸ ਟਿਬੇ ਦੀ ਲਗਾਤਾਰ ਸੇਵਾ ਕਰਦੇ ਰਹੇ । ਦੂਜੇ ਸਾਥੀ ਤਾਂ ਛੱਡ ਗਏ ਪਰ ਆਪ ਨੇ ਉਨ੍ਹਾਂ ਚਿਰ ਨਾ ਛਡਿਆ, ਜਿੰਨਾ ਚਿਰ ਉਹ ਸਾਰਾ ਕੰਮ ਖਤਮ ਨਾ ਹੋ ਗਿਆ। ਇਸ ਸਮੇਂ ਆਪ ਨੇ ਗੋਡੇ ਤੇ ਕਈ ਜ਼ਖਮ ਲਗੇ ਪਰ ਆਪ ਨੇ ਕੋਈ ਪ੍ਰਵਾਹ ਨ ਕੀਤੀ । ਜਦੋਂ ਬਾਬਾ ਸਾਹਿਬ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਲਗਾ ਤੇ ਉਨ੍ਹਾਂ ਨੇ ਗੋਡੇ ਦੇ ਜਖ਼ਮ ਬਾਰੇ ਪੁੱਛਿਆ ਤਾਂ ਆਪ ਨੇ ਕਿਹਾ–

'ਹੇ ਦੀਨਾ ਬੰਧੂ, ਜੋ ਆਪ ਨੇ ਸੇਵਾ ਬਖਸ਼ੀ ਹੈ, ਆਪ ਦੀ ਆਗਿਆ ਅਨੁਸਾਰ ਸੇਵਾ ਕਰ ਰਿਹਾ ਹਾਂ, ਇਸ ਤੋਂ ਬਿਨਾ ਔਰ ਆਪਣੀ ਆਪ ਹੀ ਜਾਣੋ, ਸਾਨੂੰ ਕੋਈ ਖ਼ਬਰ ਨਹੀਂ ।'

ਨੌਰੰਗਾਬਾਦ ਵਿਚ ਡੇਰਾ—

ਦੇਗ ਤੇਗ ਜਗ ਮੈ ਦੋਊ ਚਲੇ ।।
ਰਾਖ ਆਪ ਮੋਹਿ ਅਉਰ ਨ ਦਲੇ ।

ਬਾਬਾ ਸਾਹਿਬ ਸਿੰਘ ਜੀ ਬੇਦੀ ਪ੍ਰਚਾਰ ਹਿਤ ਦੂਰ-ਦੂਰ ਦੌਰੇ ਕਰਿਆ ਕਰਦੇ ਸਨ ਤੇ ਸੰਗਤਾਂ ਨੂੰ ਅੰਮ੍ਰਿਤ ਪਾਨ ਕਰਵਾਉਂਦੇ ਸਨ । ਜਦੋਂ ਭਾਈ ਬੀਰ ਸਿੰਘ ਜੀ ਨੇ ਬਾਬਾ ਸਾਹਿਬ ਸਿੰਘ ਜੀ ਦੀ ਬਹੁਤ ਉਪਮਾ ਸੁਣੀ ਤਾਂ ਉਨ੍ਹਾਂ ਦੇ ਜੀਵਨ ਤੋਂ ਬਹੁਤ ਪ੍ਰਭਾਵਤ ਹੋਏ । ਉਨ੍ਹਾਂ ਦੇ ਮਨ ਵਿਚ ਵੀ ਸੰਗਤਾਂ ਦੀ ਸੇਵਾ ਕਰਨ ਦਾ ਉਤਸ਼ਾਹ ਠਾਠਾਂ ਮਾਰਨ ਲਗਾ । ਆਪ ਉਸ ਵੇਲੇ ਊਨੇ ਸਾਹਿਬ ਹੀ ਰਹਿੰਦੇ ਸਨ ਤੇ ਇਕ ਵਾਰੀ ਬੇਦੀ ਸਾਹਿਬ ਕੋਲੋਂ ਆਗਿਆ ਲੈ ਕੇ ਕੁਰੀ ਪਿੰਡ (ਰਾਵਲਪਿੰਡੀ ਕੋਲ) ਵਲ ਟੁਰ ਪਏ । ਰਸਤੇ ਵਿੱਚ ਸਤਿਸੰਗ ਦੇ ਨਾਮ ਬਾਣੀ ਦਾ ਪਰਵਾਹ ਚਲਦਾ ਰਿਹਾ । ਕੁਰੀ ਪਿੰਡ ਪਹੁੰਚ ਕੇ ਫੇਰ ਆਪ ਨੇ ਪਿਸ਼ਾਵਰ ਵਾਲੇ ਪਾਸੇ ਕੂਚ ਕਰ ਦਿਤਾ ਤੇ ਪ੍ਰਚਾਰ ਕਰਦੇ-ਕਰਦੇ ਹੁਜ਼ਰੋ ਪਹੁੰਚ ਗਏ। ਆਪ ਨੇ ਢਾਈ ਸਾਲ ਹੁਜ਼ਰੋ ਰਹਿ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਫਿਰ ਵਾਪਸ ਮਾਝੇ ਵਲ ਆ ਗਏ । ਮਾਝੇ ਦੀਆਂ ਸੰਗਤਾਂ ਵਿਚ ਆਪ ਲਈ ਬੜਾ ਸਤਿਕਾਰ ਤੇ ਚਾਅ ਸੀ । ਜਦੋਂ ਆਪ ਮਾਝੇ ਵਿਚ ਆਏ ਤਾਂ ਨੌਰੰਗਾਬਾਦ ਦਾ ਇਕ ਸਿੰਘ ਭਾਈ ਦਸਵੰਧਾ ਸਿੰਘ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ । ਉਸ ਨੇ ਬਹੁਤ ਚਾਅ ਤੇ ਪਿਆਰ ਪ੍ਰਗਟ ਕੀਤਾ ਤੇ ਆਪ ਨੂੰ ਨੌਰੰਗਾਬਾਦ ਰਹਿਣ ਲਈ ਮਨ੍ਹਾਂ ਲਿਆ, ਜਿਥੇ ਕਿ ਆਪ 'ਬਾਬਾ ਬੀਰ ਸਿੰਘ' ਪ੍ਰਸਿੱਧ ਹੋ ਗਏ ।

ਜਦ ਬਾਬਾ ਬੀਰ ਸਿੰਘ ਨੇ ਨੌਰੰਗਾਬਾਦ ਡੇਰਾ ਲਾਇਆ ਤਾਂ ਆਪ ਪਾਸ ਸੰਗਤ ਦੀ ਭੀੜ ਲਗੀ ਰਹਿੰਦੀ ਸੀ । ਜੋ ਸਿਖ ਦੀਵਾਲੀ ਤੇ ਵਿਸਾਖੀ ਸ੍ਰੀ ਅੰਮ੍ਰਿਤਸਰ ਦਰਸ਼ਨ ਤੇ ਇਸ਼ਨਾਨ ਹਿਤ ਆਉਂਦੇ ਤਾਂ ਨੌਰੰਗਾਬਾਦਾ ਸ੍ਰੀ ਅੰਮ੍ਰਿਤਸਰ ਦੇ ਨੇੜੇ ਹੋਣ ਕਰਕੇ ਆਪ ਦੇ ਡੇਰੇ ਵੀ ਜਾਂਦੇ। ਹੋਰ ਵੀ ਬਹੁਤ ਸਾਰੀਆਂ ਸੰਗਤਾਂ ਆਪਦੇ ਦਰਸ਼ਨਾਂ ਨੂੰ ਬਹੁਤ ਦੂਰ-ਦੂਰ ਤੋਂ ਆਉਣ ਲਗ ਪਈਆਂ। ਬਾਬਾ ਜੀ ਨੂੰ ਲੰਗਰ ਦੀ ਸੇਵਾ ਕਰਨ ਦਾ ਬਹੁਤ ਉਤਸ਼ਾਹ ਸੀ । ਇਸ ਲਈ ਆਪ ਨੇ ਸੰਗਤਾਂ ਦੇ ਲੰਗਰ ਲਈ ਤੇ ਰਹਿਣ ਲਈ ਨੌਰੰਗਾਬਾਦ ਦੀਆਂ ਸੰਗਤਾਂ ਨੂੰ ਪਰੇਰ ਕੇ ਕੋਠੇ ਪਵਾ ਦਿਤੇ ਤਾਂ ਜੋ ਆਏ ਗਏ ਨੂੰ ਰਹਿਣ ਦੀ ਤਕਲੀਫ਼ ਨ ਹੋਵੇ । ਜਿਥੇ ਆਪ ਨੇ ਕੋਠੇ ਪੁਆਏ ਸਨ ਉਸ ਥਾਂ ਦਾ ਨਾਂ ਆਪ ਨੇ ਸੰਤ ਪੁਰਾ ਰਖਿਆ ।

੧੮੩੩ ਈਸਵੀ (ਸੰਮਤ ੧੮੯੦) ਵਿਚ ਮਾਝੇ ਵਿੱਚ ਇਕ ਬੀਮਾਰੀ ਫੈਲ ਗਈ । ਇਕ ਦਸਤ ਆਉਣ ਨਾਲ ਆਦਮੀ ਮਰ ਜਾਂਦਾ ਸੀ । ਉਸ ਸਮੇਂ ਬਾਬਾ ਬੀਰ ਸਿੰਘ ਜੀ ਨੇ ਸੰਗਤਾਂ ਦੀ ਬਹੁਤ ਸੇਵਾ ਕੀਤੀ । ਇਸੇ ਸਾਲ ਹੀ ਮਹਾਰਾਜਾ ਰਣਜੀਤ ਸਿੰਘ ਸ੍ਰੀ ਅੰਮ੍ਰਿਤਸਰ ਜਾਂਦੇ ਹੋਏ ਆਪ ਦੇ ਦਰਸ਼ਨਾਂ ਨੂੰ ਆਏ । ਅਤੁਟ ਲੰਗਰ ਚਲਦਾ ਵੇਖ ਕੇ ਬਹੁਤ ਪ੍ਰਸੰਨ ਹੋ ਤੇ ਬਾਬਾ ਜੀ ਨੂੰ ਲੰਗਰ ਵਾਸਤੇ ਜਗੀਰ ਦੇਣ ਦਾ ਸੰਕਲਪ ਦਸਿਆ ਪਰ ਬਾਬਾ ਜੀ ਨੇ ਇਨਕਾਰ ਕਰ ਦਿਤਾ । ਫੇਰ ਮਾਹਾਰਾਜ ਦੇ ਜ਼ੋਰ ਦੇਣ ਤੇ ਬਾਬਾ ਜੀ ਨੇ ਕਿਹਾ ਕਿ ਨੌਰੰਗਾਬਾਦ ਦੇ ਜ਼ਿਮੀਦਾਰਾਂ ਦਾ ਮਾਲੀਆ ਮਾਫ਼ ਕਰ ਦਿਤਾ ਜਾਏ ਕਿਉਂਕਿ ਲੰਗਰ ਦੀ ਸੇਵਾ ਇਹ ਕਰਦੇ ਹਨ । ਇਸ ਤਰ੍ਹਾਂ ਨੌਰੰਗਾਬਾਦ ਦੇ ਜ਼ਿਮੀਂਦਾਰਾਂ ਦਾ ਮਾਲੀਆ ਅੰਗਰੇਜ਼ਾਂ ਦੇ ਆਉਣ ਤਕ ਮੁਆਫ ਰਿਹਾ।

ਬਾਬਾ ਬੀਰ ਸਿੰਘ ਜੀ ਹਰ ਸਾਲ ਬਾਬਾ ਭਾਗ ਸਿੰਘ ਜੀ ਦੇ ਦਰਸ਼ਨਾਂ ਨੂੰ ਜਾਇਆ ਕਰਦੇ ਸਨ। ਰਸਤੇ ਵਿਚ ਥਾਂ-ਥਾਂ ਤੇ ਆਪ ਡੇਰਾ ਕਰਦੇ ਜਾਂਦੇ ਤੇ ਨਾਮ ਬਾਣੀ ਦਾ ਪਰਵਾਹ ਜਾਰੀ ਰੱਖਦੇ ਸਨ। ਇਕ ਵਾਰੀ ਜਦੋਂ ਕੁਰੀ ਵਲ ਜਾ ਰਹੇ ਸਨ ਤਾਂ ਰਸਤੇ ਵਿਚ ਗੁਜਰਾਂਵਾਲੇ ਡੇਰਾ ਕੀਤਾ। ਬਾਬਾ ਜੀ ਦੇ ਨਾਲ ਇਸ ਵੇਲੇ ਕੋਈ ਤਿੰਨ ਹਜ਼ਾਰ ਦੇ ਲਗਭਗ ਸੰਗਤ ਸੀ। ਬਾਬਾ ਜੀ ਦੇ ਸਾਰੇ ਡੇਰੇ ਦੀ ਸਰਦਾਰ ਜਵਾਹਰ ਸਿੰਘ ਸਪੁੱਤਰ ਸਰਦਾਰ ਹਰੀ ਸਿੰਘ ਨਲੂਏ ਨੇ ਰੋਟੀ ਆਖੀ ਤੇ ਬਹੁਤ ਵਧੀਆ ਭੋਜਨ ਤਿਆਰ ਕਰਵਾ ਕੇ ਖਵਾਏ। ਪਰਸ਼ਾਦ ਛਕ ਬਾਬਾ ਜੀ ਨੇ ਅਰਦਾਸ ਕੀਤੀ ਤੇ ਕਿਹਾ, "ਰਸਦ ਪਾਣੀ ਗੁਰੂ ਕੀ ਤੇ ਟਹਿਲ ਹਲਵਾਈਆਂ ਦੀ ਪਰਵਾਨ ਹੋਵੇ।" ਇਹ ਸੁਣ ਕੇ ਸਰਦਾਰ ਜਵਾਹਰ ਸਿੰਘ ਸਖਤ ਹੈਰਾਨ ਹੋਏ। ਬਾਬਾ ਜੀ ਨੇ ਸਮਝਾਇਆ ਕਿ ਜਿਹੜਾ ਸੇਵਾ ਕਰਦਾ ਹੈ ਫਲ ਉਸੇ ਨੂੰ ਮਿਲਦਾ ਹੈ। ਸੇਵਾ ਕਰਨ ਵਿਚ ਹਉਮੈ ਦਾ ਤਿਆਗ ਤੇ ਨਿਮਰਤਾ ਭਾਵ ਹੋਣਾ ਚਾਹੀਦਾ ਹੈ। ਸਰਦਾਰ ਜਵਾਹਰ ਸਿੰਘ ਨੇ ਦੂਜੇ ਦਿਨ ਫੇਰ ਰੋਟੀ ਆਖੀ। ਇਸ ਵਾਰੀ ਬਾਬਾ ਜੀ ਨੂੰ ਤੇ ਉਨ੍ਹਾਂ ਦੇ ਡੇਰੇ ਨੂੰ ਬੜੀ ਸਾਦਾ ਰੋਟੀ ਖੁਆਈ। ਬੜੇ ਪਿਆਰ ਨਾਲ ਆਪ ਸੇਵਾ ਕੀਤੀ ਜਿਸ ਨਾਲ ਬਾਬਾ ਜੀ ਬਹੁਤ ਪ੍ਰਸੰਨ ਹੋਏ ਤੇ ਅਰਦਾਸਾ ਸੋਧਿਆ ਕਿ ਸਰਦਾਰ ਜਵਾਹਰ ਸਿੰਘ ਦੇ ਘਰ ਵਾਹਿਗੁਰੂ ਔਲਾਦ ਬਖਸ਼ੇ। ਕਹਿੰਦੇ ਹਨ ਕਿ ਥੋੜੇ ਚਿਰ ਪਿਛੋਂ ਸਰਦਾਰ ਜਵਾਹਰ ਸਿੰਘ ਦੇ ਘਰ ਇਕ ਲੜਕਾ ਹੋਇਆ ਜਿਸ ਦਾ ਨਾਂ ਕਰਮ ਸਿੰਘ ਰਖਿਆ ਪਰ ਉਹ ਢਾਈ ਸਾਲ ਦਾ ਹੋਕੇ ਚਲਾਣਾ ਕਰ ਗਿਆ।

ਬਾਬਾ ਬੀਰ ਸਿੰਘ ਜੀ ਕੋਲ ਅਨੇਕ ਪ੍ਰਕਾਰ ਦੇ ਲੋਕ ਆਉਂਦੇ ਸਨ ਤੇ ਵਿਸ਼ੇਸ਼ ਕਰਕੇ ਮਾਝੇ ਦੀਆਂ ਸੰਗਤਾਂ ਵਿੱਚ ਆਪ ਦੀ ਬਹੁਤ ਮਾਨਤਾ ਸੀ। ਸਰਕਾਰੀ ਮੁਲਾਜ਼ਮ ਤੇ ਫ਼ੌਜੀ ਅਫਸਰ ਆਪ ਜੀ ਤੇ ਬਹੁਤ ਵਿਸ਼ਵਾਸ਼ ਰਖਦੇ ਸਨ ਤੇ ਸਤਿਕਾਰ ਕਰਦੇ ਸਨ। ਇਕ ਵਾਰੀ ਇਕ ਸਰਦਾਰ ਦਰਸ਼ਨਾਂ ਨੂੰ ਆਇਆ ਤੇ ਪੰਜ ਸੌ ਰੁਪਿਆ ਭੇਟਾ ਰਖਿਆ। ਬਾਬਾ ਜੀ ਨੇ ਪੰਜ ਸੌ ਰੁਪਿਆਂ ਵਾਪਸ ਕਰ ਦਿਤਾ ਤੇ ਕਿਹਾ ਕਿ ਇਹ ਰਕਮ ਉਨ੍ਹਾਂ ਆਪਣੇ ਨੌਕਰਾਂ ਨੂੰ ਦੇ ਦੇਵੇ ਜਿਨ੍ਹਾਂ ਦੀਆਂ ਤਲਬਾਂ ਉਨ੍ਹਾਂ ਪਿਛਲੇ ਤਿੰਨਾਂ ਮਹੀਨਿਆਂ ਤੋਂ ਰੋਕੀਆਂ ਹੋਈਆਂ ਸਨ।

ਬਾਬਾ ਬੀਰ ਸਿੰਘ ਜੀ ਦਾ ਪਿਆਰ ਮਈ ਵਰਤਾਰਾ, ਸੰਗਤਾਂ ਦੀ ਸੇਵਾ, ਸਿਖੀ ਪ੍ਰਚਾਰ, ਨਾਮ ਬਾਣੀ ਸਿਮਰਨ, ਸਿਖ ਜਨਤਾ ਵਿੱਚ ਇਨਾਂ ਹਰਮਨ ਪਿਆਰਾ ਹੋ ਗਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਦਿਹਾਂਤ ਤੋਂ ਪਿਛੋਂ ਡੋਗਰਿਆਂ ਦੀ ਕੁਟਲ ਨੀਤੀ ਨੂੰ ਆਪ ਪਾਸੋਂ ਖਤਰਾ ਭਾਸਣ ਲਗਾ।

ਸ਼ਹੀਦੀ—

'ਯਾਰੀ ਪਰਖੀਐ ਯਾਰਾਂ ਦੀ।
ਜਦੋਂ ਮਾਰ ਪਵੇ ਤਲਵਾਰਾਂ ਦੀ।' (ਬਾਬਾ ਬੀਰ ਸਿੰਘ)

੧੮੩੯ ਈਸਵੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਨਾਲ ਸਿਖ ਰਾਜ ਦਾ ਸਤਾਰਾ ਵੀ ਡੁਬ ਗਿਆ। ਡੋਗਰਾ-ਸ਼ਾਹੀ ਆਰੰਭ ਹੋ ਗਈ। ਹਾਲੀ ਮਹਾਰਾਜਾ ਖੜਕ ਸਿੰਘ

ਦੇ ਸਰੀਰ ਨੂੰ ਲਂਬੂ ਲਗਾ ਹੀ ਸੀ ਕਿ ਉਸਦੇ ਲੜਕੇ ਦੀ ਚਿਖਾ ਵੀ ਤਿਆਰ ਹੋ ਗਈ ਤੇ ਰਾਜਾ ਧਿਆਨ ਸਿੰਘ ਨੇ ਮਹਾਰਾਜਾ ਸ਼ੇਰ ਸਿੰਘ ਨੂੰ ਸਦ ਕੇ ਗੱਦੀ ਤੇ ਬਿਠਾ ਦਿਤਾ । ਮਹਾਰਾਜਾ ਸ਼ੇਰ ਸਿੰਘ ਸਰਦਾਰ ਲਹਿਣਾ ਸਿੰਘ ਤੇ ਅਜੀਤ ਸਿੰਘ ਸੰਧਾਵਾਲੀਏ ਦੇ ਹਥੋਂ ਸ਼ਹੀਦੀ ਪ੍ਰਾਪਤ ਕਰ ਗਏ । ਰਾਜਾ ਧਿਆਨ ਸਿੰਘ ਵੀ ਕਤਲ ਹੋ ਗਿਆ । ਉਸਦੇ ਪੁੱਤਰ ਰਾਜਾ ਹੀਰਾ ਸਿੰਘ ਨੇ ਸਿੱਖ ਫੌਜਾਂ ਨੂੰ ਭੜਕਾ ਕੇ ਲਾਹੌਰ ਦੇ ਕਿਲ੍ਹੇ ਤੇ ਕਬਜ਼ਾ ਕਰ ਲਿਆ ਤੇ ਸ: ਲਹਿਣਾ ਸਿੰਘ ਤੇ ਅਜੀਤ ਸਿੰਘ ਨੂੰ ਕਤਲ ਕਰਾ ਦਿਤਾ । ਸਰਦਾਰ ਅਤਰ ਸਿੰਘ ਸੰਧਾਵਾਲੀਆ ਜਿਹੜਾ ਕਿ ਲਾਹੌਰ ਵਲ ਆ ਰਿਹਾ ਸੀ, ਆਪਣੇ ਭਰਾ ਦੇ ਭਤੀਜੇ ਦਾ ਕਤਲ ਸੁਣ ਕੇ ਸਤਲੁਜੋਂ ਪਾਰ ਨਸ ਗਿਆ। ਰਾਜਾ ਹੀਰਾ ਸਿੰਘ ਨੇ ਕੰਵਰ ਦਲੀਪ ਸਿੰਘ ਦੇ ਗੱਦੀ ਤੇ ਬੈਠਣ ਦਾ ਐਲਾਨ ਕਰ ਦਿਤਾ ਤੇ ਆਪ ਵਜ਼ੀਰ ਬਣ ਗਿਆ ।

ਲਾਹੌਰ ਦੇ ਸ਼ਾਹੀ ਘਰਾਣੇ ਵਿਚ ਇਹ ਮਾਰ-ਧਾੜ ਤੇ ਸਿੱਖ ਰਾਜ ਵਿਚ ਆਪੋ ਧਾਪੀ ਵੇਖ ਕੇ ਬਾਬਾ ਬੀਰ ਸਿੰਘ ਜੀ ਨੂੰ ਬਹੁਤ ਦੁਖ ਹੁੰਦਾ ਸੀ । ਬਾਬਾ ਜੀ ਸਿੱਖ ਰਾਜ ਨੂੰ ਗੁਰੂ ਗੋਬਿੰਦ ਸਿੰਘ ਦੀ ਅਮਾਨਤ ਸਮਝਦੇ ਸਨ ਤੇ ਕਿਹਾ ਕਰਦੇ ਸਨ ਕਿ ਖਾਲਸੇ ਦਾ ਰਾਜ ਵਿੱਚ ਕਿਸੇ ਨੂੰ ਆਪਣੇ ਸਵਾਰਥ ਲਈ ਲਾਹੌਰ ਦਰਬਾਰ ਵਿੱਚ ਖਲਬਲੀ ਮਚਾਣ ਦਾ ਹੱਕ ਨਹੀਂ ਹੈ । ਡੋਗਰੇ ਸਰਦਾਰ ਸਦਾ ਮਨ ਮਾਨੀਆਂ ਕਰਦੇ ਹਨ ਤੇ ਸਿੱਖ ਰਾਜ ਦੇ ਲਾਭ ਨੂੰ ਮੁਖ ਨਹੀਂ ਸਨ ਰੱਖਦੇ।

ਰਾਜਾ ਹੀਰਾ ਸਿੰਘ ਨੂੰ ਬਾਬਾ ਬੀਰ ਸਿੰਘ ਜੀ ਦੀ ਵਧਦੀ ਪ੍ਰਭਤਾ ਬਹੁਤ ਚੁਭਦੀ ਸੀ। ਬਾਬਾ ਜੀ ਦੀ ਸੰਗਤ ਵਿਚ ਬੜੀ ਮਾਨਤਾ ਸੀ । ਫੌਜੀ ਸਿੱਖ ਵਿਸ਼ੇਸ਼ ਕਰਕੇ ਆਪ ਤੇ ਬਹੁਤ ਸ਼ਰਧਾ ਰੱਖਦੇ ਸਨ । ਆਪ ਦਾ ਲੰਗਰ ਸਦਾ ਅਤੁਟ ਚਲਦਾ ਸੀ ਤੇ ਲਾਹੌਰ ਦਰਬਾਰ ਵਿਚ ਬਦ-ਅਮਨੀ ਹੋਣ ਕਰਕੇ ਆਪ ਦੇ ਡੇਰੇ ਦੀ ਰੌਣਕ ਦਿਨ-ਬ-ਦਿਨ ਵਧਦੀ ਜਾਂਦੀ ਸੀ । ਬਹੁਤ ਸਾਰੇ ਫੌਜੀ ਅਫ਼ਸਰ ਆਪਣੀਆਂ ਜਾਨਾਂ ਬਚਾਉਣ ਲਈ ਆਪਣੇ ਬਾਲ ਬਚਿਆਂ ਸਮੇਤ ਬਾਬਾ ਜੀ ਦੇ ਡੇਰੇ ਆ ਗਏ ਹੋਏ ਸਨ ਤੇ ਬਾਬਾ ਜੀ ਹਰ ਇਕ ਦੀ ਸੇਵਾ ਕਰਦੇ ਸਨ । ਜਿਸ ਵੇਲੇ ਰਾਜਾ ਹੀਰਾ ਸਿੰਘ ਵਜ਼ੀਰ ਬਣਿਆਂ ਉਸ ਵੇਲੇ ਬਾਬਾ ਜੀ ਦੇ ਡੇਰੇ ਦੀ ਗਿਣਤੀ ੧੨੦੦ ਦੇ ਕਰੀਬ ਸੀ ਤੇ ਦੋ ਤਿੰਨ ਸੌ ਘੋੜ-ਚੜ੍ਹੇ ਤੇ ਦੋ ਸੌ ਬੰਦੂਕਾਂ ਸਨ ।

ਰਾਜਾ ਹੀਰਾ ਸਿੰਘ, ਸਰਦਾਰ ਅਜੀਤ ਸਿੰਘ, ਲਹਿਣਾ ਸਿੰਘ ਸੰਧਾ-ਵਾਲੀਏ ਤੇ ਆਪਣੇ ਸਕੇ ਚਾਚਾ ਰਾਜਾ ਸੁਚੇਤ ਸਿੰਘ ਦਾ ਖਾਤਮਾ ਕਰਕੇ ਬਾਬਾ ਬੀਰ ਸਿੰਘ ਜੀ ਨੂੰ ਖਤਮ ਕਰਨਾ ਚਾਹੁੰਦਾ ਸੀ, ਕਿਉਂਕਿ ਬਾਬਾ ਜੀ ਵਧਦੀ ਮਹਾਨਤਾ ਉਸ ਨੂੰ ਖਤਰੇ ਦਾ ਕਾਰਨ ਜਾਪਦੀ ਸੀ। ਕਾਰਮਿਚਲ ਸਮਿਥ ਲਿਖਦਾ ਹੈ ਕਿ ਜੇਕਰ ਰਾਜਾ ਹੀਰਾ ਸਿੰਘ ਬਾਬਾ ਬੀਰ ਸਿੰਘ ਨੂੰ ਸ਼ਹੀਦ ਕਰਵਾਉਣ ਦੀ ਕੁਟਲ ਨੀਤੀ ਆਪਣੀਆਂ ਫੌਜਾਂ ਨੂੰ ਦਸ ਦੇਂਦੇ ਤਾਂ ਸਿੱਖ ਫੌਜਾਂ ਨੇ ਉਸ ਨੂੰ ਮਾਰ ਦੇਣਾ ਸੀ:-

"Had they (Raja Heera Singh and Pandit Jalla) openly avowed this design to the army it would have cost them their lives for the soldiers held the Baba in high respect and reverence. They flocked to him daily with their alms and offerings and he in return treated them liberally keeping a free table, which was supplied with food for fifteen hundred every day."

ਇਹ ਸਭ ਕੁਝ ਜਾਣਦਾ ਹੋਇਆ ਰਾਜਾ ਹੀਰਾ ਸਿੰਘ ਬਹੁਤ ਸਿਆਣਪ ਤੇ ਚਲਾਕੀ ਨਾਲ ਚਲਿਆ । ਉਸ ਨੇ ਬਾਬਾ ਜੀ ਨਾਲ ਚਿਠੀ ਪੱਤਰ ਅਰੰਭ ਕੀਤੀ ਤੇ ਲਿਖਿਆ ਕਿ ਉਹ ਤੇ ਮਹਾਰਾਜਾ ਦਲੀਪ ਸਿੰਘ ਬਾਬਾ ਜੀ ਦੇ ਬਚਿਆਂ ਵਾਂਗੂੰ ਹਨ ਤੇ ਬਾਬਾ ਜੀ ਨੂੰ ਪਿਤਾ ਜੀ ਸਮਾਨ ਤੁਲਨਾ ਦਿੱਤੀ । ਚਿੱਠੀ ਦੇ ਨਾਲ ਬਹੁਤ ਤੋਹਫ਼ੇ ਤੇ ਰਕਮ ਭੇਜੀ ਤੇ ਨਾਲ ਹੀ ਲਿਖਿਆ ਕਿ ਜਦੋਂ ਤੁਸੀਂ ਹੁਕਮ ਕਰੋਗੇ ਜਾਗੀਰ ਲੰਗਰ ਵਾਸਤੇ ਲੁਆ ਦਿਤੀ ਜਾਵੇਗੀ ਤੇ ਨਾਲ ਹੀ ਦੂਜੇ ਪਾਸੇ ਰਾਜਾ ਹੀਰਾ ਸਿੰਘ ਨੇ ਜਨਰਲ ਮਹਿਤਾਬ ਸਿੰਘ[1] ਮਜੀਠੀਏ ਨੂੰ ਬਹੁਤ ਇਨਾਮ ਆਦਿ ਦੇ ਕੇ ਅੰਮ੍ਰਿਤਸਰ ਭੇਜਿਆ ਕਿ ਉਹ ਜਾ ਕੇ ਅਤਰ ਸਿੰਘ ਸੰਧਾਂਵਾਲੀਏ ਨੂੰ ਚਿੱਠੀ ਲਿਖੇ ਕਿ ਉਹ ਸਤਲੁਜ ਲੰਘ ਆਵੇ ਤੇ ਸਿੱਖ ਫੌਜਾਂ ਉਸ ਨਾਲ ਮਿਲ ਜਾਣਗੀਆਂ ।

ਇਸ ਤੋਂ ਇਲਾਵਾ ਸਵਾ ਰਾਜਾ ਹੀਰਾ ਸਿੰਘ ਨੇ ਗੁਲਾਬ ਸਿੰਘ ਕਲਕਤੀਆਂ[2] ਜਿਹੜਾ ਸੰਧਾਂਵਾਲੀਏ ਸਰਦਾਰਾਂ ਨਾਲ ਬੜੀ ਈਰਖਾ ਰਖਦਾ ਸੀ, ਨੂੰ ਸੂਚਨਾ ਕੀਤੀ ਕਿ ਉਹ ਜਾਅਲੀ ਚਿਠੀਆਂ ਬਣਾ ਕੇ ਸਰਦਾਰ ਅੱਤਰ ਸਿੰਘ ਸੰਧਾਂਵਾਲੀ ਨੂੰ ਲਿਖੇ ਕਿ ਉਹ ਸਤਲੁਜ ਲੰਘ ਕੇ ਬਾਬਾ ਬੀਰ ਸਿੰਘ ਦੇ ਡੇਰੇ ਨਾਲ ਆ ਮਿਲੇ ਤਾਂ ਉਸਦੀ ਤੇ ਰਾਜਾ ਹੀਰਾ ਸਿੰਘ ਦੀ ਸੁਲਾਹ ਕਰਵਾ ਦਿਤੀ ਜਾਵੇਗੀ । ਇਸ ਤੋਂ ਇਲਾਵਾ ਬਾਬਾ ਬੀਰ ਸਿੰਘ ਜੀ ਵਲ ਵੀ ਅਨੇਕਾਂ ਸਰਦਾਰਾਂ ਵਲੋਂ ਤੇ ਫ਼ੌਜੀ ਅਫ਼ਸਰਾਂ ਵਲੋਂ ਜਾਅਲੀ ਚਿਠੀਆਂ ਬਣਵਾ ਕੇ ਭਿਜਵਾਈਆਂ ਗਈਆਂ ਜਿਨ੍ਹਾਂ ਦਾ ਭਾਵ ਇਹ ਸੀ ਕਿ ਸਿੱਖ ਫੌਜਾਂ ਸ. ਅਤਰ ਸਿੰਘ ਦੇ ਨਾਲ ਹਨ ਤੇ ਉਸ ਦੇ ਆਉਣ ਤੇ ਉਸ ਦੀ ਤੇ ਰਾਜਾ ਹੀਰਾ ਸਿੰਘ ਦੀ ਸੁਲਾਹ ਕਰਵਾ ਦਿਤੀ ਜਾਵੇਗੀ ਤੇ ਪਹਿਲਾਂ ਵਾਂਗ ਉਸਦੀ

---

੧. ਜਨਰਲ ਮਹਿਤਾਬ ਸਿੰਘ ਸਰਦਾਰ ਅਮਰ ਸਿੰਘ ਮਜੀਠੀਏ ਦਾ ਪੁੱਤਰ ਸੀ ਤੇ ਮਹਾਰਾਜਾ ਸ਼ੇਰ ਸਿੰਘ ਦੇ ਜ਼ਮਾਨੇ ਵਿਚ ਇਸ ਨੂੰ ਜਨਰਲ ਦਾ ਔਹੁਦਾ ਮਿਲਿਆ । ਇਹ ਰਾਜਾ ਹੀਰਾ ਸਿੰਘ ਦੇ ਝਾਂਸੇ ਵਿੱਚ ਆ ਗਿਆ ਤੇ ਸ. ਅਤਰ ਸਿੰਘ ਨੂੰ ਚਿਠੀਆਂ ਲਿਖ ਦਿਤੀਆਂ ਕਿ ਉਹ ਸਤਲੁਜੋਂ ਟਪ ਆਵੇ ਤਾਂ ਸਿੱਖ ਫੌਜਾਂ ਉਸ ਨਾਲ ਮਿਲ ਜਾਣਗੀਆਂ । ਅਖੀਰ ਰਾਜਾ ਹੀਰਾ ਸਿੰਘ ਤੇ ਪੰਡਤ ਜਲਾ ਦੀ ਮੌਤ ਵੀ ਇਸ ਦੇ ਹਥੋਂ ਹੋਈ ।
ਚੀਫਸ ਐਂਡ ਫੈਮੀਲੀਜ਼ ਆਫ਼ ਨੋਟ ਪੰਨਾ ੫੧੮-੫੧੯

੨. ਇਕ ਵਾਰੀ ੧੮੩੪ ਵਿਚ ਸ. ਗੁਜਰ ਸਿੰਘ ਮਜੀਠੀਏ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਕਲਕਤੇ ਅੰਗਰੇਜ਼ਾਂ ਲਈ ਕੁਝ ਤੋਹਫ਼ੇ ਦੇ ਕੇ ਭੇਜਿਆ ਸੀ । ਸਰਦਾਰ ਗੁਜਰ ਸਿੰਘ ਦੀ ਬਾਡੀ ਗਾਰਡ ਦਾ ਸ. ਗੁਲਾਬ ਸਿੰਘ ਮੁਖੀਆ ਸੀ ਇਸ ਕਰਕੇ ਇਸ ਦਾ ਨਾਂ ਗੁਲਾਬ ਸਿੰਘ ਕਲਕਤੀਆਂ ਪੈ ਗਿਆ ।
ਵੇਖੋ ਚੀਫ਼ਸ ਐਂਡ ਫੈਮੇਲੀਜ਼ ਆਫ਼ ਨੋਟ, ਜਿਲਦ ਪਹਿਲੀ ਪੰਨਾ – ੪੨੧ ।

ਜਾਗੀਰ ਉਸ ਨੂੰ ਵਾਪਸ ਮਿਲ ਜਾਵੇਗੀ ਤੇ ਹੋ ਸਕਦਾ ਹੈ ਕਿ ਉਸ ਦਾ ਅਹੁਦਾ ਤੇ ਰੁਤਬਾ ਪਹਿਲਾਂ ਨਾਲੋਂ ਵੀ ਉੱਚਾ ਹੋ ਜਾਵੇ ।

ਇਨ੍ਹਾਂ ਸਭ ਚਿੱਠੀਆਂ ਨੂੰ ਸੱਚ ਮੰਨ ਕੇ ਬਾਬਾ ਜੀ ਨੇ ਵੀ ਸਰਦਾਰ ਅੱਤਰ ਸਿੰਘ ਨੂੰ ਲਿਖਿਆ ਕਿ ਉਹ ਉਨ੍ਹਾਂ ਦੇ ਡੇਰੇ ਵਿਚ ਆ ਜਾਵੇ । ਸਰਦਾਰ ਅੱਤਰ ਸਿੰਘ ਤੇ ਜਨਰਲ ਮਹਿਤਾਬ ਸਿੰਘ ਦੀ ਚਿੱਠੀ ਪੱਤਰ ਵੀ ਹਰ ਰੋਜ਼ ਰਾਜਾ ਹੀਰ ਸਿੰਘ ਕੋਲ ਭੇਜੀ ਜਾਂਦੀ ਸੀ ਤੇ ਇਸ ਤਰ੍ਹਾਂ ਰਾਜਾ ਹੀਰਾ ਸਿੰਘ ਨੂੰ ਸਰਦਾਰ ਅੱਤਰ ਸਿੰਘ ਦੀ ਹਰ ਗੱਲ ਦਾ ਪਤਾ ਲਗਦਾ ਰਹਿੰਦਾ ਸੀ। ਸ. ਅੱਤਰ ਸਿੰਘ ਇਸ ਕੂਟਲ ਨੀਤੀ ਵਿਚ ਆ ਗਿਆ ਤੇ ਸਤਲੁਜ ਪਾਰ ਕਰਕੇ ਬਾਬਾ ਬੀਰ ਸਿੰਘ ਦੇ ਡੇਰੇ ਜਿਹੜਾ ਕਿ ਉਸ ਵੇਲੇ ਸਤਲੁਜ ਦੇ ਕੰਢੇ ਤੇ ਸੀ ਆ ਗਿਆ ।

ਉਸ ਵੇਲੇ ਜਲੰਧਰ ਦਾ ਫ਼ੌਜਦਾਰ ਸ਼ੇਖ ਗੁਲਾਮ ਮਹਈਉਦੀਨ ਸੀ[1] । ਰਾਜਾ ਹੀਰਾ ਸਿੰਘ ਨੇ ਹੁਕਮ ਭੇਜਿਆ ਕਿ ਉਹ ਹਰ ਵੇਲੇ ੧੫੦੦ ਆਦਮੀ ਬਾਬਾ ਜੀ ਦੇ ਡੇਰੇ ਦੇ ਨੇੜੇ ਰਖੇ ਤੇ ਰੌਲਾ ਪੈਣ ਤੇ ਖਾਸ-ਖਾਸ ਬੰਦਿਆਂ ਨੂੰ ਮਾਰ ਦੇਵੇ ਜਿਸ ਦੀ ਕਿ ਲਿਸਟ ਉਸ ਨੂੰ ਪਹਿਲਾਂ ਭੇਜੀ ਗਈ ਸੀ [2]

ਜਦੋਂ ਇਹ ਸਾਰੀ ਕੂਟਲਨੀਤੀ ਸੰਪੂਰਨ ਹੋ ਗਈ ਤਾਂ ਰਾਜਾ ਹੀਰਾ ਸਿੰਘ ਨੇ ਸਿੱਖ ਫੌਜਾਂ ਦੇ ਪੰਚਾਂ ਨੂੰ ਸਦ ਕੇ ਕਿਹਾ, "ਖਾਲਸਾ ਜੀ ਤੁਸਾਂ ਸੁਣਿਆ ਹੋਵੇਗਾ ਕਿ ਅੱਤਰ ਸਿੰਘ ਸੰਧਾਂਵਾਲੀਆ ਖਾਲਸਾ ਦਰਬਾਰ ਦੀ ਵਜ਼ਾਰਤ ਖੋਹਣ ਲਈ ਬਾਬਾ ਬੀਰ ਸਿੰਘ ਜੀ ਕੋਲ ਆ ਗਿਆ ਹੈ । ਕੰਵਰ ਕਸ਼ਮੀਰਾ ਸਿੰਘ (ਮਹਾਰਾਜਾ ਰਣਜੀਤ ਸਿੰਘ ਦਾ ਪੁੱਤਰ) ਵੀ ਉਥੇ ਮੌਜੂਦ ਹੈ। ਇਨ੍ਹਾਂ ਦੀ ਇਹ ਮਨਸ਼ਾ ਹੈ ਕਿ ਮੈਨੂੰ ਬੇਗੁਨਾਹ ਨੂੰ ਖਾਲਸਾ ਮਾਰ ਦੇਵੇ ਤੇ ਉਸ ਨੂੰ ਵਜ਼ੀਰ ਬਣਾ ਦੇਵੇ । ਅੱਤਰ ਸਿੰਘ ਨੇ ਅੰਗਰੇਜ਼ਾਂ ਨਾਲ ਵੀ ਪ੍ਰਬੰਧ ਕਰ ਲਿਆ ਤੇ ਇਕਰਾਰ ਕੀਤਾ ਹੈ ਕਿ ਜਦੋਂ ਉਹ ਲਾਹੌਰ ਦਰਬਾਰ ਦਾ ਵਜ਼ੀਰ ਹੋ ਜਾਵੇਗਾ ਤੇ ਉਨ੍ਹਾਂ ਨੂੰ ਪੰਜਾਬ ਵਿੱਚ ਦਖਲ ਦੇਣ ਲਈ ਬਹੁਤ ਸਾਰੀਆਂ ਸਹੂਲਤਾਂ ਦੇਵੇਗਾ । ਸਰਕਾਰੀ ਮੁਖਬਰਾਂ ਰਾਹੀਂ ਇਸ ਗੱਲ ਦੇ ਸਬੂਤ ਮਿਲ ਚੁਕੇ ਹਨ ਕਿ ਅੰਗਰੇਜ਼ਾਂ ਨੇ ਅੱਤਰ ਸਿੰਘ ਨਾਲ ਵਾਇਦਾ ਕੀਤਾ ਹੈ ਕਿ ਜੇਕਰ ਭਾਈ ਬੀਰ ਸਿੰਘ ਦੇ ਕਹਿਣ ਤੇ ਵਜ਼ੀਰੀ ਮਿਲ ਜਾਏ ਤਾਂ ਠੀਕ ਹੈ ਨਹੀਂ ਤੇ ਅੰਗਰੇਜ਼ੀ ਫ਼ੌਜ ਉਸਦੀ ਮਦਦ ਤੇ ਪੂਹੰਚ ਜਾਵੇਗੀ ਤੇ ਖਲਸਾ ਫ਼ੌਜ ਨੂੰ ਹਾਰ ਦੇ ਕੇ ਉਸ ਨੂੰ ਵਜ਼ੀਰ ਬਣਾ ਦੇਵੇਗੀ ਤੇ ਉਸ ਦੀ ਰਾਖੀ ਲਈ ਹਰ ਵੇਲੇ ਫ਼ੌਜ ਲਾਹੌਰ ਰਹੇਗੀ । ਸੋ ਖਾਲਸਾ ਜੀ ਜੇਕਰ ਬਾਬਾ ਬੀਰ ਸਿੰਘ

੧. ਸ਼ੇਖ ਗੁਲਾਮ ਮੁਹਈਉਦੀਨ ਸ਼ੇਖ ਇਮਾਮਉਦੀਨ ਦਾ ਪੁੱਤਰ ਸੀ । ਜ਼ਾਤ ਦਾ ਜੁਲਾਹਿਆ ਤੇ ਜਲੰਧਰ ਸ਼ਹਿਰ ਦਾ ਵਸਨੀਕ ਸੀ । ਇਸ ਨੂੰ ਸਾਰੇ ਦੁਆਬੇ ਦੀ ਅਜਾਰੇਦਾਰੀ ਮਿਲ ਗਈ ਹੋਈ ਸੀ । ਦੀਵਾਨ ਕਿਰਪਾ ਰਾਮ ਨੇ ਇਸ ਨੂੰ ਕਸ਼ਮੀਰ ਦਾ ਗਵਰਨਰ ਨੀਯਤ ਕਰਵਾਇਆ ਸੀ ।

2. Reigning Families of Lahore, Page 116.

ਲਈ ਤੁਸਾਂ ਮੈਨੂੰ ਕਤਲ ਕਰਨਾ ਹੈ ਤਾਂ ਖਾਲਸਾ ਮੇਰੀ ਜਾਨ ਬਖ਼ਸ਼ ਦੇਵੇ ਤੇ ਮੈਨੂੰ ਆਗਿਆ ਦੇਵੇ ਕਿ ਮੈਂ ਦਰਬਾਰ ਛਡ ਕੇ ਆਪਣੇ ਘਰ ਚਲਿਆ ਜਾਵਾਂ। ਜੇਕਰ ਖਾਲਸਾ ਮੇਰੇ ਖਾਣ ਵਾਸਤੇ ਕੁਝ ਦੇਵੇ ਤਾਂ ਵਾਹ, ਵਾਹ ਨਹੀਂ ਤੇ ਮੈਂ ਵੈਸੇ ਵੀ ਸੰਤੁਸ਼ਟ ਹਾਂ''[੧]।

ਇਸ ਜੋਸ਼ੀਲੀ ਤਕਰੀਰ ਦਾ ਪੰਚਾਂ ਤੇ ਬਹੁਤ ਅਸਰ ਪਿਆ। ਅੰਗ੍ਰੇਜ਼ਾਂ ਦੀ ਗੁਲਾਮੀ ਦਾ ਨਾਂ ਲੈ ਕੇ ਰਾਜਾ ਹੀਰਾ ਸਿੰਘ ਨੇ ਉਨ੍ਹਾਂ ਨੂੰ ਖੂਬ ਭੜਕਾਇਆ ਤੇ ਉਹ ਰੋਹ ਵਿਚ ਆ ਗਏ ਤੇ ਕਹਿਣ ਲਗੇ : ''ਭਾਈ ਬੀਰ ਸਿੰਘ ਤਾਂ ਫਕੀਰ ਹੈ ਉਸਨੂੰ ਰਾਜਨੀਤੀ ਦਾ ਕੀ ਪਤਾ ਹੈ। ਖਾਲਸਾ ਇਸ ਤਰ੍ਹਾਂ ਦਾ ਮੂਰਖ ਨਹੀਂ ਹੈ ਕਿ ਉਸਦੇ ਕਹਿਣ ਨਾਲ ਸਰਦਾਰ ਅੱਤਰ ਸਿੰਘ ਨੂੰ ਜਿਸਦੀ ਸਾਜ਼ਸ਼ ਅੰਗਰੇਜ਼ਾਂ ਨਾਲ ਸਾਬਤ ਹੋ ਚੁੱਕੀ ਹੈ, ਆਪਣਾ ਵਜ਼ੀਰ ਬਣਾ ਲਵੇ ਤੇ ਆਪਣੇ ਹੱਥਾਂ ਨਾਲ ਆਪਣੇ ਗੱਲ ਤੇ ਛੁਰੀ ਚਲਾ ਦੇਵੇ। ਖਾਲਸਾ ਜੀ ਆਪ ਦੇ ਹੁਕਮ ਵਿਚ ਹੈ। ਜੇਕਰ ਅਧੀ ਰਾਤੀਂ ਵੀ ਕਹੋ ਤਾਂ ਅੱਤਰ ਸਿੰਘ ਨੂੰ ਸਜ਼ਾ ਦੇਣ ਲਈ ਤਿਆਰ ਹੋ ਜਾਵੇ। ਲੜਾਈ ਵੇਲੇ ਅਸੀਂ ਬਾਬਾ ਬੀਰ ਸਿੰਘ ਨੂੰ ਵਖਰਾ ਕਰ ਲਵਾਂਗੇ ਤੇ ਦੁਸ਼ਮਨਾਂ ਦਾ ਸਿਰ ਲਾਹ ਕੇ ਤੇਰੇ ਪੈਰਾਂ ਤੇ ਲਿਆ ਸੁਟਾਂਗੇ।'' ਪੰਚਾਂ ਦਾ ਇਹ ਜੋਸ਼ੀਲਾ ਉਤਰ ਸੁਣਕੇ ਰਾਜਾ ਹੀਰਾ ਸਿੰਘ ਬਹੁਤ ਖੁਸ਼ ਹੋਇਆ ਤੇ ਕਿਹਾ ''ਖਾਲਸਾ ਜੀ ਨੂੰ ਛੇਤੀ ਕਰਨੀ ਚਾਹੀਦੀ ਹੈ, ਨਹੀਂ ਤੇ ਅੰਗਰੇਜ਼ ਅੱਤਰ ਸਿੰਘ ਦੀ ਮਦਦ ਵਾਸਤੇ ਆ ਜਾਣਗੇ ਤੇ ਫੇਰ ਖਾਲਸਾ ਜੀ ਨੂੰ ਅੰਗਰੇਜ਼ਾਂ ਨਾਲ ਲੜਨਾ ਪਵੇਗਾ।'' ਰਾਜਾ ਹੀਰਾ ਸਿੰਘ ਨੇ ਦੂਸਰੇ ਦਿਨ ਹੀ ਸਿੱਖਾਂ ਦੀਆਂ ਅਠ ਪਲਟਨਾਂ ਦੋ ਰੈਜਮੈਂਟਾਂ ਤੇ ਤਿੰਨ ਤੋਪਖਾਨੇ ਸਤਲੁਜ ਵੱਲ ਭੇਜ ਦਿਤੇ[੨]।

ਉਨ੍ਹਾਂ ਦਿਨਾਂ ਵਿੱਚ ਬਾਬਾ ਬੀਰ ਸਿੰਘ ਦਾ ਡੇਰਾ ਫਿਰੋਜ਼ਪੁਰ ਦੇ ਉਰਾਰ ਲਾਹੌਰ ਤੋਂ ਚਾਲੀ ਮੀਲ ਦੇ ਫਾਸਲੇ ਤੇ ਸੀ। ਪੰਜਾਂ ਦਿਨਾਂ ਵਿਚ ਫੌਜਾਂ ਉਥੇ ਪੁਜ ਗਈਆਂ ਤੇ ਬਾਬਾ ਜੀ ਨੂੰ ਸੁਨੇਹਾ ਭੇਜਿਆਂ ਕਿ ਉਹ ਅੱਤਰ ਸਿੰਘ ਨੂੰ ਕੈਦ ਕਰਕੇ ਫੌਜ ਦੇ ਹਵਾਲੇ ਕਰ ਦੇਣ, ਜੇਕਰ ਇਹ ਨਹੀਂ ਹੋ ਸਕਦਾ ਤਾਂ ਉਸ ਨੂੰ ਆਪਣੇ ਡੇਰੇ ਵਿਚੋਂ ਕੱਢ ਦੇਣ ਤੇ ਜੇਕਰ ਇਹ ਵੀ ਨਹੀਂ ਕਰ ਸਕਦੇ ਤਾਂ ਆਪ ਡੇਰੇ ਤੋਂ ਦੂਰ ਚਲੇ ਜਾਣ, ਕਿਉਂਕਿ ਫਕੀਰਾਂ ਤੇ ਹੱਥ ਉਠਾਣਾ ਸਾਨੂੰ ਮਨਜ਼ੂਰ ਨਹੀਂ ਹੈ।

ਜਦੋਂ ਇਹ ਸੁਨੇਹਾ ਬਾਬਾ ਬੀਰ ਸਿੰਘ ਨੂੰ ਪੁੱਜਾ ਤਾਂ ਉਨ੍ਹਾਂ ਨੂੰ ਰਾਜਾ ਹੀਰਾ ਸਿੰਘ ਦੀਆਂ ਕਪਟੀ ਚਾਲਾਂ ਦਾ ਪਤਾ ਲਗਾ। ਰਾਜਾ ਹੀਰਾ ਸਿੰਘ ਦੇ ਹੀ ਲਿਖਣ ਤੇ ਸਰਦਾਰ ਅੱਤਰ ਸਿੰਘ ਨੂੰ ਬਾਬਾ ਜੀ ਨੇ ਸਤਲੁਜੋਂ ਉਰਾਰ ਆਉਣ ਤੇ ਪ੍ਰੇਰਿਆ ਸੀ ਤੇ ਫੇਰ ਆਪਣੇ ਕੋਲ ਰਖਿਆ ਸੀ। ਸੰਤਾਂ ਫਕੀਰਾਂ ਦੇ ਡੇਰੇ ਤੇ ਜੋ ਕੋਈ ਵੀ ਆ ਜਾਂਦਾ ਤਾਂ ਉਸ ਦੀ ਉਹ ਵੈਰ ਵਿਰੋਧ ਤੋਂ ਬਿਨਾਂ ਸੇਵਾ ਕਰਦੇ ਹਨ। ਜਿਸ ਨੂੰ ਨਿਸ਼ਕਾਮ ਸੇਵਾ ਕਹਿੰਦੇ ਹਨ ਉਹ ਉਨ੍ਹਾਂ ਦਾ ਮੁਖ ਉਦੇਸ਼ ਹੁੰਦਾ, ਇਸ ਵੇਲੇ ਆਪ ਦੇ ਡੇਰੇ ਵਿਚ ਬਹੁਤ ਸਾਰੇ ਜੋਸ਼ੀਲੇ ਲੋਕ ਵੀ ਸਨ ਜਿਨ੍ਹਾਂ ਕਿਹਾ ਕਿ ਅਸੀਂ

੧. ਤਾਰੀਖੇ ਪੰਜਾਬ, ਘਨਈਆ ਲਾਲ ਸਫਾ ੪੦੪।
2. Reigning families of Lahore.

ਇਨ੍ਹਾਂ ਨਾਲ ਲੜਾਂਗੇ ਤੇ ਡੇਰੇ ਦੀ ਹਿਫ਼ਾਜਤ ਕਰਾਂਗੇ । ਪਰ ਆਪ ਨੇ ਕਿਹਾ ਕਿ ਨਹੀਂ, ਭਰਾਵਾਂ ਤੇ ਹੱਥ ਨਹੀਂ ਚੁਕਣਾ । ਆਪ ਨੇ ਇਸ ਦੇ ਉਲਟ ਹਮਲਾਵਰ ਫੌਜ ਵਾਸਤੇ ਲੰਗਰ ਤਿਆਰ ਕਰਵਾਇਆ ਤੇ ਸਿਖਾਂ ਨੂੰ ਸਮਝਾਇਆ ਕਿ ਗੁਰੂ ਦੇ ਲੰਗਰੋਂ ਸਭ ਪ੍ਰਸ਼ਾਦੇ ਛਕ ਸਕਦੇ ਹਨ ਤੇ ਇਸ ਵਿੱਚ ਦੋਸਤੀ ਤੇ ਦੁਸ਼ਮਨੀ ਦਾ ਕੋਈ ਸਵਾਲ ਨਹੀਂ ।

ਰਾਜਾ ਹੀਰਾ ਸਿੰਘ ਦੀਆਂ ਫ਼ੌਜਾਂ ਦਾ ਸਵਾਗਤ ਬਾਬਾ ਜੀ ਨੇ ਬੜੇ ਪ੍ਰੇਮ ਨਾਲ ਕੀਤਾ। ਪਿਆਰ ਨਾਲ ਲੰਗਰ ਤਿਆਰ ਕਰਵਾਇਆ ਤੇ ਖਾਤਰ ਲਈ ਬਕਰੇ ਝਟਕਾ ਦਿਤੇ[੨] ਤੇ ਦੇਗਾਂ ਤਿਆਰ ਹੋ ਗਈਆਂ, ਜੋ ਸਿਖ ਰਾਜ ਦੀਆਂ ਫ਼ੌਜਾਂ ਪ੍ਰਸੰਨਤਾ ਨਾਲ ਪ੍ਰਸ਼ਾਦੇ ਛਕਣ ।

ਬਾਬਾ ਜੀ ਦਾ ਜਨਤਾ ਵਿਚ ਬਹੁਤ ਸਤਿਕਾਰ ਸੀ । ਦੈਵੀ ਗੁਣਾਂ ਦੇ ਮਾਲਕ ਬਾਬਾ ਜੀ ਨੇ ਆਪਣੇ ਸੇਵਾ ਭਾਵ ਨਾਲ ਤੇ ਆਤਮਕ ਜੀਵਨ ਦਾ ਐਸਾ ਪ੍ਰਭਾਵ ਸੀ ਕਿ ਫ਼ੌਜਾਂ ਤਿੰਨ ਦਿਨ ਡੇਰੇ ਦੇ ਬਾਹਰ ਖੜੀਆਂ ਰਹੀਆਂ । ਚੌਥੇ ਦਿਨ ਉਨ੍ਹਾਂ ਤੋਪਾਂ ਬਾਬਾ ਜੀ ਦੇ ਡੇਰੇ ਵਲ ਬੀੜ ਦਿੱਤੀਆਂ । ਬਾਬਾ ਜੀ ਦੇ ਡੇਰੇ ਵਿਚ ਫ਼ੌਜੀ ਵੀ ਸਨ ਤੇ ਸਾਮਾਨ ਵੀ ਸੀ ਪਰ ਬਾਬਾ ਜੀ ਨੇ ਕਿਸੇ ਨੂੰ ਅਗੋਂ ਟਾਕਰਾ ਕਰਨ ਦੀ ਆਗਿਆ ਨਾ ਦਿਤੀ । ਅਖ਼ੀਰ ੨੭ ਵਿਸਾਖ ੧੯੦੧ ਮੁਤਾਬਕ ੭ ਮਈ ੧੮੪੪ ਨੂੰ ਬਾਹਰਲੀਆਂ ਫ਼ੌਜਾਂ ਨੇ ਗੋਲਾ-ਬਾਰੀ ਅਰੰਭ ਦਿਤੀ ਤੇ ਪਹਿਲਾਂ ਗੋਲਾ ਬਾਬਾ ਜੀ ਨੂੰ ਲਗਾ ਤੇ ਉਨ੍ਹਾਂ ਦਾ ਸੱਜਾ ਗੋਡਾ ਉਡਾ ਕੇ ਦੂਰ ਸਾਰੇ ਲੈ ਗਿਆ । ਫੇਰ ਬਾਬਾ ਜੀ ਨੂੰ ਹੋਰ ਵੀ ਗੋਲੀਆਂ ਲਗੀਆਂ । ਬਾਬਾ ਜੀ ਨੇ ਗੁੱਸੇ ਵਿਚ ਕਿਹਾ ਕਿ ਉਹ ਰਾਜ ਕਾਇਮ ਨਹੀਂ ਰਹਿ ਸਕਦਾ ਜਿਸ ਵਿਚ ਬੇਗੁਨਾਹ ਮਨੁੱਖਾਂ ਨੂੰ ਮਾਰਿਆ ਜਾਏ । ਆਪ ਮਰਦੇ ਦਮ ਤਕ ਸ਼ਾਤਮਈ ਰਹਿਣ ਦਾ ਉਪਦੇਸ਼ ਦੇਂਦੇ ਰਹੇ ਤੇ ਕਹਿੰਦੇ ਰਹੇ ਕਿ ਤੁਸੀਂ ਭਰਾਵਾਂ ਤੇ ਹੱਥ ਨਹੀਂ ਚੁਕਣੇ। ਅਖੀਰ ਤੇ ਇਹ ਕਹਿੰਦੇ ਹੋਏ ਕਿ ਇਹ ਸਾਡਾ ਇਮਤਿਹਾਨ ਹੈ ਤੇ–

ਯਾਰੀ ਪਰਖੀਐ ਯਾਰਾਂ ਦੀ ।
ਜਦੋਂ ਮਾਰ ਪਏ ਤਲਵਾਰਾ ਦੀ [੩]

ਆਪ ਪ੍ਰਲੋਕ ਸਿਧਾਰ ਗੇ । ਇਸ ਘਮਸਾਨ ਵਿਚ ਸਰਦਾਰ ਅਤਰ ਸਿੰਘ ਤੇ ਕਨਵਰ ਕਸ਼ਮੀਰ ਸਿੰਘ ਵੀ ਮਾਰੇ ਗਏ ।

ਬਾਬਾ ਜੀ ਦਾ ਸਰੀਰ ਪਲੰਘ ਤੇ ਪਾ ਕੇ ਜਲ-ਪ੍ਰਵਾਹ ਕਰ ਦਿਤਾ ਗਿਆ ਪਰ ਆਪ ਦਾ ਪਲੰਗ ਮਠਿਆਲੇ ਪਿੰਡ ਕੰਢੇ ਲਗਕੇ ਰੁਕ ਗਿਆ ਤੇ ਗੰਡਾ ਸਿੰਘ ਰਾਮਗੜ੍ਹੀਏ ਨੇ ਪਲੰਘ ਬਾਹਰ ਕੱਢ ਕੇ ਦੇਹ ਦਾ ਸੰਸਕਾਰ ਕੀਤਾ । ਉਸ ਥਾਂ ਤੋਂ ਕੁਝ ਭਸਮ ਲੈ ਕੇ ਨੌਰੰਗਾਬਾਦ ਵੀ ਆਪ ਦੀ ਸਮਾਜ ਬਣਾਈ ਗਈ, ਜਿਥੇ ਹੁਣ ਵੀ ਆਪਦਾ ਡੇਰਾ ਪ੍ਰਸਿੱਧ ਹੈ ਅਤੇ ਕਥਾ ਕੀਰਤਨ ਤੇ ਲੰਗਰ ਵਰਤਦਾ ਹੈ [੨]

---

੧. ਤਾਰੀਖ਼ ਖਾਲਸਾ

੨. ਗੁਰਸ਼ਬਦ ਰਤਨਾਕਰ-ਭਾ. ਕਾਹਨ ਸਿੰਘ

੩. ਵਾਰੀਖ, ਗਿਆਨੀ ਗਿਆਨ ਸਿੰਘ

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਸ਼ਹਿਰੀ ਵਿਕਾਸ

ਅਠਾਰਵੀਂ ਸਦੀ ਦੇ ਅੱਧ ਵਿਚ ਪੰਜਾਬ ਦੇ ਸ਼ਹਿਰਾਂ ਦੀ ਹਾਲਤ ਬਹੁਤ ਵਿਗੜ ਗਈ ਸੀ । ਇਸ ਦੇ ਕਈ ਕਾਰਨ ਸਨ । ਪ੍ਰਮੁੱਖ ਕਾਰਨ ਨਾਦਰਸ਼ਾਹ ਦਾ ਹਮਲਾ ਤੇ ਉਸਦੇ ਪਿੱਛੋਂ ਅਹਿਮਦਸ਼ਾਹ ਅਬਦਾਲੀ ਦੇ ਹਮਲੇ ਸਨ ।੧੭੫੨ ਵਿਚ ਅਹਿਮਦਸ਼ਾਹ ਨੇ ਮੁਗਲ ਸਾਮਰਾਜ ਦੇ ਸੂਬੇ ਲਾਹੌਰ ਜਿਸਨੂੰ ਪੰਜਾਬ ਵੀ ਕਿਹਾ ਜਾਂਦਾ ਸੀ, ਅਤੇ ਸੂਬਾ ਮੁਲਤਾਨ ਅਤੇ ਦਿੱਲੀ ਸੂਬੇ ਦੇ ਕੁਝ ਹਿੱਸੇ, ਸਰਹਿੰਦ ਦੇ ਇਲਾਕੇ, ਕਾਬਲ ਦੇ ਅਫਗਾਨ ਸਾਮਰਾਜ ਨਾਲ ਜੋੜ ਲਏ ਸਨ। ਪਰ ਇਹ ਰਾਜਸੀ ਸਥਿਤੀ ਛੇਤੀ ਹੀ ਬਦਲ ਗਈ । ਮਰਹੌਟਿਆਂ ਤੇ ਅਫਗਾਨਾਂ ਦਾ ਯੁੱਧ ਹੋਇਆ। ਪਹਿਲਾਂ ਮਰਹੌਟਿਆਂ ਨੇ ਪੰਜਾਬ ਨੂੰ ਜਿੱਤ ਲਿਆ ਅਤੇ ਫੇਰ ਅਫ਼ਗਾਨਾਂ ਨੇ ਮਰਹੌਟਿਆਂ ਨੂੰ ਪਾਣੀਪਤ ਦੀ ਤੀਜੀ ਲੜਾਈ ਵਿਚ ਭਾਂਜ ਦਿੱਤੀ । ਫੇਰ ਅਫਗਾਨਾਂ ਤੇ ਸਿੱਖਾਂ ਦੀਆਂ ਲੜਾਈਆਂ ਹੁੰਦੀਆਂ ਰਹੀਆਂ । ਜਿਨ੍ਹਾਂ ਦਾ ਪ੍ਰਭਾਵ ਸ਼ਹਿਰਾਂ ਤੇ ਚੰਗਾ ਨਹੀਂ ਸੀ । ਬਹੁਤ ਸਾਰੇ ਸ਼ਹਿਰ ਇਸੇ ਰਾਜਸੀ ਉਥਲ-ਪੁਥਲ ਵਿਚ ਉਜੜ ਗਏ । ਮਿਸਾਲ ਦੇ ਤੌਰ ਤੇ ਮੁਲਤਾਨ ਆਪਣੇ ਇਲਾਕੇ ਦੀ ਰਾਜਧਾਨੀ ਸੀ ਤੇ ਪ੍ਰਸਿੱਧ ਸ਼ਹਿਰ ਮੰਨਿਆ ਜਾਂਦਾ ਸੀ ।੧੭੫੨–੧੭੭੧ ਈਸਵੀ ਤੱਕ ਅਫਗਾਨਾਂ ਦੇ ਅਧੀਨ ਰਿਹਾ ਤੇ ਫੇਰ੧੭੭੧-੧੭੭੯ ਈਸਵੀ ਤੱਕ ਭੰਗੀ ਮਿਸਲ ਅਧੀਨ, ੧੭੭੯–੧੮੧੮ਈਸਵੀ ਤਕ ਫੇਰ ਅਫਗਾਨਾਂ ਅਧੀਨ । ਇਸ ਤਰ੍ਹਾਂ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਮੁਲਤਾਨ ਸੰਮਿਲਤ ਹੋਇਆ, ਇਸ ਦੀ ਸਿਲਕ ਦੀ ਸਨਅਤ ਅਤੇ ਵਪਾਰ ਤਬਾਹ ਹੋ ਚੁੱਕਿਆ ਸੀ । ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ ਦੀ ਸਿਲਕ ਦੀ ਸਨਅਤ ਨੂੰ ਵਧਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ [੧] ਇਹ ਹੀ ਹਾਲ ਦੂਜੇ ਸ਼ਹਿਰਾਂ ਦਾ ਸੀ ।

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਸ਼ਹਿਰਾਂ ਵਿਚ ਲੋਕਾਂ ਦੀ ਆਬਾਦੀ ਦੇ ਵਧਣ ਦੇ ਕਈ ਕਾਰਨ ਸਨ । ਜਿਥੇ ਕਿਧਰੇ ਨਵੇਂ ਕਿਲੇ ਬਣੇ ਅਤੇ ਸੁਰੱਖਿਅਤਾ ਦਾ ਚੰਗਾ ਪ੍ਰਬੰਧ ਹੁੰਦਾ ਉਥੋਂ ਆਲੇ-ਦੁਆਲੇ ਦੇ ਪਿੰਡਾਂ ਤੋਂ ਲੋਕ ਕਿਲੇ ਦੇ ਆਲੇ-ਦੁਆਲੇ ਆਬਾਦ ਹੋ ਜਾਂਦੇ । ਜਿਵੇਂ ਕਿ ਫਲੌਰ ਦਾ ਕਿਲਾ ਬੰਨਿਆ ਤੇ ਇਥੇ ਨਗਰ ਆਬਾਦ ਹੋ ਗਿਆ । ਕਈ ਵਾਰੀ ਹੋਰ ਕਾਰਨ ਵੀ ਇਸ ਨਾਲ ਮਿਲ ਜਾਂਦੇ ਹਨ ਜਿਵੇਂ ਵਪਾਰਕ ਰਸਤੇ ਤੇ ਹੋਣ ਕਰਕੇ ਨਗਰ ਵੱਧ ਜਾਂਦੇ । ਅਟਕ ਨਗਰ ਦੀ ਆਬਾਦੀ ਵਿਚ ਇਕ ਵਡੀ ਸ਼ਾਹਰਾਹ ਤੇ ਹੋਣ ਕਰਕੇ ਅਤੇ ਕਿਲਾ ਹੋਣ ਕਰਕੇ ਆਬਾਦੀ ਵਿਚ ਵਾਧਾ ਹੋਇਆ । ਵਜ਼ੀਰਾਬਦ (ਜਿਲ੍ਹਾ ਗੁਜਰਾਂਵਾਲਾ) ਦੀ ਆਬਾਦੀ ਵੱਧਣ ਦੇ ਕਾਰਨਾਂ ਵਿਚੋਂ ਇਸ ਤਰ੍ਹਾਂ ਦੇ ਕਾਰਨ ਸਨ । ਵਪਾਰ ਤੇ ਸਨਅਤ ਦੀ ਉਨੱਤੀ

---

੧. ਅਲੈਗਜਾਨਡਰ ਬਰਨਜ਼ ਲਿਖਦਾ ਹੈ, ''ਰਣਜੀਤ ਸਿੰਘ ਨੇ ਮੁਲਤਾਨ ਤੇ ਕਬਜ਼ਾ ਕਰਨ ਪਿਛੋਂ ਠੀਕ ਤਰੀਕੇ ਨਾਲ ਸਿਲਕ ਦੇ ਵਪਾਰ ਨੂੰ ਉਨੱਤ ਕੀਤਾ-ਉਹ ਦਰਬਾਰ ਵਿਚ ਸਿਲਕ ਤੋਂ ਬਗੈਰ ਹੋਰ ਕਿਸੇ ਕਪੜੇ ਦੀ ਖਿਆਲਤ ਜਾਂ ਸਰੋਪਾ ਨਹੀਂ ਸੀ ਦੇਂਦਾ । ਦਰਬਾਰੀਆਂ ਨੇ ਵੀ ਮੁਲਤਾਨ ਦੀ ਸਿਲਕ ਦੇ ਸਾਫੇ ਤੇ ਰੁਮਾਲ ਰੱਖਣੇ ਆਰੰਭ ਕਰ ਦਿੱਤ ।'' ਟਰੇਵਲਜ਼ ਇਨ ਬੁਖਾਰਾ, ਜਿਲਦ ਪਹਿਲੀ ਪੰਨਾ ੯੪–੯੮

ਕਰਕੇ ਨਗਰਾਂ ਦੀ ਆਬਾਦੀ ਵਿਚ ਵਾਧਾ ਹੁੰਦਾ ਹੈ । ਜਿਵੇਂ ਕਿ ਅੰਮ੍ਰਿਤਸਰ ਵਿਚ ਆਬਾਦੀ ਦੇ ਵਾਧੇ ਦੇ ਕਾਰਨਾਂ ਵਿਚੋ ਇਕ ਅੰਮ੍ਰਿਤਸਰ ਦੀ ਸਨਅਤ ਵਿਚ ਵਾਧਾ ਸੀ । ਹੇਠ ਲਿਖੇ ਸ਼ਹਿਰਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਸੇਸ਼ ਕਰਕੇ ਵਿਕਾਸ ਹੋਇਆ :-

ਯੋਜਨਾ ਬਧ ਨਗਰ-ਵਜ਼ੀਰਾਂਬਾਦ:-

ਪਾਕਿਸਤਾਨ ਵਿਚ ਮੌਜੂਦਾ ਗੁਜਰਾਂਵਾਲੇ ਦੇ ਉੱਤਰ ਪੱਛਮ ਵਾਲੇ ਪਾਸੇ ਇਕ ਮੀਲ ਤੇ ਦਰਿਆ ਚਨਾਬ ਦੇ ਕਿਨਾਰੇ ਸਥਿਤ ਸੀ । ਵਜੀਰਾਬਾਦ ਨਗਰ ਵਜ਼ੀਰ ਖਾਂ[੧] (ਹਕੀਮ ਇਲਮਉਦੀਨ) ਜੋ ਸ਼ਾਹਜਹਾਨ ਦੇ ਵੇਲੇ ਇਕ ਉਘਾ ਅਮੀਰ ਸੀ ਨੇ ਆਬਾਦ ਕੀਤਾ ਅਤੇ ਪਿਸ਼ਾਵਰ ਤੋਂ ਦਿੱਲੀ ਵਲ ਜਾਂਦੀ ਜਰਨੈਲੀ ਸੜਕ ਤੋਂ ਹੋਣ ਕਰਕੇ ਪਰਗਨੇ ਦਾ ਮੁੱਖ ਨਗਰ ਬਣ ਗਿਆ [੨] ਪਰ ਸਤਾਰਵੀਂ ਸਦੀ ਦੇ ਮੱਧ ਵਿਚ ਰਾਜਸੀ ਕਾਰਨਾਂ ਕਰਕੇ ਉਜੜ ਗਿਆ ਸੀ ।੧੮੦੯ ਈਸਵੀਂ ਵਿਚ ਇਹ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਹੋਇਆ ਤੇ ਇਸਦੀ ਆਬਾਦੀ ਵਿਚ ਵਾਧਾ ਹੋਣ ਲਗਾ । ਦਸਬੰਰ ੧੮੨੯ ਈਸਵੀ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਇਟੇਲੀਅਨ ਜਰਨੈਲ ਅਵੀਤਬੇਲਾ ਨੂੰ ਵਜ਼ੀਰਾਬਾਦ ਦਾ ਗਵਰਨਰ ਨੀਅਤ ਕੀਤਾ[੩], ਜਿਸ ਨੇ ਵਜੀਰਾਬਾਦ ਨਗਰ ਦੀ ਵਿਉਂਤ ਬੰਦੀ ਕਰਕੇ ਇਸ ਨੂੰ ਇਕ ਨਵੀਂ ਕਿਸਮ ਦਾ ਨਗਰ ਬਣਾ ਦਿੱਤਾ । ਐਡਵਰਡ ਲਿਨਕਿਨ ਗੁਜਰਾਂਵਾਲਾ ਗਜ਼ਟੀਅਨ ਵਿਚ ਇਸ ਤਰ੍ਹਾਂ ਲਿਖਦਾ ਹੈ :-

''ਜਿਵੇਂ ਕਿ ਅਵੀਤਬੇਲਾ ਨੇ ਵਜ਼ੀਰਾਬਾਦ ਦੀ ਵਿਉਂਤ ਬੰਦੀ ਕੀਤੀ ਨਗਰ ਇਕ ਸਮ ਬਾਹੀ ਸ਼ਕਲ (ਪੈਰਲੋਗਰਾਮ) ਦਾ ਬਣਾ ਦਿੱਤਾ ਜਿਸਦੇ ਆਲੇ ਦੁਆਲੇ ਪਕੀ ਫਸੀਲ ਸੀ ।ਇਸਦੇ ਵਿਚ ਇਕ ਸਿੱਧਾ ਅਤੇ ਚੌੜਾ ਬਾਜਾਰ ਜਿਹੜਾ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਜਾਂਦਾ ਸੀ ਤੇ ਛੋਟੇ ਬਾਜ਼ਾਰ ਵੀ ਚੌੜੇ ਅਤੇ ਸਿੱਧੇ ਸਨ । ਸਾਰੇ ਨਗਰ ਵਿਚ ਆਮ ਨਗਰਾਂ ਵਾਂਗੂੰ ਤੰਗ ਬਜਾਰ ਤੇ ਤੰਗ ਗਲੀਆਂ ਦੀ ਅਣਹੋਂਦ ਸੀ ।''[੪]

ਵੂਲਫ ਵਜ਼ੀਰਾਬਾਦ੧੮੩੨ ਈਸਵੀ ਵਿਚ ਆਇਆ ਅਤੇ ਇਸਨੇ ਲਿਖਿਆ ਹੈ, ''ਉਹ (ਅਵੀਤਬੇਲਾ) ਵਜ਼ੀਰਾਬਾਦ ਦਾ ਵਗਰਨਰ ਹੈ'' ਜਿਸ ਨੇ ਉਸ ਸ਼ਹਿਰ ਨੂੰ ਵਿਸ਼ੇਸ਼ ਤੌਰ ਤੇ

੧. ਇਹ ਉਹ ਹੀ ਵਜ਼ੀਰ ਖਾਂ ਸੀ ਜਿਸਨੇ ਲਾਹੌਰ ਵਿਚ ਸੁਨਹਿਰੀ ਮਸਜਦ ਬਣਾਈ । ਇਹ ਚਿਨਉਟ ਦਾ ਰਹਿਣ ਵਾਲਾ ਸੀ ਜਿਥੇ ਉਸ ਨੇ ਇਕ ਪੱਕਾ ਕਿਲਾ ਬਣਾਇਆ । ਇਸਦੇ ਜੀਵਨ ਦੇ ਹੋਰ ਵਿਸਥਾਰ ਲਈ ਵੇਖੋ ''ਮੁਆਸੁਰਲ ਉਮਰਾ'' ਅੰਗ੍ਰੇਜ਼ੀ ਉਲਥਾਕਾਰ ਬੀਵਿਰਿਜ਼, ਜਿਲਦ ਦੂਜੀ,ਐਸ਼ੀਆਟਿਕ ਸੋਸਾਇਟੀ, ਕਲਕੱਕਾ ੧੯੫੨, ਪੰਨਾ ੯੯੧-੩

੨. ਚਾਰ ਬਾਗਿ, ਪੰਜਾਬ, ਗਨੇਸ਼ਦਾਸ, ਸੰਪਾਦਕ ਕ੍ਰਿਪਾਲ ਸਿੰਘ, ਫਾਰਸੀ, ਅੰਮ੍ਰਿਤਸਰ ੧੯੬੫, ਪੰਨਾ ੨੫੦

੩. ਯੂਰਪੀਅਨ ਐਡਵੈਨਚਰਰਜ਼ ਆਫ਼ ਨਾਰਥਰਨ ਇੰਡੀਆ, ਸੀ ਗਰੇ, ਗੌਰਮਿੰਟ ਪ੍ਰਿੰਟਿਰਜ਼ ਲਾਹੌਰ, ੧੯੨੯, ਪੰਨਾ ੧੨੫ ਤੇ ੧੨੯

੪. ਗੁਰਜਰਾਂਵਾਲਾ ਡਿਸਟ੍ਰਿਕਟ ਗਜ਼ੇਟੀਅਰ, ਐਡਵਰਡ ਨਿਕਿਨ, ਲਾਹੌਰ ੧੯੩੯, ਪੰਨਾ ੩੪੮.

ਸੁਧਾਰਿਆ ਹੈ । ਉਸਨੇ ਸ਼ਹਿਰ ਦੇ ਗਲੀਆਂ ਤੇ ਬਜ਼ਾਰ ਸਫਾ ਰੱਖੇ ਹਨ ।''[੧] ੧੯੩੦ ਈਸਵੀ ਵਿਚ ਵਿਲੀਅਮ ਬਾਰ ਨੇ ਲਿਖਿਆ, ''ਅਸੀਂ ਇਕ ਨਵੇਂ ਬਣੇ ਦਰਬਾਜ਼ੇ ਥਲਿਉਂ ਲੰਘੇ...ਜਿਨ੍ਹਾਂ ਗਲੀਆਂ ਤੇ ਬਜ਼ਾਰਾਂ ਵਿਚੋਂ ਅਸੀਂ ਲੰਘੇ ਉਹ ਚੌੜੇ ਅਤੇ ਸੁਧਰੇ ਸਨ । ਮਕਾਨ ਵੀ ਚੰਗੇ ਬਣੇ ਸਨ ।।''[੨] ਵਜ਼ੀਰਾਬਾਦ ਵਿਚ ਬਾਗਾਂ ਬਾਰੇ ਗਨੇਸ਼ਦਾਸ ਵਡੇਹਰਾ ਲਿਖਦਾ ਹੈ, ''ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਬਹੁਤ ਸਾਰੀਆਂ ਉਘੀਆਂ ਵਿਅਕਤੀਆਂ ਨੇ ਵਜ਼ੀਰਾਬਾਦ ਦੇ ਬਾਹਰ ਵਾਲੇ ਬਾਗ ਤੇ ਫਲਦਾਰ ਬੂਟੇ ਲਗਵਾਏ ਜਿਨ੍ਹਾਂ ਵਿਚੋਂ ਕਿਰਪਾ ਰਾਮ ਚੌਪੜੇ ਦਾ ਬਾਗ ਜੋ ਸ਼ਹਿਰ ਦੇ ਨਾਲ ਲਗਦਾ ਹੈ, ਪ੍ਰਸਿੱਧ ਹੈ । ਦੀਵਾਨ ਠਾਕਰ ਦਾਸ ਚੌਪੜੇ ਜੋ ਰਾਜਾ ਗੁਲਾਬ ਸਿੰਘ ਜਮੂੰ ਵਾਲੇ ਕੋਲ ਨੌਕਰ ਸੀ ਦਾ ਬਾਗ ਬਹੁਤ ਸੁੰਦਰ ਹੈ । ਇਸੇ ਤਰ੍ਹਾਂ ਕ੍ਰਿਸ਼ਨ ਕੌਰ ਬਾਨੀਏ ਦਾ ਬਾਗ, ਭਾਣਸ਼ਾਹ ਦੇ ਪੁਤ੍ਰ ਲੋਰਿੰਦਸ਼ਾਹ ਦਾ ਬਾਗ, ਖੁਸ਼ਾਲ ਸਿੰਘ ਜਮਾਂਦਾਰ ਦਾ ਬਾਗ ਅਤੇ ਉਤਮ ਸਿੰਘ ਛਾਛੀ ਦਾ ਬਾਗ-ਬਹੁਤ ਅੱਛੀ ਹਾਲਤ ਵਿਚ ਹਨ । ਵਜ਼ੀਰਾਬਾਦ ਦੀ ਸਰਾਂ ਵਿਚ ਮਹਾਰਾਜਾ ਰਣਜੀਤ ਸਿੰਘ ਆ ਕੇ ਠਹਿਰਿਆ ਕਰਦੇ ਸਨ । ਬਹੁਤ ਖੂਬਸੂਰਤ ਥਾਂ ਹੈ । ਇਸ ਵਿਚ ਸੁੰਦਰ ਬਾਗ ਹੈ ਤੇ ਇਕ ਬਹੁਤ ਉਚਾ ਬੁਰਜ਼ ਹੈ ।''[੩]

ਸਟੇਨ ਬੇਕ ਲਿਖਦਾ ਹੈ, ''ਨਿਰਮਾਣ ਕਲਾ ਦੇ ਪੱਖ ਤੋਂ ਵਜ਼ੀਰਾਬਾਦ ਪੰਜਾਬ ਦੇ ਸਭ ਸ਼ਹਿਰਾਂ ਤੋਂ ਉਤਮ ਹੈ । ਇਹ ਜਰਨੈਲ ਅਵੀਤਬੇਲਾ ਦੇ ਯਤਨਾਂ ਦਾ ਸਿੱਟਾ ਹੈ । ਇਸ ਦੀਆਂ ਗਲੀਆਂ ਚੌੜੀਆਂ ਅਤੇ ਬਾਜ਼ਾਰ ਬਹੁਤ ਖੁਲ੍ਹੇ ਹਨ ।''[੪]

ਵਜੀਰਾਬਾਦ ਬੇੜੀਆਂ ਬਣਾਉਣ ਦਾ ਕੇਂਦਰ ਰਿਹਾ ਹੈ । ਦਰਿਆ ਚਨਾਬ ਦੇ ਕੰਡੇ ਤੇ ਇਕ ਉੱਘੀ ਵਪਾਰ ਦੀ ਮੰਡੀ ਸੀ । ਜਿੱਥੇ ਦਰਿਆ ਚਨਾਬ ਜਿਹਲਮ ਨਾਲ ਮਿਲਦਾ ਹੈ ਤਾਂ ਲੈ ਕੇ ਜਮੂੰ ਵਿਚ ਅਖ਼ਨੂਰ ਤਕ ਇਸ ਵਿਚ ਬੇੜੀਆਂ ਚਲਦੀਆਂ ਹਨ । ਜਿਸ ਕਰਕੇ ਦੋਵਾਂ ਪਾਸਿਆਂ ਤੋਂ ਵਪਾਰ ਹੁੰਦਾ ਸੀ । ਜਮੂੰ ਵਾਲੇ ਪਸਿਉਂ ਲੱਕੜੀ, ਖੰਡ, ਘਿਉ, ਕਣਕ, ਮੋਟਾ ਕਪੜਾ, ਭੇਡਾਂ ਦੀਆਂ ਖੱਲਾਂ ਮੁਲਤਾਨ ਭੇਜੀਆਂ ਜਾਂਦੀਆਂ ਸਨ ਜਿਥੋਂ ਫੇਰ ਡੇਰਾ ਗਾਜ਼ੀ ਖਾਂ ਦੇ ਰਸਤੇ ਕਾਬਲ ਜਾਂਦੀਆਂ ਸਨ ।[੫] ਵਜੀਰਾਬਦ ਸਨਾਅਤ ਦਾ ਵੀ ਕੇਂਦਰ ਸੀ । ਜਨਰਲ ਅਵੀਤਬੇਲਾ ਦੇ ਸਮੇਂ ਇਥੇ ਨੀਲ ਬਨਣੀ ਆਰੰਭ ਹੋਈ ਅਤੇ ਕਪੜਾ ਵੀ ਬਨਦਾ ਸੀ [੬]

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਾ ਇਹ ਪੁਨਰ ਨਿਰਮਾਣ ਕੀਤਾ ਸ਼ਹਿਰ ਅੰਗ੍ਰੇਜ਼ਾਂ ਨੇ ਇੰਨਾ ਪਸੰਦ ਕੀਤਾ ਕਿ ਵਜ਼ੀਰਾਬਾਦ ਨੂੰ ਹੀ ਸਾਰੇ ਇਲਾਕੇ ਦੀ ਰਾਜਧਾਨੀ ਬਣਾ ਦਿੱਤਾ

---

੧. ਯੁਰਪੀਅਨ ਐਡਵੇਨਚਰਜ਼ ਆਫ਼ ਨਾਰਥਰ ਇੰਡੀਆ, ਪੰਨਾ ੧੨੭
੨. ਜਰਨਲ ਆਫ਼ ਮਾਰਚ ਫਰਾਮ ਦਿੱਲੀ ਟੂ ਕਾਬਲ, ਪਟਿਆਲਾ, ੧੯੭੧
੩. ਚਾਰ ਬਾਗ-ਇ-ਪੰਜਾਬ, ਉਕਤ ਪੰਨਾ ੨੫੨
੪. ''ਦੀ ਪੰਜਾਬ'' ਕਰਨਲ ਸਟੇਨਬੈਕ, ਪਟਿਆਲਾ, ੧੯੭੦, ਪੰਨਾ ੫-੬
੫. ਕਾਮਰਸ ਬਾਈ ਰਿਵਰਜ਼ ਇਨ ਪੰਜਾਬ, ਪੰਨਾ ੯੩
੬. ਗੁਜੇਰਾਂਵਾਲਾ ਡਿਸਟ੍ਰਿਕਟ ਗਜ਼ਟੀਅਰ, ਪੰਨਾ ੧੯੬

। ਇਸ ਇਲਾਕੇ ਵਿਚ ਸਿਆਲਕੋਟ, ਗੁਜਰਾਵਾਲਾ ਅਤੇ ਕੁਝ ਇਲਾਕੇ ਲਾਹੌਰ ਜਿਲ੍ਹੇ ਦੇ ਵੀ ਅਉਂਦੇ ਸਨ । ਪਰ ਫੇਰ ੧੯੫੨ ਵਿਚ ਵਜੀਰਾਬਾਦ ਗੁਜਰਾਂਵਾਲੇ ਜਿਲ੍ਹੇ ਦੀ ਤਹਿਸੀਲ ਦਾ ਕੇਂਦਰ ਬਣਾਇਆ ਗਿਆ ।[੧]

੨. ਗੁਜਰਾਂਵਾਲੇ ਦਾ ਪਰਫੁਲਤ ਨਗਰ:-

ਜਰਨੈਲੀ ਸੜਕ ਤੇ ਪੰਜਾਬ ਦੀ ਪੁਰਾਣੀ ਰਾਜਧਾਨੀ ਲਾਹੌਰ ਤੋਂ ੪੨ ਮੀਲ ਪੱਛਮ ਉੱਤਰ ਵਾਲੇ ਪਾਸੇ ਸਥਿਤ ਗੁਜਰਾਂਵਾਲੇਦਾ ਪ੍ਰਫੁਲਤ ਨਗਰ ਸੀ । ਗੁਜਰਾਂਵਾਲੇ ਦੀ ਹੋਂਦ ਅਤੇ ਵਿਕਾਸ ਸਿੱਖ ਰਾਜ ਦੇ ਨਾਲ ਹੋਇਆ ਤੇ ਇਸ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਉਸਦੇ ਪਰਵਾਰ ਦੀ ਵਿਸ਼ੇਸ਼ ਦੇਣ ਹੈ । ਅਕਬਰ ਦੇ ਸਮੇਂ ਆਇਨਿ ਅਕਬਰੀ ਅਨੁਸਾਰ ਇਹ ਸਾਰਾ ਇਲਾਕਾ ਜਿਸ ਵਿਚ ਗੁਜਰਾਂਵਾਲੇ ਆਬਾਦ ਹੋਇਆ ਇਮਨਾਬਾਦ ਦੇ ਪ੍ਰਗਨੇ ਵਿਚ ਸੀ ਤੇ ਗੁਜਰਾਂਵਾਲੇ ਦਾ ਨਾਂ ਲਿਖਤ ਵਿਚ ਨਹੀਂ ਆਉਂਦਾ । ਜਹਾਂਗੀਰ ਇਸ ਇਲਾਕੇ ਵਿਚ ਸ਼ਿਕਾਰ ਖੇਡਦਾ ਹੋਇਆ ਕਈ ਦਿਨ ਰਿਹਾ । ਉਸਨੇ ਗੁਜਰਾਂਵਾਲੇ ਦੇ ਨਾਲ ਲਗਦਾ ਪਿੰਡ ਘਰਜਾਖ ਤਾਂ ਤੋਜ਼ਕਿ ਜਹਾਂਗੀਰੀ ਵਿਚ ਲਿਖਿਆ ਹੈ[੨], ਪਰ ਗੁਜਰਾਂਵਾਲੇ ਦਾ ਕਥਨ ਨਹੀਂ ਕਰਦਾ ਜਿਸ ਤੋਂ ਸਿੱਧ ਹੁੰਦਾ ਹੈ ਕਿ ਉਸ ਵੇਲੇ ਗੁਜਰਾਂਵਾਲੇ ਦਾ ਨਗਰ ਆਬਾਦ ਨਹੀਂ ਸੀ । ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਸਰਦਾਰ ਚੜਤ ਸਿੰਘ ਨੇ ਇਹ ਨਗਰ ਆਬਾਦ ਕੀਤਾ ਹੈ । ਨਾਲ ਲਗਦੇ ਖਿਆਲੀ ਪਿੰਡ ਤੋਂ ਉਠਕੇ ਉਸਨੇ ਪੁਰਾਣੇ ਪਿੰਡ ਖਾਨਪੁਰ ਸਾਂਸੀ ਕੋਲ ਖੂਹ ਦੇ ਨਾਲ ਲਗਦੇ ਪਿੰਡ ਅਬਾਦ ਕੀਤੇ । ਜਿਸ ਦਾ ਨਾਂ ਗੁਜਰਾਂ ਦਾ ਖੂਹ ਹੋਣ ਕਰਕੇ ਗੁਜਰਾਂਵਾਲਾ ਪੈ ਗਿਆ ।[੩] ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਨੇ ਸਈਅਦ ਨਗਰ ਦੇ ਪਿੰਡ ਦੇ ਲੋਕਾਂ ਨੂੰ ਜਮੀਨ ਦੇ ਦਿੱਤੀ ਤਾਂ ਉਹ ਸਾਰੇ ਪਿੰਡ ਵਾਸੀ ਇੱਥੇ ਆ ਕੇ ਅਬਾਦ ਹੋਏ ।[੪] ਸ਼ੁਕਰਚਕੀਆ ਮਿਸਲ ਦੀ ਰਾਜਧਾਨੀ ਹੋਣ ਕਰਕੇ ਇਹ ਨਗਰ ਵਪਾਰ ਦਾ ਕੇਂਦਰ ਬਣ ਗਿਆ। ਮਹਾਰਾਜਾ ਰਣਜੀਤ ਸਿੰਘ, ਲਾਹੌਰ ਜਿੱਤਣ ਤੋਂ ਪਹਿਲਾਂ ਭਾਵ ੧੭੯੯ ਤੋਂ ਪਹਿਲਾਂ ਇੱਥੇ ਹੀ ਰਹੇ ਸਨ । ਫੇਰ ਇਹ ਨਗਰ ਸਰਦਾਰ ਹਰੀ ਸਿੰਘ ਨਲਵੇ ਦੀ ਜਗੀਰ ਵਿਚ ਆ ਗਿਆ ।

ਸਰਦਾਰ ਹਰੀ ਸਿੰਘ ਨਲਵੇ ਨੇ ਇਸ ਨਗਰ ਦੀ ਉਨੱਤੀ ਲਈ ਵਿਸ਼ੇਸ਼ ਯਤਨ ਕੀਤੇ। ਉਸਨੇ ਬਾਗ ਮਹਾਂ ਸਿੰਘ ਬਣਾਇਆ ਅਤੇ ਉਸਦੇ ਅੰਦਰ ਇਕ ਬਾਰਾਦਰੀ ਬਣਵਾਈ ਉਹ ਇਥੇ ਬਦੇਸ਼ੀ ਯਾਤਰੂਆਂ ਦਾ ਸੁਆਗਤ ਕਰਦਾ ਸੀ । ਬਾਰਾਦਰੀ ਬਾਰੇ ਗੁਰਜਰਾਂਵਾਲਾ ਡਿਸਟ੍ਰਿਕਟ

---

੧. ਉਕਤ

੨. ਤੋਜ਼ਿਕ ਜਹਾਂਗੀਰੀ, ਨੇਵਲ ਕਿਸ਼ੋਰ, ਪਰੈਸ, ਪੰਨਾ ੩੨੨ ਤੇ ੩੪੯

੩. ਸਾਰੀਖਿ ਮਖ਼ਜ਼ਨਿ ਪੰਜਾਬ, ਗੁਲਾਮ ਸਰਵਰ, ਪੰਨਾ ੨੬੪-੫

੪. ਇਬਰਤ ਨਾਮਾ, ਅਲੀਓਦੀਨ, ਲਾਹੌਰ ੧੯੬੧, ਪੰਨਾ ੩੭੩

੫. ਗੁਜਰਾਂਵਾਲਾ ਡਿਸਟਿਕ੍ਰਟ ਗਜ਼ੇਟੀਅਰ, ਪੰਨਾ ੨੨

ਗਜ਼ੇਟੀਅਰ ਵਿਚ ਲਿਖਿਆ ਹੈ, ''ਜਿਸ ਨੂੰ ਬਾਰਾਂਦਰੀ ਕਹਿੰਦੇ ਹਨ ਉਹ ਸਿੱਖ ਨਿਰਮਾਣ ਕਲਾ ਦਾ ਇਕ ਚੰਗਾ ਨਮੂਨਾ ਹੈ ਅਤੇ ਰਹਿਣ ਲਈ ਬਹੁਤ ਹੀ ਖੁਸ਼ਗਵਾਰ ਸਥਾਨ ਹੈ।''[੧] ਬਾਰਾਦਰੀ ਬਾਰੇ ਲੈਫਟੀਨੈਂਟ ਬਾਰ ਲਿਖਦਾ ਹੈ, ''ਪੂਰਬ ਵਿਚ ਇਹ ਸਭ ਤੋਂ ਵਧੀਆ ਸਥਾਨ ਹੈ ਜੋ ਮੈਂ ਵੇਖਿਆ ਹੈ। ਇਸ ਦੀਆਂ ਤਿੰਨ ਮੰਜਲਾਂ ਹਨ। ਹਰ ਇਕ ਮੰਜਰ ਵਿਚ ੧੬ ਫੁਟ ਲੰਮੇ ਅਤੇ ਚੌੜੇ ਕਮਰੇ ਹਨ। ਹੇਠਲੀ ਮੰਜਲ ਵਿਚ ਇਨ੍ਹਾਂ ਕਮਰਿਆਂ ਦੇ ਆਲੇ-ਦੁਆਲੇ ਬਰਾਂਡਾ ਹੈ। ਗਰਮੀਆਂ ਵਿਚ ਗਰਮੀ ਤੋਂ ਬਚਣ ਲਈ ਜਮੀਨ ਵਿਚ ਠੰਡੇ ਕਮਰੇ ਹਨ। ਅੰਦਰ ਜਾਣ ਵਾਲੇ ਵੱਡੇ ਦਰਵਾਜ਼ੇ ਤੇ ਬਹੁਤ ਸਾਰੇ ਫੁਹਾਰੇ ਹਨ। ਉਤੇ ਚਬੂਤਰੇ ਦੇ ਕੋਨਿਆਂ ਤੇ ਬਹੁਤ ਖ਼ੂਬਸੂਰਤ ਬੈਠਣ ਦੀਆਂ ਥਾਵਾਂ ਬਣੀਆਂ ਹਨ ਜਿੰਨ੍ਹਾਂ ਤੇ ਸਿਲਕ ਤੇ ਕਸ਼ਮੀਰੀ ਸ਼ਾਲ ਵਛਾ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਦੂਜੀ ਅਤੇ ਤੀਜੀ ਮੰਜ਼ਲ ਤੇ ਵੀ ਬੈਠਣ ਦੀਆਂ ਥਾਂਵਾਂ ਬਣੀਆਂ ਹਨ।''[੨] ਬਾਰਾਦਰੀ ਦੀ ਇਕ ਕੰਧ ਤੇ ਜਮਰੌਦ ਦੀ ਲੜਾਈ ਦੀ ਵਡੀ ਕਲਮੀ ਤਸਵੀਰ ਬਣੀ ਹੈ, ਜਿਸ ਵਿਚ ਹਰੀ ਸਿੰਘ ਨਲਵਾ ਮਾਰਿਆ ਗਿਆ ਸੀ। ਇਹ ਤਸਵੀਰ ੧੨ ਫੁਟ ਲੰਮੀ ਅਤੇ ੬ ਫੁਟ ਉੱਚੀ ਹੈ। ਇਸ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੈ। ਇਕ ਵਿਚ ਹਰੀ ਸਿੰਘ ਨਲਵੇ ਦੀ ਫੌਜ ਲੜ ਰਹੀ ਹੈ, ਦੂਜੇ ਵਿਚ ਅਕਬਰ ਖਾਂ ਦੀ ਫੌਜ।[੩]

ਬੈਰਨ ਚਾਰਲਸ ਹਿਉਗਲ ਨੇ ਬਾਰਾਂਦਾਰੀ ਦੇ ਬਾਗ ਦੀ ਬਹੁਤ ਉਸਤਤ ਕੀਤੀ ਹੈ, ''ਬਾਗ (ਬਾਰਾਦਰੀ) ਦੇ ਕਮਰਿਆਂ ਨਾਲੋਂ ਕਿਤੇ ਵਧੇਰੇ ਸੁੰਦਰ ਹੈ। ਜੋ ਮੈਂ ਭਾਰਤ ਵਿਚ ਸਭ ਤੋਂ ਵਧੀਆ ਵੇਖਿਆ ਹੈ। ਰੁੱਖ ਸੰਤਰਿਆਂ ਨਾਲ ਲੱਦੇ ਪਏ ਹਨ। ਹਰੀ ਸਿੰਘ ਨੇ ਕਸ਼ਮੀਰ ਤੋਂ ਰੁੱਖ ਮੰਗਵਾਏ ਹਨ ਜੋ ਇਸ ਧਰਤੀ ਵਿਚ ਬਹੁਤ ਪ੍ਰਫੁਲਤ ਹੋਏ ਹਨ। ਸੁੰਦਰ ਫੁੱਲਾਂ ਨੂੰ ਬੜੇ ਧਿਆਨ ਨਾਲ ਸਜਾਇਆ ਹੈ ਤੇ ਇਸ ਬਾਗ ਦੇ ਭਾਂਤ-ਭਾਂਤ ਦੇ ਰੁੱਖ ਸਪੱਸ਼ਟ ਤੌਰ ਤੇ ਮਨ ਨੂੰ ਮੋਂਹਦੇ ਹਨ''।[੪] ਜਨਰਲ ਅਵੀਤਬੇਲਾ ਨੇ ਮਾਲਟੇ ਦੇ ਰੁੱਖ ਮਾਲਟਾ ਟਾਪੂ ਤੋਂ ਲਿਆ ਕੇ ਪਹਿਲੀ ਵਾਰੀ ਇਥੇ ਹੀ ਲਾਇਆ। ਫੇਰ ਇਹ ਸਾਰੇ ਪੰਜਾਬ ਵਿਚ ਪ੍ਰਚਲਤ ਹੋ ਗਏ। ਮਾਲਟੇ ਤੋਂ ਆਉਣ ਕਰਕੇ ਇਨ੍ਹਾਂ ਦਾ ਨਾਂ ਵੀ ਮਾਲਟਾ ਹੀ ਪੈ ਗਿਆ।[੫]

ਮਹਾਰਾਜਾ ਰਣਜੀਤ ਸਿੰਘ ਨੇ ਇਸ ਇਲਾਕੇ ਨੂੰ ਬਹੁਤ ਪ੍ਰਫੁਲਤ ਕੀਤਾ ਹੈ। ਮਹਾਰਾਜਾ ਦੇ ਸਮੇਂ ਬਹੁਤ ਸਾਰੇ ਉੱਘੇ ਆਦਮੀ ਇਸ ਇਲਾਕੇ ਨਾਲ ਸਬੰਧਤ ਸਨ ਜਿਵੇਂ ਕਿ ਹਰੀ ਸਿੰਘ ਨਲਵਾ, ਮਿਸਰ ਦੀਵਾਨ ਚੰਦ (ਗੋਂਦਲੇ ਵਾਲਾ) ਸਾਵਨ ਮਲ ਅਕਾਲਗੜ੍ਹ ਦਾ ਦੀਵਾਨ ਧਨਪਤ ਰਾਏ ਸੋਂਦਰੇ ਦਾ, ਜਾਵਹਰ ਸਿੰਘ ਰਾਮ ਨਗਰ ਦਾ ਆਦਿਕ।[੬]

---

੧. ਗੁਜਰਾਂਵਾਲਾ ਡਿਸਟਿਕ੍ਰਟ ਗਜ਼ੇਟੀਅਰ, ਪੰਨਾ ੨੨
੨. ਜਰਨਲ ਆਫ਼ ਮਾਰਚ ਫਰਾਮ ਦਿੱਲੀ ਟੂ ਕਾਬਲ, ਪਟਿਆਲਾ ੯੭੧, ਪੰਨਾ ੭੫
੩. ਉਕਤ ਪੰਨਾ ੭੩–੭੪
੪. ਟਰੈਵਲਜ਼ ਇਨ ਕਸ਼ਮੀਰ ਐਂਡ ਪੰਜਾਬ, ਭਾਸ਼ਾ ਵਿਭਾਗ, ੧੯੭੦, ਪੰਨਾ ੨੬
੫. ਲੈਂਡ ਆਫ਼ ਫਾਈਵ ਰੀਵਰਜ਼, ਡੇਪਡ ਰਾਸ, ਪਟਿਆਲਾ, ੧੯੭੦, ਪੰਨਾ ੧੩੭
੬. ਗੁਜਰਾਂਵਾਲਾ ਡਿਸਟ੍ਰਿਕਟ ਗਜ਼ੇਟੀਅਨ, ਪੰਨਾ ੨੨

ਅੰਮ੍ਰਿਤਸਰ ਅਤੇ ਇਸ ਦੇ ਵਪਾਰ ਦੇ ਸਨਅਤ ਦੀ ਪ੍ਰਫੁਲਤਾ :

ਅੰਮ੍ਰਿਤਸਰ ਸ਼ਹਿਰ ਦੀ ਮੌਜੂਦਾ ਪ੍ਰਫੁਲਤਾ ਮਹਾਰਾਜਾ ਰਣਜੀਤ ਸਿੰਘ ਦੇ ਸ਼ਹਿਰ ਨੂੰ ਪ੍ਰਫੁਲਤ ਕਰਨ ਦੇ ਯਤਨਾਂ ਦਾ ਸਿੱਟਾ ਹੈ । ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਅੰਮ੍ਰਿਤਸਰ ਸ਼ਹਿਰ ਵੱਖ-ਵੱਖ ਮਿਸਲਾਂ ਵਿਚ ਵੰਡਿਆ ਹੋਇਆ ਸੀ । ਇਹ ਮਿਸਲਦਾਰ ਆਪੋ ਆਪਣੇ ਇਲਾਕੇ ਵਿਚ ਕਰ ਵਸੂਲ ਕਰਦੇ ਸਨ । ਰਣਜੀਤ ਸਿੰਘ ਦੇ ਅਧੀਨ ਆਉਣ ਨਾਲ ਸ਼ਹਿਰ ਇਕ ਪ੍ਰਸ਼ਾਸ਼ਨ ਅਧੀਨ ਆ ਗਿਆ । ਮਹਾਰਾਜਾ ਨੇ ਅੰਮ੍ਰਿਤਸਰ ਨੂੰ ਆਪਣੀ ਗਰਮੀਆਂ ਦੀ ਰਾਜਧਾਨੀ ਬਣਾਇਆ । ਉਹ ਆਪ ਤਿੰਨ ਚਾਰ ਮਹੀਨੇ ਇੱਥੇ ਹੀ ਰਿਹਾ ਕਰਦੇ ਸਨ ਜਿਸ ਕਰਕੇ ਇਸ ਸ਼ਹਿਰ ਦੀ ਰੌਣਕ ਵੱਧੀ । ਉਹ ਯੂਰਪੀਨ ਯਾਤਰੂਆਂ ਦਾ ਇਸੇ ਨਗਰ ਵਿਚ ਸੁਆਗਤ ਕਰਦੇ ਸਨ । ਜਿਸ ਕਰੇ ਇਸ ਨਗਰ ਨੂੰ ਪ੍ਰਭਤਾ ਮਿਲੀ ।

ਮਹਾਰਾਜਾ ਰਣਜੀਤ ਸਿੰਘ ਗੋਬਿੰਦਗੜ੍ਹ ਕਿਲ੍ਹਾ ਅਤੇ ਆਪਣੇ ਰਹਿਣ ਦਾ ਮਹੱਲ ਅਤੇ ਬਾਗ (ਰਾਮ ਬਾਗ) ਅੰਮ੍ਰਿਤਸਰ ਵਿਚ ਬਨਾਇਆ, ਉਸਦੇ ਦਰਬਾਰੀਆਂ ਨੇ ਵੀ ਆਪਣੇ ਵਸੇਬੇ ਲਈ ਬਹੁਤ ਸਾਰੇ ਕਟੜੇ ਆਬਾਦ ਕੀਤੇ, ਜੋ ਹੁਣ ਤਕ ਉਨ੍ਹਾਂ ਦੇ ਨਾਂਵਾਂ ਨਾਲ ਪ੍ਰਚਲਤ ਹਨ। ਇਹ ਕਟੜੇ ਇਹ ਹਨ :-

੧. **ਕਟੜਾ ਬਾਈ ਸੰਤ ਸਿੰਘ:**- ਭਾਈ ਸੰਤ ਸਿੰਘ ਮਹਾਰਾਜਾ ਰਣਜੀਤ ਸਿੰਘ ਵਲੋਂ ਦਰਬਾਰ ਸਾਹਿਬ ਦੀ ਸੇਵਾ ਕਰਨ ਤੇ ਲਾਇਆ ਸੀ । ਕਵੀ ਸੰਤੋਖ ਸਿੰਘ ਦੇ ਸਿੱਖਿਆ ਦਾਤੇ ਸਨ ।

੨. **ਢਾਬ ਭਾਈ ਵਸਤੀ ਰਾਮ:**- ਭਾਈ ਵਸਤੀ ਰਾਮ ਇਕ ਪਵਿੱਤਰ ਆਤਮਾ ਸੀ ਜਿਸ ਦੀ ਸਮਾਧ ਲਾਹੌਰ ਕਿਲ੍ਹੇ ਦੇ ਬਾਹਰ ਹੈ । ਇਸਦੇ ਦੋਵੇਂ ਪੋਤਰੇ ਭਾਈ ਰਾਮ ਸਿੰਘ ਅਤੇ ਗੋਬਿੰਦ ਰਾਮ ਮਹਾਰਾਜਾ ਦੇ ਦਰਬਾਰੀ ਸਨ ।

੩. **ਕਟੜਾ ਕੰਵਰ ਖੜਕ ਸਿੰਘ:**- ਇਸ ਨੂੰ ਕਟੜਾ ਨਕਈਆ ਵੀ ਕਹਿੰਦੇ ਹਨ ਕਿਉਂਕਿ ਖੜਕ ਸਿੰਘ ਦੀ ਮਾਤਾ ਨਕਈ ਮਿਸਲ ਵਿਚੋਂ ਸੀ ।

੪. **ਕਟੜਾ ਮੋਤੀ ਰਾਮ:**- ਮੋਤੀ ਰਾਮ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਮੁਹਕਮ ਚੰਦ ਦਾ ਪੁੱਤਰ ਸੀ ।

੫. **ਕੱਟੜਾ ਹਕੀਮਾਂ:**- ਇਹ ਕਟੜਾ ਫਕੀਰ ਅਜ਼ੀਰਉਦੀਨ ਨੇ ਆਬਦ ਕੀਤਾ ਸੀ ਜੋ ਮਹਾਰਾਜਾ ਦਾ ਇਕ ਉਘਾ ਦਰਬਾਰੀ ਸੀ ।

੬. **ਕਟੜਾ ਨਿਹਾਲ ਸਿੰਘ ਅਟਾਰੀ ਵਾਲਾ:**- ਇਹ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦਾ ਪਿਤਾ ਸੀ । ਇਸ ਦੀ ਪੋਤੀ ਨਾਲ ਮਹਾਰਾਜਾ ਰਣਜੀਤ ਸਿੰਘ ਦਾ ਪੋਤਰਾ ਕੰਵਰ ਨੌਨਿਹਾਲ ਸਿੰਘ ਵਿਆਇਆ ਸੀ ।

੭. **ਕਟੜਾ ਕਰਮ ਸਿੰਘ:**- ਇਹ ਕਰਮ ਸਿੰਘ ਪਿੰਡ ਰੰਗੜ ਨੰਗਲ (ਜ਼ਿਲ੍ਹਾ ਗੁਰਦਾਸਪੁਰ) ਦਾ ਸੀ । ਇਹ ਉਘਾ ਦਰਬਾਰੀ ਸੀ ।

੮. **ਕਟੜਾ ਮਿਤ ਸਿੰਘ ਪਧਾਨੀਆਂ:-** ਮਿਤ ਸਿੰਘ ਪਧਾਨੀਆਂ ਮਹਾਰਾਜਾ ਰਣਜੀਤ ਸਿੰਘ ਦਾ ਇਕ ਉਘਾ ਜਰਨੈਲ ਸਿੰਘ (ਵਿਸਥਾਰ ਲਈ ਵੇਖੋ ਚੀਫਸ ਐਂਡ ਫੈਮੇਲੀਜ਼ ਆਫ਼ ਨੋਟ ਜਿਲਦ ਪਹਿਲੀ ੧੯੪੦ ਪੰਨਾ ੩੭੮-੮੦)

੯. **ਕਟੜਾ ਕੰਵਰ ਸ਼ੇਰ ਸਿੰਘ:-** ਸ਼ੇਰ ਸਿੰਘ ਸਦਾ ਕੌਰ ਦਾ ਦੋਹਤਰਾ ਸੀ ਤੇ ਮਹਿਤਾਬ ਕੌਰ ਦਾ ਪੁੱਤ੍ਰ ਸੀ ।

੧੦. **ਕਟੜਾ ਫਤਹਿ ਸਿੰਘ ਕਾਲਿਆਂਵਾਲਾ:-** ਅੰਮ੍ਰਿਤਸਰ ਦੇ ਕੋਲ ਕਾਲੇ ਪਿੰਡ ਦੇ ਰਹਿਣ ਵਾਲਾ ਫ਼ਤਹਿ ਸਿੰਘ ਮਹਾਰਾਜ ਦਾ ਇਕ ਉੱਗਾ ਜਰਨੈਲ ਸੀ ।

੧੧. **ਕਟੜਾ ਗਰਬਾ ਸਿੰਘ:-** ਗਰਬਾ ਸਿੰਘ ਮਹਾਰਾਜਾ ਦਾ ਇਕ ਜਰਨੈਲ ਸੀ ਜੋ ਨੌਸ਼ਹਿਰੀ ਦੀ ਲੜਾਈ ਵਿਚ ਮਾਰਿਆ ਗਿਆ ।

ਅੰਮ੍ਰਿਤਸਰ ਵਿਚ ਬਾਗ:-

ਗਨੇਸ ਦਾਸ ਵਡੇਹਰਾ ਆਪਣੀ ਪੁਸਤਕ ਚਾਰ ਬਾਗਿ ਪੰਜਾਬ ਵਿਚ ਲਿਖਦਾ ਹੈ ਕਿ ਅੰਮ੍ਰਿਤਸਰ ਵਿਚ ਨਿਮਨ ਲਿਖਤ ਬਾਗ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਮੌਜੂਦ ਸਨ-ਬਾਗ ਗੁਰੂ, ਬਾਗ ਅਕਾਲੀਆਂ, ਬਾਗ ਅੱਤਰ ਸਿੰਘ ਕਾਲਿਆਂ ਵਾਲਾ, ਬਾਗ ਬੇਲੀ ਰਾਮ, ਬਾਗ ਦੇਸਾ ਸਿੰਘ ਮਠੀਜੀਆ, ਬਾਗ ਗੁਰਮੁਖ ਸਿੰਘ ਗਿਆਨੀ, ਬਾਗ ਜਮਾਂਦਾਰ ਖੁਸ਼ਾਲ ਸਿੰਘ, ਬਾਗ ਸਮਦੂ ਕਸ਼ਮੀਰੀ-ਸਮਦੂ ਕਸ਼ਮੀਰੀ ਅੰਮ੍ਰਿਤਸਰ ਦਾ ਇਕ ਉਘਾ ਕਸ਼ਮੀਰੀ ਮੁਸਲਮਾਨ ਸੀ ਜਿਸ ਦਾ ਬਾਗ ਚਾਟੀ ਵਿੰਡ ਦਰਵਾਜ਼ੇ ਕੋਲ ਸੀ । ਰਾਮ ਬਾਗ ਕੋਲ ਮਹਾਰਾਜਾ ਰਣਜੀਤ ਸਿੰਘ ਦੀ ਰਾਣੀ ਗੁਲ ਬਹਾਰ ਬੇਗਮ ਦਾ ਬਾਗ ਸੀ । ਸਭ ਤੋਂ ਵੱਧ ਸ਼ਾਨ ਸ਼ੌਕਤ ਵਾਲਾ ਰਾਮ ਬਾਗ ਸੀ, ਜਿੱਥੇ ਗਰਮੀਆਂ ਵਿਚ ਆ ਕੇ ਮਹਾਰਾਜਾ ਰਣਜੀਤ ਸਿੰਘ ਠਹਿਰਿਆ ਕਰਦੇ ਸਨ।[੧]

ਅੰਮ੍ਰਿਤਸਰ ਦੀ ਉਨੱਤੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਵਿਸ਼ੇਸ਼ ਦਿਲਚਸਪੀ ਵਿਖਾਈ ਹੈ । ਵੀ. ਜੈਕਮਾਂਡ ਲਿਖਦਾ ਹੈ "ਅੰਮ੍ਰਿਤਸਰ ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਹੈ। ਇਸ ਦੀ ਆਬਾਦੀ ਮੇਰੇ ਅੰਦਾਜ਼ੇ ਅਨੁਸਾਰ ਲੱਖ ਤੋਂ ਦੋ ਲੱਖ ਵਿਚ ਹੈ । ਮੈਂ ਜਿੰਨੇ ਵੀ ਸ਼ਹਿਰ ਅੰਗ੍ਰੇਜ਼ੀ ਇਲਾਕੇ ਵਿਚ ਵੇਖੇ ਹਨ, ਉਨ੍ਹਾਂ ਵਿਚੋਂ ਅੰਮ੍ਰਿਤਸਰ ਵਿਚ ਸਭ ਤੋਂ ਵੱਧ ਰੌਣਕ ਹੈ । ਇਹ ਪਹਿਲਾ ਸ਼ਹਿਰ ਹੈ ਜਿਸ ਵਿਚ ਮੈਂ ਉਨੱਤੀ ਦੇ ਚਿਨ੍ਹ ਵੇਖੇ ਹਨ ।"[੨] ਇਕ ਹੋਰ ਸਮਕਾਲੀ ਗਨੇਸ਼ ਦਾਸ ਵਡੇਹਰਾ ਲਿਖਦਾ ਹੈ:-

"ਅੱਜ ਸਾਰੇ ਪੰਜਾਬ ਵਿਚ ਅੰਮ੍ਰਿਤਸਰ ਜਿੱਡਾ ਕੋਈ ਸ਼ਹਿਰ ਨਹੀਂ ਹੈ । ਸਭ ਦੇਸ਼ਾਂ ਤੋਂ ਸੌਦਾਗਰ ਇਥੇ ਆ ਕੇ ਆਬਾਦ ਹੋਏ ਹਨ । ਲਾਹੌਰ ਤੋਂ ਬਹੁਤ ਸਾਰੇ ਖੱਤਰੀ ਅੰਮ੍ਰਿਤਸਰ ਆ

੧. ਚਾਰ ਬਾਗਿ ਪੰਜਾਬ, ਗਨੇਸ਼ ਦਾਸ, ੧੯੬੬, ਪੰਨਾ ੨੯੫

੨. ਦੀ ਪੰਜਾਬ ਹੰਡਰਡ ਈਅਰ ਅਗੋਂ, ਵੀ ਜੈਕਮਾਂਡ ਅਤੇ ਗਾਲਟੀਕੋਫ, ਪਟਿਆਲਾ, ੧੯੭੧, ਪੰਨਾ ੨੬

ਕੇ ਵਸ ਗਏ ਹਨ । ਅੰਮ੍ਰਿਤਸਰ ਦੇ ਸ਼ਾਹੂਕਾਰ ਬਹੁਤ ਅਮੀਰ ਹਨ ।"[੧] "ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਇਕ ਵੱਡਾ ਵਪਾਰ ਦਾ ਕੇਂਦਰ ਬਣਾਇਆ । ਇਹ ਲਾਹੌਰ ਤੋਂ ਵੱਡਾ ਸ਼ਹਿਰ ਹੈ । ਸਾਰੇ ਪੰਜਾਬ ਦੀ ਦੌਲਤ ਇਥੇ ਇਕੱਤਰ ਹੋਈ ਜਾਪਦੀ ਹੈ... ਅੰਮ੍ਰਿਤਸਰ ਪੰਜਾਬ ਵਿਚੋਂ ਸਭ ਤੋਂ ਵੱਧ ਰੌਣਕ ਵਾਲਾ ਹੈ । ਹਰ ਬਾਜ਼ਾਰ ਵਿਚ ਭਾਰਤ ਦੀਆਂ ਬਹੁਤ ਸੁੰਦਰ ਕਿਰਤਾਂ ਦਾ ਪ੍ਰਗਟਾ ਹੈ । ਜੋ ਵੇਚਣ ਵਾਸਤੇ ਰੱਖੀਆਂ ਹਨ ।"[੨]

ਅੰਮ੍ਰਿਤਸਰ ਦੀ ਸ਼ਾਲ ਦੀ ਸਨਅਤ ਤੇ ਵਪਾਰ ਪ੍ਰਸਿੱਧ ਹੈ । ੧੮੩੩ ਈਸਵੀ ਵਿਚ ਕਸ਼ਮੀਰ ਵਿਚ ਕਾਲ ਪਿਆ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਸ਼ਾਲਾ ਬਣਾਉਣ ਵਾਲੇ ਕਾਰੀਗਰਾਂ ਨੂੰ ਅੰਮ੍ਰਿਤਸਰ ਵਿਚ ਸਹੂਲਤਾਂ ਦੇ ਕੇ ਆਬਾਦ ਕੀਤਾ । ਇਹ ਕਾਰੀਗਰ ਆਪਣੇ ਹਥਿਆਰਾਂ ਨਾਲ ਆਏ ਤੇ ਫੌਜੀਆਂ ਵਾਸਟੇ ਮੋਟੇ ਕੰਬਲ ਜੋ ਫੌਜੀ ਸਰਦੀਆਂ ਵਿਚ ਵਰਤਦੇ ਸਨ, ਬਣਾਉਂਦੇ ਸਨ । ਇਨ੍ਹਾਂ ਨੇ ਸ਼ਾਲਾਂ ਦਾ ਕੰਮ ਵੀ ਅਰੰਭ ਕੀਤਾ ।[੩] ਇਨ੍ਹਾਂ ਸਨਅਤਾਂ ਵਾਸਤੇ ਅੰਮ੍ਰਿਤਸਰ ਦੀ ਸਥਿਤੀ ਇਕ ਆਦਰਸ਼ਕ ਸੀ ਕਿਉਂਕਿ ਕਾਂਗੜਾ ਅਤੇ ਕਸ਼ਮੀਰ ਦੋਵੇਂ ਇਲਾਕੇ ਲਾਹੌਰ ਦਰਬਾਰ ਦੇ ਅਧੀਨ ਸਨ ਤੇ ਇਥੋਂ ਸ਼ਾਲਾਂ ਅਤੇ ਕੰਬਲਾਂ ਲਈ ਉਨ ਬਹੁਤਾਤ ਵਿਚ ਮਿਲ ਜਾਂਦੀ ਸੀ । ਮਹਾਰਾਜਾ ਦੇ ਆਮ ਅੰਮਿਤਸਰ ਵਿਚ ਆਉਣ ਜਾਣ ਕਰਕੇ ਇਨ੍ਹਾਂ ਦੋਹਾਂ ਵਸਤੂਆਂ ਦੀ ਖਪਤ ਦਾ ਚੰਗਾ ਸਾਧਨ ਬਣ ਜਾਂਦਾ ਸੀ ।

ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਅਧੀਨ ਹੋਰ ਸ਼ਹਿਰਾਂ ਦੇ ਵਿਕਾਸ ਵਿਚ ਵੀ ਵਿਸ਼ੇਸ਼ ਯੋਗਦਾਨ ਪਾਇਆ ।

---

੧. ਚਾਰ ਬਾਗਿ ਪੰਜਾਬ, ਪੰਨਾ ੨੯੪-੯੫

੨. ਉਕਤ ।

੩. ਸਟੇਨ ਬੈਕ, ਪੰਜਾਬ, ਪਟਿਆਲਾ, ੧੯੭੧, ਪੰਨਾ ੫੦; ਅੰਮ੍ਰਿਤਸਰ ਪਾਸਟ ਐਂਟ ਪਰੈਜ਼ਟ, ਵੀ.ਐਨ.ਦੱਤਾ, ਅੰਮ੍ਰਿਤਸਰ ੧੯੬੭, ਪੰਨਾ ੧੩੧

ਇਤਿਹਾਸਕ ਸ਼ਹਿਰ ਅੰਮ੍ਰਿਤਸਰ ਵਿਚ ਸਿਖ ਰਾਜ ਦੇ ਯਾਦ-ਚਿੰਨ੍ਹ

ਸਿਖ ਗੁਰੂਆਂ ਦਾ ਯੋਗਦਾਨ :

ਅੰਮ੍ਰਿਤਸਰ ਸ਼ਹਿਰ ਸਿੱਖਾਂ ਤੇ ਚੌਥੇ ਗੁਰੂ ਗੁਰੂ ਰਾਮਦਾਸ ਜੀ ਨੇ (੧੫੭੪–੮੧ ਈਸਵੀ) ੧੫੭੭ ਈਸਵੀ ਵਿੱਚ ਵਸਾਇਆ । ਇਹ ਥਾਂ ਦਰਿਆ ਰਾਵੀ ਅਤੇ ਬਿਆਸ ਦੇ ਵਿਚਕਾਰ ਮਾਝੇ ਇਲਾਕੇ ਦਾ ਕੇਂਦਰ ਸੀ । ਆਰੰਭ ਵਿਚ ਇਸ ਦਾ ਨਾਮ ਚੱਕ ਗੁਰੂ ਜਾਂ ਚੱਕ ਰਾਮਦਾਸ ਸੀ। ਗੁਰੂ ਰਾਮਦਾਸ ਜੀ ਨੇ ਗੋਇੰਦਵਾਲ ਸਾਹਿਬ ਤੋਂ ਆ ਕੇ ਸਰੋਵਰ ਬਣਵਾਇਆ ਤੇ ਆਪਣੇ ਰਹਿਣ ਲਈ ਮਕਾਨ ਬਣਵਾਇਆ । ਇਹ ਉਹ ਹੀ ਥਾਂ ਸੀ ਜਿਥੇ ਅੱਜਕਲ ਗੁਰੂ ਕੇ ਮਹਿਲ ਗੁਰਦਵਾਰਾ ਹੈ । ਭਾਈ ਸੰਤੋਖ ਸਿੰਘ ਕਰਤਾ ਸੂਰਜ ਪ੍ਰਕਾਸ਼ ਲਿਖਦੇ ਹਨ ਕਿ ਗੁਰੂ ਰਾਮ ਦਾਸ ਜੀ ਨੇ ਅੰਮ੍ਰਿਤਸਰ ਸਰੋਵਰ ਦਾ ਹਾਲੀ ਆਰੰਭ ਹੀ ਕੀਤਾ ਸੀ ਕਿ ਉਹ ਜੋਤੀ ਜੋਤ ਸਮਾ ਗਏ ਅਤੇ ਸਰੋਵਰ ਗੁਰੂ ਅਰਜਨ ਸਾਹਿਬ ਨੇ ਸੰਪੂਰਨ ਕੀਤਾ । ਪਰ ਇਸ ਦੀ ਪੁਸ਼ਟੀ ਨਹੀਂ ਹੁੰਦੀ । ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਵਿਚ ਗੁਰੂ ਰਾਮਦਾਸ ਜੀ ਬਾਰੇ ਲਿਖਿਆ ਹੈ 'ਪੂਰਨ ਤਾਲ ਖੁਦਾਇਆ ਅੰਮ੍ਰਿਤਸਰ ਵਿਚ ਜੋਤ ਜਗਾਵੈ' ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਅੰਮ੍ਰਿਤਸਰ ਸਰੋਵਰ ਗੁਰੂ ਰਾਮਦਾਸ ਜੀ ਦੇ ਸਮੇਂ ਹੀ ਸੰਪੂਰਨ ਹੋ ਗਿਆ ਸੀ । ਇਹ ਠੀਕ ਹੀ ਕਿਹਾ ਗਿਆ ਹੈ ਕਿ ਅੰਮ੍ਰਿਤਸਰ ਨਗਰ ਦੀ ਨੀਂਹ ਰੱਖ ਕੇ ਗੁਰੂ ਰਾਮਦਾਸ ਜੀ ਨੇ ਸਿੱਖਾਂ ਦੇ ਉਜਲ ਭਵਿੱਖ ਦੇ ਨਿਰਮਾਨ ਦਾ ਆਰੰਭ ਕੀਤਾ ।

ਅੰਮ੍ਰਿਤਸਰ ਦੇ ਨਿਰਮਾਣ ਵਿਚ ਗੁਰੂ ਅਰਜਨ ਸਾਹਿਬ ਨੇ ਬਹੁਤ ਮਹੱਤਤਾ ਪੂਰਨ ਯੋਗਦਾਨ ਪਾਇਆ ਹੈ । ਗੁਰੂ ਅਰਜਨ ਸਾਹਿਬ ਨੇ (੧੫੮੧–੧੬੦੬ ਈਸਵੀ) ਗੁਰੂ ਕਾ ਬਾਜ਼ਾਰ ਬਣਵਾਇਆ ਜੋ ਅਜਕਲ ਸ਼ਹਿਰ ਦਾ ਸਭ ਤੋਂ ਵਡਾ ਵਪਾਰਕ ਕੇਂਦਰ ਹੈ । ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਹਰੀ ਮੰਦਰ ਸਾਹਿਬ ਦੀ ਉਸਾਰੀ ਕੀਤਾ ਅਤੇ ਇਸ ਤਰ੍ਹਾਂ ਸਿੱਖਾਂ ਨੂੰ ਇਕ ਧਾਰਮਿਕ ਕੇਂਦਰ ਦਿਤਾ । ਅੰਮ੍ਰਿਤਸਰ ਨਗਰ ਦੀ ਉਸਾਰੀ ਲਈ ਕਈ ਉਪਰਾਲੇ ਕੀਤੇ। ਭਾਈ ਸਾਲੋ ਨੂੰ ਉਚੇਚੇ ਤੌਰ ਤੇ ਵਸੋਂ ਵਧਾਉਣ ਲਈ ਨੀਯਤ ਕੀਤਾ ਤਾਂ ਜੋ ਉਹ ਸਿੱਖਾਂ ਨੂੰ ਪ੍ਰੇਰੇ ਕਿ ਉਹ ਇਸ ਨਗਰ ਵਿਚ ਆ ਕੇ ਆਬਾਦ ਹੋਣ । "ਤਾਰੀਖੇ ਸਿੱਖਾਂ" ਲੇਖਕ ਖੁਸ਼ਵਕਤ ਗਏ ਦੇ ਕਥਨ ਅਨੁਸਾਰ ਗੁਰੂ ਰਾਮਦਾਸ ਜੀ ਦੇ ਸਮੇਂ ਅੰਮ੍ਰਿਤਸਰ ਨਗਰ ਦੀ ਚੁੰਗੀ ਚੌਕ ਪਾਸੀਆਂ ਦੇ ਨੇੜੇ ਹੁੰਦੀ ਸੀ । ਭਾਈ ਸਾਲੋ ਨੇ ਚੌਕ ਪਾਸੀਆਂ ਤੋਂ ਥੋੜੀ ਦੂਰ ਆਪਣਾ ਡੇਰਾ ਬਣਾ ਲਿਆ ਜਿਥੇ ਅਜ ਕਲ ਧਰਮਸਾਲਾ ਜਾਂ ਟੋਬਾ ਭਾਈ ਸਾਲੋ ਹੈ । ਇਸ ਤਰਾਂ ਚੌਕ ਪਾਸੀਆਂ ਤੋਂ ਲੈ ਕੇ ਧਰਮਸਾਲਾ ਭਾਈ ਸਾਲੋ ਵਾਲੇ ਪਾਸੇ ਆਬਾਦੀ ਵਧਣੀ ਅਰੰਭ ਹੋ ਗਈ ।

੧. ਇਹ ਲੇਖ ਖਾਲਸਾ ਸਮਾਚਾਰ, ਅੰਮ੍ਰਿਤਸਰ ਦੇ ਅੰਕ ੮ ਦਸੰਬਰ ੧੯੭੭ ਵਿੱਚ ਛਪਿਆ ਹੈ ਤੇ ਰਣਜੀਤ ਬੰਬਈ ੩੦ ਅਕਤੂਬਰ ੧੯੭੭ ਦੇ ਅੰਕ ਵਿੱਚ ।

ਗੁਰੂ ਹਰਗੋਬਿੰਦ ਸਾਹਿਬ ਨੇ (੧੬੦੩-੧੧੪੪ ਏ. ਡੀ.) ਅੰਮ੍ਰਿਤਸਰ ਨਗਰ ਨੂੰ ਪ੍ਰਫੁਲਤ ਕਰਨ ਲਈ ਨਿਮਨ ਲਿਖਤ ਉਪਰਾਲੇ ਕੀਤੇ ।

ਬਾਜ਼ਾਰ ਬੱਤੀ ਹੱਟਾਂ ਦਾ ਨਿਰਮਾਣ:

ਗੁਰੂ ਹਰਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਗੁਰੂ ਬਾਜ਼ਾਰ ਨੂੰ ਵਧਾਇਆ ਗਿਆ ਤੇ ਇਸਦੇ ਨਾਲ ਬਾਜ਼ਾਰ ਬੱਤੀ ਹਟਾਂ ਬਣਵਾਇਆ ।

ਚੁਰਸਤੀ ਅਟਾਰੀ :

ਬਾਜ਼ਾਰ ਬੱਤੀ ਹਟਾਂ ਅਤੇ ਗੁਰੂ ਬਾਜ਼ਾਰ ਦੇ ਵਿਚਕਾਰ ਗੁਰੂ ਹਰ ਗੋਬਿੰਦ ਸਾਹਿਬ ਜੀ ਨੇ ਚੁਰਸਤੀ ਅਟਾਰੀ ਬਣਵਾਈ । ਇਥੇ ਚਾਰ ਰਸਤੇ ਮਿਲਦੇ ਸਨ । ਇਨ੍ਹਾਂ ਦੇ ਵਿਚਕਾਰ ਰਸਤਿਆਂ ਦੇ ਚੌਕ ਤੇ ਛੱਤ ਪਾ ਕੇ ਗੁਰ ਸਾਹਿਬ ਨੇ ਇਕ ਚੁਬਾਰਾ ਬਣਵਾਇਆ ਜਿਥੇ ਗੁਰੂ ਸਾਹਿਬ ਰਿਹਾ ਕਰਦੇ ਸਨ । ਇਸ ਅਸਥਾਨ ਦਾ ਨਾਂ ਚੁਰਸਤੀ ਅਟਾਰੀ ਪੈ ਗਿਆ । ਇਹ ਅਸਥਾਨ ਹੁਣ ਨਹੀਂ ਹੈ ਤੇ ਇਸ ਦੀ ਯਾਦ ਵਜੋਂ ਇਕ ਨੁਕਰ ਵਿਚ ਛੋਟਾ ਜਿਹਾ ਗੁਰਦਵਾਰਾ ਹੈ ਜਿਸ ਦਾ ਨਾਮ ਗੁ: ਚੁਰਸਤੀ ਅਟਾਰੀ ਹੈ ।

ਅਕਾਲ ਤਖ਼ਤ ਜਾਂ ਅਕਾਲ ਬੁੰਗਾ :

ਅੰਮ੍ਰਿਤਸਰ ਸਰੋਵਰ ਦੀ ਖੁਦਾਈ ਵੇਲੇ ਬਹੁਤ ਸਾਰੀ ਮਿੱਟੀ ਅਕਾਲ ਤਖ਼ਤ ਵਾਲੇ ਪਾਸੇ ਹੀ ਇਕੱਠੀ ਹੁੰਦੀ ਗਈ ਉਸੇ ਜਗ੍ਹਾ ਤੇ ਗੁਰੂ ਹਰ ਗੋਬਿੰਦ ਸਾਹਿਬ ਨੇ ਦਰਬਾਰ ਸਾਹਿਬ ਦੇ ਬਿਲਕੁਲ ਸਾਹਮਣੇ ਇਕ ਉਚਾ ਥੜਾ ਬਣਵਾਇਆ ਇਥੇ ਬੈਠ ਕੇ ਉਹ ਸਿਖਾਂ ਨੂੰ ਉਪਦੇਸ਼ ਦੇਂਦੇ। ਰਾਜਸੀ ਵਿਚਾਰਾਂ ਕਰਦੇ ਤੇ ਸਿਖਾਂ ਦੀਆਂ ਖੇਡਾਂ ਵੇਖਿਆ ਕਰਦੇ ਸਨ । ਇਥੇ ਹੀ ਯੋਧਿਆਂ ਦੀਆਂ ਵਾਰਾਂ ਗਾਵੀਆਂ ਜਾਂਦੀਆਂ ਸਨ । ਇਸੇ ਅਸਥਾਨ ਤੋਂ ਖਾਲਸਾ ਸਾਜਣ ਪਿਛੋਂ ਹੁਕਮਨਾਮੇ ਜਾਰੀ ਹੁੰਦੇ ਰਹੇ ਤੇ ਇਹ ਅਸਥਾਨ ਖਾਲਸੇ ਦਾ ਪ੍ਰਿਥਮ ਤਖ਼ਤ ਬਣ ਗਿਆ ।

ਲੋਹਗੜ੍ਹ :

ਗੁਰੂ ਹਰ ਗੋਬਿੰਦ ਸਾਹਿਬ ਨੇ ਦੋ ਤਲਵਾਰਾਂ ਧਾਰਨ ਕੀਤੀਆਂ ਇਕ ਮੀਰੀ ਦੀ ਤੇ ਇਕ ਪੀਰੀ ਦੀ । ਉਨ੍ਹਾਂ ਦਾ ਮਨੋਰਥ ਸਿਖਾਂ ਨੂੰ ਸੰਤ-ਸਿਪਾਹੀ ਬਨਾਉਣ ਦਾ ਸੀ ਤਾਂ ਜੋ ਸਿੱਖ ਆਪਣੀ ਰਖਿਆ ਆਪ ਕਰ ਸਕਣ । ਅੰਮ੍ਰਿਤਸਰ ਦੀ ਸੁਰੱਖਿਆ ਲਈ ਨਗਰ ਦੇ ਪੱਛਮ ਵਾਲੇ ਪਾਸੇ ਕਿਲਾ ਬਣਵਾਇਆ ਜਿਸਦਾ ਨਾਂ ਲੋਹਗੜ੍ਹ ਰੱਖਿਆ । ਇਥੇ ਅਜ ਕਲ੍ਹ ਗੁ: ਲੋਹਗੜ੍ਹ ਕਿਲੇ ਦੀ ਯਾਦ ਦੁਆਉਂਦੀ ਹੈ । ਇਥੇ ਗੁਰ ਹਰ ਗੋਬਿੰਦ ਸਾਹਿਬ ਜੀ ਨੇ ਮੁਗਲਾਂ ਵਿਰੁੱਧ ਪਹਿਲੀ ਲੜਾਈ ਲੜੀ ਸੀ ।

ਕੌਲ ਸਰ :

ਗੁਰ ਹਰ ਗੋਬਿੰਦ ਸਾਹਿਬ ਜੀ ਨੇ ਬੀਬੀ ਕੌਲਾਂ ਦੇ ਨਾਂ ਤੇ ਇਕ ਸਰੋਵਰ ਬਣਵਾਇਆ ਜਿਸ ਦਾ ਨਾਂ ਕੌਲ ਸਰ ਰੱਖਿਆ । ਕੌਲਾਂ ਸਿੱਖ ਰਵਾਇਤਾਂ ਅਨੁਸਾਰ ਇਕ ਮੁਸਲਮਾਨ ਇਸਤਰੀ ਸੀ ਤੇ ਸਿੱਖੀ ਧਾਰਨ ਕਰਕੇ ਨਾਮ ਬਾਣੀ ਸਿਮਰਨ ਵਿਚ ਮਗਨ ਰਹਿੰਦੀ ਸੀ ।

ਬਬੇਕਸਰ :

ਗੁਰ ਹਰ ਗੋਬਿੰਦ ਸਾਹਿਬ ਜੀ ਨੇ ਇਕ ਹੋਰ ਸਰਵੋਰ ਬਣਵਾਇਆ । ਉਸ ਦਾ ਨਾਂ ਬਬੇਕਸਰ ਰੱਖਿਆ ।

ਬਾਬਾ ਅਟਲ :

ਬਾਬਾ ਅਟਲ ਰਾਏ ਜੀ ਗੁਰੂ ਹਰ ਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦੇ ਸਨ ਜਿਨ੍ਹਾਂ ਦਾ ਦਿਹਾਂਤ ਨੌ ਸਾਲ ਦੀ ਅਵਸਥਾ ਵਿੱਚ ਹੋਇਆ । ਇਨ੍ਹਾਂ ਦਾ ਸੰਸਕਾਰ ਕੌਲਸਰ ਦੇ ਕੰਢੇ ਤੇ ਹੋਇਆ ਜਿਥੇ ਬਾਬਾ ਅਟਲ ਗੁਰਦਵਾਰਾ ਬਣਿਆ ਹੈ । ਪਹਿਲਾਂ ਇਸ ਦੀਆਂ ਚਾਰ ਮੰਜ਼ਲਾਂ ਹੁੰਦੀਆਂ ਸਨ । ਮਹਾਰਾਜਾ ਰਣਜੀਤ ਸਿੰਘ ਨੇ ਉਤਲੀਆਂ ਪੰਜ ਮੰਜ਼ਲਾਂ ਬਣਵਾਈਆਂ ।

ਇਉਂ ਜਾਪਦਾ ਹੈ ਬਾਬਾ ਅਟਲ ਅਤੇ ਕੌਲਸਰ ਵਾਲਾ ਪਾਸਾ ਸਭ ਤੋਂ ਪਿਛੋਂ ਆਬਾਦ ਹੋਇਆ । ਇਸ ਪਾਸੇ ਅਠਾਰਵੀਂ ਸਦੀ ਤਕ ਸਮਸ਼ਾਨ ਭੂਮੀ ਰਹੀ । ਇਹ ਹੀ ਕਾਰਨ ਹੈ ਕਿ ਅਠਾਰਵੀਂ ਸਦੀ ਦੇ ਪ੍ਰਸਿੱਧ ਸਿੱਖਾਂ ਦੀਆਂ ਸਮਾਧਾਂ ਜਿਵੇਂ ਕਿ ਨਵਾਬ ਕਪੂਰ ਸਿੰਘ ਦੀ ਸਮਾਧ ਜੱਸਾ ਸਿੰਘ ਆਹਲੂਵਾਲੀਏ ਦੀ ਸਮਾਧ, ਬਾਬਾ ਅਟੱਲ ਦੇ ਨੇੜੇ ਸਥਿਤ ਹਨ । ਬਹੁਤ ਸਾਰੀਆਂ ਸਮਾਧਾਂ ਅਕਾਲੀ ਲਹਿਰ ਵੇਲੇ ਢਾਹ ਦਿੱਤੀਆਂ ਗਈਆਂ ਸਨ ।

ਅੰਮ੍ਰਿਤਸਰ ਸ਼ਹਿਰ ਵਿੱਚ ਸਿੱਖ ਰਾਜ ਦੇ ਯਾਦ-ਚਿੰਨ੍ਹ

ਸਿੱਖਾਂ ਦੇ ਸੰਘਰਸ਼ ਦਾ ਪ੍ਰਤੀਕ :

ਅਠਾਰਵੀਂ ਸਦੀ ਵਿੱਚ ਅੰਮ੍ਰਿਤਸਰ ਸਿੱਖਾਂ ਦੇ ਸੰਘਰਸ਼ ਦਾ ਪ੍ਰਤੀਕ ਰਿਹਾ ਹੈ । ਮੁਗ਼ਲਾਂ ਸਮੇਂ ਸਿੱਖਾਂ ਦੇ ਮੁਲ ਰਖੇ ਜਾਂਦੇ ਸਨ । ਜ਼ਕਰੀਆਂ ਖਾਂ (੧੭੨੬–੪੫ ਈਸਵੀ) ਅਤੇ ਮੀਰ ਮੰਨੂ (੧੭੪੮-੧੭੫੩ ਈਸਵੀ) ਦੀਆਂ ਫੌਜਾਂ ਸਿਖਾਂ ਨੂੰ ਪਿੰਡਾਂ ਤੇ ਸ਼ਹਿਰਾਂ ਵਿਚੋਂ ਬਾਹਰ ਕੱਢ ਰਹੀਆਂ ਸਨ । ਉਨ੍ਹਾਂ ਭਿਆਨਕ ਸਮਿਆਂ ਵਿੱਚ ਅੰਮ੍ਰਿਤਸਰ ਸਿਖਾਂ ਲਈ ਇਕੱਠ ਕਰਨ ਦਾ ਕੇਂਦਰ ਬਣਿਆ ਹੋਇਆ ਸੀ । ਹਰ ਸਿੱਖ ਅੰਮ੍ਰਿਤਸਰ ਆ ਕੇ ਇਸ਼ਨਾਨ ਕਰਨਾ ਆਪਣਾ ਧਰਮ ਸਮਝਦਾ ਸੀ । ਸਰਕਾਰ ਨੇ ਵੀ ਅੰਮ੍ਰਿਤਸਰ ਤੇ ਪਹਿਰਾ ਲਾਇਆ ਹੋਇਆ ਸੀ ਤਾਂ ਜੋ ਸਿੱਖ ਅੰਮ੍ਰਿਤਸਰ ਆਜ਼ਾਦੀ ਨਾਲ ਆ ਜਾ ਨਾ ਸਕਣ । ਮਸਾ ਰੰਘੜ ਦੀਆਂ ਕਾਲੀਆਂ ਕਰਤੂਤਾਂ ਅਤੇ ਸ. ਮਹਿਤਾਬ ਸਿੰਘ ਅਤੇ ਸੁਖਾ ਸਿੰਘ ਕੋਲੋਂ ਉਸ ਦਾ ਸਿਰ ਵੱਢਣਾ ਤੇ ਬੀਕਾਨੇਰ ਜਾ ਕੇ ਖਾਲਸੇ

ਦੇ ਅਗੇ ਪੇਸ਼ ਕਰਨਾ, ਮੀਰ ਮੰਨੂ ਦਾ ਕਈ ਮਹੀਨੇ ਲਗਾਤਾਰ ਅੰਮ੍ਰਿਤਸਰ ਵਿੱਚ ਰਾਮ ਰੌਣੀ ਦਾ ਘੇਰਾ ਪਾਈ ਰੱਖਣਾ ਤੇ ਸਿੱਖਾਂ ਨੂੰ ਤਸੀਹੇ ਦੇਣੇ ਇਸ ਸਮੇਂ ਦੇ ਅਮਿਟਵੇਂ ਯਾਦ ਚਿੰਨ ਹਨ। ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਦਰਬਾਰ ਸਾਹਿਬ ਦੀ ਦੋ ਵਾਰੀ ਬੇ=ਅਦਬੀ ਕੀਤੀ । ਇਕ ਵਾਰੀ ੧੭੫੮ ਈਸਵੀ ਵਿੱਚ ਜਦੋਂ ਅਹਿਮਦ ਸ਼ਾਹ ਨੇ ਆਪਣੇ ਪੁੱਤਰ ਤਿਮੂਰ ਸ਼ਾਹ ਨੂੰ ਪੰਜਾਬ ਦਾ ਗਵਰਨਰ ਨੀਅਤ ਕੀਤਾ ਅਤੇ ਜਹਾਨ ਖਾਂ ਜਰਨੈਲ ਨੂੰ ਉਸ ਦੀ ਸਹਾਇਤਾ ਲਈ ਨਿਯੁਕਤ ਕੀਤਾ । ਜਹਾਨ ਖਾਂ ਨੇ ਦਰਬਾਰ ਸਾਹਿਬ ਦੀ ਬੇ-ਅਦਬੀ ਕੀਤੀ ਜਿਸ ਕਰਕੇ ਬਾਬਾ ਦੀਪ ਸਿੰਘ ਆਪਣੇ ਨਾਲ ਸਿਰ ਲੱਥ ਜਵਾਨਾਂ ਦਾ ਜੱਥਾ ਲੈ ਕੇ ਆਏ ਤੇ ਅਫਗਾਨਾਂ ਨਾਲ ਜੂਝਦੇ ਸ਼ਹੀਦ ਹੋ ਗਏ । ਬਾਬਾ ਦੀਪ ਸਿੰਘ ਜੀ ਦੀ ਯਾਦਗਾਰ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਤੇ ਚਾਟੀਵਿੰਡ ਦੇ ਬਾਹਰ ਗੁਰਦਵਾਰੇ ਦੇ ਰੂਪ ਵਿੱਚ ਅਸਥਿਤ ਹੈ । ਇਹ ਯਾਦਗਾਰਾਂ ਬਾਬਾ ਦੀਪ ਸਿੰਘ ਜੀ ਦੀ ਕੁਰਬਾਨੀ, ਦ੍ਰਿੜ੍ਹਤਾ ਤੇ ਵਿਸ਼ਵਾਸ਼ ਦੀ ਸਦਾ ਯਾਦ ਕਰਵਾਉਂਦੀਆਂ ਰਹਿਣਗੀਆਂ ।੧੭੬੨ ਈਸਵੀ ਦੇ ਘਲੂਘਾਰੇ ਪਿਛੋਂ ਅਹਿਮਦ ਸ਼ਾਹ ਅਬਦਾਲੀ ਨੇ ਸਿੱਖਾਂ ਨੂੰ ਸਜ਼ਾ ਦੇਣ ਦੇ ਖਿਆਲ ਨਾਲ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ ਦਿਤਾ ਤੇ ਪਾਵਨ ਸਰੋਵਰ ਵਿੱਚ ਗਊ ਬੱਧ ਕਰਕੇ ਅਪਵਿੱਤਰ ਬਨਾਉਣ ਦਾ ਯਤਨ ਕੀਤਾ । ਇਹ ਸਭ ਕੁਝ ਕਰਨ ਨਾਲ ਵੀ ਸਿੱਖ ਦਬ ਨਾ ਸਕੇ । ਦਰਬਾਰ ਸਾਹਿਬ ਦੀ ਨਵੀਂ ਉਸਾਰੀ ਹੋਈ ਤੇ ਸਿਖਾਂ ਨੇ ਪੂਰੇ ਜੋਸ਼ ਨਾਲ ਅਬਦਾਲੀ ਦੇ ਵਿਰੁੱਧ ਲੜਨ ਦਾ ਨਿਸਚਾ ਕਰ ਲਿਆ ।੧੭੪੮ ਈਸਵੀ ਵਿੱਚ ਵਿਸਾਖੀ ਵਾਲੇ ਦਿਨ ਖਾਲਸੇ ਨੇ ਅੰਮ੍ਰਿਤਸਰ ਦੇ ਇਕਠ ਵਿੱਚ ਸਾਰੇ ਜਥਿਆਂ ਨੂੰ ਇਕ-ਮੁਠ ਕਰਕੇ ਦਲ ਖਾਲਸੇ ਦੀ ਨੀਂਹ ਰੱਖੀ । ਦਲ ਖਾਲਸੇ ਨੂੰ ਅਬਦਾਲੀ ਵਿਰੁੱਧ ਘੋਰ ਸੰਘਰਸ਼ ਕਰਨਾ ਪਿਆ ।ਇਸ ਸੰਘਰਸ਼ ਵ੍ਹਿਚ ਅਹਿਮਦ ਸ਼ਾਹ ਨੂੰ ਹਾਰ ਹੋਈ ਤੇ ਪੰਜਾਬ ਵਿੱਚ ਸਿੱਖ ਮਿਸਲਾਂ ਦੇ ਰਾਜ ਦੀ ਅਸਥਾਪਨਾ ਹੋਈ ।

ਮਿਸਲਾਂ ਦੀ ਸਾਂਝੀ ਰਾਜਧਾਨੀ :

ਸਿੱਖਾਂ ਦੀ ਰਾਜਸੀ ਸਤਾ ਅਸਥਾਪਣ ਹੋਣ ਨਾਲ ਅੰਮ੍ਰਿਤਸਰ ਦੀ ਮਹਾਨਤਾ ਵਧੀ ਤੇ ਅਬਾਦੀ ਵਿੱਚ ਬਹੁਤ ਵਾਧਾ ਹੋਇਆ । ਸਾਰੀਆਂ ਮਿਸਲਾਂ ਦੀਵਾਲੀ ਅਤੇ ਵਿਸਾਖੀ ਨੂੰ ਅੰਮ੍ਰਿਤਸਰ ਵਿਚ ਇਕੱਠੀਆਂ ਹੁੰਦੀਆਂ ਸਨ ਅਤੇ ਗੁਰ-ਮਤਾ ਸੋਧ ਕੇ ਰਾਜਸੀ ਤੇ ਫੌਜੀ ਫੈਸਲੇ ਕਰਦੀਆਂ ਸਨ । ਇਸ ਪ੍ਰਥਾ ਨੂੰ ਫਾਰੇਸਟਰ ਅਤੇ ਮੈਲਕਮ ਨੇ ਗੁਰਮਤਾ ਪ੍ਰਣਾਲੀ ਕਰਕੇ ਲਿਖਿਆ ਹੈ । ਉਨ੍ਹਾਂ ਦੇ ਕਥਨ ਅਨੁਸਾਰ ਗੁਰਮਤਾ ਸਿਸਟਮ ਸਿੱਖਾਂ ਦੀ ਕੇਂਦਰੀ ਸਰਕਾਰ ਸੀ ਜਿਸ ਨਾਲ ਸਾਰੇ ਮਿਸਲਦਾਰ ਇਕੱਠੇ ਹੀ ਰਹਿੰਦੇ ਸਨ ।ਫਾਰਸੈਟਰ ਪੰਜਾਬ ਵਿੱਚ ੧੭੮੩ ਈਸਵੀ ਵਿੱਚ ਆਇਆ । ਉਹ ਲਿਖਦਾ ਹੈ ਕਿ ਸਾਰੇ ਮਿਸਲਦਾਰ ਦੀਵਾਲੀ ਅਤੇ ਵਿਸਾਖੀ ਦੇ ਸਮੇਂ ਜੋ ਕਰ ਲੋਕਾਂ ਕੋਲੋਂ ਵਸੂਲ ਕਰਦੇ ਸਨ ਉਹ ਲੈ ਕੇ ਅੰਮ੍ਰਿਤਸਰ ਆ ਜਾਂਦੇ ਸਨ ਤੇ ਸੰਗਤ ਵਿੱਚ ਐਲਾਨ ਕਰ ਦਿੰਦੇ ਸਨ ਤੇ ਫੇਰ ਆਪਣੇ ਸਾਥੀਆਂ ਵਿੱਚ ਹਿਸਾਬ ਨਾਲ ਵੰਡ ਦੇਂਦੇ ਸਨ ।

ਅਠਾਰਵੀਂ ਸਦੀ ਵਿੱਚ ਅੰਮ੍ਰਿਤਸਰ ਵਿੱਚ ਕਈ ਕਿਲੇ ਬਣੇ। ਇਨ੍ਹਾਂ ਸਾਰਿਆਂ ਕਿਲ੍ਹਿਆਂ ਵਿਚੋਂ ਰਾਮ ਰੌਣੀ ਸਭ ਤੋਂ ਪਹਿਲਾਂ ਬਣਿਆ। ਜਿਸ ਨੂੰ ਰਾਮਗੜ੍ਹ ਵੀ ਆਖਦੇ ਹਨ। ਜੱਸਾ ਸਿੰਘ ਨੇ ਅਹਿਮਦ ਸ਼ਾਹ ਅਬਦਾਲੀ ਦੇ ਵਿਰੁੱਧ ਡਟ ਕੇ ਇਸ ਦੀ ਰਖਿਆ ਕੀਤੀ। ਇਸ ਲਈ ਜੱਸਾ ਸਿੰਘ ਨੂੰ ਰਾਮਗੜ੍ਹੀਆ ਕਹਿੰਦੇ ਸਨ। ਰਾਮ ਰੌਣੀ ਜਾਂ ਰਾਮ ਗੜ੍ਹ ਹੁਣ ਨਹੀਂ ਹੈ। ਅੰਮ੍ਰਿਤਸਰ ਵਿੱਚ ਭੰਗੀ ਸਰਦਾਰਾਂ ਨੇ ਤਕਰੀਬਨ ਤੀਹ ਸਾਲ ਰਾਜ ਕੀਤਾ ਤੇ ਇਸ ਸਮੇਂ ਉਨ੍ਹਾਂ ਕਈ ਕਿਲੇ ਬਣਵਾਏ। ਸ਼ਹਿਰ ਦੇ ਅੰਦਰ ਇਕ ਕਿਲ੍ਹਾ ਭੁੰਗੀਆਂ ਬਣਵਾਇਆ ਜਿਥੇ ਅਜ ਕਲ ਆਬਾਦੀ ਹੋ ਗਈ ਹੈ। ਸ. ਗੁਜਰ ਸਿੰਘ ਭੰਗੀ ਨੇ ਇਕ ਲੋਹਗੜ੍ਹ ਦੇ ਬਾਹਰਵਾਰ ਕਿਲ੍ਹਾ ਬਣਵਾਇਆ. ਉਸ ਦੀ ਮੁਰੰਮਤ ਕਰਕੇ ਮਹਾਰਾਜ ਰਣਜੀਤ ਸਿੰਘ ਨੇ ਗੋਬਿੰਦ ਗੜ੍ਹ ਕਿਲਾ ਬਣਵਾਇਆ। ਇਹ ਕਿਲਾ ਆਪਣੇ ਸਮੇਂ ਦਾ ਬਹੁਤ ਮਜਬੂਤ ਕਿਲਾ ਸਮਝਿਆ ਜਾਂਦਾ ਸੀ। ਜਦੋਂ ਲਾਰਡ ਆਕਲੈਂਡ ਨੇ ੧੨ ਦਸੰਬਰ-੧੯੩੯ ਵਿੱਚ ਇਸ ਕਿਲੇ ਨੂੰ ਵੇਖਿਆ ਤਾਂ ਕਿਹਾ ਕਿ "ਇਹ ਕਿਲਾ ਕਾਫੀ ਮਜ਼ਬੂਤ ਤੇ ਸੁਰੱਖਿਆਤ ਹੈ।" ਮੌਜੂਦਾ ਰਾਮਬਾਗ ਵਾਲੀ ਥਾਂ ਤੇ ਵੀ ਭੰਗੀ ਸਰਦਾਰਾਂ ਨੇ ਇਕ ਕਿਲਾ ਬਣਵਾਇਆ ਸੀ।

ਮਿਸਲਾਂ ਦੇ ਸਮੇਂ ਹਰ ਮਿਸਲਦਾਰ ਨੇ ਆਪੋ ਆਪਣੇ ਨਾਵਾਂ ਦੇ ਕਟੜੇ ਬਣਵਾਏ ਜਿਵੇਂ ਕਿ ਕਟੜਾ ਆਹਲੂਵਾਲੀਆ, ਕਟੜਾ ਰਾਮਗੜ੍ਹੀਆ, ਕਟੜਾ ਨਕਈ, ਕਟੜਾ ਸਿੰਘ ਪੁਰੀਆ (ਨਵੀਨ ਬਾਜ਼ਾਰ ਕਸੇਰਾਂ) ਕਟੜਾ ਕਰਮ ਸਿੰਘ ਦੂਲੋ, ਸ. ਕਰਮ ਸਿੰਘ ਭੰਗੀ ਸਰਦਾਰ ਸੀ। ਇਹ ਬਹੁਤ ਚੰਗਾ ਸੀ ਇਸ ਕਰਕੇ ਇਸ ਦਾ ਨਾਮ 'ਦੂਲ੍ਹਾ' ਪੈ ਇਸਦੇ ਕਟੜੇ ਦਾ ਨਾਂ ਕਟੜਾ ਦੂਲੇ ਪ੍ਰਚਲਤ ਹੋ ਗਿਆ। ਕਟੜਾ ਮਹਾਂ ਸਿੰਘ ਸ਼ੁਕਰਚਕੀਆਂ ਆਦਿ।

ਮਹਾਰਾਜਾ ਰਣਜੀਤ ਸਿੰਘ ਦਾ ਅਮੀਰ ਤਰੀਨ ਸ਼ਹਿਰ :

ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਆਪਣੇ ਸਾਮਰਾਜ ਦਾ ਸਭ ਤੋਂ ਵੱਡਾ ਸ਼ਹਿਰ ਬਣਾ ਦਿੱਤਾ। ਉਨ੍ਹਾਂ ਦੇ ਸਾਰੇ ਸਮਕਾਲੀ ਲਿਖਦੇ ਹਨ ਕਿ ਰਾਜ ਵਿੱਚ ਅੰਮ੍ਰਿਤਸਰ ਅਮੀਰ ਸ਼ਹਿਰ ਹੈ। ਇਹ ਪੰਜਾਬ ਦੇ ਸ਼ਹਿਰਾਂ ਵਿਚੋਂ ਸਭ ਤੋਂ ਵੱਧ ਰੌਣਕ ਵਾਲਾ ਹੈ।' ਇਕ ਹੋਰ ਸਮਕਾਲੀ ਗਣੇਸ਼ ਦਾਸ ਵਡੇਹਰਾ ਲਿਖਦਾ ਹੈ "ਅਜ ਸਾਰੇ ਪੰਜਾਬ ਵਿੱਚ ਅੰਮ੍ਰਿਤਸਰ ਜਿਡ੍ਹਾ ਵੱਡਾ ਹੋਰ ਕੋਈ ਸ਼ਹਿਰ ਨਹੀਂ। ਸਾਰੇ ਦੇਸ਼ਾਂ ਦੇ ਸੌਦਾਗਰ ਇਥੇ ਆ ਕੇ ਆਬਾਦ ਹੋ ਗਏ ਹਨ। ਲਾਹੌਰ ਦੇ ਬਹੁਤ ਸਾਰੇ ਖਤਰੀਆਂ ਨੇ ਅੰਮ੍ਰਿਤਸਰ ਨੂੰ ਹੀ ਆਪਣਾ ਘਰ ਬਣਾ ਲਿਆ ਹੈ।" ਮਹਾਰਾਜਾ ਰਣਜੀਤ ਸਿੰਘ ਸਮੇਂ ਕਈ ਆਬਾਦੀਆਂ ਹੋਂਦ ਵਿੱਚ ਆਈਆਂ ਜਿਵੇਂ ਕਿ ਕਟਰਾ ਭਾਈ ਸੰਤ ਸਿੰਘ ਗਿਆਨੀ-ਇਹ ਸਮੇਂ ਦੇ ਪ੍ਰਸਿੱਧ ਗਿਆਨੀ ਅਤੇ ਬੁੰਗਾ ਗਿਆਨੀਆਂ ਵ ਾਲੇ ਸਨ। ਬਾਗ ਰਾਮਾਨੰਦ-ਰਾਮਾਨੰਦ ਮਹਾਰਾਜ ਸਾਹਿਬ ਦਾ ਸਰਾਫ ਸੀ। ਢਾਬ ਭਾਈ ਵਸਤੀ ਰਾਮ ਇਹ ਸਮੇਂ ਦੇ ਸੰਤ ਹੋਏ ਹਨ ਇਨ੍ਹਾਂ ਦੇ ਦੋ ਪੋਤਰੇ ਭਾਈ ਰਾਮ ਸਿੰਘ ਤੇ ਭਾਈ ਗੋਬਿੰਦ ਰਾਮ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਸਨ। (ਵਿਸਥਾਰ ਲਈ ਵੇਖੋ ਇਨ੍ਹਾਂ ਸਤਰਾਂ ਦੇ ਲਿਖਾਰੀ ਦੀ

ਪੁਸਤਕ-ਭਾਈ ਵਸਤਰੀ ਰਾਮ ਤੇ ਭਾਈ ਰਾਮ ਸਿੰਘ) । ਕਟਰਾ ਹਕੀਮਾਂ-ਇਹ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਸਿੱਧ ਵਜ਼ੀਰ ਫਕੀਰ ਅਜ਼ੀਜ-ਉਦ-ਦੀਨ ਦੇ ਨਾਂ ਤੇ ਆਬਾਦ ਹੋਇਆ। ਇਸ ਵਿੱਚ ਜਿਆਦਾ ਮੁਸਲਮਾਨ ਰਹਿੰਦੇ ਸਨ । ਕਈ ਬੁੰਗੇ ਹੋਂਦ ਵਿੱਚ ਆਏ ਜਿਨ੍ਹਾਂ ਵਿਚੋਂ ਇਕ ਬੁੰਗਾ ਭਾਈ ਵਸਤੀ ਰਾਮ ਸੀ । ਬੁੰਗਿਆਂ ਦੀ ਵਿਸਥਾਰਕ ਸੂਚੀ ਗਿਆਨੀ ਗਿਆਨ ਸਿੰਘ ਨੇ ਆਪਣੀ ਪੁਸਤਕ 'ਤਵਾਰੀਖ ਅੰਮ੍ਰਿਤਸਰ' ਵਿੱਚ ਦਿਤੀ ਹੈ । ਸ. ਹਰੀ ਸਿੰਘ ਨਲਵਾ ਦਾ ਬੁੰਗਾ ਮੌਜੂਦਾ ਬਾਜ਼ਾਰ ਸਰਾਫ਼ਾਂ ਵਾਲੀ ਥਾਂ ਤੇ ਹੋਇਆ ਕਰਦਾ ਸੀ ।

ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਸ਼ਹਿਰ ਦੀ ਫਸੀਲ ਬਣਵਾਲੀ ਜੋ ਪੰਜੀ ਫੁੱਟ ਚੌੜੀ ਸੀ ਤੇ ਜਿਸ ਦੇ ਅਗੇ ਖਾਈ ਸੀ । ਇਸ ਵਿੱਚ ਬਾਰਾਂ ਦਰਵਾਜੇ ਸਨ । ਜਿਨ੍ਹਾਂ ਵਿਚੋਂ ਇਕੋ ਰਾਮ ਬਾਗ ਦਾ ਨਮੂਨਾ ਹੁਣ ਤਕ ਕਾਇਮ ਹੈ ।

ਕੈਪਟਨ ਸੀ. ਐਮ. ਵੇਡ (੧੭੯੪-੧੮੬੧) ਜਿਹੜਾ ਈਸਟ ਇੰਡੀਆ ਕੰਪਨੀ ਦੀ ਫੌਜ ਵਿੱਚ ਕਾਫੀ ਸਮਾਂ ਨੌਕਰ ਰਿਹਾ ਸੀ ਨੇ ਲਿਖਿਆ ਹੈ ਕਿ ਅੰਮ੍ਰਿਤਸਰ ਦੀ ਫਸੀਲ ਦੀ ਬਣਤਰ ਦੇ ਨਮੂਨੇ ਤੇ ਕਾਫੀ ਯੂਰਪੀਨ ਪ੍ਰਭਾਵ ਹੈ ਤੇ ਇਹ ਪ੍ਰਭਾਵ ਮਹਾਰਾਜਾ ਰਣਜੀਤ ਸਿੰਘ ਦੇ ਯੂਰਪੀਨ ਅਫਸਰਾਂ ਦੇ ਨਿਯੁਕਤ ਕਰਨ ਤੋਂ ਆਇਆ ਹੈ । ਇਸ ਤੋਂ ਇਹ ਪਤਾ ਲਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਸ਼ਹਿਰ ਦੀ ਨਵੀਨ ਤਰਜ਼ ਦੀ ਫਸੀਲ ਬਣਾ ਕੇ ਇਸ ਪਵਿੱਤਰ ਸ਼ਹਿਰ ਨੂੰ ਇਕ ਅਜਿਤ ਸ਼ਹਿਰ ਬਣਾ ਦਿੱਤਾ ਸੀ । ਪਰ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ। ਇਸ ਦੇ ਮੁਕੰਮਲ ਹੋਣ ਤੋਂ ਥੋੜਾ ਚਿਰ ਪਿਛੋਂ ਅੰਗਰੇਜ਼ਾਂ ਨੇ ੧੮੪੯ ਈਸਵੀ ਵਿੱਚ ਇਸ ਨੂੰ ਢਾਹ ਦਿਤਾ ਤੇ ਉਸਦੀ ਥਾਂ ਮੌਜੂਦਾ ਫਸੀਲ ਬਣਵਾ ਦਿੱਤੀ । ਪੁਰਾਣੇ ਦਰਵਾਜ਼ਿਆਂ ਦੇ ਨਾਂ ਜਿਥੇ 'ਦਰਵਾਜੇ ਰੰਗੜ ਨੰਗਲੀਆਂ' ਆਦਿ ਸਨ ਹੁਣ ਦੇ ਦਰਵਾਜ਼ਿਆਂ ਨਾਲੋਂ ਹੋਰ ਸਨ । ਮਹਾਰਾਜਾ ਰਣਜੀਤ ਸਿੰਘ ਦੇ ਬਣਵਾਏ ਫਸੀਲ ਦੇ ਦਰਵਾਜਿਆਂ ਦੀ ਸੂਚੀ ਮੁਫ਼ਤੀ ਅਲੀ ਉਦੀਨ ਨੇ ਆਪਣੇ 'ਇਬਰਾਤ ਨਾਮੇ' ਵਿੱਚ ਦਿੱਤੀ ਹੈ ।

ਮਹਾਰਾਜਾ ਦੀ ਗਰਮੀਆਂ ਦੀ ਰਾਜਧਾਨੀ :

ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਆਪਣੀ ਗਰਮੀਆਂ ਦੀ ਰਾਜਧਾਨੀ ਬਣਾਇਆ । ਗਰਮੀਆਂ ਦੇ ਤਿੰਨ-ਚਾਰ ਮਹੀਨੇ ਇਥੇ ਆ ਕੇ ਰਿਹਾ ਕਰਦੇ ਸਨ । ਇਥੇ ਉਹ ਵਿਸ਼ੇਸ਼ ਤੇ ਮਹਾਨ ਪਰੁਹਣਿਆਂ ਦਾ ਸੁਆਗਤ ਕਰਦੇ ਸਨ । ਯਸ਼ਵੰਤ ਰਾਓ ਹੁਲਕਰ ਅੰਮ੍ਰਿਤਸਰ ਆ ਕੇ ੧੮੦੫ ਵਿਚ ਮਿਲਿਆ । ਤਾਰਾ ਸਿੰਘ ਨੇ ਆਪਣੀ ਗੁਰਮੁਖੀ ਡਾਇਰੀ ਵਿੱਚ ਇਸ ਮਿਲਣੀ ਦਾ ਹਾਲ ਲਿਖਿਆ ਹੈ । (ਵੇਖੋ ਮਹਾਰਾਜਾ ਦੇ ਸਮੇਂ ਦੀ ਇਕ ਅਦੁਤੀ ਹੱਥ ਲਿਖਤ) ਮਹਾਰਾਜਾ ਨੇ ਮੇਟਕਾਫ ਨਾਲ ੧੮੦੯ ਵਿਚ ਸੰਧੀ ਵੀ ਅੰਮ੍ਰਿਤਸਰ ਹੀ ਕੀਤੀ । ਇਸ ਦਾ ਨਾਂ ਹੀ ਅੰਮ੍ਰਿਤਸਰ ਦੀ ਸੰਧੀ ਪ੍ਰਸਿੱਧ ਹੈ । ੧੮੩੭ ਈਸਵੀ ਮਹਾਰਾਜਾ ਨੇ ਆਪਣੇ ਪੋਤਰੇ ਕੰਵਰ ਨੌ ਨਿਹਾਲ ਸਿੰਘ ਦੇ ਵਿਆਹ ਦੀਆਂ ਸਾਰੀਆਂ ਰਸਮਾਂ ਅੰਮ੍ਰਿਤਸਰ ਹੀ ਕੀਤੀਆਂ ਤੇ ਇਥੇ ਹੀ

ਮਹਾਰਾਜਾ ਨੇ ਸਰ ਹੈਨਰੀ ਫੇਨ ਜੋ ਈਸਟ ਇੰਡੀਆ ਕੰਪਨੀ ਦਾ ਕਮਾਂਡਰ ਇਨ ਚੀਫ ਸੀ ਦਾ ਸੁਆਗਤ ਕੀਤਾ ।ਇਥੋਂ ਹੀ ਲਾਰਡ ਆਕਲੈਂਡ ਤੇ ਉਸ ਦੀ ਭੈਣ ਐਮਲੀ ਈਡਨ ਦਾ ਸੁਆਗਤ ਕੀਤਾ ਤੇ ਉਨ੍ਹਾਂ ਆਪਣੀ ਭਾਰਤ ਦੀ ਫੇਰੀ ਤੇ ਕਿਤਾਬਾਂ ਲਿਖੀਆਂ ।ਜਿਵੇਂ 'ਅੱਪ ਦੀ ਕੰਟਰੀ,' 'ਪੋਰਟਰੇਟਸ ਇਨ ਇੰਡੀਆ' ਆਦਿ ।

ਮਹਾਰਾਜਾ ਰਣਜੀਤ ਸਿੰਘ ਦੁਸਹਿਰੇ ਦੇ ਤਿਉਹਾਰ ਅੰਮ੍ਰਿਤਸਰ ਵਿੱਚ ਹੀ ਮਨਾਇਆ ਕਰਦੇ ਸਨ ।ਇਸ ਸਮੇਂ ਇਕ ਉਚੇਚੀ ਮਿਲਟਰੀ ਪਰੇਡ ਦਾ ਪ੍ਰਬੰਧ ਕੀਤਾ ਜਾਂਦਾ ਜੋ ਮਹਾਰਾਜਾ ਸਾਹਿਬ ਆਪ ਵੇਖਦੇ ਸਨ । ਇਸ ਸਮੇਂ ਬਾਹਰੋਂ ਆਏ ਮਹਿਮਾਨਾਂ ਨੂੰ ਵੀ ਸਦਿਆ ਜਾਂਦਾ ਸੀ ।੧੮੩੫ ਦੀ ਇਹ ਵਿਸ਼ਾਲ ਤੇ ਮਹਾਨ ਮਿਲਟਰੀ ਪਰੇਡ ਡਬਲਯੂ. ਐਲ. ਮੈਕਰੇਗਰ ਨੇ ਆਪਣੀ ਅੱਖੀਂ ਵੇਖੀ ਤੇ ਉਸ ਦਾ ਵਿਸਥਾਰ ਪੂਰਵਕ ਹਾਲ ਆਪਣ ਪੁਸਤਕ ''ਹਿਸਟਰੀ ਆਫ ਦੀ ਸਿਖਸ' ਵਿੱਚ ਦਿੱਤਾ ਹੈ ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀਆਂ ਦੋ ਪ੍ਰਸਿੱਧ ਇਸਤਰੀਆਂ ਦੇ ਨਾਂ ਹੁਣ ਤਕ ਅੰਮ੍ਰਿਤਸਰ ਸ਼ਹਿਰ ਦੇ ਲੋਕਾਂ ਵਿੱਚ ਸਤਿਕਾਰੇ ਜਾਂਦੇ ਹਨ ।ਇਕ ਸੀ ਮਾਈ ਸੇਵਾਂ ।ਇਹ ਫਤੇਹ ਸਿੰਘ ਕਾਲਿਆਂ ਨਾਲੇ ਦੀ ਇਸਤਰੀ ਸੀ-ਕਾਲਾ ਪਿੰਡ ਖਾਲਸਾ ਕਾਲਜ ਅੰਮ੍ਰਿਤਸਰ ਦੇ ਪੱਛਮ ਵਿੱਚ ਹੈ ।ਇਸ ਦੀ ਔਲਾਦ ਨਹੀਂ ਸੀ ।ਇਸ ਨੇ ਆਪਣਾ ਬੁੰਗਾ ਦਰਬਾਰ ਸਾਹਿਬ ਦੀ ਭੇਟ ਕਰ ਦਿੱਤਾ ਤਾਂ ਜੋ ਇਸ ਦਾ ਨਾਂ ਸਦਾ ਕਾਇਮ ਰਹੇ ।ਉਸੇ ਥਾਂ ਤੇ ਬਾਜ਼ਾਰ ਮਾਈ ਸੇਵਾਂ ਬਣਿਆ ਅਤੇ ਹੁਣ ਤਕ ਉਸਦੇ ਨਾਂ ਤੇ ਜਾਣਿਆ ਜਾਂਦਾ ਹੈ ।

ਦੂਸਰੀ ਇਸਤਰੀ ਕਰਮੋ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਸਦਾ ਕੌਰ ਦੀ ਕਾਰਦਾਰ ਸੀ ।ਇਹ ਆਪਣੀ ਸ਼ਖਾਵਤ, ਖੁਲ ਦਿਲੀ ਅਤੇ ਦਾਨ ਕਰਨ ਵਿੱਚ ਪ੍ਰਸਿੱਧ ਸੀ ।ਇਸ ਦੀ ਡਿਊਢੀ ਤੋਂ ਕੋਈ ਖਾਲੀ ਨਹੀਂ ਸੀ ਜਾਂਦਾ ।ਇਸ ਦੇ ਨਾਂ ਤੇ ਕਰਮੋ ਡਿਊਢੀ ਦਾ ਇਲਾਕਾ ਹੁਣ ਵੀ ਪ੍ਰਸਿੱਧ ਹੈ ਅਤੇ ਵਪਾਰ ਦਾ ਮੁੱਖ ਕੇਂਦਰ ਹੈ ।

ਸੁਭਰਾਓ ਦੀ ਲੜਾਈ - ਫਰਵਰੀ ੧੦, ੧੮੪੬

ਸੁਭਰਾਓ ਦੀ ਲੜਾਈ ਭਾਰਤ ਦੀਆਂ ਉਨ੍ਹਾਂ ਪ੍ਰਸਿੱਧ ਲੜਾਈਆਂ ਵਿੱਚੋਂ ਹੈ ਜਿਨ੍ਹਾਂ ਨੇ ਦੇਸ਼ ਦੀ ਸਵਤੰਤਰਤਾ ਦਾ ਫੈਸਲਾ ਕੀਤਾ । ਇਹ ਲੜਾਈ ਅੱਜ ਤੋਂ ੧੪੮ ਸਾਲ ਪਹਿਲਾਂ ੧੦ ਫਰਵਰੀ, ੧੮੪੬ ਨੂੰ ਲੜੀ ਗਈ । ਇਹ ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਜੰਗ ਦੀ ਆਖਰੀ ਲੜਾਈ ਸੀ ।

੯ ਫਰਵਰੀ ਦੀ ਰਾਤ ਨੂੰ ਤੇਜ ਸਿੰਘ ਫੌਜਾਂ ਦਾ ਕਮਾਂਡਰ ਜੋ ਗੁਪਤ ਤੌਰ ਤੇ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ ਸਰਦਾਰ ਸ਼ਾਮ ਸਿੰਘ ਅਟਾਰੀ ਨੂੰ ਮਿਲਿਆ । ਸ਼ਾਮ ਸਿੰਘ ਨੇ ਪ੍ਰਤਿਗਿਆ ਕੀਤੀ ਹੋਈ ਸੀ ਕਿ ਉਹ ਅੰਗਰੇਜ਼ਾਂ ਦੇ ਵਿਰੁੱਧ ਲੜੇਗਾ ਅਤੇ ਜਿਊਂਦੇ ਜੀਅ ਪੰਜਾਬ ਨੂੰ ਅੰਗਰੇਜ਼ਾਂ ਅਧੀਨ ਨਹੀਂ ਹੋਣ ਦੇਵੇਗਾ । ਤੇਜ ਸਿੰਘ ਨੇ ਦਸਿਆ ਕਿ ਅੰਗਰੇਜ਼ਾਂ ਨੂੰ ਹੋਰ ਕੁਮਕ ਪਹੁੰਚ ਗਈ ਹੈ ਅਤੇ ਅੰਗਰੇਜ਼ਾਂ ਦੀ ਜਿੱਤ ਯਕੀਨੀ ਹੈ ਇਸ ਲਈ ਉਸ ਨੇ ਜ਼ੋਰਦਾਰ ਪ੍ਰੇਰਨਾ ਕੀਤੀ ਕਿ ਸ਼ਾਮ ਸਿੰਘ ਕਿਸੇ ਤਰ੍ਹਾਂ ਅੰਗਰੇਜ਼ਾਂ ਦੇ ਵਿਰੁੱਧ ਨਾ ਲੜੇ । ਸ਼ਾਮ ਸਿੰਘ ਨੇ ਇਹ ਤਜ਼ਵੀਜ਼ ਨਫ਼ਰਤ ਨਾਲ ਠੁਕਰਾ ਦਿੱਤੀ । ਸ੍ਰ. ਸ਼ਾਮ ਸਿੰਘ ਨੇ ਉਸੇ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਮੰਗਵਾਈ ਤੇ ਗੁਰੂ ਜੀ ਦੀ ਹਜ਼ੂਰੀ ਵਿੱਚ ਅਰਦਾਸ ਕਰ ਕੇ ਪ੍ਰਤਿੱਗਿਆ ਕੀਤੀ ਕਿ ਜੇ ਸਿੱਖ ਹਾਰ ਗਏ ਤਾਂ ਮੈਂ ਰਣਭੂਮੀ ਵਿਚੋਂ ਜੀਊਂਦਾ ਵਾਪਸ ਨਹੀਂ ਜਾਵਾਂਗਾ । ਜਿਉਂ ਹੀ ਸਰਦਾਰ ਸ਼ਾਮ ਸਿੰਘ ਦੀ ਪ੍ਰਤਿੱਗਿਆ ਦੀ ਖ਼ਬਰ ਬਾਹਰ ਨਿਕਲੀ ਉਥੇ ਇਕੱਤਰ ਹੋਈਆਂ ਸਿੱਖ ਫੌਜਾਂ ਵਿਚ ਨਵਾਂ ਜੋਸ਼ ਤੇ ਉਤਸ਼ਾਹ ਭਰ ਗਿਆ ਤੇ ਆਕਾਸ਼ ਇਕ ਵਾਰੀ ਫਿਰ ''ਫਰੰਗੀਆਂ ਨੂੰ ਮਾਰ ਭਜਾਊ'' ਦੇ ਨਾਹਰਿਆਂ ਨਾਲ ਗੂੰਜ ਉਠਿਆ ।

ਲੜਾਈ

੧੦ ਫਰਵਰੀ ਨੂੰ ਸਰਦਾਰ ਸ਼ਾਮ ਸਿੰਘ ਅੰਮ੍ਰਿਤ ਵੇਲੇ ਉਠੇ । ਉਨ੍ਹਾਂ ਨੇ ਇਸ਼ਨਾਨ ਕਰਕੇ ਚਿੱਟੀ ਦੁੱਧ ਪੁਸ਼ਾਕ ਪਾਈ ਤੇ ਆਪਣੀ ਚੀਨੀ ਘੋੜੀ ਤੇ ਸਵਾਰ ਹੋ ਕੇ ਸਿੱਖ ਫੌਜਾਂ ਨੂੰ ਸੰਬੋਧਨ ਕਰਨ ਲਈ ਟੁਰ ਪਏ । ਖਾਲਸਾ ਫੌਜ ਨੂੰ ਉਹਨਾਂ ਦੀਆਂ ਸੂਰਮਗਤੀਆਂ ਤੇ ਕੁਰਬਾਨੀਆਂ ਦੀਆਂ ਸ਼ਾਨਦਾਰ ਰਵਾਇਤਾਂ ਦੀ ਯਾਦ ਦਿਵਾਈ ਤੇ ਉਹਨਾਂ ਨੂੰ ਵਾਸਤਾ ਪਾਇਆ ਕਿ ਉਹ ਮਾਤ-ਭੂਮੀ ਦੇ ਸੱਚੇ ਸਪੂਤ ਬਣ ਕੇ ਦੁਸ਼ਮਣ ਨੂੰ ਪਿੱਠ ਵਿਖਾਣ ਦੀ ਥਾਂ ਰਣ-ਭੂਮੀ ਵਿੱਚ ਕਟ ਮਰਨ। ਇਸ ਸਮੇਂ ਤਕ ਅੰਗਰੇਜ਼ਾਂ ਨੇ ਗਾੜ੍ਹੀ ਧੁੰਦ ਦੇ ਪਰਦੇ ਥਲੇ ਆਪੋ ਆਪਣੇ ਮੋਰਚੇ ਸੰਭਾਲ ਲਏ ਸਨ ਤੇ ਜਿਉਂ ਚੜ੍ਹਦੇ ਸੂਰਜ ਦੀਆਂ ਕਿਰਨਾਂ ਨੇ ਸੰਘਣੀ ਧੁੰਦ ਨੂੰ ਦੂਰ ਕਰਨਾ ਸ਼ੁਰੂ ਕੀਤਾ ਉਹਨਾਂ ਦੀਆਂ ਤੋਪਾਂ ਨੇ ਸਿੱਖਾਂ ਦੇ ਮੋਰਚਿਆਂ ਉਤੇ ਅਚਾਨਕ ਗੋਲਾਬਾਰੀ ਸ਼ੁਰੂ ਕਰ ਦਿੱਤੀ । ਪਹਿਲੀ ਬਾੜ੍ਹ ਦੇ ਸ਼ੁਰੂ ਹੁੰਦਿਆਂ ਸਾਰ ਸਿੱਖਾਂ ਨੇ ਨਗਾਰਿਆਂ ਤੇ ਚੋਟ ਲਾਈ ਤੇ ਬਿਗਲਾਂ ਦੀ ਆਵਾਜ਼

ਨੇ ਜਵਾਨਾਂ ਨੂੰ ਹਥਿਆਰ ਚੁੱਕਣ ਲਈ ਖ਼ਬਰਦਾਰ ਕੀਤਾ । ਕੁੱਝ ਮਿੰਟਾਂ ਵਿੱਚ ਹੀ ਜਵਾਨ ਤੋਪਾਂ ਦੇ ਪਿੱਛੇ ਡੱਟ ਗਏ ।

ਡਿੱਕ ਦਾ ਡਵੀਜ਼ਨ ਯੋਜਨਾ ਅਨੁਸਾਰ ਅੱਗੇ ਵਧਿਆ ਤੇ ਉਸ ਨੇ ਵੇਖਿਆ ਕਿ ਜਿਸ ਤਰ੍ਹਾਂ ਨਾਲ ਸਿੰਘ ਦੇ ਸੂਹੀਆਂ ਨੇ ਖ਼ਬਰ ਦਿੱਤੀ ਸੀ, ਧੁਰ ਸੱਜੇ ਦੇ ਮੋਰਚੇ ਬਹੁਤ ਕਮਜ਼ੋਰ ਤੇ ਸਹਿਜੇ ਹੀ ਜਿੱਤੇ ਜਾਣ ਵਾਲੇ ਸਨ । ਸੋ ਦਸਵੀਂ ਅੰਗਰੇਜ਼ੀ ਰੇਜਮੈਂਟ ਉਕਾ ਹੀ ਕਿਸੇ ਟਾਕਰੇ ਦੇ ਬਿਨਾਂ ਅੱਗੇ ਘੁਸ ਗਈ । ਪਰੰਤੂ ਜਦੋਂ ਸਾਰਾ ਡਵੀਜ਼ਨ ਕੁਝ ਦੂਰ ਅੱਗੇ ਧਸ ਗਿਆ, ਤਾਂ ਅਚਾਨਕ ਹੀ ਸਿੱਖਾਂ ਨੇ ਉਹਦੇ ਤੇ ਹਮਲਾ ਕਰਕੇ ਉਸਨੂੰ ਪਿੱਛੇ ਹਟਾ ਦਿੱਤਾ । ਸਰ ਰਾਬਰਟ ਡਿੱਕ ਨੂੰ ਵੀ ਕਾਰੀ ਜਖ਼ਮ ਲੱਗੇ । ਇਹ ਵੇਖ ਕੇ ਗਵਰਨਰ ਜਨਰਲ ਨੇ ਚੀਕ ਕੇ ਆਖਿਆ, ''ਇਹਨਾਂ ਜਵਾਨਾਂ ਨੂੰ ਇਕੱਠੇ ਕਰੋ'' । ਇਸ ਉਤੇ ਉਹਦਾ ਏਡੀ-ਕਾਂਗ ਕਰਨਲ ਵੁੱਡ ਘੋੜਾ ਭਜਾ ਕੇ ਵਿਚਕਾਰ ਜਾ ਪੁੱਜਾ ਤੇ ਝੰਡਾ ਬਰਦਾਰ ਦੇ ਹੱਥਾਂ ਵਿਚੋਂ ਝੰਡਾ ਲੇ ਕੇ ਅੱਗੇ ਵਧਿਆ । ਪਲਾਂ ਵਿੱਚ ਹੀ ਡਾਵਾਂਡੋਲ ਹੋਈ ਅੰਗਰੇਜ਼ੀ ਫੌਜ ਸੰਭਲ ਗਈ । ਉਹਨਾਂ ਨੇ ਗਿਲਬਰਟ ਦੇ ਡਵੀਜ਼ਨ ਨਾਲ ਮਿਲ ਕੇ ਸਿੱਖਾਂ ਦੇ ਕੱਚੇ ਮੋਰਚਿਆਂ ਤੇ ਤਕੜੀ ਗੋਲਾਬਾਰੀ ਕੀਤੀ । ਪਹਿਲਾਂ ਗਿਲਬਰਟ ਦੇ ਡਵੀਜ਼ਨ ਨੂੰ ਵੀ ਪਛਾੜ ਦਿੱਤਾ ਗਿਆ ਸੀ, ਪਰ ਉਹ ਛੇਤੀ ਹੀ ਸ਼ੰਭਲ ਗਏ ਸਨ । ਹੁਣ ਗਿਲਬਰਟ ਤੇ ਡਿੱਕ ਦੋਹਾਂ ਦੇ ਡਵੀਜ਼ਨ ਸਿੱਖਾਂ ਦੀ ਪਿਆਦਾ ਫੌਜ ਦੇ ਨਾਲ ਹੱਥ-ਪਾਈ ਘੋਰ ਟਾਕਰੇ ਵਿਚ ਜੁੱਟੇ ਹੋਏ ਸਨ । ਵਿਲੀਅਮ ਐਡਵਰਡ ਨੇ ਜੋ ਇਸ ਹਮਲੇ ਸਮੇਂ ਉਥੇ ਮੌਜੂਦ ਸੀ, ਉਸ ਸਮੇਂ ਦਾ ਹੂ-ਬਹੂ ਦ੍ਰਿਸ਼ ਇਨ੍ਹਾਂ ਸ਼ਬਦਾਂ ਵਿੱਚ ਖਿੱਚਿਆ ਹੈ, ''ਗਿਲਬਰਟ ਦੇ ਦਸਤੇ ਝਟਪਟ ਅੱਗੇ ਵਧੇ; ਪਰ ਉਹਨਾਂ ਨੇ ਵੇਖਿਆ ਕਿ ਮੋਰਚੇ ਦਾ ਕੇਂਦਰ ਬੜਾ ਤਕੜਾ ਤੇ ਮੂਲੋਂ ਹੀ ਅਜਿਤ ਹੈ ਅਤੇ ਉਹ ਬਹੁਤ ਭਾਰੀ ਨੁਕਸਾਨ ਉਠਾ ਕੇ ਪਿੱਛੇ ਹਟਣ ਲਈ ਮਜ਼ਬੂਰ ਹੋ ਗਏ । ਸਰ ਹੈਨਰੀ ਸਮਿਥ ਦਾ ਡਵੀਜ਼ਨ ਡਿਲਬਰਟ ਦੇ ਸੱਜੇ ਪਾਸੇ ਦੇ ਕੋਲ ਹੋਣ ਦੀ ਥਾਂ ਸਿੱਖ ਫੌਜਾਂ ਦੇ ਧੁਰ ਖੱਬੇ ਸੀ । ਉਹ ਵੀ ਅਗਲੇ ਮੋਰਚਿਆਂ ਵਲ ਵਧਿਆ ਸੀ ਪਰ ਭਾਰੀ ਨੁਕਸਾਨ ਨਾਲ ਪਛਾੜ ਦਿੱਤਾ ਗਿਆ ਸੀ । ਇਕ ਪੰਜਾਬੀ ਕਵੀ ਸ਼ਾਹ ਮੁਹੰਮਦ ਨੇ ਇਸ ਲੜਾਈ ਦਾ ਹਾਲ ਇਸ ਤਰ੍ਹਾਂ ਲਿਖਿਆ ਹੈ :-

''ਆਈਆਂ ਪੜਤਲਾਂ ਬੀੜ ਕੇ ਤੋਪਖ਼ਾਨੇ, ਅੱਗੋਂ ਸਿੰਘਾਂ ਨੇ ਪਾਸੜੇ ਮੋੜ ਦਿੱਤੇ ।
ਮੇਵਾ ਸਿੰਘ ਤੇ ਮਾਖੇ ਖ਼ਾਂ ਹੋਏ ਸਿੱਧੇ, ਹੱਲੇ ਤਿੰਨ ਫਰੰਗੀ ਦੇ ਤੋੜ ਦਿੱਤੇ ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ, ਬੰਨ੍ਹ ਸ਼ਸਤ੍ਰੀ ਜੋੜ ਵਿਛੋੜ ਦਿੱਤੇ ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਚੋੜ ਦਿੱਤੇ ।''

ਕੁਝ ਚਿਰ ਪਿਛੋਂ ਸਭਰਾਓ ਦੀ ਲੜਾਈ ਆਪਣੇ ਪੂਰੇ ਜੋਬਨ ਤੇ ਆ ਗਈ । ਦੋਵੇਂ ਧਿਰਾਂ ਭਾਰੀ ਜੋਸ਼ ਨਾਲ ਲੜ ਰਹੀਆਂ ਸਨ । ਇਸ ਵੇਲੇ ਦੀ ਮੁਠ ਭੇੜ ਦਾ ਹਾਲ ਲਿਖਦਾ ਹੋਇਆ ਕਨਿੰਘਮ ਲਿਖਦਾ ਹੈ, ''ਗੋਲੀਆਂ ਦੇ ਛੱਰੇ ਲਕੜੀ ਦੇ ਗੌਂਡਿਆਂ ਨੂੰ ਉਡਾ ਰਹੇ ਸਨ ਜਾਂ ਧਰਤੀ

ਵਿੱਚ ਵੱਜ ਕੇ ਰੇਤ ਦੇ ਢੇਰਾਂ ਦੇ ਢੇਰ ਹਵਾ ਵਿੱਚ ਉਛਾਲਦੇ ਸਨ । ਖੋਖਲੇ ਗੋਲੇ ਆਪਣੀ ਸਾਰੀ ਮਾਰੂ ਸਮਿਗਰੀ ਸਿਪਾਹੀਆਂ ਦੇ ਸਾਹਮਣੇ ਠਾਹ ਮਾਰਦੇ ਸਨ ਅਤੇ ਗੁੰਝਲਦਾਰ ਰਾਕਟ ਡਾਢੇ ਜੋਸ਼ ਨਾਲ ਉੱਪਰ ਨੂੰ ਉਛਲ ਕੇ ਫੁੰਕਾਰੇ ਮਾਰਦੇ ਹੋਏ ਮਨੁੱਖਾਂ ਦੇ ਹੜ੍ਹ ਵਿਚ ਆ ਡਿਗਦੇ ਸਨ। ਪਰੰਤੂ ਇਹ ਸਾਰੀ ਗੋਲਾਬਾਰੀ ਬੇਫਾਇਦਾ ਤੇ ਬੇਅਸਰ ਸੀ । ਸਿੱਖ ਨਿਡਰ ਹੋ ਕੇ ਡਟੇ ਖਲੋਤੇ ਸਨ ਤੇ ਗੋਲਿਆਂ ਦਾ ਜਵਾਲ ਗੋਲਿਆਂ ਵਿੱਚ ਦੇ ਕੇ ਅੱਗ ਦੇ ਮੁਕਾਬਲੇ ਵਿੱਚ ਅੱਗ ਵਰ੍ਹਾਂ ਰਹੇ ਸਨ । ਜੋਧਿਆਂ ਦੀਆਂ ਚਮਕਦੀਆਂ ਵਰਦੀਆਂ ਨਾਲ ਧਰਤੀ ਲਿਸ਼ਕਾਂ ਮਾਰ ਰਹੀ ਸੀ ।'' ਇਸ ਤੋਂ ਬਾਅਦ ਜਿਵੇਂ ਸਰ ਹਰਬਰਟ ਐਡਵਰਡਜ਼ ਨੇ ਲਿਖਿਆ ਹੈ, ''ਤੋਪਖਾਨਾ ਸਰਪਟ ਅੱਗੇ ਵਧਿਆ ਤੇ ਉਸ ਨੇ ਦੁਸ਼ਮਣ ਉਤੇ ੩੦੦ ਗਜ਼ ਦੇ ਫਾਸਲੇ ਤੋਂ ਅੱਗੇ ਵਰ੍ਹਾਣੀ ਸ਼ੁਰੂ ਕੀਤੀ । ਪਰੰਤੂ ਅੰਗਰੇਜ਼ਾਂ ਦੇ ਇਸ ਜ਼ੋਰਦਾਰ ਹੱਲੇ ਦਾ ਖ਼ਾਲਸਾ ਸਿਪਾਹੀਆਂ ਨੇ ਵੀ ਉਨ੍ਹਾਂ ਹੀ ਦ੍ਰਿੜ੍ਹ ਤੇ ਡੱਟਵਾਂ ਟਾਕਰਾ ਕੀਤਾ । ਲੜਾਈ ਦਾ ਰੁੱਖ ਹੁਣ ਸਿੱਖ ਸੂਰਬੀਰਾਂ ਦੇ ਵਿਰੁੱਧ ਹੋ ਗਿਆ ਸੀ ।'' ਸਿੱਖਾਂ ਦਾ ਗੱਦਾਰ ਕਮਾਂਡਰ, ਤੇਜ ਸਿੰਘ ਇਸ ਮੌਕੇ ਦੀ ਤਾੜ ਵਿੱਚ ਸੀ । ਸੱਜਰ-ਸਾਹੇ ਆਦਮੀਆਂ ਨਾਲ ਕੂਮਕ ਪਹੁੰਚਾਉਣ ਦੀ ਥਾਂ, ਉਹ ਕਿਸ਼ਤੀਆਂ ਦੇ ਪੁਲ ਰਾਹੀ ਭੱਜ ਨਿਕਲਿਆ ਤੇ ਦਰਿਆ ਪਾਰ ਕਰਕੇ ਉਸ ਨੇ ਪੁਲ ਦੀ ਵਿਚਕਾਰਲੀ ਬੇੜੀ ਡੋਬ ਦਿੱਤੀ ਤਾਂ ਜੁ ਸਿੱਖਾਂ ਦੇ ਬੱਚ ਕੇ ਨਿਕਲਣ ਜਾਂ ਮੁੜ ਕੇ ਟਾਕਰਾ ਕਰਨ ਦਾ ਕੋਈ ਰਾਹ ਨਾ ਰਹੇ । ਇਸ ਬੇੜੀ ਦੇ ਨਾਲ ਹੀ ਖਾਲਸਾ ਰਾਜ ਦੀ ਬੇੜੀ ਡੁੱਬ ਗਈ ।

ਸ਼ਾਮ ਸਿੰਘ ਅਟਾਰੀਵਾਲੇ ਦੀ ਸ਼ਹੀਦੀ

ਗਿਲਬਰਟ ਦੇ ਡਵੀਜ਼ਨ ਨੇ ਸਿੱਖਾਂ ਦੇ ਕੇਂਦਰੀ ਮੋਰਚੇ ਉਤੇ ਤੀਜਾ ਹਮਲਾ ਕੀਤਾ । ਇਕ ਦੂਜੇ ਦੇ ਮੋਢਿਆਂ ਉਤੇ ਚੜ੍ਹਦੇ ਹੋਏ ਉਹ ਸਿੱਖਾਂ ਦੇ ਮੋਰਚਿਆਂ ਉਤੇ ਪਹੁੰਚ ਗਏ ਤੇ ਜਿਸ ਵੇਲੇ ਉਨ੍ਹਾਂ ਦੀ ਗਿਣਤੀ ਬਹੁਤ ਵਧ ਗਈ, ਉਨ੍ਹਾਂ ਝਪਟ ਕੇ ਸਿੱਖਾਂ ਦੀਆਂ ਤੋਪਾਂ ਤੇ ਕਬਜ਼ਾ ਕਰ ਲਿਆ । ਛੇਤੀ ਹੀ ਇਹ ਖ਼ਬਰ ਸਾਰੀ ਸਿੱਖ ਫੌਜ ਵਿੱਚ ਖਿੱਲਰ ਗਈ ਕਿ ਦੁਸ਼ਮਣ ਦੀਆਂ ਫੌਜਾਂ ਸਿੱਖਾਂ ਦੇ ਮੋਰਚਿਆਂ ਵਿਚ ਘੁਸ ਆਈਆਂ ਹਨ । ਜਦ ਸਰਦਾਰ ਸ਼ਾਮ ਸਿੰਘ ਨੇ ਆਪਣੀ ਫੌਜ਼ ਦੀ ਹਾਰ ਹੁੰਦੀ ਦੇਖੀ ਤਾਂ ਉਨ੍ਹਾਂ ਨੇ ਅੰਤਮ ਮਾਰੂ ਕਦਮ ਚੁੱਕਣ ਦਾ ਫੈਸਲਾ ਕਰ ਕੇ ਆਪਣੀ ਘੋੜੀ ਨੂੰ ਅੱਡੀ ਲਾਈ ਤੇ ਉਹ ਤਲਵਾਰ ਘੁਮਾਂਦੇ ਤੇ ਮਾਰੋ-ਮਾਰ ਕਰਦੇ ਹੋਏ ਪੰਜਾਹਵੀਂ ਪਿਆਦਾ ਫੌਜ ਵਿੱਚ ਜਾ ਘੁਸੇ । ਨਾਲ-ਨਾਲ ਉਨ੍ਹਾਂ ਨੇ ਜਵਾਨਾਂ ਨੂੰ ਵੰਗਾਰਿਆ ਕਿ ਕੋਈ ਮੈਦਾਨ ਛੱਡ ਕੇ ਨਾਂ ਭੱਜੇ । ਜਦ ਉਨ੍ਹਾਂ ਦੀ ਛਾਤੀ ਸੱਤ ਗੋਲੀਆਂ ਨਾਲ ਵਿੰਨੀ ਗਈ ਤਾਂ ਉਹ ਸ਼ਹੀਦ ਹੋ ਕੇ ਘੋੜੀ ਤੋਂ ਡਿੱਗ ਪਏ । ਸ੍ਰ. ਸ਼ਾਮ ਸਿੰਘ ਦੀ ਦਲੇਰੀ ਤੇ ਦ੍ਰਿੜ੍ਹਤਾ ਨੇ ਸਭਰਾਓ ਨੂੰ ਭਾਰਤ ਦਾ ਵਾਟਰਲੂ ਬਣਾ ਦਿੱਤਾ ਸੀ । ਜਿਵੇਂ ਮੈਲਸਨ ਨੇ ਲਿਖਿਆ ਹੈ, ''ਜੇ ਸਿੱਖ ਇਥੇ ਜਿੱਤ ਜਾਂਦੇ ਤਾਂ ਭਾਰਤ ਅੰਗਰੇਜ਼ਾਂ ਦੇ ਹੱਥੋਂ ਨਿਕਲ ਜਾਣਾ ਸੀ ।''

ਸਿੱਖ ਸੁਧਾਰਕ ਲਹਿਰਾਂ

ਸਿੱਖੀ ਦਾ ਸੁਨਹਿਰੀ ਕਾਲ ਪੰਜਾਬ ਦੀ ਅਠਾਰਵੀਂ ਸਦੀ ਦਾ ਇਤਿਹਾਸ ਹੈ ਜਦੋਂ ਸਿੱਖ ਸਿੱਖੀ ਲਈ ਜੀਉਂਦੇ ਅਤੇ ਸਿੱਖੀ ਲਈ ਮਰਦੇ ਸਨ । ਉਸ ਸਮੇਂ ਦੇ ਸ਼ਹੀਦਾਂ ਨੂੰ ਹਰ ਸਿੱਖ ਦੋ ਵੇਲੇ ਅਰਦਾਸ ਵਿਚ ਯਾਦ ਕਰਦਾ ਹੈ. ''ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਠ ਸੀਸ ਦਿੱਤੇ ਬੰਦ-ਬੰਦ ਕਟਾਏ ਖੋਪਰੀਆਂ ਲੁਹਾਈਆਂ ਚਰਖੜੀਆਂ ਤੇ ਚੜੇ, ਆਰਿਆਂ ਨਾਲ ਚਿਰਾਏ ਗਏ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਹੀ ਤਿੰਨ੍ਹਾਂ ਦੀ ਕਮਾਈ ਦਾ ਧਿਆਨ ਕਰਕੇ ਖ਼ਾਲਸਾ ਜੀ ਬੋਲੋ ਵਾਹਿਗੁਰੂ ।'' ਮਹਾਰਾਜਾ ਰਣਜੀਤ ਸਿੰਘ ਦਾ ਰਾਜ (੧੭੯੯-੧੮੩੯) ਸਿੱਖ ਲਹਿਰ ਦਾ ਇਕ ਸ਼ਿਖਰ ਸੀ । ਰਣਜੀਤ ਸਿੰਘ ਨੇ ਆਪਣੇ ਨਾਂ ਦਾ ਸਿਕਾ ਨਹੀਂ ਚਲਾਇਆ, ਸਗੋਂ ਸਿਕੇ ਤੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਨਾ ਮਿਸਲਾਂ ਦੇ ਸਮੇਂ ਵਾਂਗੂੰ ਚਲਾਂਦਾ ਰਿਹਾ-ਦੇਗੋ ਤੇਗੋ ਫਤਹ ਨੁਸਰਤ ਬੇਦੇ ਰੰਗ ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ । ਰਣਜੀਤ ਸਿੰਘ ਨੇ ਗੁਰਦਵਾਰਿਆਂ ਦੀ ਸੇਵਾ ਕੀਤੀ ਜੋ ਜਾਗੀਰਾਂ ਹੁਣ ਤਕ ਗੁਰਦਵਾਰਿਆਂ ਦੇ ਨਾਂ ਨਾਲ ਹਨ, ਇਹ ਬਹੁਤ ਸਾਰੀਆਂ ਉਸੇ ਸਮੇਂ ਦੀਆਂ ਹਨ । ਦਰਬਾਰ ਸਾਹਿਬ ਨੂੰ ਸਵਰਨ ਕਲਸ ਲਗਾਵਾਉਣ ਦੀ ਸੇਵਾ ਉਸੇ ਦੇ ਹਥੋਂ ਹੋਈ । ਉਹ ਆਪਣੇ ਆਪ ਨੂੰ ਸਰਕਾਰ ਖ਼ਾਲਸਾ ਕਿਹਾ ਕਰਦਾ ਸੀ । ਅਸੀਂ ਕਹਿ ਸਕਦੇ ਹਾਂ ਕਿ ਰਣਜੀਤ ਸਿੰਘ ਦਾ ਰਾਜ ਉਹ ਰਾਜ ਸੀ ਜਿਸ ਵਿਚ ਹਿੰਦੂ, ਮੁਸਲਮਾਨ ਤੇ ਸਿੱਖ ਦੇ ਅਧਿਕਾਰ ਇਕੋ ਜਿੰਨੇ ਸਨ :-

ਸਭੇ ਸਾਂਝੀਵਾਲ ਸਦਾਇਨਿ
ਤੂੰ ਕਿਸੇ ਨ ਦਿਸਹਿ ਬਾਹਰਾ ਜੀਉ ।

੧. ਨਿਰੰਕਾਰੀ ਲਹਿਰ

ਸਿੱਖ ਰਾਜ ਸਮੇਂ ਸਿੱਖਾਂ ਵਿਚ ਉਹ ਸਾਰੀਆਂ ਕਮਜ਼ੋਰੀਆਂ ਆ ਗਈਆਂ ਜੋ ਰਾਜਸੀ ਤਾਕਤ ਸਮੇਂ ਕੌਮਾਂ ਵਿਚ ਆ ਜਾਂਦੀਆਂ ਹਨ । ਸਿੱਖ ਮਤ ਦੀ ਲਹਿਰ ਧਰਮ, ਸਮਾਜ ਅਤੇ ਰਾਜਨੀਤੀ ਦੇ ਖੇਤਰਾਂ ਵਿਚ ਸੁਧਾਰਕ ਲਹਿਰ ਸੀ । ਪਰ ਸਿੱਖ ਰਾਜ ਸਮੇਂ ਸਿੱਖ ਸਰਦਾਰਾਂ ਨੇ ਨਸ਼ੇ ਦਾ ਸੇਵਨ ਆਰੰਭ ਦਿਤਾ । ਵਿਆਹ ਸ਼ਾਦੀਆਂ ਤੇ ਵਿਖਾਵਿਆਂ ਤੇ ਹੋਰ ਅਨੇਕਾਂ ਪ੍ਰਕਾਰ ਦੇ ਖਰਚ ਹੋਣ ਲਗੇ । ਸਤੀ ਪ੍ਰਥਾ ਜਿਸ ਦਾ ਗੁਰੂ ਸਾਹਿਬਾਨਾਂ ਨੇ ਖੰਡਨ ਕੀਤਾ, ਸਿੱਖਾਂ ਵਿਚ ਪ੍ਰਚਲਤ ਹੋ ਗਈ । ਧਾਰਮਕ ਖੇਤਰ ਵਿਚ ਵੀ ਕੁਰੀਤੀਆਂ ਆ ਗਈਆਂ । ਬਹੁਤ ਸਾਰੇ ਲੋਕਾਂ ਨੇ ਸਿੱਖਾਂ ਨੂੰ ਪ੍ਰਸੰਨ ਕਰਨ ਲਈ ਦਾੜ੍ਹੀਆਂ, ਕੇਸ ਰੱਖ ਲਏ । ਅਸਲ ਵਿਚ ਲਾਹੌਰ ਦਰਬਾਰ ਵਿਚ ਦਾੜ੍ਹੀ ਤੇ ਕੇਸ ਰੱਖਣਾ ਇਕ ਜ਼ਰੂਰੀ ਚਿੰਨ੍ਹ ਹੀ ਬਣ ਗਿਆ ਸੀ । ਹਿੰਦੂ ਮੁਸਲਮਾਨ, ਯੂਰਪੀਨ ਸਾਰੇ ਦਾੜ੍ਹੀਆਂ ਰੱਖਦੇ ਸਨ । ਇਸੇ ਸਮੇਂ ਬ੍ਰਹਮਣੀ ਮਤ ਦੇ ਰਸਮਾਂ ਰਿਵਾਜ਼ਾਂ ਨੇ ਜੋਰ ਪਕੜਿਆ । ਬ੍ਰਹਮਣ ਘਰਾਂ ਵਿਚ ਵਿਆਹ ਸ਼ਾਦੀਆਂ ਤੇ ਬ੍ਰਹਮਣੀ ਰਸਮ ਰਿਵਾਜ਼ ਕਰਨ ਲਗ ਪਏ । ਸਿੱਖਾਂ ਵਿਚ ਵੀ ਬਹੁਤ ਸਾਰੇ ਗੁਰੂ ਬਣ ਬੈਠੇ । ਸਿੱਖ ਗੁਰੂਆਂ ਦੀ ਔਲਾਦ-ਸੋਢੀਆਂ ਤੇ ਬੇਦੀਆਂ ਨੂੰ ਲੋਕ ਗੁਰੂ ਮੰਨਣ ਲਗ ਪਏ । ਬ੍ਰਹਮਣੀ ਮਤ ਦੇ ਅਸਰ ਥੱਲੇ ਦੇਵੀ ਦੇਵਤਿਆਂ

ਤੇ ਮੂਰਤੀਆਂ ਦੀ ਪੂਜਾ ਆਰੰਭ ਹੋ ਗਈ ਸੀ । ਇਨ੍ਹਾਂ ਸਾਰੀਆਂ ਬੁਰਾਈਆਂ ਨੂੰ ਦੂਰ ਕਰਨ ਲਈ ਨਿਰੰਕਾਰੀ ਲਹਿਰ ਚਲ ਪਈ । ਇਸ ਦੇ ਸੰਚਾਲਕ ਬਾਬਾ ਦਿਆਲ ਜੀ ਸਨ ।

ਬਾਬਾ ਦਿਆਲ ਜੀ ਦਾ ਜਨਮ ੧੭੮੩ ਈਸਵੀ ਵਿਚ ਹੋਇਆ । ਆਪ ਮਹਾਰਾਜਾ ਰਣਜੀਤ ਸਿੰਘ ਤੋਂ ਤਿੰਨ ਸਾਲ ਛੋਟੇ ਸਨ । ਆਪ ਦੇ ਪਿਤਾ ਦਾ ਨਾਮ ਰਾਮ ਸਹਾਇ ਸੀ ਤੇ ਮਾਤਾ ਦਾ ਨਾਂ ਮਾਤਾ ਜੜਿਕੀ ਸੀ । ਆਪ ਦੇ ਪਿਤਾ ਪਸ਼ੌਰ ਵਿਚ ਸਰਾਫੀ ਦਾ ਕੰਮ ਕਰਦੇ ਸਨ । ਬਾਬਾ ਦਿਆਲ ਜੀ ਹਾਲੀ ਛੋਟੇ ਹੀ ਸਨ ਕਿ ਉਨ੍ਹਾਂ ਦੇ ਪਿਤਾ ਜੀ ਦਾ ਦੇਹਾਂਤ ਹੋ ਗਿਆ। ਮਾਤਾ ਲਡਿਕੀ ਧਾਰਮਿਕ ਰੁਚੀਆਂ ਵਾਲੇ ਸਨ ਤੇ ਉਨ੍ਹਾਂ ਦਾ ਅਸਰ ਬਾਬਾ ਦਿਆਲ ਜੀ ਤੇ ਬਹੁਤ ਸੀ । ਬਾਬਾ ਦਿਆਲ ਜੀ ਨੇ ਇਹ ਅਨੁਭਵ ਕੀਤਾ ਕਿ ਸਿੱਖ ਗੁਰਮਤ ਅਤੇ ਗੁਰੂ ਮਰਿਆਦਾ ਤੋਂ ਦੂਰ ਜਾ ਰਹੇ ਹਨ । ਆਪ ਨੇ ਬੜੀ ਦਲੇਰੀ ਨਾਲ ਮੂਰਤੀ ਪੂਜਾ ਦਾ ਖੰਡਨ ਕੀਤਾ ਤੇ ਨਾਹਰਾ ਲਾਇਆ "ਧੰਨ ਨਿਰੰਕਾਰ ਦੇਹ ਧਾਰੀ ਖਵਾਰ" ਇਸ ਦਾ ਭਾਵ ਸੀ ਕਿ ਇਕ ਨਿਰੰਕਾਰ ਦੀ ਪੂਜਾ ਕਰੋ ਕਿਸੇ ਮੂਰਤੀ ਜਾਂ ਦੇਹ ਧਾਰੀ ਗੁਰੂ ਦੀ ਪੂਜਾ ਨਾ ਕਰੋ ।

ਛੇਤੀ ਹੀ ਆਪ ਪਿਸ਼ੌਰ ਛੱਕ ਕੇ ਰਾਵਲਪਿੰਡੀ ਆ ਕੇ ਰਹਿਣ ਲਗੇ ਤੇ ਰਾਵਲਪਿੰਡੀ ਨੂੰ ਹੀ ਨਿਰੰਕਾਰੀ ਲਹਿਰ ਦਾ ਕੇਂਦਰ ਬਣਾਇਆ । ਇਥੇ ਇਕ ਗੁਰਦੁਆਰੇ ਦੀ ਸਥਾਪਣਾ ਕੀਤੀ ਜਿਸ ਦਾ ਨਾਂ ਪਿਛੋਂ ਨਿਰੰਕਾਰੀ ਦਰਬਾਰ ਕਰਕੇ ਪ੍ਰਸਿੱਧ ਹੋਇਆ । ਆਪ ਜੀ ਦੇ ਪ੍ਰਚਾਰ ਦੇ ਮੁੱਖ ਸਿਧਾਂਤ ਇਹ ਸਨ-ਜੀਵਨ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਅਨੁਸਾਰ ਬਤੀਤ ਕਰੋ, ਇਕ ਵਾਹਿਗੁਰੂ ਦਾ ਭਜਨ ਕਰੋ, ਸੂਤਕ ਪਾਤਕ ਨਹੀਂ ਰੱਖਣੇ ਚਾਹੀਦੇ, ਸ਼ਰਾਧ ਨਹੀਂ ਕਰਨੇ ਚਾਹੀਦੇ, ਵਿਆਹ, ਸ਼ਾਦੀ, ਮਰਨੇ ਆਦਿ ਤੇ ਗੁਰਬਾਣੀ ਦਾ ਪਾਠ ਕਰਨਾ ਚਾਹੀਦਾ ਹੈ ਤੇ ਹੋਰ ਕੋਈ ਰਸਮਾਂ ਨਹੀਂ ਕਰਨੀਆਂ ਚਾਹੀਦੀਆਂ । ਮਰਨੇ ਤੇ ਰੋਣਾ ਪਿਟਣਾ ਜਾਂ ਕਿਰਿਆ ਆਦਿ ਸਭ ਬੰਧ ਕਰਨੇ ਚਾਹੀਦੇ ਹਨ । ਬਾਬਾ ਦਿਆਲ ਜੀ ਆਪ ਜਾਤ-ਪਾਤ, ਸੂਤਕ, ਸਰਾਧ, ਦੇਵੀ ਪੂਜਾ, ਬੁਤ ਪੂਜਾ ਦੇ ਵਿਰੁੱਧ ਗੁਰੂ ਗ੍ਰੰਥ ਸਾਹਿਬ ਵਿਚੋਂ ਸ਼ਬਦ ਕੱਢ-ਕੱਢ ਕੇ ਸੁਣਾਇਆ ਕਰਦੇ ਸਨ । ਬਾਬਾ ਜੀ ਦਾ ਦਿਹਾਂਤ ੧੮੫੫ ਈਸਵੀ ਵਿਚ ਹੋਇਆ ਤੇ ਆਪ ਦੇ ਸਪੁਤ੍ਰ ਦਰਬਾਰਾਂ ਸਿੰਘ ਨੇ ਪ੍ਰਚਾਰ ਦਾ ਕੰਮ ਸੰਭਾਲਿਆ । ਦਰਬਾਰਾ ਸਿੰਘ ਨੇ ਸਾਦਾ ਤੇ ਗੁਰਮਤ ਅਨੁਸਾਰ ਵਿਆਹ ਕਰਨ ਤੇ ਜ਼ੋਰ ਦਿੱਤਾ । ਇਕ ਵਾਰੀ ਆਪ ਅੰਮ੍ਰਿਤਸਰ ਵਿਚ ਸਨ ਜਦੋਂ ਭਾਈ ਜੱਸਾ ਸਿੰਘ, ਗ੍ਰੰਥੀ ਦੀ ਮੌਤ ਹੋ ਗਈ । ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ ਕਿ ਭਾਈ ਜੱਸਾ ਸਿੰਘ ਦੀ ਗਤੀ ਨਹੀਂ ਹੋਣੀ ਕਿਉਂਕਿ ਇਸ ਦੇ ਪ੍ਰਾਣ ਮੰਜੀ ਤੇ ਹੀ ਨਿਕਲ ਗਏ ਹਨ । ਦਰਬਾਰਾ ਸਿੰਘ ਨੇ ਇਸ ਗੱਲ ਦਾ ਪੂਰੇ ਜ਼ੋਰ ਨਾਲ ਖੰਡਨ ਕੀਤਾ ਤੇ ਕਿਹਾ ਕਿ ਜੱਸਾ ਸਿੰਘ ਗੁਰੂ ਦਾ ਸੇਵਕ ਰੋਜ਼ ਪਾਠ ਕਰਨ ਵਾਲਾ ਸੀ, ਦਰਬਾਰ ਸਾਹਿਬ ਦਾ ਅਸ਼ਨਾਨ ਕਰਨ ਵਾਲਾ ਸੀ, ਜੇਕਰ ਗੁਰੂ ਚਰਨਾਂ ਵਿਚ ਨਹੀਂ ਪੁਜ ਸਕਦਾ ਤਾਂ ਹੋਰ ਕੌਣ ਪੁਜ ਸਕਦਾ ਹੈ ? ਲੋਕਾਂ ਦੇ ਭਰਮ ਦਾ ਪੂਰੀ ਤਰ੍ਹਾਂ ਖੰਡਣ ਕੀਤਾ। ਨਿਰੰਕਾਰੀ ਲਹਿਰ ਦੀ ਸਮੁੱਚੀ ਦੇਣ ਇਹ ਹੈ ਕਿ ਇਨਾਂ ਉਨਵੀਂ ਸਦੀ ਵਿਚ ਸਭ ਤੋਂ ਪਹਿਲਾਂ

ਗੁਰਮਤ ਵੱਲ ਧਿਆਨ ਦੁਆਇਆ ਤੇ ਸਿੱਖਾਂ ਨੂੰ ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਨ ਲਈ ਪ੍ਰੇਰਿਆ । ਸਾਦਾ ਵਿਆਹ ਤੇ ਜ਼ੋਰ ਦਿਤਾ ਤੇ ਅਨੰਦ ਮੈਰਿਜ ਐਕਟ ਜੋ ਵੀਹਵੀਂ ਸਦੀ ਦੇ ਆਰੰਭ ਵਿਚ ਪਾਸ ਹੋਇਆ, ਉਸ ਦੀ ਨੀਂਹ ਰੱਖੀ ।

੨. ਨਾਮਧਾਰੀ ਲਹਿਰ

ਉਨੀਵੀਂ ਸਦੀ ਦੀ ਦੂਜੀ ਮਹਾਨ ਲਹਿਰ ਜਿਸਨੇ ਸਿੱਖਾਂ ਵਿਚ ਸਮਾਜਿਕ ਤੇ ਧਾਰਮਿਕ ਬੁਰਾਈਆਂ ਦੂਰ ਕਰਨ ਦਾ ਯਤਨ ਕੀਤਾ ਅਤੇ ਰਾਜਸੀ ਜਾਗ੍ਰਤੀ ਦਾ ਮੁੱਢ ਬਨ੍ਹਿਆ, ਉਹ ਨਾਮਧਾਰੀ ਲਹਿਰ ਸੀ । ਅਸਲ ਵਿਚ ਨਾਮਧਾਰੀ ਲਹਿਰ ਪੰਜਾਬ ਵਿਚ ਅੰਗ੍ਰੇਜ਼ੀ ਰਾਜ ਅਸਥਾਪਣ ਦਾ ਇਕ ਪ੍ਰਤਿਕਰਮ ਸੀ । ਇਸ ਲਹਿਰ ਦੇ ਅਸਲ ਬਾਨੀ ਬਾਬਾ ਬਾਲਕ ਸਿੰਘ (੧੭੯੭-੧੮੬੨) ਸਨ ਜੋ ਜ਼ਿਲਾ ਅਟਕ ਦੇ ਰਹਿਣ ਵਾਲੇ ਸਨ । ਇਹ ਬਾਬਾ ਜਵਾਹਰ ਮਲ ਜੋ ਜ਼ਿਲਾ ਹਜਾਰੇ ਦੇ ਵਸਨੀਕ ਸਨ ਤੋਂ ਪ੍ਰਭਾਵਿਤ ਹੋਏ ਸਨ । ਪਰ ਨਾਮਧਾਰੀ ਲਹਿਰ ਨੂੰ ਪ੍ਰਫਲਤ ਕਰਨ ਵਾਲੇ ਬਾਬਾ ਰਾਮ ਸਿੰਘ ਜੀ ਸਨ । ਰਾਮ ਸਿੰਘ ਜੀ ਦਾ ਜਨਮ ਇਕ ਰਾਮਗੜੀਆ ਘਰਾਨੇ ਵਿਚ ਵਿਚ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਵਿਚ ੧੮੧੬ ਵਿਚ ਹੋਇਆ । ਆਪ ਜਵਾਨ ਹੋ ਕੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋ ਗਏ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਪੋਤੇ ਕੰਵਰ ਨੌਨਿਹਾਲ ਸਿੰਘ ਦੀਆਂ ਫੌਜਾਂ ਨਾਲ ਪਿਸ਼ੌਰ ਆਦਿ ਇਲਾਕਿਆਂ ਵਿਚ ਵਿਚਰਦੇ ਰਹੇ । ਇਸੇ ਸਮੇਂ ਆਪ ਬਾਬਾ ਬਾਲਕ ਸਿੰਘ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋਏ । ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਲੜਾਈ ਦਸੰਬਰ ੧੮੪੫-੧੮੪੬ ਤਕ ਫੌਜ ਵਿਚ ਹੀ ਰਹੇ ਤੇ ਅੰਗ੍ਰੇਜ਼ਾਂ ਦੇ ਵਿਰੁੱਧ ਲੜੇ । ਸਿੱਖ ਫੌਜਾਂ ਦੇ ਹਾਰਨ ਪਿਛੋਂ ਆਪ ਫੌਜੀ ਨੌਕਰੀ ਛੱਡਕੇ ਆਪਣੇ ਪਿੰਡ ਭੈਣੀ ਸਾਹਿਬ ਆ ਗਏ ਤੇ ਉਥੇ ਪ੍ਰਚਾਰ ਦਾ ਕੰਮ ਅਰੰਭਿਆ । ਆਪ ਦੇ ਮੁਖ ਸਿਧਾਂਤ ਇਹ ਸਨ :-

(੧) ਮੜੀ ਮਸਾਣੀ ਢਾਹਿ ਕੇ ਕਰ ਦਿਓ ਮਦਾਨ :

ਸਿੱਖਾਂ ਵਿਚ ਮੜੀ ਪੂਜਾ ਦਾ ਰਿਵਾਜ਼ ਪ੍ਰਚਲਤ ਹੋ ਗਿਆ ਸੀ । ਇਸ ਲਈ ਬਾਬਾ ਰਾਮ ਸਿੰਘ ਨੇ ਮੜੀ ਪੂਜਾ ਜਾਂ ਕਬਰ ਪ੍ਰਸਤੀ ਦੇ ਵਿਰੁੱਧ ਪ੍ਰਚਾਰ ਅਰੰਭਿਆ । ਨਾਮਧਾਰੀਆਂ ਨੇ ੧੮੬੬ ਈਸਵੀਂ ਵਿਚ ਕਈ ਥਾਵਾਂ ਤੇ ਕਬਰਾਂ ਆਦਿ ਢਾਹ ਦਿੱਤੀਆਂ ।

(੨) ਗਊ ਦੀ ਰੱਖਿਆ :

ਅੰਗ੍ਰੇਜ਼ਾਂ ਦੇ ਪੰਜਾਬ ਵਿਚ ਆਉਣ ਤੇ ਅੰਮ੍ਰਿਤਸਰ ਵਿਚ ਤੇ ਹੋਰ ਥਾਵਾਂ ਤੇ ਬੂਚਰਖਾਨੇ ਖੋਲ੍ਹ ਦਿੱਤੇ ਗਏ ਜਿਥੇ ਗਊ ਹੱਤਿਆ ਹੁੰਦੀ ਸੀ । ਪੰਜਾਬ ਵਿਚ ਅਤੇ ਵਿਸ਼ੇਸ਼ ਕਰਕੇ ਅੰਮ੍ਰਿਤਸਰ ਵਿਚ ਇਹ ਗੱਲ ਬਿਲਕੁਲ ਹੀ ਨਵੀਂ ਸੀ । ਨਾਮਧਾਰੀਆਂ ਨੇ ਇਸ ਦੇ ਵਿਰੁੱਧ ਕਈ ਥਾਵਾਂ ਤੇ ਗਊ ਬਧ ਕਰਨ ਵਾਲੇ ਬੂਚਰਾਂ ਨੂੰ ਮਾਰ ਦਿੱਤਾ । ਅੰਗ੍ਰੇਜ਼ੀ ਸਰਕਾਰ ਇਸ ਗੱਲ ਨੂੰ ਕਾਨੂੰਨ ਦੀ ਉਲੰਘਣਾ ਸਮਝਦੀ ਸੀ । ਇਸ ਕਰਕੇ ਨਾਮਧਾਰੀਆਂ ਦੀ ਅੰਗ੍ਰੇਜ਼ੀ ਸਰਕਾਰ ਨਾਲ ਟਕਰ ਇਕ ਅਵੱਸ਼ਕ ਗੱਲ ਸੀ ।

(੩) ਜਾਤ-ਪਾਤ ਦਾ ਖੰਡਨ :

ਜਿਵੇਂ ਕਿ ਗੁਰੂ ਸਾਹਿਬਾਨ ਨੇ ਜਾਤ-ਪਾਤ ਦਾ ਖੰਡਣ ਕੀਤਾ ਹੈ ਇਸੇ ਤਰ੍ਹਾਂ ਬਾਬਾ ਰਾਮ ਸਿੰਘ ਨੇ ਜਾਤ-ਪਾਤ ਦਾ ਖੰਡਨ ਕੀਤਾ ਅਤੇ ਸਮਾਜਿਕ ਊਚ-ਨੀਚਤਾ ਦਾ ਵਿਰੋਧ ਕੀਤਾ। ਇਸਤ੍ਰੀਆਂ ਨੂੰ ਮਰਦਾਂ ਦੇ ਬਰਾਬਰ ਹੱਕ ਦਿੱਤੇ ।

(੪) ਨਾਮ ਜਪਣ ਤੇ ਜ਼ੋਰ :

ਸਿੱਖੀ ਆਸ਼ੇ ਅਨਕੂਲ ਨਾਮਧਾਰੀਆਂ ਨੇ ਨਾਮ ਜਪਣ ਤੇ ਜ਼ੋਰ ਦਿੱਤਾ । ਨਾਮਧਾਰੀਆਂ ਵਿਚ ਇਹ ਇਕ ਵਿਸ਼ੇਸ਼ ਗੁਣ ਸੀ ਕਿ ਉਹ ਅੰਮ੍ਰਿਤ ਵੇਲੇ ਉਠਦੇ ਤੇ ਨਾਮ ਸਿਮਰਨ ਵਿਚ ਜੁੜ ਜਾਂਦੇ । ਕਈ ਵਾਰੀ ਸੰਗਤ ਵਿਚ ਬੈਠਿਆਂ ਮਸਤਾਨੇ ਹੋ ਜਾਂਦੇ ਤੇ ਨੱਚਣ ਲਗ ਪੈਂਦੇ । ਉਚੀ-ਉਚੀ ਕੂਕਾਂ ਛੱਡਦੇ ਜਿਸ ਕਰਕੇ ਇਨਾਂ ਨੂੰ ਕੂਕੇ ਵੀ ਕਿਹਾ ਜਾਂਦਾ ਹੈ ।

(੫) ਅੰਗ੍ਰੇਜ਼ਾਂ ਦਾ ਵਿਰੋਧ :

ਬਾਬਾ ਰਾਮ ਸਿੰਘ ਅੰਗ੍ਰੇਜ਼ਾਂ ਵਿਰੁੱਧ ਸਿੱਖਾਂ ਦੀ ਪਹਿਲੀ ਲੜਾਈ ਵਿਚ ਲੜੇ ਸਨ । ਸਾਰੇ ਨਾਮਧਾਰੀਆਂ ਦਾ ਵਿਸ਼ਵਾਸ਼ ਸੀ ਅੰਗ੍ਰੇਜ਼ੀ ਰਾਜ ਛੇਤੀ ਖ਼ਤਮ ਹੋ ਜਾਣਾ ਹੈ । ਇਸ ਕਰਕੇ ਉਨ੍ਹਾਂ ਨੇ ਇਹ ਕਦਮ ਚੁੱਕੇ :-

(ੳ) ਅੰਗਰੇਜ਼ਾਂ ਦੀਆਂ ਅਸਥਾਪਤ ਸੰਸਥਾਵਾਂ ਦਾ ਬਾਈਕਾਟ

(ਅ) ਅੰਗਰੇਜ਼ਾਂ ਦੇ ਚਲਾਏ ਡਾਕਖਾਨੇ ਅਤੇ ਰੇਲ ਗਡੀਆਂ ਦਾ ਬਾਈਕਾਟ

(ੲ) ਅੰਗਰੇਜ਼ੀ ਵਸਤੂਆਂ ਦਾ ਬਾਈਕਾਟ

(ਸ) ਅੰਗਰੇਜ਼ਾਂ ਦੀਆਂ ਨੌਕਰੀਆਂ ਦਾ ਬਾਈਕਾਟ ।

ਇਸ ਤਰ੍ਹਾਂ ਬਾਬਾ ਰਾਮ ਸਿੰਘ ਨੇ ਮਹਾਤਮਾ ਗਾਂਧੀ ਤੋਂ ਸੱਠ ਸਾਲ ਪਹਿਲਾਂ ਨਾ-ਮਿਲਵਰਤਣ ਦੀ ਲਹਿਰ ਚਲਾਈ । ਅੰਗਰੇਜ਼ਾਂ ਨੇ ਇਹ ਲਹਿਰ ਸਖਤੀ ਨਾਲ ਦਬਾ ਦਿਤੀ। ਜਨਵਰੀ ੧੮੭੨ ਵਿਚ ਕੁਝ ਨਾਮਧਾਰੀਆਂ ਨੇ ਮਲੇਰਕੋਟਲੇ ਤੇ ਹਮਲਾ ਕਰਕੇ ਗਊ ਹੱਤਿਆ ਕਰਨ ਵਾਲੇ ਬੂਚਰਾਂ ਨੂੰ ਮਾਰ ਦਿੱਤਾ । ਅੰਗਰੇਜ਼ੀ ਸਰਕਾਰ ਜੋ ੧੮੫੭ ਦੇ ਗੱਦਰ ਤੋਂ ਡਰੀ ਹੋਈ ਸੀ ਇਸ ਗੱਲ ਤੋਂ ਭੈ-ਭੀਤ ਹੋ ਗਈ । ਲੁਧਿਆਣੇ ਦੇ ਡਿਪਟੀ ਕਮਿਸ਼ਨਰ ਮਿਸਡਟਰ ਕਾਵਨ ਨੇ ੬੬ ਦੇ ਕਰੀਬ ਨਾਮਧਾਰੀਆਂ ਨੂੰ ਗੋਲੀ ਨਾਲ ਉਡਾ ਦਿੱਤਾ । ਬਾਬਾ ਰਾਮ ਸਿੰਘ ਨੂੰ ਗ੍ਰਿਫਤਾਰ ਕਰਕੇ ਰੰਗੂਨ ਭੇਜਿਆ ਗਿਆ ਜਿੱਥੇ ਉਨ੍ਹਾਂ ਦਾ ਦਿਹਾਂਤ ੧੮੮੫ ਈਸਵੀ ਵਿਚ ਹੋਇਆ ।

ਬਾਬਾ ਰਾਮ ਸਿੰਘ ਦੀ ਨਾਮਧਾਰੀ ਲਹਿਰ ਸਿੱਖਾਂ ਵਿਚ ਬਹੁਤ ਪ੍ਰਭਾਵਸ਼ਾਲੀ ਲਹਿਰ ਸੀ। ਇਸ ਨਾਲ ਸਿੱਖਾਂ ਵਿਚ ਨਾਮ ਬਾਣੀ ਦਾ ਪ੍ਰਚਾਰ ਵਧਿਆ । ਪਰ ਨਾਮਧਾਰੀਆਂ ਨੇ ਜੋਸ਼ ਵਿਚ ਆ ਕੇ ਇਕ ਨਵੀਂ ਰਹੁ ਰੀਤੀ ਦੀ ਨੀਂਹ ਰੱਖੀ । ਆਪਣੇ ਆਪ ਨੂੰ ਸਿੱਖਾਂ ਤੋਂ ਵਖਰੀ ਸੰਪਰਦਾ ਸਮਝਣ ਲਗੇ ਤੇ ਬਾਬਾ ਰਾਮ ਸਿੰਘ ਨੂੰ ਬਾਰਵਾਂ ਗੁਰੂ ਬਣਾ ਲਿਆ । ਬਾਬਾ ਰਾਮ ਸਿੰਘ ਜੀ

ਆਪ ਦੱਸਦੇ ਹਨ ਕਿ ਉਹ ਗੁਰੂ ਨਹੀਂ ਹਨ । ਗੁਰੂ ਦੀ ਪਦਵੀ ਤੇ ਗੁਰੂ ਗ੍ਰੰਥ ਸਾਹਿਬ ਹਨ । ਉਨ੍ਹਾਂ ਦੇ ਹੁਕਮਨਾਮੇ ਜੋ ਉਨ੍ਹਾਂ ਜ਼ੇਲ ਵਿਚੋਂ ਘਲੇ ਇਸ ਗੱਲ ਨੂੰ ਚੰਗੀ ਤਰ੍ਹਾਂ ਸਪਸ਼ਟ ਕਰਦੇ ਹਨ। ਉਨਾਂ ਵਿਚ ਲਿਖਿਆ ਹੈ :-

> "ਸਿੱਖੀ ਤਾਂ ਭੱਜਣ ਬਾਣੀ ਦੀ ਹੈ । ਕਛ ਮਾਲਾ ਇਕ ਸੰਨ ਗੇ ਗੁਰੂ ਜੀ ਦੀ । ਮੇਰਾ ਲਿਖਿਆ ਆਵਗੋਂਣ ਨਹੀਂ ਜਾਨਣਾ । ਹੁਕਮ ਹੈ ਗੁਰੂ
>
> ਜੀ ਦਾ ਮੈਂ ਜੋ ਲਿਖਦਾ ਹਾਂ । ਮੈਂ ਗੁਰੂ ਨਹੀਂ । ਮੈਂ ਤਾਂ ਰਪਟੀਏ ਦੀ ਮਾਫਕ ਹਾਂ । ਜੋ ਮੰਨੇਗਾ ਸੁਖੀ ਹੋਏਗਾ"

......"ਕੋਈ ਮੈਨੂੰ ਤਾਂ ਗੁਰੂ ਬਣਨ ਦੀ ਲੋੜ ਨਹੀਂ ਹੈ । ਨਾ ਮੈਂ ਗੁਰੂ ਹਾਂ । ਮੈਂ ਤਾਂ ਹੁਕਮੀ ਬੰਦਾ ਹਾਂ । ਮੇਰੇ ਨਾਲ ਜਹਾਨ ਨੇ ਬੇ ਅਰਥ ਦਾਵਾ ਬੰਨਿਆ ਹੈ ।"

....."ਮੈਨੂੰ ਮੇਰੇ ਕਿਸੇ ਖੋਟੇ ਕਰਮ ਨੇ ਤਾਂ ਏਥੇ ਲੈ ਆਂਦਾ ਹੈ । ਪਰ ਭਜਨ ਬਾਣੀ ਨੇ ਏਥੇ ਭੀ ਮੈਨੂੰ ਦੁਖ ਮੈ ਸੁਖ ਦੇ ਛੋਡਾ ਹੈ....ਤੁਸੀਂ ਗੁਰੂ ਦੇ ਬਚਨਾਂ ਵਚ ਧਿਆਨ ਦੇਣਾ, ਗ੍ਰੰਥ ਸਾਹਿਬ ਗੁਰੂ ਜੀ ਦੀ ਦੇਹ ਹੈ ਪ੍ਰਤੱਖ ।" (ਕੂਕਿਆਂ ਦੀ ਵਿਦਿਆ, ਪੰਨਾ ੩੫੪-੩੫੫)

੩. ਸਿੰਘ ਸਭਾ ਲਹਿਰ

ਉਨਵੀਂ ਸਦੀ ਦੀ ਸਭ ਤੋਂ ਵੱਧ ਪ੍ਰਭਾਵਸ਼ਾਲੀ ਲਹਿਰ ਸਿੰਘ ਸਭਾ ਹੈ । ਜਿਸ ਦਾ ਅਸਰ ਚਿਰੰਕਾਲ ਤਕ ਸਿੱਖਾਂ ਦੀਆਂ ਪੀੜੀਆਂ ਤੇ ਰਿਹਾ ਤੇ ਰਹੇਗਾ । ਸਿੰਘ ਸਭਾ ਲਹਿਰ ਨੂੰ ਹੋਂਦ ਵਿਚ ਲਿਆਉਣ ਲਈ ਕਈ ਕਾਰਨ ਸਨ, ਜਿਨ੍ਹਾਂ ਵਿਚੋਂ ਕੁਝ ਕੁ ਇਹ ਸਨ:-

੧. ਪਛਮੀ ਵਿਦਿਆ ਦਾ ਪਸਾਰਾ :-

ਪੰਜਾਬ ਵਿਚ ੧੮੫੪ ਈਸਵੀ ਵਿਚ ਡਾਇਰੈਕਟਰ ਪਬਲਿਕ ਇਨਸਟ੍ਰਕਸ਼ਨ ਅਸਥਾਪਤ ਹੋ ਗਿਆ ਸੀ ਜਿਸ ਦੇ ਅਥੀਨ ਹਰ ਜਿਲੇ ਵਿਚ ਘਟੋ-ਘਟ ਇਕ ਗੌਰਮਿੰਟ ਸਕੂਲ ਖੋਲ੍ਹ ਦਿੱਤਾ ਗਿਆ ਸੀ ਜਿਸ ਵਿਚ ਪੱਛਮੀ ਵਿਦਿਆ ਦਿੱਤੀ ਜਾਂਦੀ ਸੀ । ਇਸ ਨਾਲ ਸਿੱਖਾਂ ਵਿਚ ਵੀ ਜਾਗ੍ਰਤੀ ਆਈ ।

੨. ਮਿਸ਼ਨਰੀਆਂ ਦਾ ਜ਼ੋਰ :-

੧੮੪੯ ਤੋਂ ਪਿਛੋਂ ਈਸੀਈ ਮਿਸ਼ਨਰੀਆਂ ਦੀਆਂ ਕਈ ਸੋਸਾਇਟੀਆਂ ਨੇ ਆਪਣੀਆਂ ਬਰਾਂਚਾਂ ਪੰਜਾਬ ਵਿਚ ਖੋਲ ਦਿੱਤੀਆਂ । ਸਭ ਦਾ ਮਨੋਰਥ ਪੰਜਾਬੀਆਂ ਨੂੰ ਤੇ ਵਿਸੇਸ਼ ਕਰਕੇ ਸਿੱਖਾਂ ਨੂੰ ਈਸਾਈ ਬਨਾਉਣਾ ਸੀ । ਚਰਚ ਮਿਸ਼ਨਰੀ ਸੋਸਾਇਟੀ ਦੇ ਰੀਕਾਰਡ ਜੋ ਲੰਡਨ ਵਿਚ ਉਨਾਂ ਦੇ ਹੈਡ ਕੁਆਟਰ ਵਿਚ ਪਏ ਹਨ ਦਸਦੇ ਹਨ ਕਿ ਲਾਹੌਰ ਅੰਮ੍ਰਿਤਸਰ, ਗੁਰਦਾਸਪੁਰ ਅਤੇ ਸਿਆਲਕੋਟ ਦੇ ਜ਼ਿਲਿਆਂ ਵਿਚ ਜ਼ਿਆਦਾ ਈਸਾਈਆਂ ਦਾ ਪ੍ਰਚਾਰ ਸੀ । ਇਸ ਦਾ ਅਸਰ ਸਿੱਖਾਂ ਤੇ ਹੋਣਾ ਜ਼ਰੂਰੀ ਸੀ ।

੩. ਅਨਮਤੀਆਂ ਦੇ ਸਿੱਖ ਧਰਮ ਤੇ ਹਮਲੇ :-

ਸਰਧਾ ਰਾਮ ਫਲੌਰੀ ਨੇ ਅੰਮ੍ਰਿਤਸਰ ਵਿਚ ਕਈ ਲੈਕਚਰ ਦਿੱਤੇ ਜਿਨ੍ਹਾਂ ਵਿਚ ਸਿੱਖ ਗੁਰੂਆਂ ਬਾਰੇ ਕਈ ਗਲਤ ਬਿਆਨੀਆਂ ਕੀਤੀਆਂ ਜੋ ਸਿੱਖਾਂ ਨੂੰ ਬਹੁਤ ਚੁਭੀਆਂ ਤੇ ਆਰੀਆ ਸਮਾਜ ਦੇ ਬਾਨੀ ਸਵਾਮੀ ਦਇਆ ਨੰਦ ਨੇ ਸਥਿਆਰਥ ਪ੍ਰਕਾਸ਼ ਵਿਚ ਸਿੱਖ ਗੁਰੂਆਂ ਤੇ ਕਈ ਹਮਲੇ ਕੀਤੇ । ਫੇਰ ੧੯੮੩ ਦੀ ਵਛੋਵਾਲੀ ਦੀ ਆਰੀਆ ਸਮਾਜ ਨੇ ਖੁਲਮ-ਖੁਲਾ ਸਿੱਖਾ ਦੇ ਵਿਰੁੱਧ ਪ੍ਰਚਾਰ ਅਰੰਭ ਦਿੱਤਾ ।

੪. ਅੰਮ੍ਰਿਤਸਰ ਦੇ ਚਾਰ ਸਿੱਖ ਵਿਦਿਆਰਥੀਆਂ ਦਾ ਈਸਾਈ ਹੋਣ ਦਾ ਐਲਾਨ :-

੧੮੭੩ ਈਸਵੀ ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਈਸਾਈ ਹੋਣ ਦਾ ਐਲਾਨ ਕੀਤਾ । ਬੜੀ ਮੁਸ਼ਕਿਲ ਨਾਲ ਇਨ੍ਹਾਂ ਨੂੰ ਰੋਕਿਆ ਤੇ ਉਸੇ ਸਾਲ ਅੰਮ੍ਰਿਤਸਰ ਵਿਚ ਪਹਿਲੀ ਸਿੰਘ ਸਭਾ ਸਥਾਪਤ ਹੋਈ । ਸਿੰਘ ਸਭਾ ਲਹਿਰ ਦੇ ਇਹ ਉਦੇਸ਼ ਸਨ :-

੧. ਸਿੱਖ ਧਰਮ ਵਿਚ ਬੁਰਾਈਆਂ ਦੂਰ ਕਰਨਾ
੨. ਸਿੱਖਾਂ ਦੀਆਂ ਧਾਰਮਿਕ ਅਤੇ ਇਤਿਹਾਸਕ ਕਿਤਾਬਾਂ ਛਾਪਣੀਆਂ
੩. ਪੰਜਾਬੀ ਦਾ ਪ੍ਰਚਾਰ ਕਰਨਾ । ਰਸਾਲੇ ਅਤੇ ਅਖ਼ਬਾਰਾਂ ਪੰਜਾਬੀ ਵਿਚ ਛਪਵਾਉਣਾ
੪. ਉਨਾਂ ਸਿੱਖਾਂ ਦਾ ਸੁਧਾਰ ਕਰਨਾ ਤੇ ਸਿੱਖ ਮਤ ਵਿਚ ਲਿਆਉਣਾ ਜੋ ਨਾਸਤਕ ਹੋ ਚੁਕ ਹਨ ਜਾਂ ਸਿੱਖ ਧਰਮ ਤੋਂ ਦੂਰ ਜਾ ਚੁਕੇ ਹਨ ।
੫. ਆਪਣੇ ਵਿਦਿਅਕ ਉਦੇਸ਼ਾਂ ਦੀ ਪੂਰਤੀ ਲਈ ਅੰਗਰੇਜ਼ ਅਫਸਰਾਂ ਨੂੰ ਨਾਲ ਮਿਲਾਉਣਾ ਤੇ ਵਿਦਿਆਕ ਪ੍ਰੋਗਰਾਮਾਂ ਨਾਲ ਸੰਬੰਧਤ ਕਰਨਾ ।
੬. ਅੰਗਰੇਜ਼ੀ ਰਾਜ ਦੀ ਵਫਾਦਾਰੀ ਕਰਨਾ ।

ਅੱਜ ਪੂਰੀ ਇਕ ਸਦੀ ਤੋਂ ਪਿਛੋਂ ਅਖੀਰਲੇ ਉਦੇਸ਼ ਬਦਲੇ ਹੋਏ ਹਾਲਾਤ ਕਾਰਨ ਅਜੀਬ ਲਗਦੇ ਹਨ ਇਸ ਲਈ ਇਨ੍ਹਾਂ ਦਾ ਸਪਸ਼ਟੀਕਰਨ ਜ਼ਰੂਰੀ ਹੈ । ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਆਪ ਇਹ ਅਖੀਂ ਵੇਖਿਆ ਸੀ ਕਿ ਨਾਮਧਾਰੀ ਲਹਿਰ ਕੇਵਲ ਸਰਕਾਰ ਦੇ ਵਿਰੋਧੀ ਹੋਣ ਕਰਕੇ ਦਬਾ ਦਿਤੀ ਗਈ ।੧੮੫੭ ਦੇ ਗਦਰ ਪਿਛੋਂ ਅੰਗਰੇਜ਼ਾਂ ਨੇ ਸਿੱਖਾਂ ਵਿਚ ਦਿਲਚਸਪੀ ਲੈਣੀ ਅਰੰਭ ਕਰ ਦਿੱਤੀ ਸੀ ਤੇ ਫੌਜਾਂ ਵਿਚ ਸਿੱਖਾਂ ਦੀ ਭਰਤੀ ਜਿਆਦਾ ਕਰ ਦਿੱਤੀ ਸੀ । ਸਿੰਘ ਸਭਾ ਲਹਿਰ ਦੇ ਮੋਢੀ ਰਾਜਸੀ ਸਥਿਤੀ ਨੂੰ ਵਿਚਾਰਦੇ ਹੋਏ ਇਸ ਗੱਲ ਤੇ ਠੀਕ ਯਕੀਨ ਰੱਖਦੇ ਸਨ ਕਿ ਕੋਈ ਸੁਧਾਰਕ ਲਹਿਰ ਸਰਕਾਰ ਦੇ ਵਿਰੁੱਧ ਹੋ ਕੇ ਕਾਮਯਾਬ ਨਹੀਂ ਹੋ ਸਕਦੀ ਤੇ ਕਿਉਂ ਨਾ ਸਰਕਾਰ ਦੀ ਸਹਾਇਤਾ ਨਾਲ ਹੀ ਇਸ ਲਹਿਰ ਦੇ ਵਿਦਿਅਕ ਪ੍ਰੋਗਰਾਮਾਂ ਨੂੰ ਤੋਰਿਆ ਜਾਏ । ਸੋ ਸਿੰਘ ਸਭਾ ਦੀ ਇਹ ਰਾਜ ਭਗਤੀ ਸਮੇਂ ਦੇ ਹਾਲਾਤ ਦੇ ਅਨਕੂਲ ਸੀ ।

ਉਨਵੀਂ ਸਦੀ ਵਿਚ ਸਿੰਘ ਸਭਾ ਲਹਿਰ ਦੇ ਇਹ ਮਹਾਨ ਆਗੂ ਹੋਏ ਹਨ:-

੧. ਸਰਦਾਰ ਠਾਕਰ ਸਿੰਘ ਸੰਧਾਵਾਲੀਆ
੨. ਪ੍ਰੋਫੈਸਰ ਗੁਰਮੁਖ ਸਿੰਘ
੩. ਗਿਆਨੀ ਦਿੱਤ ਸਿੰਘ
੪. ਭਾਈ ਜਵਾਹਰ ਸਿੰਘ
੫. ਭਾਈ ਮਈਆ ਸਿੰਘ

ਸਿੰਘ ਸਭਾ ਲਹਿਰ ਨੇ ਸਿੱਖੀ ਦੀ, ਸਿੱਖਾਂ ਦੀ ਅਤੇ ਸਿੱਖ ਧਰਮ ਦੀ ਬਹੁ-ਪਖੀ ਸੇਵਾ ਕੀਤੀ ਹੈ । ਕੁਝ ਕੁ ਪ੍ਰਾਪਤੀਆਂ ਇਹ ਹਨ:-

੧. ਸਿੱਖੀ ਦਾ ਨਿਆਰਾਪਨ:-

ਸਿੰਘ ਸਭਾ ਲਹਿਰ ਤੋਂ ਪਹਿਲਾਂ ਸਿੱਖ ਹਿੰਦੂਆਂ ਵਾਂਗੂੰ ਹੀ ਰਸਮ ਰਿਵਾਜ਼ ਕਰਦੇ ਸਨ ਤੇ ਹਿੰਦੂ ਸਮਾਜ ਦਾ ਹੀ ਇਕ ਹਿੱਸਾ ਬਣ ਗਏ ਸਨ । ਸਿੰਘ ਸਭਾ ਲਹਿਰ ਦੇ ਸਿੱਖਾਂ ਨੂੰ ਉਨ੍ਹਾਂ ਦੇ ਨਿਆਰਾਪਣ ਤੋਂ ਅਨੁਭਵ ਕਰਾਇਆ । "ਹਮ ਹਿੰਦੂ ਨਹੀਂ" ਦਾ ਸੰਦੇਸ਼ ਦਿਤਾ ਤੇ ਸਿੱਖਾਂ ਨੂੰ ਹਿੰਦੂਆਂ ਤੋਂ ਵਖਰਾ ਹੋਣ ਦਾ ਨਾਹਰਾ ਲਾਇਆ । ਇਸ ਤਰ੍ਹਾਂ ਸਿੰਘ ਸਭਾ ਲਹਿਰ ਦੇ ਅਸਰ-ਥਲੇ ਸਿੱਖ ਰਹੁ ਰੀਤੀ ਦਾ ਵਿਕਾਸ ਹੋਇਆ ਤੇ ਸਿੱਖ ਬ੍ਰਹਮਨੀ ਪ੍ਰਭਾਵਾਂ ਥਲਿਓਂ ਨਿਕਲ ਗਏ।

੨. ਗੁਰਮਤ ਦੇ ਸਿੱਖ ਇਤਿਹਾਸ ਦੀ ਖੋਜ :

ਸਿੰਘ ਸਭਾ ਲਹਿਰ ਦਾ ਇਕ ਵੱਡਾ ਉਦੇਸ਼ ਸਿੱਖ ਸਾਹਿਤ ਨੂੰ ਪ੍ਰਫੁਲਤ ਕਰਨਾ ਸੀ ਤੇ ਜੋ ਸਿੱਖ ਜੰਤਾ ਨੂੰ ਆਪਣੇ ਵਿਰਸੇ ਦਾ ਪਤਾ ਲਗ ਸਕੇ । ਅੰਮ੍ਰਿਤਸਰ ਸਿੰਘ ਸਭਾ ਦੀ ਸਥਾਪਣਾ ਦੇ ਨਾਲ ਹੀ ਸਿੱਖ ਇਤਿਹਾਸ ਦੀ ਖੋਜ ਦਾ ਕੰਮ ਅਰੰਭ ਹੋਇਆ । ਪਹਿਲਾਂ ਗੋਸ਼ਟੀ ਦਾ ਵਿਸ਼ਾ ਗੁਰੂ ਨਾਨਕ ਸਾਹਿਬ ਦਾ ਜਨਮ ਦਿਨ ਸੀ: ਕਤਕ ਵਿੱਚ ਜਾਂ ਵਿਸਾਖ ਵਿੱਚ । ਚਰਚਾ ਕਾਫ਼ੀ ਚਿਰ ਚਲਦੀ ਰਹੀ । ਅਖੀਰ ਵਿੱਚ ੧੯੧੨ ਦੇ ਕਰੀਬ ਭਾਈ ਕਰਮ ਸਿੰਘ ਨੇ "ਕਤਕ ਕਿ ਵਿਸਾਖ ਪੁਸਤਕ ਲਿਖ ਕੇ ਇਸਦਾ ਨਿਰਨਾ ਕਰਨ ਦਾ ਯਤਨ ਕੀਤਾ । ਸਿੰਘ ਸਭਾ ਦੇ ਯਤਨਾਂ ਨਾਲ ਵਲਾਇਤ ਵਿਚੋਂ ਇੰਡੀਆ ਆਫਿਸ ਦੀ ਲਾਇਬਰੇਰੀ ਵਿਚੋਂ ਪੁਰਾਤਨ ਜਨਮ ਸਾਖੀ ਦੀ ਫੋਟੋ ਕਾਪੀ ਮੰਗਵਾਈ ਗਈ ਜਿਸਨੂੰ ਪਿਛੋਂ ਭਾਈ ਵੀਰ ਸਿੰਘ ਜੀ ਨੇ ਸੰਪਾਦਨ ਕਰਕੇ ਛਪਵਾਇਆ। ਪ੍ਰੋਫੈਸਰ ਗੁਰਮੁਖ ਸਿੰਘ ਨੇ ਪਹਿਲਾਂ ਗੁਰਮੁਖੀ ਅਖ਼ਬਾਰ ਕੱਢਿਆ । ਸਿੰਘ ਸਭਾ ਲਹਿਰ ਦੇ ਮੋਢੀ ਭਾਈ ਦਿੱਤ ਸਿੰਘ ਨੇ ਕਈ ਪੁਸਤਕਾਂ ਲਿਖੀਆਂ, ਜਿਨ੍ਹਾਂ ਵਿੱਚ ਮਨਮਤ ਦਾ ਖੰਡਣ ਤੇ ਗੁਰਮਤ ਦਾ ਪਰਚਾਰ ਕੀਤਾ ਗਿਆ । ਸਿੰਘ ਸਭਾ ਲਹਿਰ ਨੇ ਅਨੇਕਾਂ ਲਿਖਾਰੀਆਂ ਨੂੰ ਜਨਮ ਦਿੱਤਾ ਜਿਨ੍ਹਾਂ ਵਿਚੋਂ ਕੁਝ ਕੁ ਉਘੇ ਨਾਂ ਇਹ ਹਨ :- ਭਾਈ ਵੀਰ ਸਿੰਘ, ਪ੍ਰੋਫੈਸਰ ਪੂਰਨ ਸਿੰਘ, ਬਾਵਾ ਬੁਧ ਸਿੰਘ, ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ, ਕਰਮ ਸਿੰਘ, ਗਿਆਨੀ ਗਿਆਨ ਸਿੰਘ ਇਤਿਹਾਸਕਾਰ, ਸਰਦਾਰ ਖਜ਼ਾਨ ਸਿੰਘ ਆਦਿ ।

੩. ਵਿਦਿਅਕ ਖੇਤਰ ਵਿੱਚ ਸੇਵਾ :

ਸਿੰਘ ਸਭਾ ਲਹਿਰ ਕਰਕੇ ਸਿੱਖਾਂ ਵਿਚ ਬਹੁਤ ਜਾਗ੍ਰਤੀ ਆਈ। ਹਰ ਸ਼ਹਿਰ ਦੀ ਸਿੰਘ ਸਭਾ ਨੇ ਖਾਲਸਾ ਸਕੂਲ ਖੋਲਣੇ ਅਰੰਭੇ ਤੇ ਸਾਰੇ ਪੰਜਾਬ ਵਿਚ ਖਾਲਸਾ ਸਕੂਲ ਖੁਲ੍ਹ ਗਏ। ੧੯੦੮ ਵਿਚ ਸਿੱਖ ਐਜੂਕੇਸ਼ਨਲ ਕਾਨਫਰੰਸ ਨੇ ਵੀ ਇਸ ਖੇਤਰ ਵਿੱਚ ਸ਼ਲਾਘਾ ਯੋਗ ਕੰਮ ਕੀਤਾ ਹੈ। ਇਨ੍ਹਾਂ ਕਾਰਨਾਂ ਕਰਕੇ ਸਿੱਖਾਂ ਵਿੱਚ ਅਨਪੜ੍ਹਤਾ ਘਟੀ ਅਤੇ ਜਾਗ੍ਰਤੀ ਆਈ। ਖਾਲਸਾ ਕਾਲਜ, ਅੰਮ੍ਰਿਤਸਰ ਸਿੱਖਾਂ ਵਿੱਚ ਇਸ ਪੁਨਰ ਜਾਗ੍ਰਤੀ ਦਾ ਇਕ ਵੱਡਾ ਪ੍ਰਤੀਬਿੰਧ ਹੈ।

੪. ਪੰਜਾਬੀ ਦਾ ਪ੍ਰਚਾਰ :

ਸਿੰਘ ਸਭਾ ਲਹਿਰ ਦੀ ਇਕ ਸਭ ਤੋਂ ਵੱਡੀ ਦੇਣ ਪੰਜਾਬੀ ਬੋਲੀ ਦਾ ਪ੍ਰਚਾਰ ਹੈ। ਜਦੋਂ ਮੁਸਲਮਾਨ ਤੇ ਹਿੰਦੂ ਆਪਣੀ ਮਾਤ ਭਾਸ਼ਾ ਵਲੋਂ ਮੂੰਹ ਮੋੜੀ ਬੈਠੇ ਸਨ ਉਸ ਵੇਲੇ ਕੇਵਲ ਸਿੱਖਾਂ ਨੇ ਸਿੰਘ ਸਭਾ ਲਹਿਰ ਦੇ ਅਸਰ ਦੇ ਅਧੀਨ ਮਾਤ ਬੋਲੀ ਨੂੰ ਅਪਣਾਇਆ। ਇਸ ਦੇ ਪ੍ਰਚਾਰ ਨੂੰ ਤੇਜ਼ ਕੀਤਾ। ਜੋ ਸਥਾਨ ਅੱਜ ਮਾਤ ਬੋਲੀ ਨੂੰ ਪ੍ਰਾਪਤ ਹੋਇਆ ਹੈ ਇਸ ਦਾ ਗੌਰਵ ਤੇ ਮਾਣ ਸਿੰਘ ਸਭਾ ਲਹਿਰ ਦੇ ਮੋਢੀ ਵਿਸ਼ੇਸ਼ ਕਰਕੇ ਪ੍ਰੋਫੈਸਰ ਗੁਰਮੁਖ ਸਿੰਘ ਨੂੰ ਜਾਂਦਾ ਹੈ ਜਿਨ੍ਹਾਂ ਬੜੀ ਸੂਝ-ਬੂਝ ਨਾਲ ਪੰਜਾਬੀ ਬੋਲੀ ਦਾ ਪ੍ਰਚਾਰ ਅਰੰਭਿਆ ਸੀ।

੪. ਗੁਰਦਵਾਰਾ ਸੁਧਾਰ ਲਹਿਰ

ਸਿੰਘ ਸਭਾ ਲਹਿਰ ਨਾਲ ਆਈ ਜਾਗਤ੍ਰੀ ਨੇ ਇਕ ਹੋਰ ਨਵਾਂ ਰੂਪ ਧਾਰਿਆ ਜਿਸ ਨੂੰ ਗੁਰਦਵਾਰਾ ਸੁਧਾਰ ਲਹਿਰ ਕਹਿੰਦੇ ਹਨ। ਸਿੰਘ ਸਭਾ ਲਹਿਰ ਦਾ ਇਕ ਮਨੋਰਥ ਇਹ ਸੀ ਕਿ ਸਿੱਖਾਂ ਵਿਚੋਂ ਜਾਤ-ਪਾਤ ਖਤਮ ਕੀਤੀ ਜਾਏ। ਅਖੌਤੀ ਅਛੂਤ ਜਾਂਤਾਂ ਦੇ ਸਿੰਘਾਂ ਨੂੰ ਗੁਰਦਵਾਰਿਆਂ ਵਿੱਚ ਕੜਾਹ ਪ੍ਰਸ਼ਾਦ ਲਿਜਾਣ ਦੀ ਹੋਰਨਾਂ ਸਿੱਖਾਂ ਵਾਗੂੰ ਖੁਲ੍ਹ ਹੋਵੇ। ਪਰ ਗੁਰਦਵਾਰਿਆਂ ਦਾ ਪ੍ਰਬੰਧ ਪੁਰਾਣੇ ਸਮਿਆਂ ਤੋਂ ਹੀ ਮਹੰਤਾਂ ਦੇ ਹੱਥ ਚਲਿਆ ਆਉਂਜਾ ਸੀ ਜੋ ਸਿੰਘ ਸਭਾਈਆਂ ਦੀਆਂ ਸੁਧਾਰਕ ਰੁਚੀਆਂ ਦੇ ਵਿਰੁੱਧ ਸਨ। ਇਸ ਤੋਂ ਇਲਾਵਾ ਗੁਰਦਵਾਰਿਆਂ ਦੇ ਮਹੰਤ ਗੁਰਦਵਾਰਿਆਂ ਦੀਆਂ ਜ਼ਮੀਨਾਂ ਆਪਣੇ ਨਿੱਜੀ ਨਾਵਾਂ ਨਾਲ ਲਗਾਈ ਜਾਂਦੇ ਸਨ। ਮੁਕੱਦਮੇ ਬਾਜ਼ੀ ਨਾਲ ਮਹੰਤਾਂ ਨੂੰ ਇਸ ਕੰਮ ਤੋਂ ਰੋਕਿਆ ਨਹੀਂ ਸੀ ਜਾ ਸਕਦਾ। ਜ਼ਮੀਨਾਂ ਦੀ ਹਾਲਤ ਬਹੁਤ ਚੰਗੀ ਹੋ ਗਈ ਸੀ ਤੇ ਉਸ ਤੋਂ ਆਈ ਆਮਦਨ ਦੇ ਨਸ਼ੇ ਵਿੱਚ ਮਹੰਤ ਵਿਭਚਾਰੀ ਹੋ ਗਏ ਸਨ। ਸਿੱਖ ਜੰਤਾ ਲਈ ਇਹ ਬਹੁਤ ਦੁਖਦਾਈ ਗੱਲ ਸੀ।

ਅਗਰ ਕੁਫਰ ਅਜ਼ ਕਾਹਬਾ ਬਰਖੇਜ਼ਦ
ਕੁਜਾ ਖ਼ਾਸ਼ਦ ਮੁਸਲਮਾਨੀ

ਜੇਕਰ ਗੁਰਦਵਾਰਿਆਂ ਤੋਂ ਹੀ ਪਾਪ ਦਾ ਪਸਾਰਾ ਅਰੰਭ ਹੋਵੇ ਤਾਂ ਸਿੱਖੀ ਖਤਮ ਸੀ। ਇਸ ਲਈ ੧੯੨੦ ਤੋਂ ਸਿੱਖਾਂ ਵਿੱਚ ਇਕ ਲਹਿਰ ਅਰੰਭ ਹੋਈ ਜਿਸ ਨੂੰ ਅਸੀਂ ਗੁਰਦਵਾਰਾ ਸੁਧਾਰ ਲਹਿਰ ਕਹਿੰਦੇ ਹਾਂ। ਇਸ ਦੇ ਚਾਰ ਮੁਖ ਪੜਾਅ ਸਨ।

੧. ਨਨਕਾਨਾ ਸਾਹਿਬ ਦਾ ਸਾਕਾ	੧੯੨੧ ਈਸਵੀ
੨. ਚਾਬੀਆਂ ਦਾ ਮੋਰਚਾ	੧੯੨੧ ਈਸਵੀ
੩. ਗੁਰੂ ਕੇ ਬਾਗ ਦਾ ਮੋਰਚਾ	੧੯੨੨ ਈਸਵੀ
੪. ਜੈਤੋਂ ਦਾ ਮੋਰਚਾ	੧੯੨੩-੨੪ ਈਸਵੀ

੧. ਨਨਕਾਣਾ ਸਾਹਿਬ ਦਾ ਸਾਕਾ :

ਵੀਹਵੀਂ ਸਦੀ ਦੇ ਸਿੱਖ ਇਤਿਹਾਸ ਵਿਚ ਨਨਕਾਨਾ ਸਾਹਿਬ ਦਾ ਸਾਕਾ ਇਕ ਅਦੁੱਤੀ ਘਟਨਾ ਹੈ। ਨਨਕਾਨਾ ਸਾਹਿਬ ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਹੋਣ ਕਰਕੇ ਇਕ ਵਿਸ਼ੇਸ਼ ਮਹਾਨਤਾ ਰੱਖਦਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਇਥੋਂ ਦੇ ਗੁਰਦਵਾਰਿਆਂ ਦੀ ਸੇਵਾ ਲਈ ਬਹੁਤ ਸਾਰੀ ਜਾਗੀਰ ਗੁਰਦਵਾਰਿਆਂ ਦੇ ਨਾਂ ਨਾਲ ਲਗਵਾਈ ਸੀ। ਨਨਕਾਨਾ ਸਾਹਿਬ ਦੇ ਗੁਰਦਵਾਰਿਆਂ ਦਾ ਪ੍ਰਬੰਧ ਮਹੰਤ ਨਰੈਣ ਦਾਸ ਦੇ ਹੱਥ ਸੀ ਜੋ ਵਿਭਚਾਰੀ ਸੀ। ਆਚਰਨ ਦਾ ਨੇਕ ਨਹੀਂ ਸੀ। ਜਦੋਂ ਗੁਰਦਵਾਰਾ ਸੁਧਾਰ ਲਹਿਰ ਦਾ ਆਰੰਭ ਹੋਇਆ ਤਾਂ ਇਲਾਕੇ ਵਿਚ ਨਨਕਾਨੇ ਸਾਹਿਬ ਦੇ ਗੁਰਦਵਾਰਿਆਂ ਨੂੰ ਆਜ਼ਾਦ ਕਰਾਉਣ ਦਾ ਜੋਸ਼ ਠਾਠਾਂ ਮਾਰਨ ਲੱਗਾ। ਭਾਈ ਲਛਮਨ ਸਿੰਘ ਪਿੰਡ ਧਾਰੋਵਾਲ ਜ਼ਿਲਾ ਸੇਖੂਪੁਰਾ ਨੇ ਸ਼ਹੀਦੀ ਜੱਥਾ ਤਿਆਰ ਕੀਤਾ। ਜਦੋਂ ਜੱਥਾ ਪਿੰਡ ਤੋਂ ਚਲਿਆ ਅਰਦਾਸ ਕੀਤੀ ਤੇ ਵਾਕ ਲਿਆ ਤਾਂ ਸ਼ਬਦ ਆਇਆ ਜਿਸ ਵਿੱਚ ਇਹ ਤੁਕ ਆਉਂਦੀ ਸੀ।

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿੱਚਿ ਅਗਨੀ ਆਪੁ ਜਲਾਈ।

ਇਹੀ ਵਾਕ ੨੦ ਫਰਵਰੀ ਅੰਮ੍ਰਿਤ ਵੇਲੇ ਗੁਰਦਵਾਰੇ ਵੱਲ ਚਾਲੇ ਪਾਉਣ ਵੇਲੇ ਆਇਆ। ਸਾਰੇ ਜੱਥੇ ਵਿੱਚ ਸ਼ਾਮਲ ਸਿੱਖ ਸਮਝਦੇ ਹਨ ਕਿ ਗੁਰੂ ਮਹਾਰਾਜ ਦੇ ਵਾਕ ਅਨੁਸਾਰ ਉਨ੍ਹਾਂ ਦੀ ਸ਼ਹੀਦੀ ਯਕੀਨੀ ਹੈ। ਇਸ ਵਿੱਚ ਕੋਈ ਸ਼ਕ ਨਹੀਂ। ੨੦ ਫਰਵਰੀ ਨੂੰ ਗੁਰਦਵਾਰੇ ਵਿੱਚ ਜਿਥੇ ਮਹੰਤ ਨਰੈਣ ਦਾਸ ਨੇ ਅਸਲਾ ਇਕੱਠਾ ਕੀਤਾ ਹੋਇਆ ਸੀ, ਜਥੇ ਦੇ ਅੰਦਰ ਜਾਂਦਿਆਂ ਸਾਰ ਬੀ ਦਰਵਾਜ਼ੇ ਬੰਦ ਹੋ ਗਏ ਤੇ ਭਾਈ ਲਛਮਨ ਸਿੰਘ ਤੇ ਉਨ੍ਹਾਂ ਦੇ ਜਥੇ ਨੂੰ ਸ਼ਹੀਦ ਕਰ ਦਿੱਤਾ ਗਿਆ। ਜਿਸ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਉਹ ਨਾਲ ਲੈ ਗਏ ਸਨ ਉਸ ਵਿੱਚ ਵੀ ਗੋਲੀਆਂ ਲਗੀਆਂ। ਇਹ ਸ਼ਹੀਦੀ ਬੀੜ ਦਰਬਾਰ ਸਾਹਿਬ ਦੇ ਤੋਸੇਖਾਨੇ ਵਿਚ ਸੁਰੱਖਿਅਤ ਹੈ।

ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨਾਲ ਸਾਰੇ ਪੰਜਾਬ ਵਿਚ ਹਾਹਾਕਾਰ ਮਚ ਗਈ। ਪੰਜਾਬ ਦੇ ਇਤਿਹਾਸ ਵਿਚ ਇਹ ਇਕ ਅਦੁੱਤੀ ਘਟਨਾ ਸੀ । ਇਸ ਨਾਲ ਗੁਰਦੁਆਰਾ ਸੁਧਾਰ ਲਹਿਰ ਵਿਚ ਜੋਸ਼ ਵਧਿਆ ।

੨. ਚਾਬੀਆਂ ਦਾ ਮੋਰਚਾ :

ਅੰਗਰੇਜ਼ੀ ਸਰਕਾਰ ਨੇ ਸਿੱਖਾਂ ਵਿਚ ਗੁਰਦਵਾਰਾ ਸੁਧਾਰ ਲਹਿਰ ਦੇ ਜੋਸ਼ ਨੂੰ ਦਬਾਉਣ ਲਈ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਆਪਣੇ ਕਬਜ਼ੇ ਵਿਚ ਕਰ ਲਈਆਂ ਅਤੇ ਮੀਟਿੰਗਾਂ ਤੇ ਪਾਬੰਦੀ ਲਾ ਦਿਤੀ ਤੇ ਥੋੜੇ ਹੀ ਦਿਨਾਂ ਵਿਚ ਕਈ ਹਜ਼ਾਰ ਸਿੱਖ ਗ੍ਰਿਫ਼ਤਾਰ ਹੋ ਗਏ । ਸਰਕਾਰ ਨੂੰ ਆਪਣੀ ਗ਼ਲਤੀ ਅਨੁਭਵ ਹੋ ਗਈ ਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਦੇ ਦਿੱਤੀਆਂ ਤੇ ਸਾਰੇ ਕੈਦੀ ਰਿਹਾ ਕਰ ਦਿਤੇ । ਇਸ ਤਰ੍ਹਾਂ ਚਾਬੀਆਂ ਦੇ ਮੋਰਚੇ ਵਿਚ ਸਿੱਖਾਂ ਦੀ ਪੂਰਨ ਤੌਰ ਤੇ ਜਿੱਤ ਹੋਈ । ਇਸ ਮੋਰਚੇ ਦੀ ਜਿਤ ਤੇ ਮਹਾਤਮਾ ਗਾਂਧੀ ਨੇ ਵਧਾਈ ਦੀ ਤਾਰ ਦੇਂਦਿਆਂ ਲਿਖਿਆ, ''ਇਹ ਪਹਿਲੀ ਫੈਸਲਾਕੁਨ ਲੜਾਈ ਦੀ ਜਿਤ ਹੈ ।''

੩. ਗੁਰੂ ਕੇ ਬਾਗ ਦਾ ਮੋਰਚਾ :

ਗੁਰੂ ਕਾ ਬਾਗ ਗੁਰਦਵਾਰਾ ਰਾਜਾ ਸਾਂਸੀ ਜ਼ਿਲਾ ਅੰਮ੍ਰਿਤਸਰ ਦੇ ਕੋਲ ਇਕ ਇਤਿਹਾਸਕ ਗੁਰਦਵਾਰਾ ਹੈ । ਜਿਸ ਦੇ ਮਹੰਤ ਨੇ ਗੁਰਦਵਾਰੇ ਦਾ ਪ੍ਰਬੰਧ ਸ਼੍ਰੋਮਈ ਕਮੇਟੀ ਨੂੰ ਦੇ ਦਿੱਤਾ, ਪਰ ਨਾਲ ਲਗਦੀ ਜ਼ਮੀਨ ਜਿਸ ਨੂੰ ਗੁਰੂ ਕਾ ਬਾਗ ਕਹਿੰਦੇ ਸਨ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਪੁਲਿਸ ਨੂੰ ਸਦ ਲਿਆ । ਸਿੱਖਾਂ ਦਾ ਦਾਹਵਾ ਸੀ ਕਿ ਗੁਰੂ ਕੇ ਬਾਗ ਦੀ ਜ਼ਮੀਨ ਗੁਰਦਵਾਰੇ ਦੀ ਹੈ । ਇਸ ਲਈ ਸਿੱਖਾਂ ਦੇ ਜੱਥੇ ਉਸ ਬਾਗ ਵਿਚ ਲਕੜ ਵਢਣ ਜਾਂਦੇ ਤਾਂ ਉਥੇ ਅੰਗਰੇਜ਼ੀ ਸਰਕਾਰ ਵਲੋਂ ਨਿਯੁਕਤ ਪੋਲੀਸ ਉਨ੍ਹਾਂ ਨੂੰ ਪਕੜ ਕੇ ਮਾਰ ਕੁਟਾਈ ਕਰਦੀ । ਜਥੇ ਸ੍ਰੀ ਅਕਾਲ ਤਖਤ ਤੋਂ ਸ਼ਾਂਤਮਈ ਦਾ ਪ੍ਰਣ ਲੈ ਕੇ ਤੁਰਦੇ ਸਨ । ਇਸ ਕਰਕੇ ਸ਼ਾਂਤੀਮਈ ਹੀ ਰਹਿੰਦੇ । ਅੰਗਰੇਜ਼ੀ ਪੁਲਿਸ ਅਫਸਰ ਬੀ.ਟੀ. ਉਨ੍ਹਾਂ ਨੂੰ ਬੁਰੀ ਤਰ੍ਹਾਂ ਮਾਰਦਾ । ਕਈ ਬੇਹੋਸ਼ ਹੋ ਜਾਂਦੇ । ਪਰ ਇਸ ਤਰ੍ਹਾਂ ਸਰਕਾਰ ਸਿੱਖਾਂ ਦਾ ਜੋਸ਼ ਮੱਠਾ ਨਾ ਕਰ ਸਕੀ । ਮਹਾਤਮਾ ਗਾਂਧੀ ਦਾ ਮਿੱਤਰ ਤੇ ਪ੍ਰਸਿੱਧ ਲਿਖਾਰੀ ਤੇ ਈਸਾਈ ਪ੍ਰਚਾਰਕ ਸੀ.ਐਫ. ਐਂਡਰੀਓ ਨੇ ਆਪ ਗੁਰੂ ਕੇ ਬਾਗ ਆ ਕੇ ਮਾਰ-ਕੁਟਾਈ ਹੁੰਦੀ ਵੇਖੀ ਤੇ ਉਸਨੇ ਲਿਖਿਆ ਕਿ ਸਿੱਖ ਬਿਲਕੁਲ ਹਜਰਤ ਈਸਾ ਵਾਂਗੂ ਸ਼ਾਂਤਮਈ ਰਹਿ ਕੇ ਜਬਰ ਦਾ ਟਾਕਰਾ ਕਰਦੇ ਹਨ । ਉਨ੍ਹਾਂ ਦਾ ਇਹ ਕਰਤਵ ਬਹੁਤ ਹੀ ਪ੍ਰਸ਼ੰਸਾ ਯੋਗ ਹੈ । ਉਹ ਪੰਜਾਬ ਦੇ ਗਵਰਨਰ ਐਡਵਰਡ ਮੈਕਲੈਗਨ ਨੂੰ ਮਿਲਿਆ ਤੇ ਇਸ ਤਰ੍ਹਾਂ ਮਾਰ ਕੁਟਾਈ ਦਾ ਕਾਂਡ ਬੰਦ ਕਰਵਾਇਆ । ਸਰਕਾਰ ਨੇ ਜਿਹੜੇ ਸੌ-ਸੌ ਦੇ ਜੱਥੇ ਜਾਂਦੇ ਉਨ੍ਹਾਂ ਨੂੰ ਕੈਦ ਕਰਨਾ ਅਰੰਭ ਦਿੱਤਾ । ਪਰ ਥੋੜੇ ਹੀ ਦਿਨਾਂ ਵਿਚ ਸਰਕਾਰ ਤੰਗ ਆ ਗਈ

। ਸਰ ਗੰਗਾ ਰਾਮ ਨੇ ਝਗੜੇ ਵਾਲੀ ਜ਼ਮੀਨ ਖਰੀਦ ਕੇ ਸ਼੍ਰੋਮਣੀ ਕਮੇਟੀ ਨੂੰ ਦੇ ਦਿੱਤੀ ਤੇ ਇਸ ਤਰ੍ਹਾਂ ਸਰਕਾਰ ਨੇ ਆਪਣਾ ਖਹਿੜਾ ਛੁਡਾਇਆ । ਇਸ ਮੋਰਚੇ ਵਿਚ ੫੬੦੫ ਆਦਮੀ ਗ੍ਰਿਫਤਾਰ ਹੋਏ ੯੩੬ ਨੂੰ ਮਲਮ ਪੱਟੀ ਲਗੀ । ਪਰ ਅੰਤ ਇਸ ਮੋਰਚੇ ਵਿਚ ਵੀ ਜਿੱਤ ਸਿੱਖਾਂ ਦੀ ਹੋਈ।

੪. ਜੈਤੋਂ ਦਾ ਮੋਰਚਾ :

੧੯੨੩ ਵਿਚ ਮਹਾਰਾਜਾ ਰਿਪਦੁਮਨ ਸਿੰਘ ਨੂੰ ਗਦੀ ਤੋਂ ਲਾਹ ਦਿੱਤਾ ਗਿਆ । ਇਹ ਸੁਧਾਰਕ ਸਿੱਖਾਂ ਜਿਹੜੇ ਗੁਰਦਵਾਰਿਆਂ ਵਿਚ ਸੁਧਾਰ ਚਾਹੁੰਦੇ ਸਨ ਤੇ ਜਿਨ੍ਹਾਂ ਨੂੰ ਅਕਾਲੀ ਕਿਹਾ ਜਾਂਦਾ ਸੀ ਨਾਲ ਬਹੁਤ ਹਮਦਰਦੀ ਰੱਖਦੇ ਸਨ । ਭਾਵੇਂ ਇਹ ਇਕ ਰਾਜਸੀ ਮਾਮਲਾ ਸੀ ਪਰ ਉਸ ਵੇਲੇ ਜਦੋਂ ਕਿ ਸਰਕਾਰ ਨਾਲ ਟਕਰ ਲੈਣ ਤੋਂ ਬਿਨਾਂ ਗੁਰਦਵਾਰਾ ਐਕਟ ਬਣਨ ਦੀ ਆਸ ਨਹੀਂ ਸੀ ਅਕਾਲੀਆਂ ਨੇ ਮਹਾਰਾਜਾ ਨਾਭੇ ਦੇ ਮੁਆਮਲੇ ਤੇ ਮੋਰਚਾ ਲਾਉਣ ਦਾ ਫੈਸਲਾ ਕਰ ਲਿਆ । ਫੌਰੀ ਕਾਰਨ ਮੋਰਚੇ ਦਾ ਇਹ ਬਣਿਆ ਕਿ ਨਾਭੇ ਦੇ ਇਲਾਕੇ ਵਿਚ ਜੈਤੋਂ ਦੇ ਅਸਥਾਨ ਤੇ ਗੰਗਸਰ ਗੁਰਦਵਾਰੇ ਵਿਚ ਨਾਭਾ ਪੁਲੀਸ ਨੇ ਅਖੰਡ ਪਾਠ ਨੂੰ ਭੰਗ ਕਰ ਦਿੱਤਾ। ਇਸ ਤੇ ਅਕਾਲੀਆਂ ਨੇ ਮੋਰਚਾ ਲਾ ਦਿੱਤਾ । ਅਕਾਲੀਆਂ ਦੇ ਜੱਥੇ ਅੰਮ੍ਰਿਤਸਰ ਤੋਂ ਭਾਰੀ ਗਿਣਤੀ ਵਿਚ ਆਉਣੇਂ ਅਰੰਭ ਹੋ ਗਏ । ੨੧ ਫਰਵਰੀ ੧੯੨੪ ਨੂੰ ਨਨਕਾਣਾ ਸਾਹਿਬ ਸ਼ਹੀਦੀ ਦਿਨ ਵਾਲੇ ਦਿਨ ੫੦੦ ਦੇ ਜਥੇ ਤੇ ਨਾਭਾ ਪੁਲੀਸ ਨੇ ਗੋਲੀ ਚਲਾਈ ਜਿਸ ਨਾਲ ਕਾਫੀ ਨੁਕਸਾਨ ਹੋਇਆ । ਕਈ ਆਦਮੀ ਮਾਰੇ ਗਏ । ਸਰਕਾਰ ਦੇ ਆਪਣੇ ਕਥਨ ਅਨੁਸਾਰ ੨੧ ਆਦਮੀ ਸ਼ਹੀਦ ਹੋਏ ਤੇ ੩੩ ਜਖ਼ਮੀ ਹੋਏ । ਪਰ ਇਹ ਗਿਣਤੀ ਬਹੁਤ ਘੱਟ ਹੈ । ਇਥੇ ਵੀ ਸਰਕਾਰ ਨੂੰ ਅਖੰਡ ਪਾਠ ਦੁਬਾਰਾ ਰੱਖਣ ਵਾਲੀ ਸ਼ਰਤ ਮੰਨਣੀ ਪਈ । ਏਨੇ ਚਿਰ ਨੂੰ ਪੰਜਾਬ ਦਾ ਗਵਰਨਰ ਐਡਵਰਡ ਮਕੇਲਗਨ ਬਦਲ ਗਿਆ ਤੇ ਮੈਲਕਮ ਹੈਲੀ ਆ ਗਿਆ । ਹੈਲੀ ਨੇ ਆਉਂਦਿਆਂ ਹੀ ਗੁਰਦਵਾਰਾ ਐਕਟ ਬਨਾਉਣ ਦੀ ਵਿਉਂਤ ਬਣਾ ਲਈ ਤੇ ਗੁਰਦਵਾਰਾ ਐਕਟ ਪਾਸ ਹੋਣ ਪਿਛੋਂ ਸਾਰੇ ਕੈਦੀ ਰਿਹਾ ਕਰ ਦਿੱਤੇ ।

੫. ੧੯੨੫ ਦਾ ਗੁਰਦਵਾਰਾ ਐਕਟ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ:

ਗੁਰਦਵਾਰਾ ਐਕਟ ਅਨੁਸਾਰ ਪੰਜਾਬ ਦੇ ਸਾਰੇ ਇਤਿਹਾਸਕ ਗੁਰਦਵਾਰੇ ਜਿਨਾਂ ਨਾਲ ਜ਼ਮੀਨਾਂ ਸਨ ਦਾ ਪ੍ਰਬੰਧ ਸਿੱਖਾਂ ਦੀ ਪ੍ਰਤੀਨਿਧ ਜਥੇਬੰਦੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਹੱਥ ਆ ਗਿਆ । ਸ਼੍ਰੋਮਣੀ ਕਮੇਟੀ ਸਿੱਖਾਂ ਦੀਆਂ ਵੋਟਾਂ ਨਾਲ ਚੁਣੀ ਜਾਣੀ ਸੀ । ਵੋਟਾਂ ਪਾਣ ਲਈ ਮਤ ਭੇਦ ਹੋਣਾ ਕੁਦਰਤੀ ਸੀ । ਇਸ ਲਈ ਜਿਥੇ ਕਰੋੜਾਂ ਰੁਪਿਆਂ ਦੀ ਜਾਇਦਾਦ ਸ਼੍ਰੋਮਣੀ ਕਮੇਟੀ ਦੇ ਹੱਥ ਆ ਗਈ । ਉਥੇ ਇਹ ਸਿੱਖਾਂ ਵਿਚ ਫੁਟ ਦਾ ਵੀ ਕਾਰਨ ਬਣੀ ।

ਸ਼੍ਰੋਮਣੀ ਗੁਰਦਵਾਰਾ ਪ੍ਰਬਧਕ ਕਮੇਟੀ ਅਸਲ ਵਿਚ ਸਿੱਖਾਂ ਦੀ ਪਾਰਲੀਮੈਂਟ ਹੈ । ਸੁਚੱਜੇ ਢੰਗ ਨਾਲ ਸਾਰੇ ਕਾਰਜ ਨਜਿਠੇ ਜਾ ਸਕਦੇ ਹਨ । ਜੇਕਰ ਗੁਰੂ ਮਹਾਰਾਜ ਕ੍ਰਿਪਾ ਕਰਨ ਤਾਂ

ਧੜੇ ਬੰਦੀ ਅਤੇ ਰਾਜਨੀਤਕ ਪੱਧਰ ਤੋਂ ਉਚੇਰੇ ਹੋ ਕੇ ਧਰਮ ਪ੍ਰਚਾਰ ਦੇ ਕੰਮ ਕੀਤੇ ਜਾ ਸਕਦੇ ਹਨ । ਸਿੱਖਾਂ ਵਿਚ ਚੰਗਾ ਤੇ ਸਸਤਾ ਧਾਰਮਕ ਸਾਹਿਤ ਵੰਡਿਆ ਜਾ ਸਕਦਾ ਹੈ ਤੇ ਹੋਰ ਵੀ ਕਈ ਠੋਸ ਯੋਜਨਾਵਾਂ ਬਣਾਈਆਂ ਜਾ ਸਕਦੀਆਂ ਹਨ ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਪਿਛਲੇ ਪੰਜਾਹ ਸਾਲਾਂ ਵਿਚ ਕਈ ਨਿਗਰ ਕੰਮ ਕੀਤੇ ਹਨ । ਕਈ ਕਾਲਜ ਖੋਲ੍ਹੇ ਹਨ । ਧਾਰਮਕ ਵਿਦਿਆ ਲਈ ਬਹੁਤ ਕੁਝ ਕੀਤਾ ਹੈ । ਧਾਰਮਕ ਪ੍ਰਚਾਰ ਲਈ ਸਾਹਿਤ ਪੈਦਾ ਕੀਤਾ । ਗੁਰਬਾਣੀ ਪ੍ਰਚਾਰ ਦਾ ਮੁਢ ਬਣਿਆ ਹੈ। ਸਾਡੀ ਅਰਦਾਸ ਹੈ ਕਿ ਇਹ ਸੰਸਥਾ ਸੁਚੱਜੇ ਹੱਥਾਂ ਵਿਚ ਵਧਦੀ ਫੁਲਦੀ ਰਹੇ ਤੇ ਸਿਖਾਂ ਦੇ ਸਮਾਜਕ ਤੇ ਧਾਰਮਕ ਖੇਤਰਾਂ ਵਿਚ ਸੇਵਾ ਕਰਦੀ ਰਹੇ ।

੬. ਸ਼੍ਰੋਮਣੀ ਅਕਾਲੀ ਦਲ :

ਪਹਿਲੇ ਸੰਸਾਰ ਮਹਾਂਯੁਧ ਸਮੇਂ ਅੰਗ੍ਰੇਜ਼ੀ ਸਰਕਾਰ ਨੇ ਨਵੀਂ ਦਿੱਲੀ ਸੈਕਟ੍ਰੀਏਟ ਦੇ ਸਾਹਮਣੇ ਗੁਰਦਵਾਰਾ ਰਕਾਬ ਗੰਜ ਦੀ ਕੰਧ ਇਕ ਸੜਕ ਸਿੱਧੀ ਕਰਨ ਲਈ ਢਾਹੀ ਸੀ । ਸਿੱਖਾਂ ਵਿਚ ਇਸ ਗੱਲ ਤੇ ਬਹੁਤ ਰੋਸ ਹੋਇਆ ਤਾਂ ਉਸ ਜਗ੍ਹਾ ਨੂੰ ਸਰਕਾਰ ਨੇ ਨਾ ਵਰਤਿਆ । ਜੰਗ ਖਤਮ ਹੋਣ ਤੇ ਅਕਾਲੀ ਅਖ਼ਬਾਰ ਵਿਚ ਇਸ਼ਤਿਹਾਰ ਦਿੱਤਾ ਗਿਆ ਕਿ ਸ਼ਹੀਦੀ ਜਥਾ ਬਣਿਆ ਹੈ । ਜੋ ਦਿੱਲੀ ਜਾ ਕੇ ਗੁਰਦਵਾਰੇ ਦੀ ਕੰਧ ਨੂੰ ਬਣਾਵੇਗਾ। ਇਸ ਸ਼ਹੀਦੀ ਜੱਥੇ ਲਈ ਅਨੇਕਾਂ ਨਾਂ ਆ ਗਏ । ਹਰ ਜ਼ਿਲੇ ਵਿਚੋਂ ਨਾ ਆਏ । ਸਰਕਾਰ ਸਿੱਖਾਂ ਦਾ ਗੁਰਦਵਾਰੇ ਦੀ ਕੰਧ ਬਨਾਉਣ ਲਈ ਉਤਸ਼ਾਹ ਵੇਖਕੇ ਘਬਰਾ ਗਈ ਤੇ ਕੰਧ ਆਪਣੇ ਖਰਚ ਤੇ ਬਣਵਾ ਦਿੱਤੀ ਤੇ ਸ਼ਹੀਦੀ ਜੱਥਾ ਭੇਜਣ ਦੀ ਲੋੜ ਨਾ ਪਈ । ਇਨ੍ਹਾਂ ਸ਼ਹੀਦੀ ਜਥਿਆਂ ਦੇ ਨਾਵਾਂ ਨਾਲ ਅਕਾਲੀ ਦਲ ਦੀ ਨੀਂਹ ਰੱਖੀ ਗਈ । ਨਨਕਾਣਾ ਸਾਹਿਬ ਦੇ ਸਾਕੇ ਪਿਛੋਂ ਇਹ ਵਲੰਟੀਅਰਾਂ ਦੀ ਜਥੇਬੰਦੀ ਪੱਕੀ ਹੋਈ । ਜੋ ਸਿੱਖ ਗੁਰਦਵਾਰਿਆਂ ਦਾ ਸੁਧਾਰ ਚਾਹੁੰਦੇ ਤੇ ਹਰ ਕੁਰਬਾਨੀ ਲਈ ਤਿਆਰ ਹੁੰਦੇ ਉਹ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ । ਗੁਰਦਵਾਰਾ ਐਕਟ ਬਣਨ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਪ੍ਰਤੀਨਿਧ ਜਮਾਤ ਬਣ ਗਈ ਤੇ ਇਸ ਤਰ੍ਹਾਂ ਰਾਜਨੀਤੀ ਵਿਚ ਹੋਰ ਪਾਰਟੀਆਂ ਦੇ ਨਾਲ ਮਿਲ ਕੇ ਵਧ ਚੜ ਕੇ ਹਿੱਸਾ ਲੈਣ ਲੱਗੀ । ੧੯੨੫ ਤੋਂ ਲੈ ਕੇ ੧੯੪੭ ਤਕ ਜ਼ਿਆਦਾ ਕਰਕੇ ਅਕਾਲੀ ਦਲ ਨੇ ਇੰਡੀਅਨ ਨੈਸ਼ਨਲ ਕਾਂਗਰਸ ਦਾ ਸਾਥ ਦਿੱਤਾ। ੧੯੪੭ ਵਿਚ ਰਾਜਸੀ ਤੌਰ ਤੇ ਸਿੱਖਾਂ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਨੇ ਕੀਤੀ ।

ਗੁਰਦੁਆਰਾ ਸੁਧਾਰ ਲਹਿਰ-ਇਕ ਦਸਤਾਵੇਜ਼

ਹੁਣ ਤਕ ਗੁਰਦਵਾਰਾ ਸੁਧਾਰ ਲਹਿਰ ਤੇ ਜਿੰਨਾਂ ਸਾਹਿਤ ਛਪਿਆ ਹੈ ਕੇਵਲ ਇਸ ਲਹਿਰ ਦੇ ਧਾਰਮਕ ਕਾਰਨਾਂ ਤੇ ਚਾਨਣਾ ਪਾਉਂਦਾ ਹੈ । ਭਾਵ ਇਹ ਹੈ ਕਿ ਉਸ ਸਮੇਂ ਦੇ ਗੁਰਦਵਾਰਿਆਂ ਵਿੱਚ ਮਹੰਤ ਆਚਰਨ ਹੀਣ ਸਨ, ਉਨ੍ਹਾਂ ਨੇ ਗੁਰਦਵਾਰਿਆਂ ਦੀਆਂ ਜਾਇਦਾਦਾਂ ਆਪਣੇ ਨਾਂ ਤੇ ਲਵਾ ਲਈਆਂ ਸਨ, ਉਹ ਸਮਾਜਕ ਬੁਰਾਈਆਂ ਵਿੱਚ ਫਸੇ ਪਏ ਸਨ, ਤੇ ਸੰਗਤਾਂ ਦੀ ਪ੍ਰਵਾਹ ਨਹੀਂ ਸਨ ਕਰਦੇ । ਗੁਰਦਵਾਰਾ ਰਕਾਬ ਗੰਜ ਦੀ ਕੰਧ ਬਾਰੇ ਐਜ਼ੀਟੇਸ਼ਨ, ਗਦਰ ਲਹਿਰ, ਕਾਮਾ ਗਾਟਾ ਮਾਰੂ ਆਦਿ ਦੇ ਸਾਕਿਆਂ ਤੋਂ ਸਿੱਖਾਂ ਵਿੱਚ ਜਾਗ੍ਰਤੀ ਆਈ ਸੀ । ਸਿੱਖ ਇਹ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦੇ ਗੁਰਦਵਾਰਿਆਂ ਦਾ ਪ੍ਰਬੰਧ ਮਹੰਤਾਂ ਦੇ ਹੱਥ ਵਿੱਚ ਰਹੇ । ਇਸ ਵਾਸਤੇ ਇਸ ਸਦੀ ਦੇ ਤੀਜੇ ਦਹਾਕੇ ਦਾ ਆਰੰਭ ਵਿੱਚ ਲਹਿਰ ਜ਼ੋਰ ਪਕੜ ਗਈ ।

ਜਦੋਂ ਅੰਗਰੇਜ਼ੀ ਸਰਕਾਰ ਨੇ ਪੰਜਾਬ ਤੇ ਕਬਜ਼ਾ ਕੀਤਾ ਤਾਂ ਉਨ੍ਹਾਂ ਸਮਝ ਲਿਆ ਕਿ ਸਿੱਖੀ ਦੇ ਮਹਾਨ ਕੇਂਦਰ ਗੁਰਦਵਾਰੇ ਹਨ । ਗੁਰਦਵਾਰਿਆਂ ਤੇ ਕਬਜ਼ਾ ਕਰਨਾ ਸਾਰੇ ਸਿੱਖ ਸੰਸਾਰ ਤੇ ਕਾਬੂ ਪਾਉਣਾ ਹੈ । ਇਹੀ ਕਾਰਨ ਸੀ ਕਿ ਮਹੰਤ ਭਾਵੇਂ ਬਦਚਲਨ ਸਨ ਪਰ ਅੰਗਰੇਜ਼ਾਂ ਦੇ ਹੱਥ-ਕੰਡੇ ਹੋਣ ਕਰਕੇ ਉਨ੍ਹਾਂ ਦੀ ਰਾਜਸੀ ਲੋੜ ਪੂਰੀ ਕਰਦੇ ਸਨ । ਅੰਗਰੇਜ਼ ਇਹ ਸਮਝਦੇ ਸਨ ਕਿ ਗੁਰਦਵਾਰਿਆਂ ਦੀ ਆਮਦਨ ਤੇ ਗੁਰਦਵਾਰਿਆਂ ਦੀਆਂ ਜਾਗੀਰਾਂ ਨੂੰ ਸਿੱਖ ਜਨਤਾ ਦੇ ਹੱਥ ਦੇਣਾ ਉਨ੍ਹਾਂ (ਅੰਗਰੇਜ਼ਾਂ) ਵਾਸਤੇ ਖਤਰਨਾਕ ਸਾਬਤ ਹੋ ਸਕਦਾ ਹੈ । ਇਸ ਕਰਕੇ ਉਹ ਮਹੰਤਾਂ ਦੇ ਰਾਹੀਂ ਗੁਰਦਵਾਰਿਆਂ ਤੇ ਆਪਣਾ ਕਬਜ਼ਾ ਹੀ ਰੱਖਣਾ ਚਾਹੁਦੇ ਸਨ ।

ਅੰਗਰੇਜ਼ੀ ਰਾਜ ਦੇ ਅਰੰਭ ਹੋਣ ਸਮੇਂ ਹੀ ਸਿੱਖਾਂ ਵਿੱਚ ਗੁਰਦੁਆਰਿਆਂ ਤੇ ਸੰਗਤਾਂ ਦਾ ਪ੍ਰਬੰਧ ਲਿਆਉਣ ਦੀ ਇੱਛਾ ਸੀ । ਇਉਂ ਜਾਪਦਾ ਹੈ ਕਿ ਸਿੱਖ ਸੰਗਤਾਂ ਗੁਰਦਵਾਰਿਆਂ ਦੇ ਪ੍ਰਬੰਧ ਨੂੰ ਆਪਣੇ ਹੱਥ ਵਿੱਚ ਲੈਣ ਦਾ ਬਹੁਤ ਚਿਰਾਂ ਤੋਂ ਉਪਰਾਲਾ ਕਰ ਰਹੀਆਂ ਸਨ ਪਰ ਅੰਗਰੇਜ਼ੀ ਸਰਕਾਰ ਉਨ੍ਹਾਂ ਦਾ ਵਸ ਨਹੀਂ ਸੀ ਚਲਣ ਦੇਂਦੀ । ਚਾਲੀ ਪੰਜਾਹ ਸਾਲ ਦੇ ਘੋਰ ਸੰਘਰਸ਼ ਪਿਛੋਂ ਗੁਰਦਵਾਰਾ ਸੁਧਾਰ ਲਹਿਰ ਦਾ ਆਰੰਭ ੧੯੨੦ ਵਿਚ ਹੋਇਆ ।

ਅੰਗਰੇਜ਼ ਅਫ਼ਸਰਾਂ ਦਾ ਗੁਰਦਵਾਰਾ ਸੁਧਾਰ ਬਾਰੇ ਕੀ ਰਵੀਆ ਸੀ, ਇਸ ਦਾ ਪਤਾ ਉਨ੍ਹਾਂ ਦੀਆਂ ਜ਼ਾਤੀ ਚਿਠੀਆਂ ਤੋਂ ਲਗਦਾ ਹੈ ਜਿਹੜੀਆਂ ਕਿ ਉਹ ਆਪਣੇ ਅਫ਼ਸਰਾਂ ਨੂੰ ਲਿਖਿਆ ਕਰਦੇ ਸਨ । ਇਹ ਜਾਤੀ ਚਿਠੀਆਂ ਇੰਗਲਸਤਾਨ ਵਿੱਚ ਅੱਡ-ਅੱਡ ਥਾਵਾਂ ਤੇ ਖਿਲਰੀਆਂ ਪਈਆਂ ਹਨ । ਬ੍ਰਿਟਿਸ਼ ਮਿਊਜ਼ੀਅਮ ਵਿਚ ਕੰਮ ਕਰਦਿਆਂ ਮੇਰੇ ਸਾਹਮਣੇ ਇਕ ਪੱਤਰ ਆਇਆ ਹੈ ਜਿਹੜਾ ਕਿ ਗੁਰਦਵਾਰਿਆਂ ਦੇ ਪ੍ਰਬੰਧ ਤੇ ਨਵਾਂ ਚਾਨਣ ਪਾਉਂਦਾ ਹੈ ਤੇ ਇਹ ਦਸਦਾ ਹੈ ਕਿ ਸਿਖਾਂ ਵਿੱਚ ਗੁਰਦਵਾਰਿਆਂ ਦਾ ਪ੍ਰਬੰਧ ਆਪਣੇ ਹੱਥ ਲੈਣ ਦੀ ਕਿੰਨੀ ਇੱਛਾ

ਰਹੀ ਹੈ ਤੇ ਅੰਗਰੇਜ਼ ਸਰਕਾਰ ਗੁਰਦਵਾਰਿਆਂ ਦੇ ਪ੍ਰਬੰਧ ਵਿੱਚ ਆਪਣਾ ਹੱਥ ਰੱਖਣ ਦਾ ਯਤਨ ਕਰਦੀ ਰਹੀ ਹੈ । ਇਹ ਚਿਠੀ ਪੰਜਾਬ ਦੇ ਲੈਫਟੀਨੈਂਟ ਗਵਰਨਰ ਈਜਰਟਨ ਦੀ ਲਿਖੀ ਹੋਈ ਹੈ ਤੇ ਉਸ ਨੇ ਇਹ ਚਿਠੀ ਲਾਰਡ ਰਿਪਨ ਵਾਇਸਰਾਇ ਨੂੰ ਲਿਖੀ ਹੈ । ਇਹ ਚਿਟੀ ਇਹ ਦਸਦੀ ਹੈ ਕਿ ਗੁਰਦਵਾਰਾ ਸੁਧਾਰ ਲਹਿਰ ੧੯੨੦ ਵਿਚ ਨਹੀਂ ਸਗੋਂ ੧੮੮੧ ਵਿੱਚ ਅਰੰਭ ਹੋਈ ਹੈ ਤੇ ਇਸ ਦਾ ਮਨੋਰਥ ਗੁਰਦਵਾਰਿਆਂ ਦਾ ਪ੍ਰਬੰਧ ਮਹੰਤਾਂ ਕੋਲੋਂ ਖੋਹਣਾ ਨਹੀਂ ਸੀ ਸਗੋਂ ਅੰਗਰੇਜ਼ੀ ਸਰਕਾਰ ਕੋਲੋਂ ਖੋਹਣਾ ਸੀ । ਚਿਠੀ ਨਿਮਨ ਲਿਖਤ ਹੈ :-

Lt. Governor Punjab

Simla
August 8, 1881

My dear Lord Rippon,

I think it will be politically dangerous to allow the management of the Sikh temples to fall into the hands of a committee emancipated from goverment control and I trust your Excellency will assist to pass such orders in the case as will enable to continue the system which has worked successfully for more than thirty years.

Believe me,
Yours sincerely,
R.E. EGERTON
Add. Ms. No. 43592, Folio 300-301
British Morseum,
London

ਲੈਫਟੀਨੈਂਟ ਗਵਰਨਰ ਪੰਜਾਬ

ਸ਼ਿਮਲਾ ਅਗਸਤ ੮, ੧੮੮੧

ਮੇਰੇ ਪਿਆਰੇ ਲਾਰਡ ਰਿਪਨ ।

ਮੇਰਾ ਖਿਆਲ ਹੈ ਕਿ ਇਹ ਰਾਜਸੀ ਤੌਰ ਤੇ ਖਤਰਨਾਕ ਹੋਵੇਗਾ ਕਿ ਸਿੱਖ ਗੁਰਦਵਾਰਿਆਂ ਦਾ ਪ੍ਰਬੰਧ ਇਕ ਐਸੀ ਕਮੇਟੀ ਦੇ ਹੱਥ ਹੋਵੇ ਜਿਸ ਤੇ ਗੌਰਮਿੰਟ ਦਾ ਕੋਈ ਕੰਟਰੋਲ ਨਾ ਹੋਵੇ । ਮੈਨੂੰ ਵਿਸ਼ਵਾਸ਼ ਹੈ ਕਿ ਤੁਸੀਂ ਜ਼ਰੂਰ ਐਸਾ ਹੁਕਮ ਜਾਰੀ ਕਰਨ ਵਿੱਚ ਸਹਾਈ ਹੋਵੋਗੇ ਜਿਸ ਨਾਲ ਇਸੇ ਪ੍ਰਬੰਧ ਨੂੰ ਜਾਰੀ ਰਖਿਆ ਜਾਵੇ ਜਿਹੜਾ ਪ੍ਰਬੰਧ ਕਿ ਪਿਛਲੇ ਤੀਹ ਸਾਲਾ ਤੋਂ ਕਾਮਯਾਬੀ ਨਾਲ ਚਲਦਾ ਆ ਰਿਹਾ ਹੈ ।

ਤੁਹਾਡਾ ਸੁਨੇਹੀ
ਆਰ : ਈ. ਈਜਰਟਨ

ਪੰਜਾਬ ਦਾ ਬਟਵਾਰਾ ਤੇ ਸਿੱਖ ਨੇਤਾ

ਕੁਝ ਸਮੇਂ ਤੋਂ ਸਿਖਾਂ ਵਿਚ ਇਸ ਗੱਲ ਦਾ ਚਰਚਾ ਹੈ ਕਿ ਸਿੱਖ ਨੇਤਾਵਾਂ ਨੇ ੧੯੪੭ ਵਿਚ ਕਿਸੀ ਨਿਗਰ ਨੀਤੀ ਨੂੰ ਨਹੀਂ ਅਪਣਾਇਆ ਜਿਸ ਕਰਕੇ ਸਿਖਾਂ ਦਾ ਸਵਤੰਤਰ ਰਾਜ ਅਸਥਾਪਤ ਨਾ ਹੋ ਸਕਿਆ ।੧੯੪੭ ਦੀ ਸਿੱਖ ਨੀਤੀ ਨੂੰ ਸਮਝਣ ਲਈ ੧੯੪੭ ਅਤੇ ਇਸ ਤੋਂ ਪਹਿਲਾਂ ਪੰਜਾਬ ਦੀ ਹਾਲਤ ਦਾ ਨਰੀਖਣ ਕਰਨਾ ਅਤਿ ਜ਼ਰੂਰੀ ਹੈ ।੧੯੨੧ ਦੀ ਮਰਦਮ-ਸ਼ੁਮਾਰੀ ਰਿਪੋਰਟ ਅਨੁਸਾਰ ਪੰਜਾਬ ਵਿਚ ਮੁਸਲਮਾਨਾਂ ਦੀ ਆਬਾਦੀ ਕੁੱਲ ਆਬਾਦੀ ਵਿਚੋਂ ਲਗਪਗ ੫੫ ਪ੍ਰਤੀਸ਼ਤ ਅਤੇ ੧੯੪੧ ਦੀ ਮਰਦਮ-ਸ਼ੁਮਾਰੀ ਰਿਪੋਰਟ ਅਨੁਸਾਰ ੫੭ ਪ੍ਰਤਸ਼ਤ ਸੀ ਅਤੇ ਜਾਇਰਾ ਤੌਰ ਤੇ ਇਹ ਸਿਖਾਂ ਅਤੇ ਹਿੰਦੂਆਂ ਨਾਲੋਂ ਬਹੁਤ ਥੋੜੀ ਗਿਣਤੀ ਵਿਚ ਵੱਧ ਸੀ । ਇਸ ਨਾਲ ਫਿਰਕੂ ਸਮੱਸਿਆ ਖਿਚਾਉ ਵਾਲੀ ਬਣੀ ਹੋਈ ਸੀ । ਹਿੰਦੂਆਂ ਅਤੇ ਸਿਖਾਂ ਨੇ ਫਿਰਕੂ ਸਾਲਸੀ ਫੈਸਲੇ (Communal Award) ਦੁਆਰਾ ਮੁਸਲਮਾਨਾਂ ਨੂੰ ਦਿਤੀ ਵਖਰੀ ਪ੍ਰਤਿਨਿਧਤਾ ਅਤੇ ਸੀਟਾਂ ਰਾਖਵੀਆਂ ਰੱਖਣ ਦੀ ਵਿਰੋਧਤਾ ਕੀਤੀ, ਕਿਉਂਕਿ ਇਸ ਪ੍ਰਕਾਰ ਮੁਸਲਮਾਨਾਂ ਨੂੰ ਵਿਧਾਨ ਮੰਡਲ ਵਿਚ ੫੧ ਪ੍ਰਤੀਸ਼ਤ ਸੀਟਾਂ ਦੇ ਕੇ ਕਾਨੂੰਨੀ ਤੌਰ ਤੇ ਬਹੁ-ਗਿਣਤੀ ਦਿਤੀ ਗਈ ਸੀ । ਹਿੰਦੂ ਲਗਪਗ ੩੦ ਪ੍ਰਤੀਸ਼ਤ ਸਨ ਤੇ ਉਨ੍ਹਾਂ ਦੇ ਇਹ ਦਲੀਲ ਦਿਤੀ ਕਿ ਬਹੁ-ਗਿਣਤੀ ਵਾਲੇ ਫਿਰਕੇ ਲਈ ਸੀਟਾਂ ਰਾਖਵੀਆਂ ਨਹੀਂ ਰੱਖਣੀਆਂ ਚਾਹੀਦੀਆਂ ਅਤੇ ਕਿਸੇ ਘੱਟ ਗਿਣਤੀ ਵਾਲੇ ਫਿਰਕੇ ਨੂੰ ਉਨ੍ਹਾਂ ਦੀ ਆਬਾਦੀ ਦੇ ਮੁਕਾਬਲੇ ਕੇ ਘਟ ਪ੍ਰਤਿਨਿਧਾ ਨਹੀਂ ਦਿੱਤੀ ਜਾਣੀ ਚਾਹੀਦੀ ਅਤੇ ਇਕ ਘਟ-ਗਿਣਤੀ ਨੂੰ ਹਾਨੀ ਪਹੁੰਚਾ ਕੇ ਦੂਜੀ ਘਟ-ਗਿਣਤੀ ਨੂੰ ਵਧੇਰੇ ਮਹੱਤਤਾ ਨਹੀਂ ਦਿੱਤੀ ਜਾਣੀ ਚਾਹੀਦੀ ।ਸਿਖਾਂ ਦੀ ਆਬਾਦੀ ਲਗਪਗ ੧੩ ਪ੍ਰਤੀਸ਼ਤ ਸੀ ਪਰ ਉਹ ਜ਼ਮੀਨ ਦਾ ਮਾਲੀਆ ਅਤੇ ਪਾਣੀ ਕਰ ਦਾ ੪੦ ਪ੍ਰਤੀਸ਼ਤ ਅਦਾ ਕਰਦੇ ਸਨ ਅਤੇ ਉਹ ਫੌਜ ਵਿਚ ਜ਼ਿਆਦਾ ਹਿੱਸਾ ਪਾਉਂਦੇ ਸਨ ।ਉਨ੍ਹਾਂ ਦੀ ਇਹ ਮੰਗ ਸੀ ਕਿ ਉਨ੍ਹਾਂ ਨੂੰ ਹਰ ਪ੍ਰਕਾਰ ਦੀ ਮਹੱਤਤਾ ਦਿੱਤੀ ਜਾਵੇ ਜੋ ਮੁਸਲਮਾਨ ਨੂੰ ਉਨ੍ਹਾਂ ਪ੍ਰਾਂਤਾਂ ਵਿੱਚ ਦਿੱਤੀ ਗਈ ਹੈ, ਜਿਥੇ ਉਹ ਘਟ-ਗਿਣਤੀ ਵਿਚ ਹਨ ।

ਮੁਸਲਿਮ ਲੀਗ ਦੇ ਲਾਹੌਰ ਪ੍ਰਸਤਾਵ (੧੯੪੦) ਜਿਸ ਨੂੰ ਪਾਕਿਸਤਾਨ ਪ੍ਰਸਤਾਵ ਦੇ ਸਮਾਨਾਰਥਕ ਸਮਝਿਆ ਜਾਂਦਾ ਹੈ ਨੇ ਇਹ ਸਾਫ ਦੱਸਿਆ ਕਿ ਮੁਸਲਿਮ ਰਾਜ (ਪਾਕਿਸਤਾਨ) ਵਿਚ ਭੂਗੋਲਕ ਰੂਪ ਵਿੱਚ ਉਨ੍ਹਾਂ ਲਗਦਿਆਂ ਹਿੱਸਿਆਂ ਸ਼ਾਮਲ ਹੋਣਾ ਸੀ ਜਿਨ੍ਹਾਂ ਨੂੰ ਪ੍ਰਦੇਸ਼ਾਂ ਵਿੱਚ ਵੰਡਿਆ ਜਾ ਸਕੇ ਤੇ ਜਿਥੇ ਲੋੜ ਹੋਵੇ ਉਨ੍ਹਾਂ ਦੀ ਇਲਾਕਈ ਇਕਸਾਰਤਾ ਕੀਤੀ ਜਾ ਸਕੇ ।

ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਬਾਨੀ, ਯੂਨੀਅਨਿਸਟ ਸਰਕਾਰ ਦੇ ਇਕ ਉੱਘੇ ਮੰਤਰੀ ਇਕ ਸੂਝਵਾਨ ਸਿਖ ਨੇਤਾ (ਜਿਨ੍ਹਾਂ ਦਾ ਦਿਹਾਂਤ ੧੯੪੧ ਵਿਚ ਹੋਇਆ) ਸਰ ਸੁੰਦਰ ਸਿੰਘ ਮਜੀਠੀਆ ਇਹ ਪਹਿਲੇ ਸਿਖ ਸਨ ਜਿਨ੍ਹਾਂ ਨੇ ਇਹ ਅਨੁਭਵ ਕਰ ਲਿਆ ਕਿ ਪਾਕਿਸਤਾਨ

ਦਾ ਸਿਟਾ ਇਹ ਨਿਕਲੇਗਾ ਕਿ ਸਿਖਾਂ ਨੂੰ ਮੁਸਲਮਾਨਾਂ ਨਾਲੋਂ ਵਖਰਾ ਰਾਹ ਅਖਤਿਆਰ ਕਰਨਾ ਪਵੇਗਾ । ਖਾਲਸਾ ਨੈਸ਼ਨਿਲਿਸਟ ਪਾਰਟੀ ਜਿਸ ਦੇ ਉਹ ਨੇਤਾ ਸਨ ਤੇ ਮੁਸਲਿਮ ਲੀਗ ਦੇ ਪਾਕਿਸਤਾਨ ਦੇ ਪ੍ਰਸਤਾਵ ਤੋਂ ਕੇਵਲ ਇਕ ਹਫਤਾ ਬਾਅਦ ਇਹ ਪ੍ਰਸਤਾਵ ਪਾਸ ਕੀਤਾ ਜਿਸ ਵਿਚ ਕਿਹਾ ''ਮੁਸਲਿਮ ਲੀਗ ਨੇ ਅਜਿਹੀ ਸਥਿਤੀ ਪੈਦਾ ਕਰ ਦਿਤੀ ਹੈ ਜਿਸ ਕਾਰਨ ਸਿਖਾਂ ਨੂੰ ਮੁਸਲਮਾਨਾਂ ਤੋਂ ਵਖਰਾ ਰਾਹ ਅਖਤਿਆਰ ਕਰਨਾ ਪਵੇਗਾ ਜਿਨ੍ਹਾਂ ਨਾਲ ਖਾਲਸਾ ਨੈਸ਼ਨਲ ਪਾਰਟੀ ਪ੍ਰਾਂਤ ਅਤੇ ਸਿਖੀਂ ਦੇ ਹਿਤਾਂ ਲਈ ਪ੍ਰਾਂਤਕ ਖੁਦਮੁਖਤਾਰੀ ਦੇ ਕਾਲ ਤੋਂ ਹੀ ਅਰਥਾਤ ੧੯੩੭ ਤੋਂ ਮਿਲਵਰਤਣ ਕਰਦੀ ਆ ਰਹੀ ਹੈ - ਇਹ ਸੋਚ ਕਿਸੇ ਵਿਅਕਤੀ ਲਈ ਢੀਠਪੁਣੇ ਦੀ ਹੱਦ ਹੀ ਹੋਵੇਗੀ ਕਿ ਸਿੱਖ ਇਕ-ਦਿਨ ਲਈ ਵੀ ਕਿਸੇ ਇਕ ਫਿਰਕੇ (ਮੁਸਲਮਾਨ) ਦੇ ਵਖਰੇ ਫਿਰਕੂ ਰਾਜ ਨੂੰ ਉਸ ਪੰਜਾਬ ਦੀ ਧਰਤੀ ਤੇ ਜੋ ਨਾ ਕੇਵਲ ਉਨ੍ਹਾਂ ਦੀ ਮਾਤ-ਭੂਮੀ ਹੈ ਸਗੋਂ ਪਾਵਨ ਧਰਤੀ ਹੈ ਸਹਿਨ ਕਰ ਸਕਣਗੇ ।''

੧੯੪੬ ਦੀਆਂ ਚੋਣਾਂ ਪੰਜਾਬ ਦੇ ਇਤਿਹਾਸ ਵਿਚ ਮੋੜ ਲਿਆਉਣ ਵਾਲੀਆਂ ਸਿੱਧ ਹੋਈਆਂ । ਮੁਸਲਿਮ ਲੀਗ ਨੇ ਪੰਜਾਬ ਵਿਧਾਨ ਸਭਾ ਦੀਆਂ ੮੫ ਸੀਟਾਂ ਵਿਚੋਂ ੭੩ ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਅਤੇ ਯੂਨੀਅਨਿਸਟ ਪਾਰਟੀ ੯੪ ਸੀਟਾਂ ਤੇ ਚੋਣਾਂ ਲੜੀ ਤੇ ਕੇਵਲ ੧੯ ਸੀਟਾਂ ਪ੍ਰਾਪਤ ਕੀਤੀਆਂ । ਮੁਸਲਿਮ ਲੀਗ ਨੇ ੭੬.੨੬ ਪ੍ਰਤੀਸ਼ਤ ਅਤੇ ਯੂਨੀਅਨਿਸਟ ਪਾਰਟੀ ਨੇ ੨੪.੬੧ ਪ੍ਰਤੀਸ਼ਤ ਵੋਟ ਪ੍ਰਾਪਤ ਕੀਤੇ । ੧੯੪੬ ਦੀਆਂ ਚੋਣਾਂ ਨੇ ਇਹ ਗੱਲ ਸਪਸ਼ਟ ਕਰ ਦਿਤੀ ਕਿ ਪੰਜਾਬ ਦੇ ਮੁਸਲਮਾਨ ਪੂਰਣ ਰੂਪ ਵਿੱਚ ਮੁਸਲਿਮ ਲੀਗ ਦੇ ਮਗਰ ਹਨ ਤੇ ਉਹ ਪੰਜਾਬ ਨੂੰ ਪਾਕਿਸਤਾਨ ਦਾ ਇਕ ਪ੍ਰਾਂਤ ਵੇਖਣਾ ਚਾਹੁੰਦੇ ਹਨ । ਇਸ ਸੂਰਤ ਵਿਚ ਪੰਜਾਬ ਦੇ ਹਿੰਦੂ ਤੇ ਸਿਖ ਪਾਕਿਸਤਾਨ ਵਿਚ ਆ ਜਾਂਦੇ ਸਨ । ਇਸ ਤੋਂ ਬਚਣ ਲਈ ਸਿਖਾਂ ਨੇ ਵਿਸ਼ੇਸ਼ ਕਰਕੇ ਅਤੇ ਹਿੰਦੂਆਂ ਨੇ ਆਮ ਕਰਕੇ ਪੰਜਾਬ ਦੀ ਵੰਡ ਤੇ ਜ਼ੋਰ ਦਿੱਤਾ ।

ਕਈਆਂ ਲੋਕਾਂ ਦੀ ਇਹ ਧਾਰਾ ਹੈ ਕਿ ਸਿੱਖ ਨੇਤਾਵਾਂ ਦੀ ਕੋਈ ਨਿਗਰ ਤੇ ਉਸਾਰੂ ਨੀਤੀ ਨਹੀਂ ਸੀ ਤੇ ਉਹ ਕੇਵਲ ਕਾਂਗਰਸ ਪਿਛਲੱਗ ਸਨ । ਇਹ ਗੱਲ ਠੀਕ ਨਹੀਂ ਜਾਪਦੀ। ੧੯੩੧ ਤੋਂ ਲੈ ਕੇ ੧੯੪੭ ਤਕ ਜਿੰਨੀਆਂ ਵੀ ਸਕੀਮਾਂ ਸਿੱਖ ਨੇਤਾਵਾਂ ਵਲੋਂ ਪੇਸ਼ ਹੋਈਆਂ ਵਿਸ਼ੇਸ਼ ਕਰਕੇ ਅਕਾਲੀਆਂ ਵਲੋਂ ਉਸ ਵਿੱਚ ਪੰਜਾਬ ਦੇ ਪੁਨਰ ਸੰਗਠਨ ਤੇ ਜ਼ੋਰ ਸੀ ਤਾਂ ਜੋ ਸਿੱਖ ਮੁਸਲਮਾਨੀ ਗਜਬੇ ਤੋਂ ਸੁਤੰਤਰ ਹੋ ਸਕਣ । ਅਜ਼ਾਦ ਪੰਜਾਬ ਸਕੀਮ, ਸਿੱਖ ਸਟੇਟ, ਹਿੰਦੂ ਸਿੱਖ ਸੂਬਾ ਇਹ ਸਾਰੀਆਂ ਯੋਜਨਾਵਾਂ ਕੇਵਲ ਇਸ ਗੱਲ ਤੇ ਆਧਾਰਤ ਸਨ ਕਿ ਕਿਸੇ ਤਰ੍ਹਾਂ ਪੰਜਾਬ ਦੀ ਵੰਡ ਇਸ ਢੰਗ ਨਾਲ ਹੋਵੇ ਕਿ ਸਿੱਖ ਮੁਸਲਮਾਨਾਂ ਦੀ ਬਹੁ-ਗਿਣਤੀ ਦੇ ਗਜਬੇ ਤੋਂ ਮੁਕਤ ਹੋਣ । ਅਖੀਰ ਵਿੱਚ ਸਿਖਾਂ ਦੀ ਕਾਮਯਾਬੀ ਹੋਈ ਤੇ ੧੯੪੭ ਵਿਚ ਇਸ ਗੱਲ ਨੂੰ ਮੰਨ ਕੇ ਪੰਜਾਬ ਦੀ ਵੰਡ ਪੂਰਬੀ ਤੇ ਪਛਮੀ ਪੰਜਾਬ ਵਿਚ ਕਰ ਦਿੱਤੀ ਗਈ ਮੁਸਲਮਾਨਾਂ ਦੀ ਬਹੁ-ਗਿਣਤੀ ਪਛਮੀ ਪੰਜਾਬ ਵਿਚ ਰਹਿ ਗਈ ਤੇ ਹਿੰਦੂ ਅਤੇ ਸਿਖ ਬਹੁ ਗਿਣਤੀ ਪੂਰਬੀ ਪੰਜਾਬ ਵਿਚ ਹੋ ਗਈ ।

ਸਿਖ ਸਟੇਟ ਦਾ ਮਸਲਾ :

ਲਾਰਡ ਮਾਉਂਟਬੇਟਨ ਨੇ ਬਟਵਾਰਾ ਯੋਜਨਾ ਦੀਆਂ ਮੁਖ ਧਾਰਾਵਾਂ ਸਾਰੇ ਪ੍ਰਾਂਤਕ ਗਵਰਨਰਾਂ ਨੂੰ ਭੇਜੀਆਂ । ਪੰਜਾਬ ਦੇ ਗਵਰਨਰ ਸਰ ਐਵਨ ਜੇਨਕਨਜ਼ ਨੇ ਉਨ੍ਹਾਂ ਨਾਲ ਅਸੰਮਤੀ ਪ੍ਰਗਟ ਕੀਤੀ ਤੇ ਲਿਖਿਆ ਇਸ ਨਾਲ ਸਿਖ ਦੋ ਹਿਸਿਆਂ ਵਿੱਚ ਵੰਡੇ ਜਾਣਗੇ ਤੇ ਉਹ ਪਾਕਿਸਤਾਨ ਵਿੱਚ ਜਾਣਾ ਕਦੀ ਪਸੰਦ ਨਹੀਂ ਕਰਨਗੇ । ਇਸ ਗੱਲ ਨੂੰ ਮੁਖ ਰਖਦੇ ਹੋਏ ਲਾਰਡ ਮਾਉਂਟਬੇਟਨ ਨੇ ਸਿੱਖ ਨੇਤਾਵਾਂ ਦੀਆਂ ਮੁਸਲਿਮ ਲੀਗ ਨੇਤਾਵਾਂ ਨਾਲ ਗੱਲਾਂ ਬਾਤਾਂ ਦਾ ਪ੍ਰਬੰਧ ਕੀਤਾ ਤਾਂ ਜੋ ਸਿੱਖ ਅਤੇ ਲੀਗੀ ਪਾਕਿਸਤਾਨ ਸਬੰਧੀ ਕਿਸੇ ਸਮਝੌਤੇ ਤੇ ਅਪੜ ਸਕਣ । ਇਸ ਮੰਤਵ ਲਈ ਮਿਸਟਰ ਜਿਨਆ ਅਤੇ ਲਿਆਕਤ ਅਲੀ ਖਾਂ, ਮਹਾਰਾਜਾ ਪਟਿਆਲਾ ਅਤੇ ਆਰਜ਼ੀ ਸਰਕਾਰ ਦੇ ਰਖਿਆ ਮੰਤਰੀ ਸਰਦਾਰ ਬਲਦੇਵ ਸਿੰਘ ਵਿਚਕਾਰ ਕਈ ਮੀਟਿੰਗਾਂ ਹੋਈਆਂ । ਇਨ੍ਹਾਂ ਮੀਟਿੰਗਾਂ ਵਿਚ ਹੋਰ ਸਿੱਖ ਨੇਤਾ ਵੀ ਹਿੱਸਾ ਲੈਂਦੇ ਰਹੇ । ਉਸ ਵੇਲੇ ਸਿਖਾਂ ਦੀ ਵਿਸ਼ੇਸ਼ ਮੰਗ ਸਿਖ ਸਟੇਟ ਸੀ ਇਸ ਲਈ ਗੱਲ ਬਾਤ ਸਿਖ ਸਟੇਟ ਤੇ ਕੇਂਦਰਤ ਹੋਈ । ਮਿਸਟਰ ਜਿਨਾਹ ਨਿਮਨ ਲਿਖਤ ਗੱਲਾਂ ਮੰਨ ਗਿਆ :

੧. ਸਿੱਖਾਂ ਦੀ ਵਖਰੀ ਸਟੇਟ ਬਣਾ ਦਿਤੀ ਜਾਵੇਗੀ ।
੨. ਇਸ ਦੀ ਸੈਨਾ ਸਿੱਖ ਹੋਵੇ ਅਤੇ ਪਾਕਿਸਤਾਨ ਫੌਜਾਂ ਵਿੱਚ ਸਿਖ ਸੈਨਾ ਦਾ ਹਿੱਸਾ ਨਿਯੁਕਤ ਹੋਵੇ ।
੩. ਇਹ ਸਿੱਖ ਸਟੇਟ ਪਾਕਿਸਤਾਨ ਵਿਚ ਬਣੇ ਤੇ ਇਸਦੀ ਸੁਰੱਖਿਆ, ਆਵਾਜਾਈ ਦੇ ਸਾਧਨ ਤੇ ਬਦੇਸ਼ੀ ਮਾਮਲੇ ਪਾਕਿਸਤਾਨ ਅਧੀਨ ਹੋਣ ।
੪. ਇਹ ਸਭ ਕੁਝ ਇਸ ਸ਼ਰਤ ਤੇ ਹੋਵੇਗਾ ਕਿ ਸਿਖ ਪੰਜਾਬ ਦੀ ਵੰਡ ਕਰਨ ਦੀ ਮੰਗ ਛੱਡ ਦੇਣ ।

ਸਪੱਸ਼ਟ ਰੂਪ ਵਿੱਚ ਸਿਖਾਂ ਦੀ ਬਹੁਤੀ ਗਿਣਤੀ ਇਸ ਤਰ੍ਹਾਂ ਪਾਕਸਤਾਨ ਵਿਚ ਆ ਜਾਣੀ ਸੀ । ਸ਼ਿਖ ਮੁਸਲਮਾਨਾਂ ਦੇ ਫਿਰਕੂ ਤੇ ਕੱਟੜ-ਪੰਥੀ ਰਾਜ ਤੋਂ ਅਨਜਾਣ ਨਹੀਂ ਸਨ । ਮਾਰਚ ੧੯੪੭ ਤੋਂ ਲਗਾਤਾਰ ਫਿਰਕੂ ਫਸਾਦ ਹੋ ਰਹੇ ਸਨ । ਬਹੁਤ ਸਾਰੇ ਸਿੱਖ ਰਾਵਲਪਿੰਡੀ, ਮੁਲਤਾਨ ਅਤੇ ਅਟਕ ਜ਼ਿਲਿਆਂ ਵਿਚ ਮਾਰੇ ਗਏ ਸਨ । ਸਿੱਖਾਂ ਅਤੇ ਹਿੰਦੂਆਂ ਦੇ ਪਿੰਡਾਂ ਦਾ ਸਫਾਇਆ ਹੋ ਚੁੱਕਾ ਸੀ । ਸਿੱਖਾਂ ਦੀ ਸਮੁੱਚੇ ਇਤਿਹਾਸ ਵਿਚ ਮੁਸਲਮਾਨਾਂ ਦੇ ਜ਼ੁਲਮਾਂ ਦੀਆਂ ਕਈ ਮਿਸਾਲਾਂ ਸਨ ਤੇ ਇਸ ਇਤਿਹਾਸਕ ਪਿਛੋਕੜ ਨੂੰ ਭੁਲਾਉਣਾ ਔਖਾ ਸੀ ਕਿਉਂਕਿ ਸਿਖ ਹਰ ਰੋਜ਼ ਅਰਦਾਸ ਕਰਦੇ ਸਨ "ਜਿਨ੍ਹਾਂ ਸਿੰਘਾਂ ਨੇ ਧਰਮ ਪਿਛੇ ਸੀਸ਼ ਦਿਤੇ, ਬੰਦ ਬੰਦ ਕਟਵਾਏ, ਪੁਠੀਆਂ ਖਲਾਂ ਲਵਾਈਆਂ, ਚਰਖੜੀਆਂ ਤੇ ਚੜ੍ਹੇ, ਸਿਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭਾਹਿਆ ਤਿਨਾਂ ਦੀ ਕਮਾਈ ਵੱਲ ਧਿਆਨ ਕਰਕੇ ਬੋਲੋ ਜੀ ਵਾਹਿਗੁਰੂ" । ਸਿੱਖਾਂ ਦੀ ਕਿਸਮਤ ਨੂੰ ਸਦਾ ਲਈ ਪਾਕਿਸਤਾਨ ਨਾਲ ਜੋੜਨ ਲਈ ਬੜੀ ਭਾਰੀ ਦਲੇਰੀ ਅਤੇ ਵਡੇ ਸਬੂਤਾਂ ਦੀ ਲੋੜ ਸੀ ਜਿਸ

ਨਾਲ ਸਿਖਾਂ ਨੂੰ ਮੁਸਲਮਾਨ ਲੀਡਰਾਂ ਦੀ ਕਥਨੀ ਤੇ ਯਕੀਨ ਕਰਵਾ ਦਿੱਤਾ ਜਾਂਦਾ । ਮੁਸਲਮਾਨਾਂ ਦਾ ਵਤੀਰਾ ਕੋਈ ਧੀਰਜ ਦਿਵਾਉਣ ਵਾਲਾ ਨਹੀਂ ਸੀ ।

ਇਸ ਮਸਲੇ ਤੇ ਮਾਸਟਰ ਤਾਰਾ ਸਿੰਘ ਨੇ ਲੇਖਕ ਨੂੰ ਦਸਿਆ ਕਿ ਉਨ੍ਹਾਂ ਨੇ ਇਕ ਸਵਾਲ ਮਿਸਟਰ ਜਿਨਾਹ ਅਗੇ ਕੀਤਾ ਕਿ ਇਹ ਸਿਖ ਸਟੇਟ ਜੇਕਰ ਕਦੀ ਚਾਹੇ ਪਾਕਿਸਤਾਨ ਵਿਚੋਂ ਬਾਹਰ ਆ ਸਕਦੀ ਹੈ ਕਿ ਨਹੀਂ ? ਇਸ ਦਾ ਉਤਰ ਨਹੀਂ ਵਿਚ ਸੀ । ਇਹ ਸਿੱਖ ਸਟੇਟ ਕਦੀ ਵੀ ਪਾਕਿਸਤਾਨ ਵਿਚੋਂ ਬਾਹਰ ਨਹੀਂ ਆ ਸਕਦੀ ਸੀ । ਇਹ ਗੱਲ ਵੀ ਬਹੁਤ ਨਿਰਾਸ਼ਾਜਨਕ ਸੀ । ਇਸ ਗੱਲ ਤੇ ਆ ਕੇ ਸਾਰੀ ਗੱਲ ਬਾਤ ਟੁੱਟ ਗਈ । ਗਲਬਾਤ ਟੁਟਣ ਦੇ ਹੋਰ ਵੀ ਕਈ ਕਾਰਣ ਸਨ । ਇਸ ਤੋਂ ਪਹਿਲਾਂ ਅਕਾਲੀਆਂ ਅਤੇ ਮੁਸਲਿਮ ਲੀਗ ਵਿਚਕਾਰ ਕਦੇ ਵੀ ਕੋਈ ਸਮਝੋਤਾ ਨਹੀਂ ਹੋਇਆ ਸੀ । ਪੰਜਾਬ ਦਾ ਕੋਈ ਵੀ ਮੁਸਲਿਮ ਲੀਗੀ ਸਰ ਫਜ਼ਲ ਹੁਸੈਨ ਜਾਂ ਸਰ ਸਿਕੰਦਰ ਅਜਿਹੀ ਸਿਆਣਪ ਰੱਖਣ ਵਾਲਾ ਨਹੀਂ ਸੀ ਜੋ ਦੂਰ-ਦ੍ਰਿਸ਼ਟੀ ਅਤੇ ਰਾਜਨੀਤਕ ਸੂਝ ਤੋਂ ਕੰਮ ਲੈ ਕੇ ਪਾਕਿਸਤਾਨ ਦੇ ਵਿਸ਼ੇ ਤੇ ਸਿਖਾਂ ਨਾਲ ਗੱਲਬਾਤ ਕਰਕੇ ਮਾਮਲੇ ਨੂੰ ਸੁਲਝਾ ਲੈਂਦਾਂ । ਸਿਖ-ਮੁਸਲਿਮ ਖਿਚੋਤਾਣ ਦੇ ਮੁੱਖ ਕਾਰਣਾਂ ਵਿਚੋਂ ਇਕ ਕਾਰਣ ਮਾਰਚ, ੧੯੪੭ ਦੇ ਫਸਾਦ ਸਨ, ਜਿਸ ਵਿੱਚ ਕਟਰਪੰਥੀ ਮੁਸਲਮਾਨੀ ਧਾੜਾਂ ਨੇ ਸਿੱਖਾਂ ਦੀ ਭਾਰੀ ਗਿਣਤੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਅਤੇ ਕਿਸੇ ਵੀ ਮੁਸਲਿਮ ਲੀਗੀ ਨੇਤਾ ਨੇ ਇਸ ਸੰਬੰਧੀ ਖੇਦ ਦਾ ਇਕ ਸ਼ਬਦ ਵੀ ਪ੍ਰਗਟ ਨਹੀਂ ਕੀਤਾ ਸੀ । ਜਜਬਾਤ ਇੰਨੇ ਭੜਕੇ ਹੋਏ ਸਨ ਅਤੇ ਤਨਾਉ ਇੰਨਾ ਜ਼ਿਆਦਾ ਸੀ ਕਿ ਸਿਖਾਂ ਅਤੇ ਮੁਸਲਮਾਨਾਂ ਵਿਚਕਾਰ ਕੋਈ ਸਮਝੋਤਾ ਹੋਣ ਦੀ ਆਸ ਅਸੰਭਵ ਜਾਪਦੀ ਸੀ ।

ਪੂਰਬੀ ਪੰਜਾਬ ਦੇ ਬਹੁਤ ਹਿਸੇ ਇਸ ਵੇਲੇ ਭਾਰਤ ਵਿੱਚ ਜ਼ਿਆਦਾ ਕਰਕੇ ਸਿਖਾਂ ਦੀਆਂ ਨਿਰੰਤਰ ਕੁਰਬਾਨੀਆਂ ਦਾ ਸਿੱਟਾ ਹਨ । ਜੇਕਰ ਸਿਖ ਕੁਰਬਾਨੀਆਂ ਨਾ ਕਰਦੇ ਤਾਂ ਜਾਂ ਪੰਜਾਬ ਅਠਾਰਵੀਂ ਸਦੀ ਵਿਚ ਅਫ਼ਗਾਨਿਸਤਾਨ ਦਾ ਹਿੱਸਾ ਹੋਣਾ ਸੀ ਜਾਂ ਵੀਹਵੀਂ ਸਦੀ ਵਿੱਚ ਪਾਕਿਸਤਾਨ ਦਾ ।

ਸ੍ਰੀ ਨਗਰ ਕਸ਼ਮੀਰ ਵਿਚ ਸਿੱਖ ਯਾਦਗਾਰਾਂ

ਸ੍ਰੀ ਨਗਰ ਕਸ਼ਮੀਰ ਦੀ ਰਾਜਧਾਨੀ ਸਿਖ ਯਾਦਗਾਰਾਂ ਨਾਲ ਭਰਪੂਰ ਹੈ । ਸਿਖ ਰਾਜ ਕਸ਼ਮੀਰ ਵਿੱਚ ੧੮੧੯ ਤੋਂ ੧੮੪੬ ਈਸਵੀ ਤਕ ਸਤਾਈ ਕੁ ਸਾਲ ਰਿਹਾ । ਇਹ ਸਮਾਂ ਕਸ਼ਮੀਰ ਦੇ ਇਤਿਹਾਸ ਵਿਚ ਬਹੁਤ ਮਹਾਨਤਾ ਵਾਲਾ ਸਮਾਂ ਸੀ । ਇਸ ਸਮੇਂ ਵਿੱਚ ਕਸ਼ਮੀਰ ਵਿਚ ਬਹੁਤ ਵਾਰੀ ਕਾਲ ਪਿਆ ਤੇ ਕਸ਼ਮੀਰ ਦੇ ਪ੍ਰਬੰਧ ਨੂੰ ਠੀਕ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਨੇ ਕਈ ਵਾਰੀ ਕਸ਼ਮੀਰ ਦੇ ਗਵਰਨਰਾਂ ਨੂੰ ਤਬਦੀਲ ਕੀਤਾ ।

ਪੰਜਾਬ ਵਲੋਂ ਕਸ਼ਮੀਰ ਵਲ ਜਾਣ ਵਾਲੀ ਸੜਕ ਉਸੇ ਪੁਰਾਣੀ ਲੀਹ ਤੇ ਬਣਾਈ ਗਈ ਜਾਪਦੀ ਹੈ, ਜਿਸ ਤੇ ੧੮੩੮ ਈਸਵੀ ਦੇ ਉਕਰੇ ਥਾਵਾਂ ਦੇ ਚਿੱਤਰ ਜਾਨ ਹਾਰਡਿੰਗ ਦੀ ਬਣਾਈ ਐਲਬਮ ਵਿਚ ਮਿਲਦੇ ਹਨ । ਇਸ ਤਰ੍ਹਾਂ ਜੰਮੂ ਤੋਂ ਕਸ਼ਮੀਰ ਜਾਣ ਵਾਲੀ ਸੜਕ ਵੀ ਕਿਸੇ ਇਕ ਪੁਰਾਣੀ ਸੜਕ ਦੀ ਥਾਂ ਪਰਤੀਤ ਹੁੰਦੀ ਹੈ ।

ਸਿੱਖ ਇਤਿਹਾਸ ਨਾਲ ਸੰਬੰਧਤ ਸਭ ਤੋਂ ਪੁਰਾਣਾ ਅਸਥਾਨ ਬਾਬਾ ਸ੍ਰੀ ਚੰਦ ਜੀ ਦਾ ਹੈ । ਇਹ ਅਸਥਾਨ ਅਮੀਰਾ ਕਦਲ ਤੋਂ ਥੋੜੀ ਦੂਰੀ ਤੇ ਹੈ । ਇਥੇ ਇਕ ਖੂਹ ਹੈ ਜਿਸ ਦਾ ਪਾਣੀ ਬਹੁਤ ਹੀ ਸੁਆਦੀ ਹੈ ਤੇ ਬਹੁਤ ਲੋਕੀਂ ਇਥੇ ਪਾਣੀ ਪੀਣ ਵਾਸਤੇ ਹੀ ਆਉਂਦੇ ਹਨ । ਕਹਿੰਦੇ ਹਨ ਕਿ ਬਾਬਾ ਸ੍ਰੀ ਚੰਦ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਡੇ ਸਪੁਤ੍ਰ, ਇਥੇ ਆਕੇ ਠਹਿਰੇ ਸਨ ਤੇ ਇਥੇ ਵਿਦਿਆ ਪ੍ਰਾਪਤ ਕਰਦੇ ਰਹੇ ਸਨ ।

ਅਕਾਲੀ ਲਹਿਰ ਤੋਂ ਪਹਿਲਾਂ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਕਰਦਾ ਸੀ, ਪਰ ਪਿਛੋਂ ਉਦਾਸੀਆਂ ਨੇ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਬੰਦ ਕਰ ਦਿਤਾ, ਤਾਂ ਜੋ ਸਥਾਨਕ ਸਿਖ ਇਸ ਨੂੰ ਗੁਰਦੁਆਰਾ ਨ ਬਣਾ ਲੈਣ । ਗੁਰਦੁਆਰਾ ਐਕਟ ਬਣਨ ਪਿਛੋਂ ਸਭ ਥਾਵਾਂ ਤੇ ਉਦਾਸੀਆਂ ਨੇ ਇਹ ਹੀ ਵਤੀਰਾ ਅਖਤਿਆਰ ਕਰ ਲਿਆ।

ਸ਼ਿਵ ਲਿੰਗ ਕਿਉਂ ?

ਬਾਬਾ ਸ੍ਰੀ ਚੰਦ ਜੀ ਦੇ ਡੇਰੇ ਵਿਚ ਸ਼ਿਵ ਲਿੰਗ ਦੀ ਅਸਥਾਪਨਾ ਵੇਖ ਕੇ ਬਹੁਤ ਹੈਰਾਨੀ ਹੋਈ ਤੇ ਮੈਂ ਉਦਾਸੀ ਸੰਤਾਂ ਕੋਲੋਂ ਇਹ ਪੁਛਣ ਦਾ ਯਤਨ ਕੀਤਾ ਕਿ ਇਥੇ ਸ਼ਿਵਲਿੰਗ ਕਿਉਂ ਹੈ ? ਪੰਜਾਬ ਬਹੁਤ ਸਾਰੇ ਉਦਾਸੀ ਡੇਰਿਆਂ ਵਿਚ ਫਿਰਿਆ, ਪਰ ਮੈਂ ਸ਼ਿਵਲਿੰਗ ਕਿਧਰੇ ਨਹੀਂ ਸੀ ਵੇਖਿਆ । ਇਥੇ ਸ਼ਿਵਲਿੰਗ ਕਿਉਂ ਤੇ ਇਸ ਦਾ ਬਾਬਾ ਸ੍ਰੀ ਚੰਦ ਜੀ ਦੇ ਮਤ ਨਾਲ ਕੀ ਸੰਬੰਧ ਹੈ ? ਤਿੰਨ ਚਾਰ ਉਦਾਸੀ ਸੰਤਾਂ ਦੀ ਮੰਡਲੀ ਨੇ ਜਿਨ੍ਹਾਂ ਵਿਚ ਇਕ ਦੋ ਪੜ੍ਹੇ ਲਿਖੇ ਵੀ ਜਾਪਦੇ ਸਨ ਨੇ ਇਸ ਗੱਲ੍ਹ ਦਾ ਕੋਈ ਉਤਰ ਨਾ ਦਿਤਾ ਤੇ ਇਕ ਨੇ ਕਿਹਾ 'ਜੈਸਾ ਦੇਸ ਵੈਸਾ ਭੇਸ' ਕਸ਼ਮੀਰ ਵਿਚ ਕਈ ਥਾਵਾਂ ਤੇ ਸ਼ਿਵਲਿੰਗ ਪੂਜਾ ਹੁੰਦੀ ਹੈ । ਇਸ ਤੋਂ ਪਹਿਲੇ ਦਿਨ ਮੈਂ

ਸ਼ੰਕਰ ਅਚਾਰੀਆ ਦੇ ਮੰਦਰ ਜਿਹੜਾ ਕਿ ਸ੍ਰੀ ਨਗਰ ਵਿਚ ਸਭ ਤੋਂ ਉਚੀ ਪਹਾੜੀ ਤੇ ਹੈ, ਗਿਆ ਸਾਂ ਤੇ ਉਥੇ ਹੀ ਸ਼ਿਵਲਿੰਗ ਹੀ ਰਖਿਆ ਸੀ ।

ਇਹ ਬਹੁਤ ਹੀ ਵਿਸ਼ੇਸ਼ ਪ੍ਰਸ਼ਨ ਹੈ ਕਿ ਕਸ਼ਮੀਰ ਵਿੱਚ ਸ਼ਿਵਲਿੰਗ ਦੀ ਪੂਜਾ ਕਿਉਂ ਹੁੰਦੀ ਹੈ ? ਕਸ਼ਮੀਰ ਦੇ ਹਰ ਮੰਦਰ ਵਿੱਚ ਸ਼ਿਵ ਲਿੰਗ ਹੀ ਰਖਿਆ ਹੁੰਦਾ ਹੈ । ਹਿੰਦ ਦੇ ਪਹਾੜੀ ਇਲਾਕਿਆਂ ਵਿਚ ਸ਼ਿਵ ਜੀ ਦੀ ਪੂਜਾ ਹੁੰਦਾ ਹੈ । ਤੇ ਮੈਦਾਨੀ ਇਲਾਕਿਆਂ ਵਿਚ ਵਿਸ਼ਨੂੰ ਦੀ। ਵਿਸ਼ਨੂੰ ਦੇ ਕਈ ਨਾਂ ਹਨ ਤੇ ਵਖਰੇ-ਵਖਰੇ ਨਾਵਾਂ ਨਾਲ ਵਖਰੇ-ਵਖਰੇ ਥਾਵਾਂ ਤੇ ਪੂਜਾ ਹੁੰਦੀ ਹੈ । ਇਸ ਦੇ ਬਹੁਤ ਵਿਸਥਾਰ ਵਿਚ ਜਾਣਾ ਇਥੇ ਠੀਕ ਨਹੀਂ । ਇਹ ਆਮ ਵਿਸ਼ਵਾਸ਼ ਹੈ ਕਿ ਸ਼ਿਵਜੀ ਆਰੀਆਂ ਲੋਕਾਂ ਦੇ ਆਉਣ ਤੋਂ ਪਹਿਲਾਂ ਇਕ ਪ੍ਰਸਿੱਧ ਦੇਵਤਾ ਮੰਨਿਆ ਜਾਂਦਾ ਸੀ ਤੇ ਕਸ਼ਮੀਰ ਵਿੱਚ ਕਈ ਕੌਮਾਂ ਵਸਦੀਆਂ ਸਨ ਜਿਹੜੀਆਂ ਕਿ ਆਰੀਆਂ ਲੋਕਾਂ ਨਾਲ ਲੜੀਆਂ ਤੇ ਇਸ ਤਰ੍ਹਾਂ ਆਰੀਆਂ ਲੋਕਾਂ ਦਾ ਜ਼ੋਰ ਹੋਣ ਕਰਕੇ ਉਹ ਫੇਰ ਆਰੀਆ ਸਭਿਅਤਾ ਵਿੱਚ ਹੀ ਰਚ ਮਿਚ ਗਈਆਂ । ਇਨ੍ਹਾਂ ਕੌਮਾਂ ਵਿੱਚੋਂ ਇਕ ਕੌਮ 'ਨਾਗ'[੧] ਕਸ਼ਮੀਰ ਵਿਚ ਪ੍ਰਸਿੱਧ ਸੀ, ਜਿਸ ਦੇ ਨਾਂ ਤੇ ਹੁਣ ਵੀ ਅਨੰਤ ਨਾਗ, ਕੁਕੜ ਨਾਗ ਵਰਗੀਆਂ ਥਾਵਾਂ ਪ੍ਰਸਿੱਧ ਹਨ । (ਇਨ੍ਹਾਂ ਨਾਵਾਂ ਦਾ ਇਤਿਹਾਸ ਹੋਰ ਤਰ੍ਹਾਂ ਵੀ ਦਸਿਆ ਜਾਂਦਾ ਹੈ) । ਸੋ ਇਸ ਤਰ੍ਹਾਂ ਸ਼ਿਵ ਜੀ ਦੇਵਤਾ ਕਸ਼ਮੀਰ ਦੇ ਹਿੰਦੂਆਂ ਦੇ ਇਕ ਪ੍ਰਸਿੱਧ ਇਸ਼ਟ ਬਣ ਗਏ ਤੇ ਇਨ੍ਹਾਂ ਦੇ ਮੰਦਰ ਸਾਨੂੰ ਹਰ ਥਾਂ ਕਸ਼ਮੀਰ ਵਿੱਚ ਮਿਲਦੇ ਹਨ ।

ਗੁਰਦੁਆਰਾ ਛੇਵੀਂ ਪਾਤਸ਼ਾਹੀ

ਹਰੀ ਪਰਬਤ ਕਿਲ੍ਹੇ ਦੀ ਵੱਖੀ ਵਿੱਚ ਇਕ ਪਾਸੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਜਿਥੇ ਗੁਰੂ ਸਾਹਿਬ ਨੇ ਮਾਈ ਭਾਗੋ ਭਰੀ ਨੂੰ ਤਾਰਿਆ ਸੀ ਤੇ ਦੂਜੇ ਪਾਸੇ ਮਖਦੂਮ ਸਾਹਿਬ ਦੀ ਕਬਰ ਤੇ ਮਸਜਦ ਹੈ । ਕਿਲੇ ਦੇ ਅੰਦਰ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਇਕ ਪੁਰਾਤਨ ਗੁਰਦਵਾਰਾ ਦੱਸਿਆ ਜਾਂਦਾ ਹੈ । ਅਸਲ ਵਿੱਚ ਇਹ ਸਾਰਾ ਇਲਾਕਾ ਸ੍ਰੀ ਨਗਰ ਤੋਂ ਤਿੰਨ ਮੀਲ ਤੇ ਇਤਿਹਾਸਕ ਯਾਦਗਾਰਾਂ ਨਾਲ ਭਰਪੂਰ ਹੈ । ਹਰੀ ਪਰਬਤ ਬਹੁਤ ਹੀ ਪੁਰਾਣਾ ਕਿਲ੍ਹਾ ਹੈ । ਇਸ ਦੇ ਆਲੇ-ਦੁਆਲੇ ਜਹਾਂਗੀਰ ਨੇ ਫਸੀਲ ਬਣਾਈ ਸੀ । ਮੁਗਲਾਂ ਵਿਚੋਂ ਸਭ ਤੋਂ ਪਹਿਲਾਂ ਅਕਬਰ ਨੇ ਸ੍ਰੀ ਨਗਰ ਨੂੰ ਜਿਤਿਆ ਤੇ ਇਸ ਕਿਲ੍ਹੇ ਤੇ ਕਬਜ਼ਾ ਕੀਤਾ । ਗੁਰੂ ਸਾਹਿਬ ਦੇ ਗੁਰਦੁਆਰੇ ਤੇ ਮਖਦੂਮ ਦੀ ਮਸਜਦ ਦੇ ਵਿਚਕਾਰ ਹਜ਼ਰਤ ਮੀਆਂ ਮੀਰ ਕਾਦਰੀ ਦੀ ਸੰਪਰਦਾ ਦੇ ਆਗੂ ਮੂਲਾ ਸ਼ਾਹ ਦਾ ਉਹ ਅਸਥਾਨ ਹੈ ਜਿਥੇ ਦਾਰਾ ਸ਼ਿਕੋਹ ਨੇ ਮੂਲਾ ਸ਼ਾਹ ਕੋਲੋਂ ਸਿਖਿਆ ਪ੍ਰਾਪਤ ਕੀਤੀ ਸੀ । ਕਹਿੰਦੇ ਹਨ ਕਿ ਇਥੇ ਹੀ ਦਾਰਾ ਸ਼ਿਕੋਹ ਨੇ ਉਪਨਿਸ਼ਦਾਂ ਦਾ ਫਾਰਸੀ ਵਿਚ ਉਲਥਾ ਕੀਤਾ ਹੈ ਜਿਸ ਨੂੰ ਹੁਣ ਇੰਡੀਅਨ ਕੌਂਸਲ ਆਫ ਕਲਚਰਲ ਰੀਲੇਸ਼ਨ ਨੇ ਈਰਾਨ ਸਰਕਾਰ ਦੇ ਸਹਿਯੋਗ ਨਾਲ ਛਾਪਿਆ ਹੈ ।

---

੧. "ਨਾਗ" ਕਸ਼ਮੀਰੀ ਵਿਚ ਚਿਸ਼ਮੇ ਨੂੰ ਵੀ ਕਹਿੰਦੇ ਹਨ ।

ਸ਼ਹੀਦ ਬੁੰਗਾ ਆਕਾਲੀ ਫੂਲਾ ਸਿੰਘ

ਇਹ ਅਸਥਾਨ ਸ਼ੇਰਗੜ੍ਹੀ ਦੇ ਤੇ ਆਬੀ ਗੁਜਰ ਦੇ ਕੋਲ ਹੈ । ਇਹ ਅੱਜ ਕੱਲ ਸਰੀ ਨਗਰ ਸ਼ਹਿਰ ਦੇ ਵਿਚ ਮੀਰਾਂ ਕਦਲ ਲੰਘ ਕੇ ਆਉਂਦਾ ਹੈ । ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਇਕ ਛੋਟੇ ਜਹੇ ਕਮਰੇ ਵਿਚ ਹੁੰਦਾ ਹੈ । ਗੁਰਦੁਆਰੇ ਦੀ ਹਾਲਤ ਖਸਤਾ ਹੈ । ਕਹਿੰਦ ਹਨ ਕਿ ਇਥੇ ਅਕਾਲੀ ਫੂਲਾ ਸਿੰਘ ਜੀ ਰਿਹਾ ਕਰਦੇ ਸਨ ।

ਕਸ਼ਮੀਰੀ ਮੁਸਲਮਾਨਾਂ ਵਿਚ ਰਵਾਇਤ ਹੈ ਕਿ ਇਕ ਵਾਰੀ ਅਕਾਲੀ ਫੂਲਾ ਸਿੰਘ ਜੀ ਨੇ ਸ਼ਾਹ ਹਮਦਾਨ ਦੀ ਮਸਜਦ ਨੂੰ ਢਾਹੁਣ ਲਈ ਜਿਹਲਮ ਦ ਦੂਜੇ ਕੰਢੇ ਪੱਥਰ ਮਸਜਦ (ਜਿਸ ਨੂੰ ਨੂਰ ਜਹਾਨ ਨੇ ਬਣਵਾਇਆ ਸੀ ਤੇ ਅਜ ਕਲ ਗ਼ੈਰ=ਆਬਾਦ ਹੈ) ਤੇ ਤੋਪਾਂ ਬੀੜ ਦਿਤੀਆਂ। ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਸ਼ਾਹ ਹਮਦਾਨ ਦੀ ਮਸਜਦ ਕਾਲੇਸ਼ਰੀ ਦੇ ਮੰਦਰ ਵਾਲੀ ਥਾਂ ਤੇ ਬਣੀ ਹੈ ਤੇ ਕਸ਼ਮੀਰ ਦੀ ਸਭ ਤੋਂ ਪੁਰਾਣੀ ਮਸਜਦ ਹੈ । ਸ਼ਾਹ ਹਮਦਾਨ ਕਰਕੇ ਹੀ ਕਸ਼ਮੀਰ ਵਿੱਚ ਇਸਲਾਮ ਦਾ ਪ੍ਰਚਾਰ ਹੋਇਆ ਸੀ । ਮੁਸਲਮਾਨ ਕਹਿੰਦੇ ਹਨ ਕਿ ਅਕਾਲੀ ਜੀ ਨੂੰ ਇਕ ਮੁਸਲਮਾਨ ਫਕੀਰ ਮਿਲਿਆ ਤੇ ਉਸ ਨੇ ਅਕਾਲੀ ਜੀ ਨੂੰ ਇਸ ਗੱਲ ਤੇ ਮਨਾ ਲਿਆ ਕਿ ਇਹ ਮਸਜਦ ਢਾਹੁਣਾ ਠੀਕ ਨਹੀਂ ਤੇ ਅਕਾਲੀ ਜੀ ਨੇ ਆਪਣਾ ਫੈਸਲਾ ਬਦਲ ਲਿਆ । ਕਈਆਂ ਥਾਵਾਂ ਤੇ ਤਵਾਰੀਖਾਂ ਵਿਚ ਇਹ ਹੀ ਲਿਖਿਆ ਹੈ ਕਿ ਪੰਡਤ ਦਬੀਰ ਨੇ ਅਕਾਲੀ ਜੀ ਨੂੰ ਮਸਜਦ ਢਾਹੁਣ ਤੋਂ ਰੋਕਿਆ ਤੇ ਅਕਾਲੀ ਜੀ ਨੇ ਉਥੋਂ ਤੋਪਾਂ ਚੁਕਵਾ ਦਿਤੀਆਂ।

ਗੁਰਦੁਆਰਾ ਸ਼ਹੀਦ ਗੰਜ ਬਾਗਾ ਤੇ ਬਰਜ਼ਲਾ

ਇਹ ਸ਼ਹੀਦ ਗੰਜ ਗੁਰਦੁਆਰਾ ਅਮੀਰਾਂ ਕਦਲ ਤੋਂ ਦੋ ਕੁ ਮੀਲਾਂ ਤੇ ਹੈ ਤੇ ਅਮੀਰਾਂ ਕਦਲ ਤੋਂ ਜਾਂਦਿਆਂ ਰਸਤੇ ਵਿੱਚ ਰਾਜਾ ਗੁਲਾਬ ਸਿੰਘ ਤੇ ਉਸ ਦੇ ਖਾਨਦਾਨ ਦੀਆਂ ਹੋਰਨਾਂ ਵਿਅਕਤੀਆਂ ਦੀਆਂ ਸਮਾਧਾਂ ਆਉਂਦੀਆਂ ਹਨ । ਇਹ ਸਮਾਧਾਂ ਸ਼ਿਵਾਲੇ ਦੀ ਸ਼ਕਲ ਵਿੱਚ ਬਣੀਆਂ ਹਨ । ਇਨ੍ਹਾਂ ਵਿੱਚ ਆਮ ਕਰਕੇ ਸ਼ਿਵਲਿੰਗ ਤੇ ਕਈਆਂ ਵਿਚ ਜਿਸ ਦੀ ਸਮਾਧ ਹੈ, ਉਸ ਦੀ ਤਸਵੀਰ ਰੱਖੀ ਹੈ । ਰਾਜਾ ਗੁਲਾਬ ਸਿੰਘ ਦੀ ਸਮਾਧ ਵਿੱਚ ਰਾਜਾ ਗੁਲਾਬ ਸਿੰਘ ਦੀ ਤਸਵੀਰ ਪਈ ਹੈ ।

ਸ਼ਹੀਦ ਗੰਜ ਬਰਜ਼ਲਾ ਬਾਗਾਤ ਦਾ ਇਤਿਹਾਸ ਕਿਸੇ ਇਤਿਹਾਸਕ ਪੁਸਤਕ ਵਿਚ ਨਹੀਂ ਮਿਲਦਾ ਪਰ ਜੋ ਰਵਾਇਤ ਸਿਖਾਂ ਵਿੱਚ ਸੀਨਾ ਬਸੀਨਾ ਇਸ ਗੁਰਦੁਆਰੇ ਬਾਰੇ ਚਲਈ ਆਉਂਦੀ ਹੈ, ਉਹ ਬਿਲਕੁਲ ਠੀਕ ਜਾਪਦੀ ਹੈ । ਇਸਦੇ ਠੀਕ ਹੋਣ ਤੇ ਸਬੂਤ ਨੈਸ਼ਨਲ ਆਰਕਾਈਵਜ਼ ਨਵੀਂ ਦਿੱਲੀ ਦੇ ਰੀਕਾਰਡਾਂ ਤੋਂ ਮਿਲਦੇ ਹਨ । ਉਹ ਰਵਾਇਤ ਇਹ ਹੈ ਕਿ ਜਦੋਂ ਅੰਗਰੇਜ਼ਾਂ ਤੇ ਸਿੱਖਾਂ ਦੀ ਦੂਜੀ ਲੜਾਈ ਦੇ ਘਸਮਾਨ ਚੇਲੀਆਂਵਲਾ ਤੇ ਗੁਜਰਾਤ ਵਿਚ ਹੋਣ ਵਾਲੇ ਸਨ

ਉਸ ਵੇਲੇ ਕਸ਼ਮੀਰ ਦੀਆਂ ਸਿੱਖ ਫੌਜਾਂ ਅੰਗਰੇਜ਼ਾਂ ਵਿਰੁੱਧ ਆਪਣੇ ਭਰਾਵਾਂ ਦੀ ਇਮਦਾਦ ਨੂੰ ਪਹੁੰਚਣਾ ਚਾਹੁੰਦੀਆਂ ਸਨ । ਉਸ ਵੇਲੇ ਡੋਗਰਾ ਰਾਜ ਅੰਗਰੇਜ਼ੀ ਸਰਕਾਰ ਦਾ ਬਹੁਤ ਖੈਰ ਖਾਹ ਸੀ ਤੇ ਕਸ਼ਮੀਰ ਦੇ ਡੋਗਰਾ ਰਾਜ ਅਸਥਾਪਤ ਹੋ ਚੁਕਾ ਸੀ । ਡੋਗਰੇ ਨਹੀਂ ਹੀ ਸੀ ਚਾਹੁੰਦੇ ਕਿ ਸਿੱਖ ਸਿਪਾਹੀ ਤੇ ਅਫਸਰ ਸ: ਚਤਰ ਸਿੰਘ ਤੇ ਸ਼ੇਰ ਸਿੰਘ ਦੀਆਂ ਫੌਜਾਂ ਨਾਲ ਮਿਲਣ ਤੇ ਅੰਗਰੇਜ਼ਾਂ ਦਾ ਟਾਕਰਾ ਕਰਨ । ਬਰਜ਼ਲਾ ਬਾਗਾਤ ਵਿਚ ਸਭ ਸਿੱਖ ਫੌਜਾਂ ਨੂੰ ਇਕੱਤਰ ਕਰ ਲਿਆ ਗਿਆ ਤੇ ਇਹ ਦਸਿਆ ਗਿਆ ਕਿ ਕਿਉਂਕਿ ਸਿਖ ਰਾਜ ਖਤਮ ਹੋ ਗਿਆ ਹੈ ਤੇ ਹੁਣ ਸਿੱਖ ਫੌਜਾਂ ਨੂੰ ਸਿਖ ਰਹੁ ਰੀਤੀ ਨਾਲ ਨਹੀਂ ਰਹਿਣਾ ਚਾਹੀਦਾ । ਇਸ ਗੱਲ ਤੇ ਸਿੱਖ ਫੌਜੀਆਂ ਨੂੰ ਬਹੁਤ ਗੁਸਾ ਆਇਆ—ਇਹ ਕਹਿਣ ਵਾਲੇ ਡੋਗਰਾ ਫੌਜੀ ਅਫਸਰ ਨੂੰ ਮਾਰ ਦਿਤਾ ਗਿਆ ਤੇ ਪਿਛੋਂ ਡੋਗਰਾ ਫੌਜ ਨੇ ਸਾਰੇ ਸਿੱਖ ਸਿਪਾਹੀ ਤੇ ਅਫਸਰਾਂ ਨੂੰ ਇਥੇ ਸ਼ਹੀਦ ਕਰ ਦਿੱਤਾ । ਇਹ ਗੁਰਦੁਆਰਾ ਉਨ੍ਹਾਂ ਸੂਰਬੀਰਾਂ ਦੀ ਯਾਦ ਵਿੱਚ ਹੈ । ਇਸ ਗੁਰਦੁਆਰੇ ਦਾ ਪ੍ਰਬੰਧ ਸਿੰਘ ਸਭਾ ਮੀਰਾਂ ਕਦਲ ਦੇ ਅਧੀਨ ਹੈ ਤੇ ਗੁਰਦੁਆਰੇ ਦੀ ਹਾਲਤ ਹੱਛੀ ਹੈ ।

ਬਸੰਤ ਰਾਗ

ਕਸ਼ਮੀਰ ਦੇ ਸਿੱਖ ਰਾਜ ਦੇ ਵਕਤ ਦੇ ਗਵਰਨਰਾਂ ਵਿਚੋਂ ਕਰਨਲ ਮੀਆਂ ਸਿੰਘ (੧੮੩੪-੧੮੪੧ ਈਸਵੀ) ਸਭ ਤੋਂ ਪ੍ਰਸਿੱਧ ਹੋਏ ਹਨ । ਇਨ੍ਹਾਂ ਦਾ ਨਾਂ ਹੁਣ ਵੀ ਕਸ਼ਮੀਰੀ ਮੁਸਲਮਾਨ ਸਤਿਕਾਰ ਨਾਲ ਲੈਂਦੇ ਹਨ । ਸਮਕਾਲੀ ਮੁਸਲਮਾਨਾਂ ਨੇ ਵੀ ਆਪਣੀਆਂ ਤਾਰੀਖਾਂ ਵਿੱਚ ਇਹਨਾਂ ਨੂੰ ਕਰਨਲ ਸਾਹਿਬ ਲਿਖਿਆ ਹੈ । ਇਹਨਾਂ ਨੇ ਨਵੀਨ ਅਸੈਂਬਲੀ ਹਾਲ ਦੇ ਠੀਕ ਪਿਛੇ, ਜਿਥੇ ਜੇਹਲਮ ਦਰਿਆ ਦਾ ਪਾਣੀ ਇਕ ਡਲ ਤੋਂ ਆ ਰਹੀ ਨਦੀ ਨਾਲ ਮਿਲਦਾ ਹੈ; ਬਸੰਤ ਰਾਗ ਬਣਵਾਇਆ ਤੇ ਇਸ ਵਿੱਚ ਇਕ ਘਾਟ ਬਣਵਾਇਆ, ਜਿਸ ਦਾ ਨਾ ਬ੍ਰਹਮ ਘਾਟ ਰਖਿਆ। ਬਸੰਤ ਰਾਗ ਵਾਲੀ ਥਾਂ ਤੇ ਹੁਣ ਬਹੁਤ ਸਾਰੇ ਮਕਾਨ ਤੇ ਕੋਠੀਆਂ ਬਣ ਗਈਆਂ ਹਨ। ਬ੍ਰਹਮ ਘਾਟ ਹਾਲੀ ਖਸਤਾ ਹਾਲਤ ਵਿਚ ਮੌਜੂਦ ਹੈ । ਬ੍ਰਹਮ ਘਾਟ ਦੇ ਸਿਰੇ ਤੇ ਇਕ ਥੜ੍ਹਾ ਮੌਜੂਦ ਹੈ, ਜਿਹੜਾਂ ਕਰਨਲ ਮੀਆਂ ਸਿੰਘ ਨੇ ਬਣਵਾਇਆ ਸੀ । ਇਸ ਥੜ੍ਹੇ ਦੇ ਹੇਠਲੇ ਪਾਸੇ ਤਿੰਨ ਹਸਤ-ਲਿਖਤਾਂ ਪੱਥਰ ਤੇ ਉਕਰੀਆਂ ਹੋਈਆਂ ਹਨ, ਇਕ ਗੁਰਮੁਖੀ ਵਿਚ, ਇਕ ਦੇਵਨਾਗਰੀ ਅੱਖਰਾਂ ਵਿੱਚ ਤੇ ਇਕ ਫਾਰਸੀ ਵਿੱਚ । ਤਿੰਨਾਂ ਦਾ ਭਾਵ ਇਕੋ ਹੀ ਹੈ ਕਿ ਇਹ ਥੜ੍ਹਾ ਕਰਨਲ ਮੀਆਂ ਸਿੰਘ ਨੇ ਬਣਵਾਇਆ ਹੈ ।

ਪੱਥਰ ਦਾ ਖੰਡਾ—

ਕਰਨਲ ਮੀਆਂ ਸਿੰਗ ਜੀ ਦਾ ਨਿਵਾਸ ਅਸਥਾਨ ਉਥੇ ਹੋਇਆ ਕਰਦਾ ਸੀ, ਜਿਥੇ ਅਜ ਕਲ ਡਿਪਟੀ ਕਮਿਸ਼ਨਰ ਸ੍ਰੀ ਨਗਰ ਦਾ ਦਫਤਰ ਹੈ । ਇਸ ਦਫਤਰ ਤੇ ਪਿਛਲੇ ਪਾਸੇ ਜਿਹਲਮ ਦੇ ਕੰਢੇ ਤੇ ਇਕ ਛੋਟੇ ਜਿਹੇ ਪਾਰਕ ਵਿੱਚ ਇਕ ਪੱਥਰ ਦਾ ਬਹੁਤ ਖੂਬਸੂਰਤ ਖੰਡਾ ਜ਼ਮੀਨ ਵਿੱਚ ਗਡਿਆ ਹੈ । ਇਸ ਦੀ ਉਚਾਈ ਤਿੰਨ ਚਾਰ ਫੁਟ ਤੋਂ ਵੱਧ ਨਹੀਂ, ਬਹੁਤ ਕਾਰੀਗਰੀ

ਨਾਲ ਬਣਾਇਆ ਗਿਆ ਜਾਪਦਾ ਹੈ । ਕਸ਼ਮੀਰ ਦੀਆਂ ਸਿੱਖ ਸੰਗਤਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਤੇ ਗੌਰਮਿੰਟ ਤੇ ਜ਼ੋਰ ਪਾ ਕੇ ਇਸ ਖੰਡੇ ਦੀ ਸੰਭਾਲ ਸ੍ਰੀ ਨਗਰ ਅਜਾਇਬ ਘਰ ਵਿੱਚ ਕਰਵਾਉਣ । ਕਿਉਂਕਿ ਇਹ ਖੰਡਾ ਹੁਣ ਹਿੱਲਣਾ ਸ਼ੁਰੂ ਹੋ ਗਿਆ ਹੈ ਤੇ ਹੋ ਸਕਦਾ ਹੈ ਕਿ ਕਿਸੇ ਵੇਲੇ ਖਰਾਬ ਹੋ ਜਾਏ ।

ਸ਼ੇਖ ਇਮਾਮੁਦੀਨ ਦਾ ਮਹੱਲ ਤੇ ਕਬਰ—

ਸ਼ੇਖ ਇਮਾਮੁਦੀਨ ਸਿਖ ਰਾਜ ਵਲੋਂ ਕਸ਼ਮੀਰ ਦਾ ਆਖਰੀ ਗਵਰਨਰ ਸੀ (੧੮੪੪-੧੮੪੬ ਈਸਵੀ) ਇਸ ਦਾ ਮਹੱਲ ਸ੍ਰੀ ਗੁਰੂ ਸਿੰਘ ਸਭਾ ਅਮੀਰ ਕਦਲ ਦੇ ਪਿਛੇ ਹੈ ਤੇ ਇਥੇ ਅਜ ਕਲ ਕਸ਼ਮੀਰ ਸਰਕਾਰ ਦੇ ਪਬਲਿਕ ਵਰਕਸ ਡੀਪਾਰਟਮੈਂਟ (ਪੀ. ਡਬਲਯੂ. ਡੀ) ਦੇ ਦਫਤਰ ਹਨ । ਇਹ ਗੱਲ ਬਹੁਤ ਹੀ ਵਿਸ਼ੇਸ਼ਤਾ ਵਾਲੀ ਹੈ ਕਿ ਇਸ ਦੀ ਕਬਰ ਹਰੀ ਪਰਬਤ ਦੇ ਕੋਲ ਮਖਦੂਮ ਸਾਹਿਬ ਦੀ ਕਬਰ ਦੇ ਨਾਲ ਬਣੀ ਤੇ ਇਸ ਦੇ ਉਤੇ ਉਸਦਾ ਸ਼ਿਲਾ ਲੇਖ ਮੌਜੂਦ ਹੈ ।

ਸ਼ੇਰ ਗੜ੍ਹੀ ਦੇ ਬੁਰਜ—

ਸ਼ੇਰਗੜ੍ਹੀ ਸ੍ਰੀ ਨਗਰ ਸ਼ਹਿਰ ਵਿਚ ਇਕ ਪੁਰਾਣਾ ਕਿਲ੍ਹਾ ਸੀ, ਜਿਸ ਨੂੰ ਸ਼ੇਰ ਖਾਂ ਅਫਗਾਨ ਨੇ ਬਣਵਾਇਆ ਸੀ । ਇਹ ਕਿਲਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਲੋਂ ਅਮੀਰਾ ਕਦਲ ਲੰਘ ਕੇ ਆਉਂਦਾ ਹੈ । ਇਹ ਕਿਲ੍ਹਾ ਸਾਰਾ ਢੱਠਾ ਹੋਇਆ ਹੈ ਤੇ ਇਸ ਦੇ ਇਕ ਦੋ ਬੁਰਜ ਗਾਂਧੀ ਪਾਰਕ ਵਿਚ ਖਲੋਤਿਆਂ ਨਜ਼ਰੀਂ ਪੈਂਦੇ ਹਨ । ਇਸ ਕਿਲੇ ਵਾਲੀ ਥਾਂ ਤੇ ਹੁਣ ਗੌਰਮਿੰਟ ਦੇ ਦਫਤਰ ਹਨ । ਕਹਿੰਦੇ ਹਨ ਇਸ ਕਿਲ੍ਹੇ ਦੇ ਬੁਰਜਾਂ ਵਿੱਚ ਅਫਗਾਨਿਸਤਾਨ ਦਾ ਬਾਦਸ਼ਾਹ ਸ਼ਾਹਸ਼ੁਜਾਹ ਕੈਦ ਰਿਹਾ ਸੀ । ਕਸ਼ਮੀਰ ਦੇ ਸਿੱਖ ਸ਼ੇਰ ਗੜ੍ਹ ਨੂੰ ਮਹਾਰਾਜਾ ਸ਼ੇਰ ਸਿੰਘ ਨਾਲ ਜੋੜ ਕੇ ਯਾਦ ਕਰਦੇ ਹਨ । ਕਿਉਂਕਿ ਇਸ ਗੜ੍ਹੀ ਵਿੱਚ ਮਹਾਰਾਜਾ ਸ਼ੇਰ ਸਿੰਘ ਦੀਆਂ ਫੌਜਾਂ ਵੀ ਰਹਿੰਦੀਆਂ ਸਨ ।

ਨਗਾਰ ਖਾਨਾ—

ਸ਼ੇਰਗੜ੍ਹੀ ਵਾਲੀ ਪੁਰਾਣੀ ਥਾਂ ਤੇ ਜਿਥੇ ਅਜ ਕਲ ਜੰਮੂ ਕਸ਼ਮੀਰ ਆਰਕਾਈਵਜ਼ ਦੇ ਦਫਤਰ ਹਨ, ਇਕ ਬਹੁਤ ਵੀ ਖੂਬਸੂਰਤ ਕਾਲੇ ਪੱਥਰ ਦਾ ਨਗਾਰ ਖਾਨਾ ਹੈ । ਇਹ ਨਗਾਰਖਾਨ ਆਲੇ-ਦੁਆਲੇ ਬਣੀਆਂ ਸਾਰੀਆਂ ਇਮਾਰਤਾਂ ਦੇ ਕੇਂਦਰ ਵਿਚ ਹੀ ਆ ਜਾਂਦਾ ਹੈ । ਇਹ ਸਿਖਾਂ ਦੇ ਵਕਤ ਦਾ ਨਗਾਰਖਾਨਾ ਦਸਿਆ ਜਾਂਦਾ ਹੈ । ਇਸ ਨਗਾਰਖਾਨੇ ਦੀ ਬਣਤਰ ਵਲ ਇਕੋ ਵਾਰ ਵੇਖਿਆ ਇਹ ਗਲ ਨਿਸਚੇ ਹੋ ਜਾਂਦੀ ਹੈ ਕਿ ਇਹ ਸਿੱਖ ਕਾਰੀਗਰਾਂ ਤੇ ਸਿੱਖ ਵਕਤ ਦੀ ਯਾਦਗਾਰ ਹੈ । ਇਸ ਦੇ ਚਾਰੇ ਪਾਸੇ ਬਣੇ ਮੁਨਾਰੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਯਾਦ ਦੁਆਂਦੇ ਹਨ । ਸਾਰੇ ਮੁਨਾਰੇ ਸ੍ਰੀ ਹਰਿਮੰਦਰ ਸਾਹਿਬ ਦੀ ਛਤ ਤੇ ਬਣਾਏ ਜਾਂ ਪਰਕਰਮਾਂ ਵਿਚ

ਬਣਾਏ ਗਏ ਮੁਨਾਰਿਆਂ ਵਾਂਗੂੰ ਹਨ । ਇਹ ਬਹੁਤ ਹੀ ਮੁਲਾਇਮ ਕਾਲੇ ਪੱਥਰ ਦਾ ਬਣਿਆ ਹੈ । ਇਕ ਪਾਸੇ ਤੋਂ ਇਹ ਖਰਾਬ ਹੋ ਗਿਆ ਸੀ ਜਿਸਦੀ ਮੁਰੰਮਤ ਵੀ ਕਾਲੇ ਪੱਥਰ ਨਾਲ ਕੀਤੀ ਗਈ ਹੈ । ਪਰ ਨਵੀਨ ਤੇ ਪੁਰਾਣੇ ਪੱਥਰ ਦਾ ਫ਼ਰਕ ਸਾਫ ਪਤਾ ਲਗਦਾ ਹੈ । ਨਵੀਨ ਲੱਗਾ ਪੱਥਰ ਪੁਰਾਣੇ ਪੱਥਰ ਦੇ ਮੁਕਾਬਲੇ ਤੇ ਖੁਰਦਰਾ ਹੈ ।

ਸਿੱਖ ਰਾਜ ਦੇ ਸਮੇਂ ਦੀਆਂ ਫੁਲਕਾਰੀਆਂ ਤੇ ਸ਼ਾਲਾਂ—

ਸ੍ਰੀ ਨਗਰ ਅਜਾਇਬ ਘਰ ਵਿੱਚ ਬਹੁਤ ਸਾਰੀਆਂ ਚੀਜਾਂ ਕਸ਼ਮੀਰ ਵਿਚ ਸਿੱਖ ਰਾਜ ਦੀ ਯਾਦ ਦਿਵਾਉਂਦੀਆਂ ਹਨ । ਸਭ ਤੋਂ ਵਿਸ਼ੇਸ਼ ਸਿੱਖ ਰਾਜ ਸਮੇਂ ਦੀਆਂ ਫੁਲਕਾਰੀਆਂ ਤੇ ਸ਼ਾਲਾਂ ਹਨ । ਇਹਨਾਂ ਤੇ ਬੇਲ ਬੂਟੇ ਪਾਣ ਦਾ ਤਰੀਕਾ ਬੁਨਤੀ ਨਾਲ ਹੀ ਸੀ । ਅਜਕਲ ਵਾਂਗੂੰ ਕਢਾਈ ਜਾਂ ਛਪਵਾਈ ਨਹੀਂ ਸੀ ਕੀਤੀ ਜਾਂਦੀ । ਇਸ ਪ੍ਰਕਾਰ ਦੀ ਬੁਨਤੀ ਨੂੰ ਕਾਨੀ ਤਰੀਕਾ ਜਾਂ ਕਾਨੀ ਸਟਾਈਲ ਕਿਹਾ ਜਾਂਦਾ ਹੈ ਕਿਉਂਕਿ ਬੁਨਤੀ ਵੇਲੇ ਹੀ ਬੇਲ ਬੂਟੇ ਕੱਢਣ ਲਈ ਉਨਣ ਵਾਲਾ ਕਾਨੀ ਦੇ ਪ੍ਰਯੋਗ ਨਾਲ ਹੀ ਆਪਣਾ ਹੁਨਰ ਵਿਖਾਉਂਦਾ ਸੀ । ਸਿੱਖ ਰਾਜ ਦੇ ਸਮੇਂ ਦੇ ਉਣੇ ਹੋਏ ਕੱਪੜੇ ਅਜਾਇਬ ਘਰ ਦੇ ਵਡੇ-ਵਡੇ ਸ਼ੋ-ਕੇਸ਼ਾਂ ਵਿੱਚ ਰਖੇ ਹੋਏ ਹਨ ।

ਇਤਿਹਾਸ ਗੁਰਦਵਾਰਾ ਲਖਨੌਰ ਸਾਹਿਬ

''ਸਾਹਿਬਜ਼ਾਦਾ ਅਬ ਲਖਨੌਰ, ਵਧਯੋ ਸਗੋਰ ਭਯੋ ਬਲਹੌਰ''

(ਭਾਈ ਸੰਤੋਖ ਸਿੰਘ)

ਲਖਨੌਰ ਸਾਹਿਬ–ਸ੍ਰੀ ਪਟਨਾ ਸਾਹਿਬ, ਪਾਉਂਟਾ ਸਾਹਿਬ ਤੇ ਹਜ਼ੂਰ ਸਾਹਿਬ ਦੇ ਗੁਰਦਵਾਰਿਆਂ ਦੀ ਲੜੀ ਵਿਚ ਕੀ ਇਕ-ਮਹਾਨ ਵਿਸ਼ੇਸ਼ਤਾ ਵਾਲਾ ਅਸਥਾਨ ਹੈ । ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਨਕੇ ਸਨ । ਲਾਲ ਚੰਦ ਸੁਭਿਖੀ ਖੱਤਰੀ ਮਾਤਾ ਗੁਜਰੀ ਜੀ ਦਾ ਪਿਤਾ ਇਥੋਂ ਦਾ ਹੀ ਅਸਲੀ ਵਸਨੀਕ ਸੀ । ਗੁਰੂ ਗੋਬਿੰਦ ਸਿੰਘ ਪਟਨਾ ਤੋਂ ਅਨੰਦਪੁਰ ਸਾਹਿਬ ਆਉਂਦੇ ਹੋਏ ਕਾਫੀ ਸਮਾਂ ਇਥੇ ਰਹੇ ਤੇ ਲਖਨੌਰ ਦੇ ਇਤਿਹਾਸਕ ਗੁਰਦਵਾਰੇ ਤੋਂ ਇਲਾਵਾ ਆਲੇ-ਦੁਆਲੇ ਦੇ ਬਣੇ ਇਤਿਹਾਸਕ ਗੁਰਦਵਾਰੇ ਜਿਵੇਂ ਕਿ ਅੰਬਾਲਾ, ਨੰਨਹੇੜੀ, ਸੂਲਰ ਘੋਗਾ, ਦਸਮ ਪਾਤਸ਼ਾਹ ਦੇ ਲਖਨੌਰ ਰਹਿਣ ਦੀ ਯਾਦ ਦੁਆਉਂਦੇ ਹਨ । ਇਸ ਕਰਕੇ ਅਠਾਰਵੀਂ ਸਦੀ ਸਿਖ ਮਿਸਲਾਂ ਦੇ ਵੇਲੇ ਤੇ ਉਨਵੀਂ ਸਦੀ ਦੇ ਪਹਿਲੇ ਅੱਧ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਸ ਅਸਥਾਨ ਨੂੰ ਵਿਸ਼ੇਸ਼ ਮਹਾਨਤਾ ਪ੍ਰਾਪਤ ਸੀ । ਇਸ ਲਈ ਇਸ ਅਸਥਾਨ ਦੇ ਇਤਹਾਸ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਮੁੱਢਲਾ ਜੀਵਨ, ਸਿਖ ਰਾਜ ਦੀ ਅਸਥਾਪਣਾ, ਮਹਾਰਾਜਾ ਰਣਜੀਤ ਸਿੰਘ ਦੇ ਪਟਿਆਲਾ ਰਾਜ ਨਾਲ ਸੰਬੰਧ ਤੇ ਅੰਗਰੇਜ਼ੀ ਕਾਲ ਦੇ ਕਈ ਉਘੇ ਕਾਰਨਾਮੇ ਸੰਬੰਧਤ ਹਨ ।

ਲਖਨੌਰ ਸਾਹਿਬ ਅੰਬਾਲਾ ਛਾਉਣੀ ਰੇਲਵੇ ਸਟੇਸ਼ਨ ਤੋਂ ਚਾਰ ਮੀਲ ਪੱਛਮ ਵੱਲ ਅੰਬਾਲਾ ਸ਼ਹਿਰ ਤੋਂ ਸਤ ਮੀਲ ਤੇ ਸਥਿਤ ਹੈ । ਇਸ ਮਹਾਨ ਗੁਰ ਤੀਰਥ ਦੇ ਇਤਿਹਾਸ ਲਿਖਣ ਦਾ ਖਿਆਲ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਦਿਤਾ । ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਦੇ ਵਾਈਸਚਾਨਸਲਰ ਸਰਦਾਰ ਕਿਰਪਾਲ ਸਿੰਘ ਨਾਰੰਗ ਨੂੰ ਕਈ ਚਿਠੀਆਂ ਲਿਖੀਆਂ । ਦਾਸ ਨੂੰ ਪ੍ਰੇਰਨਾ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਤੋਂ ਮਿਲੀ । ਇਸ ਗੁਰਦੁਆਰੇ ਸੰਬੰਧੀ ਮਸਾਲਾ ਨਾ ਮਿਲਣ ਕਰਕੇ ਅਰੰਭ ਵਿੱਚ ਮਾਯੂਸੀ ਹੋਈ ਪਰ ਫੇਰ ਅੰਬਾਲਾ ਸੈਟੇਲਮੈਂਟ ਰੀਪੋਰਟਰੇ, ਤਾਰੀਖੇ ਪਟਿਆਲਾ, ਮਹਾਕੋਸ਼ ਭਾਈ ਕਾਹਨ ਸਿੰਘ, ਤੇ ਭਾਈ ਸੰਤੋਖ ਸਿੰਘ ਦੇ ਗੁਰਪਰਤਾਪ ਸੂਰਜ ਗ੍ਰੰਥ ਤੇ ਹੋਰ ਕੁਝ ਕਿਤਾਬਾਂ ਵਿਚੋਂ ਜੋ ਟੂਕਾਂ ਮਿਲੀਆਂ ਹਨ ਉਨ੍ਹਾਂ ਦੇ ਆਧਾਰ ਤੇ ਇਹ ਛੋਟਾ ਜਿਹਾ ਲੇਖ ਤਿਆਰ ਕੀਤਾ ਹੈ ।

---

*ਇਹ ਲੇਖ ਲੜੀਵਾਰ ਖਾਲਸਾ ਐਡਵੋਕੇਟ, ਅੰਮ੍ਰਿਤਸਰ ਵਿਚ ੨੬ ਜੂਨ ੧੯੬੭ ਤੋਂ ੪ ਸਤੰਬਰ ੧੯੬੭ ਤਕ ਛਪਿਆ ਹੈ ।

ਇਤਿਹਾਸਕ ਪਿਛੋਕੜ

ਲਖਨੌਰ ਸਾਹਿਬ ਦੇ ਗੁਰਦਵਾਰੇ ਦੇ ਦਰਸ਼ਨ ਕੀਤਿਆਂ ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਇਥੇ ਕੋਈ ਪੁਰਾਨਾ ਟਿੱਲਾ ਹੁੰਦਾ ਸੀ ਜਿਸ ਤੇ ਗੁਰਦੁਆਰਾ ਬਣਿਆ ਹੈ। ਪੁਰਾਤਨ ਇਮਾਰਤ ਦੇ ਨਿਸ਼ਾਨ ਵੀ ਕਿਧਰੇ-ਕਿਧਰੇ ਨਜ਼ਰੀ ਆਉਂਦੇ ਹਨ। ਗੁਰਦਵਾਰਾ ਸਾਹਿਬ ਵਿੱਚ ਰਹਿੰਦੇ ਗ੍ਰੰਥੀ ਦੱਸਦੇ ਹਨ ਕਿ ਇਸ ਗੁਰਦਵਾਰੇ ਦੀ ਉਸਾਰੀ ਵਾਸਤੇ ਸਮਿਗਰੀ ਨਾਲ ਲਗਦੇ ਪਿੰਡ ਕੋਟ ਕਛੂਆਂ ਦੇ ਨਵਾਬ ਦੀ ਹਵੇਲ ਤੋਂ ਲਿਆਂਦੀ ਸੀ।

ਜਿਸ ਥੇਹ ਤੇ ਗੁਰਦਵਾਰਾ ਲਖਨੌਰ ਸਾਹਿਬ ਸਥਿਤ ਹੈ ਉਹ ਇਕ ਪ੍ਰਾਚੀਨ ਥੇਹ ਸਿੱਧ ਹੁੰਦੀ ਹੈ। ਅਲੈਗਜ਼ੇਂਡਰ ਕਨਿੰਘਮ ਦੇ ਕਥਨ ਅਨੁਸਾਰ ਕੁਰਕਸ਼ੇਤਰ ਦੇ ਆਲੇ-ਦੁਆਲੇ ਦੇ ਇਕ ਸੌ ਮੀਲ ਦੇ ਘੇਰੇ ਵਿੱਚ ਪੁਰਾਣੇ ਹਿੰਦੂ ਤੀਰਥ ਸਥਿਤ ਸਨ ਜੋ ਸਮੇਂ ਦੀ ਚਾਲ ਨਾਲ ਨਸ਼ਟ ਹੋ ਗਏ ਹਨ।[1]

ਮੁਗਲ ਰਾਜ ਦੇ ਪੱਤਨ ਅਤੇ ਸਿੱਖ ਰਾਜ ਅਸਥਾਪਤ ਹੋਣ ਪਰ ਅਲੈਗਜ਼ੇਂਡਰ ਕਨਿੰਘਮ ਦੇ ਕਥਨ ਅਨੁਸਾਰ ਬਹੁਤ ਸਾਰੇ ਕੁਰਕਸ਼ੇਤਰ ਦੇ ਤੀਰਥ ਉਜਾਗਰ ਹੋਏ। ਜਦੋਂ ੧੮੭੯ ਵਿਚ ਕਨੰਘਮ ਸਾਹਿਬ ਕੁਰਕਸ਼ੇਤਰ ਗਏ ਤਾਂ ਉਹ ਕੁਰਕਸ਼ੇਤਰ ਦੇ ਸੌ ਮੀਲ ਦੇ ਘੇਰੇ ਵਿੱਚ ਬਹੁਤ ਸਾਰੇ ਤੀਰਥ ਲੱਭਣ ਵਿੱਚ ਕਾਮਯਾਬ ਹੋ ਗਏ। ਇਨ੍ਹਾਂ ਤੀਰਥਾਂ ਦੇ ਪੁਰਾਣੇ ਤੇ ਨਵੇਂ ਨਾਵਾਂ ਦੀ ਲਿਸਟ 'Report of tour in the Punjab in 1878-79 ਦੇ ਪੰਨੇ ੯੭-੧੦੧ ਤੇ ਦਿਤੀ ਹੋਈ ਹੈ। ਇਨ੍ਹਾਂ ਨਾਵਾਂ ਬਾਰੇ ਉਹ ਲਿਖਦੇ ਹਨ.- "ਕੁਰਕਸ਼ੇਤਰ ਦੇ ਪਵਿੱਤਰ ਘੇਰੇ ਵਿੱਚ ਜਿਹੜੇ ਤੀਰਥਾਂ ਦੇ ਨਾਂ ਵੱਖ-ਵੱਖ ਥਾਵਾਂ ਤੋਂ ਮੈਂ ਲੱਭ ਸਕਿਆ ਹਾਂ ਉਨ੍ਹਾਂ ਦੇ ਨਾਂ ਮੈਂ ਦੇ ਰਿਹਾ ਹਾਂ। ਇਸ ਕੁਰਕਸ਼ੇਤਰ ਦੇ ਸੌ ਮੀਲ ਦੇ ਘੇਰੇ ਵਿੱਚ ਜਿਨ੍ਹਾਂ ਤੀਰਥਾਂ ਦੇ ਨਾਮ ਅਲੈਗਜ਼ੇਂਡਰ ਕਨਿੰਘਮ ਨੇ ਲਿਖੇ ਹਨ ਉਨ੍ਹਾਂ ਵਿਚੋਂ ਲਖਨੌਰ ਵੀ ਇਕ ਹੈ। ਇਸ ਦਾ ਪੁਰਾਣਾ ਨਾਂ ਕਾਮੇਸ਼ਵਰ ਤੀਰਥ ਸੀ। ਹੋ ਸਕਦਾ ਹੈ ਕਿ ਜਿਸ ਥੇਹ ਤੇ ਗੁਰਦਵਾਰਾ ਬਣਿਆ ਹੈ ਉਹ ਥੇਹ ਕੋਈ ਪੁਰਾਤਨ ਤੀਰਥ ਹੋਵੇ ਜਿਸ ਨੂੰ ਮੁਸਲਮਾਨਾਂ ਨੇ ਢਾਹ-ਢੇਰੀ ਕੀਤਾ ਹੋਵੇ।

ਲਖਨੌਰ ਸਾਹਿਬ ਤੇ ਉਸ ਦੇ ਆਲੇ-ਦੁਆਲੇ ਦੇ ਇਲਾਕੇ ਦੀ ਇਤਿਹਾਸਕ ਮਹਾਨਤਾ ਸਿੱਖ ਰਾਜ ਦੀ ਦੇਣ ਹੈ। ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਪਹੋਏ ਤੋਂ ਲਖਨੌਰ ਆਏ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਹੋਆ ਆਉਣ ਬਾਰੇ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ.-

"ਸ਼ਹਿਰ ਵਿਚ ਸਰਸਵਤੀ ਤੀਰਥ ਦੇ ਕਿਨਾਰੇ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕੋ ਹੀ ਗੁਰਦਵਾਰਾ ਹੈ। ਜਿਸਦੀ ਸੇਵਾ ਭਾਈ ਸਾਹਿਬ ਉਦਯ ਸਿੰਘ ਜੀ ਕੈਂਥਲਪਤ ਨੇ ਕਰਾਈ। ਰੇਲਵੇ ਸਟੇਸ਼ਨ ਕੁਰਕਸ਼ੇਤਰ ੧੮ ਮੀਲ ਪੱਛਮ ਵੱਲ ਹੈ ਤੇ ਪੱਕੀ ਸੜਕ ਗੁਰਦਵਾਰੇ ਤਕ ਜਾਂਦੀ ਹੈ।"

1. Report of a tour in the Punjab 1878-79 VOL. XIV Calcutta Supdt. of Govt. Printing, '882, Page 90.

ਅਲੈਗਜ਼ੈਂਡਰ ਕਨਿੰਘਮ ਨੇ ਆਪਣੀ ਟੂਰ ਰੀਪੋਰਟ ਵਿਚ ਇਕ ਨਕਸ਼ੇ ਰਾਹੀਂ ਇਹ ਸਿੱਧ ਕੀਤਾ ਹੈ ਕਿ ਪੁਰਾਣੇ ਸਮਿਆਂ ਵਿਚ ਲਾਹੌਰ ਤੋਂ ਆਉਂਦੀ ਸਿਧੀ ਸੜਕ ਪਹੋਆ ਕੋਲੋਂ ਲੰਘਦੀ ਸੀ ਤੇ ਇਸ ਸੜਕ ਤੇ ਲਾਹੌਰ, ਜਨੇਰ, ਭਦੌੜ, ਸੁਨਾਮ, ਕੈਂਥਲ ਆਦਿ ਸ਼ਹਿਰ ਆਉਂਦੇ ਸਨ।[੧] ਸੋ ਹੋ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਪਹੋਆ ਜਾਂਦੇ ਹੋਏ ਲਖਨੌਰ ਵੀ ਠਹਿਰੇ ਹੋਣ ।

"ਗੁਰਬਿਲਾਸ" ਕੌਰ ਸਿੰਘ, "ਗੁਰਬਿਲਾਸ" ਭਾਈ ਸੁੱਖਾ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ੧੭੨੩ ਬਿਕਰਮੀ ਭਾਵ ੧੬੬੬ ਈਸਵੀ ਮੰਨਦੇ ਹਨ । ਇਸੇ ਦੇ ਆਧਾਰ ਤੇ "ਸੂਰਜ ਪ੍ਰਕਾਸ਼", ਮੈਕਾਲਿਫ ਸਾਹਿਬ ਹੋਰ ਲਿਖਾਰੀਆਂ ਨੇ ਵੀ ਦਸਮ ਪਾਤਸ਼ਾਹ ਦਾ ਜਨਮ ੧੬੬੬ ਈਸਵੀ ਹੀ ਲਿਖਿਆ ਹੈ । ਪਰ ਕੁਝ ਲਿਖਾਰੀਆਂ ਤੇ ਭਟ ਵਹੀਆ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ੧੭੧੮ ਬਿਕਰਮੀ ਭਾਵ ੧੬੬੧ ਦੱਸਿਆ ਹੈ । ਜਿਆਦਾ ਪ੍ਰਚਲਤ ੧੬੬੬ ਈਸਵੀ ਹੀ ਹੈ ।

ਗੁਰੂ ਗੋਬਿੰਦ ਸਿੰਘ ਸ੍ਰੀ ਅਨੰਦਪੁਰ ਸਾਹਿਬ ਲਖਨੌਰ ਤੋਂ ਹੀ ਪੁੱਜੇ ਸਨ । ਉਨ੍ਹਾਂ ਨਾਲ ਉਸ ਵੇਲੇ ਮਾਤਾ ਗੁਜਰੀ ਜੀ ਤੇ ਮਾਮਾ ਕਿਰਪਾਲ ਚੰਦ ਸਨ । ਗੁਰੂ ਤੇਗ ਬਹਾਦਰ ਜੀ ਨਾਲ ਨਹੀਂ ਸਨ । ਉਹ ਪਹਿਲਾਂ ਅਨੰਦਪੁਰ ਪਹੁੰਚ ਚੁੱਕੇ ਸਨ ।

ਗੁਰੂ ਜੀ ਲਖਨੌਰ ਵਿਚ

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਫ਼ਰ ਦਾ ਹਾਲ ਬਚਿੱਤਰ ਨਾਟਕ ਵਿਚ ਇਸ ਤਰ੍ਹਾਂ ਲਿਖਿਆ ਹੈ :-

ਮਦ੍ਰ ਦੇਸ ਹਮ ਕੋ ਲੇ ਆਏ ॥
ਭਾਂਤਿ ਭਾਂਤਿ ਦਾਈਅਨਿ ਦੁਲ ਰਾਏ ॥
ਕੀਨੀ ਅਨਿਕ ਭਾਂਤਿ ਤਨ ਰਛਾ ॥
ਦੀਨੀ ਭਾਂਤਿ ਭਾਂਤਿ ਕੀ ਸਿਛਾ ॥
ਜਬ ਹਮ ਧਰਮ ਕਰਮ ਪੇ ਆਇ ॥
ਦੇਵ ਲੋਕ ਤਬ ਪਿਤਾ ਸਿਧਾਏ ॥

ਭਾਈ ਸੰਤੋਖ ਸਿੰਘ ਕਰਤਾ ਸੂਰਜ ਪ੍ਰਕਾਸ਼ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਲਖਨੌਰ ਦੇ ਨੇੜੇ ਪੁੱਜੇ ਤਾਂ ਗੁਰੂ ਤੇਗ ਬਹਾਦਰ ਜੀ ਨੇ ਸੁਨੇਹਾ ਭੇਜਿਆ ਤੁਸੀਂ ਲਖਨੌਰ ਰਹਿਣਾ, ਅਨੰਦਪੁਰ ਨਾ ਜਾਣਾ । ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਕੁਝ ਸਮਾਂ ਲਖਨੌਰ ਟਿਕੇ ਰਹੇ। ਪਟਨੇ ਸਾਹਿਬ ਤੋਂ ਆਉਂਦਿਆਂ ਹੋਰ ਕਿਸੇ ਥਾਂ ਤੇ ਆਪ ਐਨਾ ਸਮਾਂ ਨਹੀਂ ਰਹੇ । ਇਥੇ ਹੀ ਬਾਲਕ ਗੁਰੂ ਵਧੇ-ਫੁੱਲੇ ਤੇ ਵੱਡੇ ਹੋਏ । ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :-

ਸਾਹਿਬਜ਼ਾਦਾ ਅਬ ਲਖਨੌਰ । ਵਧਯੋ ਸਰੀਰ ਭਯੋ ਬਲ ਠੌਰ ।

ਤਵਾਰੀਖ ਗੁਰੂ ਖਾਲਸਾ ਦੇ ਕਥਨ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੇ ਅਨੰਦਪੁਰ

---

੧. ਰੀਪੋਰਟ ਆਫ ਟੂਰ ਇਨ ਪੰਜਾਬ ੧੮੭੮-੭੯ (੧੮੮੨) ਸੁਪਰਟੇਨਡੈਂਟ ਪ੍ਰਿੰਟਿੰਗ ਕਲਕੱਤਾ ਪੰਨਾ ੧੫੬

ਸਾਹਿਬ ਤੋਂ ਬਾਲਕ ਗੁਰੂ ਗੋਬਿੰਦ ਸਿੰਘ ਨੂੰ ਆਪਣੇ ਪਾਸ ਬੁਲਾਇਆ ਤੇ ਕੁਝ ਸਮਾਂ ਪਿਓ ਪੁੱਤਰ ਇਕੱਠੇ ਅਨੰਦਪੁਰ ਸਾਹਿਬ ਰਹੇ ਤੇ ਫੇਰ ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋਏ । ਜਿਸ ਦਾ ਵਰਣਨ ਗੁਰੂ ਜੀ ਨੇ ਕੀਤਾ ਹੈ :-

ਠੀਕਰ ਫੋਰ ਦਿਲੀਸ ਸਿਰ ਪ੍ਰਭ ਪੁਰ ਕਿਯਾ ਪਯਾਨ ।
ਤੇਗ ਬਹਾਦਰ ਸੀ ਕ੍ਰਿਯਾ ਕਰੀ ਨ ਕਿਨਹੂ ਆਨ ।

ਲਖਨੌਰ ਵਿਚ ਇਕ ਮਸੰਦ ਜੇਠਾ ਰਹਿੰਦਾ ਸੀ ਜਿਸ ਕੋਲ ਗੁਰ ਗੋਬਿੰਦ ਸਿੰਘ ਜੀ ਠਹਿਰੇ। ਉਹ ਹੀ ਦਿਨ ਰਾਤ ਸੇਵਾ ਕਰਦਾ ਸੀ ।

ਭੱਟਵਹੀ ਤਲੌਂਡਾ ਵਿਚ ਇਸ ਤਰ੍ਹਾਂ ਲਿਖਿਆ ਹੈ :-

"੧੭੨੭ ਬਿਕਰਮੀ ਅਸੂ ਸੁਦੀ ਨਾਵੀਂ (ਸਤੰਬਰ ੨੭, ੧੬੭੦) ਨਾਵਾਂ ਨਰਾਤਾ ਪਿਤਾ ਜੀ ਦੇ ਪਹਿਲੇ ਪਿੰਡ ਲਖਨੌਰ ਆਏ ਮੇਹਰ ਚੰਦ ਵਡੇ ਭਰਾ ਦੇ ਘਰ ਸੁਭਿਖੀ ਖੱਤਰੀ । ਭਾਈ ਮੇਹਰ ਚੰਦ ਨੇ ਦੁਸਹਿਰੇ ਵਾਲੇ ਰੋਜ਼ ਸਾਹਿਬਜ਼ਾਦਾ ਗੋਬਿੰਦ ਦਾਸ ਤੋਂ ਵਾਰਨਾ ਕੀਆ । ਜਮੁਰਦੀ ਰੰਗ ਦੀ ਪੋਸ਼ਾਕ ਪਹਿਨਾਈ । ਸਾਹਿਬਜ਼ਾਦੇ ਨੇ ਇਕ ਨਿਕਾ ਜਿਹਾ ਤੀਰ ਪਕੜ ਮੰਜੀ ਤੇ ਬੈਠ ਸੰਗਤਾਂ ਨੂੰ ਦੀਦਾਰ ਦਿਤੇ ।"

ਭੱਟ ਵਹੀ ਪਿੰਡ ਤਲੌਂਡਾ ਪਰਗਨਾ ਜੀਂਦ ਖਾਤਾ ਜਲਹਾਨੇ ਬਜਰੌਤੇ ਕਾ

(ਗਿਆਨੀ ਗਰਜਾ ਸਿੰਘ ਦੀ ਲਿਖਤ ਤੋਂ)

ਇਸ ਭੱਟ ਹੀ ਦੀ ਦਿਤੀ ਟੂਕ ਤੋਂ ਨਿਮਨ ਲਿਖਤ ਸਿੱਟੇ ਨਿਕਲਦੇ ਹਨ :-

੧. ਮਾਤਾ ਗੁਜਰੀ ਜੀ ਦੇ ਭਰਾ ਮੇਹਰਚੰਦ ਦਾ ਪੁਰਾਣਾ ਪਿੰਡ ਲਖਨੌਰ ਸੀ ਤੇ ਇਹ ਕੇਵਲ ਕੁਝ ਸਮੇਂ ਲਈ ਕਰਤਾਰ ਪੁਰ (ਜ਼ਿਲਾ ਜਲੰਧਰ) ਚਲੇ ਗਏ ਸਨ ਜਿਥੇ ਗੁਰੂ ਤੇਗ ਬਹਾਦਰ ਜੀ ਦੀ ਸ਼ਾਦੀ ਮਾਤਾ ਗੁਜਰੀ ਨਾਲ ਹੋਈ ।

੨. ਜਦੋਂ ਮਾਤਾ ਗੁਜਰੀ ਜੀ ਸਾਹਿਬਜ਼ਾਦੇ ਨੂੰ ਲੈ ਕੇ ਲਖਨੌਰ ਆਏ ਉਸ ਵੇਲੇ ਉਨ੍ਹਾਂ ਦਾ ਵਡਾ ਭਰਾ ਮੇਹਰ ਚੰਦ ਇਥੇ ਰਹਿੰਦੇ ਸੀ । ਉਨ੍ਹਾਂ ਕੋਲ ਹੀ ਠਹਰੇ । ਬਹੁਤ ਸਮੇਂ ਪਿਛੋਂ ਭੈਣ ਦਾ ਆਪਣੇ ਭਰਾ ਕੋਲ ਆਉਣਾ ਤੇ ਠਹਿਰਨਾ ਕੁਦਰਤੀ ਸੀ।

੩ ਗੁਰੂ ਗੋਬਿੰਦ ਸਿੰਘ ਜੀ ਦੇ ਮਾਮੇ ਨੇ ਗੁਰੂ ਜੀ ਨੂੰ ਪੂਰਾ ਆਦਰ ਦਿਤਾ ।

੪. ਬਾਲਾ ਪ੍ਰੀਤਮ ਗੁਰੂ ਗੋਬਿੰਦ ਸਿੰਘ ਜੀ ਨੇ ਹੱਥ ਵਿੱਚ ਤੀਰ ਪਕੜ ਕੇ ਆਪਣੀ ਵਰਯਾਮਤਾ ਤੇ ਸੂਰਮਗਤੀ ਦਾ ਸਬੂਤ ਦਿਤਾ ।

੫. ਇਸ ਟੂਕ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਲਖਨੌਰ ਆਉਣ ਦੀ ਤਾਰੀਖ ੧੭੨੭ ਬਿਕਰਮੀ ਭਾਵ ੧੬੭੦ ਈਸਵੀ ਦੱਸੀ ਹੈ ।

ਕਵੀ ਸੰਤੋਖ ਸਿੰਘ ਨੇ ਲਖਨੌਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬਾਲ ਲੀਲਾ, ਖੇਲਣਾ, ਕੂਦਣਾ ਆਦ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ.-

ਦਿਨ ਮਹਿ ਤਹਿ ਗਨ ਬਾਲਿਕ ਮੇਲ
ਵਾਹਰ ਗ੍ਰਾਮ ਢਿਗ ਖੇਲਤਿ ਖੇਲ
ਖਿੰਦੂਕ ਡੰਡਾ ਲਹਿ ਜੁਗ ਹਾਥ
ਠੋਕਾ ਦੂਰ ਦੂਰ ਕਰ ਨਾਥ
ਬਾਲਕ ਧਾਇ ਗਹੈ ਤਤਿਗੇ ਰਹਿ
ਪੁਨ ਡੰਡਾ ਹਤਿ ਕਿਦੂੰਕ ਪ੍ਰੇਰਹਿ
ਕਬਹੁ ਬ੍ਰਿਛਨ ਪਰ ਚਢਿ ਚਢਿ ਕੂਦਹਿ
ਹਾਰਹਿ ਬਾਲ ਤਾਹਿ ਦ੍ਰਿਗ ਮੂੰਦਹਿ
ਕਬਹੂ ਭਾਗ ਚਲਹਿ ਕਬ ਆਗੈ
ਅਧਿਕ ਭ੍ਰਮਾਵਹਿ ਹਾਥ ਨ ਲਾਗੈ
ਕਬ ਦੁਇ ਦਿਸ਼ਿ ਬਾਲਿਕ ਸਭ ਹੋਇ
ਖੇਲਹਿ ਪਰੇ ਬੰਧ ਕਰ ਦੋਇ
ਜੀਤ ਹਾਰ ਕੀ ਖੇਲ ਮਚਾਵਹਿ
ਧਾਵਹਿ ਏਕ ਓਜ ਕੋ ਲਾਵਹਿ
ਇਕ ਐ ਚਹਿ ਇਕ ਛੁਟ ਕਰ ਜਾਵੈਂ
ਇਕ ਲਰ ਕਰਿ ਨਿਜ ਸਦਨ ਸਿਧਾਵੈਂ
ਇਕ ਕੋਇਕ ਖੜਾਇ ਕਰ ਰੋਕਹਿ
ਇਮ ਖੇਲਤ ਜੇ ਲੋਕ ਬਿਲੋਕਹਿ
''ਕਿਸ ਛੱਤ੍ਰੀ ਕੋ ਬਾਲਕ ਅਹੈ
ਕੇ ਤਕ ਦਿਨ ਤੇ ਇਸ ਥਲ ਰਹੈ ।''੧

ਇਸ ਤਰ੍ਹਾਂ ਲਖਨੌਰ ਦੀ ਧਰਤੀ ਬਾਲਾ ਪ੍ਰੀਤਮ ਦੀਆਂ ਛੋਹਾਂ ਨਾਲ ਪਵਿੱਤਰ ਹੈ ਤੇ ਗੁਰੂ ਸਾਹਿਬ ਦੇ ਜੀਵਨ ਦੀ ਯਾਦ ਦੁਆਂਦੀ ਹੈ । ਪਰ ਸਾਡੀ ਅਨਗਹਲੀ ਕਾਰਨ ਇਹ ਨਿਕਾ ਜਿਹਾ ਪਿੰਡ ਇਕ ਪੁਰਾਣੀ ਥੇਹ ਬਨ ਕੇ ਰਹਿ ਗਇਆ ਹੈ । ਅੱਜ ਕਲ ਕੁਲ ਵਸੋਂ ਪੁੰਜੀ ਕੁ ਘਰ ਹੈ ।

੧. ਰਾਸਿ ੧੨, ਅੰਸੂ ੧੭, ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ੧੯੬੫, ਸਿੰਘ ਦਾ ੧੧ ਪੰਨਾ ੧੪੪੦

ਗਿਆਨੀ ਗਿਆਨ ਸਿੰਘ ਜੀ "ਤਵਾਰੀਖ ਗੁਰੂ ਖਾਲਸਾ" ਵਿਚ ਲਿਖਦੇ ਹਨ "ਜਦੋਂ ਪ੍ਰਗਨੇ ਦੇ ਸਿਖਾਂ ਨੂੰ ਖ਼ਬਰ ਹੋਈ ਤਾਂ ਸਾਹਿਬਜ਼ਾਦੇ ਲਈ ਬਰੀਕ ਚਾਵਲ, ਘ੍ਰਿਤ, ਮਿਸ਼ਰੀ, ਖੰਡ, ਸ਼ਕਰ, ਗੁੜ, ਅੰਨ ਬਸਤ੍ਰ, ਘੋੜੇ, ਸ਼ਸਤਰ, ਨਕਦੀ ਗੈਹਣੇ ਲੈ ਕੇ ਲਗੇ ਆਉਣ ਨਜ਼ਰ ਭੇਟ ਚੜ੍ਹਾਉਣ। ਸਾਹਿਬਜ਼ਾਦੇ ਦੀ ਸ਼ਕਤੀ ਚੇਸ਼ਟਾ ਅਕ੍ਰਿਤੀ ਨੂੰ ਦੇਖ ਦੇਖ ਸਿਆਣੇ-ਸਿਆਣੇ ਸਿੱਖ ਇਹੋ ਨਿਸਚਾ ਕਰਦੇ ਕਿ ਇਹ ਗੁਰੂ ਆਪਣੇ ਦਾਦੇ ਵਾਂਗੂ ਦੁਸ਼ਟਾਂ ਦੇ ਦੰਦ ਭੰਨਣ ਵਾਲਾ ਡਾਡਾ ਜੋਰਾਵਰ ਯੋਧਾ ਹੋਵੇਗਾ।"

ਲਖਨੌਰ ਪਿੰਡ ਵਿਚ ਖੂਹਾਂ ਦਾ ਜਲ ਖਾਰਾ ਸੀ। ਜਦੋਂ ਗੁਰੂ ਜੀ ਪਾਣੀ ਪੀਂਦੇ ਸਨ ਤਾਂ ਖਾਰਾ ਲਗਦਾ ਸੀ। ਮਾਤਾ ਜੀ ਨੇ ਪਿੰਡ ਵਾਲਿਆਂ ਕੋਲੋਂ ਪੁਛਿਆ ਕਿ ਕੋਈ ਮਿੱਠੇ ਜਲ ਦਾ ਖੂਹ ਨਹੀਂ? ਤਦ ਉਹਨਾਂ ਦਸਿਆ ਕਿ ਲਖਨੌਰ ਵਿਚ ਮਿੱਠਾ ਪਾਣੀ ਨਹੀਂ ਮਿਲਦਾ। ਮਾਤਾ ਜੀ ਨੇ ਇਕ ਪੁਰਾਣੇ ਤੇ ਢੱਠੇ ਖੂਹ ਨੂੰ ਪੁਟਵਾਇਆ ਤੇ ਉਸਦਾ ਜਲ ਮਿੱਠਾ ਨਿਕਲਿਆ। ਇਹ ਖੂਹ ਹੁਣ ਤੱਕ ਪਿੰਡ ਵਿੱਚ ਉੱਘਾ ਹੈ।

ਭੀਖਨ ਸ਼ਾਹ ਦਾ ਮਿਲਾਪ :

ਸਰਸਵਤੀ ਦੇ ਕਿਨਾਰੇ ਪ੍ਰਿਥੂਦਕ ਨਾਮੇ ਤੀਰਥ ਸੀ ਜਿਸ ਨੂੰ ਅੱਜ ਕਲ ਪਹੋਆ ਕਹਿੰਦੇ ਹਨ। ਇਸ ਤੋਂ ਤਿੰਨ ਕੋਹ ਦੀ ਵਿੱਥ ਤੇ ਸਿਆਣਾ ਪਿੰਡ ਹੈ।[1] ਇਥੇ ਫਕੀਰ ਭੀਖਨ ਸ਼ਾਹ ਰਹਿੰਦਾ ਸੀ। ਇਹ ਸਈਯਦ ਕੁੱਲ ਵਿਚੋਂ ਸੀ। ਇਨ੍ਹਾਂ ਦੇ ਬਜ਼ੁਰਗ ਕੁਹੜਾਮ ਰਹਿੰਦੇ ਸਨ। ਇਸ ਲਈ ਭਾਈ ਸੰਤੋਖ ਸਿੰਘ ਜੀ ਨੇ ਇਨ੍ਹਾਂ ਨੂੰ ਕੁਹੜਾਮ ਨਿਵਾਸੀ ਲਿਖਿਆ ਹੈ। ਭਾਈ ਕਾਹਨ ਸਿੰਘ ਦੇ ਕਥਨ ਅਨੁਸਾਰ ਇਨ੍ਹਾਂ ਦੇ ਕਈ ਨਾ ਪ੍ਰਸਿੱਧ ਸਨ। ਇਨ੍ਹਾਂ ਨੂੰ ਸ਼ਾਹ ਭੀਖ, ਭੀਖਨਸ਼ਾਹ ਤੇ ਸਈਯਦ ਭੀਖ ਵੀ ਕਿਹਾ ਜਾਂਦਾ ਸੀ। ਇਹ ਅਬੁਲ ਮੁਆਜ਼ੀ ਸ਼ਾਹ ਦੇ ਮੁਰੀਦ ਸਨ ਜੋ ਪਿਛੇ ਅੰਬਹਿਟਾ ਜ਼ਿਲਾ ਸਹਾਰਨਪੁਰ (ਉਤਰ ਪ੍ਰਦੇਸ਼) ਵਿਚ ਰਹਿੰਦੇ ਸਨ। ਭੀਖਨਸ਼ਾਹ ਨੇ ਆਪਣੀ ਉਮਰ ਦਾ ਬਹੁਤ ਹਿੱਸਾ ਪਿੰਡ ਠਸਕੇ (ਜ਼ਿਲਾ ਕਰਨਾਲ) ਰਹਿ ਕੇ ਬਿਤਾਇਆ ਸੀ। ਇਨ੍ਹਾਂ ਦੇ ਪ੍ਰੇਮ ਤੇ ਉਤਸ਼ਾਹ ਨੂੰ ਵੇਖ ਕੇ ਇਨ੍ਹਾਂ ਦੇ ਮੁਰਸ਼ਦ ਮੁਆਜ਼ੀ ਸ਼ਾਹ ਵੀ ਠਸਕੇ ਹੀ ਆ ਰਹੇ ਤੇ ਉਥੇ ਉਨ੍ਹਾਂ ਦੀ ਭੀਖਨ ਸ਼ਾਹ ਨੇ ਬਹੁਤ ਸੇਵਾ ਕੀਤੀ। ਕਿਉਂਕਿ ਭੀਖਨ ਸ਼ਾਹ ਸਈਯਦ (ਮੀਰ) ਸਨ। ਇਸ ਲਈ ਠਸਕੇ ਦਾ ਨਾਉਂ 'ਠਸਕਾ ਮੀਰਾਂ ਜੀ' ਪੈ ਗਿਆ ਸੀ। ਭੀਖਨਸ਼ਾਹ ਦੀ ਖਾਨਗਾਹ ਨਾਲ ਮੁਗਲ ਰਾਜ ਵਲੋਂ ਜਾਗੀਰ ਸੀ ਜਿਸ ਦੀ ਆਮਦਨੀ ਤਿੰਨ ਹਜ਼ਾਰ ਸਾਲਾਨਾ ਸੀ।[2]

ਭਾਈ ਕਾਹਨ ਸਿੰਘ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਆਪਣੀ ਆਤਮਕ ਸ਼ਕਤੀ ਨਾਲ ਮਾਲੂਮ ਕਰਕੇ ਭੀਖਨ ਸ਼ਾਹ ਪਟਨੇ ਸਾਹਿਬ ਪਹੁੰਚੇ ਤੇ ਦੋ ਮਟਕੀਆਂ

---

੧. ਸਿਆਣਾ ਪਿੰਡ ਤਹਸੀਲ ਕੈਂਥਲ ਜ਼ਿਲਾ ਕਰਨਾਲ ਵਿਚ ਹੈ।

੨. ਵੇਖੋ ਮਹਾਂ ਕੋਸ਼ ਭਾਈ ਕਾਹਨ ਸਿੰਘ ਨਾਭਾ।

ਗੁਰੂ ਸਾਹਿਬ ਨੂੰ ਭੇਟਾ ਕੀਤੀਆਂ । ਬਾਲ ਗੁਰੂ ਨੇ ਦੋਹਾਂ ਮਟਕੀਆਂ ਤੇ ਹੱਥ ਰੱਖਿਆ । ਮੁਰੀਦਾਂ ਦੇ ਪੁੱਛਣ ਤੋਂ ਪੀਰ ਜੀ ਨੇ ਦਸਿਆ ਕਿ ਮੈਂ ਮਲੂਮ ਕਰਨਾ ਚਾਹੁੰਦਾ ਸਾਂ ਕਿ ਇਹ ਬਲੀ ਹਿੰਦੂਆਂ ਦਾ ਪੱਖ ਕਰੇਗਾ ਜਾਂ ਮੁਸਲਮਾਨਾਂ ਦਾ । ਸੋ ਮੇਰੇ ਦਿਲ ਦੀ ਜਾਣ ਉਨ੍ਹਾਂ ਨੇ ਦੋਹਾਂ ਤੇ ਹੱਥ ਰੱਖ ਦਿਤਾ ਹੈ ਤੇ ਮੈਨੂੰ ਨਿਸਚਾ ਕਰਵਾਇਆ ਹੈ ਕਿ ਇਹ ਦੋਹਾਂ ਦਾ ਸਰਪ੍ਰਸਤ ਹੈ ।[੧]

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਇਕ ਵਾਰੀ ਸਈਯਦ ਭੀਖਨ ਸ਼ਾਹ ਆਪਣੇ ਮੁਰੀਦਾਂ ਤੋਂ ਕਾਰ ਭੇਟਾ ਲੈਂਦੇ ਹੋਏ ਸਾਹਿਬਜ਼ਾਦੇ ਕੀ ਮਹਿਮਾਂ ਸੁਣ ਕੇ ਲਖਨੌਰ ਸਾਹਿਬ ਆਏ । ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਬਾਲਕਾਂ ਦੇ ਨਾਲ ਖਿਦੋ ਖੂੰਡੀ ਖੇਡ ਰਹੇ ਸਨ । ਗੁਰੂ ਜੀ ਨੇ ਭੀਖਨ ਸ਼ਾਹ ਨੂੰ ਵਰ ਦਿਤਾ ਸੀ ਕਿ ਤੇਰੀ ਜਾਗੀਰ ਕਾਇਮ ਰਹੇਗੀ ਜੋ ਹੁਣ ਤਕ ਕਾਇਮ ਹੈ ਸਿਖ ਰਾਜ ਵੇਲੇ ਸਤਿਗੁਰਾਂ ਦੇ ਬਚਨਾਂ ਨੂੰ ਮੁਖ ਰੱਖਦਿਆਂ ਕਿਸੇ ਨੇ ਜ਼ਬਤ ਨਹੀਂ ਕੀਤੀ ।[੨]

ਗਿਆਨੀ ਗਿਆਨ ਸਿੰਘ ਤੇ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਬਾਲਕਾਂ ਨਾਲ ਖੇਡ ਰਹੇ ਸਨ ਤਾਂ ਇਕ ਪੀਰ ਆਰਫ ਪਾਲਕੀ ਤੇ ਲੰਘ ਰਿਹਾ ਸੀ । ਪਾਲਕੀ ਤੋਂ ਉਤਰ ਬੈਠਾ ਤੇ ਗੁਰੂ ਜੀ ਨੂੰ ਸਿਜਦਾ ਕੀਤਾ ਤੇ ਇਕਾਂਤ ਵਿਚ ਕੁਝ ਬਚਨ ਬਿਲਾਸ ਕੀਤੇ । ਗੁਰਦਵਾਰਾ ਲਖਨੌਰੀ ਸਾਹਿਬ ਦੇ ਇਤਿਹਾਸ ਵਿਚ ਲਿਖਿਆ ਹੈ ਕਿ ਪੀਰ ਆਰਫ ਦੀਨ ਕਾਬਲ ਦੇ ਰਹਿਣ ਵਾਲੇ ਸਨ ਤੇ ਕੋਟ ਕਛੂਏ ਆਪਣੇ ਮੁਰੀਦ ਨਵਾਬ ਕੋਲ ਆਏ ਹੋਏ ਸਨ ।

ਗੁਰੂ ਜੀ ਲਖਨੌਰ ਦੇ ਇਲਾਕੇ ਵਿਚ

ਪੰਡਤ ਤਾਰਾ ਸਿੰਗ ਨਰੋਤਮ ਦੇ ਕਥਨ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਲਖਨੌਰ ਰਹਿ ਕੇ ਨਿਮਨ ਲਿਖਤ ਥਾਵਾਂ ਤੇ ਗਏ ਜਿਥੇ ਉਨ੍ਹਾਂ ਦੀ ਯਾਦ ਵਿੱਚ ਗੁਰਦਵਾਰੇ ਬਣੇ ਹੋਏ ਹਨ । ਪੰਡਤ ਤਾਰਾ ਸਿੰਘ ਜੀ ਲਿਖਦੇ ਹਨ:-

੧. 'ਰਾਣੇ ਮਾਜਰਾ-ਲਖਨੌਰ ਸੇ ਦਸ ਕੋਸ ਉਤਰ, ਗੁਰੂ ਜੀ ਲਖਨੌਰ ਸੇ ਸ਼ਿਕਾਰ ਖੇਲਨੇ ਗਏ, ਠਹਿਰੇ ।'

'ਸੂਲਰ ਗਰਾਮ-ਲਖਨੌਰ ਸੇ ਛੇ ਕੋਸ ਪੱਛਮ-ਈਹਾ ਭੀ ਗੁਰੂ ਜੀ ਲਖਨੌਰ ਸੇ ਹੀ ਆਏ ।'

'ਮਰਦੋ ਗਰਾਮ-ਲਖਨੌਰ ਸੇ ਦੋ ਕੋਸ-ਈਹਾ ਗੁਰੂ ਜੀ ਲਖਨੌਰ ਰਹਿਤੇ ਗਏ ।'

---

੧. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ੧੧, ਪੰਨਾ ੪੪੩੯

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ੧੨, ਅੰਸੂ ੫੭ ਜਿਲਦ ੧੧, ਪੰਨਾ ੪੪੩੮-੩੯ ਗਿਆਨੀ ਗਿਆਨ ਸਿੰਘ ਨੇ ਇਹ ਹੀ ਵਾਰਤਾ ਪੀਰ ਆਰਫ ਦੀਨ ਦੇ ਨਾਂ ਨਾਲ ਜੋੜੀ ਹੈ ਪਰ ਇਹ ਨਹੀਂ ਦਸਿਆ ਕਿ ਆਰਫਦੀਨ ਕੌਣ ਸਨ । ਭਾਈ ਕਾਹਨ ਸਿੰਘ ਤੇ ਭਾਈ ਸੰਤੋਖ ਸਿੰਘ ਨੇ ਭੀਖਨਸ਼ਾਹ ਲਿਖਿਆ ਹੈ ਜੋ ਠੀਕ ਪ੍ਰਤੀਤ ਹੁੰਦਾ ਹੈ ।

੨. ਤਵਾਰੀਖ ਗੁਰੂ ਖਾਲਸਾ, ਹਿਸਾ ਤੀਜਾ-ਸੰਨ ੧੯੫੬ ਪੰਨਾ ੧੪੪੪

'ਭਾਣੇ ਖੇੜੀ-ਈਹਾ ਵੀ ਲਖਨੌਰ ਸੇ ਗਏ।'

'ਅੰਬਾਲਾ ਸ਼ਹਿਰ-ਈਹਾ ਵੀ ਲਖਨੌਰ ਸੇ ਸੈਰ ਕਰਨੇ ਆਏ।''

ਭਾਈ ਕਾਹਨ ਸਿੰਘ ਇਨ੍ਹਾਂ ਪਿੰਡਾਂ ਦੇ ਗੁਰਦਵਾਰਿਆਂ ਦਾ ਇਸ ਤਰ੍ਹਾਂ ਵੇਰਵਾ ਦੇਂਦੇ ਹਨ:-

''ਰਾਣੇ ਮਾਜਰਾ-ਰਿਆਸਤ ਨਜ਼ਾਮਤ ਪਟਿਆਲਾ ਤਹਿਸੀਲ ਰਾਜਪੁਰਾ ਥਾਨਾ ਲਾਲੜੂ ਦਾ ਪਿੰਡ ਜੋ ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਨੌਂ ਮੀਲ ਪੂਰਵ ਹੈ। ਇਸ ਪਿੰਡ ਤੋਂ ਉਤਰ ਵੱਲ ਪਾਸੇ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦਵਾਰਾ ਹੈ ਗੁਰੂ ਸਾਹਿਬ ਲਖਨੌਰ ਤੋਂ ਪ੍ਰੇਮੀਆਂ ਦੀ ਪ੍ਰੇਰਨਾ ਕਰਕੇ ਇਥੇ ਵਿਰਾਜੇ ਸਨ।

''ਸੂਲਰ-ਜ਼ਿਲਾ ਤਹਿਸੀਲ ਤੇ ਥਾਨਾ ਅੰਬਾਲਾ ਵਿੱਚ ਇਕ ਪਿੰਡ ਹੈ ਜਿਸ ਤੋਂ ਉਤਰ ਵੱਲ ਇਕ ਫਰਲਾਂਗ ਤੋਂ ਘਟ ਦੂਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦਵਾਰਾ ਹੈ। ਗੁਰੂ ਜੀ ਲਖਨੌਰ ਤੋਂ ਸੰਗਤਾਂ ਨੂੰ ਕਿਰਤਾਰਥ ਕਰਨ ਇਥੇ ਠਹਿਰੇ ਸਨ।

''ਮਰਦੋ-ਜ਼ਿਲੇ ਤਹਿਸੀਲ ਤੇ ਥਾਨਾ ਅੰਬਾਲਾ ਵਿਚ ਇਕ ਪਿੰਡ ਜੋ ਰੇਲਵੇ ਸਟੇਸ਼ਨ ਮੋਹੜੀ ਤੋਂ ਤਿੰਨ ਮੀਲ ਦੱਖਣ ਪੱਛਣ ਅਤੇ ਅੰਬਾਲਾ ਛਾਉਣੀ ਤੋਂ ਚਾਟ ਮੀਲ ਹੈ। ਇਸ ਪਿੰਡ ਤੋਂ ਉਤਰ ਪੂਰਵ ਇਕ ਫਰਲਾਂਗ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦਵਾਰਾ ਹੈ। ਗੁਰੂ ਜੀ ਲਖਨੌਰ ਤੋਂ ਇਥੇ ਲੋਕਾਂ ਦੇ ਉਧਾਰ ਲਈ ਆਏ । ਪਹਿਲਾਂ ਇਥੇ ਗੁਰੂ ਤੇਗ ਬਹਾਦਰ ਜੀ ਨੇ ਚਰਨ ਪਾਏ ਸਨ। ਨੌਵੇਂ ਗੁਰੂ ਜੀ ਦਾ ਦਰਬਾਰ ਤੇ ਦਸਮ ਪਾਤਸ਼ਾਹ ਦਾ ਮੰਜੀ ਸਾਹਿਬ ਗੁਰਦਵਾਰਾ ਹੈ।''

''ਭਾਣੋ ਖੇੜੀ-ਜ਼ਿਲਾ ਤਹਿਸੀਲ ਥਾਨਾ ਅੰਬਾਲਾ ਵਿਚ ਇਕ ਪਿੰਡ ਜੋ ਰੇਲਵੇ ਸਟੇਸ਼ਨ ਅੰਬਾਲਾ ਛਾਵਨੀ ਤੋਂ ਚਾਰ ਮੀਲ ਦੱਖਣ ਪੱਛਮ ਹੈ। ਇਸ ਪਿਛੋਂ ਤੋਂ ਉਤਰ ਪੱਛਣ ਪਾਸ ਹੀ ਗੁਰੂ ਗੋਬਿੰਦ ਸਿੰਘ ਬਿਰਾਜੇ ਸਨ। ਕੱਚਾ ਮੰਜੀ ਸਾਹਿਬ ਬਣਿਆ ਹੋਇਆ ਹੈ। ਵੀਹ ਵਿਘੇ ਜ਼ਮੀਨ ਪਿੰਡ ਵਲੋਂ ਲਗੀ ਹੈ।''

''ਅੰਬਾਲਾ ਸ਼ਹਿਰ-ਸ਼ਹਿਰ ਤੋਂ ਵਾਯਵੀ ਲਭ ਵਾਲੇ ਤਾਲਾਬ ਦੇ ਕਿਨਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦਵਾਰਾ ਹੈ ਗੁਰੂ ਜੀ ਲਖਨੌਰ ਤੋਂ ਸੈਰ ਤੇ ਸ਼ਿਕਾਰ ਲਈ ਇਥੇ ਬਿਰਾਜੇ ਸਨ। ਗੁਰਦੁਆਰਾ ਛੋਟਾ ਜਿਹਾ ਬਹੁਤ ਚੰਗਾ ਬਣਿਆ ਹੋਇਆ ਹੈ। ਗੁਰਦਵਾਰੇ ਨਾਲ ਇਕ ਜ਼ਮੀਨ ਦਾ ਟੁਕੜਾ ਹੈ ਜੋ ਸ: ਗੁਰਬਖਸ਼ ਸਿੰਘ ਨੇ ਦਿੱਤਾ ਹੈ। ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਅਧ ਮੀਲ ਤੇ ਹੈ।''

ਉਪਰੋਕਤ ਪਿੰਡਾਂ ਤੋਂ ਸਿਵਾਏ ਭਾਈ ਸੰਤੋਖ ਸਿੰਘ ਨਨਹੇੜੀ ਤੇ ਉਸਥਲਾ ਪਿੰਡਾਂ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਜਾਣਾ ਦਸਦੇ ਹਨ। ਨਨਹੇੜੀ ਦਾ ਮਸੰਦ ਘੋਘਾ ਸ੍ਰੀ ਗੁਰੂ ਤੇਗ

ਬਹਾਦਰ ਜੀ ਤੋਂ ਬੇਮੁਖ ਹੋ ਗਿਆ ਸੀ । ਗੁਰੂ ਗੋਬਿੰਦ ਸਿੰਘ ਜੀ ਲਖਨੌਰ ਆਏ ਤਾਂ ਘੋਘੇ ਕਈ ਵਾਰੀ ਬੇਨਤੀ ਕੀਤੀ ਕਿ ਨਨਹੇੜੀ ਦਾ ਪਾਣੀ ਬਹੁਤ ਸਵਾਦੀ ਤੇ ਨਰੋਆ ਹੈ ਆਪ ਉਥੇ ਚਲ ਕੇ ਸੰਗਤਾਂ ਨੂੰ ਕਿਰਤਾਰਥ ਕਰੋ । ਸੋ ਗੁਰੂ ਜੀ ਇਕ ਦਿਨ ਨਨਹੇੜੀ ਗਏ । ਪਰ ਜਦੋਂ ਆਪ ਜੀ ਨੂੰ ਘੋਘੇ ਦੇ ਕਪਟ ਦਾ ਪਤਾ ਲਗਾ ਤਾਂ ਆਪ ਫੌਰਨ ਅੰਬਾਲੇ ਵਲ ਆ ਗਏ ਤੇ ਫੇਰ ਲਖਨੌਰ ਵਾਪਸ ਮੁੜ ਗਏ । ਇਕ ਦਿਨ ਭੂਸਥਲੇ ਪਿੰਡ ਦੀ ਥਾਂ ਤੇ ਗਏ ਤੇ ਲੁਖੀ ਪਿੰਡ ਵਾਲੇ ਰਾਜਪੂਤ ਵੀ ਸ਼ਿਕਾਰ ਖੇਡਦੇ-ਖੇਡਦੇ ਉਥੇ ਆ ਪੁੱਜੇ । ਉਨ੍ਹਾਂ ਨੇ ਆਪਣੇ ਪੀਰ ਭੀਖਨ ਸ਼ਾਹ ਤੋਂ ਗੁਰੂ ਜੀ ਦੀ ਮਹਿਮਾ ਸੁਣੀ ਹੋਈ ਸੀ । ਇਸ ਕਰਕੇ ਉਨ੍ਹਾਂ ਨੇ ਪੰਜ ਤੀਰ ਤੇ ਇਕ ਸ਼ਿਕਰਾ ਅਰਪਨ ਕੀਤਾ। ਗੁਰੂ ਸਾਹਿਬ ਨੇ ਕਿਹਾ "ਅਬਾਦ ਰਹੋ ।" ਇਸ ਤਰ੍ਹਾਂ ਉਨ੍ਹਾਂ ਦੀ ਜਾਗੀਰ ਸਿਖ ਰਾਜ ਵੇਲੇ ਤਕ ਕਾਇਮ ਰਹੀ ਤੇ ਸਿਖ ਰਾਜ ਵੇਲੇ ਵੀ ਖੋਹੀ ਨਹੀਂ ਗਈ ।

ਲਖਨੌਰ ਵਿਚ ਜਿਨ੍ਹਾਂ ਚਿਰ ਗੁਰੂ ਜੀ ਰਹੇ ਫਕੀਰ, ਸਾਧ, ਸੰਤ, ਆਪ ਨੂੰ ਆ ਕੇ ਮਿਲਦੇ ਰਹੇ । ਲਖਨੌਰ ਸਾਹਿਬ ਦੇ ਪ੍ਰਧਾਨ ਸੰਤ ਗੁਰਚਰਨ ਸਿੰਘ ਦੱਸਦੇ ਹਨ ਕਿ ਅੰਬਾਲੇ ਦੇ ਦੋ ਫਕੀਰ ਅਲੀ ਸ਼ਾਹ ਤੇ ਮੁਹੰਮਦ ਸ਼ਾਹ ਆਪ ਨੂੰ ਲਖਨੌਰ ਮਿਲਣ ਆਏ ਤੇ ਸ਼ੇਰ ਮੁਹੰਮਦ ਸ਼ੇਰ ਸਡੌਰਾਂ ਤੋਂ ਸ਼ਾਹਬਾਦ ਹੁੰਦਾ ਹੋਇਆ ਲਖਨੌਰ ਆਇਆ । ਏਥੋਂ ਦੇ ਦੋ ਫਕੀਰ ਹੋਰ ਸਨ ਜਿਨ੍ਹਾਂ ਦੇ ਨਾਂ ਸ਼ਫੀਰ ਮੁਹੰਮਦ ਤੇ ਅਬਦਲ ਗਫੂਰ ਸਨ । ਕੋਟ ਕਛੂਵੇ ਤੋਂ ਇਕ ਫਕੀਰ ਰਹਿਮਤ ਅਲੀ ਵੀ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਲਖਨੌਰ ਆਇਆ ।

ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਭੰਗਾਣੀ ਦੇ ਯੁੱਧ ਪਿਛੋਂ ਫੇਰ ਲਖਨੌਰ ਆਏ ਤੇ ਉਸ ਵੇਲੇ ਪੀਰ ਬੁਧੂ ਸ਼ਾਹ ਸਢੌਰਾ ਉਨ੍ਹਾਂ ਦੇ ਨਾਲ ਸੀ ।

ਅਖੀਰ ਜਦੋਂ ਗੁਰੂ ਤੇਗ ਬਹਾਦਰ ਜੀ ਦੀ ਆਗਿਆ ਮਿਲ ਗਈ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਜੀ ਨਾਲ ਤੇ ਮਾਮਾ ਕਿਰਪਾਲ ਜੀ ਨਾਲ ਅਨੰਦਪੁਰ ਸਾਹਿਬ ਨੂੰ ਕੂਚ ਕੀਤਾ। ਲਖਨੌਰ ਤੋਂ ਪਹਿਲਾਂ ਡੇਰਾ ਰਾਣੋ ਮਾਜਰਾ ਤੇ ਫੇਰ ਅਨੰਦਪੁਰ ਕਲੌੜ ਤੇ ਫੇਰ ਰੋਪੜ ਪਹੁੰਚ ਗਏ। ਰੋਪੜ ਤੋਂ ਕੀਰਤਪੁਰ ਤੇ ਫੇਰ ਅਨੰਦਪੁਰ ਸਾਹਿਬ ਪਹੁੰਚ ਗਏ ।

ਲਖਨੌਰ ਸਾਹਿਬ ਸਿੱਖ ਮਿਸਲਾਂ ਦੇ ਸਮੇਂ ਵਿਚ

ਸੰਨ ੧੭੦੮ ਈਸਵੀ ਦਸਮ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਪਿਛੋਂ ਬੰਦਾ ਬਹਾਦਰ ਦੀਆਂ ਫੌਜਾਂ ਲਖਨੌਰ ਸਾਹਿਬ ਦੇ ਕੋਲੋਂ ਸ਼ਾਹਬਾਦ ਤੋਂ ਹੋ ਕੇ ਲੰਘੀਆਂ ।੧੭੬੩ ਈਸਵੀ ਵਿਚ ਸਿੰਘਾਂ ਦੇ ਸਭ ਜਥਿਆਂ ਨੇ ਅਰਦਾਸੇ ਸੋਧ ਕੇ ਸਰਹਿੰਦ ਤੇ ਹੱਲਾ ਬੋਲ ਦਿਤਾ ਤੇ ਜੈਨ ਖਾਂ ਨੂੰ ਮਾਰ ਦਿਤਾ । ਸਰਹਿੰਦ ਤੇ ਕਬਜ਼ਾ ਕਰ ਲਿਆ ਤੇ ਉਰਾਰ ਸਤਲੁਜ ਦੇ ਸਭ ਇਲਾਕੇ ਵੱਖ-ਵੱਖ ਸਰਦਾਰਾਂ ਨੇ ਮੱਲ ਲਏ । ਇਸ ਤਰ੍ਹਾਂ ਅਫਗਾਨਾ ਦਾ ਰਾਜ ਨਸ਼ਟ ਹੋ ਗਿਆ । ਤੇ ਸਿਖ ਰਾਜ ਦਾ ਅਰੰਭ ਹੋਇਆ । ਸਿਖ ਸਰਦਾਰਾਂ ਨੇ ਪਿੰਡ ਪਿੰਡ ਫਿਰ ਲਿਆ ਤੇ ਪਿੰੜ ਮਲਣ ਲਈ ਹਰ ਪਿੰਡ ਵਿਚ ਆਪਣੀ ਨਿਸ਼ਾਨੀ ਦੇਂਦੇ ਗਏ-ਕਿਸੇ ਪਿੰਡ ਵਿਚ ਢਾਲ ਕਿਸੇ ਵਿਚ ਤਲਵਾਰ

ਕਿਸੇ ਵਿਚ ਲੱਕ ਬਧੀ ਪੇਟੀ ਕਿਸੇ ਥਾਂ ਕੋਈ ਕੱਪੜਾ । ਜਿਹੜਾ ਸਰਦਾਰ ਪਹਿਲਾਂ ਨਿਸ਼ਾਨੀ ਦੇ ਜਾਂਦੇ ਉਸ ਦਾ ਪਿੰਡ ਸਮਝਿਆ ਜਾਂਦਾ ਸੀ । ਲਖਨੌਰ ਸਾਹਿਬ ਤੇ ਅੰਬਾਲੇ ਦਾ ਇਲਾਕਾ ਪਹਿਲਾਂ ਭਾਈ ਸੰਗਤ ਸਿੰਘ ਜਿਤਕੇ ਤੇ ਆਪਣੇ ਰਿਸ਼ਤੇਦਾਰ ਸਰਦਾਰ ਧਿਆਨ ਸਿੰਘ ਨੂੰ ਦੇ ਦਿੱਤਾ । ਆਪ ਫਿਰੋਜ਼ਪੁਰ ਜ਼ਿਲੇ ਵਿਚ ਸਿੰਘ ਵਾਲੇ ਪਿੰਡ ਚਲਿਆ ਗਿਆ ਤੇ ਉਥੇ ਉਸ ਦਾ ਦੇਹਾਂਤ ਹੋ ਗਿਆ । ਸਰਦਾਰ ਧਿਆਨ ਸਿੰਘ ਦਾ ਵੀ ਇਸ ਇਲਾਕੇ ਵਿਚ ਜੀਅ ਨ ਲਗਾ । ਉਹ ਅੰਬਾਲਾ ਲਖਨੌਰ ਤੇ ਹੋਰ ਪਿੰਡਾਂ ਵਿੱਚ ਆਪਣੇ ਦੋ ਥਾਨੇਦਾਰ-ਸਰਦਾਰ ਗੁਰਬਖਸ਼ ਸਿੰਘ ਤੇ ਸਰਦਾਰ ਲਾਲ ਸਿੰਘ-ਨੀਅਤ ਕਰਕੇ ਚਲਿਆ ਗਿਆ । ਇਨ੍ਹਾਂ ਦੋਹਾਂ ਨੇ ਇਲਾਕੇ ਦਾ ਚੰਗਾ ਪ੍ਰਬੰਧ ਕੀਤਾ। ਸਰਦਾਰ ਲਾਲ ਸਿੰਘ ਨੇ ਪਟਿਆਲੇ ਦੀ ਹੱਦ ਤੇ ਮਹਾਰਾਜਾ ਅਮਰ ਸਿੰਘ ਦਾ ਟਾਕਰਾ ਕਰਨ ਲਈ ਕਿਲਾ ਬਨਵਾਇਆ ਜਿਸ ਦਾ ਨਾਂ ਜਮੀਅਤ ਗੜ ਰੱਖਿਆ । ਕੁਝ ਸਮੇਂ ਪਿਛੋਂ ਲਾਲ ਸਿੰਘ ਗੁਜਰ ਗਿਆ ਤੇ ਗੁਰਬਖਸ਼ ਸਿੰਘ ਸਾਰੇ ਇਲਾਕੇ ਦਾ ਮਾਲਕ ਬਣ ਗਿਆ।

ਸਰਦਾਰ ਗੁਰਬਖਸ਼ ਸਿੰਘ ਨੇ ਗੁਰਦੁਆਰਾ ਲਖਨੌਰ ਸਾਹਿਬ ਨੂੰ ਬਨਵਾਇਆ । ਮੌਜੂਦਾ ਪ੍ਰਭਵਾਸ਼ਾਲੀ ਇਮਾਰਤ ਸਰਦਾਰ ਗੁਰਬਖਸ਼ ਸਿੰਘ ਦੀ ਬਣਵਾਈ ਹੋਈ ਹੈ । ਕਹਿੰਦੇ ਹਨ ਕਿ ਉਸ ਨੇ ਕੋਟ ਕਛੂਆ ਦੇ ਨਵਾਬਾਂ ਦੀ ਹਵੇਲੀ ਦਾ ਕੁਝ ਸਮਾਨ ਇਸ ਇਮਾਰਤ ਬਣਾਉਣ ਵਿੱਚ ਲਾਇਆ । ਪ੍ਰਕਾਸ਼ ਅਸਥਾਨ ਦੀ ਉਚੇਰੀ ਥਾਂ ਬਾਹਰਲਾ ਦਰਵਾਜਾ ਇਕ ਪੁਰਾਣੇ ਕਿਲੇ ਵਾਂਗੂੰ ਨਜ਼ਰੀ ਪੈਂਦੇ ਹਨ । ਅੰਦਰਲਾ ਗੁਬੰਦ ਤੇ ਚਾਰ ਗੁਠਾਂ ਦੇ ਛੋਟੇ ਗੁਬੰਦ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਗੁਬੰਦਾਂ ਵਾਂਗੂੰ ਸਿਖ ਆਰਟ ਦਾ ਨਮੂਨਾ ਪੇਸ਼ ਕਰਦੇ ਹਨ । ਇਹ ਪ੍ਰਕਾਸ਼ ਅਸਥਾਨ ਵਾਲੇ ਗੁਬੰਦ ਤਕ ਪਹੁੰਚਮ ਲਈ ਬੱਤੀ ਤੇਤੀ ਪੌੜੀਆਂ ਚੜ੍ਹਨੀਆਂ ਪੈਂਦੀਆਂ ਹਨ । ਦੂਰੋਂ ਇਸ ਗੁਬੰਦ ਦਾ ਦ੍ਰਿਸ਼ਯ ਬਹੁਤ ਸੁਹਾਵਨਾ ਤੇ ਰਮਣੀਕ ਨਜ਼ਰ ਆਉਂਦਾ ਹੈ ।

ਸਰਦਾਰ ਗੁਰਬਖਸ਼ ਸਿੰਘ ਦੇ ਮਹਾਰਾਜਾ ਅਮਰ ਸਿੰਘ ਪਟਿਆਲਾ ਨਾਲ ਸੰਬੰਧ ਚੰਗੇ ਨਹੀਂ ਸਨ । ਇਸ ਦੇ ਕਈ ਕਾਰਨ ਸਨ । ਮਹਾਰਾਜ ਅਮਰ ਸਿੰਘ ਪਟਿਆਲੇ ਰਾਜ ਦੇ ਆਲੇ-ਦੁਆਲੇ ਦਾ ਇਲਾਕਾ ਜਿਤਨਾ ਚਾਹੁੰਦਾ ਸੀ ਤੇ ਗਰੀਬ ਦਾਸ ਮਨੀ ਮਾਜਰਾ, ਸਰਦਾਰ ਹਰੀ ਸਿੰਘ ਸਿਆਲਬਾ ਤੇ ਰੋਪੜ ਅਤੇ ਸਰਦਾਰ ਗੁਰਬਖਸ਼ ਸਿੰਘ ਅੰਬਾਲੇ ਵਾਲੇ ਮਿਲਕੇ ਪਟਿਆਲੇ ਦੀ ਇਸ ਇਲਾਕੇ ਦੀ ਜਿੱਤਣ ਦੀ ਪਾਲਸੀ ਦੀ ਵਿਰੋਧਤਾ ਕਰਦੇ ਸਨ ।੧੭੭੮ ਈਸਵੀ ਵਿੱਚ ਮਹਾਰਾਜਾ ਅਮਰ ਸਿੰਘ ਨੇ ਫੇਰ ਮਨੀ ਮਾਜਰਾ ਜਿੱਤ ਲਿਆ । ਗਰੀਬ ਦਾਸ ਨੂੰ ਭਾਜ ਦੇਣ ਪਿਛੋਂ ਉਹ ਸਿਆਲਬੇ ਵੱਲ ਵਧਿਆ । ਸਿਆਲਬੇ ਤੇ ਰੋਪੜ ਦੇ ਸ. ਹਰੀ ਸਿੰਘ ਨੇ ਆਪਣੇ ਮਿੱਤਰ ਸਰਦਾਰਾਂ ਨੂੰ ਮਦਦ ਲੀ ਸਦ ਲਿਆ । ਸਰਦਾਰ ਜੱਸਾ ਸਿੰਘ ਰਾਮਗੜੀਆ, ਦੀਵਾਨ ਸਿੰਘ ਲਾਡੋ-ਵਾਲੀਆ, ਕਰਮ ਸਿੰਘ ਸ਼ਹੀਦ ਤੇ ਗੁਰਬਖਸ਼ ਸਿੰਘ ਅੰਬਾਲੇ ਵਾਲੇ ਦੀ ਸਹਾਇਤਾ ਨਾਲ ਹਰੀ ਸਿੰਘ ਨੇ ਮਹਾਰਾਜਾ ਅਮਰ ਸਿੰਘ ਨੂੰ ਭਾਜ ਦਿਤੀ[1] । ਇਸ ਲੜਾਈ ਤੋਂ ਛੇਤੀ ਹੀ ਪਿਛੋਂ

1. ਰਾਜਾ ਆਫ ਪੰਜਾਬ, ਜੇਮਲ ਗ੍ਰਿਫਨ, ਪੰਨਾ ੪-੪੧

੧੭੮੩ ਈਸਵੀ ਵਿਚ ਗੁਰਬਖਸ਼ ਸਿੰਘ ਦਾ ਦਿਹਾਂਤ ਹੋ ਗਿਆ। ਗੁਰਬਖਸ਼ ਸਿੰਘ ਦੀ ਸਰਦਾਰਨੀ ਦਇਆ ਕੌਰ ਨੇ ਜਾਗੀਰ ਦਾ ਪ੍ਰਬੰਧ ਆਪਣੇ ਹੱਥ ਲਿਆ। ਲੇਪਲ ਗ੍ਰਿਫਨ ਦੇ ਕਥਨ ਅਨੁਸਾਰ ਸਰਦਾਰਨੀ ਦਇਆ ਕੌਰ ਇਕ ਬਹੁਤ ਹੀ ਵਧੀਆ ਪ੍ਰਬੰਧਕ ਸੀ ਤੇ ਉਸ ਨੇ ਆਪਣੀ ਰਿਆਸਤ ਦਾ ਉਰਾਰ ਸਤਲੁਜ ਦੀਆਂ ਸਾਰੀਆਂ ਰਿਆਸਤਾਂ ਨਾਲੋਂ ਕਿਤੇ ਵਧੀਆ ਪ੍ਰਬੰਧ ਕੀਤਾ ਹੋਇਆ ਸੀ।

"She was an excellent ruler and her estate was one of the best managed in the protected territory."[1]

ਲਖਨੌਰ ਸਾਹਿਬ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ

ਉਨਵੀਂ ਸਦੀ ਦੇ ਅਰੰਭ ਵਿਚ ਮਹਾਰਾਜਾ ਰਣਜੀਤ ਸਿੰਘ ਛੋਟੀ ਰਜਵਾੜਾ ਸ਼ਾਹੀ ਨੂੰ ਖਤਮ ਕਰਕੇ ਇਕ ਵੱਡਾ ਸ਼ਕਤੀਸ਼ਾਲੀ ਰਾਜ ਅਸਥਾਪਤ ਕਰਨਾ ਚਾਹੁੰਦਾ ਸੀ। ਇਸ ਆਸ਼ੇ ਅਨੁਸਾਰ ਉਸ ਨੇ ਉਰਾਰ ਸਤਲੁਜ ਦੀਆਂ ਸਿੱਖ ਰਿਆਸਤਾਂ ਨੂੰ ਆਪਣੇ ਨਾਲ ਮਿਲਾਉਣ ਦਾ ਯਤਨ ਕੀਤਾ। ਜਦੋਂ ਆਖਰੀ ਵਾਰੀ ਮਹਾਰਾਜਾ ਰਣਜੀਤ ਸਿੰਘ ੧੮੦੮ ਈਸਵੀ ਦੇ ਅੰਤ ਵਿਚ ਹਿਠਾੜ ਸਤਲੁਜ ਦੇ ਇਲਾਕੇ ਵਿੱਚ ਆਇਆ ਤਾਂ ਉਸ ਨੇ ਬਹੁਤ ਸਾਰੇ ਇਲਾਕੇ ਜਿਤੇ ਜਿਨ੍ਹਾਂ ਵਿੱਚ ਫਰੀਦਕੋਟ ਤੇ ਅੰਬਾਲਾ ਸਨ। ਸਰਦਾਰਨੀ ਦਇਆ ਕੌਰ ਦਾ ਇਲਾਕਾ ਖੋਹਣ ਨਾਲ ਲਖਨੌਰ ਸਾਹਿਬ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਹੋ ਗਿਆ। ਮਹਾਰਾਜ ਰਣਜੀਤ ਸਿੰਘ ਨੇ ਲਖਨੌਰ ਸਾਹਿਬ ਨੂੰ ਇਲਾਕੇ ਦਾ ਵਿਸ਼ੇਸ਼ ਅਸਥਾਨ ਸਮਝ ਕੇ ਰਾਜਸੀ ਮਹਾਨਤਾ ਦਿਤੀ ਤੇ ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲੇ ਤੇ ਰਾਜਾ ਭਾਗ ਸਿੰਘ ਤੇ ਸਰਦਾਰ ਫਤੇਹ ਸਿੰਘ ਆਹਲੂਵਾਲੀਏ ਨੂੰ ਲਖਨੌਰ ਸਾਹਿਬ ਸਦਿਆ, ਅਤੇ ਇਸੇ ਅਸਥਾਨ ਤੇ ਆਉਣ ਲਈ ਮਹਾਰਾਜਾ ਸਾਹਿਬ ਸਿੰਘ ਪਟਿਆਲਾ ਵਾਲੇ ਨੂੰ ਸਦਾ ਪੱਤਰ ਭੇਜਿਆ।

ਮਹਾਰਾਜਾ ਰਣਜੀਤ ਸਿੰਘ ਤੇ ਵਾਲੀਏ ਪਟਿਆਲਾ ਸਾਹਿਬ ਸਿੰਘ ਦੀ ਮੁਲਾਕਾਤ ਦਾ ਹਾਲ ਖਲੀਫਾ ਸਈਯਦ ਮੁਹੰਮਦ ਹੁਸੈਨ ਨੇ ਆਪਣੀ ਕਿਤਾਬ "ਤਾਰੀਖ ਪਟਿਆਲਾ" ਵਿਚ ਇਸ ਤਰ੍ਹਾਂ ਲਿਖਿਆ ਹੈ :-

"ਮਗਰ ਅਬ ਦੁਬਾਰਾ ਸ਼ਾਹਬਾਦ ਕੇ ਮੁਕਾਮ ਪਰ ਆਪਣੇ ਮਾਮੂ ਰਾਜਾ ਭਾਗ ਸਿੰਘ ਵਾਲੀਏ ਜੀਂਦ ਔਰ ਆਪਣੇ ਮੁਹਤਮਿਦ ਸਰਦਾਰ ਮਿਤ ਸਿੰਘ ਪਧਾਨੀਆ ਹਮਾਰੇ ਅਹਿਲਕਾਰ ਸਰਦਾਰ ਚੈਨ ਸਿੰਘ ਕੋ ਮਹਾਰਾਜ ਕੇ ਪਾਸ ਭੇਜਾ ਔਰ ਕਹਾ ਕਿ ਲਖਨੌਰ ਕੇ ਮੁਕਾਮ ਮੁਲਾਕਾਤ ਹੋ ਤੋ ਹਛਾ ਹੈ। ਮਹਾਰਾਜਾ ਸਾਹਿਬ ਸਿੰਘ) ਨੇ ਅਵੱਲ ਵਹਾਂ ਜਾਣੇ ਮੇਂ ਪਸੋ ਪੇਸ਼ ਕੀ ਔਰ ਚਾਰ ਪਾਂਚ ਰੋਜ਼ ਤੋ ਲਾਹਲ ਮੇਂ ਰੱਖਾ ਮਗਰ ਆਖਰ ਲੋਗੋਂ ਨੇ ਸਮਝਾਇਆ ਕਿ ਜਬ ਨਵਾਬ ਗਵਰਨਰ ਜਨਰਲ ਬਹਾਦਰੇ ਹਿੰਦ ਕਾ ਵਕੀਲ ਉਨ ਸੇ (ਮਹਾਰਾਜਾ ਰਣਜੀਤ ਸਿੰਘ ਸੇ) ਮੁਲਾਕਾਤ ਕਰਨੇ

1. Rajas of the Punjab-London-1873, Page 93.

ਔਰ ਦੋਸਤੀ ਕਾਇਮ ਰੱਖਨੇ ਕੇ ਵਾਸਤੇ ਉਨ ਕੇ ਪਾਸ ਆਇਆ ਹੈ ਤੋ ਆਪ ਕੋ ਇਨਕਾਰ ਕਰਨਾ ਮੁਨਾਸਬ ਨਹੀਂ, ਤੋ ਪਟਿਆਲਾ ਸੇ ਲਖਨੌਰ ਤਸ਼ਰੀਫ ਲੇ ਗਏ। ਜਹਾਂ ਸਿਖੋਂ ਕੇ ਮੁਕਦਸ ਬੇਦੀ ਸਾਹਿਬ ਸਿੰਘ ਊਨਾ ਵਾਲੇ ਪਹਿਲੇ ਮੌਜੂਦ ਥੇ ਔਰ ਫਿਰ ਅਗਲੇ ਦਿਨ ਮਹਾਰਾਜਾ ਰਣਜੀਤ ਸਿੰਘ ਭੀ ਸ਼ਾਹਬਾਦ ਸੇ ਵਹਾਂ ਆ ਗਏ ਔਰ ਦੀਵਾਨ ਮੁਹਕਮ ਚੰਦ ਕੋ ਇਹ ਪੈਗਾਮ ਦੇ ਕਰ ਭੇਜਾ ਕਿ ਮਹਾਰਾਜਾ ਕੇ ਖੇਮਾ ਮੇਂ ਮੁਲਾਕਾਤ ਕਰੇਂ। ਰਾਜਾ ਭਾਗ ਸਿੰਘ ਸ: ਫਤੇਹ ਸਿੰਘ ਆਹਲੂਵਾਲੀਆ ਨੇ ਭੀ ਇਹ ਹੀ ਕਿਹਾ। ਮਹਾਰਾਜਾ ਸਾਹਿਬ ਸਿੰਘ ਨੇ ਇਨਕਾਰ ਕਰ ਦੀਆ। ਫਿਰ ਬੇਦੀ ਸਾਹਿਬ ਕੇ ਖੈਮਾ ਮੇਂ ਮੁਲਾਕਾਤ ਦੋ ਦਫਾ ਹੋਈ। ਚਾਰ ਪਾਂਚ ਰੋਜ਼ ਠਹਿਰਨੇ ਕੇ ਬਾਦ ਮਿਤ ਸਿੰਘ ਪਧਾਨੀਆਂ ਕੇ ਕਹਿਣੇ ਪਰ ਪੱਗ-ਵੱਟ ਭਰਾ ਬਣੇ। ਬੇਦੀ ਸਾਹਿਬ ਦੇ ਕਹਿਣ ਤੇ ਨਵੰਬਰ ੨੫, ੧੮੦੮ ਨੂੰ ਅਹਿਦਨਾਮਾ ਕੀਆ''[੧] ਇਸ ਅਹਿਦਨਾਮੇ ਦੀਆਂ ਸ਼ਰਤਾਂ ਇਹ ਸਨ :-

੧. ਖਾਲਸਾ ਜੀ (ਭਾਵ ਮਹਾਰਾਜਾ ਰਣਜੀਤ ਸਿੰਘ) ਰਾਜਾ ਸਾਹਿਬ ਨਾਲ ਮਿੱਤਰਤਾ ਰੱਖਣਗੇ।
੨. ਇਨ੍ਹਾਂ ਦੋਹਾਂ ਵਿਚੋਂ ਇਕ ਦਾ ਵੈਰੀ ਦੂਜੇ ਦਾ ਵੈਰੀ ਹੋਵੇਗਾ।
੩. ਰਾਜਾ ਸਾਹਿਬ ਦਾ ਮਿੱਤਰ ਖਾਲਸਾ ਜੀ ਦਾ ਮਿੱਤਰ ਹੋਵੇਗਾ।
੪. ਮਹਾਰਾਜਾ ਰਣਜੀਤ ਸਿੰਘ ਪਟਿਆਲੇ ਦੇ ਘਰੋਗੀ ਮਾਮਲਿਆਂ ਵਿੱਚ ਦਖਲ ਨਹੀਂ ਦੇਣਗੇ।
੫. ਪਟਿਆਲਾ ਰਿਆਸਤ ਦੇ ਸਾਰੇ ਇਲਾਕੇ ਨੂੰ ਸੁਰੱਖਿਅਤ ਰੱਖਿਆ ਜਾਵੇਗਾ।[੨]

ਇਸ ਸੰਧੀ ਨਾਮੇ ਨੂੰ ਅਸਲ ਵਿੱਚ ਲਖਨੌਰ ਸਾਹਿਬ ਦਾ ਸੰਧੀ ਨਾਮਾ ਕਹਿਣਾ ਚਾਹੀਦਾ ਹੈ। ਜੇਕਰ ਇਸ ਸੰਧੀ ਨਾਮੇ ਤੇ ਪੂਰੀ ਤਰ੍ਹਾਂ ਅਮਲ ਹੁੰਦਾ ਤਾਂ ਪੰਜਾਬ ਦਾ ਇਤਿਹਾਸ ਬਦਲ ਜਾਣਾ ਸੀ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਜਮਨਾ ਤੋਂ ਜਮਰੌਦ ਤਕ ਹੋ ਜਾਣਾ ਸੀ ਤੇ ਅੰਗਰੇਜ਼ਾਂ ਦਾ ਰਸੂਖ ਘਟ ਜਾਣਾ ਸੀ। ਪਰ ਅੰਗਰੇਜ਼ ਇਹ ਗੱਲ ਕਦੋਂ ਚਾਹੁੰਦੇ ਸਨ। ਸੋ ਇਸ ਅਹਿਦਨਾਮੇ ਤੋਂ ਛੇਤੀ ਹੀ ਪਿਛੋਂ ਅਕਟਰਲੂਨੀ ਦੀਆਂ ਫੌਜਾਂ ਸਤਲੁਜ ਤਕ ਪਹੁੰਚ ਗਈਆਂ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਅੰਮ੍ਰਿਤਸਰ ਦੀ ਸੰਧੀ ਕਰਨੀ ਪਈ। ਜਿਨ੍ਹਾਂ ਚਿਰ ਲਖਨੌਰ ਸਾਹਿਬ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਸੀ ਇਹ ਰਾਜਸੀ ਤਾਕਤਾਂ ਦਾ ਕੇਂਦਰ ਬਣਿਆ ਰਿਹਾ।

ਲਖਨੌਰ ਸਾਹਿਬ ਅੰਗਰੇਜ਼ੀ ਰਾਜ ਵਿਚ

ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰਨੀ ਦਇਆ ਕੌਰ ਕੋਲੋਂ ੧੮੦੮ ਦੇ ਅਖੀਰ ਵਿੱਚ ਅੰਬਾਲੇ ਦੀ ਰਿਆਸਤ ਖੋਹੀ ਤਾਂ ਫਰਵਰੀ ੧੮੦੯ ਵਿਚ ਹੀ ਡੇਵਡ ਅਕਤਰ ਲੂਨੀ ਨੇ

੧. ਤਾਰੀਖ ਪਟਿਆਲਾ, ਕ੍ਰਿਤ ਖਲੀਫਾ ਸਈਯਦ ਮੁਹੰਮਦ ਹਸਨ ਖਾਂ। ੨੧੩, ੨੧੪।
੨. ਉਪ ਲਿਖਤ, ਪੰਨਾ ੨੧੭

ਇਹ ਐਲਾਨ ਕਰ ਦਿਤਾ ਕਿ ਖਰੜ ਦੇ ਕਿਲੇ ਦੇ ਥਾਨੇ ਤੇ ਖਾਨਪੁਰ ਤੇ ਦੂਜੀਆਂ ਥਾਵਾਂ ਜਿਹੜੀਆਂ ਸਤਲੁਜ ਦੇ ਉਰਾਰ ਹਨ ਤੇ ਮਹਾਰਾਜਾ ਦੇ ਨੀਅਤ ਕੀਤੇ ਅਫਸਰਾਂ ਥਲੇ ਹਨ ਉਨ੍ਹਾਂ ਕੋਲੋਂ ਲੈ ਲਈਆਂ ਜਾਣਗੀਆਂ ਤੇ ਉਨ੍ਹਾਂ ਦੇ ਪੁਰਾਣੇ ਮਾਲਕਾਂ ਨੂੰ ਦੇ ਦਿਤੀਆਂ ਜਾਣਗੀਆਂ (੧) ਇਹ ਐਲਾਨ ਮਹਾਰਾਜਾ ਰਣਜੀਤ ਸਿੰਘ ਦੇ ੧੮੦੯ ਦੇ ਸੰਧੀ ਨਾਮੇ, ਜਿਸ ਨਾਲ ਸਤਲੁਜ ਨੂੰ ਹੱਦ ਮੰਨਿਆ ਗਿਆ ਸੀ, ਤੋਂ ਪਹਿਲਾਂ ਕੀਤਾ ਗਿਆ । ਇਸ ਐਲਾਨ ਅਨੁਸਾਰ ਲਖਨੌਰ ਸਾਹਿਬ ਤੇ ਅੰਬਾਲਾ ਸਰਦਾਰਨੀ ਦਇਆ ਕੌਰ ਨੂੰ ਵਾਪਿਸ ਮਿਲ ਗਏ । ੧੮੨੩ ਈਸਵੀ ਸਰਦਾਰਨੀ ਦਇਆ ਕੌਰ ਦੇ ਦਿਹਾਂਤ ਪਿਛੋਂ ਅੰਗਰੇਜ਼ਾਂ ਨੇ ਉਸਦੀ ਸਾਰੀ ਰਿਆਸਤ ਤੇ ਕਬਜ਼ਾ ਕਰ ਲਿਆ। ਸਰਦਾਰਨੀ ਦਇਆ ਕੌਰ ਦੀ ਕੋਈ ਔਲਾਦ ਨਹੀਂ ਸੀ ।

ਅੰਬਾਲਾ ਸੇਟਲਮੇਂਟ ਰੀਪੋਰਟ ਵਿਚ ਏ. ਕੈਨਿੰਗਟਨ ਸਾਹਿਬ ਲਖਨੌਰ ਬਾਰੇ ਇਸ ਤਰ੍ਹਾਂ ਲਿਖਦੇ ਹਨ :-

"ਲਖਨੌਰ ਪਿੰਡ ਦਾ ਕੇਸ ਵੀ ਧਿਆਨ ਯੋਗ ਹੈ । ਇਹ ਪਿੰਡ ਪਟਿਆਲੇ ਦੇ ਪ੍ਰਬੰਧ ਹੇਠ ਹੈ ਪਰ ਤਹਿਸੀਲ ਅੰਬਾਲੇ ਦੀ ਹੱਦ ਵਿੱਚ ਹੈ । ਅਸਲ ਵਿੱਚ ਇਹ ੧੮੧੫ ਈਸਵੀ ਵਿਚ ਕੁਝ ਹੋਰ ਪਿੰਡਾਂ ਸਮੇਤ ਅੰਗਰੇਜ਼ੀ ਸਰਕਾਰ ਹੱਥ ਆਇਆ ਪਰ ਪ੍ਰਬੰਧ ਦੇ ਕਾਰਨ ਇਸ ਨੂੰ ਪਟਿਆਲਾ ਸ਼ਾਸ਼ਨ ਤੇ ਅਧੀਨ ਕਰ ਦਿੱਤਾ ਗਿਆ (੨)

੧੮੧੫ ਈਸਵੀ ਵਿੱਚ ਸਰਦਾਰਨੀ ਦਇਆ ਕੌਰ ਹਾਲੀ ਜਿਉਂਦੀ ਸੀ ਪਰ ਇਉਂ ਜਾਪਦਾ ਹੈ ਕਿ ਉਸ ਦੇ ਬਿਰਧ ਹੋਣ ਕਰਕੇ ਤੇ ਉਸ ਦੀ ਅਗੋਂ ਔਲਾਦ ਨਾ ਹੋਣ ਕਰਕੇ ਅੰਗਰੇਜ਼ਾਂ ਨੇ ਪਹਿਲਾਂ ਹੀ ਉਸ ਦੇ ਇਲਾਕੇ ਖੋਹਣੇ ਅਰੰਭ ਦਿਤੇ ਸਨ । ੧੮੧੫ ਵਿਚ ਸੋਲਾਂ ਪਰਗਨਿਆਂ ਦੇ ਇਲਾਕੇ ਸਰਕਾਰ ਅੰਗਰੇਜ਼ੀ ਨੇ ਪਟਿਆਲਾ ਰਾਜ ਨੂੰ ਦਿਤੇ ਕਿਉਂਕਿ ਪਟਿਆਲਾ ਸਰਕਾਰ ਦੀਆਂ ਫੌਜਾਂ ਦੀ ਸਹਾਇਤਾ ਨਾਲ ਅਮਰ ਸਿੰਘ ਥਾਪਾ ਹੇਠ ਗੋਰਖਿਆਂ ਨੂੰ ਹਾਰ ਦਿੱਤੀ ਸੀ (੩)

ਇਉਂ ਜਾਪਦਾ ਹੈ ਕਿ ਮਹਾਰਾਜਾ ਕਰਮ ਸਿੰਘ ਨੇ ਲਖਨੌਰ ਸਾਹਿਬ ਦੇ ਗੁਰਦਵਾਰੇ ਦੀ ਮਹਾਨਤਾ ਤੇ ਇਸ ਅਸਥਾਨ ਦੀ ਪਵਿਤਰਤਾ ਨੂੰ ਮੁਖ ਰੱਖਦਿਆਂ ਸਰਕਾਰ ਅੰਗਰੇਜ਼ੀ ਕੋਲੋਂ ਲਖਨੌਰ ਸਾਹਿਬ ਦੀ ਮੰਗ ਕੀਤੀ ਸੀ ਤੇ ਅੰਗਰੇਜ਼ਾਂ ਨੇ ਪਟਿਆਲਾ ਰਾਜ ਨੂੰ ਗੋਰਖਿਆਂ ਦੀ ਮੁਹਿਮ ਵਿਚ ਇਮਦਾਦ ਕਰਨ ਕਰਕੇ ਖੁਸ਼ ਕਰਨ ਲਈ ਲਖਨੌਰ ਦਾ ਪ੍ਰਬੰਧ ਪਟਿਆਲਾ ਰਾਜ ਨੂੰ ਦੇਣ

(੧) ਜੇ.ਡੀ ਕਨਿਘੰਮ ਹਿਸਟਰੀ ਆਫ਼ ਦੀ ਸਿਖਸ, ੧੯੧੮, ਅੰਤਕਾ ੧੪, ਪੰਨਾ ੩੮੦

(2) Settlement report of Ambala district by A. Kenenigton 1893. Lahore, Page 70. The case of village Lakhnore also requires notice....It orginally Passed to Government with some others in 1815 but was then transferred to the jurisdiction of Patiala for administrativ purposes only.

(੩) ਤਵਾਰੀਖ ਗੁਰੂ ਖ਼ਾਲਸਾ-ਰਾਜ ਉਰਦੂ, ਪੰਨਾ ੫੯

ਲਈ ਸਰਦਾਰਨੀ ਦਇਆ ਕੌਰ ਨੂੰ ਮਨਾ ਲਿਆ । ਜਦੋਂ ੧੮੨੩ ਈਸਵੀ ਵਿੱਚ ਸਰਦਾਰਨੀ ਦਇਆ ਕੌਰ ਦਾ ਦਿਹਾਂਤ ਹੋਇਆਂ ਤਾਂ ਉਸ ਦਾ ਸਾਰਾ ਇਲਾਕਾ ਅੰਗਰੇਜ਼ੀ ਰਾਜ ਵਿੱਚ ਸ਼ਾਮਲ ਕਰ ਲਿਆ ਗਿਆ । ਇਸ ਤਰ੍ਹਾਂ ਲਖਨੌਰ ਦਾ ਪ੍ਰਬੰਧ ਭਾਵੇਂ ਪਟਿਆਲਾ ਰਾਜ ਵਲੋਂ ਹੀ ਚਲਦਾ ਰਿਹਾ ਪਰ ਮਾਲਕੀ ਦੇ ਅਧਿਕਾਰ ਅੰਗਰੇਜ਼ਾਂ ਕੋਲ ਆ ਗਏ । ਜਨਵਰੀ ੧੮੬੨ ਵਿਚ ਇਹ ਤਜਵੀਜ਼ ਹੋਈ ਕਿ ਲਖਨੌਰ ਦੇ ਪਿੰਡ ਨੂੰ ਅੰਗਰੇਜ਼ੀ ਸਕਾਰ ੧੫੬੦ ਰੁਪੇ ਵਿਚ ਪਟਿਆਲੇ ਰਾਜ ਨੂੰ ਵੇਚ ਦੇਵੇ ਪਰ ਅੰਗਰੇਜ਼ੀ ਸਰਕਾਰ ਨਾ ਮੰਨੀ । ਪਿੰਡ ਦਾ ਪ੍ਰਬੰਧ ਪਟਿਆਲਾ ਰਾਜ ਦੇ ਅਧੀਨ ਰਿਹਾ ਤੇ ਅੰਗਰੇਜ਼ੀ ਸਰਕਾਰ ਰਾਜ ਨੂੰ ਕੇਵਲ ੪੩ ਰੁਪੇ ਵਾਰਸ਼ਕ ਮਿਲਦੇ ਰਹੇ ।

੧੮੯੧ ਵਿਚ ਆਪਣੇ ਪਤ੍ਰ ਨੰਬਰ ੯੮ ਨਵੰਬਰ ਕੇਂਗਿਟਨ ਨੇ ਅੰਗ੍ਰੇਜ਼ੀ ਸਰਕਾਰ ਅੱਗੇ ਸਫਾਰਸ਼ ਕੀਤੀ ਕਿ ਲਖਨੌਰ ਪਿੰਡ ੧੫੬੦ ਰੁਪੇ ਤੋਂ ਪਟਿਆਲਾ ਰਾਜ ਨੂੰ ਵੇਚ ਦਿੱਤਾ ਜਾਏ ਤੇ ਨਾਲ ਹੀ ਇਹ ਕਿਹਾ ਕਿ ਐਸਾ ਕਰਨ ਤੋਂ ਪਹਿਲਾਂ ਪਿੰਡ ਦੇ ਅਸਲੀ ਪਤੀਦਾਰ ਤੇ ਮਾਲਕਾਂ ਦੀਆਂ ਜਮੀਨਾਂ ਦੀ ਲਿਸਟ ਬਨਾ ਲਈ ਜਾਏ ਤੇ ਗੁਰਦਵਾਰੇ ਦੇ ਗ੍ਰੰਥੀ ਦੇ ਨਾਂ ਲਗੀ ਜਮੀਨ ਦਾ ਵੀ ਹਿਸਾਰ ਕਿਤਾਬ ਰੱਖ ਲਿਆ ਜਾਏ । ਕੇਨਿੰਗਟਨ ਨੇ ਇਹ ਆਸ ਪ੍ਰਗਟ ਕੀਤੀ ਕਿ ਪਟਿਆਲਾ ਰਾਜ ਨਾਜਾਇਜ਼ ਤੌਰ ਤੇ ਲਖਨੌਰ ਸਾਹਿਬ ਦੇ ਮਾਲਕਾਂ ਤੋਂ ਜਮੀਨਾਂ ਨਹੀਂ ਖੋਏਗਾ। ਵਿਸ਼ੇਸ਼ ਕਰਕੇ ਜਦੋਂ ਕਿ ਇਸ ਪਿੰਡ ਦੇ ਵਸਨੀਕਾਂ ਤੇ ਗ੍ਰੰਥੀ ਨੇ ਲਖਨੌਰ ਸਾਹਿਬ ਦੇ ਇਤਿਹਾਸਕ ਗੁਰਦਵਾਰੇ ਦੀ ਸੇਵਾ ਕੀਤੀ ਹੋਵੇ ।

ਸੋ ੧੮੯੧ ਈਸਵੀ ਵਿਚ ਲਖਨੌਰ ਪਟਿਆਲਾ ਰਾਜ ਨੂੰ ਮਿਲ ਗਿਆ ਇਸੇ ਕਰਕੇ ਭਾਈ ਕਾਹਨ ਸਿੰਘ ਜੀ ਨੇ ਲਿਖਿਆ ਹੈ :-

"ਲਖਨੌਰ ਰਿਆਸਤ ਪਟਿਆਲੇ ਦੇ ਥਾਨੇ ਘਨੌਰ ਦਾ ਇਕ ਪਿੰਡ ਜੋ ਰੇਲਵੇ ਸਟੇਸ਼ਨ ਅੰਬਾਲਾ ਛਾਉਣੀ ਤੋਂ ਚਾਰ ਮੀਲ ਹੈ ।"

੧੯੫੬ ਈਸਵੀ ਵਿਚ ਜਦੋਂ ਪਟਿਆਲਾ ਈਸਟ ਪੰਜਾਬ ਸਟੇਟਸ ਯੂਨੀਅਨ ਤੇ ਪੰਜਾਬ ਇਕ-ਮਿਕ ਹੋਏ ਤਾਂ ਲਖਨੌਰ ਸਾਹਿਬ ਅੰਬਾਲਾ ਤਹਿਸੀਲ ਵਿਚ ਹੋਣ ਕਰਕੇ ਜ਼ਿਲਾ ਅੰਬਾਲਾ ਵਿਚ ਸ਼ਾਮਲ ਕਰ ਲਿਆ ਗਿਆ ਹੈ । ਇਹ ਇਕ ਕੁਦਰਤੀ ਗਲ੍ਹ ਸੀ ਕਿਉਂਕਿ ਲਖਨੌਰ ਪਟਿਆਲੇ ਜ਼ਿਲੇ ਤੋਂ ਜ਼ਰਾ ਦੂਰੇਡਾ ਸੀ ਤੇ ਅੰਬਲੇ ਤਹਿਸੀਲ ਵਿਚ ਘਿਰਿਆ ਹੋਇਆ ਸੀ ਤੇ ਵੈਸੇ ਵੀ ਅੰਬਾਲੇ ਦੇ ਨੇੜੇ ਸੀ ।

ਲਖਨੌਰ ਸਾਹਿਬੋ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਸਿੱਧ ਅਸਥਾਨ ਹੋਣ ਕਰਕੇ ਸਿੱਖ ਸਰਦਾਰਾਂ, ਰਜਵਾੜਿਆਂ ਤੇ ਆਮ ਜਨਤਾ ਲਈ ਵਿਸ਼ੇਸ਼ ਮਹਾਨਤਾ ਰੱਖਦਾ ਆਇਆ ਹੈ ਤੇ ਹੁਣ ਵੀ ਰੱਖਦਾ ਹੈ । ਹੁਣ ਵੀ ਇਸ ਗੁਰਦੁਆਰੇ ਦੇ ਨਾਂ ਜਾਗੀਰ ਹੈ ਜਿਸ ਦੀ ਤਿਨ ਕੁ ਹਜ਼ਾਰ

1. Settlement Report of Ambala District by A. Kenington, 1893, Lahore, Page 70
2. ਵੇਖੋ ਗੁਰਦਵਾਰਾ ਲਖਨੌਰ ਸਾਹਿਬ ਦਾ ਇਤਿਹਾਸ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਪੰਨਾ ੩

ਰੁਪਿਆ ਸਾਲਾਨਾ ਆਮਦਨੀ ਆਉਂਦੀ ਹੈ । (੧) ਇਸ ਗੁਰਦਵਾਰੇ ਵਿਚ ਕਈ ਇਤਹਾਸਕ ਵਸਤੂਆਂ ਪਈਆਂ ਹਨ ਜਿਨਾਂ ਦਾ ਵੇਰਵਾ ਨਿਮਨ ਲਿਖਤ ਹੈ :-

ਸ੍ਰੀ ਲਖਨੌਰ ਸਾਹਿਬ ਵਿਚ ਸੁਰਖਿਅਤ ਦਸ਼ਮੇਸ਼ ਜੀ ਦੀਆਂ ਪਾਵਨ ਵਸਤੂਆਂ

ਸ੍ਰੀ ਲਖਨੌਰ ਸਾਹਿਬ ਵਿਚ ਦਸਮੇਸ਼ ਜੀ ਦੇ ਸ਼ਸਤਰ ਤੇ ਇਕ ਸਫਰੀ ਪਲੰਘ ਸੁਰਖਿਅਤ ਹਨ । ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ :-

(੧) ਸਸ਼ਤਰ :-

(ੳ) ਦੋ ਤੀਰ ਹਨ-

ਇਕ ਦੀ ਲੰਬਾਈ ਇਕ ਫੁਟ ਨੌ ਇੰਚ ਹੈ ।

ਦੂਜੇ ਦੀ ਲੰਬਾਈ ਇਕ ਫੁਟ ਚਾਰ ਇੰਚ ਹੈ ।

(ਅ) ਦੋ ਪੇਸ਼ ਕਬਜ਼ ਹਨ-

੨. ਇਕ ਪਲੰਘ ਹੈ । ਇਸ ਪਲੰਘ ਦੀ ਲੰਬਾਈ ਛੇ ਫੁਟ ਤਿੰਨ ਇੰਚ ਤੇ ਚੌੜਾਈ ਤਿੰਨ ਫੁਟ ਪੰਜ ਇੰਚ ਹੈ । ਇਸ ਵਿਚ ਇਕ ਵਿਸ਼ੇਸ਼ਤਾ ਵਾਲੀ ਗੱਲ ਇਹ ਹੈ ਕਿ ਇਸ ਦੀਆਂ ਬਾਹੀਆਂ ਤੇ ਸੇਰੂ ਇਸ ਤਰ੍ਹਾਂ ਬਣੇ ਹਨ ਕਿ ਉਨ੍ਹਾਂ ਨੂੰ ਇਕੱਠਾ ਕਰਕੇ ਕਿਸੇ ਘੋੜੇ ਦੇ ਨਾਲ ਲਮਕਦੀ ਖੁਰਗੀਨ ਵਿਚ ਪਾਇਆ ਜਾ ਸਕਦਾ ਹੈ । ਇਹ ਸਫਰੀ ਪਲੰਘ ਹੈ ਇਸ ਤੇ ਲੰਮੇ ਪਾਸੇ ਚਾਰ ਕਬਜ਼ੇ ਹਨ ਤੇ ਚੌੜੇ ਪਾਸੇ ਤਿੰਨ ਕਬਜ਼ੇ ਜੋ ਪਲੰਘ ਨੂੰ ਇਕੱਠਾ ਕਰਨ ਵਿਚ ਸਹਾਈ ਹੁੰਦੇ ਹਨ। ਇਸ ਪਲੰਘ ਦੀ ਲੱਕੜੀ ਬਹੁਤ ਪੁਰਾਣੀ ਪ੍ਰਤੀਤ ਹੁੰਦੀ ਹੈ । ਭਾਵੇਂ ਜਿਸ ਸੂਤਰ ਨਾਲ ਇਹ ਉਣਿਆ ਹੈ ਉਹ ਨਵਾਂ ਹੈ ਪਰ ਇਸ ਦੀ ਬਣਤਰ ਤੇ ਲੱਕੜ ਪੁਰਾਮੇ ਸਮੇਂ ਦੀ ਹੋਣ ਵਿਚ ਕੋਈ ਸ਼ੱਕ ਨਹੀਂ ਰਹਿਣ ਦੇਂਦੀ । ਕਹਿੰਦੇ ਹਨ ਕਿ ਦਸਮ ਪਾਤਸ਼ਾਹ ਜਦੋਂ ਪਟਨੇ ਸਾਹਿਬ ਤੋਂ ਆਏ ਤਾਂ ਇਹ ਉਨ੍ਹਾਂ ਦਾ ਸਫਰੀ ਪਲੰਘ ਸੀ ।

੩. ਸ੍ਰੀ ਲਖਨੌਰ ਸਾਹਿਬ ਦੇਂ ਗੁਰਦਵਾਰੇ ਵਿਚ ਬਹੁਤ ਸਾਰੀਆਂ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਤੇ ਦਸਮ ਗ੍ਰੰਥ ਦੀਆਂ ਹਥਲਿਖਤ ਬੀੜਾਂ ਪਈਆਂ ਹਨ । ਇਨ੍ਹਾਂ ਬੀੜਾਂ ਤੇ ਕੋਈ ਤਾਰੀਖ ਜਾਂ ਸੰਮਤ ਨਹੀਂ । ਪਰ ਇਹ ਗੁਰਦਵਾਰਾ ਸਾਹਿਬ ਦੀ ਪੁਰਾਤਨਤਾ ਤੇ ਸਿੱਖ ਰਾਜ ਵਿੱਚ ਇਸ ਗੁਰਦਵਾਰੇ ਨੂੰ ਮਿਲੀ ਵਿਸ਼ੇਸ਼ਤਾ ਦੀ ਗਵਾਹੀ ਭਰਦੀਆਂ ਹਨ ।

ਸਿੱਖ ਇਤਿਹਾਸਕਾਰ ਅਤੇ ਗਿਆਨੀ ਗਿਆਨ ਸਿੰਘ ਜੀ

ਸਿੱਖਾਂ ਦੀਆਂ ਬਹੁਤ ਸਾਰੀਆਂ ਸੰਪਰਦਾਵਾਂ ਵਿਚੋਂ ਨਿਰਮਲਿਆਂ ਦੀ ਵਿਸ਼ੇਸ਼ ਵਿਲੱਖਣਤਾ ਹੈ ਅਤੇ ਇਨ੍ਹਾਂ ਦੀ ਗੁਰਮਤ ਸਾਹਿਤ ਵਿਚ ਅਟੁੱਟ ਸੇਵਾ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਨਿਰਮਾਣਿਆਂ ਦੀ ਸਥਾਪਣਾ ਹੀ ਵਿਦਿਆ ਦੇ ਪਸਾਰ ਤੇ ਗੁਰਮਤ ਦੇ ਪ੍ਰਚਾਰ ਵਾਸਤੇ ਕੀਤੀ ਸੀ ਜਿਵੇਂ ਕਿ ਨਿਰਮਲ ਪੰਥ ਪ੍ਰਦੀਪਕਾ ਵਿਚ ਲਿਖਿਆ ਹੈ.- ''ਏਕ ਸਮੇਂ ਸੰਮਤ ੧੭੪੩ ਬਿਕ੍ਰਮੀ ਮੇਂ ਪਾਉਂਟੇ ਸਾਹਿਬ ਗੁਰੂ ਜੀ ਏਕ ਪੰਡਿਤ ਰਘਨਾਥ ਨਾਮੀ ਸੇ ਭੋਜ ਪ੍ਰਬੰਧ ਔਰ ਮਹਾਂ ਭਾਰਤ ਕੀ ਕਥਾ ਸੁਣਾਯਾ ਕਰਤੇ ਥੇ । ਪੁਨਹ ਉਸ ਕੇ ਪਾਸ ਆਪਨੇ ਸਿੱਖਾਂ ਕੋ ਸੰਸਕ੍ਰਿਤ ਪੜਾਉਣ ਵਾਸਤੇ ਸੌਂਪ ਦੀਯਾ । ਪੰਡਿਤ ਨੇ ਸਿਖਾਂ ਦੀ ਜਾਤੀ ਮੇਂ ਅਸ਼ੰਕਾ ਕਰਕੇ ਪੜਾਉਣੇ ਸੈ ਜੁਆਬ ਦੇ ਦੀਆ । ਤਬ ਗੁਰੂ ਜੀ ਨੇ ਹੁਕਮ ਦੀਆ ਤੁਮ ਕਾਂਸ਼ੀ ਮੇਂ ਜਾਇ ਕੇ ਸੰਸਕ੍ਰਿਤ ਬਿਦਯਾ ਪੜੋ....ਤਹਾ ਨਿਵਾਸ ਕਰਕੇ ਥੋੜੇ ਹੀ ਅਰਸੇ ਮੈ ਗੁਰੂ ਕੀ ਕ੍ਰਿਪਾ ਨਿਰਮਲੇ ਸੰਤ ਪੰਡਿਤ ਮਸ਼ਹੂਰ ਹੋ ਗਏ । ਸਾਤ ਬਰਸ ਪੀਛੇ ਗੁਰੂ ਸਾਹਿਬ ਦੇ ਪਾਸ ਅਨੰਦਰਪੁਰ ਮੇਂ ਆਵਤ ਭਏ । ਤਬ ਸ੍ਰੀ ਕਲਗੀਧਰ ਜੀ ਨੇ ਉਨ ਕਾ ਬਹੁਤ ਮਾਨ ਸਤਿਕਾਰ ਕੀਆ ਔਰ ਉਨਕੇ ਪਾਸ ਹੋਰ ਸਿਖਾਂ ਕੋ ਸੰਸਕ੍ਰਿਤ ਪੜ੍ਹਨੇ ਵਾਸਤੇ ਸਪੁਰਦ ਕਰ ਦੀਆ[੧] ।'' ਗਿਆਨੀ ਗਿਆਨ ਸਿੰਘ ਜੀ ਨਿਰਮਾਲਿਆਂ ਬਾਰੇ ਲਿਖਦੇ ਦੱਸਦੇ ਹਨ :- ਨਿਰਮਲੇ ਸਾਧੂ ਬੇਦ ਬਿਦਯਾ, ਸੰਸਕ੍ਰਿਤ, ਫ਼ਾਰਸੀ, ਅੰਗ੍ਰੇਜ਼ੀ ਪੜ੍ਹਦੇ ਹੈਂ [੨]'' ਨਿਰਮਲੇ ਆਪਣੀ ਵਿਦਿਆ ਕਰਕੇ ਤੇ ਉਚ ਆਚਰਨ ਕਰਕੇ ਪ੍ਰਸਿੱਧ ਸਨ । ਇਨ੍ਹਾਂ ਦੇ ਆਚਰਨ ਤੇ ਕੋਈ ਕਿੰਤੂ ਨਹੀਂ ਸੀ ਕਰ ਸਕਦਾ [੩]

ਗੁਰਮਤ ਸਾਹਿਤ ਵਿਚ ਨਿਰਮਾਲਿਆਂ ਦੀ ਵਡਮੁੱਲ ਦੀ ਦੇਣ ਹੈ । ਨਿਰਮਾਲਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਸਾਹਿਤਕ ਪਰੰਪਰਾ ਨੂੰ ਸੁਰਜੀਤ ਰਖਿਆ । ਅਠਾਰਵੀਂ ਸਦੀ ਵਿਚ ਪੰਡਤ ਗੁਲਾਬ ਸਿੰਘ ਨੇ ਕਈ ਗ੍ਰੰਥ ਰਚੇ ਜਿਨਾਂ ਵਿਚੋਂ ਮੋਖ ਪੰਥ ਪ੍ਰਕਾਸ਼ ਪ੍ਰਸਿੱਧ ਹੈ । ਇਸੇ ਸਮੇਂ ਪੰਡਤ ਚੇਤ ਸਿੰਘ ਦੇ ਚੇਲੇ ਸਦਾ ਸਿੰਘ ਨੇ ਕਾਸ਼ੀ ਵਿਚ ਬੈਠ ਕੇ ਵੇਦਾਂਤ ਦੀਆਂ ਪੁਸਤਕਾਂ ਦਾ ਸੁਗਮ ਸਾਰ ਚੰਦ੍ਰਕਾ ਟੀਕਾ ਰਚਿਆ । ਇਸੇ ਤਰ੍ਹਾਂ ਭਾਈ ਮਨੀ ਸਿੰਘ ਨਿਰਮਲੇ ਨੇ ਜਪੁਜੀ ਸਾਹਿਬ, ਆਸਾ ਦੀ ਵਾਰ, ਸਿਧ ਗੋਸ਼ਟ ਭਾਈ ਗੁਰਦਾਸ ਦੀਆਂ ਵਾਰਾਂ ਦਾ ਟੀਕਾ ਰਚਿਆ । ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਡਤ ਨਿਹਾਲ ਸਿੰਘ ਨੇ ਜਪੁਜੀ ਸਾਹਿਬ ਦਾ ਟੀਕਾ ਸੰਸਕ੍ਰਿਤ ਵਿਚ ਕੀਤਾ [੪]

੧. ਨਿਰਮਲ ਪੰਥ ਪ੍ਰਦੀਪਕਾ, ਗਿਆਨ ਸਿੰਘ ਗਿਆਨੀ, ਸੰਪਾਦਕ ਸੰਤ ਇੰਦਰ ਸਿੰਘ ਚਕ੍ਰਵਰਤੀ, ਨਿਰਮਲ ਪੰਚਾਇਤੀ ਅਖਾੜਾ, ਕੰਖਲ ਪੰਨਾ ੨੧–੨੩

੨. ਉਕਤ ਪੰਨਾ ੯

੩. ਰੋਜ਼, ਗਲਾਸਰੀ ਪੰਜਾਬ ਕਾਸਟਸ ਐਂਡ ਟਰਾਈਬਜ਼ ਜਿਲਦ ਦੂਜੀ

੪. ਨਿਰਮਲ ਪੰਥ ਪ੍ਰਦੀਪਕਾ, ਪੰਨਾ ੬੭ ਅਤੇ ੭੦

ਸਿੱਖ ਇਤਿਹਾਸ ਗੁਰਮਤ ਸਾਹਿਬ ਦਾ ਵਿਸ਼ੇਸ਼ ਅੰਗ ਹੈ । ਜਦੋਂ ੧੮੭੩ ਈਸਵੀ ਵਿਚ ਸਿੰਘ ਸਭਾ ਲਹਿਰ ਦਾ ਅਰੰਭ ਹੋਇਆ ਤਾਂ ਸਿੱਖਾਂ ਵਿਚ ਜਾਗ੍ਰਤੀ ਆਈ । ਸਿੱਖਾਂ ਦਾ ਧਿਆਨ ਆਪਣੇ ਵਡਮੁੱਲੇ ਵਿਰਸੇ ਵੱਲ ਗਿਆ । ਸਿੱਖ ਹਰ ਰੋਜ਼ ਅਰਦਾਸ ਵਿਚ ਸ਼ਹੀਦਾਂ ਦਾ ਇਤਿਹਾਸ ਦੁਹਰਾਉਂਦੇ ਹਨ । ਕੁਰਬਾਨੀਆਂ ਕਰਨ ਵਾਲਿਆਂ ਨੂੰ ਯਾਦ ਕਰਦੇ ਹਨ.... "ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ ਚਾਲੀ ਮੁਕਤਿਆਂ, ਹਠੀਆਂ, ਜਪੀਆਂ ਤਪੀਆਂ ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ ਦੇਗ, ਚਲਾਈ ਤੇਗ ਵਾਹੀ ਦੇਖਕੇ ਅਣਡਿਠ ਕੀਤਾ, ਤਿੰਨ੍ਹਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਵਾਹਿਗੁਰੂ । ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ-ਬੰਦ ਕਟਾਏ ਖੋਪਰੀਆਂ ਲੁਹਾਈਆਂ ਚਰਖੜੀਆਂ ਤੇ ਚੜੇ, ਆਰਿਆਂ ਨਾਲ ਚਿਰਾਏ ਗਏ ਸਿੱਖੀ ਸੁਆਸਾਂ ਨਾਲ ਨਿਬਾਹੀ ਤਿਨ੍ਹਾਂ ਦੀ ਕਮਾਈ ਵੱਲ ਧਿਆਨ ਧਰ ਕੇ ਖਾਲਸਾ ਜੀ ਬੋਲੋ ਵਾਹਿਗੁਰੂ ।"

ਸਿੰਘ ਸਭਾ ਲਹਿਰ ਦੇ ਮੋਢੀਆਂ ਦਾ ਇਹ ਵਿਸ਼ਵਾਸ ਸੀ ਕਿ ਸਿੱਖਾਂ ਦੀਆਂ ਰਵਾਇਤਾਂ ਉਨ੍ਹਾਂ ਦੇ ਇਤਿਹਾਸ ਦਾ ਅਧਾਰ ਹਨ । ਇਤਿਹਾਸਕ ਰਵਾਇਤਾਂ ਨੂੰ ਸੁਰਜੀਤ ਕਰਨ ਨਾਲ ਸਿੱਖਾਂ ਵਿਚ ਜਾਗ੍ਰਤੀ ਤੇ ਪੁਰਾਣੇ ਸਿੱਖਾਂ ਵਾਲਾ ਜੀਵਨ ਲਿਆਂਦਾ ਜਾ ਸਕਦਾ ਹੈ । ਇਸੇ ਲਈ ਪਹਿਲੀ ਸਿੰਘ ਸਭਾ ਜਦੋਂ ੧੮੭੩ ਈਸਵੀ ਵਿੱਚ ਅੰਮ੍ਰਿਤਸਰ ਵਿਚ ਸਥਾਪਤ ਹੋਈ ਤਾਂ ਉਸ ਦਾ ਇਕ ਨਿਯਮ ਇਹ ਸੀ । "ਸਿੱਖ ਧਰਮ ਬਾਰੇ ਅਤੇ ਸਿੱਖ ਇਤਿਹਾਸ ਬਾਰੇ ਪੁਸਤਕਾਂ ਪ੍ਰਕਾਸ਼ਤ ਕਰਨਾ ।[1]"

ਸਿੰਘ ਸਭਾ ਅੰਮ੍ਰਿਤਸਰ ਦਾ ਸਭ ਤੋਂ ਵੱਡਾ ਕੰਮ ਧਰਮ ਪ੍ਰਚਾਰ ਦੇ ਨਾਲ ਨਾਲ ਸਿੱਖ ਇਤਿਹਾਸ ਦੀ ਖੋਜ ਦਾ ਬੀੜਾ ਚੁਕਣਾ ਸੀ । ਸਿੰਘ ਸਭਾ ਦੀਆਂ ਇਕੱਤਰਤਾਵਾਂ ਵਿੱਚ ਨਾ ਕੇਵਲ ਅੰਮ੍ਰਿਤਸਰ ਦੇ ਵਿਦਵਾਨ ਹੀ ਹਿੱਸਾ ਲੈਂਦੇ ਸਨ ਸਗੋਂ ਅੰਮ੍ਰਿਤਸਰ ਤੋਂ ਬਾਹਰੋਂ ਵੀ ਵਿਦਵਾਨ ਆਇਆ ਕਰਦੇ ਸਨ । ਇਹ ਕੰਮ ਸਿੰਘ ਸਭਾ ਅੰਮ੍ਰਿਤਸਰ ਦੇ ਸਥਾਪਤ ਹੋਣ ਦੇ ਨਾਲ ਹੀ ੧੮੭੩ ਈਸਵੀ ਵਿਚ ਅਰੰਭ ਹੋ ਗਿਆ ਸੀ । ਪਹਿਲਾ ਪ੍ਰਸ਼ਨ ਜੋ ਗਿਆਨੀ ਸਰਦੂਲ ਸਿੰਘ ਜੀ ਨੇ ਅਰੰਭ ਕੀਤਾ ਉਹ ਗੁਰੂ ਨਾਨਕ ਸਾਹਿਬ ਜੀ ਦੇ ਅਵਤਾਰ ਧਾਰਨ ਦੇ ਪਵਿੱਤਰ ਦਿਨ ਬਾਰੇ ਸੀ ਕਿ ਇਹ ਵਿਸਾਖ ਸੁਦੀ ਤਿੰਨ ਹੈ ਜਾਂ ਕੱਤਕ ਦੀ ਪੂਰਨਮਾਸੀ । ਗਿਆਨੀ ਸਰਦੂਲ ਸਿੰਘ ਦਾ ਮਤ ਸੀ ਕਿ ਗੁਰੂ ਸਾਹਿਬ ਨੇ ਵਿਸਾਖ ਸੁਦੀ ਤਿੰਨ ਨੂੰ ਅਵਤਾਰ ਧਾਰਿਆ । ਇਸ ਤੇ ਬਹੁਤ ਚਰਚਾ ਹੋਈ । ਇਸੇ ਤਰ੍ਹਾਂ ਹਰ ਗੁਰਪੁਰਬ ਦੀ ਮਿਤੀ ਦਾ ਨਿਰਣਾ ਕਰਕੇ ਗੁਰਪ੍ਰਣਾਲੀ ਛਾਪੀ ਗਈ । ਗੁਰਪ੍ਰਣਾਲੀ ਪਿਛੋਂ ਸਿੱਖ ਇਤਿਹਾਸ ਦੀਆਂ ਸਾਖੀਆਂ ਤੇ ਬਹਿਸ ਹੋਈ । ਅਖੀਰਲਾ ਬਹਿਸ ਮੁਬਾਹਸਾ ਦਸਮ ਗ੍ਰੰਥ ਬਾਰੇ ਸੀ ਜਿਸ ਦਾ ਪ੍ਰਬੰਧ ਗੁਰਮਤ ਗ੍ਰੰਥ ਪ੍ਰਚਾਰਕ ਸਭਾ ਅੰਮ੍ਰਿਤਸਰ ਨੇ ਕੀਤਾ । ਇਹ ਸਭਾ ੧੮੮੫ ਈਸਵੀ ਵਿਚ ਸਥਾਪਤ ਹੋਈ । ਇਸ ਤਰ੍ਹਾਂ ਕਈ ਪੁਸਤਕਾਂ ਪ੍ਰਕਾਸ਼ਤ ਹੋਈਆਂ ਜਿੰਨ੍ਹਾਂ ਵਿਚੋਂ ਕੁਝ ਕੁ ਇਹ ਹਨ :- ਗੁਰਪੁਰਬ ਪ੍ਰਕਾਸ਼, ਗੁਰ

੧. ਏ ਹਿਸਟਰੀ ਆਫ ਦੀ ਖਾਲਸਾ ਕਾਲਜ, ਅੰਮ੍ਰਿਤਸਰ, ਅੰਮ੍ਰਿਤਸਰ, ੧੯੪੯, ਪੰਨਾ ੨

ਬਿਲਾਜ ਕ੍ਰਿਤ ਕਾਵਿ ਸੁਖਾ ਸਿੰਘ, ਰੀਪੋਰਟ ਦਸਮ ਗ੍ਰੰਥ ਦੀ ਸੁਧਾਈ ਦੀ, ਗੁਰ ਪ੍ਰਣਾਲੀ ਆਦਿ [1]

ਪਹਿਲੀ ਸਿੰਘ ਸਭਾ ਜੋ ੧੮੭੩ ਵਿਚ ਅੰਮ੍ਰਿਤਸਰ ਸਥਾਪਤ ਹੋਈ ਉਸਦਾ ਪ੍ਰਧਾਨ ਸਰਦਾਰ ਠਾਕਰ ਸਿੰਘ ਸਿੰਧਾਂਵਲੀਆ ਸੀ ਤੇ ਸੈਕਟਰੀ ਗਿਆਨੀ ਗਿਆਨ ਸਿੰਘ[2] । ਇਹ ਗਿਆਨੀ ਗਿਆਨ ਸਿੰਘ ਪ੍ਰਸਿੱਧ ਇਤਿਹਾਸਕਾਰ ਨਹੀਂ ਸਨ । ਜੋ ਗਿਆਨੀ ਗਿਆਨ ਸਿੰਘ ਪਹਿਲੀ ਸਿੰਘ ਸਭਾ ਦੇ ਸਕੱਤਰ ਬਣੇ ਉਹ ਗਿਆਨੀ ਸੰਤ ਸਿੰਘ ਬੁੰਗਾ ਗਿਆਨੀਆਂ ਵਾਲੇ ਪ੍ਰਸਿੱਧ ਤੇ ਇਤਿਹਾਸਕ ਗਿਆਨੀ ਖ਼ਾਨਦਾਨ ਵਿਚੋਂ ਸਨ । ਗਿਆਨੀ ਗਿਆਨ ਸਿੰਘ ਜੋ ਪਿਛੋਂ ਇਤਿਹਾਸਕਾਰ ਦੇ ਰੂਪ ਵਿਚ ਸਾਹਮਣੇ ਆਏ ਪਹਿਲੀ ਸਿੰਘ ਸਭਾ ਦੇ ਸਥਾਪਨ ਕਾਲ ਵੇਲੇ ਦੇਸ਼ ਰਟਨ ਤੇ ਸਿੱਖਾਂ ਦੀਆਂ ਪੁਰਾਣੀਆਂ ਰਵਾਇਤਾਂ ਇਕੱਤਰ ਕਰਨ ਵਿਚ ਜੁਟੇ ਹੋਏ ਸਨ ।

ਗਿਆਨੀ ਗਿਆਨ ਸਿੰਘ ਦਾ ਜਨਮ ਪਿੰਡ ਲੌਂਗੋਵਾਲ ਮੌਜੂਦਾ ਜ਼ਿਲ੍ਹਾ ਸੰਗਰੂਰ ਵਿਚ ੧੮੨੨ ਈਸਵੀ ਵਿਚ ਹੋਇਆ । ਲੌਂਗੋਵਾਲ ਪਿੰਡ ਦੀ ਮੋੜੀ ਬਾਬਾ ਆਲਾ ਸਿੰਘ ਨੇ ਗਡੀ ਸੀ [3] ਇਹ ਪਿੰਡ ਰਿਆਸਤ ਪਟਿਆਲੇ ਵਿਚ ਸੀ । ਆਪ ਦੇ ਪਿਤਾ ਦਾ ਨਾਂ ਭਾਗ ਸਿੰਘ ਸੀ ਤੇ ਮਾਤਾ ਦਾ ਨ ਦੇਸਾ । ਆਪ ਦੀ ਮਾਤਾ ਗੁਰਬਾਣੀ ਦਾ ਪਾਠ ਕਰਨ ਵਾਲੀ ਤੇ ਸਿੱਖੀ ਸਿਦਕ ਦਾ ਨਮੂਨਾ ਸੀ । ਇਹ ਗੁਣ ਗਿਆਨੀ ਜੀ ਨੂੰ ਮਾਤਾ ਕੋਲੋਂ ਵਿਰਸੇ ਵਿਚ ਮਿਲੇ ਜਾਪਦੇ ਹਨ । ਆਪ ਨੇ ਛੋਟੀ ਅਵਸਥਾ ਵਿਚ ਗੁਰਦਵਾਰੇ ਵਿਚ ਵਿਦਿਆ ਪ੍ਰਾਪਤ ਕੀਤੀ । ਆਪ ਦੀ ਆਵਾਜ਼ ਬਹੁਤ ਸੁਰੀਲੀ ਸੀ । ਤੇ ਪਾਠ ਸੁਣਨ ਵਾਲੇ ਨੂੰ ਬਹੁਤ ਅਨੰਦ ਆਉਂਦਾ ਸੀ । ਇਸ ਗੁਣ ਕਰਕੇ ਆਪ ਦਾ ਮਾਮਾ ਜੋ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਸੂਬੇਦਾਰ ਸੀ ਆਪਨੂੰ ਆਪਣੇ ਨਾਲ ਲਾਹੌਰ ਲੈ ਗਿਆ ਜਿਥੇ ਧੰਨਾ ਸਿੰਘ ਮਲਵਈ ਜੋ ਲਾਹੌਰ ਦਰਬਾਰ ਦਾ ਇਕ ਪ੍ਰਸਿੱਧ ਅਹਿਲਕਾਰ ਸੀ ਦੀ ਸਫਾਰਸ਼ ਨਾਲ ਆਪ ਆਪ ਮਹਾਰਾਜਾ ਰਣਜੀਤ ਸਿੰਘ ਨੂੰ ਪਾਠ ਸੁਣਾਉਣ ਦੇ ਨਿਯੁਕਤ ਹੋ ਗਏ । ਆਪਣੇ ਪੂਰੇ ਪੰਜ ਛੇ ਸਾਲ ਸ਼ੇਰੇ ਪੰਜਾਬ ਦੀ ਨੌਕਰੀ ਕੀਤੀ ਤੇ ਉਸਦੀ ਸ਼ਾਨ ਸ਼ੌਕਤ ਤੋਂ ਬਹੁਤ ਪ੍ਰਭਾਤ ਹੋਏ [4] ੧੮੪੧ ਈਸਵੀ ਦੇ ਕਰੀਬ ਪਟਿਆਲੇ ਦੇ ਮਹਾਰਾਜਾ ਕਰਮ ਸਿੰਘ ਨੇ ਆਪਨੂੰ ਨੌਕਰ ਰੱਖ ਲਿਆ । ਇਸ ਤਰ੍ਹਾਂ ਆਪਨੂੰ ਰਿਆਸਤਾਂ ਵਿਚ ਰਾਜ-ਪ੍ਰਬੰਧ ਦਾ ਵੀ ਕਾਫੀ ਪਤਾ ਲਗਾ । ਜਦੋਂ ੧੮੪੫ ਦੇ ਅੰਤ ਵਿਚ ਸਿੱਖਾਂ ਤੇ ਅੰਗ੍ਰੇਜ਼ਾਂ ਦੀ ਪਹਿਲੀ ਲੜਾਈ ਛਿੜੀ ਤਾਂ ਇਸ ਜੰਗ ਵਿਚ ਆਪ ਪਟਿਆਲਾ ਫੋਜਾਂ ਦੇ ਨਾਲ ਸਨ ਜੋ ਅੰਗ੍ਰੇਜ਼ਾਂ ਦੀ

---

੧. ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ, ਕਰਤਾਰ ਸਿੰਘ ਸਰਹੱਦੀ, ਯਮਨਾ ਨਗਰ, ੧੯੭੪, ਪੰਨਾ ੧੦੮, ੧੦੯ ਅਤੇ ੧੧੦

੨. ਹਿਸਟਰੀ ਆਫ ਦੀ ਸਿੱਖਸ, ਖੁਸ਼ਵੰਤ ਸਿੰਘ, ਭਾਗ ਦੂਜਾ, ਆਕਸਫੋਰਡ ਯੂਨੀਵਰਸਿਟੀ ਪ੍ਰੈਸ, ੧੯੬੬, ਪੰਨਾ ੧੪੨ ।

੩. ਮਹਾਰਾਜਾ ਆਲਾ ਸਿੰਘ ਐਂਡ ਹਿਜ਼ ਟਾਈਮਜ਼, ਕ੍ਰਿਪਾਲ ਸਿੰਘ, ਖ਼ਾਲਸਾ ਕਾਲਜ, ਅੰਮ੍ਰਿਤਸਰ, ਪੰਨਾ ੪੨

੪. ਗਿਆਨੀ ਗਿਆਨ ਸਿੰਘ ਅਧਿਐਨ, ਪੰਜਾਬੀ ਸਮੀਖਿਆ ਬੋਰਡ, ਜਲੰਧਰ ਪੰਨਾ ੧੨੩–੨੪

ਸਹਾਇਤਾ ਕਰ ਰਹੀਆਂ ਸਨ ।[1] ੧੮੫੩ ਈਸਵੀ ਦੇ ਕਰੀਬ ਰੋਹਤਕ ਦੇ ਕੋਲ ਬਾਗੜੂਆਂ ਦੇ ਪੰਦਰਾਂ ਪਿੰਡਾਂ ਨੇ ਬਗਾਵਤ ਕਰ ਦਿੱਤਾ । ਇਹ ਇਲਾਕਾ ਰਿਆਸਤ ਜੀਂਦ ਵਿਚ ਸੀ । ਰਾਜਾ ਸਰੂਪ ਸਿੰਘ ਫੌਰਨ ਬਹੁਤ ਸਾਰੀ ਫੌਜ ਲੈ ਕੇ ਉਥੇ ਪਹੁੰਚ ਗਏ । ਬਾਗੀਆਂ ਦੇ ਮੁਖੀ ਨਗਾਹੀਆ ਸੀ ਜੋ ਬਹੁਤ ਬਹਾਦਰੀ ਨਾਲ ਲੜਿਆ । ਚਾਰ ਮਹੀਨੇ ਤਕ ਲੜਾਈ ਹੁੰਦੀ ਰਹੀ । ਅਖ਼ੀਰ ਮਹਾਰਾਜਾ ਜੀਂਦ ਨੇ ਮਹਾਰਾਜਾ ਪਟਿਆਲਾ ਕੋਲੋਂ ਚਾਰ ਪਲਟਨਾਂ ਦੀ ਇਮਦਾਦ ਮੰਗੀ । ਇਕ ਬੜੀ ਵੱਡੀ ਲੜਾਈ ਹੋਈ ।[2] ਪਟਿਆਲਾ ਵਲੋਂ ਭੇਜੀਆਂ ਫੌਜਾਂ ਵਿਚ ਗਿਆਨੀ ਗਿਆਨ ਸਿੰਘ ਵੀ ਸਨ । ਬਗਾਵਤ ਦਬਾ ਦਿੱਤੀ ਗਈ ਪਰ ਪਟਿਆਲਾ ਦੀ ਫੌਜ ਦੇ ਬਹੁਤ ਸਾਰੇ ਆਦਮੀ ਮਾਰੇ ਗਏ ਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ[1] । ਗਿਆਨੀ ਗਿਆਨ ਸਿੰਘ ਦੇ ਪੇਟ ਵਿੱਚ ਗੋਲੀ ਲੱਗੀ । ਫਿਰ ਆਪ ਕੁਝ ਚਿਰ ਬਿਮਾਰ ਰਹੇ ਤੇ ਫੌਜੀ ਨੌਕਰੀ ਤੋਂ ਛੁੱਟੀ ਮਿਲ ਗਈ ।[3]

ਜਦੋਂ ਆਪ ਫੌਜੀ ਨੌਕਰੀ ਛੁਟਣ ਪਿੱਛੋਂ ਆਪਣੀ ਮਾਤਾ ਨਾਲ ਦੁਖ ਤੇ ਮੁਸੀਬਤ ਦੇ ਦਿਨ ਕਟ ਰਹੇ ਸਨ ਤਾਂ ਆਪ ਦਾ ਤਾਇਆ ਪ੍ਰੇਮ ਸਿੰਘ ਜੋ ਪਟਿਆਲੇ ਵਿਚ ਨੌਕਰ ਸੀ ਆਪ ਦੇ ਗੁਰਮਤ ਗਿਆਨ ਤੋਂ ਪ੍ਰਭਾਵਿਤ ਹੋਕੇ ਪਟਿਆਲੇ ਨਾਲ ਲੈ ਗਿਆ ਤੇ ਗ੍ਰੰਥੀ ਦੀ ਨੌਕੀਰ ਦੁਆ ਦਿੱਤੀ । ਆਪ ਪੰਜਾਬੀ ਬਹੁਤ ਸੋਹਣੀ ਲਿਖਦੇ ਸਨ । ਗੁਰਮਤ ਵਿਚ ਪ੍ਰਬੀਨਤਾ ਤੇ ਗੁਰਮੁਖੀ ਲਿਖਾਈ ਪੜ੍ਹਾਈ ਕਰਕੇ ਆਪ ਗਿਆਨੀ ਕਰਕੇ ਪ੍ਰਸਿੱਧ ਹੋਏ ।[4]

ਗਿਆਨ ਸਿੰਘ ਨੇ ੧੮੫੬ ਈਸਵੀ ਤੋਂ ਲੈ ਕੇ ੧੮੭੭ ਈਸਵੀ ਤਕ ਦੂਰ ਦੁਰਾਡੇ ਇਲਾਕਿਆਂ ਦਾ ਭਰਮਨ ਕੀਤਾ । ਕਾਂਸ਼ੀ, ਹਰਦੁਆਰ, ਰਿਖੀ ਕੇਸ਼, ਡੇਰਾਦੂਨ, ਪਾਉਂਟਾ, ਨਾਹਨ, ਭੰਗਾਣੀ ਸਾਹਿਬ, ਕੁਰਰੂਕਸ਼ੇਤਰ, ਮਥਰਾ ਬਿੰਦਰਾਬਨ ਆਦਿ ਕਈ ਥਾਵਾਂ ਤੇ ਫਿਰਦੇ ਰਹੇ । ੧੮੫੭ ਦੇ ਗਦਰ ਵਿਚ ਪਾਣੀਪਤ ਫੜੇ ਗਏ ਤੇ ਸੋਲਾਂ ਦਿਨ ਕੈਦ ਰਹੇ । ਫਿਰ ਸਿੱਖ ਪਲਟਨ ਨੇ ਆ ਕੇ ਛਡਵਾ ਦਿੱਤਾ । ਫਿਰ ਆਪ ਤਲਵੰਡੀ ਸਾਬੋ ਕੁਝ ਸਮਾਂ ਠਹਿਰੇ ਫੇਰ ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਦੀ ਯਾਤਰਾ ਕਰਕੇ ਮੂੰਗੇਰ ਤੋਂ ਹੁੰਦੇ ਹੋਏ ਕਲਕੱਤੇ ਗਏ । ਇਥੇ ਬ੍ਰਹਮੋ ਸਮਾਜ ਦੇ ਲੀਡਰਾਂ ਨਾਲ ਆਪ ਦਾ ਸੰਪਰਕ ਹੋਇਆ । ਫੇਰ ਜਗਨ ਨਾਥ ਪੁਰੀ ਗਏ । ਫੇਰ ਵਿਰਦੇ ਫਿਰਦੇ ਨੇਪਾਲ ਦੀ ਯਾਤਰਾ ਕੀਤੀ ਫੇਰ ਬਹਾਵਲਪੁਰ ਵਲੋਂ ਹੁੰਦੇ ਹੋਏ ਦੁਆਰਕਾ, ਗਿਰਨਾਰ (ਜੂਨਾਗੜ੍ਹ) ਤੋਂ ਹੁੰਦੇ ਹੋਏ ਵਾਪਸ ਪੰਜਾਬ ਆ ਗਏ ।[5]

ਗਿਆਨੀ ਗਿਆਨ ਸਿੰਘ ਜੀ ਦੇ ਜੀਵਨ ਤੇ ਇਨ੍ਹਾਂ ਸਫ਼ਰਾਂ ਦਾ ਬਹੁਤ ਪ੍ਰਭਾਵ ਪਿਆ। ਆਪ ਜਿਥੇ ਜਾਂਦੇ ਉਥੋਂ ਦੇ ਇਤਿਹਾਸਕ ਗੁਰਦਵਾਰਿਆਂ ਦੇ ਦਰਸ਼ਨ ਕਰਦੇ ਉਸ ਸਥਾਨ ਨਾਲ

1. ਉਕਤ, ਪੰਨਾ ੨੪
2. ਤਵਾਰੀਖ ਗੁਰੂ ਖ਼ਾਲਸਾ-ਰਾਜ ਖਾਲਸਾ-ਸਿੱਖ ਰਿਆਸਤਾਂ (ਉਰਦੂ), ਅੰਮ੍ਰਿਤਸਰ, ਪੰਨਾ ੧੫੪
3. ਤਵਾਰੀਖ ਗੁਰੂ ਖਾਲਸਾ-ਰਾਜ ਖਾਲਸਾ-ਸਿੱਖ ਰਿਆਸਤੇਂ (ਉਰਦੂ), ਅੰਮ੍ਰਿਤਸਰ, ਪੰਨਾ ੧੫੪
4. ਗਿਆਨੀ ਗਿਆਨ ਸਿੰਘ ਅਧਿਐਨ, ਪੰਨਾ ੨੭
5. ਉਕਤ, ਪੰਨਾ ੨੭ ਤੋਂ ੪੪

ਸੰਬਧਤ ਸਿੱਖ ਰਵਾਇਤਾਂ ਨੂੰ ਇਕੱਠਾ ਕਰਦੇ । ਸਭ ਤੋਂ ਵੱਡਾ ਅਸਰ ਆਪ ਤੇ ਇਹ ਹੋਇਆ ਕਿ ਆਪ ਨਿਰਮਲਿਆਂ ਸੰਤਾਂ ਦੀ ਸੰਗਤ ਕਰਕੇ ਨਿਰਮਲੇ ਹੀ ਬਣ ਗਏ। ਦੇਵ ਨੇਤ ਨਾਲ ੧੮੬੦-੬੧ ਈਸਵੀ ਦੇ ਕਾਲ ਸਮੇਂ ਨਿਰਮਲੇ ਸੰਤਾ ਨੇ ਸਿੱਖ ਰਿਆਸਤਾਂ ਦੇ ਰਾਜਿਆਂ ਨੂੰ ਪ੍ਰੇਰ ਕੇ ਗਰੀਬ ਲੋਕਾਂ ਵਿਚ ਅੰਨ ਵੰਡਿਆ ਜਿਸ ਨਾਲ ਨਿਰਮਲ ਸੰਪਰਦਾ ਦੀ ਪ੍ਰਭਤਾ ਵਿਚ ਵਾਧਾ ਹੋਇਆ । ਇਸੇ ਹੀ ਸਮੇਂ ਗਿਆਨੀ ਗਿਆਨ ਸਿੰਘ ਜੀ ਨੇ ਵੀ ਨਿਰਮਲ ਸੰਪਰਦਾ ਵਿਚ ਪ੍ਰਵੇਸ਼ ਕੀਤਾ ਤੇ ਆਪਣਾ ਵਿਦਿਆ ਦਾਤਾ ਗੁਰੂ ਪੰਡਤ ਤਾਰਾ ਸਿੰਘ ਨਿਰੋਤਮ ਨੂੰ ਮੰਨਿਆ । ਪੰਡਤ ਤਾਰਾ ਸਿੰਘ ਆਪਣੇ ਸਮੇਂ ਦੇ ਪ੍ਰਸਿੱਧ ਵਿਦਵਾਨ ਸਨ ਜਿਨ੍ਹਾਂ ਨੇ ਕਈ ਗ੍ਰੰਥ ਰਚੇ ਜਿਨ੍ਹਾਂ ਵਿਚੋਂ "ਗੁਰੂ ਤੀਰਥ ਸੰਗ੍ਰਹ" ਤੇ "ਗੁਰ ਗਰਾਰਥ ਪ੍ਰਕਾਸ਼" ਪ੍ਰਸਿੱਧ ਹਨ । ਆਪਣੇ ਸਫਰਾਂ ਦੇ ਸਮੇ ਵੀ ਆਪ ਨਿਰਮਲਿਆਂ ਦੇ ਡੇਰਿਆਂ ਤੇ ਹੀ ਠਹਿਰਦੇ ਇਨ੍ਹਾਂ ਹੀ ਦਿਨਾਂ ਵਿਚ ਨਾਨਕ ਪ੍ਰਕਾਸ਼ ਅਤੇ ਸੂਰਜ ਪ੍ਰਕਾਸ਼ ਦੀ ਕਥਾ ਕਈ ਡੇਰਿਆਂ ਵਿਚ ਹੁੰਦੀ ਸੀ । ਗਿਆਨੀ ਗਿਆਨ ਸਿੰਘ ਜੀ ਵੀ ਇਕ ਮਹੀਨਾ ਨਾਮਧਾਰੀ ਦਰਬਾਰ ਭੈਣੀ ਸਾਹਿਬ ਰਹਿ ਕੇ ਨਾਨਕ ਪ੍ਰਕਾਸ਼ ਦੀ ਕਥਾ ਕਰਦੇ ਰਹੇ। ਇਸ ਤੋਂ ਪਤਾ ਲਗਦਾ ਹੈ ਕਿ ਆਪਦਾ ਝੁਕਾ ਸ਼ੁਰੂ ਤੋਂ ਹੀ ਸਿੱਖ ਇਤਿਹਾਸ ਵੱਲ ਸੀ ।

ਪੰਡਤ ਤਾਰਾ ਸਿੰਘ ਦੀ ਪ੍ਰੇਰਨਾ ਨਾਲ ਆਪਣੇ ਸਭ ਤੋਂ ਪਹਿਲਾਂ ਪੰਥ ਪ੍ਰਕਾਸ਼ ਰਚਿਆ। ਇਸ ਨਾਂ ਦੀ ਪੁਸਤਕ ਪਹਿਲਾਂ ਵੀ ਮੌਜੂਦ ਸੀ-ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ । ਪਰ ਇਸ ਪੰਥ ਪ੍ਰਕਾਸ਼ ਵਿਚ ਸਿੱਖਾਂ ਦਾ ਪੂਰਨ ਇਤਿਹਾਸ ਨਹੀਂ ਸੀ ਆਉਂਦਾ । ਇਸ ਵਿਚ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਲੈ ਕੇ ਮਿਸਲਾਂ ਦੇ ਸਮੇ ਤਕ ਦਾ ਇਤਿਹਾਸ ਸੀ । ਗਿਆਨੀ ਜੀ ਦੇ ਪੰਥ ਪ੍ਰਕਾਸ਼ ਵਿਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਅੰਗਰੇਜ਼ੀ ਕਾਲ ਤਕ ਸਾਰੇ ਹਾਲਾਤ ਦੱਸੇ ਤੇ ਫੇਰ ਸਿੱਖਾਂ ਵਿਚ ਪ੍ਰਸਿੱਧ ਸੰਪਰਦਾਵਾਂ ਵਿਸ਼ੇਸ਼ ਕਰਕੇ ਨਾਮਧਾਰੀ, ਨਿਰਮਲੇ ਉਦਾਸੀ, ਨਿਹੰਗ ਆਦਿ ਦਾ ਵੇਰਵਾ ਦਿੱਤਾ ਹੈ ।

ਜਦੋਂ ਗਿਆਨੀ ਗਿਆਨ ਸਿੰਘ ਨੇ ਕਲਮ ਚੁੱਕੀ ਤਾਂ ਉਸ ਵੇਲੇ ਸਿੱਖਾਂ ਵਿਚ ਕਵਿਤਾ ਵਿਚ ਇਤਿਹਾਸ ਲਿਖਣ ਦੀ ਪਰਪਾਟੀ ਤੁਰੀ ਹੋਈ ਸੀ । "ਗੁਰੂ ਸੋਭਾ", ਸੈਨਾਪਤ "ਗੁਰ ਬਿਲਾਸ ਪਾਤਸਾਹੀ ਦਸਵੀਂ", ਕੋਇਰ ਸਿੰਘ, "ਗੁਰ ਬਿਲਾਸ" ਸੁਖਾ ਸਿੰਘ, "ਮਹਿਮਾ ਪ੍ਰਕਾਸ਼", "ਨਾਨਕ ਪ੍ਰਕਾਸ਼" ਅਤੇ "ਸੂਰਜ ਪ੍ਰਕਾਸ਼" ਇਹ ਸਭ ਸਿੱਖ ਇਤਿਹਾਸ ਦੇ ਪ੍ਰਸਿੱਧ ਗ੍ਰੰਥ ਕਵਿਤਾ ਵਿਚ ਸਨ । ਇਸ ਲਈ ਗਿਆਨੀ ਜੀ ਨੇ ਵੀ ਪੰਥ ਪ੍ਰਕਾਸ਼ ਕਵਿਤ ਵਿਚ ਰਚਿਆ । ਇਹ ਆਪ ਦੀ ਪਹਿਲੀ ਰਚਨਾ ਸੀ । ਇਸ ਦੇ ਰਚਨ ਦੇ ਕਾਰਨ ਆਪ ਪੰਥ ਪ੍ਰਕਾਸ਼ ਦੇ ਅਰੰਭ ਵਿਚ ਇਸ ਤਰ੍ਹਾਂ ਦੱਸਦੇ ਹਨ :-

ਗ੍ਰੰਥ ਪੰਥ ਪ੍ਰਕਾਸ਼ ਸੁਹਾਵਨ ।
ਰਤਨ ਸਿੰਘ ਜੋ ਕੀਨ ਬਖਾਵਨ ।
ਢੀਲੀ ਤਾਹਿ ਅਧਿਕ ਕਵਿਤਾਈ

---

੧. ਉਕਤ, ਪੰਨਾ ੩੩

ਮਤਲਬ ਥੋਰਾ ਬਹੁਤ ਫੈਲਾਈ ।
ਹੁਤੇ ਸਿੰਘ ਵਹਿ ਸੂਧਾ ਸਾਦਾ
ਕਵਿਤਾ ਕੀ ਨ ਲਖਤ ਮਰਜਾਦਾ ।
ਜੈਸਾ ਗੁਰ ਕਾ ਪੰਥ ਰੰਗੀਲਾ ।
ਬੀਰ ਬਾਂਕਰੋ ਛੈਲ ਛਬੀਲਾ ।
ਚਾਹੀਏ ਗਾਥ ਤਾਹਿ ਕੀ ਤੈਸੀ ।
ਦੇਵ ਅਨੂਰੂਪ ਬਲੀ ਦੈਵ ਜੈਸੀ ।

ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਦੀ ਕਵਿਤਾ ਨੇਮਬਧ ਕਵਿਤਾ ਹੈ ਜਿਸ ਵਿਚ ਵਲਵਲਾ, ਛੰਦਾਂ-ਬੰਦੀ ਤੇ ਢੁਕਵੇਂ ਅਲੰਕਾਰ ਮਿਲਦੇ ਹਨ । ਇਹ ਸ਼ਾਇਦ ਇਕੋ ਇਕ ਮਹਾਂ ਕਾਵਿ ਹੈ ਜਿਸ ਵਿਚ ਸਾਰਾ ਸਿੱਖ ਇਤਿਹਾਸ ਨਿਗਰ ਤੇ ਨਰੋਈ ਕਵਿਤਾ ਵਿਚ ਲਿਖਿਆ ਹੈ।

ਵਿਸ਼ੇ ਵਸਤੂ ਦੇ ਪੱਖ ਤੋਂ ਰਤਨ ਸਿੰਘ ਭੰਗੂ ਦਾ ਪੰਥ ਪ੍ਰਕਾਸ਼ ਪ੍ਰਾਚੀਨ ਹੈ ਤੇ ਸਰਲ ਭਾਸ਼ਾ ਵਿਚ ਹੈ ਅਤੇ ਇਹ ਹੀ ਪੰਥ ਪ੍ਰਕਾਸ਼ ਗਿਆਨੀ ਜੀ ਦੇ ਪੰਥ ਪ੍ਰਕਾਸ਼ ਦਾ ਮੁੱਖ ਅਧਾਰ ਹੈ । ਇਸ ਦੇ ਸਪਸ਼ਟੀਕਰਨ ਵਜੋਂ ਕਈ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ ਪਰ ਇਥੇ ਭਾਈ ਤਾਰੂ ਸਿੰਘ ਦੀ ਸ਼ਹੀਦੀ ਦੀਆਂ ਅਰੰਭਕ ਤੁਕਾਂ ਦੇਂਦੇ ਹਾਂ । ਜਿਸ ਤੋਂ ਸਿੱਧ ਹੁੰਦਾ ਹੈ ਕਿ ਵਿਸ਼ੇ ਵਸਤੂ ਲਈ ਗਿਆਨੀ ਜੀ ਨੇ ਵੀ ਰਤਨ ਸਿੰਘ ਦੇ ਪੰਥ ਪ੍ਰਕਾਸ਼ ਨੂੰ ਹੀ ਪ੍ਰਮਾਣੀਕ ਮੰਨਿਆ ਹੈ, ਭਾਈ ਰਤਨ ਸਿੰਘ ਭੰਗੂ ਨੇ ਭਾਈ ਤਾਰੂ ਸਿੰਘ ਦਾ ਵਿਰਤਾਂਤ ਇਸ ਤਰ੍ਹਾਂ ਲਿਖਿਆ ਹੈ :-

ਸਾਖੀ ਤਾਰੂ ਸਿੰਘ ਕੀ ਸੁਨੋ ਸਿੰਘ ਮਨ ਲਾਇ
ਜੋ ਖਾਨ ਬਹਾਦਰ ਲੈ ਤਰਯੋ ਖੋਪਰੀ ਸਿਰੋਂ ਉਤਰਾਇ
ਸੋ ਮਾਝੇ ਮੇ ਬਸਤ ਥੋ ਭਲੇ ਸੁ ਪੂਲੇ ਗ੍ਰਾਮ
ਹੱਠੀ ਤੱਪੀ ਸਾਚੋ ਸਤੀ ਨਿਹੰਗ ਤਾਰੂ ਸਿੰਘ ਨਾਮ
ਨਵਾਬ ਮੌਤ ਜਬ ਨੇੜੇ ਆਈ ਤਿਮ ਤਿਮ ਲਾਗੋ ਕਰਨ ਬੁਰਾਈ
ਸਾਲ ਅਠਾਰਾ ਸਈਏ ਦੋਇ ਤਾਰੂ ਸਿੰਘ ਕੀਓ ਸਾਕੋ ਸੋਇ
ਨਵਾਬ ਮੁਖਲਸਖਾਨ ਕੋ ਪੁਛਯੋ ਸਿੰਘ ਰਿਜ਼ਕ ਕਹਾਂ ਤੇ ਖਾਹਿ
ਨਹਿ ਉਗਰਾਹੀ, ਹਲਵਾਈ, ਨਹਿ ਚਾਕਰੀ ਬਣਜ ਕਮਾਹਿ....
....
ਹਰ ਭਗਤ ਨਿਰੰਜਨੀਏ ਯੌਂ ਫਿਰ ਕਹੀ
ਪੂਲੋ ਪਿੰਡ ਇਕ ਮਾਝੇ ਅਹੀ
ਤਾਰੂ ਸਿੰਘ ਤਹਿ ਖੇਤੀ ਕਰੈ

ਸਾਥ ਪਿੰਡ ਵਾਹਿ ਹਾਲਾ ਭਰੇ
ਦੋਹ ਹਾਕਮ ਕਛ ਥੋੜਾ ਖਾਵੈ
ਬਚੇ ਸਿੰਘਨ ਕੇ ਪਾਸ ਪੁਚਾਵੈ
ਹੋ ਉਸ ਕੇ ਇਕ ਭੈਣ ਅਰ ਮਾਈ
ਪੀਸ ਕੂਟ ਵੈ ਕਰੈ ਕਮਾਈ
ਆਪ ਖਾਇ ਵਹਿ ਰੂਖੀ ਮੀਸੀ
ਮੋਟਾ ਪਹਿਰ ਆਪ ਰਹਿ ਲਿਸੀ
ਜੋਊ ਬਚੇ ਸੋ ਸਿੰਘਨ ਦੇਵੈ
ਉਇ ਬਿਨ ਸਿੰਘਨ ਔਰਨ ਸੇਵੈ.....

....
ਔਰ ਦੂਸਰੋਂ ਮਤਾਬ ਸਿੰਘ ਨਾਮ
ਮੀਰਾਂ ਕੋਟ ਤਾਸ ਕੋ ਗ੍ਰਾਮ
ਜਿਸ ਦਿਨ ਤੇ ਉਨ ਮਾਰਯੋ ਮਸਾ
ਛੋਡ ਪਿੰਡ ਰਹਿ ਝਲ ਮੈ ਨੱਸਾ ......
ਨਵਾਬ ਕਹਯੋ ਹਰ ਭਗਤ ਕੋ ਮਤਾਬ ਸਿੰਘ ਨੂੰ ਲਯਾਉ
ਹੈਂ ਉਸ ਕੇ ਸੰਗ ਸਿਖ ਬਹੁਤ ਫੌਜ ਲੈ ਜਾਓ
ਔ ਤਾਰੂ ਸਿੰਘ ਇਕੱਲਾ ਜੋਊ, ਅਹਿਦੀ ਜਾਇ ਲੇ ਆਵੈ ਸੋਓ
ਬੀਸ ਕੁ ਤਿਸ ਸੰਗ ਪਯਾਦੇ ਦੇਊ, ਰਸਤਯੋ ਚੋਕਸ ਉਸ ਕਰ ਲੇਓ

(ਪ੍ਰਾਚੀਨ ਪੰਥ ਪ੍ਰਕਾਸ਼-ਪੰਨਾ ੨੫੪–੫੫)

ਇਸੇ ਪ੍ਰਸੰਗ ਨੂੰ ਗਿਆਨੀ ਗਿਆਨ ਸਿੰਘ ਇਕ ਕਬਿਤ ਵਿਚ ਵਰਣਨ ਕਰਦੇ ਹਨ। ਕਵਿਤਾ ਦਾ ਜੋਰ ਅਤੇ ਸਿੱਖੀ ਉਤਸ਼ਾਹ ਦਾ ਵਲਵਲਾ ਪ੍ਰਬਲ ਹੈ :-

ਕਬਿਤ

ਪੂਲਾ ਨਾਮ ਗ੍ਰਾਮ ਏਕ ਮਾਝੇ ਮੈਂ ਪਛਾਨੇ ਆਮ,
ਤਹਾਂ ਰਚਧਾਮ ਤਾਰੂ ਸਿੰਘ ਸੋ ਰਹਾਵਹੀ ।
ਜਤੀ ਸਤੀ ਹਠੀ ਤਪੀ ਸੂਰਬੀਰ ਧੀਰ ਵਡ,
ਰਹਤ ਭੁਜੰਗੀ ਰੀਤਿ ਬਾਨੀ ਗੁਰ ਗਾਵਹੀ।
ਤਾਂ ਪਰ ਨਿਰੰਜਨੀਏ ਆਇ ਕਰ ਏਕ ਦਿਨ,
ਚੁਗਲੀ ਨੁਵਾਬ ਢਿਗ ਉਗਲੀ ਸਤਾਵਹੀ ।
ਪੂਲੇ ਗ੍ਰਾਮ ਮਾਂਹਿ ਏਕ ਤਾਰੂ ਸਿੰਘ ਰੈਹੇ

ਵਾਹਿ ਸਿੰਘਨ ਕੋ ਪੰਥ ਢਿਗ ਖਰਚ ਪੁਚਵ੍ਹੀ ੨।
ਆਪ ਸੈਹੇ ਦੂਖ ਭੂਖ ਨੰਗ ਸੀਤ ਆਤਪਸੌ
ਕਰਕੇ ਮਜੂਰੀ ਲਯਾਇ ਪੰਥ ਕੋ ਛਕਾਇ ਹੈ
ਏਕ ਤਾਂਕੀ ਮਾਤ ਔਰ ਭਗਨੀ ਰਹਿਤ ਧਾਂਮ
ਪੀਸ ਕਰ ਪੀਸਣਾ ਨਸੋ ਭੀ ਆਪ ਖਾਇ ਹੈ
ਆਪ ਭੂੰਜੇ ਚਣੇ ਖਾਇ ਕਰਤ ਗੁਜਾਰਾ ਵਾਹਿ,
ਸਿੰਘਨ ਕੀ ਸੇਵ ਸਿਰੋ ਪਰੇ ਹਵੇ ਕਮਾਇ ਹੈਂ।
ਔਰ ਜੇਤੇ ਸਿੰਘ ਕਰੈ ਨੌਕਰੀ ਔਖੇਤੀ ਬਣਜ,
ਜੋਉ ਜਾਂਹਿ ਮਿਲੈ ਦੇਤ ਸਿੰਘਨ ਕੋ ਲਯਾਇ ਹੈ ੩।
ਔਰ ਮੀਰਾਂ ਕੋਟੀਆ ਮਤਾਬ ਸਿੰਘ ਭੰਗੂ ਏਕ,
ਦੇਸ ਮਾਹਿ ਲੂਟ ਮਾਰ ਸੋਊ ਬਹੁ ਰਾਖ ਹੈ।
ਬੀਸ ਤੀਸ ਸਿੰਘ ਨਿਜ ਸੰਗਿ ਨੀਤਿ ਰਾਖਤ ਸੈ,
ਚੋਰੀ ਧਾੜਾ ਨਿਤ ਮਾਰ ਬੀਰ ਰਸ ਚਾਖ ਹੈ।
ਹਾਲ ਚਾਲ ਡਾਲ ਤਿਨ ਰਾਖੀ ਹੈ ਬਿਸਾਲ ਜਗ,
ਆਜ ਕਾਲ ਲੰਹਗੀ ਹੌਰ ਇਮ ਆਖ ਹੈਂ।
ਐਸੇ ਜਬ ਹਰਸੁਖ ਦਾਸ ਪਾਸ ਸੂਬੇ ਪਾਸ,
ਮਾਗੀ ਝਖ ਭਖ ਭੌ ਨਵਾਬ ਕਹਯੋ ਮਾਖ ਹੈ ੪।
ਤੁਮ ਬਹੁ ਸੈਨ ਲੇ ਮਤਾਬ ਸਿੰਘ ਓਰ ਜਾਹੁ,
ਜਹਾਂ ਤੇ ਮਿਲੈ ਹੈ ਲਯਾਵੋ ਤਹਾਂ ਤੇ ਪਕਰ ਕੈ।
ਹਮ ਤਾਰੂ ਸਿੰਘ ਕੋ ਮੰਗਾਇ ਹੈਂ ਪਕਰ ਅਬ,
ਮਾਰਹੌਂ ਦੂਹੂੰ ਕੌ ਫਿਰ ਦੂਖ ਦੇ ਜਕਰਕੇ।
ਐਸੇ ਕਹਿ ਅਹਿਦੀਏ ਨਿਬਾਬ ਨੇ ਪਠਾਏ ਤਬ,
ਤਾਰੂ ਸਿੰਘ ਤਾਂਹੀ ਤੁਰਕ ਸੋ ਅਕਰਕੇ।
ਆਇ ਜਬ ਨਗਰ ਭੜਾਣੇ ਢਿਗ ਡੇਰਾ ਕੀਨ,
ਸੁਨ ਸਿੱਖ ਭਏ ਦੁਖੀ ਸਭ ਹੀ ਨਗਰ ਕੇ।੫।।
(ਪੰਥ ਪ੍ਰਕਾਸ਼ (ਛਾਪ ਦੂਜੀ) ਪੰਨਾ ੪੯੬

ਗਿਆਨੀ ਗਿਆਨ ਸਿੰਘ ਦੇ ਵਿਰਤਾਂਤ ਦਾ ਵਿਸਥਾਰ ਰਤਨ ਸਿੰਘ ਭੰਗੂ ਦੇ ਵਿਰਤਾਂਤ ਤੇ ਅਧਾਰਤ ਹੈ। ਕਵਿਤਾ, ਵਲਵਲਾ, ਛੰ-ਬੰਧੀ ਅਤੇ ਢੁਕਵੇਂ ਅਲੰਕਾਰ ਗਿਆਨੀ ਜੀ ਦੇ ਕਾਵਿ-ਸੂਝ ਦੇ ਸੂਚਕ ਸਨ।

ਪੰਥ ਪ੍ਰਕਾਸ਼ ਤੋਂ ਇਲਾਵਾ ਗਿਆਨੀ ਜੀ ਨੇ ਨਿਮਨ ਲਿਖਤ ਸਿੱਖ ਇਤਿਹਾਸ ਦੀਆਂ ਰਚਨਾਵਾਂ ਕੀਤੀਆਂ, ਜੋ ਪ੍ਰਸਿਧ ਹਨ :-

(੧) ਨਿਰਮਲ ਪੰਥ ਪ੍ਰਦੀਪਕਾ :-

ਇਸ ਵਿਚ ਨਿਰਮਲ ਸੰਪਰਦਾ ਦਾ ਇਤਿਹਾਸ ਹੈ ।

(੨) ਤਵਾਰੀਖ ਗੁਰੂ ਖਾਲਸਾ:-

ਇਹ ਪੰਜ ਭਾਗਾਂ ਵਿਚ ਹੈ ।ਪਹਿਲਾਂ ਹਿੱਸਾ ਦਸਾਂ ਗੁਰੂ ਸਾਹਿਬਾਨ ਦਾ ਇਤਿਹਾਸ ਦਸਦਾ ਹੈ ।ਸ਼ਮਸ਼ੇਰ ਖਾਲਸਾ-ਦੋ ਹਿੱਸੇ ਬਾਬਾ ਬੰਦਾ ਦੇ ਤੇ ਇਤਿਹਾਸ ਦੱਸਦੇ ਹਨ ।ਰਾਜ ਖਾਲਸਾ ਦੋ ਹਿੱਸਿਆਂ ਵਿਚ ਹੈ ।ਇਕ ਵਿਚ ਮਿਸਲਾਂ ਤੇ ਦੂਜੇ ਸਿੱਖ ਰਿਆਸਤਾਂ ਦਾ ਹਾਲ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਹਾਲ ਹੈ ।

(੩) ਗੁਰਧਾਮ ਸੰਗ੍ਰਿਹ ਵਿਚ ਇਤਿਹਾਸਕ ਗੁਰਦਵਾਰਿਆਂ ਦਾ ਹਾਲ ਹੈ ।

(੪) ਤਾਰੀਖ-ਇ-ਅੰਮ੍ਰਿਤਸਰ

(੫) ਤਾਰੀਖ-ਇ-ਲਾਹੌਰ

(੬) ਰਿਪਦੁਮਨ ਪ੍ਰਕਾਸ਼

(੭) ਇਸ ਤੋਂ ਇਲਾਵਾ ਆਪਣੇ ਸੂਰਜ ਪ੍ਰਕਾਸ਼ ਵਾਰਤਕ ਤਿੰਨਾਂ ਹਿੱਸਿਆਂ ਵਿਚ ਲਿਖਿਆ ਜੋ ਪਹਿਲੀ ਵਾਰੀ ੧੯੯੭ ਵਿਚ ਛਪਿਆ ।

ਗਿਆਨੀ ਗਿਆਨ ਸਿੰਘ ਜੀ ਨੇ ਬਹੁਤ ਲੰਮੇਰਾ ਜੀਵਨ ਜੀਵਿਆ ਤੇ ਮਹਾਰਾਜਾ ਰਣਜੀਤ ਜੀ ਦੇ ਸਮੇਂ ਤੋਂ ਲੈ ਕੇ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਤਕ ਸਭ ਹਾਲਾਤ ਅੱਖੀਂ ਵੇਖੇ ਤੇ ਸੁਣੇ ।ਅਖੀਰ ੧੯੨੧ ਈਸਵੀ ਵਿਚ ਇਤਿਹਾਸ ਦੀ ਵਡਮੁੱਲੀ ਸੇਵਾ ਕਰਕੇ ਗੁਰ ਰਚਨਾਂ ਵਿਚ ਜਾ ਬਿਰਾਜੇ ।

ਇਤਿਹਾਸਕਾਰ ਦੇ ਰੂਪ ਵਿਚ :-

ਗਿਆਨੀ ਗਿਆਨ ਸਿੰਘ ਜੀ ਨੂੰ ਇਹ ਅਨੁਭਵ ਹੋਇਆ ਕਿ ਪੁਰਾਣੇ ਸਮਿਆਂ ਵਿਚ ਭਾਰਤੀ ਤੇ ਵਿਸ਼ੇਸ਼ ਕਰਕੇ ਹਿੰਦੂ ਆਪਣੇ ਇਤਿਹਾਸ ਵਲੋਂ ਬਹੁਤ ਅਵੇਸਲੇ ਰਹੇ ਸਨ ।ਇਸ ਦਾ ਕਾਰਨ ਉਨ੍ਹਾਂ ਦੀ ਜੀਵਨ ਫਿਲਾਸਫ਼ੀ ਹੈ ਜਿਸ ਵਿਚ ਇਸ ਜੀਵਨ ਦੀ ਥਾਂ ਤੇ ਅਗਲੇ ਜੀਵਨ ਤੇ ਜ਼ਿਆਦਾ ਜੋਰ ਹੈ ।ਆਪ ਤਵਾਰੀਖ ਗੁਰੂ ਖਾਲਸਾ ਦੀ ਭੂਮਿਕਾ ਵਿਚ ਲਿਖਦੇ ਹਨ, ''ਤਵਾਰੀਖ਼ ਦਾ ਸਬੰਧ ਨਾਲ, ਬੰਸਾਵਲੀ ਦਾ ਸਬੰਧ ਖਾਨਦਾਨ ਨਾਲ ਹੁੰਦਾ ਹੈ ਸੋ ਇਨ੍ਹਾਂ ਨੇ (ਆਰੀਆ ਲੋਕਾਂ ਨੇ) ਦੋਹਾਂ ਦੀ ਪਰਵਾਹ ਨਹੀਂ ਰਖੀ ਕਿਉਂਕਿ ਏਸ ਸੰਸਾਰ ਨੂੰ ਤੇ ਸੰਸਾਰੀਆਂ ਨੂੰ ਬਿਨਾਸੀ ਤੁਛ ਸਮਝਕੇ ਜਿਥੇ ਹਮੇਸ਼ਾ ਰਹਿਣਾ ਹੈ ਉਸ ਪੁਰਲੋਕ ਦੇ ਅਬਿਨਾਸੀ ਸੁਖ ਦੀ ਇਛਾ ਰਖਕੇ ਉਥੇ ਪਹੁੰਚਣ ਦੇ ਉਦਮ ਕਰਨ ਵਿਚ ਲਗੇ ਰਹੇ ।''[੧]

੧. ਤਵਾਰੀਖ਼ ਗੁਰੂ ਖਾਲਸਾ, ਭਾਸ਼ਾ ਵਿਭਾਗ, ੧੯੭੦, ਪੰਨਾ ੧੧

ਮੁਸਲਮਾਨਾਂ ਅਤੇ ਅੰਗਰੇਜ਼ਾਂ ਦੀਆਂ ਲਿਖੀਆਂ ਤਾਰੀਖ਼ਾਂ ਨੂੰ ਦੇਖ ਕੇ ਗਿਆਨੀ ਜੀ ਨੇ ਇਹ ਨਿਸਚਾ ਕਰ ਲਿਆ ਕਿ ਸਿਖਾਂ ਦੀ ਵੀ ਮੁਕੰਮਲ ਤਾਰੀਖ ਹੋਣੀ ਚਾਹੀਦੀ ਹੈ । ਉਨ੍ਹਾਂ ਤੋਂ ਪਹਿਲਾਂ ਜਨਮ ਸਾਖੀਆਂ, ਗੁਰ ਬਿਲਾਸ ਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਮੌਜੂਦ ਸਨ ਪਰ ਪੰਜਾਬੀ ਵਿਚ ਕੋਈ ਪੁਸਤਕ ਸਮੁੱਚੇ ਸਿੱਖ ਇਤਿਹਾਸ ਬਾਰੇ ਨਹੀਂ ਮਿਲਦੀ ਸੀ । ਸੋ ਪਹਿਲਾਂ ਆਪ ਨੇ ਕਵਿਤਾ ਵਿਚ ਪੰਥ ਪ੍ਰਕਾਸ਼ ਰਚਕੇ ਇਸ ਕਮੀ ਨੂੰ ਪੂਰਾ ਕੀਤਾ । ਪਰ ਆਪ ਨੂੰ ਸ਼ਾਇਦ ਇਸ ਗੱਲ ਦਾ ਗਿਆਨ ਸੀ ਕਿ ਜਨਤਾ ਲਈ ਇਤਿਹਾਸ ਸਰਲ ਬੋਲੀ ਵਿਚ ਗਦ ਵਿਚ ਹੋਣਾ ਚਾਹੀਦਾ ਹੈ ਪਦ ਵਿਚ ਨਹੀਂ । ਇਸ ਤਰ੍ਹਾਂ ਆਪਣੇ ਵਾਰਤਕ ਵਿਚ ਕਈ ਜਿਲਦਾਂ ਵਿਚ ਪੂਰਨ ਸਿੱਖ ਇਤਿਹਾਸ ਲਿਖਿਆ । ਸਿੱਖ ਇਤਿਹਾਸ ਵਿਚ ਆਪ ਪਹਿਲੇ ਵਿਅਕਤੀ ਸਨ ਜਿਨ੍ਹਾਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਅੰਗਰੇਜ਼ੀ ਰਾਜ ਦੇ ਆਗਮਨ ਤਕ ਮੁਕੰਮਲ ਸਿੱਖ ਇਤਿਹਾਸ ਉਰਦੂ ਤੇ ਪੰਜਾਬੀ ਵਿਚ ਲਿਖਿਆ । ਉਰਦੂ ਵਿਚ ਲਿਖਣ ਦੀ ਇਸ ਕਰਕੇ ਲੋੜ ਪਈ ਕਿਉਂਕਿ ਉਰਦੂ ਅੰਗਰੇਜ਼ੀ ਕਾਲ ਸਮੇਂ ਦੇ ਪੰਜਾਬ ਦੀ ਰਾਜ ਭਾਸ਼ਾ ਸੀ ਇਸ ਲਈ ਸਕੂਲਾਂ ਆਦਿ ਵਿਚ ਉਰਦੂ ਹੀ ਪੜਾਈ ਜਾਂਦੀ ਸੀ । ਉਰਦੂ ਵਿਚ ਲਿਖਣ ਨਾਲ ਹੀ ਸਿੱਖ ਇਤਿਹਾਸ ਦਾ ਪ੍ਰਚਾਰ ਹੋ ਸਕਦਾ ਸੀ । ਇਸ ਲਈ ਸਿੱਖ ਇਤਿਹਾਸ ਦਾ ਪ੍ਰਚਾਰ ਤੇ ਪਾਸਾਰ ਜੋ ਅੱਜ ਹੋ ਰਿਹਾ ਹੈ ਉਹ ਗਿਆਨੀ ਜੀ ਦੇ ਯਤਨਾਂ ਦਾ ਸਿੱਟਾ ਹੈ ।

ਗਿਆਨੀ ਗਿਆਨ ਸਿੰਘ ਜੀ ਨੂੰ ਸਿੱਖ ਇਤਿਹਾਸ ਲਿਖਣ ਦਾ ਉਤਸ਼ਾਹ ਸਿੱਖੀ ਨਾਲ ਪਿਆਰ ਹੋਣ ਕਰਕੇ ਆਇਆ ਹੈ । ਸਿੱਖੀ ਪ੍ਰਚਾਰ ਦੇ ਉਤਸ਼ਾਹ ਦੇ ਨਾਲ ਨਾਲ ਪੱਛਮੀ ਵਿਦਿਆ ਦਾ ਪ੍ਰਭਾਵ ਵੀ ਆਪ ਤੇ ਪਰਤੱਖ ਹੈ । ਆਪਣੇ ਅੰਗਰੇਜ਼ੀ ਵਿਚ ਲਿਖੀਆ ਤਾਰੀਖ਼ਾਂ ਪੜ੍ਹਕੇ ਇਹ ਸਿੱਟਾ ਕਢਿਆ ਕਿ ਤਾਰੀਖ਼ ਇਕ ਲਾਭਦਾਇਕ ਵਿਸ਼ਾ ਹੈ । ਤਵਾਰੀਖ਼ ਗੁਰੂ ਖ਼ਾਲਸਾ ਦੀ ਭੂਮਿਕਾ ਵਿਚ ਆਪ ਲਿਖਦੇ ਹਨ, "ਤਵਾਰੀਖ਼ਾਂ ਪੜ੍ਹਕੇ ਆਦਮੀ ਖ਼ਰਾਬ ਵਿਹਾਰਾਂ ਵਿਚੋਂ ਨਿਕਲਕੇ ਧਰਮ ਸੁਖਦਾਈ ਉਨੱਤੀ ਪਰ ਪਹੁੰਚਣ ਦਾ ਪੁਰਸ਼ਾਰਥ ਕਰਦਾ ਹੈ । ਦੁਸ਼ਮਨਾਂ ਨੂੰ ਦੂਰ ਕਰਨ ਲਈ ਤੇ ਆਪਣੀ ਕੌਮ ਦੀ ਮਦਦ ਪਾਲਨਾ ਕਰਨ ਵਾਸਤੇ ਉਪਾਇ ਤਵਾਰੀਖਾਂ ਤੋਂ ਹੀ ਸਿੱਖੀਦਾ ਹੈ । ਲੜਾਕੇ ਭਿੜਾਕੇ ਦਗੇਬਾਜ਼ ਫਰੇਬੀਆਂ ਤੋਂ ਬਚਨ ਦੀ ਅਕਲ ਤੇ ਇਤਫਾਕ ਦੇ ਫਾਯਦੇ, ਬੇਇਤਫਾਕ ਦੇ ਨੁਕਸਾਨ ਤਵਾਰੀਖਾਂ ਤੋਂ ਹੀ ਹੱਥ ਲਗਦੇ ਹਨ । ਅਨੇਕ ਦੇਸ਼ਾਂ ਦੀ ਸੈਰ, ਵਿਦਵਾਨਾਂ ਦੀ ਸੰਗਤ ਕਰਨ ਤੋਂ ਰਾਜ ਦਰਬਾਰ ਕਚੈਹਰੀਆਂ ਵਿਚ ਜਾਣ ਤੋਂ ਕਸਬੀ ਲੋਕਾਂ ਦੇ ਚਾਲ ਚਲਨ ਅਦਾਇ ਨਾਜ਼ ਨਖਰੇ ਚੁਸਤੀ ਚਾਲਾਕੀ ਬੋਲ ਚਾਲ ਸਿੱਖਣ ਤੋਂ ਅਨੇਕ ਮੱਤਾਂ ਦੀਆਂ ਪੋਥੀਆਂ ਪੜ੍ਹਨੇ ਕਰ ਜੋ ਅਕਲਾਂ ਜੋ ਆਦਮੀ ਸਿਖਦਾ ਹੈ । ਇਹ ਸਭ ਕੇਵਲ ਤਵਾਰੀਖ ਦੇ ਪੜ੍ਹਨੇ ਨਾਲ ਆਪੇ ਦਿਲ ਵਿਚੋਂ ਪ੍ਰਗਟ ਹੋ ਪੈਂਦੀਆਂ ਹਨ । ਆਪਣੇ ਵਡਿਆਂ ਦੇ ਵਿਹਾਰ ਚਾਲ ਚਾਲਨ ਆਦ ਦੇ ਤੇ ਵਰਤਮਾਨ ਦੇ ਮੁਕਾਬਲੇ ਕਰਕੇ ਪੂਰੇ ਪੂਰੇ ਆਰਾਮ ਦੇ ਮਹਿਲ ਵਿਚ ਪਹੁੰਚ ਕਰ ਦਾਨਾ, ਦੂਰਅੰਦੇਸ਼, ਬੁਧੀਮਾਨ ਸੰਸਾਰ ਵਿਚ ਸਦਾਵਣ ਭੀ ਤਵਾਰੀਖ਼ ਪੜ੍ਹੇ ਬਿਨਾਂ ਨਹੀਂ ਹੋ ਸਕਦਾ ।" ਇਸ ਤੋਂ ਸਪਸ਼ਟ ਹੈ ਕਿ ਗਿਆਨੀ ਗਿਆਨ ਸਿੰਘ ਨੇ ਇਤਿਹਾਸ

ਨੂੰ ਬੀਤੇ ਹਾਲਾਤ ਜਾਲਣ ਦਾ ਸੋਮਾ ਹੀ ਨਹੀਂ ਮੰਨਿਆ । ਸਗੋਂ ਇਤਿਹਾਸ ਨੂੰ ਕੌਮੀ ਤੌਰ ਤੇ
ਵਿਅਕਤੀਗਤ ਤੌਰ ਤੇ ਸੁਧਾਰ ਦਾ ਸਾਧਨ ਮੰਨਿਆ ਹੈ । ਆਪ ਨੇ ਸਿੱਖ ਇਤਿਹਾਸ ਇਸੇ ਪਹੁੰਚ
ਵਿਧੀ ਨਾਲ ਲਿਖਿਆ ਹੈ ।

ਗਿਆਨੀ ਗਿਆਨ ਸਿੰਘ ਜੀ ਨੇ ਇਤਿਹਾਸ ਲਿਖਣ ਲਗਿਆਂ ਕਈ ਪ੍ਰਕਾਰ ਦੇ
ਇਤਿਹਾਸਕ ਸੋਮਿਆਂ ਦਾ ਪ੍ਰਯੋਗ ਕੀਤਾ ਜਾਪਦਾ ਹੈ । ਨਾਨਕ ਪ੍ਰਕਾਸ਼ ਤੇ ਸੂਰਜ ਪ੍ਰਕਾਸ਼ ਦੀ
ਕਥਾ ਕਰਦੇ ਰਹੇ । ਇਸ ਤਰ੍ਹਾਂ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਹੋਰ ਵੀ ਪੋਥੀਆਂ ਆਦਿ ਦਾ
ਅਧਿਐਨ ਕੀਤਾ ਹੈ । ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਸੁਖੇਨ ਪੰਜਾਬੀ ਵਿਚ ਉਲਥਾ ਕੀਤਾ।
ਸਿੱਖਾਂ ਪ੍ਰਤੀ ਲਿਖੀਆਂ ਬਹੁਤ ਸਾਰੀਆਂ ਪੁਸਤਕਾਂ ਆਪਣੇ ਵਾਚੀਆਂ । ਇਨ੍ਹਾਂ ਪੁਸਤਕਾਂ ਦਾ
ਹਵਾਲਾ ਆਪਨੇ ਤਵਾਰੀਖ ਗੁਰੂ ਖਾਲਸਾ ਦੇ ਅਰੰਭ ਵਿਚ ਦੇ ਦਿੱਤਾ ਹੈ । ਇਸ ਸੂਚੀ ਵਿਚ
ਫ਼ਾਰਸੀ ਤੇ ਅੰਗਰੇਜ਼ੀ ਵਿਚ ਲਿਖੀਆਂ ਕਿਤਾਬਾਂ ਹਨ । ਇਨ੍ਹਾਂ ਦੇ ਹਵਾਲੇ ਵਿਚ ਵੀ ਮਿਲਦੇ
ਹਨ ।

ਪਰ ਆਪ ਦੀ ਲਿਖਤ ਸ਼ਾਇਦ ਏਨੀ ਲਾਭਦਾਇਕ ਨਾਂ ਹੁੰਦੀ ਜੇਕਰ ਆਪ ਆਪਣੀਆਂ
ਰਚਨਾਵਾਂ ਨੂੰ ਕਿਤਾਬੀ ਗਿਆਨ ਤਕ ਹੀ ਸੀਮਤ ਰਖਦੇ । ਆਪ ਨੇ ਟੋਲ ਟੋਲ ਕੇ ਬਿਰਧਾਂ
ਕੋਲੋਂ ਬਿਆਨ ਇਕੱਤਰ ਕੀਤੇ । ਮਹਾਰਾਜਾ ਰਣਜੀਤ ਸਿੰਘ ਤੇ ਸਮੇਂ ਦਾ ਹਾਲ ਦੱਸਣ ਵਾਲੇ
ਉਨ੍ਹਾਂ ਸਮੇਂ ਤਕ ਜਿਉਂਦੇ ਸਨ । ਉਨ੍ਹਾਂ ਕੋਲੋਂ ਆਪਣੇ ਅੱਖੀਂ ਡਿਠੇ ਹਾਲਾਤ ਪੁੱਛੇ ਤੇ ਅੰਕਤ
ਕੀਤੇ ਜਿਵੇਂ ਕਿ ਆਪਨੇ ਤਵਾਰੀਖ ਗੁਰੂ ਖਾਲਸਾ ਦੀ ਭੂਮਿਕਾ ਵਿਚ ਲਿਖਿਆ ਹੈ, ''ਇਲਮ
(ਹਬਸਦਮ) ਜੋਗ ਅਭਿਆਸ ਭਾਰਤ ਵਰਸ ਵਿਚ ਡੇਢ ਸੌ ਬਰਸ ਤੋਂ ਪਰੇ ਪਰੇ ਬਹੁਤ ਸੀ ਜਿਸਦਾ
ਨਮੂਨਾ ਇਕ ਸੰਤ ਨੇ ੪੧ ਦਿਨ ਸਮਾਧੀ ਕਾਯਮ ਰਖਕੇ ਮਹਾਰਾਜੇ ਰਣਜੀਤ ਸਿੰਘ ਬਹਾਦਰ
ਨੂੰ ਦਿਖਾਯਾ ਸੀ..... ਉਸ ਸੰਤ ਦੇ ਦੇਖਣ ਵਾਲੇ ਜਰਨੈਲ ਹਰਸਾ ਸਿੰਘ ਸੁਲਤਾਨ ਵਿੰਡ ਵਾਲੇ
ਨੇ ਜੋ ੧੦੬ ਬਰਸ ਦਾ ਹੋਕੇ ੧੯੪੩ ਬਿਕਰਮੀ (੧੮੮੬ ਈਸਵੀ) ਵਿਚ ਗੁਰਜਯਾ ਹੈ । ਇਹ
ਕਥਾ ਮੈਨੂੰ ਸੁਣਾਈ ਸੀ ਕਿ ਠੀਕ ੪੧ ਦਿਨ ਸਮਾਧੀ ਲਗੀ ਰਹੀ ਸੀ, ਸਾਡਾ ਪਹਿਰਾ ਉਸ ਉੱਤੇ
ਸੀ । ਰੂਈਂ ਦੇ ਫੰਭੇ ਮੂੰਹ ਨਾਸਾਂ ਅਗੇ ਕਰਕੇ ਰਾਤ ਦਿਨ ਬੈਠੇ ਰਹਿੰਦੇ । ਮਿਆਦ ਤਕ ਫੰਭਾ
ਨਹੀਂ ਹਿਲਯਾ ਤੇ ਮੂੰਡਤ ਹੋ ਕੇ ਸਮਾਧੀ ਲਾਈ ਸੀ । ੪੧ ਦਿਨ ਰੋਮ ਨਥ ਨਹੀਂ ਉਗੇ ।''

ਗਿਆਨੀ ਗਿਆਨ ਸਿੰਘ ਜੀ ਦੀ ਮੁੱਖ ਸੱਮਗਰੀ ਜਿਸ ਤੋਂ ਉਨ੍ਹਾਂ ਨੇ ਸਿਖ ਇਤਿਹਾਸ
ਦੀ ਉਸਾਰੀ ਕੀਤੀ ਹੈ, ਉਹ ਸਿੱਖਾਂ ਦੀਆਂ ਰਵਾਇਤਾਂ ਸਨ । ਥਾਂ ਥਾਂ ਤੇ ਫਿਰ ਕੇ ਦੂਰ ਦੁਰਾਡੇ
ਮੁਢਲੀ ਜਾਣਕਾਰੀ ਪ੍ਰਾਪਤ ਕੀਤੀ । ਇਨ੍ਹਾਂ ਰਵਾਇਤਾਂ ਨੂੰ ਸਿੱਖ ਇਤਿਹਾਸ ਦਾ ਧੁਰਾ ਮੰਨਿਆ।
ਸਿੱਖਾ ਦਾ ਲਿਖਿਆ ਲਿਖਤੀ ਇਤਿਹਾਸ ਬਹੁਤ ਘਟ ਮਿਲਦਾ ਹੈ ਪਰ ਉਨ੍ਹਾਂ ਦੀ ਪ੍ਰਚਲਤ
ਰਵਾਇਤਾਂ ਉਨ੍ਹਾਂ ਦੇ ਇਤਿਹਾਸ ਦਾ ਇਕ ਮੁਢਲਾ ਸੋਮਾ ਹੈ । ਗਿਆਨੀ ਜੀ ਦੀ ਇਤਿਹਾਸਕ
ਸੂਝ ਨੇ ਇਸ ਤੱਤ ਨੂੰ ਚੰਗੀ ਤਰ੍ਹਾਂ ਸਮਝ ਲਿਆ ਤੇ ਆਪਣੀ ਉਮਰ ਦਾ ਜਿਆਦਾ ਹਿੱਸਾ ਇਸੇ

ਕੰਮ ਤੇ ਲਾ ਦਿੱਤਾ ।ਸਿੱਖ ਇਤਿਹਾਸ ਵਿਚ ਰਵਾਇਤਾਂ ਇਕੱਤਰ ਕਰਨ ਦੇ ਕੰਮ ਵਿਚ ਗਿਆਨੀ ਜੀ ਦਾ ਇਕ ਮੁਢਲਾ ਤੇ ਨਿਗਰ ਯਤਨ ਹੈ ।

ਇਤਿਹਾਸਕਾਰ ਦਾ ਕੰਮ ਕੇਵਲ ਸੱਮਗਰੀ ਇਕੱਤਰ ਕਰਨਾ ਹੀ ਨਹੀਂ ਸਗੋਂ ਉਸ ਦਾ ਵਿਸ਼ਲੇਸ਼ਣ ਕਰਨਾ ਤੇ ਸੱਚ ਲਭਣ ਦਾ ਯਤਨ ਕਰਨਾ ਹੁੰਦਾ ਹੈ । ਗਿਆਨੀ ਗਿਆਨ ਸਿੰਘ ਇਤਿਹਾਸ ਖੋਜ ਵਿਚ ਵਿਸ਼ਲੇਸ਼ਣ ਕਰਨ ਦੀ ਰੁਚੀ ਘੱਟ ਰਖਦੇ ਸਨ । ਉਹ ਨਿਗਰ ਤੇ ਉਸਾਰੂ ਰੁਚੀਆਂ ਦੇ ਮਾਲਕ ਸਨ ਪਰ ਜ਼ਿਆਦਾ ਛਾਨ ਬੀਨ ਤੇ ਰਵਾਇਤਾਂ ਦਾ ਜ਼ਿਆਦਾ ਵਿਸ਼ੇਲੇਸ਼ਣ ਨਹੀਂ ਸਨ ਕਰਦੇ । ਆਪ ਦੇ ਸਮਕਾਲੀ ਇਤਿਹਾਸਕਾਰ ਕਰਮ ਸਿੰਘ ਵਿਚ ਇਹ ਗੁਣ ਬਹੁਤ ਜ਼ਿਆਦਾ ਸੀ । ਗਿਆਨੀ ਜੀ ਦਾ ਇਤਿਹਾਸ ਲਿਖਣ ਦਾ ਢੰਗ ਜ਼ਿਆਦਾ ਰਵਾਇਤੀ ਸੀ ਤੇ ਕਰਮ ਸਿੰਘ ਦਾ ਜ਼ਿਆਦਾ ਵਿਗਿਆਨਕ ।ਇਸ ਲਈ ਇਨ੍ਹਾਂ ਦੋਹਾਂ ਸਮਕਾਲੀ ਇਤਿਹਾਸਕਾਰਾਂ ਵਿਚ ਕਈ ਵਿਸ਼ਿਆਂ ਤੇ ਮਤ ਭੇਦ ਹੋਣਾ ਕੁਦਰਤੀ ਸੀ ।੧੮੭੭ ਈਸਵੀ ਵਿਚ ਇਕ ਜਰਮਨ ਸਕਾਲਰ ਡਾਕਟਰ ਟਰੰਪ ਨੇ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਉਲਥਾ ਕੀਤਾ ਤੇ ਭੂਮਿਕਾ ਵਜੋਂ ਦਸਾਂ ਗੁਰੂਆਂ ਦੀਆਂ ਜੀਵਨੀਆਂ ਲਿਖੀਆਂ ਤੇ ਪੁਰਾਤਨ ਜਨਮ ਸਾਖੀ ਦਾ ਅੰਗਰੇਜ਼ੀ ਵਿਚ ਉਲਥਾ ਕੀਤਾ ਤੇ ਭਾਈ ਬਾਲੇ ਤੇ ਪੁਰਾਤਨ ਦੋਹਾਂ ਜਨਮ ਸਾਖੀਆਂ ਤੇ ਟਿਪਨੀ ਕਰਦੇ ਹੋਇਆ ਇਹ ਸਿੱਧ ਕਰਨ ਦਾ ਯਤਨ ਕੀਤਾ ਕਿ ਭਾਈ ਬਾਲੇ ਦਾ ਨਾਂ ਪੁਰਾਤਨ ਜਨਮ ਸਾਖੀ ਵਿਚ ਨਹੀਂ ਆਉਂਦਾ । ਸਰਦਾਰ ਕਰਮ ਸਿੰਘ ਨੇ ਇਸ ਵਿਸ਼ੇ ਤੇ ਇਕ ਪੂਰੀ ਕਿਤਾਬ ਲਿਖ ਦਿਤੀ ''ਕਤਕ ਕਿ ਵਿਸਾਖ'' ਜਿਸ ਵਿਚ ਇਹ ਸਾਬਤ ਕਰਨ ਦਾ ਯਤਨ ਕੀਤਾ ਕਿ ਭਾਈ ਬਾਲੇ ਵਾਲੀ ਜਨਮ ਸਾਖੀ ਗਲਤ ਹੈ ਤੇ ਬਾਲਾ ਇਕ ਫਰਜ਼ੀ ਨਾਂ ਹੈ । ਗਿਆਨੀ ਜੀ ਇਸ ਨਵੀਂ ਖੋਜ ਨਾਲ ਸਹਿਮਤ ਨਹੀਂ ਸਨ । ਆਪ ਨੇ ਸਰਦਾਰ ਕਰਮ ਸਿੰਘ ਨੂੰ ੧੯੧੨ ਈਸਵੀ ਵਿਚ ਇਕ ਚਿੱਠੀ ਲਿਖੀ ਜਿਸ ਵਿਚ ਜੋਰਦਾਰ ਅਖਰਾਂ ਵਿੱਚ ਉਨ੍ਹਾਂ ਦੀ ਖੋਜ ਦੀ ਪ੍ਰਸੰਸਾ ਕੀਤੀ ਕਰਮ ਸਿੰਘ ਨੇ ਇਹ ਚਿੱਠੀ ਆਪਣੀ ਕਿਤਾਬ ਦੇ ਅਰੰਭ ਵਿਚ ਛਾਪੀ ਹੈ । ਗਿਆਨੀ ਜੀ ਦੀ ਇਹ ਚਿਠੀ ਉਨ੍ਹਾਂ ਦੀ ਇਤਿਹਾਸਕ ਸੂਝ ਤੇ ਜਾਣਕਾਰੀ ਦੀ ਪ੍ਰਤੀਕ ਹੈ ।

ਇਹ ਠੀਕ ਹੈ ਕਿ ਜਿਸ ਵੇਲੇ ਗਿਆਨੀ ਜੀ ਨੇ ਸਿੱਖ ਇਤਿਹਾਸ ਦਾ ਕੰਮ ਅਰੰਭਿਆ ਉਸ ਵੇਲ ਸਿੱਖਾਂ ਵਿਚ ਵਿਗਿਆਨਕ ਇਤਿਹਾਸ ਲਿਖਣ ਦੀ ਰੁਚੀ ਦੀ ਅਣਹੋਂਦ ਸੀ ਪਰ ਗਿਆਨੀ ਜੀ ਨੇ ਆਪਣੇ ਸਮੇਂ ਸਿਖ ਇਤਿਹਾਸ ਦਾ ਮਸਾਲਾ ਇਕੱਤਰ ਕਰਨ ਵਿਚ ਵਿਗਿਆਨ ਢੰਗ ਵਰਤੇ ਹਨ ਤੇ ਸਿੱਖ ਇਤਿਹਾਸ ਦੀ ਉਸਾਰੀ ਲਈ ਮੁਢਲੀ ਸੱਮਗਰੀ ਇਕੱਤਰ ਕਰ ਦਿੱਤੀ ਜਿਸ ਦੀ ਹੋਂਦ ਨਾਲ ਹੀ ਸਿੱਖ ਇਤਿਹਾਸ ਦੀ ਉਸਾਰੀ ਸੰਭਵ ਹੋ ਸਕਦੀ ਸੀ । ਸਿੱਖ ਇਤਿਹਾਸ ਦੇ ਖੇਤਰ ਵਿਚ ਇਹ ਉਨ੍ਹਾਂ ਦੀ ਅਦੁੱਤੀ ਦੇਣ ਹੈ ।

੧, ਤਵਾਰੀਖ ਗੁਰੂ ਖਾਲਸਾ, ਭਾਸ਼ਾ ਵਿਭਾਗ, ਪੰਨਾ ੨੦

੨, ਤਵਾਰੀਖ ਗੁਰੂ ਖਾਲਸਾ, ਭੂਮਿਕਾ, ਪੰਨਾ ੧੬

ਅੰਤਕਾ

ਹਜ਼ਰਤ ਮੀਆਂ ਮੀਰ
(੧੫੫੦-੧੬੩੯)

ਸਿੱਖ ਇਤਿਹਾਸ ਵਿਚ ਹਜ਼ਰਤ ਮੀਆਂ ਮੀਰ ਦਾ ਜ਼ਿਕਰ ਆਉਂਦਾ ਹੈ। ਇਕ ਰਵਾਇਤ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਤੇ ਫ਼ਕੀਰ ਜੀ ਦੀ ਦੋਸਤੀ ਐਨੀ ਪੱਕੀ ਸੀ ਕਿ ਗੁਰੂ ਸਾਹਿਬ ਨੇ ਮੀਆਂ ਮੀਰ ਪਾਸੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਅਧਾਰ ਸਿਲਾ ਰੱਖਵਾਈ। ਜਦੋਂ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ ਕਠਨ ਤਸੀਹੇ ਦਿੱਤੇ ਉਸ ਵੇਲੇ ਵੀ ਉਨ੍ਹਾਂ ਦੇ ਦੁਖ ਪਰਤੀਤ ਕਰਨ ਦੀ ਵਾਰਤਾ ਦੀ ਰਵਾਇਤ ਹੁਣ ਤਕ ਸਿੱਖਾਂ ਵਿਚ ਪ੍ਰਸਿੱਧ ਹੈ । ਇਨ੍ਹਾਂ ਸਭ ਰਵਾਇਤਾਂ ਦੇ ਹੁੰਦਿਆਂ ਵੀ ਸਿੱਖਾਂ ਵਿਚ ਆਮ ਕਰਕੇ ਮੀਆਂ ਮੀਰ ਬਾਰੇ ਬਹੁਤ ਘੱਟ ਜਾਣਕਾਰੀ ਹੈ। ਫ਼ਕੀਰ ਮੀਆਂ ਮੀਰ ਕੌਣ ਸਨ ਤੇ ਉਨ੍ਹਾਂ ਦਾ ਮੁਗਲ ਬਾਦਸ਼ਾਹ ਨਾਲ ਕਿਨਾ ਕੁ ਮੇਲ ਜੋਲ ਸੀ ? ਇਹ ਇਸ ਲੇਖ ਵਿਚ ਸਪਸ਼ਟ ਕਰਨ ਦਾ ਯਤਨ ਕੀਤਾ ਹੈ।

ਹਜ਼ਰਤ ਮੀਆਂ ਮੀਰ ਮੁਸਲਮਾਨਾਂ ਦੀ ਕਾਦਰੀ ਸੰਪਰਦਾ ਦੇ ਚਮਕਦੇ ਹੀਰੇ ਸਨ । ਸੁਨੀ ਮੁਸਲਮਾਨਾਂ ਵਿਚ ਇਕ ਮਹਾਂਪੁਰਖ ਸ਼ੇਖ ਅਬਦੁਲ, ਕਾਦਰ ਅਲਜੀਲਾਨੀ ਹੋਏ ਹਨ । ਜਿਨ੍ਹਾਂ ਨੂੰ ਆਮ ਕਰਕੇ ''ਪੀਰ ਦਸਤਗੀਰ'' ਸਦਿਆ ਜਾਂਦਾ ਸੀ । ਇਹ ਕਾਦਰੀ ਸੰਪ੍ਰਦਾ ਦੇ ਮੋਢੀ ਸਨ ਤੇ ਇਨ੍ਹਾਂ ਦਾ ਮੁੱਖ ਸਿਧਾਂਤ ਇਹ ਸੀ ਕਿ ਸੂਫੀਆਂ ਵਾਂਗ ਬਾਹਰਲੇ ਚਿੰਨ੍ਹਾਂ ਤੋਂ ਬਿਨਾਂ ਰੱਬ ਦੀ ਇਬਾਦਤ ਦੀ ਲੋੜ ਹੈ । ਬਾਹਰ ਦੇ ਭੇਖ (ਸਰ੍ਹਾ) ਦੀ ਲੋੜ ਨਹੀਂ । ਇਨ੍ਹਾਂ ਦਾ ਇਕ ਚੇਲਾ ੧੪੯੨ ਈਸਵੀ ਵਿਚ ਰਿਆਸਤ ਬਹਾਵਲਪੁਰ ਵਿਚ 'ਉਚ' ਦੇ ਅਸਥਾਨ ਤੇ ਆ ਕੇ ਰਹਿਣ ਲਗ ਪਿਆ ਤੇ ਉਚ ਦੇ ਪੀਰਾਂ ਦੀ ਗਦੀ ਚਾਲੂ ਕੀਤੀ । ਇਸ ਤਰ੍ਹਾਂ ਉਚ ਦੇ ਪੀਰ ਵੀ ਕਾਦਰੀ ਸੰਪਰਦਾ ਵਿਚੋਂ ਸਨ । (ਇਥੇ ਇਹ ਦਸਣਾ ਅਯੋਗ ਨਹੀਂ ਹੋਵੇਗਾ ਕਿ ਉਚ ਦੇ ਪੀਰ ਦਾ ਕਥਨ ਸਿੱਖ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਦੇ ਸਮੇਂ ਵਿਚ ਆਉਂਦਾ ਹੈ) । ਉਚ ਦੇ ਪੀਰਾਂ ਨੇ ਉੱਤਰੀ ਹਿੰਦ ਵਿਚ ਕਾਦਰੀ ਮਤ ਦਾ ਬਹੁਤ ਪ੍ਰਚਾਰ ਕੀਤਾ । ਸ਼ੇਖ ਬੰਦਗੀ ਮੁਹੰਮਦ ਗ਼ੌਸ਼ ਪਹਿਲੇ ਉਚ ਦੇ ਪੀਰ ਹੋਏ ਸਨ, ਜਿਨ੍ਹਾਂ ਦਾ ਦਿਹਾਂਤ ੧੫੧੭ ਈਸਵੀ ਵਿਚ ਹੋਇਆ । ਇਨ੍ਹਾਂ ਦੇ ਦੋ ਪ੍ਰਸਿੱਧ ਚੇਲੇ ਹੋਏ ਹਨ, ਇਕ ਮੀਆਂ ਮੀਰ ਤੇ ਦੂਸਰਾ ਮੂਲਾ ਸ਼ਾਹ ਬੁਖ਼ਾਰੀ।

ਮੀਆਂ ਮੀਰ ਦਾ ਪੂਰਾ ਨਾਂ ਸ਼ੇਖ ਮੀਆਂ ਮੁਹੰਮਦ ਮੀਰ ਸੀ ਤੇ ਇਨ੍ਹਾਂ ਨੂੰ ਸ਼ੇਖ ਮੀਰ ਤੇ ਮੀਰ ਵੀ ਕਿਹਾ ਜਾਂਦਾ ਸੀ । ਮੀਆਂ ਮੀਰ ਜੀ ਖਲੀਫ਼ਾ ਉਮਰ ਦੀ ਉਲਾਦ ਵਿਚੋਂ ਸਨ ਤੇ ਸਿੰਧ ਦੇ ਇਲਾਕੇ ਸੀਸਤਾਨ ਵਿਚ ੧੫੫੦ ਈਸਵੀ ਪੈਦਾ ਹੋਏ । ਜਦੋਂ ਇਨ੍ਹਾਂ ਦੀ ਅਵਸਥਾ ੨੫ ਸਾਲ ਦੀ ਹੋਈ ਤਾਂ ਇਹ ਲਾਹੌਰ ਆਏ ਤੇ ਫੇਰ ਇਥੇ ਹੀ ਰਹਿਣ ਲਗ ਪਏ ।

ਮੀਆਂ ਮੀਰ ਸਦਾ ਰੱਬ ਦੀ ਬੰਦਗੀ ਵਿਚ ਮਸਤ ਰਹਿੰਦੇ ਸਨ । ਧਨ ਦੌਲਤ ਦੀ ਉਕਾ ਹੀ ਪਰਵਾਹ ਨਹੀਂ ਸਨ ਕਰਦੇ । ਉਹ ਬਹੁਤ ਹੀ ਮਿਠ-ਬੋਲੜੇ ਤੇ ਸਦਾ ਨਿਮਰਤਾ ਵਿਚ ਰਹਿੰਦੇ ਸਨ । ਉਨ੍ਹਾਂ ਦੇ ਦੈਵੀ ਗੁਣਾਂ ਕਰਕੇ ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਉਨ੍ਹਾਂ ਦੇ ਸ਼ਰਧਾਲੂ ਬਣ ਗਏ ।

ਮੀਆਂ ਮੀਰ ਜੀ ਦੀ ਪ੍ਰਭਤਾ ਜਹਾਂਗੀਰ ਵੇਲੇ ਤੇ ਸ਼ਾਹ ਜਹਾਨ ਵੇਲੇ ਬਹੁਤ ਵਧੀ । ਇਹ ਦੋਵੇਂ ਮੁਗਲ ਬਾਦਸ਼ਾਹ ਉਨ੍ਹਾਂ ਦਾ ਬਹੁਤ ਆਦਰ ਕਰਦੇ ਸਨ ਤੇ ਇਨ੍ਹਾਂ ਤੇ ਅਥਾਹ ਸ਼ਰਧਾ ਰੱਖਦੇ ਸਨ । ਇਕ ਵਾਰੀ ੧੬੧੯ ਈ. ਵਿਚ ਜਹਾਂਗੀਰ ਕਸ਼ਮੀਰ ਜਾਂਦਾ ਹੋਇਆ ਲਾਹੌਰ ਠਹਿਰਿਆ ਤੇ ਮੀਆਂ ਮੀਰ ਜੀ ਨੂੰ ਸਦ ਭੇਜਿਆ । "ਤੋਜ਼ਿਕੇ ਜਹਾਂਗੀਰ" ਵਿਚ ਲਿਖਿਆ ਹੈ ਕਿ ਬਾਦਸ਼ਾਹ ਮੀਆਂ ਮੀਰ ਦੇ ਦੀਦਾਰ ਕਰਕੇ ਬਹੁਤ ਪ੍ਰਸੰਨ ਹੋਇਆ ਤੇ ਤਰਲਾ ਕੀਤਾ ਕਿ ਉਹ ਕੁਝ ਮੰਗ ਲੈਣ । ਪਰ ਮਸਤ ਫ਼ਕੀਰਾਂ ਨੂੰ ਬਾਦਸ਼ਾਹ ਦੀਆਂ ਦਾਤਾਂ ਕਦੋਂ ਭਾਉਂਦੀਆਂ ਸਨ । ਮੀਆਂ ਮੀਰ ਨੇ ਉਤਰ ਦਿਤਾ : ਅੱਲ੍ਹਾ ਦਾ ਬਖਸ਼ਿਆਂ ਬਹੁਤ ਕੁਝ ਹੈ । ਬਹੁਤ ਜ਼ੋਰ ਦੇਣ ਤੇ ਮੀਆਂ ਮੀਰ ਜੀ ਨੇ ਚਿਟੇ ਹਰਨ ਦੀ ਖੱਲ ਨਮਾਜ਼ ਪੜ੍ਹਨ ਲੀ ਲੈ ਲਈ ਤੇ ਇਸ ਤਰ੍ਹਾਂ ਬਾਦਸ਼ਾਹ ਦੀ ਇਛਾ ਨੂੰ ਪੂਰਾ ਕੀਤਾ । ਕਈ ਥਾਵਾਂ ਤੇ ਇਹ ਵੀ ਲਿਖਿਆ ਹੈ ਕਿ ਮੀਆਂ ਮੀਰ ਨੇ ਉਸ ਵੇਲੇ ਬਾਦਸ਼ਾਹ ਕੋਲੋਂ ਇਹ ਮੰਗ ਕੀਤੀ ਕਿ ਉਨ੍ਹਾਂ ਦੀ ਬਿਰਧ ਅਵਸਥਾ ਨੂੰ ਮੁਖ ਰਖਦਿਆਂ ਬਾਦਸ਼ਾਹ ਉਨ੍ਹਾਂ ਨੂੰ ਆਪਣੇ ਕੋਲ ਆਉਣ ਲਈ ਮਜ਼ਬੂਰ ਨ ਕਰੇ । ਬਾਦਸ਼ਾਹ ਨੇ ਫ਼ਕੀਰ ਦੀ ਇਹ ਗੱਲ ਮੰਨ ਲਈ ।

ਸ਼ਾਹ ਜਹਾਨ ਦਾ ਸਭ ਤੋਂ ਵੱਡਾ ਪੁੱਤਰ ਦਾਰਾ ਸ਼ਿਕੋਹ ਫ਼ਕੀਰਾਂ ਤੇ ਦਰਵੇਸ਼ਾਂ ਤੇ ਬਹੁਤ ਸ਼ਰਧਾ ਰੱਖਦਾ ਸੀ । ਉਸ ਨੇ ਆਪਣੀਆਂ ਦੋ ਪੁਸਤਕਾਂ ਸਫੀਨਾਉਲੀਆਂ ਤੇ ਸਕੀਨਾਉਲੀਆਂ ਵਿਚ ਕਾਦਰੀ ਫ਼ਕੀਰਾਂ ਦੇ ਹਾਲ ਲਿਖੇ ਹਨ । ਦਾਰਾ ਸ਼ਿਕੋਹ ਲਿਖਦਾ ਹੈ ਕਿ ਉਹ ਇਕ ਵਾਰੀ ਸਖਤ ਬੀਮਾਰ ਹੋ ਗਿਆ । ਬਹੁਤ ਇਲਾਜ ਕੀਤੇ ਪਰ ਉਹ ਠੀਕ ਨਾ ਹੋਇਆ ਤਾਂ ਸ਼ਾਹਜਾਨ ਉਸ ਦਾ ਪਿਤਾ ਉਸ ਨੂੰ ਨਾਲ ਲੈ ਕੇ ਲਾਹੌਰ ਆਇਆ ਤੇ ਫਕੀਰ ਮੀਆਂ ਮੀਰ ਕੋਲ ਲੈ ਗਿਆ। ਇਹ ਪਹਿਲਾ ਹੀ ਸਮਾਂ ਸੀ ਜਦੋਂ ਕਿ ਦਾਰਾ ਸ਼ਿਕੋਹ ਨੇ ਫਕੀਰ ਦੇ ਦੀਦਾਰ ਕੀਤੇ । ਉਹ ਪਿਛਲੇ ਚਾਰ ਮਹੀਨੇ ਤੋਂ ਬੀਮਾਰ ਚਲਿਆ ਆ ਰਿਹਾ ਸੀ ਤੇ ਉਹ ਲਿਖਦਾ ਹੈ ਕਿ ਫਕੀਰ ਜੀ ਦੀ ਦੁਆ ਕਰਨ ਨਾਲ ਉਹ ਇਕ ਹਫਤੇ ਵਿਚ ਠੀਕ ਹੋ ਗਿਆ । ਉਹ ਇਸ ਘਟਨਾ ਤੋਂ ਬਹੁਤ ਪ੍ਰਭਾਵਤ ਹੋਇਆ ਤੇ ਫੇਰ ਉਹ ਇਕੱਲਾ ਫਕੀਰ ਜੀ ਨੂੰ ਮਿਲਦਾ ਰਿਹਾ । ਉਹ ਇਹ ਭੀ ਲਿਖਦਾ ਹੈ ਕਿ ਉਸ ਨੇ ਫ਼ਕੀਰ ਦੀ ਸੰਗਤ ਤੋਂ ਬਹੁਤ ਲਾਭ ਪ੍ਰਾਪਤ ਕੀਤਾ । ਇਹ ਉਨ੍ਹਾਂ ਦੀ ਪ੍ਰਭੁਤਾ ਦੀ ਨਿਸ਼ਾਨੀ ਹੈ ।

ਹਜ਼ਰਤ ਮੀਆਂ ਮੀਰ ਦਾ ਦਿਹਾਂਤ ੧੬੩੯ ਈਸਵੀ ਵਿੱਚ ਹੋਇਆ ਇਨ੍ਹਾਂ ਦਾ ਮਕਬਰਾ ਲਾਹੌਰ ਦੇ ਕੋਲ ਬਣਿਆ ਹੋਇਆ ਹੈ । ਇਨ੍ਹਾਂ ਦਾ ਇਕ ਪ੍ਰਸਿੱਧ ਚੇਲਾ ਮੂਲਾ ਸ਼ਾਹ ਹੋਇਆ ਹੈ ਜਿਹੜਾ ਕਿ ਮੀਆਂ ਮੀਰ ਤੋਂ ਪਿਛੋਂ ਦਾਰਾ ਸ਼ਿਕੋਹ ਦਾ ਮੁਰਸ਼ਦ ਬਣਿਆ ।

(ਅ) ਮੁਹੰਮਦ ਸਈਦ ਸਰਮਦ

ਮੁਹੰਮਦ ਸਈਦ ਸਰਮਦ (੧੬੧੮-੧੬੬੦) ਤੇ ਸਿੱਖਾਂ ਦ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ (੧੬੨੧-੧੬੭੫ ਈਸਵੀ) ਸਮਕਾਲੀ ਸਨ । ਦੋਹਾਂ ਦੀ ਸ਼ਹਾਦਤ ਔਰੰਗਜ਼ੇਬ ਦੀ ਧਾਰਮਕ ਕੱਟੜਤਾ ਦਾ ਸਿੱਟਾ ਸੀ । ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹਿੰਦੂ ਧਰਮ ਦੀ ਰੱਖਿਆ ਤੇ ਧਾਰਮਕ ਸੁਤੰਤਰਤਾ ਲਈ ਸੀਸ ਦਿੱਤਾ ਤੇ ਸਰਮਦ ਨੇ ਮੁਸਲਮਾਨਾਂ ਦੀ ਧਾਰਮਕ ਤੇ ਸਮਾਜਕ ਹੱਕਾਂ ਲਈ ਸ਼ਹਾਦਤ ਦਿਤੀ ।

ਮੁਹੰਮਦ ਸਈਦ ਸਰਮਦ ਦਾ ਜਨਮ ਈਰਾਨ ਵਿਚ ਸ਼ਾਹ ਆਬਾਸ ਦੇ ਜ਼ਮਾਨੇ ਕਾਸ਼ਾਨ ਅਸਥਾਨ ਤੇ ੧੬੧੮ ਈ. ਵਿਚ ਹੋਇਆ । ਉਸ ਦੇ ਮਾਤਾ-ਪਿਤਾ ਆਰਮੀਨੀਆਂ ਦੇ ਰਹਿਣ ਵਾਲੇ ਯਹੂਦੀ ਸਨ । ਸਰਮਦ ਬਚਪਨ ਤੋਂ ਹੀ ਧਾਰਮਕ ਰੁਚੀਆਂ ਵਾਲਾ ਸੀ । ਉਸ ਨੇ ਯਹੂਦੀਆਂ ਦੀ ਧਾਰਮਕ ਪੁਸਤਕ ਤੌਰਾਤ ਨੂੰ ਜ਼ਬਾਨੀ ਯਾਦ ਕੀਤਾ । ਉਸ ਤੋਂ ਪਿਛੋਂ ਈਸਾਈਆਂ ਦੀ ਧਾਰਮਕ ਪੁਸਤਕ ਬਾਈਬਲ ਦਾ ਅਧਿਐਨ ਕੀਤਾ । ਮੁਲਾਂ ਸਾਰਦਾ ਤੇ ਅਬਦੁਲ ਕਾਸਮ ਵਰਗੇ ਲਾਇਕ ਉਸਤਾਦਾਂ ਦੀ ਅਗਵਾਈ ਥਲੇ ਉਸ ਨੇ ਇਸਲਾਮ ਧਰਮ ਦਾ ਮੁਤਾਲਿਆ ਕੀਤਾ ਤੇ ਮੁਸਲਮਾਨੀ ਮੱਤ ਧਾਰਨ ਕਰ ਲਿਆ[1] ।

ਸਰਮਦ ਦਾ ਹਿੰਦ ਵਿਚ ਆਉਣਾ

ਸਰਮਦ ਨੇ ਖਾਨਦਾਨ ਦਾ ਜੱਦੀ ਪੇਸ਼ਾ ਵਪਾਰ ਕਰਨਾ ਸੀ । ਇਸ ਲਈ ਸਰਮਦ ਨੇ ਹੋਸ਼ ਸੰਭਾਲਣ ਤੇ ਤਜਾਰਤ ਦਾ ਕੰਮ ਕਰਨਾ ਅਰੰਭਿਆ । ਸਤਾਰ੍ਹਵੀਂ ਸਦੀ ਵਿੱਚ ਹਿੰਦ ਤੇ ਈਰਾਨ ਵਿਚਕਾਰ ਬਹੁਤ ਵਪਾਰ ਹੋਇਆ ਕਰਦਾ ਸੀ । ਸੋ ਮੁਗਲ ਬਾਦਸ਼ਾਹ ਸ਼ਾਹਜ਼ਹਾਨ ਨੇ ਰਾਜ ਵਿਚ ਸਰਮਦ ੧੬੩੧ ਈਸਵੀ ਵਿੱਚ ਹਿੰਦ ਵਿੱਚ ਵਪਾਰ ਲਈ ਆਇਆ ਤੇ ਸਿੰਧ ਵਿੱਚ ਥੱਟਾ[2] ਨਾਮਕ ਥਾਂ ਤੇ ਰਹਿਣ ਲਗ ਪਿਆ ।[2]

ਮੁਗ਼ਲ ਕਾਲ ਵਿਚ ਸਿੰਧ ਸਾਰੇ ਹਿੰਦ ਵਿਚ ਸੂਫ਼ੀ ਮੱਤ ਦਾ ਕੇਂਦਰ ਸਮਝਿਆ ਜਾਂਦਾ ਸੀ । ਹਜ਼ਰਤ ਮੀਆਂ ਮੀਰ ਤੇ ਹੋਰ ਅਨੇਕਾਂ ਸੂਫੀ ਮੱਤ ਦੇ ਧਾਰਨੀ ਸਿੰਧ ਵਿਚੋਂ ਹੀ ਨਿਕਲ ਕੇ ਉਤੱਰੀ ਹਿੰਦ ਦੇ ਵੱਖ-ਵੱਖ ਥਾਵਾਂ ਤੇ ਜਾ ਵੱਸੇ ਸਨ । ਸੋ ਇਸ ਸੂਫ਼ੀ ਮਤ ਦਾ ਅਸਰ ਸਮਰਦ ਤੇ ਹੋਣਾ ਵੀ ਜ਼ਰੂਰੀ ਸੀ । ਇਥੇ ਹੀ ਰਹਿੰਦਿਆਂ ਸਰਮਦ ਨੇ ਆਪਣੀ ਸਾਰੀ ਦੌਲਤ ਗਰੀਬਾਂ ਵਿਚ ਵੰਡ ਦਿੱਤੀ ਤੇ ਹਿੰਦੂ ਸਾਧੂਆਂ ਵਾਂਗੂ ਨੰਗਾ ਰਹਿਣਾ ਸ਼ੁਰੂ ਕਰ ਦਿੱਤਾ । ਦੇਵ ਨੇਤ ਨਾਲ ਥੱਟੇ ਰਹਿੰਦਿਆਂ ਸਰਮਦ ਦਾ ਇਕ ਹਿੰਦੂ ਲੜਕੇ ਅਭੈ ਚੰਦ ਨਾਲ ਪਿਆਰ ਹੋ ਗਿਆ । ਕੱਟੜ

੧. ਰੁਬਾਈਆਂ ਤੇ ਸਰਮਦ, ਕ੍ਰਿਤ ਫ਼ਜ਼ਲ ਮਹਿਮੂਦ ਅਨੀਗੀ, ਵਿਸ਼ਵ ਭਾਰਤੀ ਸਰੀਜ਼ ੨, ਪੰਨਾ (੩) ।

੨. ਦਾਰਾ ਸ਼ਿਕੋਹ, ਲਾਈਫ਼ ਐਂਡ ਵਰਕਸ, ਬਿਕਰਮਾਜੀਤ ਹਸਰਤ, ਸਰਮਦ ਦਾ ਹਿੰਦ ਆਉਣਾ ੧੬੪੫ ਈਸਵੀ ਵਿੱਚ ਦਸਦਾ ਹੈ ।

ਮੁਸਲਮਾਨ ਤੇ ਮੁੰਡੇ ਦੇ ਮਾਪੇ ਅਭੈ ਚੰਦ ਦਾ ਸਰਮਦ ਨਾਲ ਰਹਿਣਾ ਪਸੰਦ ਨਹੀਂ ਸਨ ਕਰਦੇ ਪਰ ਅਭੈ ਚੰਦ ਸਰਮਦ ਦੇ ਖਿਆਲਾਂ ਤੋਂ ਬਹੁਤ ਪ੍ਰਭਾਵਤ ਸੀ ।

੧੬੩੩ ਈਸਵੀ ਵਿਚ ਸਰਮਦ ਥੱਟੇ ਤੋਂ ਲਾਹੌਰ ਆ ਗਿਆ ।[੧] ਲਾਹੌਰ ਦੀਆਂ ਗਲੀਆਂ ਤੇ ਬਾਜ਼ਾਰਾਂ ਵਿਚ ਸਰਮਦ ਨੰਗਾ ਫਿਰਦਾ ਰਹਿੰਦਾ ਤੇ ਫ਼ਾਰਸੀ ਦੇ ਸ਼ਿਅਰ ਬੋਲਦਾ ਰਹਿੰਦਾ । ਉਹ ਆਪਣੇ ਆਪ ਨੂੰ ਮੁਸਲਮਾਨ ਦੱਸਦਾ । ਇਸ ਲਈ ਮੁਸਲਮਾਨ ਉਸ ਨੂੰ ਨਫ਼ਰਤ ਕਰਦੇ। ਅਭੈ ਚੰਦ ਨਾਲ ਸਰਮਦ ਨੂੰ ਅਟੁੱਟ ਪਿਆਰ ਸੀ ਉਸ ਨੇ ਵੀ ਸਰਮਦ ਪਿੱਛੇ ਮਾਪੇ, ਘਰ ਬਾਰ, ਸਭ ਤਿਆਗ ਦਿੱਤਾ ਸੀ । ਕਟੜ ਮੁਸਲਮਾਨ ਸਰਮਦ ਦਾ ਅਭੈ ਚੰਦ ਨਾਲ ਰਹਿਣਾ ਬਹੁਤ ਭੈੜਾ ਸਮਝਦੇ ਸਨ ਤੇ ਸਰਮਦ ਤੇ ਕਈ ਪ੍ਰਕਾਰ ਦੀਆਂ ਤੁਹਮਤਾਂ ਲਾਂਦੇ ਸਨ । ਪਰ ਸਰਮਦ ਆਪਣੀ ਫ਼ਕੀਰੀ ਵਿਚ ਮਸਤ ਸੀ ।

ਸਰਮਦ ਨੇ ਅਭੈ ਚੰਦ ਨੂੰ ਸਮੇਂ ਦੇ ਧਾਰਮਕ ਸਾਹਿਤ ਤੇ ਹੋਰ ਧਾਰਮਕ ਵਿਦਿਆ ਵਿਚ ਪਰਬੀਨ ਕਰ ਦਿੱਤਾ ।[੧] ਅਭੈ ਚੰਦ ਨੇ ਬਾਈਬਲ ਦੇ ਕੁਝ ਹਿੱਸੇ ਦਾ ਫ਼ਾਰਸੀ ਵਿਚ ਤਰਜਮਾ ਵੀ ਕੀਤਾ ਜਿਹੜਾ ਕਿ ਪਿਛੋਂ ਦਬਿਸ਼ਤਾਨ ਮਜ਼ਾਹਬ ਦੇ ਕਰਤਾ ਨੇ ਆਪਣੀ ਪੁਸਤਕ ਵਿਚ ਸ਼ਾਮਲ ਕੀਤਾ ਹੈ ।

੧੬੪੬ ਈਸਵੀ ਵਿਚ ਸਰਮਦ ਹੈਦਰਾਬਾਦ ਦੱਖਣ ਗਿਆ । ਦੱਖਣ ਵਿਚ ਮੁਸਲਮਾਨੀ ਰਿਆਸਤੀ ਦੇ ਬਾਦਸ਼ਾਹ ਸ਼ੀਆ ਮੱਤ ਦੇ ਧਾਰਨੀ ਸਨ, ਇਸ ਲਈ ਸਰਮਦ ਦਾ ਹੈਦਰਾਬਾਦ ਵਿਚ ਬਹੁਤ ਆਦਰ ਤੇ ਸਤਿਕਾਰ ਹੋਇਆ । ਸਮੇਂ ਦੇ ਬਾਦਸ਼ਾਹ ਕੁਤਬਸ਼ਾਹ ਨੇ ਸਰਮਦ ਦਾ ਬਹੁਤ ਆਦਰ ਕੀਤਾ । ਇਥੇ ਹੀ ਸਰਮਦ ਨੂੰ ਦਬਿਸਤਾਨ ਮਜ਼ਾਹਬ ਦਾ ਕਰਤਾ ਮਿਲਿਆ । ਸਰਮਦ ਦੇ ਮੂੰਹੋਂ ਆਪ ਮੁਹਾਰੀ ਫਾਰਸੀ ਦੀ ਕਵਿਤਾ ਨਿਕਲਦੀ ਸੀ । ਇਸ ਲਈ ਸ਼ਹਿਰ ਦੇ ਲੋਕ ਬੜੀ ਦਿਲਚਸਪੀ ਨਾਲ ਇਹ ਕਵਿਤਾਵਾਂ ਸੁਣਦੇ ਸਨ ਤੇ ਪ੍ਰਸੰਸਾ ਕਰਦੇ ਸਨ । ਹੈਦਰਾਬਾਦ ਵਿਚ ਰਹਿਣ ਕਰਕੇ ਸਰਮਦ ਦੀ ਮਸ਼ਹੂਰੀ ਸਾਰੇ ਹਿੰਦ ਵਿਚ ਫੈਲ ਗਈ ।

ਹੈਦਰਾਬਾਦ ਦੱਖਣ ਤੋਂ ਦਿਲੀ ਆਇਆ । ਦਿੱਲੀ ਪਹੁੰਚਣ ਤੋਂ ਪਹਿਲਾਂ ਸਰਮਦ ਸੰਬੰਧੀ ਸਾਰੀਆਂ ਗੱਲਾਂ ਦਿੱਲੀ ਪਹੁੰਚ ਚੁੱਕੀਆਂ ਸਨ । ਇਸ ਲਈ ਦਿੱਲੀ ਬਹੁਤ ਸਾਰੇ ਲੋਕ ਉਸ ਨੂੰ ਵੇਖਣ ਆਉਂਦੇ ਸਨ ਤੇ ਉਸ ਤੋਂ ਬਹੁਤ ਪ੍ਰਭਾਵਤ ਹੁੰਦੇ ਸਨ । ਬਰਨੀਅਰ ਜਿਸ ਨੇ ਕਿ ਸਰਮਦ ਨੂੰ ਕਈ ਵਾਰੀ ਵੇਖਿਆ ਹੈ, ਲਿਖਦਾ ਹੈ ਕਿ "ਇਹ ਫਕੀਰ ਦਿੱਲੀ ਦੀਆਂ ਗਲੀਆਂ ਤੇ ਬਾਜ਼ਾਰਾਂ ਵਿਚ ਬਿਲਕੁਲ ਨੰਗਾ ਫਿਰਦਾ ਸੀ ।[੨]

ਸ਼ਾਹਜਹਾਨ ਦਾ ਸਭ ਤੋਂ ਵੱਡਾ ਪੁੱਤਰ ਦਾਰਾ ਸ਼ਿਕੋਹ ਸੂਫੀਆਂ ਦੀ ਬਹੁਤ ਮਾਨਤਾ ਕਰਦਾ ਸੀ ਤੇ ਆਪ ਵੀ ਉਹ ਸੂਫ਼ੀ ਖਿਆਲ ਦਾ ਸੀ । ਦਾਰਾ ਸ਼ਿਕੋਹ ਸਰਮਦ ਦੇ ਖਿਆਲਾਂ ਦੀ ਬੜੀ ਕਦਰ ਕਰਦਾ ਸੀ ਤੇ ਉਸ ਨੂੰ ਬੜੇ ਸਤਿਕਾਰ ਤੇ ਸ਼ਰਧਾ ਦੀ ਨਜ਼ਰ ਨਾਲ ਵੇਖਦਾ

੧. ਉਕਤ ਪੰਨਾ ੫ ੨. ਉਕਤ ਪੰਨਾ ੬

ਸੀ । ਭਾਵੇਂ ਸ਼ਾਹਜਹਾਨ ਦੇ ਦਰਬਾਰ ਦੇ ਕਈ ਕਟੜ ਖਿਆਲਾਂ ਵਾਲੇ ਦਰਬਾਰੀ ਸਰਮਦ ਨੂੰ ਨਫਰਤ ਨਾਲ ਦੇਖਦੇ ਸਨ ਪਰ ਸ਼ਾਹਜ਼ਾਦਾਰਾ ਦਾਰਾ ਸ਼ਿਕੋਹ ਤੇ ਸਰਮਦ ਦੀ ਦੋਸਤੀ ਦਿਨ ਬਦਿਨ ਪੱਕੀ ਹੁੰਦੀ ਗਈ । ਪੱਤਰਾਂ ਰਾਹੀਂ ਮੁਲਾਕਾਤ ਹੋਈ । ਇਕ ਵਾਰੀ ਦਾਰਾ ਸ਼ਿਕੋਹ ਨੇ ਸਰਮਦ ਨੂੰ ਲਿਖਿਆ:-

ਪੀਰੋਮੁਰਸ਼ਦ,

ਹਰ ਰੋਜ਼ ਮੈਂ ਤੁਹਾਡੇ ਪਾਸ ਸ਼ਰਧਾ ਦੇ ਫੁੱਲ ਭੇਟ ਕਰਨ ਆਉਣ ਦਾ ਇਰਾਦਾ ਕਰਦਾ ਹਾਂ । ਪਰ ਇਹ ਪੂਰਾ ਨਹੀਂ ਹੋ ਸਕਦਾ । ਜੇਕਰ ਮੈਂ ਆਪ ਹੀ ਹਾਂ ਤਾਂ ਮੇਰਾ ਇਰਾਦਾ ਕਿਸੇ ਅਰਥ ਨਹੀਂ ਜੇ ਕਰ ਮੈਂ ਆਪ ਨਹੀਂ ਤਾਂ ਮੇਰਾ ਕਸੂਰ ਕੀ ਹੈ । ਤਾਂ ਇਸ ਦਾ ਕੌਣ ਜ਼ੁਮੇਵਾਰ ਹੈ । ਜੇਕਰ ਰੱਬ ਦੀ ਰਜਾ ਨਹੀਂ ਤਾਂ ਇਸ ਦਾ ਕੀ ਅਰਥ ਹੈ ਕਿ ''ਰੱਬ ਜੋ ਕੁਝ ਚਾਹੇ ਕਰਦਾ ਹੈ ।'' ਜੋ ਕੁਝ ਉਸ ਨੂੰ ਭਾਵਦਾ ਉਹ ਹੁਕਮ ਕਰਦਾ ਹੈ । ਰਸੂਲਅਲਾ ਕਾਫਿਰਾਂ ਵਿਰੁੱਧ ਯੁੱਧ ਕਰਨ ਜਾਂਦੇ ਸਨ ਤੇ ਸ਼ਿਕੱਸਤ ਇਸਲਾਮ ਦੀਆਂ ਫੌਜਾਂ ਨੂੰ ਹੁੰਦੀ ਸੀ ਕਿਉਂ ? ਆਮ ਵਿਦਵਾਨ ਇਹ ਕਹਿੰਦੇ ਸਨ ਕਿ ਇਹ ਸਿੱਖਿਆ ਦੇਣ ਦੀ ਕੀ ਲੋੜ ਸੀ ।

ਸਰਮਦ ਨੇ ਉੱਤਰ ਦਿੱਤਾ

ਮੇਰੇ ਅਜ਼ੀਜ਼,

''ਪਿਆਰੜੇ ਨਾਲ ਗੱਲਾਂ ਜਿਸਦਾ ਕਿ ਵਿਰਦ ਅਸੀਂ ਕਰਦੇ ਹਾਂ ਤੋਂ ਸਿਵਾਂ ਹੋਰ ਜੋ ਕੁਝ ਪੜ੍ਹਿਆ ਸੀ ਅਸੀਂ ਭੁੱਲ ਚੁੱਕੇ ਹਾਂ ।''[੨]

ਦਾਰਾ ਦੀ ਮੌਤ

ਸ਼ਾਹਜਹਾਨ ਦੇ ਪੁੱਤਰਾਂ ਵਿਚੋਂ ਸ਼ਾਹਜ਼ਾਦਾ ਦਾਰਾ ਸ਼ਿਕੋਹ ਸਭ ਤੋਂ ਵੱਡਾ ਸੀ । ਦਾਰਾ ਸ਼ਿਕੋਹ ਦਿੱਲੀ ਵਿਚ ਬਾਦਸ਼ਾਹ ਦੇ ਕੋਲ ਰਹਿੰਦਾ ਸੀ । ਇਸ ਲਈ ਇਸ ਦਾ ਦਰਬਾਰ ਵਿਚ ਜ਼ਿਆਦਾ ਰਸੂਖ ਬਣਿਆ ਸੀ । ਔਰੰਗਜ਼ੇਬ ਦਾਰਾ ਸ਼ਿਕੋਹ ਦਾ ਭਰਾ ਇਸ ਗੱਲ ਨੂੰ ਸਹਾਰ ਨਹੀਂ ਸੀ ਸਕਦਾ । ਇਕ ਵਾਰੀ ਸ਼ਾਹ ਜਹਾਨ ਬੀਮਾਰ ਹੋਇਆ ਤਾਂ ਔਰੰਗਜ਼ੇਬ ਤੇ ਦਾਰਾ ਦੀ ਜੰਗ ਛਿੜ ਗਈ ਜਿਸ ਵਿਚ ਦਾਰਾ ਦੀ ਹਾਰ ਹੋਈ ਤੇ ਔਰੰਗਜ਼ੇਬ ਤਖ਼ਤ ਤੇ ਬੈਠਾ । ਔਰੰਗਜ਼ੇਬ ਬਹੁਤ ਕੱਟੜ ਮੁਸਲਮਾਨੀ ਖਿਆਲਾਂ ਦਾ ਸੀ ਜਦੋਂ ਕਿ ਦਾਰਾ ਖੁਲ੍ਹ ਦਿਲਾ ਤੇ ਸੂਫ਼ੀ ਮਤ ਵਿਚ ਝੁਕਾ ਰੱਖਦਾ ਸੀ । ਰਾਜਨੀਤਕ ਕਾਰਨ ਅਤੇ ਧਾਰਮਕ ਵਖੇਵੇਂ ਕਰਕੇ ਔਰੰਗਜ਼ੇਬ ਨੇ ਦਾਰਾ ਨੂੰ ਮਰਵਾ ਦਿੱਤਾ । ਉਸ ਦੇ ਰਿਸ਼ਤੇਦਾਰ ਤੇ ਹੋਰ ਸੰਬੰਧੀ ਵੀ ਮਰਵਾ ਦਿੱਤੇ ।

ਸਰਮਦ ਨੇ ਇਕ ਵਾਰੀ ਇਹ ਪਸ਼ੀਨਗੋਈ ਕੀਤੀ ਸੀ ਕਿ ਦਾਰਾ ਬਾਦਸ਼ਾਹ ਬਣੇਗਾ। ਦਾਰਾ ਦੇ ਮਰਨ ਪਿਛੋਂ ਔਰੰਗਜ਼ੇਬ ਨੇ ਸਰਮਦ ਨੂੰ ਸਦਿਆ ਤੇ ਪੁੱਛਿਆ ਕਿ ''ਤੇਰਾ ਪਿਆਰਾ

੧. ਉਕਤ ਪੰਨਾ ੭

੨. ਰਬਾਈਆਤ ਸਰਮਦ, ਪਨਾ ੭

ਸ਼ਾਹਜ਼ਾਦਾ ਜਿਸ ਬਾਰੇ ਤੂੰ ਕਿਹਾ ਸੀ ਬਾਦਸ਼ਾਹ ਬਣੇਗਹਾ ਕਿੱਥੇ ਹੈ'' ਸਰਮਦ ਨੇ ਉੱਤਰ ਦਿੱਤਾ ਕਿ ''ਉਹ ਹੁਣ ਵੀ ਹਾਜ਼ਰ ਹੈ। ਪਰ ਤੁਸੀਂ ਵੇਖ ਨਹੀਂ ਸਕਦੇ ਕਿਉਂਕਿ ਤੂੰ ਆਪਣੇ ਭਰਾਵਾਂ ਤੇ ਰਿਸ਼ਤੇਦਾਰਾਂ ਨਾਲ ਰਾਜ ਲੈਣ ਵਾਸਤੇ ਜ਼ੁਲਮ ਕੀਤੇ ਹਨ।''੧

ਦਾਰਾ ਸ਼ਿਕੋਹ ਆਪ ਸੂਫੀ ਖਿਆਲਾਂ ਦਾ ਹੋਣ ਕਰਕੇ ਸਾਰੇ ਸੂਫ਼ੀ ਸੰਤ ਦਾਰਾ ਨਾਲ ਸਨ। ਮੁਲਾਂ ਸ਼ਾਹ ਬਦੱਖਸ਼ਾਂ ਦੇ ਰਹਿਣ ਵਾਲੇ ਸੂਫੀ ਫ਼ਕੀਰ ਵੀ ਦਾਰਾ ਸ਼ਿਕੋਹ ਦੇ ਹਿਮਾਇਤੀ ਸਨ। ਉਨ੍ਹਾਂ ਨੂੰ ਕਸ਼ਮੀਰ ਤੋਂ ਸਦ ਕੇ ਦਾਰਾ ਦੀ ਹਮਾਇਤ ਬਦਲੇ ਸਜਾਵਾਂ ਦਿੱਤੀਆਂ ਗਈਆਂ। ਇਸ ਤਰ੍ਹਾਂ ਸਰਮਦ ਕਦੀ ਵੀ ਔਰੰਗਜ਼ੇਬ ਤੋਂ ਬਚ ਨਹੀਂ ਸੀ ਸਕਦਾ।

ਸਰਮਦ ਨੂੰ ਮਰਵਾਣ ਵਾਸਤੇ ਔਰੰਗਜ਼ੇਬ ਨੇ ਇਕ ਤਰੀਕਾ ਲਭਿਆ। ਦਰਬਾਰ ਦੇ ਆਲਮਾਂ ਤੇ ਧਾਰਮਕ ਨੀਤੀ ਦੇ ਵਿਗਿਆਨਕਾਂ ਨੂੰ ਸਦ ਕੇ ਸਰਮਦ ਨੂੰ ਮਰਵਾਣ ਦੀ ਵਿਉਂਤ ਸੋਚੀ। ਕੱਟੜ ਮੁਲਾਵਾਂ ਨੇ ਸਰਮਦ ਦੇ ਕਾਫਰ ਹੋਣ ਦਾ ਐਲਾਨ ਕਰ ਦਿੱਤਾ ਤੇ ਉਸ ਦੇ ਦੂਸ਼ਨ ਲਾਏ।

੧. ਸਰਮਦ ਨੰਗਾ ਫਿਰਦਾ ਹੈ ਤੇ ਸ਼ਰ੍ਹਾ ਅਨੁਸਾਰ ਨੰਗਾ ਫਿਰਨਾ ਜਾਇਜ਼ ਨਹੀਂ ਮੰਨਿਆ ਜਾਂਦਾ। ਇਸ ਕਰਕੇ ਉਹ ਮੁਸਲਮਾਨ ਨਹੀਂ।

੨. ਸਰਮਦ ਕਲਮੇ ਦਾ ਕੇਵਲ ਪਹਿਲਾ ਹਿੱਸਾ 'ਲਾ ਇਲਾ' ਪੜ੍ਹਦਾ ਹੈ ਜਿਸ ਦਾ ਭਾਵ ਹੈ ਅਲਾਹ ਕੋਈ ਨਹੀਂ।

੩. ਸਰਮਦ ਹਜ਼ਰਤ ਮੁਹੰਮਦ ਦਾ ਜਿਸਮਾਨੀ ਤੌਰ ਤੇ ਇਸ ਦੁਨੀਆ ਤੇ ਉਤਰਨਾ ਨਹੀਂ ਮੰਨਦਾ ਜਿਹੜਾ ਆਮ ਲੋਕਾਂ ਦੇ ਵਿਸ਼ਵਾਸ਼ ਤੋਂ ਉਲਟ ਹੈ।੨

ਸਰਮਦ ਦੇ ਵਿਰੁੱਧ ਦੂਸ਼ਨ ਲਾਣ ਵਾਲਿਆਂ ਵਿਚ ਇਕ ਇਤਮਾਦ ਖਾਨ ਮੁਲਾਂ ਕਵੀ ਸੀ। ਇਸ ਨੂੰ ਆਪਣੇ ਰੁਤਬੇ ਦਾ ਬਹੁਤ ਮਾਣ ਸੀ ਇਸ ਲਈ ਇਹ ਕਿਸੇ ਦੀ ਪਰਵਾਹ ਨਹੀਂ ਸੀ ਕਰਦਾ। ਬਾਦਸ਼ਾਹ ਦੇ ਕਹਿਣ ਤੇ ਇਸ ਨੇ ਸਰਮਦ ਤੋਂ ਉਸ ਦੀਆਂ ਆਦਤਾਂ ਦੀ ਵਿਲੱਖਣਤਾ ਸੰਬੰਧੀ ਪੁੱਛ-ਗਿਛ ਕੀਤੀ ਪਰ ਸਰਮਦ ਨੇ ਕੋਈ ਉੱਤਰ ਨ ਦਿੱਤਾ ਤੇ ਕਿਹਾ ''ਸ਼ੈਤਾਨ ਕਵੀ ਅਸਤ'', ''ਸ਼ੈਤਾਨ ਤਾਕਤਵਾਰ ਹੈ'' ਦੂਸਰਾ ਅਰਥ ਇਸ ਦਾ ਇਹ ਸੀ ''ਮੁਲਾਂ ਕਵੀ ਸ਼ੈਤਾਨ ਹੈ।''੩

ਸਰਮਦ ਨੂੰ ਗ੍ਰਿਫਤਾਰ ਕਰਕੇ ਦਰਬਾਰ ਵਿਚ ਲਿਆ ਗਿਆ ਉਸ ਨੇ ਲਾਏ ਗਏ ਸਾਰੇ ਦੂਸ਼ਨਾਂ ਦਾ ਉੱਤਰ ਦਿੱਤਾ। ਉਸ ਕਿਹਾ :-

੧. ਇਸਲਾਮ ਵਿਚ ਨੰਗਾ ਰਹਿਣਾ ਬਿਲਕੁਲ ਵਰਜਤ ਨਹੀਂ ਕਿਉਂਕਿ ਹਜ਼ਰਤ ਈਸਾ ਬੁਢੇਪੇ ਵਿਚ ਵੀ ਨੰਗੇ ਰਹਿੰਦੇ ਸਨ।

(੧) ਦਾਰਾ ਸ਼ੇਕੋਹ ਲਾਈਫ ਐਂਡ ਵਰਕਸ, ਬਿਕਰਮਾਜੀਤ ਹਸਰਤ ਪੰਨਾ ੧੦੨

(੨) ਦਾਰਾ ਸ਼ਿਕੋਹ ਲਾਈਫ਼ ਐਂਡ ਵਰਕਸ, ਪੰਨਾ ੧੦੩ (੩) ਰੁਬਾਈਆਂ ਤੇ ਸਰਮਦ ਨੰ: ੨੪

ਸਾਰਾ ਕਲਮਾ ਪੜ੍ਹਨ ਦੇ ਉੱਤਰ ਵਿਚ ਕਿਹਾ ਕਿ ਉਹ ਸਾਰਾ ਕਲਮਾ ਇਸ ਲਈ ਨਹੀਂ ਪੜ੍ਹਦਾ ਕਿਉਂਕਿ ਉਸ ਨੂੰ ਹਾਲੀ ਅਧੇ ਕਲਮੇ ਦੀ ਸਮਝ ਨਹੀਂ ਆਈ । ਜਿੰਨਾਂ ਚਿਰ ਉਹ ਅੱਲ੍ਹਾ ਨੂੰ ਅੱਖੀਂ ਨਹੀਂ ਵੇਖ ਲੈਂਦਾ ਉਹ ਸਾਰਾ ਕਲਮਾ ਨਹੀਂ ਪੜ੍ਹ ਸਕਦਾ ।

ਹਜ਼ਰਤ ਮੁਹੰਮਦ ਸਾਹਿਬ ਦੇ ਜਿਸਮਾਨੀ ਤੌਰ ਤੇ ਇਸ ਦੁਨੀਆਂ ਤੇ ਨਾ ਆਉਣ ਬਾਰੇ ਸਰਮਦ ਨੇ ਕਿਹਾ ਕਿ ਜਿੰਨਾਂ ਨੇ ਸੱਚ ਨੂੰ ਪਛਾਤਾ ਹੈ ਉਨ੍ਹਾਂ ਵਾਸਤੇ ਸਾਰੀਰਕ ਹੱਦਾਂ ਕੁਛ ਨਹੀਂ ਹਨ । ਉਹ ਵਕਤ ਤੇ ਜਗ੍ਹਾਂ ਦੀ ਹਦ ਤੋਂ ਉਸ ਸੱਚ ਨੂੰ ਉਚੇਰਾ ਸਮਝਦੇ ਹਨ ।

ਸਰਮਦ ਦੇ ਉੱਤਰਾਂ ਵਲ ਕਿਸੇ ਧਿਆਨ ਨਾ ਦਿੱਤਾ ਤੇ ਜਿਸ ਤਰ੍ਹਾਂ ਮੀਆਂ ਮਨਸੂਰ ਹਲਜ, ਸੁਹਾਬਦੀਨ ਸੁਹਰਾਵਰਦੀ ਵਰਗੇ ਅਨੇਕਾਂ ਸੂਫ਼ੀ ਸੰਤਾਂ ਨੂੰ ਔਰੰਗਜ਼ੇਬ ਨੇ ਮਰਵਾਇਆ ਸੀ ਇਸੇ ਤਰ੍ਹਾਂ ਸਰਮਦ ਨੂੰ ਮਾਰਨ ਵਾਸਤੇ ਹੁਕਮ ਦੇ ਦਿੱਤਾ।

ਜਾਮਿਆ ਮਸਜਦ ਦਿੱਲੀ ਦੇ ਬਾਹਰ ਇਕ ਥੜ੍ਹਾ ਬਣਾ ਕੇ ਸਰਮਦ ਨੂੰ ਉਸ ਉਤੇ ਚੜ੍ਹਨ ਲਈ ਕਿਹਾ ਗਿਆ । ਸ਼ਹਿਰ ਦੀ ਬਹੁਤ ਸਾਰੀ ਖਲਕਤ ਸਰਮਦ ਦੀ ਸ਼ਹੀਦੀ ਵੇਖਣ ਵਾਸਤੇ ਇਕੱਤਰ ਹੋਈ । ਸਰਮਦ ਦਾ ਚੇਹਰਾ ਬਿਲਕੁਲ ਸ਼ਾਂਤ ਹਸਮੁਖ ਸੀ । ਜਲਾਦ ਨੇ ਸਰਮਦ ਦਾ ਮੂੰਹ ਕਜਣ ਲਈ ਕਿਹਾ ਪਰ ਸਰਮਦ ਨੇ ਹਸ ਕੇ ਇਨਕਾਰ ਕਰ ਦਿੱਤਾ ਤੇ ਸ਼ਹੀਦੀ ਪ੍ਰਾਪਤ ਕਰ ਗਿਆ । (੧)

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰਦੁਆਰਾ ਸੀਸ ਗੰਜ ਵਾਂਗੂ ਸਰਮਦ ਦਾ ਮੀਜ਼ਾਰ ਵੀ ਜਾਮਿਆ ਮਸਜਿਦ ਦੇ ਕੋਲ ਹੀ ਹੈ ਤੇ ਕਈ ਲੋਕ ਜ਼ਿਆਰਤ ਵਾਸਤੇ ਉਥੇ ਜਾਂਦੇ ਹਨ ।

ਸਰਮਦ ਦੀ ਰਚਨਾ

ਸਰਮਦ ਇਕ ਮਹਾਨ ਕਵੀ ਸੀ । ਉਸ ਨੇ ਬਹੁਤ ਛੋਟੀ ਉਮਰ ਵਿਚ ਰੁਬਾਈਆਂ ਲਿਖਣੀਆਂ ਅਰੰਭ ਕੀਤੀਆਂ ਸਨ । ਉਸ ਨੂੰ ਫਾਰਸੀ ਤੇ ਅਰਬੀ ਜ਼ਬਾਨ ਤੇ ਪੂਰਾ ਕਾਬੂ ਸੀ। ਉਹ ਉਮਰ ਖ਼ਿਆਮ ਤੇ ਹਾਫਿਜ਼ ਦੀ ਤਰਜ਼ ਤੇ ਗਜ਼ਲਾਂ ਲਿਖਦਾ ਸੀ ਪਰ ਖ਼ਿਆਲ ਉਸ ਦਾ ਬਿਲਕੁਲ ਆਪਣਾ ਵਖਰਾ ਹੀ ਹੋਇਆ ਕਰਦਾ ਸੀ । ਸਰਮਦ ਦੀਆਂ ਰੁਬਾਈਆਂ ਦਾ ਵਿਸ਼ਾ ਵਿਸ਼ੇਸ਼ ਕਰਕੇ ਇਹ ਹੈ ਕਿ ਦੁਨੀਆ ਅਸਾਰ ਹੈ ਤੇ ਉਸ ਦੇ ਮੋਹ ਮਾਇਆ ਵਿਚ ਨਹੀਂ ਫਸਣਾ ਚਾਹੀਦਾ । ਰੱਬ ਮਨੁੱਖ ਦੇ ਦਿਲ ਵਿਚ ਵਸਦਾ ਤੇ ਉਸਦੀ ਭਾਲ ਅੰਤਰ ਮੁਖੀ ਹੋਕੇ ਕਰਨੀ ਚਾਹੀਦੀ ਹੈ ।

ਸਰਮਦ ਦੀਆਂ ਕਈ ਰੁਬਾਈਆਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਹੀ ਫ਼ਾਰਸੀ ਉਲਥਾ ਜਾਪਦੀਆਂ ਹਨ । ਗੁਰੂ ਸਾਹਿਬ ਜੀ ਦੀ ਬਾਣੀ ਵਿੱਚ ਵੈਰਾਗ ਹੈ ਤੇ ਸਰਮਦ ਦੀ ਰਚਨਾ ਵਿੱਚ ਉਪਰਾਮਤਾ ਦੋਹਾਂ ਵਿੱਚ ਵਿਸ਼ੇ ਵਿਕਾਰਾਂ ਦਾ ਖੰਡਨ ਹੈ । ਦੋਵੇਂ ਇਕੋ ਗਲ

(੧) ਰੁਬਾਈਆ-ਇ-ਸਰਮਦ

ਨੂੰ ਸਮਝਾਉਣ ਲਈ ਇਕੋ ਪ੍ਰਕਾਰ ਦੇ ਅਲੰਕਾਰ ਵਰਤਦੇ ਹਨ ਜਿਵੇਂ ਕਿ "ਗੁਲਾਬ ਵਿਚ ਖੁਸ਼ਬੂ" "ਸ਼ੀਸ਼ੇ ਵਿਚ ਅਕਸ" ਆਦਿ। ਗੁਰੂ ਤੇਗ ਬਹਾਦਰ ਸਾਹਿਬ ਫੁਰਮਾਉਂਦੇ ਹਨ:-

"ਪੁਹਪ ਮਧਿ ਜਿਉ ਬਾਸ ਬਸਤ ਹੈ ਮੁਕਰ ਮਾਹਿ ਜੈਸੇ ਛਾਈ।
ਤੈਸੇ ਹੀ ਹਰਿ ਬਸੈ ਨਿਰੰਤਰ ਘਟ ਹੀ ਖੋਜਹੁ ਭਾਈ"।

ਸਰਮਦ ਲਿਖਦਾ ਹੈ–

ਏ ਬੇ ਖ਼ਬਰ ਅਜ ਹਸਤੀ ਏ ਖੁਦ ਹਮਚੋ ਕਿਤਾਬ

ਦਰ ਜਿਲਦ ਨੇ ਆਯਾਤ ਅਲਾਹੀ ਬਿਹ ਹੁਜਾਬ

ਯਹਿਨੀ ਅਜ ਤੋ ਹਕ ਪਈਦ ਵਾ ਤੂ

ਅਜ ਅਸਰਸ਼ ਆਗਾਹ ਨਹੀਂ

ਚੋਂ ਸ਼ੀਸ਼ਾ ਅਜ ਬੂਏ ਗੁਲਾਬ।

ਭਾਵ ਇਹ ਹੈ ਕਿ ਹੇ ਇਨਸਾਨ ਤੂੰ ਇਕ ਬੰਦ ਕਿਤਾਬ ਵਾਂਗੂ ਆਪਣੀ ਹਸਤੀ ਤੋਂ ਅਣਜਾਣ ਹੈ। ਤੇਰੇ ਵਿਚ ਰੱਬ ਦਾ ਨੂਰ ਦਿਸਦਾ ਹੈ ਤੇ ਤੂੰ ਉਸ ਤੋਂ ਇਸ ਤਰ੍ਹਾਂ ਅਣਜਾਣ ਹੈ ਜਿਥੇ ਸ਼ੀਸ਼ਾ ਗੁਲਾਬ ਦੇ ਫੁੱਲ ਦੀ ਖੁਸ਼ਬੂ ਤੋਂ।

ਇਕ ਥਾਂ ਹੋਰ ਸਰਮਦ ਲਿਖਦਾ ਹੈ:-

ਸਰਮਦ ਅਜ਼ ਖਲਕ ਹੇਚ ਯਾਰੀ ਮਤਲੱਬ
ਅਜ਼ ਸਾਖੇ ਬ੍ਰਹਨਾ ਸਾਇਦਾਰੀ ਮਤਲੱਬ
ਇਜ਼ਤ ਅਜ ਕਨਾਇਤ ਅਸਤ ਵਾ ਖਵਾਰੀ ਅਜ ਤਮਾਅ

ਬਾ ਇਜ਼ਤ ਖੇਸ਼ ਬਾਸ਼ ਖਵਾਰੀ ਮਤਲੱਬ

ਹੇ ਸਰਮਦ ਲੋਕਾਂ ਕੋਲੋਂ ਕਿਸੇ ਪ੍ਰਕਾਰ ਦੀ ਇਮਦਾਦ ਨਾ ਮੰਗ। ਸੁੱਕੀ ਟਾਹਣੀ ਤੋਂ ਛਾਂ ਦੀ ਆਸ ਨ ਰੱਖ। ਸੰਤੋਖ ਤੇ ਸਬਰ ਵਿੱਚ ਇਜ਼ਤ ਹੈ ਤੇ ਲੋਭ ਵਿੱਚ ਖੁਆਰੀ ਹੈ। ਇਸ ਕਰਕੇ ਇਜ਼ਤ ਨਾਲ ਰਹੋ ਖੁਆਰੀ ਦੀ ਲਾਲਸਾ ਨ ਕਰ।

ਕਹਿੰਦੇ ਹਨ ਕਿ ਆਪਣੀ ਸ਼ਹਾਦਤ ਤੋਂ ਪਹਿਲਾਂ ਸਰਮਦ ਨੇ ਇਹ ਸ਼ਿਆਰ ਉਚਾਰਿਆ:-

ਸ਼ੋਰ ਸ਼ੁਦ ਅੱਜ ਖਾਬੇਇ ਅਦਮ ਚਿਸ਼ਮ ਕਸ਼ੂਦੇਮ

ਦੀਦੇਮ ਕਿ ਬਾਕੀ ਅਸਤ ਸ਼ਬ-ਇ-ਫਿੱਤਨਾ ਗਨੂਦੇਮ

ਰੌਲਾ ਪਿਆ ਤਾਂ ਅਸਾਂ ਅਣਹੋਂਦ ਦੀ ਨੀਂਦ ਤੋਂ ਅੱਖ ਖੋਲੀ ਪਰ ਡਿਠਾ ਕਿ ਫਿਤਨੇ ਦੀ ਰਾਤ ਅਜੇ ਬਾਕੀ ਹੈ ਇਸ ਲਈ ਫਿਰ ਸੌਂ ਗਏ।

ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਨੂੰ ਸੰਬੋਧਨ ਕਰਦਿਆਂ ਸਰਮਦ ਨੇ ਕਿਹਾ:-

ਐ ਸ਼ਾਹ ਕਿ ਤੁਰਾ ਤਾਜ-ਇ-ਜਹਾਂਬਾਨੀ ਦਾਦ

ਮਾ ਰਾ ਅਸਬਾਬ-ਇ-ਪ੍ਰੇਸ਼ਾਨੀ ਦਾਦ

ਪੋਸ਼ਾਂਦ ਲਬਾਸ ਹਰ ਕਿਰਾ ਐਬ ਦੀਦ

ਬੇ ਐਬਾਂ ਰਾ ਲਬਾਸ-ਇ-ਉਰਿਆਨੀ ਦਾਦ ।

ਭਾਵ ਜਿਸ ਰਬ ਨੇ ਤੈਨੂੰ ਜਹਾਨ ਤੇ ਰਾਜ ਕਰਨ ਦਾ ਤਾਜ ਦਿੱਤਾ ਹੈ । ਸਾਨੂੰ ਪਰੇਸ਼ਾਨੀ ਦਾ ਸਾਰਾ ਸਮਾਨ ਦਿੱਤਾ ਹੈ । ਉਹ (ਰੱਬ) ਜਿਨ੍ਹਾਂ ਵਿੱਚ ਐਬ ਤਕਦਾ ਹੈ ਉਨ੍ਹਾਂ ਨੂੰ ਕੱਪੜੇ ਪੁਆਉਂਦਾ ਹੈ ਅਤੇ ਬੇ-ਐਬਾ ਨੂੰ ਨੰਗੇਪਣ ਦੀ ਪੋਸ਼ਾਕ ਦੇਂਦਾ ਹੈ ।